ਸਿੱਖ ਧਰਮ ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ

ਜਿਲਦ ਪਹਿਲੀ

ਲੇਖਕ
ਮੈਕਸ ਆਰਥਰ ਮੈਕਾਲਿਫ਼
ਅਨੁਵਾਦਕ
ਡਾ. ਕਿਰਪਾਲ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਿੱਖ ਧਰਮ ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ ਅਤੇ ਰਚਨਾਕਾਰ

ਸਿੱਖ ਧਰਮ
ਗੁਰੂ ਸਾਹਿਬਾਨ, ਪਵਿੱਤਰ ਰਚਨਾਵਾਂ
ਅਤੇ ਰਚਨਾਕਾਰ

(ਜਿਲਦ ਪਹਿਲੀ)

ਲੇਖਕ
ਮੈਕਸ ਆਰਥਰ ਮੈਕਾਲਿਫ਼

ਅਨੁਵਾਦਕ
ਡਾ. ਕਿਰਪਾਲ ਸਿੰਘ

ਛੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ॥
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

SIKH DHARAM: GURU SAHIBAN, PAVITAR RACHNAWAN
ATE RACHNAKAR *(Punjabi)*

translation of

THE SIKH RELIGION : ITS GURUS, SACRED WRITINGS AND AUTHORS
(VOLUME-I)

written by
MAX ARTHUR MACAULIFFE

translated by
DR. KIRPAL SINGH

ਵਿਭਾਗੀ ਸੰਪਾਦਕ
ਸ੍ਰੀਮਤੀ ਬਲਜੀਤ ਕੌਰ ਸੇਖੋਂ

ISBN 81-7380-789-2

2003
ਕਾਪੀਆਂ : 550
ਮੁੱਲ : 170-00 ਰੁਪਏ

ਪ੍ਰੋ. ਪਰਮ ਬਖ਼ਸ਼ੀਸ਼ ਸਿੰਘ ਸਿੱਧੂ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ
ਕੀਤੀ ਅਤੇ ਮੈਸਰਜ਼ ਅਨੰਦ ਸੰਨਜ਼, ਨਵੀਂ ਦਿੱਲੀ ਵਿਖੇ ਛਪੀ

ਵਿਭਾਗੀ ਸ਼ਬਦ

ਪੰਜਾਬੀ ਭਾਸ਼ਾ ਦਾ ਸਰਵਪੱਖੀ ਵਿਕਾਸ ਕਰਨ ਦੀ ਮੁੱਖ ਜ਼ੁੰਮੇਵਾਰੀ ਨਿਭਾਉਣ ਲਈ ਪੰਜਾਬੀ ਯੂਨੀਵਰਸਿਟੀ ਵੱਲੋਂ ਪੰਜਾਬੀ ਦੇ ਵੱਖ-ਵੱਖ ਖੋਜ ਵਿਭਾਗ ਕਾਇਮ ਕੀਤੇ ਗਏ ਹਨ। ਪੰਜਾਬੀ ਭਾਸ਼ਾ ਵਿਕਾਸ ਵਿਭਾਗ ਇਨ੍ਹਾਂ ਖੋਜ-ਵਿਭਾਗਾਂ ਦਾ ਕੇਂਦਰੀ ਸੰਗਠਨ ਹੈ। ਇਸ ਵਿਭਾਗ ਵੱਲੋਂ ਕਈ ਮਹੱਤਵਪੂਰਨ ਯੋਜਨਾਵਾਂ/ਪ੍ਰਾਜੈਕਟਾਂ ਤੇ ਕਾਰਜ ਕਰਵਾਇਆ ਜਾ ਰਿਹਾ ਹੈ। ਇਸ ਵਿਭਾਗ ਵੱਲੋਂ ਅਰੰਭ ਕੀਤੀਆਂ ਗਈਆ ਵੱਖ-ਵੱਖ ਸਕੀਮਾਂ ਵਿਚੋਂ ਇਕ ਸਕੀਮ ਯੂਨੀਵਰਸਿਟੀ ਦੇ ਸੇਵਾ ਨਵਿਰਤ ਹੋਣ ਵਾਲੇ ਅਧਿਆਪਕਾਂ ਤੋਂ, ਉਨ੍ਹਾਂ ਦੀ ਰਚਨਾਤਮਿਕਤਾ ਤੇ ਵਿਦਵਤਾ ਦਾ ਲਾਭ ਲੈਣ ਲਈ ਮਹੱਤਵਪੂਰਨ ਪ੍ਰਾਜੈਕਟਾਂ ਤੇ ਕਾਰਜ ਕਰਵਾਉਣਾ ਹੈ। ਵਿਭਾਗ ਵੱਲੋਂ ਉੱਚ-ਪਾਏ ਦੀਆਂ ਪੁਸਤਕਾਂ ਦਾ ਅਨੁਵਾਦ ਕਰਵਾਉਣ ਦਾ ਕਾਰਜ ਵੀ ਅਰੰਭਿਆ ਗਿਆ ਹੈ ਜਿਸ ਦੇ ਤਹਿਤ 'ਸਿੱਖ ਰਿਲਿਜਨ: ਇਟਸ ਗੁਰੂਜ਼, ਸੇਕਰਡ ਰਾਇਟਿੰਗਜ਼ ਐਂਡ ਆਥਰਜ਼' ਕ੍ਰਿਤ ਮੈਕਸ ਆਰਥਰ ਮੈਕਾਲਿਫ਼ (ਜਿਲਦ ਪਹਿਲੀ) ਦਾ ਅਨੁਵਾਦ ਪ੍ਰਸਿੱਧ ਵਿਦਵਾਨ ਡਾ. ਕਿਰਪਾਲ ਸਿੰਘ ਜੀ ਤੋਂ ਕਰਵਾਇਆ ਗਿਆ ਹੈ।

ਇਸ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦੇ ਜੀਵਨ ਤੇ ਬਾਣੀ ਨੂੰ ਬੜੀ ਸਰਲ ਭਾਸ਼ਾ ਵਿਚ ਅੰਕਿਤ ਕੀਤਾ ਗਿਆ ਹੈ। ਮੈਨੂੰ ਆਸ ਹੈ ਕਿ ਪਰਮਾਰਥ ਦੇ ਜਗਿਆਸੂ ਇਸ ਤੋਂ ਲਾਭ ਉਠਾਉਣਗੇ ਅਤੇ ਵਿਦਿਆਰਥੀ ਵਰਗ ਲਈ ਇਹ ਪੁਸਤਕ ਮਾਰਗ ਦਰਸ਼ਨ ਦਾ ਕੰਮ ਕਰੇਗੀ। ਇਸ ਪੁਸਤਕ ਦੀ ਅਨੁਵਾਦਿਤ ਸਮੱਗਰੀ ਨੂੰ ਸੋਧਣ ਦਾ ਕਾਰਜ ਵਿਭਾਗ ਦੀ ਲੈਕਚਰਾਰ ਸ਼੍ਰੀਮਤੀ ਬਲਜੀਤ ਕੌਰ ਸੇਖੋਂ ਨੇ ਪੂਰੀ ਲਗਨ ਨਾਲ ਕੀਤਾ ਹੈ।

ਪੰਜਾਬੀ ਭਾਸ਼ਾ ਵਿਕਾਸ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਡਾ. ਧਨਵੰਤ ਕੌਰ
ਮੁਖੀ

ਭੂਮਿਕਾ
(ਅਨੁਵਾਦਕ ਵੱਲੋਂ)

ਕਿਹਾ ਜਾਂਦਾ ਹੈ ਕਿ ਅਨੁਵਾਦਕ ਨੂੰ ਦੋ ਸਮੁੰਦਰਾਂ ਦਾ ਤਾਰੂ ਹੋਣਾ ਚਾਹੀਦਾ ਹੈ। ਇਸ ਦਾ ਭਾਵ ਇਹ ਹੈ ਕਿ ਜਿਸ ਭਾਸ਼ਾ ਤੋਂ ਅਨੁਵਾਦ ਕਰਨਾ ਹੋਵੇ ਅਤੇ ਜਿਸ ਭਾਸ਼ਾ ਵਿਚ ਅਨੁਵਾਦ ਕੀਤਾ ਜਾਣਾ ਹੋਵੇ ਦੋਹਾਂ ਭਾਸ਼ਾਵਾਂ ਦੇ ਸਦਾਚਾਰ, ਇਤਿਹਾਸ ਅਤੇ ਧਾਰਮਿਕ ਸਥਿਤੀ ਦਾ ਗਿਆਨ ਅਤੇ ਪਿਛੋਕੜ ਦੀ ਜਾਣਕਾਰੀ ਜ਼ਰੂਰੀ ਹੈ। ਮੈਕਾਲਿਫ਼ ਦੇ ਸਿੱਖ ਰਿਲਿਜਨ ਦੇ ਅਨੁਵਾਦ ਲਈ ਪੂਰਬੀ ਅਤੇ ਪੱਛਮੀ ਸਦਾਚਾਰ ਦਾ ਜਾਨਣਾ ਜ਼ਰੂਰੀ ਹੈ। ਇਹ ਗੱਲ ਨਿਮਨ ਲਿਖਤ ਤੋਂ ਜ਼ਿਆਦਾ ਸਪੱਸ਼ਟ ਹੁੰਦੀ ਹੈ। ਅੰਗਰੇਜ਼ੀ ਦੇ ਆਮ ਅੱਖਰ ਹਿੰਦੂ ਟੈਂਪਲ ਦਾ ਅਨੁਵਾਦ ਮੰਦਰ, ਮੁਸਲਿਮ ਟੈਂਪਲ ਦਾ ਮਸਜਿਦ ਅਤੇ ਸਿੱਖ ਟੈਂਪਲ ਦਾ ਧਰਮਸ਼ਾਲਾ ਜਾਂ ਗੁਰਦੁਆਰਾ ਹੋਵੇਗਾ। ਹਰਿਦੁਆਰ ਵਿਚ ਪਿਲਗ੍ਰਿਮ ਦਾ ਉਲਥਾ ਤੀਰਥ ਯਾਤਰੀ ਅਤੇ ਮੱਕੇ ਵਿਚ ਹਾਜੀ। ਇਸੇ ਤਰ੍ਹਾਂ ਹਿੰਦੂ ਪ੍ਰੀਸਟ, ਪੁਜਾਰੀ ਅਤੇ ਮੁਸਲਿਮ ਪ੍ਰੀਸਟ ਮੁੱਲਾਂ ਆਦਿਕ। ਈਸਾਈ ਧਰਮ ਵਿਚ ਅਹੁਦਿਆਂ ਦੀ ਪਉੜੀ ਹੋਰ ਤਰ੍ਹਾਂ ਹੈ ਅਤੇ ਮੁਸਲਮਾਨਾਂ ਵਿਚ ਹੋਰ ਤਰ੍ਹਾਂ। ਪੀਰ ਬਹਾਉਦੀਨ ਜਕਰੀਆ ਮੁਲਤਾਨ ਦਾ ਪ੍ਰਸਿੱਧ ਫ਼ਕੀਰ ਹੋਇਆ ਹੈ। ਉਥੇ ਉਸਦਾ ਮਜਾਰ ਹੈ ਅਤੇ ਉਸਦੇ ਉਤਰ-ਅਧਿਕਾਰੀ ਨੂੰ ਮਖ਼ਦੂਮ ਕਹਿੰਦੇ ਹਨ। ਇਹਨਾਂ ਮਖ਼ਦੂਮਾਂ ਵਿਚੋਂ ਗੁਰੂ ਨਾਨਕ ਸਾਹਿਬ ਦਾ ਸਮਕਾਲੀ ਪੀਰ ਬਹਾਵਦੀ ਸੀ। ਜਿਸਦਾ ਕਥਨ ਪੁਰਾਤਨ ਜਨਮ ਸਾਖੀ ਵਿਚ ਆਉਂਦਾ ਹੈ (ਵੇਖੋ ਸਾਖੀ 55)। ਮੈਕਾਲਿਫ਼ ਸਾਹਿਬ ਨੇ ਉਸਨੂੰ "ਮੁਸਲਿਮ ਪਰੀਲੇਟ" ਲਿਖਿਆ ਹੈ (ਵੇਖੋ ਸਿੱਖ ਰੀਲਿਜਨ, ਜਿਲਦ ਪਹਿਲੀ, ਪੰਨਾ-180)। ਡਿਕਸ਼ਨਰੀ ਅਨੁਸਾਰ ਪਰੀਲੇਟ ਦਾ ਭਾਵ ਉਚ-ਪਦਵੀ ਦਾ ਬਿਸ਼ਪ ਹੈ। ਮੈਂ ਜਨਮ ਸਾਖੀ ਅਤੇ ਮੁਸਲਮਾਨਾਂ ਦੀਆਂ ਰਵਾਇਤਾਂ ਅਨੁਸਾਰ ਉਸ ਦਾ ਉਲਥਾ ਮਖ਼ਦੂਮ ਕੀਤਾ ਹੈ। ਮੈਕਾਲਿਫ਼ ਨੇ ਵੀ ਗੁਰੂ ਨਾਨਕ ਸਾਹਿਬ ਦੇ ਜੀਵਨ ਲਿਖਣ ਦਾ ਆਧਾਰ ਜਨਮ ਸਾਖੀਆਂ ਨੂੰ ਹੀ ਬਣਾਇਆ ਹੈ ਜਿਨ੍ਹਾਂ ਦੀ ਜਾਣਕਾਰੀ ਅਨੁਵਾਦ ਲਈ ਵੀ ਜ਼ਰੂਰੀ ਹੈ।

ਪਹਿਲੇ ਚਾਰ ਗੁਰੂ ਸਾਹਿਬਾਨ ਦੇ ਜੀਵਨ ਬਿਰਤਾਂਤ ਪਹਿਲੀਆਂ ਦੋ ਜਿਲਦਾਂ ਵਿਚ ਦਿੰਦਿਆਂ (ਜਿਨ੍ਹਾਂ ਦਾ ਉਲਥਾ ਮੈਂ ਕੀਤਾ ਹੈ) ਮੈਕਾਲਿਫ਼ ਕਈ ਥਾਵਾਂ ਤੇ ਜਿਸ ਗੁਰੂ ਸਾਹਿਬ ਦਾ ਬਿਰਤਾਂਤ ਦੇ ਰਹੇ ਹੁੰਦੇ ਹਨ ਉਹਨਾਂ ਦੀ ਬਾਣੀ ਦੀਆਂ ਤੁਕਾਂ ਜਾਂ ਸ਼ਬਦਾਂ ਦਾ ਅੰਗਰੇਜ਼ੀ ਉਲਥਾ ਦਿੰਦੇ ਹਨ ਅਤੇ ਆਮ ਤੌਰ ਤੇ ਤੁਕਾਂ ਦਾ ਸੰਕੇਤ ਨਹੀਂ ਕਰਦੇ। ਇਹੋ ਜਿਹੀਆਂ ਤੁਕਾਂ ਦਾ ਗੁਰੂ ਗ੍ਰੰਥ ਸਾਹਿਬ ਵਿਚੋਂ ਹਵਾਲਾ ਲੱਭਣਾ ਕਠਨ ਸੀ। ਗੁਰੂਆਂ ਦੀ ਬਾਣੀ ਦਾ ਉਲਥਾ ਵੀ ਜਦੋਂ ਵਾਰਾਂ ਵਿਚੋਂ ਕਰਦੇ ਹਨ ਤਾਂ ਕੇਵਲ ਵਾਰ ਦਾ ਨਾਂ ਹੀ ਦੱਸਦੇ ਹਨ। ਸਾਰੀ ਵਾਰ ਪੜ੍ਹਿਆਂ ਹੀ ਸਲੋਕ ਜਾਂ ਪਉੜੀ ਦਾ ਪਤਾ ਲੱਗਦਾ ਹੈ। ਮੈਂ ਇਹ ਸਾਰੇ ਹਵਾਲੇ ਨਿਮਨ ਲਿਖਤ ਪੁਸਤਕਾਂ ਦੀ ਸਹਾਇਤਾ ਨਾਲ ਲੱਭੇ ਹਨ :

1. ਤੁਕ ਤਤਕਰਾ, ਅਕਾਲੀ ਕੌਰ ਸਿੰਘ, ਭਾਸ਼ਾ ਵਿਭਾਗ, ਪਟਿਆਲਾ।
2. ਆਦਿ ਗ੍ਰੰਥ ਸ਼ਬਦ ਅਨੁਕ੍ਰਮਣਿਕਾ, ਦੋ ਜਿਲਦਾਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

3. ਸ਼ਬਦਾਰਥ-ਚਾਰ ਜਿਲਦਾਂ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

ਜਿਨ੍ਹਾਂ ਦੋ ਚਾਰ ਥਾਵਾਂ ਤੇ ਤੁਕਾਂ ਦੇ ਹਵਾਲੇ ਨਹੀਂ ਲੱਭ ਸਕੇ, ਉਥੇ ਉਹਨਾਂ ਤੁਕਾਂ ਦਾ ਪੰਜਾਬੀ ਅਨੁਵਾਦ ਦੇ ਦਿੱਤਾ ਹੈ।

ਮੈਕਾਲਿਫ਼ ਸਾਹਿਬ ਨੇ ਗੁਰੂ ਨਾਨਕ ਸਾਹਿਬ ਜੀ ਦੀਆਂ ਉਹਨਾਂ ਬਾਣੀਆਂ ਵਿਚੋਂ ਵੀ ਤੁਕਾਂ ਦਿੱਤੀਆਂ ਹਨ ਜੋ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚਾੜ੍ਹੀਆਂ ਅਤੇ ਪ੍ਰਵਾਣਿਤ ਨਹੀਂ, ਜਿਵੇਂ ਭਾਈ ਬੰਨੋ ਕੀ ਬੀੜ ਵਿਚ ਦਿੱਤੇ ਸ਼ਬਦ "ਜਿਤ ਦਰ ਲੱਖ ਲੱਖ ਮੁਹੰਮਦਾ................", ਰਤਨ ਪਾਲ ਦੇ ਸ਼ਬਦ ਪ੍ਰਾਣ ਸੰਗਲੀ, "ਨਸੀਹਤ ਨਾਮਾ" ਆਦਿ। ਇਹਨਾਂ ਅਣਪ੍ਰਵਾਣਿਤ ਬਾਣੀਆਂ ਦੀਆਂ ਦਿੱਤੀਆਂ ਤੁਕਾਂ ਦਾ ਪੰਜਾਬੀ ਅਨੁਵਾਦ ਦੇ ਦਿੱਤਾ ਹੈ। ਕਈ ਥਾਈਂ ਮੈਕਾਲਿਫ਼ ਨੇ ਗੁਰੂ ਨਾਨਕ ਸਾਹਿਬ ਦੀ ਜੀਵਨੀ ਵਿਚ ਜੋਗੀਆਂ ਨਾਲ ਜਾਂ ਪੁਰਾਤਨ ਜਨਮ ਸਾਖੀ ਦੇ ਸੇਖ਼ ਬ੍ਰਹਮ ਨਾਲ ਉਹਨਾਂ ਦੀ ਵਾਰਤਾਲਾਪ ਪੇਸ਼ ਕਰਦਿਆਂ ਜਨਮ ਸਾਖੀਆਂ ਵਿਚ ਦਿੱਤੀ ਕਵਿਤਾ ਦਾ ਵੀ ਗੁਰਬਾਣੀ ਵਾਂਗ ਅੰਗਰੇਜ਼ੀ ਉਲਥਾ ਕੀਤਾ ਹੈ। ਇਸ ਤਰ੍ਹਾਂ ਦੀਆਂ ਦਿੱਤੀਆਂ ਟੂਕਾਂ ਦਾ ਅਨੁਵਾਦ ਕੀਤਾ ਹੈ। ਹਵਾਲੇ ਜਾਂ ਸੰਕੇਤ ਕੇਵਲ ਗੁਰੂ ਗ੍ਰੰਥ ਸਾਹਿਬ ਦੇ ਹੀ ਦਿੱਤੇ ਹਨ।

ਅਨੁਵਾਦਕ ਵਲੋਂ ਗੁਰਬਾਣੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਸੰਕੇਤ ਜਾਂ ਹਵਾਲੇ ਇਸ ਪ੍ਰਕਾਰ ਹਨ- ਜਿਥੇ ਪੂਰਾ ਸ਼ਬਦ ਜਾਂ ਸਲੋਕ ਜਾਂ ਪਉੜੀ ਦਿੱਤੀ ਹੈ ਉਸ ਦੀ ਪਹਿਲੀ ਤੁਕ ਦੇ ਕੇ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਦੇ ਦਿੱਤਾ ਹੈ। ਜ਼ਿਆਦਾ ਹਵਾਲੇ ਇਸ ਪ੍ਰਕਾਰ ਦੇ ਹਨ- ਜਿੱਥੇ ਤੁਕਾਂ ਜਾਂ ਕਿਸੇ ਪੰਗਤੀ ਦਾ ਅਨੁਵਾਦ ਹੈ ਉਥੇ ਉਸ ਪੰਗਤੀ ਜਾਂ ਤੁਕਾਂ ਦੀ ਪਹਿਲੀ ਤੁਕ ਦੇ ਕੇ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਦਿੱਤਾ ਹੈ। ਅਣਪ੍ਰਵਾਣਿਤ ਬਾਣੀਆਂ ਦੀਆਂ ਦਿੱਤੀਆਂ ਟੂਕਾਂ ਜਾਂ ਹੋਰ ਕਵਿਤਾਵਾਂ ਦਾ ਅਨੁਵਾਦ ਕੀਤਾ ਹੈ ਤੇ ਫੁੱਟ-ਨੋਟ ਦਿੱਤੇ ਹਨ ਕਿ ਇਹ ਗੁਰਬਾਣੀ ਨਹੀਂ।

ਮੈਕਾਲਿਫ਼ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਅੰਗਰੇਜ਼ੀ ਉਲਥੇ ਦੇ ਨਾਲ ਕਈ ਥਾਵਾਂ ਤੇ ਸਪੱਸ਼ਟੀਕਰਨ ਲਈ ਫੁੱਟ-ਨੋਟ ਦਿੱਤੇ ਹਨ ਕਿਉਂਕਿ ਅਨੁਵਾਦਕ ਨੇ ਕੇਵਲ ਗੁਰਬਾਣੀ ਦੇ ਹਵਾਲੇ ਦਿੱਤੇ ਹਨ ਕਿਸੇ ਸ਼ਬਦ ਦਾ ਪਾਠ ਨਹੀਂ ਦਿੱਤਾ, ਇਸ ਲਈ ਇਹਨਾਂ ਵਿਆਖਿਆਤਮਿਕ ਫੁੱਟ-ਨੋਟਾਂ ਦੇ ਅਨੁਵਾਦ ਦੀ ਲੋੜ ਨਹੀਂ ਸਮਝੀ ਗਈ। ਹਾਂ ਜਿਨ੍ਹਾਂ ਫੁੱਟ- ਨੋਟਾਂ ਵਿਚ ਪਾਠ ਦੇ ਅਰਥਾਂ ਤੋਂ ਇਲਾਵਾ ਕੋਈ ਵਿਸ਼ੇਸ਼ ਜਾਣਕਾਰੀ ਦਿੱਤੀ ਗਈ ਹੈ, ਉਹਨਾਂ ਫੁੱਟ-ਨੋਟਾਂ ਦਾ ਅਨੁਵਾਦ ਦੇ ਦਿੱਤਾ ਹੈ।

ਪੰਜਾਬੀ ਯੂਨੀਵਰਸਿਟੀ ਨੇ ਮੈਕਾਲਿਫ਼ ਸਾਹਿਬ ਦੇ "ਸਿੱਖ ਰਿਲਿਜਨ" ਦਾ ਅਨੁਵਾਦ ਕਰਾ ਕੇ ਪੰਜਾਬੀ ਪਾਠਕਾਂ ਨੂੰ ਰਿਣੀ ਬਣਾਇਆ ਹੈ ਅਤੇ ਮੈਕਾਲਿਫ਼ ਦੀ ਸਿੱਖਾਂ ਪ੍ਰਤੀ ਸ਼ਰਧਾ ਤੇ ਘਾਲਣਾ ਤੋਂ ਜਾਣੂ ਕਰਵਾਇਆ ਹੈ।

ਮੈਕਾਲਿਫ਼ ਸਾਹਿਬ ਦੀਆਂ ਪਹਿਲੀਆਂ ਦੋ ਜਿਲਦਾਂ ਦੇ ਅਨੁਵਾਦ ਕਰਨ ਵਿਚ ਡਾ. ਹਰਿੰਦਰ ਕੌਰ ਸੋਠੀ ਨੇ ਮੇਰਾ ਬੜਾ ਹੱਥ ਵਟਾਇਆ ਹੈ। ਉਹਨਾਂ ਦੀ ਸਹਾਇਤਾ ਤੋਂ ਬਿਨਾਂ ਕੰਮ ਦਾ ਸਿਰੇ ਚੜ੍ਹਨਾ ਬਹੁਤ ਕਠਨ ਜਾਪਦਾ ਸੀ। ਮੈਂ ਉਹਨਾਂ ਦਾ ਰਿਣੀ ਹਾਂ। ਮੇਰੀ ਪਤਨੀ ਸ੍ਰੀਮਤੀ ਜੋਗਿੰਦਰ ਕੌਰ ਨੇ ਕੰਮ ਕਰਨ ਲਈ ਸੁਵਿਧਾ ਦਿੱਤੀ। ਡਾ. ਧਨਵੰਤ ਕੌਰ , ਮੁੱਖੀ, ਪੰਜਾਬੀ ਭਾਸ਼ਾ ਵਿਕਾਸ ਵਿਭਾਗ, ਨੇ ਬੜੀ ਮਿਹਨਤ ਤੇ ਸੁਹਿਰਦਤਾ ਨਾਲ ਛਪਾਈ ਦਾ ਕੰਮ ਕਰਵਾਇਆ ਹੈ। ਮੈਂ ਇਹਨਾਂ ਸਭ ਦਾ ਧੰਨਵਾਦ ਕਰਦਾ ਹਾਂ।

ਕਿਰਪਾਲ ਸਿੰਘ (ਡਾਕਟਰ)

ਭੂਮਿਕਾ

(ਮੂਲ ਲੇਖਕ ਵਲੋਂ)

ਮੈਂ ਪੂਰਬ ਤੋਂ ਵਾਸਤਵ ਵਿਚ ਇਕ ਅਗਿਆਤ ਧਰਮ ਨੂੰ ਪੇਸ਼ ਕਰ ਰਿਹਾ ਹਾਂ। ਸਿੱਖ ਸਾਰੇ ਸੰਸਾਰ ਵਿਚ ਇਕ ਮਹਾਨ ਫੌਜੀ ਕੌਮ ਕਰਕੇ ਪ੍ਰਸਿੱਧ ਹਨ, ਪਰ ਅਧਿਆਤਮਿਕ ਵਿਦਵਾਨਾਂ ਨੂੰ ਵੀ ਉਹਨਾਂ ਦੇ ਧਰਮ ਬਾਰੇ ਘੱਟ ਜਾਣਕਾਰੀ ਹੈ। ਜਿਨ੍ਹਾਂ ਦੇਸ਼ਾਂ ਵਿਚ ਮੈਂ ਗਿਆ ਹਾਂ ਅਤੇ ਭਾਰਤ ਵਿਚ ਵੀ ਮੇਰੇ ਕੋਲੋਂ ਪੜ੍ਹੇ-ਲਿਖੇ ਵਿਅਕਤੀਆਂ ਨੇ ਪੁੱਛਿਆ ਹੈ ਕਿ ਸਿੱਖਾਂ ਦਾ ਧਰਮ ਕੀ ਹੈ? ਕੀ ਸਿੱਖ ਹਿੰਦੂ ਜਾਂ ਬੁੱਤ-ਪ੍ਰਸਤ ਹਨ ਜਾਂ ਮੁਸਲਮਾਨ ਹਨ? ਇਹ ਅਗਿਆਨਤਾ ਭਾਰਤੀ ਉਪ-ਭਾਖਾਵਾਂ ਦੇ ਕਠਨ ਹੋਣ ਦਾ ਸਿੱਟਾ ਹੈ, ਜਿਨ੍ਹਾਂ ਵਿਚ ਸਿੱਖ ਧਰਮ ਦੀਆਂ ਪਵਿੱਤਰ ਲਿਖਤਾਂ ਰਚੀਆਂ ਹਨ।

ਯਹੂਦੀਆਂ ਦਾ ਓਲਡ ਟੈਸਟਾਮੈਂਟ, ਮੁਸਲਮਾਨਾਂ ਦਾ ਕੁਰਾਨ, ਹਿੰਦੂਆਂ ਦੇ ਵੇਦ ਪੁਰਾਨ ਅਤੇ ਸ਼ਾਸਤ੍ਰ, ਬੋਧੀਆਂ ਦਾ ਤ੍ਰੈਪਿਕਤਾ, ਪਾਰਸੀ ਧਰਮ ਦਾ ਜ਼ੰਦਅਵਸਤਾ, ਕਨਫਿਓਸਸੀ ਮਤ ਦੀ ਵਚਨਾਵਲੀ-ਸਪਰਿੰਗ, ਆਟਮ, ਇਸ ਦੀਆਂ ਪੁਰਾਤਨ ਕਵਿਤਾਵਾਂ ਅਤੇ ਬੁਕ ਆਫ਼ ਚੇਂਜੇਜ਼ ਦੀਆਂ ਭਾਸ਼ਾਵਾਂ ਜਿਨ੍ਹਾਂ ਵਿਚ ਇਹਨਾਂ ਧਰਮਾਂ ਦੀਆਂ ਪਵਿੱਤਰ ਲਿਖਤਾਂ ਰਚੀਆਂ ਹੋਈਆਂ ਹਨ ਭਾਵੇਂ ਸਾਰੀਆਂ ਹੀ ਕਠਨ ਹਨ ਪਰ ਬਹੁਤੇ ਭਾਗਾਂ ਵਿਚ ਇਕਸਾਰਤਾ ਵਾਲੀਆਂ ਹਨ ਤੇ ਅਧਿਆਪਕ ਦੀ ਸਹਾਇਤਾ ਨਾਲ ਅਤੇ ਵਿਆਕਰਨ ਦੀ ਮਦਦ ਨਾਲ ਆਮ ਤੌਰ ਤੇ ਇਹਨਾਂ ਵਿਚ ਮੁਹਾਰਤ ਹਾਸਲ ਕੀਤੀ ਜਾ ਸਕਦੀ ਹੈਂ। ਪਰ ਭਾਰਤੀ ਮਧ-ਕਾਲੀਨ ਉਪ ਭਾਖਾਵਾਂ ਦਾ ਇਹ ਹਾਲ ਨਹੀਂ। ਇਹਨਾਂ ਵਿਚੋਂ ਇਕ ਵਿਚ ਸਿੱਖ ਗੁਰੂਆਂ ਅਤੇ ਭਗਤਾਂ ਦੀ ਬਾਣੀ ਰਚੀ ਹੈ। ਇਹ ਬਾਣੀ ਫ਼ਾਰਸੀ ਵਿਚ, ਮਧ-ਕਾਲੀਨ ਪ੍ਰਾਕਿਰਤ, ਹਿੰਦੀ, ਮਰਾਠੀ, ਪੁਰਾਤਨ ਪੰਜਾਬੀ, ਮੁਲਤਾਨੀ ਅਤੇ ਅਨੇਕਾਂ ਸਥਾਨਿਕ ਲਿਪੀਆਂ ਵਿਚ ਲਿਖੀ ਹੋਈ ਹੈਂ। ਕਈਆਂ ਸ਼ਬਦਾਂ ਵਿਚ ਸੰਸਕ੍ਰਿਤ ਅਤੇ ਅਰਬੀ ਦੀ ਸ਼ਬਦਾਵਲੀ ਦੀ ਖੁੱਲ੍ਹੀ ਵਰਤੋਂ ਕੀਤੀ ਗਈ ਹੈਂ।

ਜਦੋਂ ਹੱਥਲਾ ਕੰਮ ਅਰੰਭਿਆ ਗਿਆ ਤਾਂ ਸਿੱਖਾਂ ਦੇ ਪਵਿੱਤਰ ਗ੍ਰੰਥ, ਗੁਰੂ ਗ੍ਰੰਥ ਸਾਹਿਬ ਦਾ ਕੋਈ ਸ਼ਬਦ-ਕੋਸ਼ ਨਹੀਂ ਸੀ ਬਣਿਆ। ਉਸ ਤੋਂ ਪਿਛੋਂ ਕੁਝ ਸ਼ਬਦ-ਕੋਸ਼ ਪ੍ਰਕਾਸ਼ਿਤ ਹੋਏ ਹਨ। ਪਰ ਹਰ ਕੋਸ਼ਕਾਰ ਨੇ ਆਪਣਾ ਹੀ ਤਰੀਕਾ ਵਰਤਿਆ ਹੈ। ਜਿਸ ਨਾਲ ਲੋੜੀਂਦੇ ਸ਼ਬਦ ਨੂੰ ਲੱਭਣਾ ਔਖਾ ਹੋ ਗਿਆ ਹੈ। ਜੇਕਰ ਲੱਭ ਵੀ ਪਏ ਤਾਂ ਉਸ ਦੀ ਵਿਆਖਿਆ ਸੰਤੋਖਜਨਕ ਨਹੀਂ ਹੁੰਦੀ। ਇਹਨਾਂ ਕਾਰਨਾਂ ਕਰਕੇ ਇਹ ਅਵੱਸ਼ਕ ਸੀ ਕਿ ਸਿੱਖਾਂ ਦੀਆਂ ਪਵਿੱਤਰ ਰਚਨਾਵਾਂ ਦਾ ਉਲਥਾਕਾਰ ਬਹੁਤ ਸਾਲ ਭਾਰਤ ਵਿਚ ਰਹੇ ਅਤੇ ਥੋੜ੍ਹੇ ਜਿਹੇ ਰਹਿ ਗਏ ਉਹਨਾਂ ਗਿਆਨੀਆਂ ਜਾਂ ਪੇਸ਼ਾਵਰ ਵਿਆਖਿਆਕਾਰਾਂ ਦੀ ਸਹਾਇਤਾ ਨਾਲ ਕੰਮ ਕਰੇ ਜਿਨ੍ਹਾਂ ਨੂੰ ਮਰਯਾਦਾਪੂਰਬਕ ਸਿੱਖ ਰਚਨਾਵਾਂ ਦਾ ਗਿਆਨ ਹੈਂ। ਸ਼ਾਇਦ ਇਹ ਕਹਿਣਾ ਅਤਿ ਕਥਨੀ ਹੋਵੇਗੀ ਕਿ ਇਸ ਸਮੇਂ ਸੰਸਾਰ ਵਿਚ ਕੇਵਲ ਦਸ ਵਿਅਕਤੀ ਇਹੋ ਜਿਹੇ ਹਨ। ਇਹਨਾਂ ਵਿਚੋਂ ਕੋਈ ਵੀ ਅੰਗਰੇਜ਼ੀ ਵਿਚ ਵਿਆਖਿਆ ਕਰਨ

ਦੇ ਯੋਗ ਨਹੀਂ। ਉਹ ਆਮ ਤੌਰ ਤੇ ਆਪਣੀ ਸਥਾਨਿਕ ਉਪਭਾਸ਼ਾ ਵਿਚ ਸਮਝ ਨਾ ਆਉਣ ਵਾਲੇ ਤਰੀਕੇ ਨਾਲ ਸਮ-ਭਾਵ ਦੱਸਦੇ ਹਨ। ਪਰ ਇਸ ਤੋਂ ਵੱਧ ਗੱਲ ਹੈ ਕਿ ਕੋਈ ਸਿੱਖ ਐਸਾ ਨਹੀਂ ਜਿਹੜਾ ਆਪਣੀਆਂ ਪਵਿੱਤਰ ਰਚਨਾਵਾਂ ਦਾ ਸਹੀ ਉਲਥਾ ਕਰ ਸਕੇ। ਜਿਹੜਾ ਵਿਅਕਤੀ ਸੰਸਕ੍ਰਿਤ ਦਾ ਚੰਗਾ ਵਿਦਵਾਨ ਹੈ, ਉਹ ਫ਼ਾਰਸੀ ਅਤੇ ਅਰਬੀ ਨਹੀਂ ਜਾਣਦਾ। ਜਿਹੜਾ ਵਿਅਕਤੀ ਫਾਰਸੀ ਅਤੇ ਅਰਬੀ ਜਾਣਦਾ ਹੈ, ਉਹ ਸੰਸਕ੍ਰਿਤ ਤੋਂ ਬਣੇ ਅੱਖਰਾਂ ਤੋਂ ਅਣਜਾਣ ਹੈ। ਜੋ ਮਨੁੱਖ ਹਿੰਦੀ ਜਾਣਦਾ ਹੈ, ਉਹ ਮਰਾਠੀ ਨਹੀਂ ਜਾਣਦਾ ਅਤੇ ਜੋ ਮਰਾਠੀ ਜਾਣਦਾ ਹੈ, ਉਹ ਪੰਜਾਬੀ ਅਤੇ ਮੁਲਤਾਨੀ ਨਹੀਂ ਜਾਣਦਾ। ਇਸੇ ਤਰ੍ਹਾਂ ਹੋਰ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ। ਇਸ ਤੋਂ ਇਲਾਵਾ ਸਿੱਖ ਪਵਿੱਤਰ ਰਚਨਾਵਾਂ ਵਿਚ ਆਪਣੇ ਆਪ ਵਿਚ ਕੁਝ ਵਿਸ਼ੇਸ਼ ਸ਼ਬਦ ਹਨ ਜਿਨ੍ਹਾਂ ਦਾ ਨਿਕਾਸ ਕਿਸੇ ਜਾਣੀ ਪਛਾਣੀ ਭਾਸ਼ਾ ਵਿਚੋਂ ਨਹੀਂ ਹੋਇਆ। ਇਹਨਾਂ ਵਾਸਤੇ ਰਵਾਇਤੀ ਵਿਆਖਿਆ ਹੀ ਪ੍ਰਵਾਨ ਕਰਨੀ ਪਵੇਗੀ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਸ਼ਾਇਦ ਹੋਂਦ ਵਿਚ ਆਈਆਂ ਪਵਿੱਤਰ ਜਾਂ ਸੰਸਾਰਕ ਰਚਨਾਵਾਂ ਵਿਚੋਂ ਸਭ ਤੋਂ ਕਠਨ ਹੈ। ਇਸੇ ਲਈ ਇਸ ਦੇ ਵਿਸ਼ੇ ਬਾਰੇ ਆਮ ਤੌਰ ਤੇ ਅਗਿਆਨਤਾ ਹੈ।

ਕੁਝ ਸਾਲ ਹੋਏ ਇੰਡੀਆ ਆਫ਼ਿਸ ਲੰਡਨ ਨੇ ਇਕ ਜਰਮਨ ਈਸਾਈ ਮਿਸ਼ਨਰੀ ਕੋਲੋਂ ਗੁਰੂ ਗ੍ਰੰਥ ਸਾਹਿਬ ਦੇ ਕੁਝ ਹਿੱਸੇ ਦਾ ਉਲਥਾ ਕਰਵਾਇਆ ਸੀ। ਪਰ ਇਹ ਕੰਮ ਨਾ ਕੇਵਲ ਬਹੁਤ ਜ਼ਿਆਦਾ ਗਲਤ ਸੀ, ਇਸ ਤੋਂ ਵਧੇਰੇ ਇਹ ਕਿ ਇਸ ਨਾਲ ਸਿੱਖਾਂ ਨੂੰ ਭਾਰੀ ਚੋਟ ਲੱਗੀ ਕਿਉਂਕਿ ਇਸ ਵਿਚ ਧਰਮ ਬਾਰੇ ਨਫ਼ਰਤ ਘੁਸੇੜ ਦਿੱਤੀ ਗਈ ਸੀ। ਜਦੋਂ ਵੀ ਉਸ ਨੂੰ ਸਿੱਖ ਗੁਰੂਆਂ ਨੂੰ ਸਿੱਖਾਂ ਦੇ ਧਰਮ ਅਤੇ ਸਿੱਖਾਂ ਦੀ ਪਵਿੱਤਰ ਰਚਨਾ ਨੂੰ ਬਦਨਾਮ ਕਰਨ ਦਾ ਅਵਸਰ ਮਿਲਿਆ ਉਸ ਨੇ ਬੜੀ ਤੀਬਰਤਾ ਨਾਲ ਉਸ ਤੋਂ ਲਾਭ ਉਠਾਇਆ। ਹੱਥਲੇ ਕੰਮ ਦਾ ਇਕ ਮੁੱਖ ਮਨੋਰਥ ਉਸ ਵਲੋਂ ਸਿੱਖ ਗੁਰੂਆਂ ਅਤੇ ਸਿੱਖ ਧਰਮ ਦੀ ਕੀਤੀ ਗਈ ਨਿਰਾਦਰੀ ਨੂੰ ਕਿਸੇ ਹੱਦ ਤਕ ਦੂਰ ਕਰਨਾ ਹੈ। ਇਸ ਤੋਂ ਇਲਾਵਾ ਮੈਂ ਆਸ ਕਰਦਾ ਹਾਂ ਕਿ ਇਸ ਤੋਂ ਹੋਰ ਵੀ ਕਈ ਲਾਭ ਹੋਣਗੇ ਜਿਹੜੇ ਕਿ ਪਾਠਕ ਸਮਝ ਲੈਣਗੇ।

ਸਿੱਖਾਂ ਦੀ ਜਾਣ-ਪਛਾਣ ਵਾਲੇ ਸਾਰੇ ਵਿਵੇਕ ਬੁਧੀ ਵਾਲੇ ਮਨੁੱਖ ਸਿੱਖਾਂ ਨੂੰ ਬਹੁਤ ਵਧੀਆ ਸਮਝਦੇ ਹਨ। ਪਰ ਮੈਨੂੰ ਇਉਂ ਜਾਪਦਾ ਹੈ ਕਿ ਉਹਨਾਂ ਦੇ ਧਰਮ ਦੀ ਸਰਵੋਤਮਤਾ ਦਾ ਗਿਆਨ ਸਾਰੇ ਸੰਸਾਰ ਵਿਚ ਉਹਨਾਂ ਦੇ ਉਸ ਆਦਰ-ਮਾਨ ਨੂੰ ਵਧਾਏਗਾ ਜੋ ਹੁਣ ਉਹ ਮਾਣ ਰਹੇ ਹਨ। ਇਸ ਤਰ੍ਹਾਂ ਮੇਰੀ ਰਚਨਾ ਘੱਟੋ-ਘੱਟ ਉਹਨਾਂ ਲਈ ਰਾਜਸੀ ਤੌਰ ਤੇ ਲਾਭਦਾਇਕ ਹੋਵੇਗੀ। ਦੂਜੀ ਗੱਲ ਇਹ ਹੈ ਕਿ ਹੁਣ ਬਹੁਤ ਜ਼ਿਆਦਾ ਗਿਣਤੀ ਵਿਚ ਸਿੱਖ ਹਨ ਜੋ ਅੰਗਰੇਜ਼ੀ ਭਾਸ਼ਾ ਨੂੰ ਜਾਣਦੇ ਹਨ ਪਰ ਉਹਨਾਂ ਕੋਲ ਗੁਰੂਆਂ ਦੀ ਬਾਣੀ ਦੇ ਅਧਿਐਨ ਦਾ ਸਮਾਂ ਨਹੀਂ। ਮੇਰਾ ਖ਼ਿਆਲ ਹੈ ਉਹਨਾਂ ਲਈ ਕੇਵਲ ਭਾਸ਼ਾਈ ਦ੍ਰਿਸ਼ਟੀ ਤੋਂ ਗੁਰਬਾਣੀ ਨੂੰ ਸਾਦਾ ਅੰਗਰੇਜ਼ੀ ਵਿਚ ਉਲਥਾ ਕਰਨਾ, ਜਿਸ ਦੇ ਲਿਖਣ ਦਾ ਮੈਂ ਯਤਨ ਕਰ ਰਿਹਾ ਹਾਂ, ਲਾਭਦਾਇਕ ਹੋਵੇਗਾ। ਤੀਜੀ ਗੱਲ ਇਹ ਹੈ ਕਿ ਪੁਰਾਤਨ ਗਿਆਨੀ ਜੋ ਗੁਰੂ ਗ੍ਰੰਥ ਸਾਹਿਬ ਦੇ ਵਿਆਖਿਆਕਾਰ ਹਨ, ਖਤਮ ਹੋ ਰਹੇ ਹਨ ਸ਼ਾਇਦ ਇਕ ਜਾਂ ਦੋ ਪੀੜ੍ਹੀਆਂ ਵਿਚ ਗੁਰਬਾਣੀ ਦੇ ਜ਼ਿਆਦਾ ਮੁਸ਼ਕਲ ਹੋਣ ਕਰਕੇ ਪੜ੍ਹੇ ਲਿਖੇ ਸਿੱਖਾਂ ਨੂੰ ਵੀ ਉਸ ਦੀ ਅਮਲੀ ਤੌਰ ਤੇ ਸਮਝ ਨਾ ਆਵੇ। ਚੌਥੀ ਗੱਲ ਲੋਕਾਂ ਦੀ ਸਥਾਨਿਕ ਭਾਸ਼ਾ ਦਿਨ-ਬ-ਦਿਨ ਬਦਲ ਰਹੀ ਹੈ ਅਤੇ ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਤੋਂ ਦੂਰ ਜਾ ਰਹੀ ਹੈ। ਸ਼ਬਦ ਜਿਹੜੇ ਹਾਲੀ

ਜਵਾਨ ਮਨੁੱਖ ਆਪਣੇ ਬਚਪਨ ਵਿਚ ਵਰਤਣ ਦੇ ਆਦੀ ਸਨ, ਹੁਣ ਉਹ ਸ਼ਬਦ ਅਲੋਪ ਹੋ ਰਹੇ ਹਨ ਅਤੇ ਉਹਨਾਂ ਦੀ ਥਾਂ ਤੇ ਨਵੇਂ ਸ਼ਬਦ ਆ ਰਹੇ ਹਨ। ਇਸ ਤਰ੍ਹਾਂ ਸਭ ਪਾਸਿਆਂ ਤੋਂ ਇਹ ਠੀਕ ਜਾਪਦਾ ਹੈ ਕਿ ਅਤਿਅੰਤ ਕਠਨ ਲਿਖਤਾਂ ਦੇ ਟੋਟਿਆਂ ਨੂੰ ਜੋ ਸਾਰੀਆਂ ਸਿੱਖ ਰਚਨਾਵਾਂ ਵਿਚ ਵਿਸਤ੍ਰਿਤ ਹਨ ਦਾ ਉਲਥਾ ਨਿਸ਼ਚਿਤ ਕੀਤਾ ਜਾਏ। ਪੰਜਵੀਂ ਗੱਲ ਇਹ ਹੈ ਕਿ ਹੁਣ ਅਸੀਂ ਸਥਾਨਿਕ ਮੌਜੂਦਾ ਪ੍ਰਚਲਿਤ ਰਵਾਇਤਾਂ ਨੂੰ ਇਕੱਠੀਆਂ ਕਰ ਸਕੇ ਹਾਂ ਜੋ ਹੁਣ ਆਮ ਹਨ ਪਰ ਥੋੜ੍ਹੇ ਸਮੇਂ ਅੰਦਰ ਇਹ ਵਿਸਰ ਜਾਣੀਆਂ ਸਨ।

ਸਮਾਂ ਸੀ ਜਦੋਂ ਸਿੱਖਾਂ ਦੇ ਪਵਿੱਤਰ ਗ੍ਰੰਥ ਨੂੰ ਛਾਪਣ ਦੀ ਆਗਿਆ ਨਹੀਂ ਸੀ। ਇਹ ਪੂਰਵ-ਧਾਰਨਾ ਖਤਮ ਹੋਈ ਅਤੇ ਇਸ ਨੂੰ ਹਿੱਸਿਆਂ ਵਿਚ ਛਾਪਿਆ ਗਿਆ। ਇਹ ਹਿੱਸੇ ਇਕ ਜਿਲਦ ਵਿਚ ਛਾਪਣ ਦੀ ਮਨਾਹੀ ਸੀ ਕਿਉਂਕਿ ਨਾ ਕੇਵਲ ਇਹ ਸਿੱਖ ਗੁਰੂਆਂ ਦੀ ਸਿਆਣਪ ਦਾ ਸਰੂਪ ਸੀ ਸਗੋਂ ਗੁਰੂਆਂ ਦਾ ਸਰੂਪ ਸਮਝਿਆ ਜਾਂਦਾ ਸੀ ਤੇ ਇਸ ਦੀ ਬੇ-ਅਦਬੀ ਨਾ ਹੋ ਜਾਏ, ਇਹ ਪੂਰਵ ਧਾਰਨਾ ਵੀ ਖ਼ਤਮ ਹੋ ਗਈ ਹੈ ਅਤੇ ਹੁਣ ਇਹ ਖੁੱਲ੍ਹੇ ਤੌਰ ਤੇ ਪ੍ਰਾਪਤ ਕੀਤੇ ਜਾ ਸਕਦੇ ਹਨ। ਪੁਰਾਤਨ ਧਾਰਨਾ ਵਾਲੇ ਸਿੱਖਾਂ ਵਿਚ ਇਹ ਪੱਖਪਾਤ ਸੀ ਕਿ ਪਵਿੱਤਰ ਗ੍ਰੰਥ ਦਾ ਉਲਥਾ ਨਾ ਕੀਤਾ ਜਾਏ। ਪਰ ਜੋ ਸਿੱਖ ਇਹ ਕਹਿੰਦੇ ਸਨ ਉਹ ਸ੍ਰੀ ਗੁਰੂ ਅਰਜਨ ਜੀ ਦੇ ਉਪਦੇਸ਼ ਨੂੰ ਭੁੱਲ ਗਏ ਸਨ ਕਿ ਇਸ ਦਾ ਉਲਥਾ ਭਾਰਤੀ ਅਤੇ ਵਿਦੇਸ਼ੀ ਭਾਸ਼ਾਵਾਂ ਵਿਚ ਕੀਤਾ ਜਾਏ ਤਾਂ ਜੋ ਇਹ ਸਰਬ ਸੰਸਾਰ ਵਿਚ ਇਸ ਤਰ੍ਹਾਂ ਫੈਲੇ ਜਿਵੇਂ ਪਾਣੀ ਤੇ ਤੇਲ ਫੈਲਦਾ ਹੈ :

ਸੰਸਕ੍ਰਿਤ ਅਰ ਤੁਰਕਨ ਭਾਸ਼ਾ
ਇਸ ਮੋਂ ਲਿਖ ਲੇਵਹਿ ਬੁਧਰਾਸਾ
ਸਭ ਊਪਰ ਪਸਰੈ ਇਹ ਧਾਈ
ਜਿਮ ਜਲ ਪਰ ਸੁ ਚਿਕਨਤਾ ਪਾਈ

(ਸੂਰਜ ਪ੍ਰਕਾਸ਼, ਰਾਸ-1।1।)

ਇਸ ਵਿਚ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਜੇਕਰ ਸਿੱਖ ਗੁਰੂ ਅਤੇ ਭਗਤ ਜਿਊਂਦੇ ਹੁੰਦੇ ਤਾਂ ਆਪਣੀ ਬਾਣੀ ਨੂੰ ਅੰਗਰੇਜ਼ੀ ਵਰਗੀ ਭਾਸ਼ਾ ਵਿਚ ਉਲਥਾ ਕੀਤਿਆਂ ਵੇਖ ਕੇ ਪ੍ਰਸੰਨ ਹੁੰਦੇ। ਅੰਗਰੇਜ਼ੀ ਭਾਸ਼ਾ ਮਹਾਂਦੀਪਾਂ ਵਿਚ, ਜਜ਼ੀਰਿਆਂ ਵਿਚ ਜੋ ਸਾਰੀ ਧਰਤੀ ਤੇ ਦੂਰ-ਦੁਰਾਡੇ ਹਨ, ਬੋਲੀ ਜਾਂਦੀ ਹੈ।

1893 ਤਕ ਮੈਂ ਭਾਰਤ ਵਿਚ ਅਦਾਲਤੀ ਕੰਮਾਂ ਵਿਚ ਰੁਝਿਆ ਸਾਂ। ਇਸੇ ਸਾਲ ਸਿੱਖ ਸੁਸਾਇਟੀਆਂ ਦੇ ਪ੍ਰਤੀਨਿਧਾਂ ਨੇ ਮੈਨੂੰ ਬੇਨਤੀ ਕੀਤੀ ਕਿ ਮੈਂ ਆਪਣੀ ਨੌਕਰੀ ਤੋਂ ਅਸਤੀਫ਼ਾ ਦਿਆਂ ਅਤੇ ਉਹਨਾਂ ਦੀਆਂ ਪਵਿੱਤਰ ਰਚਨਾਵਾਂ ਦਾ ਉਲਥਾ ਅਰੰਭ ਕਰਾਂ। ਉਹ ਜਾਣਦੇ ਸਨ ਕਿ ਮੈਂ ਉਹਨਾਂ ਦੇ ਧਰਮ ਦਾ ਪ੍ਰਸੰਸਕ ਹਾਂ। ਮੈਂ ਉਹਨਾਂ ਦੀਆਂ ਬੇਨਤੀਆਂ ਪ੍ਰਵਾਨ ਕਰ ਲਈਆਂ। ਮੇਰਾ ਪਹਿਲਾਂ ਇਰਾਦਾ ਇਹ ਸੀ ਕਿ ਮੈਂ ਕੇਵਲ ਉਲਥਾ ਹੀ ਕਰਾਂ। ਇਸ ਤੇ ਮੇਰਾ ਕਈ ਸਾਲਾਂ ਦਾ ਸਮਾਂ ਲੱਗ ਗਿਆ। ਮੈਨੂੰ ਯਕੀਨ ਹੈ ਕਿ ਜੋ ਕੁਝ ਮੈਂ ਤਿਆਰ ਕੀਤਾ ਉਹ ਬਿਲਕੁਲ ਹੀ ਨਵੀਨ ਵਿਉਂਤ ਨਾਲ ਸੀ। ਬਹੁਤੇ ਉਲਥਾਕਾਰ ਜਦੋਂ ਆਪਣਾ ਕੰਮ ਸੰਪੂਰਨ ਕਰ ਲੈਂਦੇ ਹਨ ਤਾਂ ਉਸ ਨੂੰ ਸਥਾਨਿਕ ਆਲੋਚਨਾ ਤੋਂ ਬਗੈਰ ਹੀ ਪ੍ਰਕਾਸ਼ਿਤ ਕਰਨਾ ਅਰੰਭ ਦਿੰਦੇ ਹਨ। ਇਸ ਕਾਰਨ ਕਰਕੇ ਪੂਰਬੀ ਰਚਨਾਵਾਂ ਦੇ ਯੂਰਪ ਵਿਚ ਉੱਘੇ ਵਿਦਵਾਨਾਂ ਦੁਆਰਾ ਕੀਤੇ ਉਲਥੇ ਘੱਟ ਹੀ ਪੂਰਬ ਦੇ

ਵਿਦਵਾਨ ਵਸਨੀਕਾਂ ਨੇ ਪ੍ਰਵਾਨ ਕੀਤੇ ਹਨ। ਮੈਂ ਫੈਂਸਲਾ ਕੀਤਾ ਕਿ ਮੇਰਾ ਕੰਮ ਇਹਨਾਂ ਤੋਂ ਵੱਖਰਾ ਹੋਣਾ ਚਾਹੀਦਾ ਹੈ ਅਤੇ ਇਸ ਲਈ ਆਪਣੀ ਰਚਨਾ ਦੀ ਹਰ ਲਾਈਨ ਮੈਂ ਸਿੱਖ ਵਿਦਵਾਨਾਂ ਦੀ ਤਿੱਖੀ ਆਲੋਚਨਾ ਲਈ ਪੇਸ਼ ਕੀਤੀ। ਇਸ ਤਰ੍ਹਾਂ ਇਹ ਅਨੁਵਾਦ ਰਫ਼ ਪਰੂਫਾਂ ਜਾਂ ਟਾਈਪ ਕੀਤੀਆਂ ਕਾਪੀਆਂ ਦੁਆਰਾ ਕੀਤਾ ਗਿਆ। ਮੈਂ ਸਿੱਖ ਅਖ਼ਬਾਰਾਂ ਵਿਚ ਉਹਨਾਂ ਸਭਨਾਂ ਨੂੰ ਨਿਮੰਤਰਨ ਪ੍ਰਕਾਸ਼ਿਤ ਕੀਤੇ ਕਿ ਜੇ ਉਹ ਚਾਹੁਣ ਤਾਂ ਮੇਰੇ ਕੋਲ ਆ ਕੇ ਮੇਰੇ ਕੰਮ ਦਾ ਨਿਰੀਖਣ ਕਰਨ ਤੇ ਜੇਕਰ ਲੋੜ ਸਮਝਣ ਤਾਂ ਮੇਰੇ ਕੀਤੇ ਉਲਥੇ ਦੀ ਦਰੁੱਸਤੀ ਕਰ ਦੇਣ। ਇਸ ਨਾਲ ਬਹੁਤ ਜ਼ਿਆਦਾ ਖੱਤ ਪੱਤਰੀ ਕਰਨੀ ਪਈ ਜਿਸਤੇ ਬਹੁਤ ਸਮਾਂ ਖਰਚ ਹੋਇਆ ਤੇ ਇਸ ਨਾਲ ਮੇਰੇ ਭਾਰਤ ਵਿਚ ਰਹਿਣ ਦਾ ਅਸੁਖਾਵਾਂ ਸਮਾਂ ਵੱਧ ਗਿਆ।

ਮੇਰੇ ਆਪਣੇ ਕੀਤੇ ਉਲਥੇ ਦੇ ਨਿਰੀਖਣ ਦੇ ਸੰਪੂਰਨ ਕਰਨ ਉਪਰੰਤ ਭਾਈ ਸਰਦੂਲ ਸਿੰਘ, ਗਿਆਨੀ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ, ਸਵਰਗਵਾਸੀ ਭਾਈ ਸੰਤ ਸਿੰਘ ਜੋ ਕਪੂਰਥਲਾ ਦੇ ਵਿਦਵਾਨ ਸਿੱਖ ਸਨ ਅਤੇ ਭਾਈ ਪ੍ਰੇਮ ਸਿੰਘ, ਅੰਮ੍ਰਿਤਸਰ ਵਾਲਿਆਂ ਨੇ ਮੈਨੂੰ ਨਿਮਨ ਲਿਖਤ ਭੇਜਣ ਦੀ ਕਿਰਪਾ ਕੀਤੀ :

> "ਅਸਾਂ ਅੰਗਰੇਜ਼ੀ ਤੋਂ ਜਾਣੂ ਸਿੱਖ ਵਿਦਵਾਨਾਂ ਦੁਆਰਾ ਮਿਸਟਰ ਮੈਕਾਲਿਫ਼ ਦੇ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਦੇ ਉਲਥੇ ਨੂੰ ਬਹੁਤ ਧਿਆਨ ਨਾਲ ਵਾਚਿਆ ਹੈ। ਇਸ ਅਧਿਐਨ ਤੇ ਡੇਢ ਕੁ ਮਹੀਨੇ ਦੀ ਮਿਹਨਤ ਲੱਗੀ ਹੈ। ਸਾਡੇ ਵਿਚੋਂ ਜਿਸਨੂੰ ਕਿਧਰੇ ਗਲਤੀ ਨਜ਼ਰ ਆਈ, ਅਸੀਂ ਮਿਲ ਕੇ ਉਹਨਾਂ ਪੈਰਿਆਂ ਤੇ ਵਿਚਾਰ ਕੀਤੀ ਕਿ ਜਾਂ ਤੇ ਉਹਨਾਂ ਨੂੰ ਠੀਕ ਕਰ ਦਿਤਾ ਜਾਏ ਜਾਂ ਮਿਸਟਰ ਮੈਕਾਲਿਫ਼ ਦੇ ਅਨੁਵਾਦ ਨੂੰ ਹੀ ਟਿਕੇ ਰਹਿਣ ਦੀ ਆਗਿਆ ਦੇ ਦਿੱਤੀ ਜਾਏ। ਇਸ ਕਰਕੇ ਅਸੀਂ ਬਿਆਨ ਦੇਂਦੇ ਹਾਂ ਕਿ ਮੈਕਾਲਿਫ਼ ਦੇ ਕੀਤੇ ਉਲਥੇ ਦੀ ਅਸਾਂ ਸੋਧ-ਸੁਧਾਈ ਕੀਤੀ ਹੈ। ਇਸ ਅਨੁਵਾਦ ਨੂੰ ਸਿੱਖ ਧਰਮ ਦੇ ਅਸੂਲਾਂ ਅਨੁਕੂਲ ਬਣਾਉਣ ਲਈ ਵੱਧ ਤੋਂ ਵੱਧ ਧਿਆਨ ਰੱਖਿਆ ਗਿਆ ਹੈ। ਇਹ ਅਨੁਵਾਦ ਬਿਲਕੁਲ ਵਿਦਵਤਾ ਵਾਲਾ ਹੈ ਅਤੇ ਵਿਆਕਰਨਿਕ ਅਤੇ ਅਲੰਕਾਰਿਕ ਨਿਯਮਾਂ ਅਨੁਸਾਰ ਕੀਤਾ ਗਿਆ ਹੈ।
>
> ਹੁਣ ਅਸੀਂ ਰਾਜਿਆਂ, ਮਹਾਰਾਜਿਆਂ, ਸਰਦਾਰਾਂ ਅਤੇ ਸਿੱਖ ਧਰਮ ਦੇ ਵਿਦਵਾਨਾਂ ਅਤੇ ਮਾਹਿਰਾਂ ਨੂੰ ਬੇਨਤੀ ਕਰਦੇ ਹਾਂ ਕਿ ਵਿਸ਼ੇਸ਼ ਤੌਰ ਤੇ ਇਕ ਵਾਰੀ ਜ਼ਰੂਰ ਇਸ ਅਨੁਵਾਦ ਨੂੰ ਪੜ੍ਹਨ ਜਾਂ ਸੁਣਨ। ਇਸ ਤਰ੍ਹਾਂ ਉਹ ਮਿਸਟਰ ਮੈਕਾਲਿਫ਼ ਦੀ ਮਿਹਨਤ ਤੋਂ ਜਾਣੂ ਹੋ ਜਾਣਗੇ ਅਤੇ ਆਪਣੇ ਗੁਰੂਆਂ ਦੀ ਸੱਚੀ ਸਿਖਿਆ ਤੋਂ ਲਾਭ ਪ੍ਰਾਪਤ ਕਰਨਗੇ। ਉਹਨਾਂ ਨੂੰ ਅਨੁਵਾਦਕ ਦੀ ਵੀ ਲੋੜੀਂਦੀ ਸਹਾਇਤਾ ਕਰਨੀ ਚਾਹੀਦੀ ਹੈ ਕਿਉਂਕਿ ਉਹ ਸਰਕਾਰੀ ਉੱਚ-ਪਦਵੀ ਤੋਂ ਸੇਵਾ ਮੁਕਤ ਹੋਇਆ ਹੈ ਅਤੇ ਇਸ ਕਾਰਜ ਤੇ ਬੇਅੰਤ ਮਾਇਆ ਖਰਚ ਕੀਤੀ ਹੈ।"

ਵਿਦਵਾਨ ਅਤੇ ਸਮਝਦਾਰ ਸਿੱਖਾਂ ਵਲੋਂ ਮੈਨੂੰ ਇਹੋ ਜਿਹੇ ਬਹੁਤ ਪੱਤਰਾਂ ਦਾ ਅੰਬਾਰ ਜਿਹਾ ਪ੍ਰਾਪਤ ਹੋਇਆ ਹੈ ਅਤੇ ਮੈਂ ਸਿੱਖਾਂ ਦੇ ਅੰਗਰੇਜ਼ੀ ਤੇ ਵਿਦੇਸ਼ੀ ਅਖ਼ਬਾਰਾਂ ਵਿਚ ਸਮੀਖਿਆ ਭਰਪੂਰ ਲੇਖ ਵੇਖੇ ਹਨ ਜਿਨ੍ਹਾਂ ਵਿਚ ਹੁਣ ਵਰਗੇ ਪੇਸ਼ ਕੀਤੇ ਗਏ ਕੰਮ ਲਈ ਪਰਬਲ ਇੱਛਾ ਦਾ ਪ੍ਰਗਟਾ ਕੀਤਾ ਗਿਆ ਹੈ। ਉਹਨਾਂ ਵਿਚੋਂ ਮੈਂ ਸਿੱਖਾਂ ਦੇ ਅਖਬਾਰ *"ਦੀ ਖ਼ਾਲਸਾ"* ਵਿਚੋਂ ਨਿਮਨ-

ਲਿਖਤ ਪੇਸ਼ ਕਰਨ ਦੀ ਆਗਿਆ ਚਾਹੁੰਦਾ ਹਾਂ :

ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਿਸਟਰ ਮੈਕਾਲਿਫ਼ ਦੇ ਅਨੁਵਾਦ ਦੀ ਪ੍ਰਕਾਸ਼ਨਾ ਨਾਲ ਸਿੱਖ ਇਤਿਹਾਸ ਦੇ ਨਵੇਂ ਯੁੱਗ ਦਾ ਅਰੰਭ ਹੋਵੇਗਾ। ਸਾਡਾ ਧਾਰਮਿਕ ਗ੍ਰੰਥ ਭਾਵੇਂ ਸਾਡੀ ਆਪਣੀ ਬੋਲੀ ਵਿਚ ਲਿਖਿਆ ਹੈ ਫੇਰ ਵੀ ਸਾਡੇ ਲੋਕਾਂ ਨੇ ਇਸ ਵੱਲ ਐਨਾ ਧਿਆਨ ਵੀ ਨਹੀਂ ਦਿੱਤਾ ਕਿ ਇਹ ਕਹਿਣ ਵਿਚ ਅਤਿਕਥਨੀ ਨਹੀਂ ਕਿ 90% ਸਿੱਖ ਇਸ ਨੂੰ ਨਹੀਂ ਸਮਝਦੇ। ਅੰਗਰੇਜ਼ੀ ਵਿਦਿਆ ਪ੍ਰਾਪਤ ਕਰਨ ਪਿਛੋਂ ਵੀ ਉਹਨਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਮਹਾਨ ਸਚਾਈਆਂ ਦਾ ਕੋਈ ਅਨੁਭਵ ਨਹੀਂ। ਬਚਪਨ ਤੋਂ ਹੀ ਉਹਨਾਂ ਦੇ ਮਨਾਂ ਦੀ ਘਾੜਤ ਇਸ ਤਰ੍ਹਾਂ ਘੜੀ ਗਈ ਹੈ ਕਿ ਉਹਨਾਂ ਵਾਸਤੇ ਅੰਗਰੇਜ਼ੀ ਤੋਂ ਬਗੈਰ ਕਿਸੇ ਹੋਰ ਭਾਸ਼ਾ ਵਿਚ ਗੱਲ-ਬਾਤ ਕਰਨਾ ਜਾਂ ਲਿਖਣਾ ਤਕਰੀਬਨ ਅਸੰਭਵ ਹੀ ਬਣ ਗਿਆ ਹੈ। ਇਹ ਅਤਿ-ਕਥਨੀ ਨਹੀਂ ਹੈ ਕਿ ਉਹਨਾਂ ਵਿਚੋਂ ਬਹੁਤ ਸਾਰਿਆਂ ਵਾਸਤੇ ਆਪਣੀ ਮਾਤ-ਭਾਸ਼ਾ ਵਿਚ ਸੋਚਣਾ ਵੀ ਕਠਨ ਜਾਪਦਾ ਹੈ। ਇਹ ਹਾਲਾਤ ਹੋਣ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਅਨੁਵਾਦ ਪੜ੍ਹੇ-ਲਿਖੇ ਵਿਅਕਤੀਆਂ ਨੂੰ ਚੰਗਾ ਲਗੇਗਾ। ਇਹਨਾਂ ਹਾਲਾਤਾਂ ਵਿਚ ਇਹਨਾਂ ਵਿਚੋਂ ਹੀ ਸੂਝਵਾਨ ਲੀਡਰ ਬਣਨਗੇ। ਪੱਛਮੀ ਸਭਿਅਤਾਵਾਂ ਦੁਆਰਾ ਸੁਤੰਤਰ ਸੋਚਣ ਅਤੇ ਕੰਮ ਕਰਨ ਲਈ ਪ੍ਰੇਰਿਤ ਹੋ ਕੇ ਇਹ ਸੁਭਾਵਿਕ ਤੌਰ ਤੇ ਸਿੱਖ ਅਸੂਲਾਂ ਦੀ ਵਿਸ਼ਾਲਤਾ ਨੂੰ ਸਮਝਣ ਦੇ ਯੋਗ ਹੋ ਜਾਣਗੇ ਅਤੇ ਸਿੱਖ ਸਿਧਾਂਤਾਂ ਨੂੰ ਦੂਰ-ਦੁਰਾਡੇ ਥਾਵਾਂ ਤੇ ਫੈਲਾਉਣ ਵਿਚ ਖੁਸ਼ੀ ਅਨੁਭਵ ਕਰਨਗੇ। ਇਸ ਤੋਂ ਇਲਾਵਾ ਬਹੁਤ ਸਾਰੀਆਂ ਗਲਤ-ਫ਼ਹਿਮੀਆਂ ਜੋ ਸਿੱਖ ਗੁਰੂ ਅਤੇ ਸਿੱਖ ਸ਼ਹੀਦਾਂ ਬਾਰੇ ਪ੍ਰਚੱਲਿਤ ਹਨ, ਦੂਰ ਹੋ ਜਾਣਗੀਆਂ ਅਤੇ ਸੋਚਣ ਵਾਲੇ ਲੋਕ ਆਪਣੇ ਨੇਤਰਾਂ ਨਾਲ ਸਿੱਖ ਸਿਧਾਂਤਾਂ ਦਾ ਪਰਵਾਹ ਵੇਖ ਲੈਣਗੇ। ਸਾਡੇ ਵਿਚੋਂ ਧਰੋਹੀਆਂ ਦੇ ਧੰਦੇ ਦਾ ਨਾਸ ਹੋਵੇਗਾ ਜੋ ਆਪਣੇ ਜ਼ਿਆਦਾ ਮਾਲਦਾਰ ਅਤੇ ਰਸੂਖ ਵਾਲੇ ਪੜੋਸੀ ਨੂੰ ਪ੍ਰਸੰਨ ਕਰਨ ਲਈ ਆਪਣੇ ਧਰਮ ਨੂੰ ਸੰਕਟ ਵਿਚ ਪਾਉਂਦੇ ਹਨ ਤੇ ਗੁਰੂਆਂ ਦੇ ਨਾਂ ਨਾਲ ਉਹ ਖ਼ਿਆਲ ਜੋੜਦੇ ਹਨ ਜੋ ਕਦੀ ਉਹਨਾਂ ਸੋਚੇ ਵੀ ਨਹੀਂ ਸਨ। ਉਹ ਕੰਮ ਉਹਨਾਂ ਦੇ ਜ਼ੁੰਮੇ ਲਗਾਉਂਦੇ ਹਨ ਜੋ ਉਹਨਾਂ ਕਦੀ ਕੀਤੇ ਨਹੀਂ ਸਨ। ਸਿੱਖ ਸਿਧਾਂਤਾਂ ਵਿਚ ਅੰਧਕਾਰਤਾ ਮੁੱਕ ਜਾਵੇਗੀ ਅਤੇ ਤੱਤ ਖ਼ਾਲਸੇ ਦੇ ਨਵੇਂ ਇਤਿਹਾਸ ਦਾ ਅਰੰਭ ਹੋਵੇਗਾ।

ਧਾਰਮਿਕ ਰੁਚੀਆਂ ਵਾਲੇ ਯੂਰਪ ਅਤੇ ਅਮਰੀਕਾ ਵਿਚ ਵਸਦੇ ਲੋਕਾਂ ਤੇ ਸਿੱਖ ਸਿਧਾਂਤਾਂ ਦਾ ਅਸਰ ਘੱਟ ਨਹੀਂ ਹੋਵੇਗਾ। ਬਹਾਦਰੀ ਦੇ ਪੱਖ ਤੋਂ ਖ਼ਾਲਸੇ ਨੇ ਪਹਿਲਾਂ ਹੀ ਸੰਸਾਰ ਭਰ ਵਿਚ ਨਾਮਨਾ ਖੱਟਿਆ ਹੈ। ਧਰਮ ਦੇ ਸੰਬੰਧ ਵਿਚ ਵੀ ਖ਼ਾਲਸੇ ਦਾ ਨਾਂ ਚਮਕੇਗਾ, ਜਦੋਂ ਸਾਡੇ ਪ੍ਰਸਿੱਧ ਵੱਡ-ਵਡੇਰਿਆਂ ਦੇ ਸ਼ਾਨਦਾਰ ਕਾਰਨਾਮੇ ਸੰਸਾਰ ਭਰ ਵਿਚ ਜਾਣੂ ਕਰਾਏ ਜਾਣਗੇ। ਪ੍ਰੋਫੈਸਰ ਮੈਕਸ ਮੂਲਰ, ਵਿਲਸਨ, ਮੋਨੀਅਰ ਵਿਲਿਅਮਜ਼ ਅਤੇ ਬਹੁਤ ਸਾਰੇ ਉੱਚ ਕੋਟੀ ਦੇ ਲੇਖਕਾਂ ਵਲੋਂ ਕੀਤੇ ਹਿੰਦੂ ਧਰਮ ਗ੍ਰੰਥਾਂ ਦੇ ਅਤੇ ਹੋਰ ਪੂਰਬੀ ਧਾਰਮਿਕ ਲਿਖਤਾਂ ਦੇ ਅਨੁਵਾਦਾਂ ਨੇ ਸਾਰੇ ਸੱਭਯ ਸੰਸਾਰ ਦਾ ਧਿਆਨ ਹਿੰਦੂਆਂ ਅਤੇ ਉਹਨਾਂ ਦੇ ਸਾਹਿਤ ਵੱਲ ਖਿਚ ਲਿਆ ਹੈ। ਇਹਨਾਂ ਅਨੁਵਾਦਾਂ ਨੇ ਵਿਦਵਾਨਾਂ

ਅਤੇ ਧਾਰਮਿਕ ਸਚਾਈਆਂ ਦੀ ਜਾਂਚ ਪੜਤਾਲ ਕਰਨ ਵਾਲਿਆਂ ਸੈਂਕੜੇ ਲੋਕਾਂ ਦੀ ਹਿਦੂ ਧਰਮ ਵਾਸਤੇ ਹਮਦਰਦੀ ਪ੍ਰਾਪਤ ਕਰ ਲਈ ਹੈ। ਸਾਡੇ ਧਾਰਮਿਕ ਗ੍ਰੰਥਾਂ ਦੇ ਅਨੁਵਾਦ ਕੀ ਇਹ ਸਭ ਕੁੱਝ ਪ੍ਰਾਪਤ ਨਹੀਂ ਕਰਨਗੇ ? ਦੂਜੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਦੇ ਉਲਟ ਸਾਡੇ ਪਵਿੱਤਰ ਗ੍ਰੰਥਾਂ ਵਿਚ ਇਸ਼ਕੀਆਂ ਕਹਾਣੀਆਂ ਜਾਂ ਸਵਾਰਥੀ ਮਨੋਰਥਾਂ ਵਾਸਤੇ ਲੜੀਆਂ ਗਈਆਂ ਜੰਗਾਂ ਦਾ ਬਿਰਤਾਂਤ ਨਹੀਂ। ਸਾਡੇ ਧਰਮ ਗ੍ਰੰਥਾਂ ਵਿਚ ਉੱਚੇ ਤੋਂ ਉੱਚੀਆਂ ਸਚਾਈਆਂ ਹਨ ਜਿਨ੍ਹਾਂ ਦਾ ਅਧਿਐਨ ਪਾਠਕ ਨੂੰ ਆਤਮਿਕ, ਇਖਲਾਕੀ ਅਤੇ ਸਮਾਜਿਕ ਤੌਰ ਤੇ ਉਪਰ ਚੁੱਕ ਸਕਦਾ ਹੈ। ਉਹ ਸਰਬ ਉੱਤਮ ਅਤੇ ਸਭ ਤੋਂ ਸੁੱਚੇ ਅਸੂਲ ਹਨ ਜਿਹੜੇ ਕਿ ਮਨੁੱਖ ਨੂੰ ਮਨੁੱਖ ਨਾਲ ਜੋੜਦੇ ਹਨ ਅਤੇ ਮੰਨਣ ਵਾਲਿਆਂ ਨੂੰ ਆਪਣੇ ਸਾਥੀਆਂ ਦੀ ਸੇਵਾ ਕਰਨ ਲਈ ਅਤੇ ਉਹਨਾਂ ਲਈ ਜਾਨ ਦੇਣ ਲਈ ਉਤਸ਼ਾਹ ਦਿੰਦੇ ਹਨ।

ਸਵਰਗਵਾਸੀ ਬਾਬਾ ਖੇਮ ਸਿੰਘ ਕੇ. ਸੀ. ਆਈ. ਈ. ਜੋ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਸਨ ਤੇ ਸਿੱਖਾਂ ਵਿਚ ਇਕ ਉੱਚੀ ਪਦਵੀ ਰੱਖਦੇ ਸਨ, ਨੇ ਮੈਨੂੰ ਲਿਖਿਆ :

ਸਿੱਖ ਕੌਮ ਵਾਸਤੇ ਤੁਹਾਡੇ ਵਰਗਾ ਸੁਹਿਰਦ ਮਿੱਤਰ ਹੋਣਾ ਖੁਸ਼ਕਿਸਮਤੀ ਦੀ ਗੱਲ ਹੈ। ਸੁਹਿਰਦ ਮਿੱਤਰ ਜਿਹੜਾ ਕੁਦਰਤੀ ਤੌਰ ਤੇ ਉਹਨਾਂ ਦੇ ਲਾਭਾਂ ਵੱਲ ਰੁਚਿਤ ਹੋਵੇ, ਇਸ ਲਈ ਸਿੱਖਾਂ ਨੂੰ ਸਦਾ ਹੀ ਤੁਹਾਡਾ ਅਭਾਰੀ ਅਤੇ ਕ੍ਰਿਤੱਗਯ ਹੋਣਾ ਚਾਹੀਦਾ ਹੈ। ਮੈਨੂੰ ਤੁਹਾਡੇ ਕੰਮ ਦੀ, ਮਿਹਨਤ ਦੀ ਤੇ ਇਸ ਵੱਡੇ ਅਭਾਰ ਵਾਲੇ ਕੰਮ ਨੂੰ ਸਿਰੇ ਚਾੜ੍ਹਨ ਲਈ ਕੀਤੀ ਖੇਚਲ ਦੀ ਪ੍ਰਸੰਸਾ ਪ੍ਰਗਟ ਕਰਕੇ ਖੁਸ਼ੀ ਹੈ।

ਸਵਰਗਵਾਸੀ ਬਾਬਾ ਸੁਮੇਰ ਸਿੰਘ ਮਹੰਤ ਜੋ ਸ੍ਰੀ ਪਟਨਾ ਸਾਹਿਬ ਜਿਥੇ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ ਸੀ, ਦੇ ਗ੍ਰੰਥੀ ਸਨ ਨੇ ਮੈਨੂੰ ਨਿਮਨ-ਲਿਖਤ ਪੱਤਰ ਲਿਖਿਆ :

ਅੱਖਰ-ਅੱਖਰ ਅਨੁਵਾਦ ਨਾਲੋਂ ਭਾਵ ਵੱਲ ਵਿਸ਼ੇਸ਼ ਧਿਆਨ ਰੱਖਣ ਦੇ ਯਤਨਾਂ ਲਈ ਤੇ ਜਿੱਥੇ ਭਾਵ ਭਾਸ਼ਾ ਵਿਚ ਲੁਭਤ ਹੋਇਆ ਹੋਵੇ ਉੱਥੇ ਸਾਰੀ ਰਚਨਾ ਵਿਚ ਕਿਧਰੇ ਕਿਧਰੇ ਪਦ-ਨੋਟ ਦੇਣ ਦੀ ਮੈਂ ਭਰਪੂਰ ਪ੍ਰਸੰਸਾ ਕਰਦਾ ਹਾਂ।

ਸਵਰਗਵਾਸੀ ਭਾਈ ਹਜ਼ਾਰਾ ਸਿੰਘ ਗਿਆਨੀ ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਕੋਸ਼ ਪ੍ਰਕਾਸ਼ਿਤ ਕੀਤਾ ਹੈ ਨੇ ਮੇਰੀ ਰਚਨਾ ਦੇ ਨਮੂਨੇ ਵੇਖ ਕੇ ਨਿਮਨ-ਲਿਖਤ ਪੱਤਰ ਲਿਖਿਆ :

ਮੈਕਾਲਿਫ਼ ਸਾਹਿਬ ਦਾ ਜਪੁਜੀ ਸਾਹਿਬ ਦਾ ਕੀਤਾ ਅਨੁਵਾਦ ਮੈਂ ਪੜ੍ਹਿਆ ਹੈ। ਅਨੁਵਾਦਕ ਨੇ ਸੰਪਰਦਾਈ ਅਰਥਾਂ ਅਨੁਸਾਰ ਅਨੁਵਾਦ ਕਰਨ ਵੱਲ ਜ਼ਿਆਦਾ ਧਿਆਨ ਰੱਖਿਆ ਹੈ। ਮੈਂ ਇਸ ਕੰਮ ਦੀ ਪੂਰਨ ਸਫ਼ਲਤਾ ਲੋਚਦਾ ਹਾਂ ਤੇ ਇਸ ਕੰਮ ਨੂੰ ਛਪਿਆ ਵੇਖ ਕੇ ਮੈਨੂੰ ਐਨੀ ਖੁਸ਼ੀ ਹੋਵੇਗੀ ਕਿ ਕਿਸੇ ਹੋਰ ਗੱਲ ਨਾਲ ਨਹੀਂ ਹੋ ਸਕਦੀ।

ਸਿੰਘ ਸਭਾ ਅੰਮ੍ਰਿਤਸਰ ਨੇ ਮੈਨੂੰ ਜੋ ਮਾਨਪੱਤਰ ਦਿੱਤਾ ਹੈ, ਉਸਦਾ ਅਨੁਵਾਦ ਨਿਮਨ-ਲਿਖਤ ਹੈ :

ਭਰੋਸੇਯੋਗ ਗਿਆਨੀਆਂ ਤੋਂ ਸਾਨੂੰ ਪਤਾ ਲੱਗਾ ਹੈ ਕਿ ਤੁਸੀਂ ਪਿਛਲੇ ਵੀਹ ਸਾਲਾਂ ਤੋਂ ਸਾਡੇ ਪਵਿੱਤਰ ਗ੍ਰੰਥਾਂ ਦਾ ਅਧਿਐਨ ਕਰ ਰਹੇ ਹੋ। ਇਕ ਚੰਗੀ ਪਦਵੀ ਤੋਂ ਸੇਵਾ ਮੁਕਤ ਹੋ ਕੇ ਤੁਸੀਂ ਕਈ ਸਾਲਾਂ ਤੋਂ ਲਗਾਤਾਰ ਮਿਹਨਤ ਕਰਕੇ ਉਹਨਾਂ ਦਾ ਠੀਕ

ਅਨੁਵਾਦ ਕਰ ਰਹੇ ਹੋ ਅਤੇ ਤੁਸੀਂ ਆਪਣੇ ਕੀਤੇ ਅਨੁਵਾਦ ਨੂੰ ਸੱਤ ਵਾਰੀ ਸੋਧਿਆ ਹੈ ਤੇ ਇਸ ਨੂੰ ਇਤਨਾ ਸੰਪੂਰਨ ਕੀਤਾ ਹੈ ਜਿਨ੍ਹਾਂ ਕਿ ਇਨਸਾਨੀ ਯਤਨਾਂ ਨਾਲ ਪੂਰਾ ਕੀਤਾ ਜਾ ਸਕਦਾ ਹੈ। ਇਸ ਨੂੰ ਸੰਪੂਰਨ ਕਰਨ ਵਿਚ ਤੁਸੀਂ ਨਾ ਕੇਵਲ ਆਪਣਾ ਕੀਮਤੀ ਸਮਾਂ ਹੀ ਖਰਚ ਕੀਤਾ ਹੈ ਸਗੋਂ ਬਹੁਤ ਸਾਰਾ ਪੈਸਾ ਵੀ। ਡਾਕਟਰ ਟਰੰਪ ਦਾ ਅਨੁਵਾਦ ਨਾ ਕੇਵਲ ਆਮ ਤੌਰ ਤੇ ਗਲਤ ਹੈ ਸਗੋਂ ਸਾਡੇ ਧਾਰਮਿਕ ਭਾਵਾਂ ਨੂੰ ਠੇਸ ਲਾਉਂਦਾ ਹੈ। ਇਕ ਠੀਕ ਅਨੁਵਾਦ ਦੀ ਬਹੁਤ ਲੋੜ ਅਨੁਭਵ ਕੀਤੀ ਜਾ ਰਹੀ ਸੀ ਜਦੋਂ ਕਿ ਅਕਾਲ ਪੁਰਖ ਨੇ ਇਹ ਕੰਮ ਕਰਨ ਲਈ ਆਪ ਨੂੰ ਪ੍ਰੇਰਿਆ ਤੇ ਸਾਡੀ ਖਾਹਿਸ਼ ਨੂੰ ਪੂਰਾ ਕੀਤਾ। ਇਹ ਚੰਗਾ ਹੁੰਦਾ ਜੇਕਰ ਅਸੀਂ ਇਹ ਅਨੁਵਾਦ ਆਪ ਕੀਤਾ ਹੁੰਦਾ। ਪਰ ਅਕਾਲ ਪੁਰਖ ਨੇ ਇਹ ਕਾਰਜ ਕਰਨ ਦਾ ਮਾਨ ਆਪ ਨੂੰ ਦੇਣਾ ਸੀ। ਜਿਵੇਂ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਪਹਿਲਾਂ ਕਿਹਾ ਸੀ ਕਿ ਸਿੱਖਾਂ ਦੀ ਸਹਾਇਤਾ ਲਈ ਸਮੁੰਦਰੋਂ ਪਾਰ ਤੋਂ ਆਦਮੀ ਆਉਣਗੇ। ਸੋ ਤੁਸੀਂ ਸਾਨੂੰ ਮਾਨਸਿਕ ਤੇ ਸਰੀਰਕ ਸਹਾਇਤਾ ਦੇ ਰਹੇ ਹੋ। ਅਸੀਂ ਦਿਲੋਂ ਆਪਣੇ ਸਿੱਖ ਭਰਾਵਾਂ ਨੂੰ ਜੋ ਸਹਾਇਤਾ ਕਰਨ ਦੇ ਯੋਗ ਹਨ, ਅਗੇ ਸਿਫਾਰਸ਼ ਕਰਦੇ ਹਾਂ ਜੋ ਕਿ ਤੁਹਾਡੇ ਅਨੁਵਾਦ ਨੂੰ ਪ੍ਰਕਾਸ਼ਨ ਕਰਨ ਲਈ ਜਿੰਨੀ ਕੁ ਸਹਾਇਤਾ ਹੋ ਸਕਦੀ ਹੈ ਕਰਨ ਅਤੇ ਸਾਨੂੰ ਆਸ ਹੈ ਕਿ ਸਾਡੀ ਇਹ ਇੱਛਾ ਪੂਰੀ ਹੋਵੇਗੀ। ਸਾਡੀ ਇੱਛਾ ਹੈ ਕਿ ਤੁਸੀਂ ਹੁਣ ਸਾਡੇ ਰਿਵਾਜ ਅਤੇ ਪਵਿੱਤਰ ਗ੍ਰੰਥਾਂ ਅਤੇ ਸਿੱਖ ਧਰਮ ਦੇ ਅਸੂਲਾਂ ਤੋਂ ਪੂਰੀ ਤਰ੍ਹਾਂ ਜਾਣੂ ਹੋ ਗਏ ਹੋ। ਹੁਣ ਤੁਸੀਂ ਸਿੱਖਾਂ ਵੱਲ ਲਿਖੇ ਆਪਣੀ ਫਿਰਤੂ ਚਿੱਠੀ ਵਿਚ ਕੀਤੇ ਵਾਇਦੇ ਨੂੰ ਪੂਰਾ ਕਰੋ। ਤੁਸੀਂ ਚਿੱਠੀ ਵਿਚ ਲਿਖਿਆ ਸੀ ਕਿ ਤੁਸੀਂ ਸਿੱਖ ਧਰਮ ਵਿਰੁੱਧ ਕੁਝ ਨਹੀਂ ਲਿਖੋਗੇ। ਸਾਡੀ ਇੱਛਾ ਹੈ ਕਿ ਸਿੱਖ ਗੁਰੂਆਂ ਦਾ ਜੀਵਨ ਜਿਹੜਾ ਤੁਸੀਂ ਲਿਖਣ ਲੱਗੇ ਹੋ ਉਹ ਗੁਰਬਿਲਾਸ, ਸੂਰਜ ਪ੍ਰਕਾਸ਼ ਅਤੇ ਇਹੋ ਜਿਹੀਆਂ ਪੁਰਾਤਨ ਲਿਖਤਾਂ ਤੇ ਆਧਾਰਿਤ ਹੋਵੇ ਨਾ ਕਿ ਹੰਦਾਲੀਆਂ, ਕਬੀਰ ਪੰਥੀਆਂ ਅਤੇ ਕਵੀਆਂ ਦੁਆਰਾ ਸਾਡੇ ਧਰਮ ਨੂੰ ਵਿਗਾੜੇ ਹੋਏ ਬਾਹਰਲੇ ਅਧੋੜੇ ਤੱਤਾਂ ਤੇ।

ਖਾਲਸਾ ਅਤੇ ਸਾਰਾ ਸਿੱਖ ਪੰਥ ਸਾਡੀ ਇਸ ਬੇਨਤੀ ਨੂੰ ਪ੍ਰਵਾਨ ਕਰਨ ਤੇ ਤੁਹਾਡਾ ਅਭਾਰੀ ਹੋਵੇਗਾ। ਅਖ਼ੀਰ ਤੇ ਅਸੀਂ ਅਰਦਾਸ ਕਰਦੇ ਹਾਂ ਕਿ ਅਕਾਲਪੁਰਖ ਤੁਹਾਡੇ ਸਮੁੰਦਰੀ ਸਫ਼ਰ ਤੇ ਹਰ ਤਰ੍ਹਾਂ ਦੀ ਰਖਿਆ ਕਰੇ ਅਤੇ ਤੁਹਾਡੀਆਂ ਇੱਛਾਵਾਂ ਅਤੇ ਖਾਹਿਸ਼ਾਂ ਪੂਰੀਆਂ ਕਰੇ। ਤੁਸੀਂ ਸਦਾ ਸਾਡੇ ਫਿਰਕੇ ਅਤੇ ਧਰਮ ਦੇ ਸ਼ੁਭਚਿੰਤਕ ਤੇ ਸਹਾਇਕ ਰਹੋ। ਅਸੀਂ ਦਿਲੋਂ ਆਸ ਕਰਦੇ ਹਾਂ ਕਿ ਤੁਹਾਡਾ ਸਾਡੇ ਪਵਿੱਤਰ ਗ੍ਰੰਥ ਦਾ ਅਨੁਵਾਦ ਹਰ ਸੱਚੇ ਸਿੱਖ ਦੀ ਲਾਇਬ੍ਰੇਰੀ ਵਿਚ ਹੋਵੇ।

ਮੇਰੀ ਰਚਨਾ ਦੀ ਸ਼ੁੱਧਤਾ, ਉਪਯੋਗਤਾ ਅਤੇ ਸਿੱਖਾਂ ਦੇ ਪਵਿੱਤਰ ਗ੍ਰੰਥ ਨਾਲ ਇਨਸਾਫ਼ ਕਰਨ ਦੀ ਭਾਵਨਾ ਵਾਸਤੇ ਇਹ ਸ਼ਰਧਾਜਲੀਆਂ ਹੋਣ ਦੇ ਬਾਵਜੂਦ ਸਿੱਖਾਂ ਵਿਚ ਕੁਝ ਲੋਕ ਐਸੇ ਹੋ ਸਕਦੇ ਹਨ ਜੋ ਮੇਰੇ ਕੀਤੇ ਅਨੁਵਾਦ ਨਾਲ ਸਹਿਮਤ ਨਾ ਹੋਣ। ਮੈਨੂੰ ਕਈ ਐਸੇ ਅਖੌਤੀ ਗਿਆਨੀ ਵੀ ਮਿਲੇ ਹਨ ਜੋ ਚਾਤਰ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸ਼ਬਦਾਂ ਦੇ ਕਈ ਅਰਥ ਦੇ ਸਕਦੇ ਹਨ ਅਤੇ ਤਕਰੀਬਨ ਹਰ ਲਾਈਨ ਦੇ ਵੱਖ-ਵੱਖ ਅਰਥ ਕੱਢਦੇ ਹਨ। ਮੈਂ ਸਿੱਖ ਪਾਠਕਾਂ ਨੂੰ ਯਕੀਨ ਦੁਆਉਂਦਾ ਹਾਂ ਕਿ ਹਰ ਯੁਕਤੀਪੂਰਬਕ ਅਰਥਾਂ ਨੂੰ ਵਿਚਾਰਿਆ ਗਿਆ ਹੈ,

ਉਹਨਾਂ ਅਰਥਾਂ ਨੂੰ ਸਵੀਕਾਰ ਕੀਤਾ ਗਿਆ ਹੈ ਜੋ ਪ੍ਰਸੰਗ ਨਾਲ ਸਭ ਤੋਂ ਵੱਧ ਢੁੱਕਦੇ ਹਨ ਅਤੇ ਸਿੱਖ ਸਿਧਾਂਤਾਂ ਨਾਲ ਸਭ ਤੋਂ ਵੱਧ ਮੇਲ ਖਾਂਦੇ ਹਨ। ਜਦੋਂ ਦੂਸਰੇ ਜਾਂ ਤੀਸਰੇ ਅਰਥ ਵੀ ਹੋ ਸਕਦੇ ਹੋਣ ਤਾਂ ਉਹਨਾਂ ਨੂੰ ਫੁੱਟ-ਨੋਟਾਂ ਦੇ ਰੂਪ ਵਿਚ ਦੇ ਦਿੱਤਾ ਗਿਆ ਹੈ।

ਜਦੋਂ ਮੈਂ ਆਪਣਾ ਅਨੁਵਾਦ ਸੰਪੂਰਨ ਕਰ ਲਿਆ ਅਤੇ ਸਭ ਤੋਂ ਵੱਧ ਵਿਦਵਾਨ ਸਿੱਖ ਗ੍ਰੰਥੀਆਂ ਨੇ ਪ੍ਰਵਾਨ ਕਰ ਲਿਆ ਤਾਂ ਮੈਨੂੰ ਪਤਾ ਲੱਗਾ ਕਿ ਸਿੱਖ ਗੁਰੂਆਂ, ਭਗਤਾਂ ਅਤੇ ਹੋਰ ਰਚਨਹਾਰਿਆਂ ਦਾ ਬਿਰਤਾਂਤ ਦੇਣਾ ਅਤਿਅੰਤ ਜ਼ਰੂਰੀ ਹੈ। ਇਹ ਉਤਨਾ ਹੀ ਜ਼ਰੂਰੀ ਹੈ ਜੇਕਰ ਵਧੇਰੇ ਨਹੀਂ ਤਾਂ ਜਿਨਾ ਉਹਨਾਂ ਦੀ ਬਾਣੀ ਦਾ ਠੀਕ ਅਨੁਵਾਦ ਕਰਨਾ ਹੈ। ਸਵਰਗਵਾਸੀ ਪ੍ਰਸਿੱਧ ਵਿਦਵਾਨ ਪ੍ਰੋਫੈਸਰ ਮੈਕਸਮੂਲਰ ਜੋ ਭਾਰਤੀ ਸਾਹਿਤ ਨੂੰ ਦਿਲੋਂ ਚਾਹੁੰਦਾ ਸੀ ਨੇ ਆਪਣੀ ਆਖਰੀ ਰਚਨਾ *ਆਲਡ ਲਾਂਗ ਸਾਈਨ* ਵਿਚ ਅਫਸੋਸ ਪਰਗਟ ਕੀਤਾ ਹੈ ਕਿ ਸਿੱਖ ਸੁਧਾਰਕਾਂ ਬਾਰੇ ਸੰਸਾਰ ਨੂੰ ਐਨੀ ਘੱਟ ਜਾਣਕਾਰੀ ਹੈ। ਉਸ ਲਿਖਿਆ :

> ਇਹ ਅਫਸੋਸ ਦੀ ਗੱਲ ਹੈ ਕਿ ਸਾਨੂੰ ਅਸਲ ਸਿੱਖ ਸੁਧਾਰਕਾਂ ਬਾਰੇ ਏਨੀ ਘੱਟ ਜਾਣਕਾਰੀ ਹੈ। ਉਹਨਾਂ ਦਾ ਧਾਰਮਿਕ ਗ੍ਰੰਥ ਗੁਰੂ ਗ੍ਰੰਥ ਸਾਹਿਬ ਮੌਜੂਦ ਹੈ। ਸਵਰਗਵਾਸੀ ਡਾ. ਟਰੰਪ ਨੇ ਇਸ ਦਾ ਅਨੁਵਾਦ ਅੰਗਰੇਜ਼ੀ ਵਿਚ ਵੀ ਕੀਤਾ ਹੈ। ਪਰ ਹੁਣ ਪਤਾ ਲਗਦਾ ਹੈ ਕਿ ਡਾਕਟਰ ਟਰੰਪ ਦਾ ਅਨੁਵਾਦ ਕਿਸੇ ਵੀ ਤਰ੍ਹਾਂ ਭਰੋਸੇਯੋਗ ਨਹੀਂ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਆਮ ਕਰਕੇ ਪੁਰਾਤਨ ਪੰਜਾਬੀ ਹੈ। ਇਹ ਮੰਨਿਆ ਜਾਂਦਾ ਸੀ ਕਿ ਵਿਦਵਾਨ ਜੋ ਨਵੀਨ ਪੰਜਾਬੀ ਨੂੰ ਜਾਣਦਾ ਹੈ ਸੌਖੀ ਤਰ੍ਹਾਂ ਹੀ ਚਾਰ ਸੌ ਸਾਲ ਦੀ ਪੁਰਾਣੀ ਭਾਸ਼ਾ ਨੂੰ ਸਮਝ ਲਵੇਗਾ। ਪਰ ਇਹ ਇਸ ਤਰ੍ਹਾਂ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦੀ ਭਾਸ਼ਾ ਸਥਾਨਿਕ ਉਪ-ਭਾਖਾਵਾਂ ਤੇ ਭੁੱਲੇ ਵਿਸਰੇ ਮੁਹਾਵਰਿਆਂ ਨਾਲ ਏਨੀ ਭਰਪੂਰ ਹੈ ਕਿ ਕਿਹਾ ਜਾਂਦਾ ਹੈ ਕਿ ਇਸਦੀ ਕੋਈ ਵਿਆਕਰਨ ਹੈ ਹੀ ਨਹੀਂ। ਮਿਸਟਰ ਮੈਕਾਲਿਫ਼ ਸਿੱਖਾਂ ਵਿਚ ਕਈ ਸਾਲ ਰਹੇ ਅਤੇ ਉਹਨਾਂ ਨੇ ਗ੍ਰੰਥੀਆਂ ਦੀ ਸਹਾਇਤਾ ਨਾਲ ਗੁਰੂ ਗ੍ਰੰਥ ਵੱਲ ਬਹੁਤ ਧਿਆਨ ਦਿੱਤਾ ਅਤੇ ਉਸ ਦੇ ਕਈ ਸਭ ਤੋਂ ਦਿਲਚਸਪ ਅਤੇ ਸੁੰਦਰ ਕਾਵਿ-ਨਮੂਨੇ ਪੇਸ਼ ਕੀਤੇ ਜੋ ਸਿੱਖਾਂ ਦੇ ਪਵਿੱਤਰ ਗ੍ਰੰਥ ਵਿਚ ਹਨ।

ਗੁਰੂ ਸਾਹਿਬਾਨ ਦੀਆਂ ਪ੍ਰਚਲਿਤ ਜੀਵਨੀਆਂ ਅਤੇ ਬਿਰਤਾਂਤ ਪੜ੍ਹਨ ਤੋ ਮੈਨੂੰ ਪਤਾ ਲੱਗਾ ਕਿ ਇਹ ਬਿਰਤਾਂਤ ਬਚਕਾਨਾ, ਆਪਸ ਵਿਰੋਧੀ ਅਤੇ ਘਿਰਨਿਤ ਵਿਸਥਾਰ ਨਾਲ ਭਰਪੂਰ ਸਨ ਅਤੇ ਇਸ ਤਰ੍ਹਾਂ ਹੋਰ ਸਾਲਾਂ ਦੇ ਅਧਿਐਨ ਅਤੇ ਵਿਦਵਾਨ ਸਿੱਖਾਂ ਦੇ ਸਲਾਹ-ਮਸ਼ਵਰੇ ਨਾਲ ਸਿੱਖ ਧਰਮ ਦੇ ਸੰਚਾਲਕਾਂ ਦੀਆਂ ਜੀਵਨੀਆਂ ਸੰਪੂਰਨ ਕੀਤੀਆਂ ਜੋ ਉਹਨਾਂ ਦੀ ਪਵਿੱਤਰ ਲਿਖਤ ਬਾਣੀ ਦੇ ਉਲਟ ਨਹੀਂ ਸਨ। ਪੱਕੇ ਸਿੱਖ ਜਿਨ੍ਹਾਂ ਨੇ ਗੁਰੂ ਸਾਹਿਬਾਨ ਦੇ ਜੀਵਨ ਵੱਡੇ ਆਕਾਰ ਦੀ ਹਿੰਦੀ ਰਚਨਾ ਸੂਰਜ ਪ੍ਰਕਾਸ਼ ਅਤੇ ਪ੍ਰਚਲਿਤ ਪੰਜਾਬੀ ਰਚਨਾਵਾਂ ਜਿਨ੍ਹਾਂ ਨੂੰ ਜਨਮ-ਸਾਖੀਆਂ ਕਿਹਾ ਜਾਂਦਾ ਹੈ, ਪੜ੍ਹੀਆਂ ਹਨ ਉਹ ਸਮਝ ਲੈਣਗੇ ਅਤੇ ਸ਼ਾਇਦ ਧੰਨਵਾਦੀ ਹੋਣ ਜਿਸ ਤਰੀਕੇ ਨਾਲ ਮੈਂ ਉਹਨਾਂ ਦੇ ਧਰਮ ਨੂੰ ਗੁਰੂਆਂ ਦੀਆਂ ਇੱਛਾਵਾਂ ਅਤੇ ਸਿਖਿਆਵਾਂ ਅਨੁਸਾਰ ਪੇਸ਼ ਕੀਤਾ ਹੈ।

ਗ਼ਲਤ-ਫ਼ਹਿਮੀ ਨੂੰ ਦੂਰ ਕਰਨ ਲਈ ਸ਼ਾਇਦ ਇੱਥੇ ਲਿਖ ਦੇਣਾ ਜ਼ਰੂਰੀ ਹੈ ਕਿ ਇਹ ਰਚਨਾ ਗੁਰੂ ਸਾਹਿਬਾਨ ਦੀਆਂ ਠੀਕ ਸਿਖਿਆਵਾਂ ਜੋ ਕਿ ਉਹਨਾਂ ਦੀਆਂ ਪਵਿੱਤਰ ਲਿਖਤਾਂ ਵਿਚ ਹਨ ਅਤੇ ਪ੍ਰਮਾਣਿਕ ਲਿਖਾਰੀਆਂ ਦੇ ਅਨੁਸਾਰ ਹਨ ਨੂੰ ਪੇਸ਼ ਕਰਦੀ ਹੈ। ਇਹ ਕਿਸੇ ਤਰ੍ਹਾਂ ਵੀ

ਵਿਗਾੜੇ ਗਏ ਅੰਧ-ਵਿਸ਼ਵਾਸ, ਉਹਨਾਂ ਸਿੱਖਾਂ ਦੀਆਂ ਆਪਸੀ ਵਿਰੋਧੀ ਸਮਾਜਿਕ ਰੀਤੀਆਂ ਜੋ ਆਪਣੇ ਧਰਮ ਤੋਂ ਬਾਹਰਲੇ ਅਸਰਾਂ ਥੱਲੇ ਕੁਰਾਹੇ ਚਲੇ ਗਏ ਸਨ, ਦਾ ਚਿਤਰਨ ਨਹੀਂ ਕਰਦੀ।

ਇਹ ਅੰਕਿਤ ਕਰਨਾ ਵੀ ਜ਼ਰੂਰੀ ਹੈ ਕਿ ਕਰਤਾ ਦਾ ਮਨੋਰਥ ਇਸ ਰਚਨਾ ਨੂੰ ਲਿਖਣ ਦਾ ਸਿੱਖਾਂ ਨਾਲ ਕੀਤੇ ਗਏ ਉਸ ਦੇ ਵਾਇਦੇ ਨੂੰ ਪੂਰਾ ਕਰਨਾ ਹੈ ਕਿ ਇਹ ਲਿਖਤ ਸਿੱਖਾਂ ਦੇ ਪ੍ਰਮਾਣਿਕ ਦ੍ਰਿਸ਼ਟੀਕੋਣ ਤੋਂ ਕਿਸੇ ਅਲੋਚਨਾ ਜਾਂ ਆਪਣੀ ਰਾਏ ਦਾ ਪ੍ਰਗਟਾ ਕੀਤੇ ਬਗ਼ੈਰ ਲਿਖੀ ਜਾਏ। ਇਸੇ ਲਈ ਇਸ ਵਿਚ ਉਹ ਕਰਾਮਾਤਾਂ ਜਿਨ੍ਹਾਂ ਨੂੰ ਸਿੱਖ ਮੰਨਦੇ ਹਨ ਸਤਿਕਾਰ ਨਾਲ ਬਿਆਨ ਕੀਤੀਆਂ ਗਈਆਂ ਹਨ।

ਸਿੱਖਾਂ ਵਿਚ ਇਕ ਮਹੱਤਵਪੂਰਨ ਪ੍ਰਸ਼ਨ ਉਠਿਆ ਹੈ ਕਿ ਉਹਨਾਂ ਦੀ ਪਵਿੱਤਰ ਗੁਰਬਾਣੀ ਦਾ ਅਨੁਵਾਦ ਕਿਸ ਤਰ੍ਹਾਂ ਪੇਸ਼ ਕੀਤਾ ਜਾਣਾ ਚਾਹੀਦਾ ਹੈ। ਜਿਵੇਂ ਪਹਿਲਾਂ ਦੱਸਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਉਹਨਾਂ ਵਾਸਤੇ ਗੁਰਾਂ ਦੀ ਦੇਹ ਹੈ। ਉਹਨਾਂ ਵਾਸਤੇ ਸਾਰੇ ਗੁਰੂ ਇਕੋ ਹੀ ਸਨ ਕਿਉਂਕਿ ਪਹਿਲੇ ਗੁਰੂ ਦੀ ਜੋਤ ਉਹਨਾਂ ਦੇ ਉਤਰ ਅਧਿਕਾਰੀ ਗੁਰੂਆਂ ਵਿਚ ਵਾਰੋ ਵਾਰੀ ਪ੍ਰਵੇਸ਼ ਕਰਦੀ ਰਹੀ।

ਗੁਰੂ ਗੋਬਿੰਦ ਸਿੰਘ ਨਾਲ ਇਹ ਗੁਰੂਆਂ ਦਾ ਸਿਲਸਿਲਾ ਖ਼ਤਮ ਹੋ ਗਿਆ। ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਸਿੱਖਾਂ ਵਾਸਤੇ ਸਾਕਾਰ ਗੁਰੂ ਹੈ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ ਰੇਸ਼ਮੀ ਕੱਪੜਿਆਂ ਵਿਚ ਵਲੇਟਿਆ ਜਾਂਦਾ ਹੈ ਤੇ ਜਦੋਂ ਇਕ ਥਾਂ ਤੋਂ ਦੂਜੀ ਥਾਂ ਲਿਜਾਉਣਾ ਹੋਵੇ ਚੰਗੇ ਕੀਰਤੀ ਵਾਲੇ ਸਿੱਖ ਛੋਟੇ ਪੀਹੜੇ ਤੇ ਲੈ ਕੇ ਜਾਂਦੇ ਹਨ। ਮੇਰੇ ਕਈ ਪੁਰਾਣੇ ਪ੍ਰਮਾਣਿਕ ਸਿੱਖ ਮਿੱਤਰਾਂ ਨੂੰ ਡਰ ਸੀ ਕਿ ਜੇਕਰ ਮੇਰਾ ਅਨੁਵਾਦ ਅਸਲ ਗੁਰੂ ਗ੍ਰੰਥ ਸਾਹਿਬ ਦੇ ਕਰਮ ਅਨੁਸਾਰ ਛਪਿਆ ਤਾਂ ਇਸ ਦਾ ਵਿਦੇਸ਼ਾਂ ਵਿਚ ਉਤਨਾ ਆਦਰ ਅਤੇ ਸਤਿਕਾਰ ਨਹੀਂ ਹੋਵੇਗਾ ਜਿਨ੍ਹਾਂ ਕਿ ਇਹ ਅਨੁਵਾਦ ਕਿਸੇ ਹੋਰ ਸ਼ਕਲ ਵਿਚ ਛਪੇ। ਸਭ ਤੋਂ ਪਵਿੱਤਰ ਅਤੇ ਸਤਿਕਾਰਿਤ ਸਿੱਖਾਂ ਦੀ ਇਹ ਇੱਛਾ ਮੇਰੇ ਲਈ ਬਹੁਤ ਸਹਾਈ ਹੋਈ ਹੈ ਕਿਉਂਕਿ ਇਸ ਨਾਲ ਮੈਂ ਬਹੁਤ ਸਾਰੇ ਪਵਿੱਤਰ ਸ਼ਬਦ ਗੁਰੂ ਸਾਹਿਬਾਨ ਦੇ ਜੀਵਨ ਵਿਚ ਵੱਖ-ਵੱਖ ਥਾਵਾਂ ਤੇ ਦੇਣ ਦੇ ਯੋਗ ਅਤੇ ਹੱਥਲੀ ਪੁਸਤਕ ਨੂੰ ਜਿਨਾਂ ਕੁ ਸੰਭਵ ਹੈ ਬਿਰਤਾਂਤ ਰੂਪ ਵਿਚ ਪੇਸ਼ ਕਰਨ ਦੇ ਸਮਰੱਥ ਹੋ ਗਿਆ ਹਾਂ। ਮੈਨੂੰ ਆਸ ਹੈ ਕਿ ਪੁਸਤਕ ਦਾ ਇਹ ਰੂਪ ਨਾ ਕੇਵਲ ਯੂਰਪੀਨਾਂ ਨੂੰ ਸਗੋਂ ਸਿੱਖਾਂ ਨੂੰ ਵੀ ਜ਼ਿਆਦਾ ਪ੍ਰਵਾਨ ਹੋਵੇਗਾ।

ਵਿਦਵਾਨ ਸਿੱਖਾਂ ਨੇ ਮੈਨੂੰ ਇਹ ਵੀ ਸਲਾਹ ਦਿੱਤੀ ਸੀ ਕਿ ਜਦੋਂ ਗੁਰੂ ਜੀ ਦੀ ਸਿਖਿਆ ਵੱਖ-ਵੱਖ ਥਾਵਾਂ ਤੇ ਇਕੋ ਵਿਸ਼ੇ ਤੇ ਅਤੇ ਇਕੋ ਮੰਤਵ ਲਈ ਹੋਵੇ ਤਾਂ ਇਸ ਨੂੰ ਕੇਵਲ ਇਕ ਵਾਰੀ ਦੇਣਾ ਚਾਹੀਦਾ ਹੈ। ਮਿਸਾਲ ਦੇ ਤੌਰ ਤੇ ਗੁਰੂ ਗ੍ਰੰਥ ਵਿਚ ਚਾਰ ਸ਼ਬਦ ਹਨ ਜੋ ਇਹਨਾਂ ਅੱਖਰਾਂ ਨਾਲ ਅਰੰਭ ਹੁੰਦੇ ਹਨ "ਪਹਿਲੈ ਪਹਿਰੈ ਰੈਣਿ ਕੈ ਵਣਜਾਰਿਆ ਮਿਤ੍ਰਾ"। ਇਹਨਾਂ ਵਿਚੋਂ ਦੋ ਸ਼ਬਦ ਗੁਰੂ ਨਾਨਕ ਸਾਹਿਬ ਦੇ ਹਨ ਤੀਜਾ ਗੁਰੂ ਰਾਮਦਾਸ ਜੀ ਦਾ ਅਤੇ ਚੌਥਾ ਗੁਰੂ ਅਰਜਨ ਸਾਹਿਬ ਜੀ ਦਾ। ਇਹ ਸ਼ਬਦ ਇਕੋ ਤਰੀਕੇ ਨਾਲ ਅਰੰਭ ਹੁੰਦੇ ਹਨ, ਇਕੋ ਭਾਵ ਦੇ ਹਨ। ਕੇਵਲ ਥੋੜ੍ਹਾ ਜਿਹਾ ਲਿਖਣ-ਸ਼ੈਲੀ ਵਿਚ ਫ਼ਰਕ ਹੈ। ਇਸ ਤਰ੍ਹਾਂ ਦੋਹਾਂ ਸ਼ਬਦਾਂ ਨੂੰ ਮੁਕੰਮਲ ਰੂਪ ਵਿਚ ਦੇਣਾ ਬੇਲੋੜਾ ਹੈ।

ਇਹ ਗੱਲ ਸਮਝ ਆਉਂਦੀ ਹੈ ਕਿ ਕਈ ਧਰਮਾਂ ਦੇ ਪਵਿੱਤਰ ਗ੍ਰੰਥਾਂ ਵਿਚ ਦੁਹਰਾਉ ਹੈ ਕਿਉਂਕਿ ਉਹਨਾਂ ਦੇ ਪੈਗੰਬਰਾਂ ਦੀਆਂ ਸਿਖਿਆਵਾਂ ਜਨ-ਸਮੂਹ ਜੋ ਉਹਨਾਂ ਦੇ ਆਲੇ-ਦੁਆਲੇ ਆ

ਗਏ ਸਨ, ਨੂੰ ਜ਼ਬਾਨੀ ਸੰਬੋਧਨ ਕੀਤੀਆਂ ਗਈਆਂ ਸਨ। ਦੁਹਰਾਓ ਨਾਲ ਸਰੋਤਿਆਂ ਤੇ ਸਿਖਿਆ ਦਾ ਪ੍ਰਭਾਵ ਪੈਂਦਾ ਹੈ। ਪਰ ਛਪੀ ਹੋਈ ਪੁਸਤਕ ਵਿਚ ਜਿਸ ਨੂੰ ਕਿ ਪਾਠਕ ਨੇ ਵਾਚਨਾ ਅਤੇ ਪੁਨਰ-ਵਾਚਣਾ ਹੈ, ਦੁਹਰਾਓ ਜ਼ਰੂਰੀ ਨਹੀਂ ਪ੍ਰਤੀਤ ਹੁੰਦਾ। ਇਸ ਤੋਂ ਇਲਾਵਾ ਇਹ ਪੁਸਤਕ ਯੂਰਪੀਨ ਅਤੇ ਸਿੱਖ ਵਿਦਿਆਰਥੀਆਂ ਲਈ ਚਿਤਵੀ ਗਈ ਹੈ। ਇਹ ਡਰ ਸੀ ਕਿ ਦੁਹਰਾਓ ਨਾਲ ਇਹ ਕਠਨ ਸਾਬਤ ਹੋਵੇਗੀ ਅਤੇ ਕਈ ਸਤਿਵਾਦੀ ਪਾਠਕਾਂ ਨੂੰ ਵੀ ਅਧਿਐਨ ਕਰਨ ਤੋਂ ਰੋਕੇਗੀ।

ਮੈਂ ਵੇਖਿਆ ਕਿ ਸਭ ਧਿਰਾਂ ਦੀਆਂ ਇੱਛਾਵਾਂ ਨੂੰ ਮੇਰੇ ਲਈ ਪੂਰਾ ਕਰਨਾ ਸੰਭਵ ਨਹੀਂ। ਯੂਰਪੀਨ ਸ਼ਾਇਦ ਮੇਰੀ ਰਚਨਾ ਨੂੰ ਬਹੁਤ ਲੰਮਾ ਸਮਝਣ ਅਤੇ ਸਿੱਖ ਇਸ ਨੂੰ ਬਹੁਤ ਹੀ ਛੋਟਾ। ਸਿੱਖਾਂ ਦੇ ਇਤਰਾਜ਼ ਬਾਰੇ ਮੈਂ ਦੱਸ ਦੇਣਾ ਚਾਹਵਾਂਗਾ ਕਿ ਮੈਂ ਸਭ ਤੋਂ ਵੱਧ ਵਿਦਵਾਨ ਸਿੱਖ ਗਿਆਨੀਆਂ ਦੀ ਰਾਏ ਤੇ ਅਮਲ ਕੀਤਾ ਹੈ। ਉਹਨਾਂ ਫੈਸਲਾ ਕੀਤਾ ਕਿ ਧਰਮ ਜਾਂ ਇਖਲਾਕ ਸੰਬੰਧੀ ਕਿਸੇ ਜ਼ਰੂਰੀ ਗੱਲ ਨੂੰ ਨਾ ਛੱਡਿਆ ਜਾਏ। ਸਿੱਖਾਂ ਦੀਆਂ ਪਵਿੱਤਰ ਲਿਖਤਾਂ ਦੇ ਸਾਰੇ ਸਾਰ ਨੂੰ ਇਥੇ ਪੇਸ਼ ਕੀਤਾ ਗਿਆ ਹੈ ਅਤੇ ਜੇਕਰ ਕੋਈ ਸਿੱਖ ਉਸ ਅਨੁਸਾਰ ਆਪਣਾ ਆਚਰਨ ਬਣਾ ਲਏ ਤਾਂ ਉਹ ਅਕਾਲ ਪੁਰਖ ਨਾਲ ਇਕਮਿਕ ਹੋਣ ਵਿਚ ਜਾਂ ਉਸ ਦੇ ਬਣਾਏ ਸਵਰਗ ਵਿਚ ਜਾਣ ਵਿਚ ਅਸਫਲ ਨਹੀਂ ਹੋ ਸਕਦਾ।

ਸਿੱਖ ਧਰਮ ਦੇ ਕੁਝ ਕੁ ਲਾਭ ਜੋ ਸਰਕਾਰ ਨੂੰ ਹੋਏ ਉਹ ਇਥੇ ਗਿਣੇ ਜਾਂਦੇ ਹਨ। ਇਕ ਦਿਨ ਗੁਰੂ ਤੇਗ ਬਹਾਦਰ ਜੀ ਕੈਦਖ਼ਾਨੇ ਦੀ ਉਤਲੀ ਛੱਤ ਤੇ ਸਨ। ਔਰੰਗਜ਼ੇਬ ਬਾਦਸ਼ਾਹ ਨੇ ਸੋਚਿਆ ਕਿ ਉਹ ਦੱਖਣ ਵੱਲ ਸ਼ਾਹੀ ਹਰਮ ਵੱਲ ਵੇਖ ਰਹੇ ਹਨ। ਅਗਲੇ ਦਿਨ ਉਹਨਾਂ ਨੂੰ ਬੁਲਾਇਆ ਗਿਆ ਅਤੇ ਇਲਜ਼ਾਮ ਲਾਇਆ ਕਿ ਉਹਨਾਂ ਪੂਰਬ ਦੇ ਇਖਲਾਕ ਦੀ ਉੱਚਤਾ ਨੂੰ ਭੰਗ ਕੀਤਾ ਹੈ। ਗੁਰੂ ਜੀ ਨੇ ਕਿਹਾ, "ਔਰੰਗਜ਼ੇਬ ਬਾਦਸ਼ਾਹ! ਮੈਂ ਆਪਣੇ ਕੈਦਖ਼ਾਨੇ ਦੀ ਉਤਲੀ ਮੰਜ਼ਲ ਤੇ ਸਾਂ ਪਰ ਮੈਂ ਤੁਹਾਡੇ ਨਿੱਜੀ ਮਹਿਲਾਂ ਜਾਂ ਤੁਹਾਡੀਆਂ ਬੇਗਮਾਂ ਵੱਲ ਨਹੀਂ ਵੇਖ ਰਿਹਾ ਸਾਂ। ਮੈਂ ਯੂਰਪੀਨ ਵਾਲੇ ਪਾਸੇ ਵੇਖ ਰਿਹਾ ਸਾਂ ਕਿ ਉਹ ਸਮੁੰਦਰ ਪਾਰ ਤੋਂ ਆ ਕੇ ਤੇਰੇ ਪਰਦੇ ਪਾੜ ਦੇਣਗੇ ਅਤੇ ਤੇਰੇ ਰਾਜ ਨੂੰ ਨਸ਼ਟ ਕਰ ਦੇਣਗੇ।" ਸਿੱਖ ਲੇਖਕ ਲਿਖਦੇ ਹਨ ਕਿ ਜਦੋਂ 1857 ਵਿਚ ਗਦਰ ਮਚਾਉਣ ਵਾਲਿਆਂ ਤੇ ਦਿੱਲੀ ਵਿਚ ਜਨਰਲ ਨਿਕਲਸਨ ਦੇ ਅਧੀਨ ਸਿੱਖਾਂ ਨੇ ਹਮਲਾ ਕੀਤਾ ਤਾਂ ਇਹ ਅੱਖ਼ਰ ਸਿੱਖਾਂ ਦੀ ਲੜਾਈ ਦਾ ਨਾਹਰਾ ਬਣਿਆ। ਇਸ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਭਵਿੱਖਬਾਣੀ ਬੜੇ ਸ਼ਾਨਦਾਰ ਤਰੀਕੇ ਨਾਲ ਪੂਰੀ ਹੋਈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਹਾ ਗਿਆ ਕਿ ਮੁਸਲਮਾਨਾਂ ਦੀ ਫੌਜ ਅੰਤ ਸਿੱਖਾਂ ਤੇ ਕਾਬੂ ਪਾ ਲਵੇਗੀ ਤਾਂ ਉਹਨਾਂ ਉੱਤਰ ਦਿੱਤਾ "ਜੋ ਅਕਾਲਪੁਰਖ ਚਾਹੇਗਾ ਸੋ ਹੋਵੇਗਾ। ਜਦੋਂ ਮੁਸਲਮਾਨਾਂ ਦੀਆਂ ਫੌਜਾਂ ਆਉਣਗੀਆਂ ਤਾਂ ਸਿੱਖਾਂ ਦਾ ਲੋਹੇ ਨਾਲ ਲੋਹਾ ਖੜਕੇਗਾ। ਖ਼ਾਲਸਾ ਉਸ ਸਮੇਂ ਜਾਗੇਗਾ ਅਤੇ ਲੜਾਈ ਦੇ ਜੌਹਰ ਵਿਖਾਏਗਾ। ਸ਼ਸ਼ਤਰਾਂ ਦੀ ਲੜਾਈ ਵਿਚ ਖਾਲਸਾ ਮੌਜੂਦਾ ਅਤੇ ਆਉਣ ਵਾਲੇ ਸਮੇਂ ਵਿਚ ਆਨੰਦ, ਅਮਨ, ਭਗਤੀ ਅਤੇ ਦੈਵੀ ਗਿਆਨ ਦਾ ਭਾਗੀ ਹੋਵੇਗਾ। ਫੇਰ ਅੰਗਰੇਜ਼ ਆ ਜਾਣਗੇ ਤੇ ਖ਼ਾਲਸੇ ਨਾਲ ਮਿਲ ਜਾਣਗੇ ਤੇ ਪੂਰਬ ਅਤੇ ਪੱਛਮ ਉਹਨਾਂ ਦਾ ਰਾਜ ਹੋ ਜਾਏਗਾ। ਪਵਿੱਤਰ ਬਾਬਾ ਨਾਨਕ ਉਹਨਾਂ ਤੇ ਸਭ ਦੌਲਤਾਂ ਦੀ ਬਖਸ਼ਸ਼ ਕਰ ਦੇਣਗੇ। ਅੰਗਰੇਜ਼ਾਂ ਕੋਲ ਬਹੁਤ ਸਮਰੱਥਾ ਹੋਵੇਗੀ ਤੇ ਸ਼ਸ਼ਤਰਾਂ ਦੇ ਬਲ ਨਾਲ ਉਹ ਕਈ ਰਾਜਾਂ ਨੂੰ ਜਿੱਤ ਲੈਣਗੇ। ਖ਼ਾਲਸੇ ਤੇ ਅੰਗਰੇਜ਼ਾਂ ਦੀਆਂ ਮਿਲਵੀਆਂ ਫੌਜਾਂ ਬਹੁਤ ਸ਼ਕਤੀਸ਼ਾਲੀ

ਰਹਿਣਗੀਆਂ। ਜਿੰਨਾ ਚਿਰ ਉਹ ਇਕੱਠੀਆਂ ਰਹਿਣਗੀਆਂ ਰਾਜ ਕਰਨਗੀਆਂ। ਅੰਗਰੇਜ਼ਾਂ ਦੀ ਸਲਤਨਤ ਬਹੁਤ ਜ਼ਿਆਦਾ ਵਧੇਗੀ ਅਤੇ ਉਹਨਾਂ ਦੀ ਹਰ ਤਰ੍ਹਾਂ ਖੁਸ਼ਹਾਲੀ ਹੋਵੇਗੀ। ਜਿਥੇ ਵੀ ਉਹਨਾਂ ਦੀਆਂ ਫੌਜਾਂ ਜਾਣਗੀਆਂ, ਉਹ ਜਿੱਤਣਗੀਆਂ ਤੇ ਆਪਣੇ ਅਧੀਨ ਸਾਥੀਆਂ ਨੂੰ ਤਖ਼ਤ ਪ੍ਰਦਾਨ ਕਰਨਗੀਆਂ। ਫੇਰ ਹਰ ਘਰ ਵਿਚ ਦੌਲਤ, ਹਰ ਘਰ ਵਿਚ ਧਰਮ, ਹਰ ਘਰ ਵਿਚ ਗਿਆਨ ਅਤੇ ਹਰ ਘਰ ਵਿਚ ਖੁਸ਼ੀ ਹੋਵੇਗੀ।"

ਇਹੋ ਜਿਹੀ ਭਵਿੱਖਬਾਣੀ ਦੇ ਹੋਣ ਨਾਲ ਇਕ ਰੱਬ ਤੇ ਵਿਸ਼ਵਾਸ ਅਤੇ ਵਹਿਮਾਂ ਭਰਮਾਂ ਤੇ ਛੂਆ ਛਾਤ ਦੀ ਅਣਹੋਂਦ ਨੇ ਸਿੱਖਾਂ ਨੂੰ ਅੰਗਰੇਜ਼ੀ ਰਾਜ ਦੀ ਪਰਜਾ ਵਿਚੋਂ ਬਹਾਦਰਾਂ ਵਿਚੋਂ ਬਹਾਦਰ, ਸਭ ਤੋਂ ਵੱਧ ਵਫ਼ਾਦਾਰ ਅਤੇ ਅੰਗਪਾਲ ਬਣਾ ਦਿੱਤਾ। ਉਹਨਾਂ ਦੀ ਬਹਾਦਰੀ ਅਤੇ ਵਫ਼ਾਦਾਰੀ ਬਾਰੇ ਉਹਨਾਂ ਵਿਚੋਂ ਇਕ ਦੀ ਨਿਮਨ-ਲਿਖਤ ਕੋਈ ਅੱਤਕਥਨੀ ਨਹੀਂ "ਜਿਥੋਂ ਤਕ ਸਿੱਖਾਂ ਦੀ ਬਹਾਦਰੀ ਅਤੇ ਫੌਜੀ ਸਪਿਰਟ ਦਾ ਸੰਬੰਧ ਹੈ ਕੋਈ ਕਜ਼ਾਕ (ਦੱਖਣੀ ਰੂਸ ਦੇ ਬਹਾਦਰ ਘੋੜ ਸਵਾਰ), ਕੋਈ ਤੁਰਕ, ਕੋਈ ਰੂਸੀ ਇਹਨਾਂ ਦਾ ਟਾਕਰਾ ਨਹੀਂ ਕਰ ਸਕਦਾ। ਇਹਨਾਂ ਵਿਚ ਇਕ ਵਿਸ਼ੇਸ਼ ਵਸਫ ਹੈ ਜੋ ਅੰਗਰੇਜ਼ਾਂ ਦੇ ਵੈਰੀਆਂ ਦੇ ਡਰ ਦਾ ਕਾਰਨ ਹੈ। ਉਹਨਾਂ ਦੀਆਂ ਰਗਾਂ ਵਿਚ ਵਫ਼ਾਦਾਰੀ ਦਾ ਅਤੇ ਆਪਣੇ ਮਾਲਕ ਦੇ ਅੰਗਪਾਲ ਹੋਣ ਦਾ ਸੱਚਾ ਖ਼ੂਨ ਦੌੜਦਾ ਹੈ। ਆਪਣੇ ਮਾਲਕ ਲਈ ਲੜਦਾ ਹੋਇਆ ਸੱਚਾ ਸਿੱਖ ਪੁਰਜ਼ਾ-ਪੁਰਜ਼ਾ ਕਟਾ ਜਾਂਦਾ ਹੈ। ਸਿੱਖ ਜੰਗ ਵਿਚ ਜੂਝ ਕੇ ਮਰਨਾ ਮੁਕਤ ਹੋਣਾ ਸਮਝਦਾ ਹੈ। ਭਾਵੇਂ ਦੁਸ਼ਮਨ ਦਾ ਗਿਣਤੀ ਵਿਚ ਜਾਂ ਗੋਲਾ ਬਾਰੂਦ ਵਿਚ ਵਾਧਾ ਹੋਵੇ ਪਰ ਇਹ ਇਹਨਾਂ ਦੇ ਦਿਲਾਂ ਨੂੰ ਯਰਕਾਉਂਦਾ ਨਹੀਂ ਕਿਉਂਕਿ ਅੰਮ੍ਰਿਤ ਇਹਨਾਂ ਨੂੰ ਲੱਖਾਂ ਨਾਲ ਲੜਨ ਲਈ ਤਿਆਰ ਕਰਦਾ ਹੈ। ਕੁਝ ਲੋਕ ਕਹਿੰਦੇ ਹਨ ਕਿ ਇਹਨਾਂ ਦਾ ਸਿਪਾਹੀ ਆਪਣਾ ਸੀਸ ਹਰ ਮਹੀਨੇ ਮਿਲੀ ਥੋੜ੍ਹੀ ਜਿਹੀ ਤਨਖਾਹ ਪਿਛੇ ਵੇਚਦਾ ਹੈ। ਪਰ ਸਿੱਖ ਇਸ ਤਰ੍ਹਾਂ ਨਹੀਂ ਕਰਦਾ। ਜਦੋਂ ਉਹ ਇਕ ਵਾਰੀ ਆਪਣਾ ਮਾਲਕ ਬਣਾ ਲੈਂਦਾ ਹੈ ਤਾਂ ਉਹ ਆਪਣਾ ਸੀਸ, ਸਰੀਰ ਤੇ ਹਰ ਚੀਜ਼ ਜੋ ਉਸ ਨੂੰ ਪਿਆਰੀ ਹੈ ਆਪਣੇ ਮਾਲਕ ਦੇ ਰਸੂਖ ਨੂੰ ਕਾਇਮ ਰੱਖਣ ਲਈ ਅਰਪਿਤ ਕਰ ਦਿੰਦਾ ਹੈ। ਜਦੋਂ ਪਰਉਪਕਾਰੀ ਇੰਗਲੈਂਡ ਦੇ ਬਾਦਸ਼ਾਹ ਦੇ ਦੁਸ਼ਮਨਾਂ ਨਾਲ ਲੜਨ ਦਾ ਸੱਦਾ ਆਵੇ ਤਾਂ ਸਿੱਖ ਜ਼ਰਾ ਅਣਗਹਿਲੀ ਕਰੇ ਜਾਂ ਰੁਪਿਆਂ ਦੀ ਆਸ ਤੇ ਜਾਵੇ, ਉਹ ਗੁਰੂਆਂ ਵਲੋਂ ਫਿਟਕਾਰਿਆ ਜਾਵੇਗਾ ਭਾਵੇਂ ਕਿੰਨਾ ਹੀ ਤਗੜਾ ਉਹ ਕਿਉਂ ਨਾ ਹੋਵੇ।"

ਸਿੱਖਾਂ ਦੀਆਂ ਪਵਿੱਤਰ ਲਿਖਤਾਂ ਵਿਚ ਜੇਕਰ ਕਿਸੇ ਵਹਿਮ ਨੂੰ ਜ਼ਿਆਦਾ ਅਸਵੀਕਾਰ ਕੀਤਾ ਹੈ ਤਾਂ ਉਹ ਉਹਨਾਂ ਥਾਵਾਂ ਦੀ ਤੀਰਥ ਯਾਤਰਾ ਹੈ ਜਿਨ੍ਹਾਂ ਅਸਥਾਨਾਂ ਨੂੰ ਹਿੰਦੂ ਪਵਿੱਤਰ ਸਮਝਦੇ ਹਨ। ਕੁਝ ਸਿੱਖ ਰਿਆਸਤਾਂ ਨੇ ਸਿੱਖ ਗੁਰੂਆਂ ਦੀਆਂ ਸਿਖਿਆਵਾਂ ਬਾਰੇ ਅਗਿਆਨਤਾ ਵਿਚ ਹਰਿਦੁਆਰ ਅਤੇ ਰਿਸ਼ੀਕੇਸ਼ ਵਿਚ ਯਾਤਰੂਆਂ ਦੇ ਠਹਿਰਣ ਲਈ ਗੁਰਦਵਾਰੇ ਅਤੇ ਅਖਾੜੇ (ਧਾਰਮਿਕ ਅਸਥਾਨ) ਚਲਾਏ ਹੋਏ ਹਨ। ਹਰਿਦੁਆਰ ਵਿਖੇ ਹਰ ਬਾਰ੍ਹਾਂ ਸਾਲਾਂ ਪਿਛੋਂ ਜਦੋਂ ਸੂਰਜ ਚੰਦਰਮਾ ਦੇ ਘਰ ਭਾਵ ਕੁੰਭ ਰਾਸ਼ੀ ਵਿਚ ਪ੍ਰਵੇਸ਼ ਕਰਦਾ ਹੈ ਤਾਂ ਕੁੰਭ (ਵੱਡਾ ਪੁਰਬ) ਲਗਦਾ ਹੈ। ਇਹ ਅੰਦਾਜ਼ਾ ਲਾਇਆ ਗਿਆ ਹੈ ਕਿ ਘੱਟੋ ਘੱਟ ਇਕ ਲੱਖ ਸਿੱਖ ਪਿਛਲੇ ਕੁੰਭ ਤੇ ਹਰਿਦੁਆਰ ਵਿਚ ਗਿਆ ਸੀ। ਇਹ ਸਾਰੇ ਯਾਤਰੂ ਗੰਗਾ ਵਿਚ ਇਸ਼ਨਾਨ ਕਰਦੇ ਹਨ। ਇਸ਼ਨਾਨ ਕਰਦਿਆਂ ਕਈਆਂ ਦਾ ਟੱਟੀ ਪਿਸ਼ਾਬ ਨਿਕਲ ਜਾਂਦਾ ਹੈ। ਦੂਸਰੇ ਯਾਤਰੂ ਉਹ ਹੀ ਗੰਦਾ ਪਾਣੀ ਗੰਗਾ ਜਲ ਨਾਲ ਪਵਿੱਤਰ ਸਮਝ ਕੇ ਪੀ ਲੈਂਦੇ ਹਨ ਅਤੇ ਹੈਜ਼ੇ ਨਾਲ ਜਾਂ ਤਾਂ ਕੁੰਭ ਤੇ ਹੀ ਮਰ ਜਾਂਦੇ ਹਨ ਜਾਂ

ਘਰ ਆਉਂਦੇ ਰਾਹ ਵਿਚ ਹੀ ਮਰ ਜਾਂਦੇ ਹਨ। ਪਿਛਲੇ ਬਾਰ੍ਹਾਂ ਸਾਲਾਂ ਪਿਛੋਂ ਲੱਗੇ ਕੁੰਭ ਪਿਛੋਂ ਹਿੰਦੂਆਂ ਅਤੇ ਸਿੱਖਾਂ ਦੀਆਂ ਲਾਸ਼ਾਂ ਰੇਲਵੇ ਡੱਬਿਆਂ ਵਿਚੋਂ ਬਾਹਰ ਕੱਢੀਆਂ ਜਿਨ੍ਹਾਂ ਨਾਲ ਦੇਸ਼ ਵਿਚ ਜ਼ਹਿਰ ਫੈਲਿਆ। ਇਹ ਛੂਤ ਦੀ ਬਿਮਾਰੀ ਪੂਰਬ ਪੱਛਮ ਸਭ ਪਾਸੇ ਫੈਲ ਗਈ। ਭਾਰਤ ਦੀ ਪੱਛਮੀ ਸਰਹੱਦ ਤੇ ਕਾਬਲ ਵਿਚ ਇਸ ਦਾ ਅਸਰ ਹੋਇਆ। ਇਹ ਬਿਮਾਰੀ ਯੂਰਪ ਵਾਲੇ ਪਾਸੇ ਕਿਵੇਂ ਵਧੀ ਦਾ ਬਿਰਤਾਂਤ *ਮਾਰਨਿੰਗ ਪੋਸਟ* ਦੇ ਪੱਤਰਕਾਰ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ :

> ਸਰਕਾਰੀ ਸਿਹਤ ਵਿਭਾਗ ਦੇ ਡਾਇਰੈਕਟਰ ਜਨਰਲ ਪ੍ਰੋਫੈਸਰ ਚਤਾਮੈਨਸੀ ਨੇ ਅਕਾਦਮੀ ਆਫ਼ ਮੈਡੀਸਨ ਵਿਚ ਇਹ ਚਿੰਤਾਜਨਕ ਬਿਆਨ ਦਿਤਾ। ਉਸ ਨੇ ਸਪਸ਼ਟ ਕੀਤਾ ਕਿ ਹੈਜ਼ੇ ਦੀ ਵਬਾ ਦਾ ਅਰੰਭ ਭਾਰਤ ਵਿਚ ਹੋਇਆ, ਪੂਰਬ ਅਤੇ ਪੱਛਮ ਵਲ ਫੈਲਿਆ ਤੇ ਪਿਛਲੇ ਪੱਤਝੜ ਦੇ ਮੌਸਮ ਵਿਚ ਯੂਰਪ ਦੇ ਚਾਰ ਦੇਸਾਂ...... ਟਰਾਂਸਕੈਸਪੀਆ, ਟਰਾਂਸਕਾਕੇਸ਼ੀਆ, ਅੰਤੋਲੀਆ ਅਤੇ ਵਾਲਗਾ ਦਰਿਆ ਦੇ ਕੰਢੇ ਜੋ ਅਸਰਾਖਾਨ ਸਾਰਾਤੋਫ ਅਤੇ ਸਮਾਰਾ ਦੇ ਵਿਚਕਾਰ ਹਨ, ਫੈਲਿਆ ਰਿਹਾ। ਕਿਉਂਕਿ ਸਰਦੀਆਂ ਦੀ ਰੁੱਤ ਨੇ ਇਸ ਬਿਮਾਰੀ ਨੂੰ ਖ਼ਤਮ ਕਰਨ ਦੀ ਥਾਂ ਕੇਵਲ ਰੋਕਿਆ ਹੈ ਇਸ ਕਰਕੇ ਖਤਰਾ ਹੈ ਕਿ ਇਹ ਬਿਮਾਰੀ ਪੱਛਮ ਵਾਲੇ ਪਾਸੇ ਬਾਲਟਿਕ ਦੀਆਂ ਬੰਦਰਗਾਹਾਂ, ਕਾਲਾ ਸਾਗਰ, ਦਰਿਆ ਡੈਨਊਬ ਜਾਂ ਕਸਤਨਤੁਨੀਆ ਵੱਲ ਵਧਦੀ ਜਾਵੇਗੀ।"
> ਇਕ ਹੋਰ ਬਿਰਤਾਂਤ ਅਨੁਸਾਰ "ਪੰਜਾਬ ਵਿਚ ਪਿਛਲੇ ਅਪ੍ਰੈਲ ਪਿਛੋਂ ਇਸ ਬਿਮਾਰੀ ਨਾਲ ਸੱਤ ਹਜ਼ਾਰ ਮੌਤਾਂ ਹੋ ਚੁੱਕੀਆਂ ਹਨ। ਇਸ ਬਿਮਾਰੀ ਦਾ ਅਰੰਭ ਤੇ ਫੈਲਾਓ ਹਰਿਦੁਆਰ ਤੋਂ ਪਰਤੇ ਯਾਤਰੂਆਂ ਤੋਂ ਹੋਇਆ।

ਹਰਿਦੁਆਰ ਕੁੰਭ ਦੇ ਮੇਲੇ ਤੇ ਬਹੁਤ ਸਾਰੇ ਹਿੰਦੂ ਯਾਤਰੂ ਸਨ। ਪਰ ਹਰ ਕਿਸੇ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਇਕ ਲੱਖ ਸਿੱਖ ਜੋ ਇਸ ਮੇਲੇ ਤੇ ਗਏ ਹਨ ਉਹਨਾਂ ਨੂੰ ਆਪਣੇ ਧਰਮ ਦਾ ਬਹੁਤ ਮਾਮੂਲੀ ਗਿਆਨ ਸੀ ਤੇ ਉਹਨਾਂ ਨੂੰ ਪਤਾ ਨਹੀਂ ਸੀ ਕਿ ਉਹਨਾਂ ਦਾ ਇਹ ਕਰਮ ਸਿੱਖ ਗੁਰੂਆਂ ਵਲੋਂ ਅਸਵੀਕਾਰ ਕੀਤਾ ਹੋਇਆ ਹੈ। ਉਹਨਾਂ ਦੇ ਇਸ ਤਰ੍ਹਾਂ ਕਰਨ ਨਾਲ ਸੰਸਾਰ ਨੂੰ ਕੀ ਲਾਭ ਹੋਇਆ ਹੈ।

ਇਹ ਹਰ ਸਿੱਖ ਨੂੰ ਪਤਾ ਹੈ ਕਿ ਤੰਮਾਕੂ ਉਹਨਾਂ ਦੇ ਧਰਮ ਵਿਚ ਵਰਜਿਤ ਹੈ ਪਰ ਇਹ ਆਮ ਪਤਾ ਨਹੀਂ ਕਿ ਸ਼ਰਾਬ ਵੀ ਉਸੇ ਤਰ੍ਹਾਂ ਵਰਜਿਤ ਹੈ। ਜਦੋਂ ਮੈਂ ਇਸ ਵਿਸ਼ੇ ਤੇ ਸ਼ਿਮਲੇ ਵਿਚ ਆਪਣੇ ਲੈਕਚਰ ਵਿਚ ਸਿੱਖ ਧਰਮ ਦੇ ਸਿਧਾਂਤਾਂ ਨੂੰ ਪੜ੍ਹਿਆ ਤਾਂ ਜਾਣਕਾਰੀ ਰੱਖਣ ਵਾਲੀ ਸਿੰਘ ਸਭਾ ਪਟਿਆਲਾ ਨੇ ਇਸ ਵਿਸ਼ੇ ਨੂੰ ਪਕੜ ਲਿਆ ਅਤੇ ਪੂਰਨ ਨਸ਼ਿਆਂ ਤੋਂ ਬਚਣ ਦੇ ਹੱਕ ਵਿਚ ਮਤੇ ਉਤੇ ਬਹੁਤ ਪੜ੍ਹੇ ਲਿਖੇ ਅਤੇ ਪਟਿਆਲਾ ਰਿਆਸਤ ਦੇ ਸਭ ਤੋਂ ਵੱਧ ਪ੍ਰਭਾਵ ਰੱਖਣ ਵਾਲੇ ਸਰਦਾਰਾਂ ਨੇ ਹਸਤਾਖ਼ਰ ਕਰ ਦਿੱਤੇ।

ਇਸਤ੍ਰੀਆਂ ਦੀ ਸੁਤੰਤਰਤਾ ਅਤੇ ਉਹਨਾਂ ਦੀ ਪਰਦੇ ਦੇ ਜਬਰ ਤੋਂ ਮੁਕਤੀ ਇਹਨਾਂ ਘਟਨਾਵਾਂ ਤੋਂ ਜਾਂਚੀ ਜਾ ਸਕਦੀ ਹੈ ਜਿਵੇਂ ਭਾਈ ਬੁੱਢਾ ਜੀ ਦਾ ਮਾਤਾ ਗੰਗਾ, ਗੁਰੂ ਅਰਜਨ ਸਾਹਿਬ ਜੀ ਦੀ ਧਰਮ ਪਤਨੀ ਨੂੰ ਮਿਲਣਾ ਅਤੇ ਗੁਰੂ ਅਮਰਦਾਸ ਜੀ ਦਾ ਰਾਣੀ ਨੂੰ ਮਿਲਣ ਤੋਂ ਇਨਕਾਰ ਜਦੋਂ ਉਹ ਗੁਰੂ ਜੀ ਕੋਲ ਪੂਰਾ ਪਰਦਾ ਕਰਕੇ ਆਈ ਅਤੇ ਕਬੀਰ ਜੀ ਦਾ ਆਪਣੀ ਨੂੰਹ ਨੂੰ ਸੰਬੋਧਨ ਕਰਨਾ।

ਸਿੱਖ ਗੁਰੂਆਂ ਦਾ ਉੱਚਾ ਇਖਲਾਕ, ਉਹਨਾਂ ਦੀਆਂ ਗਿਆਨਵਾਨ ਸਿਖਿਆਵਾਂ, ਉਹਨਾਂ ਦੀ ਬੱਚੇ ਮਾਰਨ ਦੇ ਬਜਰ ਜੁਰਮ ਦੀ ਮਨਾਹੀ ਅਤੇ ਹੋਰ ਸਿਖਿਆਵਾਂ ਜੋ ਲੋਕ ਭਲਾਈ ਲਈ ਸਨ, ਉਹਨਾਂ ਦੀ ਬਾਣੀ ਤੇ ਭਗਤ ਬਾਣੀ ਤੋਂ ਪ੍ਰਾਪਤ ਹੋਣਗੀਆਂ ਜੋ ਅਸੀਂ ਇਹਨਾਂ ਜਿਲਦਾਂ ਵਿਚ ਦੇ ਰਹੇ ਹਾਂ।

ਹਿੰਦੂਆਂ ਵਿਚ ਬੇਵਾ ਇਸਤ੍ਰੀ ਦੀ ਸਤੀ ਦੀ ਰਸਮ ਦੀ ਗੁਰੂਆਂ ਨੇ ਮਨਾਹੀ ਕੀਤੀ ਭਾਵੇਂ ਇਹ ਗੱਲ ਲਾਰਡ ਵਿਲੀਅਮ ਬੈਂਟਿੰਕ ਦੇ ਸਮੇਂ ਆਮ ਪਤਾ ਨਹੀਂ ਸੀ ਜਿਸਨੇ ਭਾਰੀ ਦਲੇਰੀ ਨਾਲ ਇਸ ਦੇ ਵਿਰੁਧ ਹੁਕਮ ਜਾਰੀ ਕੀਤਾ।

ਸਿੱਖ ਗੁਰੂਆਂ ਨੇ ਬਹੁਤ ਜ਼ੋਰਦਾਰ ਤਰੀਕੇ ਨਾਲ ਅਤੇ ਕਾਮਯਾਬੀ ਨਾਲ ਜਾਤ-ਪਾਤ ਅਤੇ ਹਿੰਦੂਆਂ ਦੇ ਛੂਤ ਛਾਤ ਦੇ ਵਿਸ਼ਵਾਸ ਅਤੇ ਸੂਤਕ ਦਾ ਖੰਡਨ ਕੀਤਾ ਜੋ ਘਰੋਗੀ ਜੀਵਨ ਦੇ ਜ਼ਰੂਰੀ ਤੇ ਨਿਰਦੋਸ਼ ਅਮਲਾਂ ਵਿਚ ਮੌਜੂਦ ਸੀ।

ਇਹ ਮੰਨਿਆ ਜਾਂਦਾ ਹੈ ਕਿ ਭਾਰਤੀ ਲੋਕਾਂ ਦੇ ਧਰਮਾਂ ਦਾ ਗਿਆਨ ਉਹਨਾਂ ਅੰਗਰੇਜ਼ ਅਫਸਰਾਂ ਲਈ ਬਹੁਤ ਲੋੜੀਂਦਾ ਸੀ ਜਿਹੜੇ ਪ੍ਰਸ਼ਾਸਨੀ ਕੰਮਾਂ ਵਿਚ ਸਨ ਅਤੇ ਅਸਿੱਧੇ ਤੌਰ ਤੇ ਉਹਨਾਂ ਲੋਕਾਂ ਲਈ ਵੀ ਜ਼ਰੂਰੀ ਸੀ ਜਿਨ੍ਹਾਂ ਤੇ ਉਹ ਰਾਜ ਕਰਦੇ ਸਨ ਤਾਂ ਜੋ ਆਪਸੀ ਹਮਦਰਦੀ ਉਤਪੰਨ ਹੋ ਸਕੇ। ਹਰ ਤਰ੍ਹਾਂ ਨਾਲ ਇਹ ਜਾਪਦਾ ਹੈ ਕਿ ਸਿੱਖ ਫੌਜੀਆਂ ਨੂੰ ਉਹਨਾਂ ਦੇ ਗੁਰੂ ਦੀਆਂ ਭਵਿੱਖ ਬਾਣੀਆਂ ਜੋ ਅੰਗਰੇਜ਼ਾਂ ਦੇ ਹੱਕ ਵਿਚ ਹਨ ਤੇ ਉਹਨਾਂ ਦੀਆਂ ਪਵਿੱਤਰ ਲਿਖਤਾਂ ਜੋ ਅੰਗਰੇਜ਼ਾਂ ਵਾਸਤੇ ਵਫ਼ਾਦਾਰੀ ਦੀ ਪਾਲਣਾ ਕਰਦੀਆਂ ਹਨ ਦੱਸਣਾ ਰਾਜਨੀਤੀ ਅਨੁਸਾਰ ਹੋਵੇਗਾ।

ਇਸ ਰਚਨਾ ਤੋਂ ਇਤਿਹਾਸਿਕ ਅਤੇ ਸਾਹਿਤਿਕ ਪ੍ਰਕਾਰ ਦੇ ਲਾਭ ਵੀ ਹੋਣ ਦੀ ਆਸ ਹੈ। ਇਹ ਆਸ ਹੈ ਕਿ ਇਹ ਮੱਧਕਾਲੀਨ ਸਮਾਜ ਦੀ ਦਸ਼ਾ ਤੇ ਚਾਨਣ ਪਾਵੇਗੀ ਅਤੇ ਤੁਲਨਾਤਮਿਕ ਧਰਮ ਦੇ ਅਧਿਐਨ ਦੇ ਵਿਦਿਆਰਥੀਆਂ ਲਈ ਲਾਭਦਾਇਕ ਹੋਵੇਗੀ। ਪ੍ਰੋਫੈਸਰ ਗਹੇਮਰ ਹੋਫਰੈਥ ਮਰਕਸ ਜੋ ਹੈਡਲਬਰਗ ਯੂਨੀਵਰਸਿਟੀ ਜਰਮਨੀ ਦੇ ਉਘੇ ਵਿਦਵਾਨ ਹਨ ਨੇ ਮੈਨੂੰ ਲਿਖਿਆ ਹੈ "ਤੁਹਾਡੀ ਰਚਨਾ ਦੀ ਪ੍ਰਕਾਸ਼ਨਾ ਦੀ ਲੋੜ ਸੀ। ਤੁਸੀਂ ਇਸ ਤਰ੍ਹਾਂ ਇਤਿਹਾਸ ਦੀ ਸਮੱਗਰੀ ਨੂੰ ਬਚਾਇਆ ਹੈ ਜਿਹੜੀ ਤੁਹਾਡੀ ਸਹਾਇਤਾ ਤੋਂ ਬਗੈਰ ਸ਼ਾਇਦ ਗੁੰਮ ਹੋ ਜਾਂਦੀ।"

ਸਿੱਖ ਧਰਮ ਦੇ ਕੁਝ ਇਖਲਾਕੀ ਅਤੇ ਰਾਜਨੀਤਿਕ ਗੁਣਾਂ ਦਾ ਨਿਚੋੜ ਇਸ ਤਰ੍ਹਾਂ ਹੈ: ਬੁੱਤ ਪੂਜਾ, ਪਾਖੰਡ, ਜਾਤ ਦੀ ਉੱਚਤਾ, ਵਿਧਵਾ ਦਾ ਸਤੀ ਹੋਣਾ, ਸ਼ਰਾਬ ਅਤੇ ਦੂਜੇ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨਾ, ਤੰਮਾਕੂ ਪੀਣਾ, ਕੁੜੀਆਂ ਨੂੰ ਮਾਰ ਦੇਣਾ, ਕਿਸੇ ਦੀ ਨਿੰਦਾ ਕਰਨਾ, ਹਿੰਦੂਆਂ ਦੇ ਪਵਿੱਤਰ ਦਰਿਆਵਾਂ ਅਤੇ ਸਰੋਵਰਾਂ ਦੀ ਯਾਤਰਾ ਨੂੰ ਸਿੱਖ ਧਰਮ ਵਰਜਿਤ ਕਰਦਾ ਹੈ; ਅਤੇ ਵਫਾਦਾਰੀ, ਸਭ ਉਪਕਾਰਾਂ ਲਈ ਇਹਸਾਨਮੰਦੀ, ਪਰਉਪਕਾਰ, ਇਨਸਾਫ਼, ਨਿਰਪੱਖਤਾ, ਸਚਾਈ, ਈਮਾਨਦਾਰੀ ਅਤੇ ਸਾਰੀਆਂ ਇਖਲਾਕੀ ਅਤੇ ਘਰੋਗੀ ਨੇਕੀਆਂ ਜਿਸਨੂੰ ਕਿਸੇ ਦੇਸ਼ ਦਾ ਪਵਿੱਤਰ ਤੋਂ ਪਵਿੱਤਰ ਸ਼ਹਿਰੀ ਜਾਣਦਾ ਹੈ, ਸਿੱਖ ਧਰਮ ਸਿਖਾਉਂਦਾ ਹੈ।

ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦੇ ਵਿਰੁੱਧ ਸਿੱਖਾਂ ਨੂੰ ਹਿੰਦੂ ਦੱਸਣ ਦੀ ਲਹਿਰ ਦੂਰ-ਦੂਰ ਤਕ ਫੈਲੀ ਹੋਈ ਹੈ ਤੇ ਲੰਮੇ ਸਮੇਂ ਤੋਂ ਹੈ। ਹੁਣੇ ਹੀ ਮੈਨੂੰ ਲਾਹੌਰ ਵਿਚ ਨੌਜਵਾਨ ਮਿਲੇ ਜੋ ਆਪਣੇ

ਆਪ ਨੂੰ ਗੁਰੂਆਂ ਦੀ ਔਲਾਦ ਹੋਣ ਦਾ ਦਾਹਵਾ ਕਰਦੇ ਸਨ ਤੇ ਉਹਨਾਂ ਮੈਨੂੰ ਦੱਸਿਆ ਜਿਸ ਲਿੱਪੀ ਵਿਚ ਸਿੱਖਾਂ ਦੀਆਂ ਪਵਿੱਤਰ ਲਿਖਤਾਂ ਲਿਖੀਆਂ ਹਨ ਪੜ੍ਹ ਨਹੀਂ ਸਕਦੇ ਸਨ। ਉਹਨਾਂ ਦੇ ਉਸਤਾਦਾਂ ਜਾਂ ਸਲਾਹਕਾਰਾਂ ਦਾ ਮਨੋਰਥ ਉਹਨਾਂ ਨੂੰ ਵਫ਼ਾਦਾਰੀ ਦੇ ਉਲਟ ਕਰਨਾ ਸੀ ਜਾਂ ਨਹੀਂ ਪਰ ਇਹ ਨੌਜਵਾਨ ਸਿੱਖ ਧਰਮ ਅਤੇ ਅੰਗਰੇਜ਼ਾਂ ਦੇ ਹੱਕ ਵਿਚ ਭਵਿੱਖ ਬਾਣੀਆਂ ਤੋਂ ਬੇਖ਼ਬਰ ਸਨ ਅਤੇ ਖਾਸ ਤੌਰ ਤੇ ਸਮਾਜੀ ਵਰਤਾਰਾ ਤੇ ਮਨੋਵਿਰੋਧ ਇਸ ਹੱਦ ਤੱਕ ਰੱਖਦੇ ਸਨ ਕਿ ਸਾਨੂੰ ਮਲੇਛ ਕਹਿੰਦੇ ਸਨ ਜਾਂ ਉਹ ਵਿਅਕਤੀ ਜਿਹੜੇ ਮਲੀਨ ਖਾਹਿਸ਼ਾਂ ਵਾਲੇ ਹੋਣ; ਉਹ ਈਸਾਈਆਂ ਦੀਆਂ ਆਦਤਾਂ ਅਤੇ ਰਿਵਾਜਾਂ ਵਾਸਤੇ ਘਿਰਨਾ ਦਰਸਾਉਂਦੇ ਸਨ।

ਇਥੇ ਮੈਨੂੰ ਰਾਏ ਦੇਣ ਦੀ ਆਗਿਆ ਦਿੱਤੀ ਜਾਵੇ ਕਿ ਪੰਜਾਬ ਵਿਚ ਪੰਜਾਬੀ ਨੂੰ ਦਫ਼ਤਰੀ ਭਾਸ਼ਾ ਜਾਂ ਇਖ਼ਤਿਆਰੀ ਦਫ਼ਤਰੀ-ਭਾਸ਼ਾ ਵਿਦੇਸ਼ੀ ਉਰਦੂ ਦੀ ਥਾਂ ਤੇ ਮਨਜ਼ੂਰ ਕਰਨ ਨਾਲ ਸਿੱਖ ਧਰਮ ਦੀ ਸਥਿਰਤਾ ਲਈ ਇਕ ਸਭ ਤੋਂ ਵੱਧ ਸ਼ਕਤੀਸ਼ਾਲੀ ਸਾਧਨ ਬਣ ਸਕਦਾ ਹੈ। ਪੰਜਾਬੀ ਪੰਜਾਬ ਵਿਚ ਵੱਸਦੇ ਸਾਰੇ ਪੰਜਾਬੀਆਂ ਦੀ ਮਾਤ ਭਾਸ਼ਾ ਹੈ ਭਾਵੇਂ ਉਹ ਸਿੱਖ, ਹਿੰਦੂ ਜਾਂ ਮੁਸਲਮਾਨ ਹੋਣ। ਜੇਕਰ ਪੰਜਾਬੀ ਨੂੰ ਦਫ਼ਤਰੀ ਜਾਂ ਇਖ਼ਤਿਆਰੀ ਦਫ਼ਤਰੀ ਮਨਜ਼ੂਰ ਕਰ ਲਿਆ ਜਾਏ ਤਾਂ ਸਿੱਖਾਂ ਨੂੰ ਧਾਰਮਿਕ ਸਿਖਿਆ ਤੇ ਪ੍ਰਸੰਨਤਾ ਲਈ ਉਹਨਾਂ ਨੂੰ ਵਿਦੇਸ਼ੀ ਜ਼ਬਾਨਾਂ ਵਿਚ ਲਿਖੀਆਂ ਪੁਸਤਕਾਂ ਵੱਲ ਨਹੀਂ ਜਾਣਾ ਪਵੇਗਾ। ਉਚੇਰੀ ਇਖਲਾਕੀ ਸਿਖਿਆ ਜੋ ਗੁਰੂ ਗ੍ਰੰਥ ਸਾਹਿਬ ਵਿਚ ਹੈ; ਅੰਗਰੇਜ਼ੀ ਸਰਕਾਰ ਦੀ ਪੰਜਾਬ ਵਿਚ ਵੱਸਦੀ ਪਰਜਾ ਦੀਆਂ ਸਭ ਸ਼੍ਰੇਣੀਆਂ ਨੂੰ ਪ੍ਰਾਪਤ ਹੋਵੇਗੀ।

ਅੰਗਰੇਜ਼ਾਂ ਦੇ ਪੰਜਾਬ ਤੇ ਕਬਜ਼ੇ ਪਿਛੋਂ ਜਿਨ੍ਹਾਂ ਅਫ਼ਸਰਾਂ ਨੂੰ ਪ੍ਰਸ਼ਾਸਨ ਤੇ ਲਾਇਆ ਗਿਆ, ਉਹ ਉਤਰ-ਪੱਛਮੀ ਇਕੋ ਹੀ ਏਸ਼ਿਆਈ ਬੋਲੀ ਜਾਣਦੇ ਸਨ ਜੋ ਬਨਾਉਟੀ ਫਾਰਸੀ ਤੇ ਉਰਦੂ ਦਾ ਰੂਪਾਂਤਰ ਸੀ ਤੇ ਜਿਸ ਦਾ ਕੋਈ ਦਰਜਾ ਜਾਂ ਸਾਹਿਤ ਨਹੀਂ ਸੀ। ਉਹਨਾਂ ਨੇ ਹੋਰ ਵਿਦੇਸ਼ੀ ਭਾਸ਼ਾਵਾਂ ਨੂੰ ਸਿੱਖਣ ਨਾਲੋਂ ਇਸੇ ਨੂੰ ਜਾਰੀ ਰੱਖਣਾ ਸੌਖਾ ਸਮਝਿਆ। ਦੇਸੀ ਲਿਖਾਰੀ ਜੋ ਉਹਨਾਂ ਅਫਸਰਾਂ ਦੇ ਨਾਲ ਆਏ ਸਨ। ਉਹ ਵੀ ਉਸੇ ਤਰ੍ਹਾਂ ਪੰਜਾਬੀ ਤੋਂ ਬੇਖ਼ਬਰ ਸਨ। ਇਸ ਤਰ੍ਹਾਂ ਉਰਦੂ ਸੂਬੇ ਦੀ ਦਫ਼ਤਰੀ ਭਾਸ਼ਾ ਬਣ ਗਈ। ਅਫ਼ਸਰ ਪੰਜਾਬ ਦੇ ਵਸਨੀਕਾਂ ਨੂੰ ਨਹੀਂ ਸਮਝਦੇ ਸਨ, ਵਸਨੀਕ ਅਫਸਰਾਂ ਨੂੰ ਇਸ ਨਾਲ ਕੋਈ ਫਰਕ ਨਹੀਂ ਸੀ ਪੈਂਦਾ। ਕਚਹਿਰੀਆਂ ਦੇ ਅਫ਼ਸਰਾਂ ਨੇ ਹੌਲੀ-ਹੌਲੀ ਪੰਜਾਬੀ ਦਾ ਥੋੜ੍ਹਾ-ਥੋੜ੍ਹਾ ਗਿਆਨ ਪ੍ਰਾਪਤ ਕੀਤਾ ਤੇ ਉਹ ਯੂਰਪੀਨਾਂ ਨੂੰ ਉਲਥਾ ਦੱਸਣ ਲੱਗੇ। ਇਸ ਤਰ੍ਹਾਂ ਦੇ ਹਾਲਾਤ ਨੂੰ ਕੁਝ ਸਮਾਂ ਚੱਲਣ ਦਿੱਤਾ ਗਿਆ। ਜੇਕਰ ਪੰਜਾਬੀ ਆਪਣੀ ਬੋਲੀ ਵੱਲ ਨਾ ਧਿਆਨ ਦੇਣ ਦਾ ਗਿਲਾ ਕਰਦੇ ਤਾਂ ਉਸ ਵੱਲ ਧਿਆਨ ਦਿੱਤਾ ਜਾਂਦਾ। ਹੁਣ ਪੰਜਾਬ ਵਿਚ ਜ਼ਿਆਦਾ ਰੋਸ਼ਨ ਖਿਆਲੀ ਆ ਗਈ ਹੈ ਤੇ ਗਿਲੇ ਜ਼ਿਆਦਾ ਉੱਚ-ਬੋਲੇ ਹੋ ਗਏ ਹਨ। ਇਹ ਵੇਖਣਾ ਹੈ ਕਿ ਕੋਈ ਪੰਜਾਬ ਦਾ ਲੇਫਟੀਨੈਂਟ ਗਵਰਨਰ ਪੰਜਾਬੀ ਨੂੰ ਪੰਜਾਬ ਵਾਸਤੇ ਇਖ਼ਤਿਆਰੀ ਬੋਲੀ ਬਣਾਉਣ ਦਾ ਕਸ਼ਟ ਜਾਂ ਹੌਸਲਾ ਕਰੇਗਾ ਅਤੇ ਇਸ ਤਰ੍ਹਾਂ ਨਾ ਕੇਵਲ ਸਿੱਖਾਂ ਨਾਲ ਹੀ ਸਦੀਵੀ ਪਰਉਪਕਾਰ ਕਰੇਗਾ ਸਗੋਂ ਸਾਰੇ ਪੰਜਾਬ ਦੇ ਵਸਨੀਕਾਂ ਤੇ ਵੀ ਜਿਨ੍ਹਾਂ ਦਾ ਜਨਮ ਤੋਂ ਪੰਜਾਬੀ ਬੋਲਚਾਲ ਦਾ ਮਾਧਿਅਮ ਹੈ। ਕਿਸੇ ਤਰ੍ਹਾਂ ਵੀ ਹੋਵੇ ਪੰਜਾਬ ਦੀਆਂ ਰਿਆਸਤਾਂ ਨੂੰ ਪੰਜਾਬੀ ਨੂੰ ਦਫ਼ਤਰੀ ਬੋਲੀ ਬਣਾਉਣ ਵਿਚ ਕੋਈ ਰੁਕਾਵਟ ਨਜ਼ਰ ਨਹੀਂ ਆਉਂਦੀ।

ਸਾਡੇ ਸਮੇਂ ਰਿਵਾਜ ਸੀ ਕਿ ਸਿੱਖ ਧਰਮ ਦੀ ਸਥਿਰਤਾ ਦਾ ਮੁਖ ਸਾਧਨ ਸਿੱਖ ਰੈਜਮੈਂਟ ਦੇ ਅਫਸਰਾਂ ਦਾ ਸਿੱਖ ਫੌਜੀਆਂ ਨੂੰ ਗੁਰੂ ਗੋਬਿੰਦ ਸਿੰਘ ਦੀ ਦੱਸੀ ਵਿਧੀ ਅਨੁਸਾਰ ਅੰਮ੍ਰਿਤ ਛਕਣ

ਲਈ ਪ੍ਰੇਰਨਾ ਅਤੇ ਉਸ ਤੋਂ ਪਿਛੋਂ ਉਹਨਾਂ ਦੀ ਜੀਵਨ ਚਾਲ ਨੂੰ ਬੁਤਪ੍ਰਸਤੀ ਦੀ ਵਬਾ ਤੋਂ ਬਚਾਈ ਰੱਖਣ ਦੇ ਯਤਨ ਕਰਨਾ ਸੀ। ਇਸ ਤਰ੍ਹਾਂ ਫੌਜ ਵਿਚ ਸਿਵਲ ਪ੍ਰਸ਼ਾਸਨ ਵਿਚ ਘੁਸੇੜੀ ਜਿਸ ਨੂੰ 'ਧਾਰਮਿਕ ਨਿਰਪੇਖਤਾ' ਦੀ ਪਾਲਿਸੀ ਕਹਿੰਦੇ ਹਨ ਨੂੰ ਨਜ਼ਰੋਂ ਓਹਲੇ ਕਰਨਾ ਹੀ ਅਮਲੀ ਰੂਪ ਵਿਚ ਸਿੱਖ ਧਰਮ ਦੀ ਰੱਖਿਆ ਕਰਨਾ ਜਾਂ ਸਿੱਖ ਧਰਮ ਦੇ ਪ੍ਰਚਾਰ ਦਾ ਕੰਮ ਕਰਨਾ ਸੀ।

ਭਗਤਾਂ ਦੇ ਜਾਂ ਭਾਰਤੀ ਸੰਤਾਂ ਦੇ ਜੀਵਨ ਬਾਰੇ ਜੋ ਸਿੱਖ ਗੁਰੂ ਸਾਹਿਬਾਨ ਤੋਂ ਪਹਿਲਾਂ ਹੋਏ ਤੇ ਜਿਨ੍ਹਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਹੈ ਮੈਂ ਬਹੁਤ ਮਿਹਨਤ ਕੀਤੀ ਹੈ ਤੇ ਖ਼ਰਚ ਕੀਤਾ ਹੈ ਪਰ ਇਸ ਵਿਚ ਮੈਨੂੰ ਪੂਰਨ ਸਫ਼ਲਤਾ ਨਹੀਂ ਹੋਈ। ਮੈਂ ਬਹੁਤ ਅਭਾਰੀ ਹੋਵਾਂਗਾ ਉਸ ਵਿਅਕਤੀ ਦਾ ਜੋ ਉਹਨਾਂ ਬਾਰੇ ਮੇਰੀ ਜਾਣਕਾਰੀ ਵਿਚ ਵਾਧਾ ਕਰੇ।

ਭਗਤਾਂ ਦੇ ਸ਼ਬਦ ਕਈ ਥਾਵਾਂ ਤੇ ਭਾਰਤ ਦੇ ਦੂਜੇ ਹਿੱਸਿਆਂ ਵਿਚ ਮਿਲਦੇ ਉਹਨਾਂ ਸੰਤਾਂ ਦੀਆਂ ਰਚਨਾਵਾਂ ਦੇ ਹਿੰਦੀ ਅਤੇ ਮਰਾਠੀ ਸੰਗ੍ਰਹਿਆਂ ਨਾਲੋਂ ਵੱਖਰੇ ਜਾਪਣਗੇ। ਉਹ ਸ਼ਬਦ ਗੁਰੂ ਅਰਜਨ ਸਾਹਿਬ ਜੀ ਨੇ ਰਮਤੇ ਭੱਟਾਂ ਜਾਂ ਗਵੱਈਆਂ ਜਾਂ ਉਹਨਾਂ ਸੰਤਾਂ ਦੇ ਅਨੁਆਈਆਂ ਦੀਆਂ ਰਸਨਾਂ ਤੋਂ ਲਿਖੇ ਸਨ।

ਗੁਰੂ ਸਾਹਿਬ ਅਤੇ ਭਗਤਾਂ ਵਰਗੇ ਖ਼ਿਆਲ ਅਤੇ ਉਹਨਾਂ ਦਾ ਪ੍ਰਗਟਾ ਧਾਰਮਿਕ ਅਤੇ ਸੰਸਾਰਕ, ਪ੍ਰਾਚੀਨ ਅਤੇ ਨਵੀਨ ਸਾਹਿਤ ਵਿਚ ਲੱਭਿਆ ਜਾ ਸਕਦਾ ਹੈ। ਇਹ ਪਵਿੱਤਰ ਖਿਆਲ ਕਈ ਥਾਵਾਂ ਤੇ ਵਰਤੇ ਜਾ ਸਕਦੇ ਹਨ। ਕੇਵਲ ਥੋੜ੍ਹੇ ਜਿਹੇ ਤੁਲਨਾਤਮਿਕ ਨਮੂਨੇ ਜੋ ਲੇਖਕ ਨੂੰ ਉਸ ਸਮੇਂ ਯਾਦ ਆਏ ਇਸ ਰਚਨਾ ਦੇ ਨੋਟਾਂ ਦੇ ਰੂਪ ਵਿਚ ਦਿੱਤੇ ਹਨ। ਉਹਨਾਂ ਦਾ ਭਾਵ ਸਿੱਖ ਗੁਰੂਆਂ ਦੀਆਂ ਸਿੱਖਿਆਵਾਂ ਦੀ ਖੁਲ੍ਹ-ਦਿਲੀ ਪ੍ਰਗਟਾਉਣਾ ਹੈ। ਇਹ ਨੋਟ ਕਦੀ-ਕਦੀ ਪੜ੍ਹਨ ਵਾਲੇ ਦੀ ਅਰੋਚਕਤਾ ਵੀ ਦੂਰ ਕਰਦੇ ਹਨ।

ਜਨਮ ਸਾਖੀ ਦੇ ਲਿਖਾਰੀਆਂ ਕੋਲ ਅਗਵਾਈ ਲਈ ਭੂਗੋਲਿਕ ਰੇਖਾ ਚਿਤਰ ਨਹੀਂ ਸਨ ਅਤੇ ਇਸ ਕਰਕੇ ਕਈ ਵਾਰੀ ਵਿਸ਼ੇਸ਼ ਕਰਕੇ ਗੁਰੂ ਨਾਨਕ ਸਾਹਿਬ ਜੀ ਦੀਆਂ ਉਦਾਸੀਆਂ ਨੂੰ ਅਸੰਭਵ ਰੂਪ ਦਿਤਾ ਹੈ। ਇਸ ਲਈ ਇਸ ਰਚਨਾ ਵਿਚ ਗੁਰੂ ਸਾਹਿਬ ਦੇ ਸਫ਼ਰਾਂ ਦੀ ਸੁਧਾਈ ਦੇ ਯਤਨ ਕੀਤੇ ਗਏ ਹਨ ਤਾਂ ਜੋ ਉਹ ਵਿਗਿਆਨਿਕ ਭਾਰਤੀ ਭੂਗੋਲ ਨਾਲ ਮੇਲ ਖਾਣ। ਜੇਕਰ ਵਿਦਵਾਨ ਸਿੱਖਾਂ ਦੀ ਕੌਂਸਲ ਪੂਰੀ ਵਿਚਾਰ ਪਿਛੋਂ ਗੁਰੂ ਜੀ ਦੇ ਸਫ਼ਰਾਂ ਦੇ ਰੇਖਾ-ਚਿਤਰ ਤਿਆਰ ਕਰਵਾ ਲੈਣ ਤਾਂ ਉਹ ਰੇਖਾ-ਚਿਤਰ ਇਸ ਰਚਨਾ ਦੀਆਂ ਆਉਣ ਵਾਲੀਆਂ ਪ੍ਰਕਾਸ਼ਨਾਵਾਂ ਵਿਚ ਪਾ ਦਿੱਤੇ ਜਾਣਗੇ। ਇਸੇ ਤਰ੍ਹਾਂ ਵਿਦਵਾਨ ਸਿੱਖ ਜੇਕਰ ਆਪਣੇ ਲਿਖੇ ਗੁਰੂ ਸਾਹਿਬਾਨ ਦੇ ਹਾਲ, ਗੁਰੂਆਂ ਦੇ ਸ਼ਬਦਾਂ ਨੂੰ ਉਹਨਾਂ ਦੀ ਦਿੱਤੀ ਤਰਤੀਬ ਜਾਂ ਉਹਨਾਂ ਦੀ ਆਪਣੀ ਗੁਰੂ ਦੇ ਸ਼ਬਦਾਂ ਦੀ ਵਿਆਖਿਆ ਦੀ ਸ਼ਬਦਾਵਲੀ ਗਿਆਨੀਆਂ ਦੀ ਵਿਆਖਿਆ ਤੋਂ ਅਤੇ ਮੇਰੀ ਵਿਆਖਿਆ ਤੋਂ ਚੰਗੇਰੀ ਹੋਵੇਗੀ ਤਾਂ ਅਸੀਂ ਉਹਨਾਂ ਦੀਆਂ ਸਲਾਹਾਂ ਪ੍ਰਾਪਤ ਕਰਕੇ ਪ੍ਰਸੰਨਤਾ ਲਵਾਂਗੇ।

ਨਾਭੇ ਦੇ ਰਾਜੇ ਹਿਜ਼ ਹਾਈਨੈਸ ਸਰ ਹੀਰਾ ਸਿੰਘ, ਮਲਵਿੰਦਰ ਬਹਾਦਰ ਨੇ ਇਕੱਤੀ ਭਾਰਤੀ ਰਾਗਾਂ, ਜਿਨ੍ਹਾਂ ਵਿਚ ਗੁਰੂਆਂ ਦੀ ਬਾਣੀ ਅੰਕਿਤ ਹੈ, ਨੂੰ ਬਹੁਤ ਖਰਚ ਕਰਕੇ ਇਕ ਉੱਚੇ ਦਰਜੇ ਦੇ ਸੰਗੀਤਕਾਰ ਕੋਲੋਂ ਯੂਰਪ ਦੇ ਰਾਗ ਚਿੰਨ੍ਹਾਂ ਵਿਚ ਲਿਖਵਾਉਣ ਦਾ ਕੰਮ ਕਰਵਾਇਆ। ਲੋਕ ਰਾਗ ਭੁਲਦੇ ਜਾ ਰਹੇ ਸਨ ਅਤੇ ਮਹੰਤ ਗੱਜਾ ਸਿੰਘ ਜੋ ਸਿੱਖਾਂ ਦੇ ਸਭ ਤੋਂ ਵੱਡੇ ਗਵੱਈਏ ਹਨ ਨੇ ਬਹੁਤ ਔਕੜਾਂ ਨਾਲ ਇਹਨਾਂ ਨੂੰ ਇਕੱਤਰ ਕੀਤਾ ਹੈ। ਇਹ ਰਾਗ ਇਸ ਰਚਨਾ ਦੀ ਪਹਿਲੀ

ਜਿਲਦ ਦੇ ਅਖ਼ੀਰ ਵਿਚ ਦਿੱਤੇ ਹਨ। ਯੂਰਪੀਨ ਕੰਨਾਂ ਨੂੰ ਇਹ ਰਾਗ ਭਾਵੇਂ ਅਨੋਖੇ ਲੱਗਣ ਪਰ ਸਿੱਖ ਇਹਨਾਂ ਦੀ ਪ੍ਰਸੰਸਾ ਕਰਨਗੇ। ਉਹ ਯੂਰਪੀਨ ਜੋ ਕਲਾ ਦੇ ਪ੍ਰੇਮੀ ਹਨ ਤੇ ਪਿੰਡਰ ਅਤੇ ਸਾਫੋ ਦੀਆਂ ਵਾਰਾਂ ਜਿਨ੍ਹਾਂ ਰਾਗਾਂ ਵਿਚ ਗਾਈਆਂ ਜਾਂਦੀਆਂ ਸਨ ਦੀ ਅਣਹੋਂਦ ਅਤੇ ਯੂਨਾਨੀ ਦੁਖਾਂਤਕਾਰਾਂ ਦੇ ਜੋਟੀਆਂ ਵਿਚ ਗਾਉਣ ਦੀ ਅਣਹੋਂਦ ਦਾ ਖੇਦ ਕਰਦੇ ਹਨ, ਇਨਾਂ ਰਾਗਾਂ ਨੂੰ ਪਸੰਦ ਕਰਨਗੇ।

ਇਸ ਰਚਨਾ ਵਿਚ ਜਿਥੋਂ ਤੱਕ ਠੀਕ ਪਤਾ ਲੱਗ ਸਕਿਆ ਹੈ ਸਿੱਖ ਗੁਰੂਆਂ ਦੀਆਂ ਤਸਵੀਰਾਂ, ਪ੍ਰਸਿੱਧ ਗੁਰਦਵਾਰੇ ਤੇ ਕੁਝ ਸਿੱਖ ਇਤਿਹਾਸ ਦੇ ਯਾਦ ਰੱਖਣ ਵਾਲੇ ਚਿਤਰ, ਸ਼ਾਮਲ ਕੀਤੇ ਹਨ। ਇਹ ਤਸਵੀਰਾਂ ਆਨਰੇਬਲ ਟਿੱਕਾ ਰਿਪਦੁਮਣ ਸਿੰਘ ਜੋ ਨਾਭੇ ਦੀ ਗੱਦੀ ਦੇ ਛੋਟੇ ਵਾਰਸ ਹਨ ਦੇ ਕਹਿਣ ਤੇ ਭਾਈ ਲਾਲ ਸਿੰਘ ਨੇ ਬਣਾਈਆਂ ਹਨ।

ਇਸ ਰਚਨਾ ਦੀ ਪ੍ਰਕਾਸ਼ਨਾ ਤੇ ਕਈ ਸਾਲਾਂ ਦੀ ਮਿਹਨਤ ਲੱਗੀ ਹੈ ਤੇ ਲੰਮੇ ਸਮੇਂ ਤੱਕ ਸਿੱਖ ਵਿਦਵਾਨਾਂ ਅਤੇ ਅੰਗਰੇਜ਼ੀ ਤੇ ਪੰਜਾਬੀ ਦੇ ਬਹੁਤ ਸਾਰੇ ਨਕਲ ਨਵੀਸਾਂ ਦੀ ਸਹਾਇਤਾ ਨਾਲ ਸੰਪੂਰਨ ਹੋਈ ਹੈ ਤੇ ਇਸ ਤੇ ਬਹੁਤ ਸਾਰਾ ਖਰਚ ਆਇਆ ਹੈ। ਹਿਜ ਹਾਈਨੈਸ ਮਹਾਰਾਜਾ ਆਫ਼ ਨਾਭਾ, ਹਿਜ਼ ਹਾਈਨੈਸ ਸਰ ਰਾਜਿੰਦਰ ਸਿੰਘ ਜੋ ਮਹਾਰਾਜਾ ਪਟਿਆਲਾ ਸਨ ਤੇ ਹੁਣ ਸਵਰਗਵਾਸ ਹੋ ਚੁੱਕੇ ਹਨ, ਰਾਜਾ ਰਣਬੀਰ ਸਿੰਘ ਜੀਂਦ ਵਾਲੇ, ਨਾਭਾ ਦੇ ਟਿਕਾ ਸਾਹਿਬ ਅਤੇ ਸਵਰਗਵਾਸੀ ਸਰਦਾਰ ਰਣਜੀਤ ਸਿੰਘ ਛਛਰੌਲੀ ਵਾਲੇ ਜਿਨ੍ਹਾਂ ਨੇ ਇਸ ਤੇ ਕੁਝ ਹਿੱਸਾ ਖ਼ਰਚ ਕੀਤਾ– ਸਾਰਿਆਂ ਦਾ ਧੰਨਵਾਦ ਕਰਦਾ ਹਾਂ। ਹਿਜ ਹਾਈਨੈਸ ਗਾਇਕਵਾੜ ਬੜੋਦਾ ਵਾਲੇ ਨੇ ਇਸ ਰਚਨਾ ਦੇ ਪ੍ਰਕਾਸ਼ਿਤ ਹੋਣ ਤੇ ਸਰਪ੍ਰਸਤੀ ਕਰਨ ਦਾ ਵਾਇਦਾ ਕੀਤਾ ਹੈ।

ਕਈ ਵਿਅਕਤੀਆਂ ਨੇ ਭਾਰਤ ਸਰਕਾਰ ਨੂੰ ਅਤੇ ਭਾਰਤ ਦੇ ਸੈਕਟਰੀ ਆਫ਼ ਸਟੇਟ ਨੂੰ ਇਸ ਰਚਨਾ ਦੀ ਸਰਪ੍ਰਸਤੀ ਲਈ ਸਿਫ਼ਾਰਸ਼ ਕੀਤੀ ਹੈ। ਪ੍ਰਸਿਧ ਵਿਦਵਾਨ ਕਾਓਂਟ ਐਂਗੈਲੋ ਗੁਰਬਰਨਾਟਸ ਜੋ ਰੋਮਨ ਕਾਂਗਰਸ ਆਫ਼ ਓਰੈਂਟਲਿਸਟਸ ਦੇ ਪ੍ਰਧਾਨ ਹਨ ਭਾਰਤ ਦੇ ਸੈਕਟਰੀ ਆਫ਼ ਸਟੇਟ ਨੂੰ ਆਪਣੇ ਪੱਤਰ ਮਿਤੀ ਅਕਤੂਬਰ 19, 1899 ਵਿਚ ਲਿਖਿਆ। (ਪੱਤਰ ਰੋਮਨ ਵਿਚ ਹੈ)

ਕਾਂਓਟ ਡੇ ਗੁਰਨਾਟਸ ਨੇ ਆਪਣੇ ਪੱਤਰ ਵਿਚ ਰੋਮਨ ਕਾਂਗਰਸ ਦੀ ਕਾਰਵਾਈ ਭੇਜੀ। (ਇਹ ਵੀ ਰੋਮਨ ਵਿਚ ਹੈ)

ਲਾਰਡ ਰੇ ਪ੍ਰਧਾਨ ਰਾਇਲ ਐਸ਼ੀਆਟਿਕ ਸੁਸਾਇਟੀ ਜੋ ਕਦੀ ਵੀ ਕਿਸੇ ਪਰਉਪਕਾਰ ਤੇ ਖੁਲ੍ਹ-ਦਿਲੀ ਦੀ ਯੋਜਨਾ ਤੋਂ ਪਿਛੇ ਨਹੀਂ ਰਹੇ ਨੇ ਮੇਰੀ ਰਚਨਾ ਦੀ ਮੇਰੇ ਹੱਕ ਵਿਚ ਵਿਚਾਰ ਕਰਨ ਦੀ ਲੈਫਟੀਨੈਂਟ ਗਵਰਨਰ ਪੰਜਾਬ ਨੂੰ ਸਿਫ਼ਾਰਸ਼ ਕੀਤੀ। ਮਿਸਟਰ ਐਲ. ਡਬਲਯੂ. ਡੇਨ (ਹੁਣ ਸਰ ਲੋਈਸ ਡਬਲਯੂ ਡੇਨ, ਲੈਫਟੀਨੈਂਟ ਗਵਰਨਰ ਪੰਜਾਬ) ਨੇ ਮੇਰੀ ਮਿਹਨਤ ਪ੍ਰਤਿ ਸਦਾ ਹੀ ਹਮਦਰਦੀ ਭਰਿਆ ਰਵੱਈਆ ਰੱਖਿਆ ਅਤੇ ਜਿਥੋਂ ਤਕ ਉਹਨਾਂ ਦਾ ਵੱਸ ਚਲਿਆ ਕੰਮ ਨੂੰ ਕਾਮਯਾਬੀ ਨਾਲ ਸਿਰੇ ਚਾੜ੍ਹਨ ਲਈ ਸਹਾਇਤਾ ਕੀਤੀ।

ਲਾਰਡ ਕਿਚਨਰ (ਖਰਤੂਮ ਦੇ) ਨੇ ਮੇਰੇ ਆਮ ਲੈਕਚਰ 'ਸਿੱਖ ਕਿਵੇਂ ਫੌਜੀ ਬਣੇ' ਦੀ ਪ੍ਰਧਾਨਗੀ ਸਮੇਂ ਇਸ ਤਰ੍ਹਾਂ ਕਿਹਾ :

> ਇਹ ਗੱਲ ਮਿਸਟਰ ਮੈਕਾਲਿਫ਼ ਲਈ ਬਹੁਤ ਤਸੱਲੀਜਨਕ ਹੋਣੀ ਚਾਹੀਦੀ ਹੈ ਕਿ ਅੰਮ੍ਰਿਤਸਰ ਸਿੰਘ ਸਭਾ ਨੇ ਉਹਨਾਂ ਦੇ ਕੀਤੇ ਉਲਥੇ ਨੂੰ ਬਿਲਕੁਲ ਠੀਕ ਮੰਨ ਲਿਆ

ਹੈ। ਅਸੀਂ ਇਹ ਯਕੀਨ ਨਾਲ ਕਹਿ ਸਕਦੇ ਹਾਂ ਕਿ ਮਿਸਟਰ ਮੈਕਾਲਿਫ਼ ਨੇ ਸਿੱਖਾਂ ਦੇ ਪਵਿੱਤਰ ਗ੍ਰੰਥ ਦੇ ਅਧਿਐਨ-ਨੂੰ ਪਹੁੰਚ ਦੇ ਨੇੜੇ ਲਿਆ ਕੇ ਉਹਨਾਂ ਲੋਕਾਂ ਦੀ ਪ੍ਰਸੰਸਾ ਪ੍ਰਾਪਤ ਕੀਤੀ ਹੈ ਜਿਹੜੇ ਸਿੱਖ ਸਿਪਾਹੀਆਂ ਦੀ ਮਹਾਨ ਕਦਰ ਤੋਂ ਜਾਣੂ ਹਨ ਅਤੇ ਉਹਨਾਂ ਦੇ ਦੇਸ਼ ਦੇ ਹੁਕਮਰਾਨਾਂ ਵਜੋਂ ਪਿਆਰ ਭਰੀ ਪ੍ਰਵਾਨਗੀ ਨੂੰ ਜਾਣਦੇ ਹਨ। ਸਰਦਾਰ, ਪਤਵੰਤੇ ਸੱਜਣ ਅਤੇ ਸਾਰੀ ਸਿੱਖ ਕੌਮ ਧੰਨਵਾਦੀ ਹੈ। ਮੈਨੂੰ ਯਕੀਨ ਹੈ ਇਹ ਧੰਨਵਾਦ ਦੀ ਭਾਵਨਾ ਬਹੁਤ ਵਧੇਗੀ। ਜਦੋਂ ਮਿਸਟਰ ਮੈਕਾਲਿਫ਼ ਇਹਨਾਂ ਪਵਿੱਤਰ ਰਚਨਾਵਾਂ ਦਾ ਉਲਥਾ ਆਮ ਪੰਜਾਬੀ ਵਿਚ ਕਰਨਗੇ, ਜਿਸ ਦਾ ਮੈਨੂੰ ਪਤਾ ਲੱਗਾ ਹੈ ਕਿ ਉਹ ਅਰੰਭ ਕਰਨ ਵਾਲੇ ਹਨ ਅਤੇ ਜਿਸ ਦੇ ਸਿੱਟੇ ਵਜੋਂ ਮੈਨੂੰ ਆਸ ਹੈ ਕਿ ਦੇਸ਼ ਦੇ ਹਰ ਸਿੱਖ ਘਰ ਵਿਚ ਉਸ ਦਾ ਪ੍ਰਚਾਰ ਹੋਵੇਗਾ।

ਸਾਹਿਤਿਕ ਸਹਾਇਤਾ ਲਈ ਮੈਂ ਭਾਈ ਕਾਨ੍ਹ ਸਿੰਘ ਨਾਭਾ ਦਾ ਆਭਾਰੀ ਹਾਂ ਜੋ ਸਿੱਖਾਂ ਦੇ ਸਭ ਤੋਂ ਮਹਾਨ ਵਿਦਵਾਨ ਅਤੇ ਸਭ ਤੋਂ ਪ੍ਰਸਿੱਧ ਲਿਖਾਰੀ ਹਨ। ਨਾਭਾ ਦੇ ਰਾਜਾ ਦੇ ਹੁਕਮ ਅਧੀਨ ਇਹ ਮੇਰੇ ਨਾਲ ਯੂਰਪ ਗਏ ਤੇ ਇਸ ਰਚਨਾ ਦੇ ਪ੍ਰਕਾਸ਼ਨ ਵਿਚ ਅਤੇ ਪਰੂਫ਼ ਪੜ੍ਹਨ ਵਿਚ ਮੇਰੀ ਸਹਾਇਤਾ ਕੀਤੀ। ਮੈਂ ਧੰਨਵਾਦੀ ਹਾਂ ਦੀਵਾਨ ਲੀਲਾ ਰਾਮ ਵਤਨ ਮਲ ਜੋ ਸਿੰਧ ਵਿਚ ਛੋਟੇ ਜੱਜ ਸਨ, ਸਵਰਗਵਾਸੀ ਭਾਈ ਸ਼ੰਕਰ ਦਿਆਲ ਫੈਜ਼ਾਬਾਦ ਦੇ, ਅੰਮ੍ਰਿਤਸਰ ਦੇ ਭਾਈ ਹਜ਼ਾਰਾ ਸਿੰਘ, ਸਰਦੂਲ ਸਿੰਘ, ਲਾਹੌਰ ਦੇ ਸਵਰਗਵਾਸੀ ਭਾਈ ਦਿੱਤ ਸਿੰਘ, ਪਟਿਆਲਾ ਦੇ ਸਵਰਗਵਾਸੀ ਭਾਈ ਭਗਵਾਨ ਸਿੰਘ ਅਤੇ ਹੋਰ ਕਈ ਸਿੱਖ ਵਿਦਵਾਨਾਂ ਦਾ ਜਿਨ੍ਹਾਂ ਨੇ ਬੜੀ ਸੂਝ-ਬੂਝ ਨਾਲ ਮੇਰੀ ਸਹਾਇਤਾ ਕੀਤੀ ਹੈ।

ਮੈਂ ਗੁਰੂ ਗ੍ਰੰਥ ਸਾਹਿਬ ਦੇ ਅਨੁਵਾਦ ਕਰਨ ਵਿਚ ਸੰਭਾਵੀ ਕਿਰਿਆ-ਭਾਵ ਦੀ ਆਮ ਵਰਤੋਂ ਕੀਤੀ ਹੈ ਪਰ ਅੰਗਰੇਜ਼ੀ ਭਾਸ਼ਾ ਵਿਚ ਇਹ ਰੂਪ ਅਲੋਪ ਹੋ ਰਿਹਾ ਹੈ। ਸੰਜੀਦਾ ਰੂਪ ਵਿਚ ਤੀਜੀ ਧਿਰ ਦਾ ਇਕ ਵਚਨ ਵਰਤਮਾਨ ਕਾਲ ਵਿਚ ਮੈਂ ਸਪਸ਼ਟ ਕਾਰਨਾਂ ਕਰਕੇ ਵਰਤਿਆ ਹੈ। ਮੇਰੇ ਸਿੱਖ ਪਾਠਕ ਇਹ ਸਹਿਜੇ ਹੀ ਜਾਣ ਲੈਣਗੇ ਕਿ ਇਹ ਰੂਪ ਹੁਣ ਆਮ ਬੋਲ-ਚਾਲ ਜਾਂ ਗਦ ਵਿਚ ਨਹੀਂ ਵਰਤਿਆ ਜਾਂਦਾ। ਮੈਂ ਆਪਣੀ ਮਰਜ਼ੀ ਨਾਲ ਯੂਰਪੀਨ ਵਿਦਵਾਨਾਂ ਦੀ ਬਣਾਈ ਨਾਮਾਵਲੀ ਨੂੰ ਵਰਤਣ ਤੋਂ ਪਰਹੇਜ਼ ਕੀਤਾ ਹੈ ਜਿਵੇਂ ਕਿ 'ਬ੍ਰਾਹਮਨਵਾਦ' ਜਿਹੜਾ ਕਿ ਭਾਰਤ ਵਿਚ ਨਹੀਂ ਵਰਤਿਆ ਜਾਂਦਾ ਹੈ; 'ਆਪਾ' -ਆਤਮਾ ਜਾਂ ਜ਼ਮੀਰ ਵਾਸਤੇ।

ਸਿੱਖ ਗੁਰੂ ਸਾਹਿਬਾਨ ਸਾਦਾ ਵਿਅਕਤੀ ਸਨ। ਉਹਨਾਂ ਆਪ ਤੇ ਆਪਣੇ ਖ਼ਿਆਲਾਂ ਦੇ ਪ੍ਰਗਟਾ ਲਈ ਲੌਕਿਕ ਬੋਲੀ ਨੂੰ ਵਰਤਿਆ ਅਤੇ ਕਿਤਾਬੀ ਸ਼ਬਦਾਵਲੀ ਅਤੇ ਖ਼ਿਆਲੀ ਸੂਖਮਤਾਈਆਂ ਤੋਂ ਸੰਕੋਚ ਕੀਤਾ। ਇਸ ਕਰਕੇ ਮੈਂ ਆਪਣੇ ਅਨੁਵਾਦ ਵਿਚ ਸਾਦਾ ਭਾਸ਼ਾ ਵਰਤਣ ਦਾ ਯਤਨ ਕੀਤਾ ਹੈ ਕਿਉਂਕਿ ਮੇਰਾ ਵਿਸ਼ਵਾਸ ਹੈ ਕਿ ਸਿੱਖ ਗੁਰੂ ਤੇ ਉਹਨਾਂ ਤੋਂ ਪਹਿਲਾਂ ਹੋਏ ਭਗਤ ਇਹੋ ਜਿਹੀ ਭਾਸ਼ਾ ਹੀ ਚਾਹੁੰਦੇ ਸਨ। ਮੇਰਾ ਮਨੋਰਥ ਸਿੱਖਾਂ ਦੀਆਂ ਪਵਿੱਤਰ ਰਚਨਾਵਾਂ ਦੀ ਵਿਆਖਿਆ ਕਰਨਾ ਹੈ ਤੇ ਇਸ ਦੇ ਨਾਲ ਅੱਜ ਕੱਲ੍ਹ ਦੀ ਪ੍ਰਚੱਲਿਤ ਬੋਲੀ ਵਿਚ ਰੂਪ ਦੀ ਸੰਜੀਦਗੀ ਜੋ ਮੈਂ ਜ਼ਰੂਰੀ ਸਮਝਦਾ ਹਾਂ ਨੂੰ ਕਾਇਮ ਰੱਖਣਾ ਹੈ ਅਤੇ ਅਸਚਰਜ ਜਾਂ ਨਵੇਂ ਪ੍ਰਗਟਾ ਦੱਸਣਾ ਨਹੀਂ। ਮੈਂ ਪੂਰਨ ਸਫ਼ਲਤਾ ਦਾ ਦਾਹਵਾ ਨਹੀਂ ਕਰ ਸਕਦਾ। ਗੁਰੂਆਂ ਦੇ ਖ਼ਿਆਲ-ਵਿਸ਼ੇਸ਼ ਕਰਕੇ ਉਹਨਾਂ ਦੇ ਅਕਾਲ ਪੁਰਖ ਵਾਸਤੇ ਵਰਤੇ ਵਿਸ਼ੇਸ਼ਣਾਂ ਦਾ ਅੰਗਰੇਜ਼ੀ ਦੀ ਆਮ ਵਰਤੋਂ ਦੀ

ਬੋਲੀ ਵਿਚ ਆਲੇ-ਦੁਆਲੇ ਦੇ ਅਣਮਿਥੇ ਸ਼ਬਦਾਂ ਦੀ ਵਰਤੋਂ ਬਗੈਰ ਉਲਥਾ ਨਹੀਂ ਹੋ ਸਕਦਾ। ਕੁਝ ਇਸ ਤਰ੍ਹਾਂ ਦੇ ਮਿਲਦੇ-ਜੁਲਦੇ ਸ਼ਬਦ ਅਤੇ ਸ਼ਬਦਾਵਲੀ ਮਿਲਦੀ ਹੈ ਜੋ ਠੀਕ ਭਾਵ ਨੂੰ ਸਿੱਖ ਪਵਿੱਤਰ ਰਚਨਾਵਾਂ ਵਿਚ ਦੱਸੇ ਮਨੋਰਥ ਨਹੀਂ ਪ੍ਰਗਟਾਉਂਦੇ।

ਪੁਰਾਤਨ ਬੋਲੀ ਭਾਵੇਂ ਕਵੀਆਂ ਨੇ ਜ਼ਰੂਰੀ ਸਮਝੀ ਹੈ, ਉਹ ਲਿਖਣ ਢੰਗ ਨੂੰ ਅਲੰਕ੍ਰਿਤ ਬਣਾਉਂਦੀ ਹੈ। ਮੈਂ ਇਸ ਤੋਂ ਬਚਣ ਦਾ ਵੱਧ ਤੋਂ ਵੱਧ ਯਤਨ ਕੀਤਾ ਹੈ। ਇਸ ਤਰ੍ਹਾਂ ਮੇਰੀ ਪੁਸਤਕ, ਮੈਂ ਆਸ ਕਰਦਾ ਹਾਂ, ਸਿੱਖਾਂ ਲਈ ਜ਼ਿਆਦਾ ਲਾਹੇਵੰਦ ਹੋਵੇਗੀ ਅਤੇ ਉਹਨਾਂ ਨੂੰ ਅੰਗਰੇਜ਼ੀ ਭਾਸ਼ਾ ਨਾਲ ਜਾਣ-ਪਛਾਣ ਕਰਵਾਉਣ ਲਈ ਸਹਾਈ ਹੋਵੇਗੀ।

ਭਾਰਤੀ ਅਸਲ ਨਾਵਾਂ ਨੂੰ ਮੈਂ ਉਸੇ ਤਰ੍ਹਾਂ ਲਿਖਿਆ ਹੈ ਜਿਵੇਂ ਉਹ ਮੌਜੂਦਾ ਸਮੇਂ ਵਿਚ ਬੋਲੇ ਤੇ ਲਿਖੇ ਜਾਂਦੇ ਹਨ। ਉਸ ਤਰ੍ਹਾਂ ਨਹੀਂ ਜਿਵੇਂ ਕਿ ਉਹ ਸੰਸਕ੍ਰਿਤ ਯੁੱਗ ਵਿਚ ਲਿਖੇ ਪੜ੍ਹੇ ਜਾਂਦੇ ਸਨ। ਇਸ ਵਿਚ ਮੈਂ ਸਾਰੀਆਂ ਨਵੀਨ ਬੋਲੀਆਂ ਦੀ ਰਵਾਇਤ ਨੂੰ ਮੰਨਿਆ ਹੈ। ਅੱਜ ਕੱਲ੍ਹ ਲੰਡਨ ਨੂੰ ਲੰਡੀਨੀਅਮ ਜਾਂ ਮਰਸੇਲਜ਼ ਨੂੰ ਮੈਸੀਲੀਆ ਜਾਂ ਨੇਪਲਜ਼ ਨਿਓਪੋਲਿਸ ਕੋਈ ਨਹੀਂ ਕਹੇਗਾ। ਨਾ ਹੀ ਮੈਂ ਪੂਰਬੀ ਸ਼ਬਦਾਂ ਦੇ ਉਹ ਹੱਜੇ ਜਿਹੜੇ ਭਾਰਤ ਵਿਚ ਏਸ਼ਿਆਈ ਵਿਦਵਾਨਾਂ ਨੇ ਵਿਖਾਵੇ ਵਜੋਂ ਅਪਣਾਏ ਹਨ ਜਿਸ ਨਾਲ "ਸ਼" ਨੂੰ "ਸੀ" ਜਾਂ ਐਸਥਲੇ ਬਿੰਦੀ ਜ ਨੂੰ ਜੀ, ਸੀ ਐਚ ਨੂੰ ਕੇ ਆਦਿਕ ਨਾਲ ਦਰਸਾਇਆ ਹੈ। ਇਹੋ ਜਿਹੇ ਹੱਜੇ ਕਈਆਂ ਲਈ ਘਿਰਣਾਜਨਕ ਹਨ ਅਤੇ ਕਿਸੇ ਦੇਸ਼ ਦੇ ਏਸ਼ਿਆਈ ਵਿਦਵਾਨ ਲਈ ਜ਼ਰੂਰੀ ਨਹੀਂ ਹੋ ਸਕਦੇ। ਭਾਰਤੀ ਭਾਸ਼ਾਵਾਂ ਦੇ ਵੱਖ-ਵੱਖ ਐਨ, ਦੀ, ਆਰ ਅਤੇ ਐਸ ਨੂੰ ਦਰਸਾਉਣਾ ਮੈਨੂੰ ਨਿਰਾਸ਼ਾਜਨਕ ਜਾਪਦਾ ਹੈ ਤੇ ਨਾ ਹੀ ਕਿਸੇ ਰਚਨਾ ਲਈ ਲਾਹੇਵੰਦ ਹੈ ਕਿਉਂਕਿ ਇਹ ਸਿੱਖ ਸਾਹਿਤ ਵਿਚ ਕਈ ਵਾਰੀ ਰਲ ਮਿਲ ਜਾਂਦੇ ਹਨ। ਅੰਗਰੇਜ਼ੀ ਸ਼ਬਦਾਂ ਦੇ ਹੱਜੇ ਉਹ ਹੀ ਹਨ ਜੋ ਕਲੰਡਰਨ ਪ੍ਰੈਸ ਨੂੰ ਪ੍ਰਵਾਨ ਹੋਣ।

ਜਿਨ੍ਹਾਂ ਬੋਲੀਆਂ ਅਤੇ ਉਪ ਭਾਸ਼ਾਵਾਂ ਨਾਲ ਸਾਡਾ ਵਾਹ ਪਿਆ ਹੈ ਉਹਨਾਂ ਵਿਚ ਛੋਟੀ *ਈ* ਜਿਵੇਂ ਕਿ ਬੈਡ ਵਿਚ ਹੈ ਛੋਟਾ *ਓ* ਜਿਵੇਂ ਕਿ ਨਾਟ ਵਿਚ, ਨਹੀਂ ਹੈ। ਜਦੋਂ ਵੀ ਸਵਰ *ਈ* ਅਤੇ *ਓ* ਭਾਰਤੀ ਨਾਵਾਂ ਵਿਚ ਇਸ ਪੁਸਤਕ ਵਿਚ ਆਉਣਗੇ ਉਹ ਸਦਾ ਲੰਮੇਰੇ ਹੀ ਹੋਣਗੇ। *ਈ* ਸਦਾ ਹੀ *ਈ* ਐਚ ਬੋਲੀ ਜਾਵੇਗੀ ਜਿਵੇਂ ਫਰਾਸੀਸੀ *ਈ* *ਓ* ਸਦਾ ਹੀ ਜਿਵੇਂ ਨੋਟ ਵਿਚ ਬੋਲਿਆ ਜਾਵੇਗਾ। ਸਵਰ *ਆਈ* ਛੋਟਾ ਵੀ ਹੈ, ਲੰਮਾ ਵੀ। ਇਹ ਸਦਾ ਲੰਮਾ ਹੋਵੇਗਾ। ਭਾਰਤੀ ਨਾਂਵਾਂ ਦੇ ਅਖੀਰ ਵਿਚ ਅਤੇ ਅੰਗਰੇਜ਼ੀ ਦੀ ਦੋਹਰੀ *ਈ* ਵਾਂਗੂ ਬੋਲਿਆ ਜਾਵੇਗਾ। ਜਦੋਂ ਭਾਰਤੀ ਸ਼ਬਦਾਂ ਵਿਚ ਲੰਮੀ ਸਵਰ ਹੋਵੇਗੀ ਤਾਂ ਇਹ ਨੋਟਾਂ ਵਿਚ ਆਈ ਤੇ ਬਿੰਦੀ ਹੋਵੇਗੀ। ਸਵਰ ਏ ਛੋਟਾ ਵੀ ਤੇ ਲੰਮਾ ਵੀ ਹੋ ਸਕਦਾ ਹੈ। ਜਦੋਂ ਨੋਟਾਂ ਦੇ ਭਾਰਤੀ ਸ਼ਬਦਾਂ ਵਿਚ ਇਸ ਤੇ ਏ ਉਤੇ ਲੀਕ ਹੋਵੇ ਤਾਂ ਇਹ ਲੰਮਾ ਸਵਰ ਹੋਵੇਗਾ। ਆਖ਼ਰੀ ਵਰਤਿਆ *ਏ* ਸਵਰ ਭਾਰਤੀ ਸ਼ਬਦਾਂ ਵਿਚ ਆਮ ਤੌਰ ਤੇ ਛੋਟਾ ਹੋਵੇਗਾ ਜਿਵੇਂ *ਏ* ਸੋਫਾ ਵਿਚ। ਪੁਸਤਕ ਦੇ ਪਾਠ ਵਿਚ ਪਾਠਕਾਂ ਦਾ ਧਿਆਨ ਹੋਰ ਪਾਸੇ ਕਰਨ ਲਈ ਮਾਤ੍ਰਿਕ ਚਿੰਨ੍ਹ ਨਹੀਂ ਵਰਤੇ ਗਏ।

ਇਹ ਅਸਲੀ ਰੂਪ ਵਿਚ ਸਿੱਖ ਧਰਮ ਦੀ ਰਚਨਾ ਹੈ ਅਸਾਂ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਕੀਤੀ ਹੈ। ਪਰ ਜੇਕਰ ਪਾਠਕ ਸਿੱਖ ਸੁਧਾਰ ਲਹਿਰ ਦੇ ਇਤਿਹਾਸਿਕ ਪੱਖ ਤੋਂ ਵੇਖਣਾ ਚਾਹੁਣ ਤਾਂ ਇਹ ਚੰਗਾ ਹੋਵੇਗਾ ਕਿ ਇਸ ਰਚਨਾ ਦੀ ਛੇਵੀਂ ਜਿਲਦ ਤੋਂ ਅਰੰਭ ਕਰਨ। ਗੁਰੂ ਅਰਜਨ ਦੇਵ ਸਾਹਿਬ ਜੀ ਦੀ ਆਪਣੀ ਸ਼ਾਇਦ ਇਹ ਹੀ ਇੱਛਾ ਸੀ, ਨਹੀਂ ਤੇ ਉਹ ਆਪਣੀ ਰਚਨਾ ਵਿਚ

ਆਪਣੇ ਪੂਰਬ ਅਧਿਕਾਰੀਆਂ ਦੇ ਅਸੂਲਾਂ ਅਤੇ ਸਿਧਾਤਾਂ ਦੇ ਵਿਰੁੱਧ ਸ਼ਬਦਾਂ ਨੂੰ ਸ਼ਾਮਲ ਨਹੀਂ ਸਨ ਕਰ ਸਕਦੇ।

ਇਸ ਪੁਸਤਕ ਦਾ ਕਰਤਾ ਅਨੁਭਵ ਕਰਦਾ ਹੈ ਕਿ ਉਸ ਦੀ ਰਚਨਾ ਵਿਚ ਇਕ ਵਿਸ਼ੇਸ਼ ਘਾਟਾ ਹੈ ਕਿਉਂਕਿ ਯੂਰਪ ਅਤੇ ਅਮਰੀਕਾ ਦੇ ਵਿਦਵਾਨ ਉਸ ਪਵਿੱਤਰ ਲਿਖਤ ਦੇ ਅਨੁਵਾਦ ਦੀ ਪੜਚੋਲ ਨਹੀਂ ਕਰ ਸਕਦੇ ਜੋ ਇਕ ਐਸੀ ਉਪ-ਭਾਖਾ ਵਿਚ ਲਿਖੀ ਹੈ ਜੋ ਕੇਵਲ ਭਾਰਤ ਵਿਚ ਹੀ ਸਿੱਖ ਧਰਮ ਦੇ ਥੋੜ੍ਹੇ ਜਿਹੇ ਮਿਲਦੇ ਵਿਆਖਿਆਕਾਰਾਂ ਕੋਲੋਂ ਸਿੱਖੀ ਜਾ ਸਕਦੀ ਹੈ। ਨਾ ਹੀ ਯੂਰਪੀਨ ਅਤੇ ਅਮਰੀਕਨ ਵਿਦਵਾਨਾਂ ਨੂੰ ਉਹ ਭਾਰਤੀ ਰਚਨਾਵਾਂ ਵਾਚਣ ਦਾ ਮੌਕਾ ਮਿਲਿਆ ਹੈ ਜਿਨ੍ਹਾਂ ਤੇ ਗੁਰੂਆਂ ਦਾ ਜੀਵਨ ਅਤੇ ਉਹਨਾਂ ਤੋਂ ਪਹਿਲਾਂ ਦੇ ਸੰਤਾਂ ਦਾ ਜੀਵਨ ਆਧਾਰਿਤ ਹੈ। ਇਸ ਕਰਕੇ ਕਰਤਾ ਦੀਆਂ ਔਕੜਾਂ ਜਾਂ ਉਸ ਦੀ ਮਿਹਨਤ ਦੇ ਅੰਦਾਜ਼ੇ ਨੂੰ ਸਮਝਿਆ ਨਹੀਂ ਜਾ ਸਕਦਾ।

ਇਹ ਯਕੀਨ ਕੀਤਾ ਜਾਂਦਾ ਹੈ ਕਿ ਇਸ ਪ੍ਰਕਾਰ ਦਾ ਕੰਮ ਫੇਰ ਨਹੀਂ ਕੀਤਾ ਜਾ ਸਕਦਾ। ਕਿਸੇ ਯੁਗ ਵਿਚ ਇਹ ਭਾਰਤ ਤੋਂ ਬਾਹਰ ਨਿਪੁੰਨ ਸਹਾਇਤਾ ਦੀ ਘਾਟ ਕਰਕੇ ਨਹੀਂ ਕੀਤਾ ਜਾ ਸਕਿਆ। ਭਾਰਤ ਵਿਚ ਵੀ ਬਹੁਤ ਸੁਖਾਵੇਂ ਹਾਲਾਤ ਵਿਚ ਜਦੋਂ ਇਕ ਵਿਦਿਆਰਥੀ ਨੇ ਭਾਰਤੀ ਭਾਖਾਵਾਂ ਅਤੇ ਉਪ-ਭਾਖਾਵਾਂ ਦਾ ਗਿਆਨ ਪ੍ਰਾਪਤ ਕਰ ਲਿਆ ਹੋਵੇ ਤਾਂ ਵੀ ਸਿੱਖਾਂ ਦੀਆਂ ਸਿੱਖ ਗੁਰੂਆਂ ਦੇ ਜੀਵਨ ਅਤੇ ਉਹਨਾਂ ਤੋਂ ਪਹਿਲਾਂ ਹੋਏ ਭਗਤਾਂ ਦੇ ਜੀਵਨ ਲਿਖਣ ਦੇ ਕੰਮ ਲਈ ਕਈ ਸਾਲਾਂ ਦਾ ਸਮਾਂ ਚਾਹੀਦਾ ਹੈ। ਭਾਰਤ ਸਰਕਾਰ ਦੀ ਨੌਕਰੀ ਵਿਚ ਕਿਸੇ ਨੂੰ ਐਨਾ ਸਮਾਂ ਨਹੀਂ ਮਿਲ ਸਕਦਾ ਕਿ ਇਸ ਕੰਮ ਨੂੰ ਪੂਰਾ ਕਰ ਸਕੇ ਅਤੇ ਬਹੁਤ ਘੱਟ ਯੂਰਪੀਨ ਭਾਰਤ ਸਰਕਾਰ ਦੀ ਨੌਕਰੀ ਤੋਂ ਸੇਵਾ ਮੁਕਤ ਹੋ ਕੇ ਕਈ ਸਾਲ ਭਾਰਤ ਇਕੱਲੇ ਰਹਿ ਕੇ ਮੱਧਕਾਲੀਨ ਭਾਰਤੀ ਉਪ-ਭਾਸ਼ਾਵਾਂ ਦਾ ਅਧਿਐਨ ਕਰਕੇ ਅਤੇ ਗਿਆਨੀਆਂ ਦੀ ਕਲਪਨਾ ਕ੍ਰਿਤੀ ਨੂੰ ਮੰਨ ਸਕਦੇ ਹਨ। ਪਰ ਜੇਕਰ ਵਿਗਿਆਨ ਦੇ ਮਨੋਰਥ ਵਾਸਤੇ ਕੁਰਬਾਨੀ ਲਈ ਵਿਦਵਾਨ ਲੱਭ ਵੀ ਲਏ ਜਾਣ ਤਾਂ ਉਹਨਾਂ ਨੂੰ ਲੋੜੀਂਦੀ ਸਹਾਇਤਾ ਨਹੀਂ ਮਿਲੇਗੀ ਕਿਉਂਕਿ ਸਮੇਂ ਨਾਲ ਗੁਰੂ ਗ੍ਰੰਥ ਦੇ ਮੁੱਖ ਵਿਆਖਿਆਕਾਰ ਚੜ੍ਹਾਈ ਕਰ ਗਏ ਹੋਣਗੇ ਤੇ ਸਰਪ੍ਰਸਤੀ ਦੀ ਘਾਟ ਕਰਕੇ ਉਹਨਾਂ ਦੀ ਥਾਂ ਤੇ ਹੋਰ ਨਹੀਂ ਆਉਣਗੇ। ਇਸ ਤੱਥ ਕਰਕੇ ਭੀ ਕੋਈ ਸਿੱਖ ਵਿਦਵਾਨ ਸਾਡੀ ਬੋਲੀ ਵਿਚ ਪ੍ਰਮਾਣਿਕ ਅਤੇ ਸਰਬੰਗੀ ਰਚਨਾ ਆਪਣੇ ਧਰਮ ਬਾਰੇ ਨਹੀਂ ਕਰ ਸਕੇਗਾ ਭਾਵੇਂ ਉਹ ਕਿੰਨਾ ਹੀ ਅੰਗਰੇਜ਼ੀ ਦਾ ਜਾਣੂ ਹੋਵੇ ਅਤੇ ਕਾਫੀ ਵਸੀਲੇ ਅਤੇ ਮਿਹਨਤ ਕਰਨ ਦੀ ਸਮਰੱਥਾ ਰੱਖਦਾ ਹੋਵੇ।

ਪੁਰਾਣੇ ਪ੍ਰਚਾਰਕ ਕਿਹਾ ਕਰਦੇ ਸਨ "ਕਿਤਾਬਾਂ ਲਿਖਣ ਦਾ ਕੋਈ ਅੰਤ ਨਹੀਂ।" ਪਿਛਲੀ ਸਦੀ ਵਿਚ ਕਿਤਾਬਾਂ ਦੀਆਂ ਪ੍ਰਕਾਸ਼ਨਾਵਾਂ ਰੇਖਾ ਗਿਣਤੀ ਅਨੁਪਾਤ ਨਾਲ ਵਧੀਆ ਹਨ ਤੇ ਉਹ ਗਿਣਤੀ ਬਹੁਤ ਜ਼ਿਆਦਾ ਹੋਵੇਗੀ ਜੋ ਬਜ਼ਾਰਾਂ ਅਤੇ ਕਿਤਾਬਾਂ ਦੀਆਂ ਦੁਕਾਨਾਂ ਤੇ ਰੁਲਦੀਆਂ ਹਨ। ਇਸ ਪੁਸਤਕ ਦਾ ਕਰਤਾ ਆਸ ਕਰਦਾ ਹੈ ਕਿ ਇਹ ਰਚਨਾ ਜਿਸ ਵਿਚ ਸੰਸਾਰ ਦੇ ਆਖ਼ਰੀ ਮਹਾਨ ਧਰਮ ਦਾ ਹਾਲ ਹੈ ਤੇ ਜਿਸ ਤੇ ਪਹਿਲਾਂ ਕੰਮ ਨਹੀਂ ਹੋਇਆ ਆਮ ਕਿਤਾਬਾਂ ਵਾਲੇ ਸਲੂਕ ਤੋਂ ਬਚੀ ਰਹੇਗੀ। ਇਸ ਦੇ ਨਾਲ ਹੀ ਕਿਸੇ ਵੱਡੀ ਲਾਇਬਰੇਰੀ 'ਚੋਂ ਪਈਆਂ ਕਿਤਾਬਾਂ ਤੇ ਇਕ ਝਾਤ ਕਿਸੇ ਲਿਖਾਰੀ ਦੀ ਸਾਹਿਤਕ ਮਿਹਨਤ ਦੀ ਨਿਰਾਰਥਕਤਾ ਦਾ ਯਕੀਨ ਦੁਆਏਗੀ। ਜੇਕਰ ਉਸ ਨੂੰ ਸ਼ੁਹਰਤ ਦਾ ਪਿਆਰ ਆਪਣੇ ਵਿਸ਼ੇ ਦੇ ਪਿਆਰ ਨਾਲੋਂ ਜ਼ਿਆਦਾ ਹੋਵੇ। ਮਿਹਨਤ ਨਾਲ ਬਣਾਈਆਂ ਤਸਵੀਰਾਂ ਨਾਲ ਜਿਲਦ ਕੀਤੀਆਂ ਪੁਰਾਣੀਆਂ ਤੇ ਧੁੰਦਲੀਆਂ ਕਿਤਾਬਾਂ ਜੋ ਹੁਣ

ਕੋਈ ਨਹੀਂ ਪੜ੍ਹਦਾ ਅਕਸਰ ਕਈ ਸਾਲਾਂ ਦੀ ਮਿਹਨਤ ਨਾਲ ਸਗੋਂ ਸਿਹਤ ਜਾਂ ਜੀਵਨ ਦਾ ਮੁੱਲ ਦੇ ਕੇ ਹੋਂਦ ਵਿਚ ਆਈਆਂ- ਹੁਣ ਆਰਜ਼ੀ ਸ਼ੁਹਰਤ ਦੀ ਯਾਦਗਾਰ ਅਤੇ ਮਨੁੱਖੀ ਯਤਨਾਂ ਦੀ ਅਸਫ਼ਲਤਾ ਬਣ ਕੇ ਰਹਿ ਗਈਆਂ ਹਨ। ਇਸ ਤੋਂ ਵੀ ਭੈੜਾ ਹਾਲ ਕਿਤਾਬ ਰਚਨ ਵਾਲਿਆਂ ਦਾ ਹੈ-ਭਾਵ ਬੇ-ਕਦਰੀ ਜੋ ਉਹਨਾਂ ਨੂੰ ਸਾਹਿਤਿਕ ਕੰਮਾਂ ਵਿਚ ਲਾਈ ਸਖ਼ਤ ਮਿਹਨਤ ਜਾਂ ਵਿਗਿਆਨਿਕ ਖੋਜ ਵਿਚ ਕੀਤੀ ਘਾਲ ਦੇ ਬਦਲੇ ਪ੍ਰਾਪਤ ਹੁੰਦੀ ਹੈ। ਸੁਖਾਵੇਂ ਹਾਲਾਤ ਵਿਚ ਵੀ ਇਸ ਪ੍ਰਕਾਰ ਦੀ ਵਿਸਤ੍ਰਿਤ ਰਚਨਾ ਜਿਸ ਦੇ ਹੋਂਦ ਵਿਚ ਲਿਆਉਣ ਲਈ ਜੀਵਨ ਦੇ ਕਈ ਸਾਲ ਲੱਗੇ ਹੋਣ ਦੇ ਕਰਤਾ ਨੂੰ ਸਦਾ ਆਪਣੇ ਪਿਆਰ ਕਰਨ ਵਾਲਿਆਂ ਜਿਨ੍ਹਾਂ ਨੂੰ ਉਹ ਪ੍ਰਸੰਨ ਕਰਨਾ ਚਾਹੁੰਦਾ ਹੈ, ਦੀ ਪ੍ਰਵਾਨਗੀ ਦੇ ਆਰਜ਼ੀ ਇਨਾਮ ਦੀ ਸਦਾ ਆਸ ਨਹੀਂ ਹੋ ਸਕਦੀ ਕਿਉਂਕਿ ਜਾਂ ਤਾਂ ਉਹਨਾਂ ਦੇ ਸਾਲਾਂ ਦਾ ਮਾਪ ਭਰ ਗਿਆ ਹੋਵੇਗਾ ਜਾਂ ਦੂਰੀ ਤੇ ਵੱਖ-ਵੱਖ ਦਿਲਚਸਪੀਆਂ ਨੇ ਆਪਸੀ ਖੁਸ਼ੀ ਦੇ ਜਜ਼ਬੇ ਨੂੰ ਖੁੰਢਾ ਕਰ ਦਿੱਤਾ ਹੋਵੇਗਾ ਜੋ ਖੁਸ਼ੀ ਉਸ ਦੀ ਕਾਮਯਾਬੀ ਦਾ ਸਿੱਟਾ ਹੋ ਸਕਦੀ ਸੀ।

ਰਾਇਲ ਸੁਸਾਇਟੀਜ਼ ਕਲੱਬ

ਮੈਕਸ ਆਰਥਰ ਮੈਕਾਲਿਫ਼

ਵਿਸ਼ਾ-ਸੂਚੀ

ਪ੍ਵੇਸ਼ਿਕਾ

ਭਾਗ ਪਹਿਲਾ

ਈਸਵੀ ਕਾਲ ਦੀ ਪੰਦਰ੍ਹਵੀਂ ਸਦੀ ਮਾਨਸਿਕ ਤੇ ਰਾਜਸੀ ਜਾਗ੍ਤੀ ਦਾ ਇਕ ਵਿਲੱਖਣ ਸ਼ਮਾਂ ਸੀ। ਭਾਰਤ ਤੇ ਯੂਰਪ ਦੋਂਹਾਂ ਵਿਚ ਮਨੁੱਖ ਸਦੀਆਂ ਦੀ ਨੀਂਦ ਤੋਂ ਜਾਗ ਕੇ ਬੌਧਿਕ ਜ਼ਿੰਮੇਵਾਰੀਆਂ ਨੂੰ ਪਹਿਚਾਨਣ ਲੱਗੇ। ਇਹ ਸੱਚ ਹੈ ਕਿ ਇਸ ਨਤੀਜੇ ਲਈ ਜ਼ਰੂਰੀ ਤਿਆਰੀਆਂ ਚੌਂਦ੍ਹਵੀਂ ਸਦੀ ਵਿਚ ਹੀ ਹੋ ਚੁੱਕੀਆਂ ਸਨ ਜਦੋਂ ਈਸਾਈ ਸੁਧਾਰਕ ਵਾਲਟਰ ਲੋਲਾਰਡ ਅਤੇ ਜੋਹਨ ਹੱਸ ਨੇ ਪ੍ਚਾਰ ਕੀਤਾ ਅਤੇ ਆਪਣੇ ਸਿਧਾਂਤਾਂ ਦੇ ਕਾਰਨ ਮਾਰੇ ਗਏ, ਜਦੋਂ ਬਰਤਾਨੀਆਂ ਦਾ ਕਾਵਿਕ ਸਾਹਿਤ ਚੌਸਰ ਤੇ ਗੋਅਰ ਦੁਆਰਾ ਇਕ ਠੋਸ ਰੂਪ ਧਾਰਨ ਕਰ ਗਿਆ, ਜਦੋ ਯੂਰਪ ਵਿਚ ਮੁਸਲਮਾਨਾਂ ਨੇ ਧਰੇਸ ਤੇ ਹੰਗਰੀ ਵਿਚ ਆਪਣੀ ਜਗ੍ਹਾ ਬਣਾ ਲਈ ਅਤੇ ਜਦੋਂ ਭਾਰਤ ਵਿਚ ਸ਼ਕਤੀਸ਼ਾਲੀ ਤੇ ਚਲਾਕ ਬ੍ਾਹਮਣਾਂ ਦੇ ਬੁੱਧ ਧਰਮ ਨੂੰ ਉਖਾੜ ਕੇ ਬਾਹਰ ਕੱਢਣ ਤੋਂ ਬਾਅਦ ਭਾਰਤੀ ਇਕ ਈਸ਼ਵਰਵਾਦ ਦੇ ਮਹਾਨ ਵਿਆਖਿਆਕਾਰ ਸੰਤ ਕਬੀਰ ਤੇ ਗਿਆਨਵਾਨ ਰਾਮਾਨੰਦ ਦੇ ਵਿਚਾਰ ਪ੍ਫੁੱਲਿਤ ਹੋਏ।

ਪਰ ਚੌਂਦ੍ਹਵੀਂ ਸਦੀ ਦੀ ਮਾਨਸਿਕ ਜਾਗ੍ਤੀ ਦਾ ਫਲ ਪੰਦਰ੍ਹਵੀਂ ਸਦੀ ਨੂੰ ਹੀ ਮਿਲਣਾ ਲਿਖਿਆ ਸੀ। ਬਰਤਾਨੀਆਂ ਵਿਚ ਯੂਨਾਨ ਦੀ ਪੁਰਾਤਨ ਭਾਸ਼ਾ ਨੂੰ ਲੋਕਾਂ ਨੇ ਪੜ੍ਹਨਾ ਸ਼ੁਰੂ ਕਰ ਦਿੱਤਾ, ਈਸਾਈ ਧਰਮ ਦੇ ਸੁਧਾਰਕ ਕੰਮਾਂ ਨੂੰ ਹੋਰ ਬੜ੍ਹਾਵਾ ਮਿਲਿਆ ਅਤੇ ਰਾਜਸੀ ਤੌਰ ਤੇ ਗੁਲਾਮੀ ਦਾ ਰਾਜਸੀ ਸੰਸਥਾ ਦੇ ਰੂਪ ਵਿਚ ਖਾਤਮਾ ਹੋਇਆ। ਫਰਾਂਸ ਵਿਚ ਸਰਕਾਰ ਨੂੰ ਕਈ ਮਹਾਨ ਜਾਗੀਰਦਾਰਾਂ ਦੇ ਮਿਲ ਜਾਣ ਨਾਲ ਪਕਿਆਈ ਮਿਲੀ ਅਤੇ ਫਰਾਂਸ ਦੇ ਬਾਦਸ਼ਾਹ ਚਾਰਲਸ ਪੰਜਵੇਂ ਨੇ ਦਖਣੀ ਇੱਟਲੀ ਦੀ ਸੁੰਦਰ ਰਾਜਧਾਨੀ ਤੇ ਕਾਮਯਾਬ ਹਮਲਾ ਕੀਤਾ, ਜਰਮਨੀ ਵਿਚ ਲੂਥਰ ਦਾ ਜਨਮ ਹੋਇਆ ਅਤੇ ਵੱਖ-ਵੱਖ ਤਰ੍ਹਾਂ ਦੀ ਛਪਾਈ ਵਰਗੀ ਕੀਮਤੀ ਕਲਾ ਦਾ ਪੁਨਰ-ਨਿਰਮਾਣ ਤੇ ਵਿਕਾਸ ਹੋਇਆ। ਇਟਲੀ ਵਿਚ ਸੂਖਮ ਕਲਾਵਾਂ ਫਿਰ ਤੋਂ ਸੁਰਜੀਤ ਹੋਈਆਂ ਅਤੇ ਪ੍ਸਿੱਧ ਜਹਾਜ਼ ਰਾਨ ਕੋਲੰਬਸ ਤੇ ਐਮਰੀਗੋ ਵੈਸਪੂਕੀ ਦਾ ਜਨਮ ਹੋਇਆ, ਮਹਾਨ ਆਗੂ ਮਿਚਲ ਐਨਜਲੋ, ਰੈਫੀਲ ਅਤੇ ਲੀਓਨਾਰਡੋ ਡਾ. ਵਿਨਸੀ ਅਤੇ ਲਫਜ਼ਾ ਦੇ ਸ਼ਾਨਦਾਰ ਪ੍ਸ਼ੰਸਕ ਲੋਰੈਨਜ਼ੋ ਡੀ ਮੋਡੀਸੀ ਹੋਏ।

ਸਪੇਨ ਵਿਚ ਫਰਡੀਨੈਂਡ ਤੇ ਇਸਾਬੇਲਾ ਨੇ ਚਾਹੇ ਮੁਸਲਮਾਨਾਂ ਤੇ ਯਹੂਦੀਆਂ ਦੇ ਵਿਰੁੱਧ ਅਸੰਜਮ ਤਰੀਕੇ ਨਾਲ ਧਾਰਮਿਕ ਜੋਸ਼ ਨਾਲ ਮਜ਼ਹਬੀ ਦੋਸ਼ੀਆਂ ਦਾ ਫੈਸਲਾ ਕਰਵਾਇਆ ਪਰ

ਉਹਨਾਂ ਦੀ ਦੁਨੀਆਂ ਲਈ ਉਦਾਰਤਾ ਭਵਿੱਖ ਵਿਚ ਪ੍ਰਤੱਖ ਨਜ਼ਰ ਆਈ, ਜੋ ਸ਼ਲਾਘਾਯੋਗ ਮੰਨੀ ਜਾਣੀ ਚਾਹੀਦੀ ਹੈ। ਪੁਰਤਗਾਲ ਵਿਚ ਵਾਸਕੋਡੀਗਾਮਾ ਨੇ ਜਨਮ ਲਿਆ ਉਸ ਨੇ ਹਿੰਮਤੀ ਬਾਦਸ਼ਾਹ ਇਮਾਨਿਊਲ ਦੇ ਉਤਸ਼ਾਹ ਨਾਲ ਭਾਰਤ ਆਉਣ ਦਾ ਸਮੁੰਦਰੀ ਰਸਤਾ ਸਟੋਰਮਜ਼ ਦੇ ਦੀਪ ਵਲੋਂ ਲਭਿਆ। ਯੂਰਪ ਵਿਚ ਮੁਸਲਮਾਨਾਂ ਨੇ ਟਰਕੀ ਤੇ ਮਿਸਰ ਨੂੰ ਜਿੱਤ ਲਿਆ ਅਤੇ ਇਟਲੀ ਦੇ ਪੁਰਾਤਨ ਸ਼ਹਿਰ ਓਟਰੈਂਟੋ ਤੇ ਕਬਜ਼ਾ ਕਰ ਲਿਆ ਅਤੇ ਏਸ਼ੀਆ ਵਿਚ ਤੈਮੂਰ ਨੇ ਆਪਣੇ ਜਿੱਤੇ ਹੋਏ ਇਲਾਕੇ ਨੂੰ ਉੱਤਰ ਵਿਚ ਸਾਇਬੇਰੀਆ ਤੱਕ, ਦੱਖਣ ਵਿਚ ਅਰਬ ਸਾਗਰ ਤੱਕ, ਪੂਰਬ ਵਿਚ ਗੰਗਾ ਤਕ ਤੇ ਪੱਛਮ ਵਿਚ ਯੂਨਾਨ ਤੱਕ ਵਧਾ ਲਿਆ।

ਅਗਿਆਨਤਾ ਦੇ ਯੁੱਗ ਵਿਚ ਭਾਰਤ ਤੇ ਯੂਰਪ ਦੀ ਆਤਮਿਕ ਅਵਸਥਾ ਵਿਚ ਇਕ ਹੈਰਾਨ ਕਰਨ ਵਾਲੀ ਸਮਾਨਤਾ ਹੈ। ਯੂਰਪ ਵਿਚ ਬਹੁਤ ਸਾਰੀਆਂ ਧਾਰਮਿਕ ਲਿਖਤਾਂ ਲਈ ਲਾਤੀਨੀ ਭਾਸ਼ਾ ਦਾ ਇਸਤੇਮਾਲ ਹੁੰਦਾ ਸੀ ਅਤੇ ਭਾਰਤ ਵਿਚ ਸੰਸਕ੍ਰਿਤ ਦਾ। ਦੋਹਾਂ ਉਪ-ਦੀਪਾਂ ਵਿਚ ਸਿਖਿਆ ਦਾ ਸਾਰਾ ਕੰਮ ਪੁਜਾਰੀ ਜਾਂ ਪਾਦਰੀਆਂ ਦੇ ਹੱਥ ਵਿਚ ਸੀ ਜਿਸ ਕਰਕੇ ਯਕੀਨਨ ਗੰਭੀਰ ਦੁਰਉਪਯੋਗ ਦੀਆਂ ਸਮੱਸਿਆਵਾਂ ਉਤਪੰਨ ਹੋ ਰਹੀਆਂ ਸਨ। ਦੋਹਾਂ ਉਪਦੀਪਾਂ ਤੇ ਇਕ ਮਹਾਨ ਸੁਧਾਰਕ ਲਹਿਰ ਦਾ ਗੇੜ ਚਾਲੂ ਹੋਇਆ। ਜਿਸ ਸਮੇਂ ਯੂਰਪ ਵਿਚ ਲੂਥਰ ਅਤੇ ਕੈਲਵਿਨ ਲੋਕਾਂ ਨੂੰ ਈਸਾਈ ਧਰਮ ਵਿਚ ਸ਼ਾਮਲ ਹੋ ਚੁੱਕੀਆਂ ਬੁਰਾਈਆਂ ਬਾਰੇ ਚੇਤਾਵਨੀ ਦੇ ਰਹੇ ਸਨ ਉਸੇ ਸਮੇਂ ਬਹੁਤ ਸਾਰੇ ਭਾਰਤੀ ਸੰਤ, ਪੁਜਾਰੀ ਜਮਾਤ ਦੇ ਪਖੰਡ ਤੇ ਬੁੱਤ ਪੂਜਾ ਦਾ ਕਾਫੀ ਸਫਲਤਾ ਨਾਲ ਖੰਡਨ ਕਰ ਰਹੇ ਸਨ। ਜਿਨ੍ਹਾਂ ਮਹਾਨ ਮਨੁੱਖਾਂ ਨੇ ਵਹਿਮਾਂ ਭਰਮਾਂ ਵਿਰੁੱਧ ਅੰਦੋਲਨ ਚਲਾਏ ਉਹਨਾਂ ਵਿਚੋਂ ਕਾਫੀਆਂ ਨੇ ਆਪਣੇ ਮੱਤ ਚਲਾਏ ਜੋ ਹੁਣ ਤਕ ਪ੍ਰਚਲਿਤ ਹਨ ਪਰ ਇਹਨਾਂ ਵਿਚੋਂ ਸਭ ਤੋਂ ਜ਼ਿਆਦਾ ਮੰਨਿਆ ਜਾਣ ਵਾਲਾ ਤੇ ਪ੍ਰਭਾਵਸ਼ਾਲੀ ਮਹਾਨ ਸਿੱਖ ਮੱਤ ਹੈ ਜਿਸ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਸਨ। ਪੰਜਾਬ ਦੀ ਅਬਾਦੀ ਦਾ ਕਾਫੀ ਹਿੱਸਾ ਸਿੱਖ ਮੱਤੇ ਨੂੰ ਹੁਣ ਵੀ ਮੰਨਣ ਵਾਲਾ ਹੈ ਅਤੇ ਸਿੱਖ ਸਿਰਫ਼ ਸਾਰੇ ਭਾਰਤ ਵਿਚ ਹੀ ਕੁਝ ਘਟ ਤੇ ਕੁਝ ਵੱਧ ਗਿਣਤੀ ਵਿਚ ਨਹੀਂ ਫੈਲੇ ਹੋਏ ਬਲਕਿ ਕਾਬਲ, ਕੰਧਾਰ, ਚੀਨ ਤੇ ਦੱਖਣੀ ਏਸ਼ੀਆ ਵਿਚ ਵੀ ਹਨ।

ਨਵੇਂ ਧਰਮਾਂ ਦੀ ਸਥਾਪਨਾ ਦਾ ਇਕ ਸਾਂਝਾ ਕਾਰਨ ਜੋ ਆਮ ਕਰਕੇ ਸਮਝਿਆ ਜਾਂਦਾ ਹੈ ਉਹ ਇਹ ਹੈ ਕਿ ਇਹ ਭਾਰੀ ਰਾਜਨੀਤਿਕ ਜਾਂ ਸਮਾਜਕ ਅੰਧਕਾਰ ਦੇ ਸਮਿਆਂ ਵਿਚ ਉਤਪੰਨ ਹੁੰਦੇ ਹਨ ਜਦੋਂ ਮਨੁੱਖਾਂ ਨੂੰ ਅਗਵਾਈ ਲਈ ਤੇ ਆਤਮਿਕ ਢਾਰਸ ਲਈ ਕਿਸੇ ਅਲੌਕਿਕ ਸਖ਼ਸ਼ੀਅਤ ਦੇ ਸਹਾਰੇ ਦੀ ਲੋੜ ਪੈਂਦੀ ਹੈ। ਫੇਰ ਜਦੋਂ ਅੰਧਕਾਰ ਸਭ ਤੋਂ ਵੱਧ ਹੁੰਦਾ ਹੈ ਤਾਂ ਕੋਈ ਪੈਗੰਬਰ ਜਨਮ ਲੈਂਦਾ ਹੈ, ਸ਼ਾਇਦ ਕਿਸੇ ਨਿਮਾਣੀ ਜਿਹੀ ਬਸਤੀ ਵਿਚ ਅਗਿਆਨਤਾ ਦੇ ਭਾਰ ਹੇਠਾਂ ਦਬੇ ਲੋਕਾਂ ਨੂੰ ਦਿਲਾਸਾ ਦੇਣ ਲਈ ਤੇ ਉਹਨਾਂ ਦੀ ਸੋਚ ਨੂੰ ਉਜਲੇ ਤੇ ਸੁਖੀ ਸੰਸਾਰ ਤੱਕ ਉਭਾਰਨ ਲਈ। ਇਤਿਹਾਸਕਾਰਾਂ ਨੇ ਇਕ ਸੂਚਕ ਘਟਨਾ ਨੂੰ ਦਰਸਾਇਆ ਹੈ। ਜਦੋਂ ਜੁਡੇਸ਼ੀਆਂ, ਹੈਰੋਡ ਦੇ ਜ਼ੁਲਮਾਂ ਹੇਠਾਂ ਦੁੱਖ ਝੱਲ ਰਿਹਾ ਸੀ ਤਾਂ ਉਸ ਮਨੁੱਖ ਦਾ ਜਨਮ ਹੋਇਆ ਜਿਸਨੂੰ ਸੰਸਾਰ ਦੀਆਂ ਸਭ ਤੋਂ ਆਧੁਨਿਕ ਨਸਲਾਂ ਨੇ ਮਸੀਹ ਕਿਹਾ ਹੈ।

ਇਸ ਤਰ੍ਹਾਂ ਲਗਦਾ ਹੈ ਕਿ ਗੁਰੂਆਂ ਦਾ ਵੀ ਇਹ ਹੀ ਖ਼ਿਆਲ ਸੀ ਰੱਬ ਉਦੋਂ ਦੈਵੀ ਰਹਿਨੁਮਾ ਨੂੰ ਭੇਜਦਾ ਹੈ ਜਦੋਂ ਕਿਸੇ ਸਮੇਂ ਤੇ ਦੇਸ਼ ਦੇ ਹਾਲਾਤਾਂ ਵਿਚ ਉਸਦੀ ਲੋੜ ਹੋਵੇ। ਤੀਸਰੇ ਗੁਰੂ, ਗੁਰੂ ਅਮਰਦਾਸ ਜੀ ਨੇ ਲਿਖਿਆ ਹੈ :

ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੮੧)

ਭਾਵ ਕਿ ਰੱਬ ਦੇ ਹੁਕਮ ਨਾਲ ਗੁਰੂ ਦਾ ਦੁਨੀਆਂ ਤੇ ਆਗਮਨ ਹੁੰਦਾ ਹੈ ਤੇ ਉਹ ਸਾਰਿਆਂ ਨੂੰ ਭਰਪੂਰ ਸਿਖਿਆ ਦਿੰਦਾ ਹੈ ਜੋ ਉਸ ਨੂੰ ਲੈਣ ਲਈ ਤਿਆਰ ਹੋਣ।

ਅਸਲ ਵਿਚ ਮੱਧ ਕਾਲ ਵਿਚ ਮੁਸਲਮਾਨਾਂ ਦੀਆਂ ਭਾਰਤ ਦੀਆਂ ਜਿੱਤਾਂ ਦੌਰਾਨ ਕਈ ਇਹੋ ਜਿਹੀਆਂ ਘਟਨਾਵਾਂ ਹੋਈਆਂ ਜਿਨ੍ਹਾਂ ਕਰਕੇ ਹਿੰਦੂ ਜ਼ਿੰਦਗੀ ਨੂੰ ਗੰਭੀਰ ਢੰਗ ਨਾਲ ਸੋਚਣ ਲੱਗ ਪਏ। ਕਾਫੀ ਵਿਸ਼ਨੂੰ, ਸ਼ਿਵ ਤੇ ਹੋਰ ਹਿੰਦੂ ਦੇਵਤਿਆਂ ਦੇ ਅਨੁਯਾਈਆਂ ਨੂੰ ਇਸ ਸਮੇਂ ਦੌਰਾਨ ਅਰਬ ਦੇ ਪੈਗੰਬਰ ਦਾ ਧਰਮ ਜ਼ਬਰਨ ਅਪਨਾਉਣਾ ਪਿਆ ਤੇ ਕਈ ਸੰਸਾਰਕ ਫ਼ਾਇਦੇ ਲਈ ਮੁਸਲਮਾਨ ਬਣ ਗਏ। ਪਰ ਜਿਨ੍ਹਾਂ ਦੇ ਮਨ ਧਰਮ ਵਲ ਬੜੇ ਪੱਕੇ ਸਨ ਉਹਨਾਂ ਨੇ ਜ਼ੁਲਮ ਤੋਂ ਬਚਣ ਲਈ ਰੇਗਿਸਤਾਨ ਦੀ ਵੀਰਾਨਗੀ ਵਿਚ ਜਾਂ ਜੰਗਲਾਂ ਵਿਚ ਪਨਾਹ ਲੈ ਲਈ ਅਤੇ ਇਕ ਮਨ ਹੋ ਕੇ ਧਾਰਮਿਕ ਸਚਾਈ ਨੂੰ ਖੋਜਣਾ ਸ਼ੁਰੂ ਕਰ ਦਿੱਤਾ ਜਿਵੇਂ ਭਾਰਤ ਦੇ ਪ੍ਰਾਚੀਨ ਸੁਨਹਿਰੇ ਕਾਲ ਵਿਚ ਹੁੰਦਾ ਸੀ।

ਮੁਸਲਮਾਨ ਹਮਲਾਵਰ ਭਾਰਤ ਨੂੰ ਜਿੱਤਣ ਤੋਂ ਬਾਅਦ ਹਿੰਦੂਆਂ ਨਾਲ ਕੀ ਸਲੂਕ ਕਰਦੇ ਸਨ, ਇਸ ਦੀਆਂ ਕੁਝ ਉਦਾਹਰਨਾਂ ਅਸੀਂ ਹੁਣ ਮੁਸਲਮਾਨ ਇਤਿਹਾਸਕਾਰਾਂ ਦੀਆਂ ਲਿਖਤਾਂ ਵਿਚੋਂ ਦੇਵਾਂਗੇ :

ਗਜ਼ਨੀ ਦਾ ਬਾਦਸ਼ਾਹ ਸ਼ਹਾਬ-ਉ-ਦੀਨ ਜਿਸਨੂੰ ਭਾਰਤ ਵਿਚ ਮੁਸਲਮਾਨ ਰਾਜ ਦਾ ਇਕ ਤਰ੍ਹਾਂ ਬਾਨੀ ਕਿਹਾ ਜਾਂਦਾ ਹੈ (1170-1206) ਨੇ ਅਜਮੇਰ ਤੇ ਦਿੱਲੀ ਦੇ ਰਾਜੇ ਪ੍ਰਿਥਵੀ ਰਾਜ ਨੂੰ ਬੜੀ ਬੇਦਰਦੀ ਨਾਲ ਕਤਲ ਕਰ ਦਿਤਾ ਸੀ। ਉਸਨੇ ਹਜ਼ਾਰਾਂ ਦੀ ਗਿਣਤੀ ਵਿਚ ਅਜਮੇਰ ਨਿਵਾਸੀਆਂ ਨੂੰ ਜਿਨ੍ਹਾਂ ਉਸ ਦੀ ਵਿਰੋਧਤਾ ਕੀਤੀ, ਮਾਰਿਆ ਤੇ ਬਾਕੀਆਂ ਨੂੰ ਗੁਲਾਮ ਬਣਾ ਲਿਆ। ਕਿਹਾ ਜਾਂਦਾ ਹੈ ਕਿ ਬਨਾਰਸ ਦੇ ਰਾਜੇ ਨੂੰ ਜਿੱਤਣ ਤੋਂ ਬਾਅਦ ਹਿੰਦੂਆਂ ਦਾ ਬਹੁਤ ਗਿਣਤੀ ਵਿਚ ਕਤਲੇਆਮ ਹੋਇਆ। ਔਰਤਾਂ ਤੇ ਬੱਚਿਆਂ ਤੋਂ ਸਿਵਾਏ ਕਿਸੇ ਆਦਮੀ ਨੂੰ ਨਹੀਂ ਬਖਸ਼ਿਆ ਗਿਆ ਸੀ। ਕਿਹਾ ਜਾਂਦਾ ਹੈ ਕਿ ਮਰਦਾਂ ਦੀ ਵੱਢਾ-ਕੱਟੀ ਉਦੋਂ ਤੱਕ ਚਲਦੀ ਰਹੀ ਜਦੋਂ ਤਕ ਧਰਤੀ ਇਸ ਤਰ੍ਹਾਂ ਦੇ ਲਗਾਤਾਰ ਕੰਮ ਤੋਂ ਤੰਗ ਨਾ ਪੈ ਗਈ। (ਵੇਖੋ ਕਾਮੀਲੂਟ ਤਵਾਰੀਖ ਕ੍ਰਿਤ ਇਬਨ ਅਸੀਰ ਅਤੇ ਇਲਫਿਨਸਟੋਨ ਦੀ ਹਿਸਟਰੀ ਆਫ ਇੰਡੀਆ)

ਨਿਜ਼ਾਮ-ਨੇਸ਼ਾਪੁਰੀ ਨੇ ਤਾਜ-ਉਲ ਮੁਆਸਰ ਵਿਚ ਦੱਸਿਆ ਹੈ ਕਿ ਕੁਤਬ-ਉਲ-ਦੀਨ ਐਬਕ (1194-1210 ਈਸਵੀ) ਨੇ ਮੇਰਠ ਨੂੰ ਜਿੱਤਿਆ ਤੇ ਉਥੋਂ ਦੇ ਸਾਰੇ ਹਿੰਦੂ ਮੰਦਰਾਂ ਨੂੰ ਢਾਹ ਦਿੱਤਾ ਤੇ ਉਹਨਾਂ ਦੀ ਜਗ੍ਹਾ ਤੇ ਮਸਜਿਦਾਂ ਉਸਾਰ ਦਿੱਤੀਆਂ। ਕੋਇਲ ਦੇ ਸ਼ਹਿਰ ਵਿਚ ਜਿਸ ਨੂੰ

ਅੱਜ-ਕੱਲ੍ਹ ਅਲੀਗੜ੍ਹ ਕਿਹਾ ਜਾਂਦਾ ਹੈ, ਉਸਨੇ ਤਲਵਾਰ ਦੀ ਧਾਰ ਨਾਲ ਹਿੰਦੂਆਂ ਨੂੰ ਜਬਰਨ ਮੁਸਲਮਾਨ ਬਣਾ ਦਿੱਤਾ ਤੇ ਜੋ ਨਾ ਮੰਨੇ ਉਹਨਾਂ ਦਾ ਸਿਰ-ਧੜ ਤੋਂ ਅਲੱਗ ਕਰ ਦਿੱਤਾ। ਕਾਲਿੰਜਰ ਦੇ ਸ਼ਹਿਰ ਵਿਚ ਉਸਨੇ ਇਕ ਸੌ ਤੇਰਾਂ ਹਿੰਦੂ ਮੰਦਰਾਂ ਨੂੰ ਢਾਹ ਕੇ ਉਥੇ ਮਸਜਿਦਾਂ ਬਣਾ ਦਿੱਤੀਆਂ ਅਤੇ ਇਕ ਲੱਖ ਹਿੰਦੂਆਂ ਦਾ ਕਤਲ ਕੀਤਾ ਤੇ ਹੋਰ ਪੰਜਾਹ ਹਜ਼ਾਰ ਨੂੰ ਗੁਲਾਮ ਬਣਾ ਲਿਆ। ਕਿਹਾ ਜਾਂਦਾ ਹੈ ਕਿ ਉਹ ਜਗ੍ਹਾ ਹਿੰਦੂਆਂ ਦੀਆਂ ਮੁਰਦਾ ਲਾਸ਼ਾਂ ਦੇ ਗਲਨ ਕਰਕੇ ਕਾਲੀ ਸਿਆਹ ਹੋ ਗਈ। ਮਿਨਾਜੁਲ-ਸਿਰਾਜ ਦੀ ਲਿਖੀ ਹੋਈ ਤਬਾਕਤੇ-ਨਾਸਰੀ ਵਿਚ ਇਹ ਅੰਕਿਤ ਹੈ ਕਿ ਜਦੋਂ ਬਖ਼ਤਿਆਰ ਖਿਲਜੀ ਨੇ ਬਿਹਾਰ ਨੂੰ ਜਿੱਤਿਆ ਤਾਂ ਉਸਨੇ ਇਕ ਲੱਖ ਬ੍ਰਾਹਮਣਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਤੇ ਪ੍ਰਾਚੀਨ ਸੰਸਕ੍ਰਿਤ ਲਿਖਤਾਂ ਦੀ ਲਾਇਬਰੇਰੀ, ਜੋ ਬਹੁਤ ਕੀਮਤੀ ਸੀ, ਉਸ ਨੂੰ ਜਲਾ ਦਿੱਤਾ।

ਅਬਦੁਲਾ ਵਸਾਫ ਆਪਣੀ ਤਾਜੀਅਤ-ਉਲ-ਅਮਸਾਰ ਅਤੇ ਤਾਜੀਉਤ-ਉਲ ਅਸਾਰ ਵਿਚ ਲਿਖਦਾ ਹੈ ਕਿ ਜਦੋਂ ਅਲਾ-ਉਲ-ਦੀਨ ਖਿਲਜੀ (1295-1316) ਨੇ ਕੈਂਬੇ ਦੀ ਖਾੜੀ ਦੇ ਸਿਰੇ ਤੇ ਕੰਮਬਾਇਤ ਸ਼ਹਿਰ ਨੂੰ ਜਿੱਤਿਆ ਤਾਂ ਉਸਨੇ ਇਸਲਾਮ ਲਈ ਹਿੰਦੂ ਮਰਦਾਂ ਨੂੰ ਮਾਰ ਕੇ ਖ਼ੂਨ ਦੀਆਂ ਨਦੀਆਂ ਬਹਾ ਦਿੱਤੀਆਂ, ਔਰਤਾਂ ਨੂੰ ਉਹਨਾਂ ਦੇ ਸੋਨੇ, ਚਾਂਦੀ ਤੇ ਜਵਾਹਰਾਤਾਂ ਸਮੇਤ ਆਪਣੇ ਘਰ ਭੇਜ ਦਿੱਤਾ ਤੇ ਵੀਹ ਹਜ਼ਾਰ ਜਵਾਨ ਕੁੜੀਆਂ ਨੂੰ ਆਪਣਾ ਨਿੱਜੀ ਗੁਲਾਮ ਬਣਾ ਲਿਆ।

ਅਲਾ-ਉਲ-ਦੀਨ ਨੇ ਆਪਣੇ ਕਾਜ਼ੀ ਨੂੰ ਇਕ ਵਾਰ ਪੁੱਛਿਆ ਕਿ ਹਿੰਦੂਆਂ ਲਈ ਮੁਸਲਮਾਨਾਂ ਦੇ ਕਾਨੂੰਨ ਅਨੁਸਾਰ ਕੀ ਹਿਦਾਇਤ ਹੈ। ਕਾਜ਼ੀ ਨੇ ਜਵਾਬ ਵਿਚ ਕਿਹਾ, "ਹਿੰਦੂ ਧਰਤੀ ਦੀ ਤਰ੍ਹਾਂ ਹਨ, ਜੇ ਉਹਨਾਂ ਕੋਲੋਂ ਚਾਂਦੀ ਮੰਗੀ ਜਾਵੇ ਤਾਂ ਉਹਨਾਂ ਨੂੰ ਅਤਿਅੰਤ ਨਿਮਰਤਾ ਨਾਲ ਸੋਨਾ ਦੇਣਾ ਚਾਹੀਦਾ ਹੈ ਅਤੇ ਜੇ ਕੋਈ ਮੁਸਲਮਾਨ ਹਿੰਦੂ ਦੇ ਮੂੰਹ ਵਿਚ ਥੁੱਕਣਾ ਚਾਹਵੇ ਤਾਂ ਹਿੰਦੂ ਨੂੰ ਆਪਣਾ ਮੂੰਹ ਇਸ ਗੱਲ ਲਈ ਵੱਧ ਤੋਂ ਵੱਧ ਖੋਲ੍ਹਣਾ ਚਾਹੀਦਾ ਹੈ। ਅਲ੍ਹਾ ਨੇ ਹਿੰਦੂਆਂ ਨੂੰ ਮੁਸਲਮਾਨਾਂ ਦੇ ਗੁਲਾਮ ਬਣਨ ਲਈ ਬਣਾਇਆ ਹੈ। ਪੈਗੰਬਰ ਦਾ ਆਦੇਸ਼ ਹੈ ਕਿ ਜੇ ਹਿੰਦੂ ਇਸਲਾਮ ਨੂੰ ਨਾ ਅਪਨਾਉਣ ਤਾਂ ਉਹਨਾਂ ਨੂੰ ਕੈਦ ਕਰਕੇ, ਤਸੀਹੇ ਦੇਣੇ ਚਾਹੀਦੇ ਹਨ ਤੇ ਅੰਤ ਵਿਚ ਉਹਨਾਂ ਨੂੰ ਮਾਰ ਕੇ ਉਹਨਾਂ ਦੀ ਜਾਇਦਾਦ ਖੋਹ ਲੈਣੀ ਚਾਹੀਦੀ ਹੈ।" ਇਸ ਮੌਕੇ ਤੇ ਸ਼ਹਿਨਸ਼ਾਹ ਹੱਸਿਆ ਤੇ ਕਿਹਾ ਕਿ ਉਹ ਪਾਕ ਕਾਨੂੰਨ ਦੀ ਵਿਆਖਿਆ ਲਈ ਇੰਤਜ਼ਾਰ ਨਹੀਂ ਕਰ ਰਿਹਾ ਸੀ। ਉਸਨੇ ਪਹਿਲੇ ਹੀ ਇਹ ਫੁਰਮਾਨ ਜਾਰੀ ਕਰ ਦਿੱਤਾ ਸੀ ਕਿ ਹਿੰਦੂ ਸਿਰਫ਼ ਮੋਟਾ ਕਪੜਾ ਤੇ ਕੁਝ ਦਾਣੇ ਆਪਣੇ ਕੋਲ ਰੱਖ ਸਕਦੇ ਹਨ ਜੋ ਛੇ ਮਹੀਨੇ ਤੱਕ ਚਲ ਸਕਣ।

ਉਸੇ ਬਾਦਸ਼ਾਹ ਦੇ ਰਾਜ ਦੇ ਸੌਖੇ ਸਮਿਆਂ ਵਿਚ ਆਦਮੀ ਮੰਗ ਕੇ ਗੁਜ਼ਾਰਾ ਕਰਦੇ ਸਨ ਤੇ ਉਹਨਾਂ ਦੀਆਂ ਬੀਵੀਆਂ ਨੂੰ ਛੋਟੀ ਮੋਟੀ ਮਜ਼ਦੂਰੀ ਦੇ ਕੰਮ ਆਪਣੇ ਨਿਰਬਾਹ ਲਈ ਕਰਨੇ ਪੈਂਦੇ ਸਨ। ਬਾਦਸ਼ਾਹ ਦੇ ਮਹਿਲ ਦੇ ਸਾਹਮਣੇ ਆਮ ਤੌਰ ਤੇ ਚਾਲੀ ਤੋਂ ਪੰਜਾਹ ਤੱਕ ਹਿੰਦੂਆਂ ਦੀਆਂ ਲਾਸ਼ਾਂ ਟੰਗੀਆਂ ਹੁੰਦੀਆਂ ਸਨ। ਛੋਟੇ-ਮੋਟੇ ਜੁਰਮਾਂ ਲਈ ਹਿੰਦੂਆਂ ਨੂੰ ਬੜੀ ਬੇ-ਦਰਦੀ ਨਾਲ ਕਰੜੀ

ਸਜਾ ਦਿੱਤੀ ਜਾਂਦੀ ਸੀ। ਬਾਦਸ਼ਾਹ ਨੇ ਸਿਰਫ ਬੇਵਫ਼ਾਦਾਰੀ ਦੇ ਸ਼ੱਕ ਤੇ ਆਪਣੇ ਭਰਾ ਤੇ ਭਤੀਜੇ ਦੀ ਜਿਉਂਦਿਆਂ ਚਮੜੀ ਲੁਹਾ ਦਿੱਤੀ ਸੀ, ਫੇਰ ਉਸਨੇ ਉਹਨਾਂ ਦੇ ਮਾਸ ਨੂੰ ਪਕਵਾ ਕੇ ਉਹਨਾਂ ਦੇ ਬੱਚਿਆਂ ਨੂੰ ਖਾਣ ਤੇ ਮਜਬੂਰ ਕੀਤਾ, ਜੋ ਇਸ ਤੋਂ ਬਾਅਦ ਬਚਿਆ ਉਸਨੂੰ ਹਾਥੀਆਂ ਦੇ ਲਤਾੜਨ ਲਈ ਸੁੱਟ ਦਿੱਤਾ।

ਇਤਿਹਾਸਕਾਰ ਇਬਨ ਬਤੂਤਾ ਜੋ ਬਾਦਸ਼ਾਹ ਮੁਹੰਮਦ ਬਿਨ ਤੁਗਲਕ ਦੇ ਸਮੇਂ ਭਾਰਤ ਆਇਆ ਉਸਨੇ ਉਸ ਬਾਰੇ ਇਹ ਲਿਖਿਆ, "ਉਹ ਇਤਨਾ ਅਮੋੜ ਤੇ ਜਲਦਬਾਜ਼ ਸੀ ਕਿ ਇਕ ਮੌਕੇ ਤੇ ਜਦੋਂ ਦਿੱਲੀ ਨਿਵਾਸੀਆਂ ਨੇ ਉਸਦੇ ਜ਼ੁਲਮਾਂ ਦਾ ਵਿਰੋਧ ਕੀਤਾ ਤੇ ਉਸਨੂੰ ਸ਼ਿਕਾਇਤ ਵਜੋਂ ਚਿੱਠੀ ਲਿਖੀ ਤਾਂ ਉਸਨੇ ਉਹਨਾਂ ਨੂੰ ਦਿੱਲੀ ਛੱਡ ਕੇ ਦੱਖਣ ਵਿਚ ਚਾਲੀ ਦਿਨ ਦੇ ਸਫਰ ਦੀ ਦੂਰੀ ਤੇ ਦੌਲਤਾਬਾਦ ਜਾਣ ਦਾ ਹੁਕਮ ਦੇ ਦਿੱਤਾ। ਇਹ ਹੁਕਮ ਇਤਨਾ ਕਰੜਾਈ ਨਾਲ ਲਾਗੂ ਕੀਤਾ ਗਿਆ ਕਿ ਜਦੋਂ ਬਾਦਸ਼ਾਹ ਦੇ ਨੌਕਰਾਂ ਨੇ ਸ਼ਹਿਰ ਖਾਲੀ ਹੋਣ ਤੋਂ ਬਾਅਦ ਤਲਾਸ਼ੀ ਲਈ ਤਾਂ ਇਕ ਘਰ ਵਿਚੋਂ ਇਕ ਅੰਨਾ ਆਦਮੀ ਤੇ ਇਕ ਵਿਚੋਂ ਮੰਜੇ ਤੇ ਬਿਮਾਰ ਆਦਮੀ ਮਿਲਿਆ। ਬਿਮਾਰ ਆਦਮੀ ਨੂੰ ਘੁਮਾਉਣ ਵਾਲੇ ਜੰਤਰ ਤੇ ਚੜ੍ਹਾ ਕੇ ਸੁਟਿਆ ਗਿਆ ਅਤੇ ਅੰਨੇ ਆਦਮੀ ਨੂੰ ਘਸੀਟ ਕੇ ਦੌਲਤਾਬਾਦ ਤੱਕ ਲਿਜਾਇਆ ਗਿਆ ਪਰ ਉਸਦੇ ਹੱਥ ਪੈਰ ਰਸਤੇ ਵਿਚ ਹੀ ਡਿੱਗ ਗਏ ਅਤੇ ਸਫਰ ਦੇ ਬਾਅਦ ਇਕ ਲੱਤ ਬਚੀ ਜਿਸ ਨੂੰ ਹੁਕਮ ਅਨੁਸਾਰ ਨਵੇਂ ਸ਼ਹਿਰ ਵਿਚ ਸੁੱਟ ਦਿੱਤਾ ਗਿਆ। ਕਿਉਂਕਿ ਹੁਕਮ ਮੁਤਾਬਕ ਹਰ ਇਕ ਨੂੰ ਨਵੇਂ ਸ਼ਹਿਰ ਵਿਚ ਜਾਣਾ ਸੀ।" ਅਸੀਂ ਅੱਗੇ ਚਲ ਕੇ ਵੇਖਾਂਗੇ ਕਿਸ ਤਰ੍ਹਾਂ ਮੁਹੰਮਦ-ਬਿਨ-ਤੁਗਲਕ ਨੇ ਮਰਾਠਾ ਸੰਤ ਨਾਮਦੇਵ ਨੂੰ ਮਰਵਾਇਆ ਜਿਨ੍ਹਾਂ ਦੀ ਜੀਵਨੀ ਤੇ ਰਚਨਾਵਾਂ ਇਸੇ ਕਿਰਤ ਵਿਚ ਦਿੱਤੀਆਂ ਜਾਣਗੀਆਂ।

ਅਮੀਰ ਖੁਸਰੋ ਆਪਣੀ ਤਵਾਰੀਖ ਅਲਾਏ ਜਾਂ ਖਜ਼ਾਨੇ-ਉਲ-ਫੁਤਹੁ ਵਿਚ ਲਿਖਦਾ ਹੈ ਕਿ ਜਦੋਂ ਫਿਰੋਜ਼ ਸ਼ਾਹ ਤੁਗਲਕ (1351-88 ਈ. ਡੀ.) ਨੇ ਭੂਪਾਲ ਵਿਚ ਭੀਲਸਾ ਸ਼ਹਿਰ ਤੇ ਕਬਜ਼ਾ ਕੀਤਾ ਤਾਂ ਉਸਨੇ ਸਾਰੇ ਹਿੰਦੂ ਮੰਦਰਾਂ ਨੂੰ ਨਸ਼ਟ ਕਰ ਦਿੱਤਾ ਤੇ ਉਹਨਾਂ ਦੀਆਂ ਮੂਰਤੀਆਂ ਨੂੰ ਲੈ ਜਾ ਕੇ ਆਪਣੇ ਕਿਲ੍ਹੇ ਦੇ ਸਾਹਮਣੇ ਰਖਵਾ ਕੇ ਰੋਜ਼ ਇਕ ਹਜ਼ਾਰ ਹਿੰਦੂਆਂ ਦੇ ਖੂਨ ਨਾਲ ਨਹਾਉਂਦਾ ਸੀ। ਫਿਰੋਜ਼ਸ਼ਾਹ ਨੇ ਦੋ ਵਾਰੀ ਮਾਲਵਾ ਦੇ ਇਲਾਕੇ ਨੂੰ ਲੁੱਟਿਆ ਤੇ ਮਿੱਟੀ ਦੇ ਭਾਂਡਿਆਂ ਤੋਂ ਸਿਵਾਏ ਸਭ ਕੁਝ ਲੈ ਗਿਆ।

ਫਰਿਸ਼ਤਾ ਦੇ ਕਹਿਣ ਮੁਤਾਬਕ ਇਕ ਬ੍ਰਾਹਮਣ ਜਿਸਦਾ ਨਾਂ ਬੋਧਨ ਸੀ ਤੇ ਜੋ ਕੈਥਾਨ ਜਾਂ ਕੇਤੀਨ ਨਾਂ ਦੀ ਜਗ੍ਹਾ ਜੋ ਲਖਨਊ ਦੇ ਨੇੜੇ ਸੀ, ਦਾ ਰਹਿਣ ਵਾਲਾ ਸੀ। ਉਸਨੂੰ ਸਿਕੰਦਰ ਖਾਨ ਲੋਧੀ ਨੇ ਇਸ ਕਰਕੇ ਮਰਵਾਇਆ ਸੀ ਕਿ ਉਸਨੇ ਕਿਹਾ ਸੀ ਕਿ ਜਿਸ ਤਰ੍ਹਾਂ ਇਸਲਾਮ ਸੱਚਾ ਧਰਮ ਹੈ ਇਸੇ ਤਰ੍ਹਾਂ ਹੀ ਹਿੰਦੂ ਧਰਮ ਵੀ ਸੱਚਾ ਹੈ। ਸੰਤ ਕਬੀਰ ਵੀ ਸਿਕੰਦਰ ਖਾਨ ਲੋਧੀ ਦੇ ਵੇਲੇ ਹੋਏ ਤੇ ਉਹਨਾਂ ਨੂੰ ਬਹੁਤ ਤਸੀਹੇ ਦਿੱਤੇ ਗਏ।[1]

---

1. ਇਕ ਹੋਰ ਥਾਂ ਫਰਿਸ਼ਤਾ ਸਿਕੰਦਰ ਲੋਧੀ ਨੂੰ, ਇਨਸਾਫ ਪਸੰਦ, ਰੱਬ ਤੋਂ ਡਰਨ ਵਾਲਾ ਅਤੇ ਧਾਰਮਿਕ ਮਨੁੱਖ ਲਿਖਦਾ ਹੈ। ਪੰਜ ਨਮਾਜ਼ਾਂ ਪੜ੍ਹਦਾ ਸੀ, ਗਰੀਬ ਤੇ ਧਾਰਮਿਕ ਬੰਦਿਆਂ ਨੂੰ ਬਹੁਤ ਦਾਨ ਦਿੰਦਾ ਸੀ ਅਤੇ ਮੁਸਲਮਾਨ ਇਤਿਹਾਸਕਾਰਾਂ ਅਨੁਸਾਰ ਇਕ ਆਦਰਸ਼ਕ ਮੁਸਲਮਾਨ ਬਾਦਸ਼ਾਹ ਸੀ।

ਬਾਦਸ਼ਾਹ ਬਾਬਰ ਨੇ ਜੋ ਜ਼ੁਲਮ ਸਈਅਦਪੁਰ ਦੇ ਰਹਿਣ ਵਾਲਿਆਂ ਤੇ ਢਾਹੇ ਉਹਨਾਂ ਦਾ ਵਰਨਣ ਅਸੀਂ ਵੇਖਾਂਗੇ ਕਿ ਗੁਰੂ ਨਾਨਕ ਦੇਵ ਜੀ ਨੇ ਕੀਤਾ ਹੈ ਜਿਨ੍ਹਾਂ ਦੇ ਸਾਹਮਣੇ ਇਹ ਵਾਕਿਆ ਵਾਪਰਿਆ ਸੀ। ਉਹਨਾਂ ਨੂੰ ਤੇ ਉਹਨਾਂ ਦੇ ਸਾਥੀ ਨੂੰ ਕੈਦੀ ਬਣਾ ਲਿਆ ਗਿਆ ਤੇ ਉਹਨਾਂ ਕੋਲੋਂ ਗੁਲਾਮਾਂ ਦੀ ਤਰ੍ਹਾਂ ਕੰਮ ਕਰਵਾਇਆ ਗਿਆ।

ਇਸ ਤਰ੍ਹਾਂ ਗੁਰੂ ਜੀ ਨੇ ਮੁਸਲਮਾਨ ਰਾਜਿਆਂ ਬਾਰੇ ਤੇ ਹਿੰਦੁਸਤਾਨ ਦੇ ਹਾਲਾਤ ਬਾਰੇ ਇਸ ਤਰ੍ਹਾਂ ਵਰਨਣ ਕੀਤਾ ਹੈ।

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ-੧੪੫)

ਸ਼ਹਿਨਸ਼ਾਹ ਜਹਾਂਗੀਰ ਦੇ ਵਿਅਕਤੀਤਵ ਬਾਰੇ ਉਸਦੀ ਸ਼ਾਨ-ਸ਼ੌਕਤ ਵਿਚ ਬੜਾ ਵਧਾ ਚੜ੍ਹਾ ਕੇ ਲਿਖਿਆ ਗਿਆ ਹੈ। ਇਸ ਦਾ ਕਾਰਨ ਕੁਝ ਤਾਂ ਮੂਰ ਦੀਆਂ ਕਵਿਤਾਵਾਂ ਹਨ ਤੇ ਕੁਝ ਜਹਾਂਗੀਰ ਦਾ ਨੂਰ ਜਹਾਨ ਨੂੰ ਪਤਨੀ ਬਣਾਉਣ ਕਰਕੇ ਹੈ ਜੋ ਪੂਰਬ ਦੀ ਸਭ ਤੋਂ ਹੁਸੀਨ ਤੇ ਗੁਣਵਾਨ ਔਰਤ ਮੰਨੀ ਗਈ ਹੈ। ਪਰ ਜਹਾਂਗੀਰ ਨੂੰ ਇਤਿਹਾਸ ਵਿਚ ਕੋਈ ਦਇਆਵਾਨ ਕਰਕੇ ਯਾਦ ਨਹੀਂ ਕੀਤਾ ਜਾਂਦਾ। ਉਸਦੇ ਪਿਤਾ ਅਕਬਰ ਧਾਰਮਿਕ ਸੋਚ ਦੀ ਅਜ਼ਾਦੀ ਦੇਣ ਵਿਚ ਯਕੀਨ ਰਖਦੇ ਸਨ ਅਤੇ ਕਿਹਾ ਜਾਂਦਾ ਹੈ ਕਿ ਇਸ ਗੱਲ ਵਿਚ ਉਸਨੂੰ ਅਬੁਲ-ਫਜ਼ਲ, ਜੋ ਕਿ ਪ੍ਰਸਿੱਧ ਫ਼ਾਰਸੀ ਦਾ ਇਤਿਹਾਸਕਾਰ ਸੀ, ਨੇ ਉਤਸ਼ਾਹਿਤ ਕੀਤਾ ਸੀ। ਜਹਾਂਗੀਰ ਨੇ ਅਬੁਲ-ਫਜ਼ਲ ਨੂੰ ਬਹੁਤ ਤਸੀਹੇ ਦੇ ਕੇ ਮਰਵਾਇਆ ਸੀ। ਰਾਜ ਗੱਦੀ ਸੰਭਾਲਣ ਤੋਂ ਬਾਅਦ ਨੂਰ ਜਹਾਨ ਨੂੰ ਪ੍ਰਾਪਤ ਕਰਨ ਲਈ ਉਸਨੇ ਉਸਦੇ ਪਤੀ ਨੂੰ ਮਰਵਾਇਆ ਸੀ। ਉਸਨੇ ਆਪਣੇ ਜੀਵਨ ਬਿਰਤਾਂਤ ਵਿਚ ਲਿਖਿਆ ਹੈ ਕਿ ਕਿਸ ਤਰ੍ਹਾਂ ਉਸਨੇ ਡਾਕੂਆਂ ਦਾ ਖਾਤਮਾ ਕੀਤਾ। "ਇਸ ਸਮੇਂ ਦੌਰਾਨ ਮੈਂ ਡਾਕੂਆਂ ਦੇ ਕਬੀਲੇ ਨੂੰ ਖ਼ਤਮ ਕਰ ਦਿੱਤਾ ਜੋ ਆਗਰੇ ਕੋਲ ਸੜਕਾਂ ਤੇ ਡਾਕੇ ਮਾਰਦੇ ਸਨ। ਰਾਜ ਸੰਭਾਲਣ ਤੋਂ ਬਾਅਦ ਮੈਂ ਉਹਨਾਂ ਨੂੰ ਹਾਥੀਆਂ ਹੇਠਾਂ ਕੁਚਲਵਾ ਕੇ ਮਰਵਾ ਦਿੱਤਾ।" ਉਸਦੇ ਦਰਬਾਰ ਵਿਚ ਬਰਤਾਨੀਆਂ ਦਾ ਰਾਜਦੂਤ ਸਰ-ਥੋਮਸ-ਰੋ ਜਹਾਂਗੀਰ ਦੇ ਇਨਸਾਫ਼ ਕਰਨ ਬਾਰੇ ਇਸ ਤਰ੍ਹਾਂ ਦੀ ਜਾਣਕਾਰੀ ਦਿੰਦਾ ਹੈ, "ਇਕ ਸੌ ਡਾਕੂਆਂ ਦਾ ਟੋਲਾ ਜੋ ਕਿ ਸੰਗਲੀਆਂ ਵਿਚ ਬੰਨ੍ਹਿਆ ਹੋਇਆ ਸੀ ਬਾਦਸ਼ਾਹ ਦੇ ਸਾਹਮਣੇ ਪੇਸ਼ ਕੀਤਾ ਗਿਆ। ਕਿਸੇ ਤਰ੍ਹਾਂ ਦੀ ਸੁਣਵਾਈ ਹੋਣ ਤੋਂ ਬਿਨਾਂ ਉਸਨੇ ਹੁਕਮ ਦਿੱਤਾ ਕਿ ਇਹਨਾਂ ਨੂੰ ਮਾਰਨ ਲਈ ਲਿਜਾਇਆ ਜਾਏ ਤੇ ਉਹਨਾਂ ਦੇ ਆਗੂ ਨੂੰ ਕੁੱਤਿਆਂ ਅੱਗੇ ਪਾਇਆ ਜਾਏ ਤੇ ਮਰਵਾਇਆ ਜਾਏ। ਕੈਦੀਆਂ ਨੂੰ ਸ਼ਹਿਰ ਦੇ ਕਈ ਹਿਸਿਆਂ ਵਿਚ ਮਾਰਨ ਲਈ ਲਿਜਾਇਆ ਗਿਆ ਅਤੇ ਸੜਕਾਂ ਤੇ ਮਾਰਿਆ ਗਿਆ। ਮੇਰੇ ਘਰ ਦੇ ਕੋਲ ਹੀ ਡਾਕੂਆਂ ਦੇ ਆਗੂ ਨੂੰ ਬਾਰਾਂ ਕੁੱਤਿਆਂ ਦੁਆਰਾ ਟੁੱਕੜੇ-ਟੁੱਕੜੇ ਕੀਤਾ ਗਿਆ ਅਤੇ ਉਸ ਦੇ ਤੇਰਾਂ ਹੋਰ ਸਾਥੀਆਂ ਦੇ ਹੱਥ ਪੈਰ ਬੰਨ੍ਹ ਕੇ ਤਲਵਾਰ ਨਾਲ ਸਿਰ ਧੜ ਤੋਂ ਅਲੱਗ ਕਰ ਦਿੱਤਾ ਗਿਆ। ਇਹ ਵੀ ਜਿਵੇਂ ਘੱਟ ਸੀ, ਉਹਨਾਂ ਦੀਆਂ ਨੰਗੀਆਂ ਖ਼ੂਨੀ ਲਾਸ਼ਾਂ ਨੂੰ ਗਲੀਆਂ ਵਿਚ ਰੁੱਲਣ ਲਈ ਛੱਡ ਦਿੱਤਾ ਗਿਆ।"

"ਮੁਕੱਦਮਿਆਂ ਦੀਆਂ ਸੁਣਵਾਈਆਂ ਜਲਦੀ ਕੀਤੀਆਂ ਜਾਂਦੀਆਂ ਤੇ ਮੌਤ ਦੀ ਸਜਾ ਜਲਦੀ ਨਾਲ ਲਾਗੂ ਕਰ ਦਿੱਤੀ ਜਾਂਦੀ। ਅਪਰਾਧੀਆਂ ਨੂੰ ਫਾਂਸੀ ਦਿੱਤੀ ਜਾਂਦੀ, ਸਿਰ ਧੜ ਤੋਂ ਅਲੱਗ ਕਰ ਦਿੱਤਾ ਜਾਂਦਾ, ਸੂਲੀ ਤੇ ਟੰਗਿਆ ਜਾਂਦਾ, ਕੁੱਤਿਆਂ ਤੋਂ ਟੁੱਕੜੇ ਕਰਵਾਏ ਜਾਂਦੇ, ਹਾਥੀਆਂ ਦੁਆਰਾ ਕੁਚਲਿਆ ਜਾਂਦਾ, ਸੱਪਾਂ ਤੋਂ ਕਟਵਾਇਆ ਜਾਂਦਾ ਜਾਂ ਜੁਰਮ ਮੁਤਾਬਕ ਹੋਰ ਤਰੀਕੇ ਅਪਣਾਏ ਜਾਂਦੇ। ਸਜਾ ਤਕਰੀਬਨ ਸ਼ਹਿਰ ਦੇ ਬਜ਼ਾਰ ਵਿਚ ਦਿੱਤੀ ਜਾਂਦੀ। ਸੂਬਿਆਂ ਦੇ ਸੂਬੇਦਾਰ ਤੇ ਸ਼ਹਿਰਾਂ ਦੇ ਕੋਤਵਾਲ ਵੀ ਨਿਆਂ ਦਾ ਇਹੋ ਢੰਗ ਵਰਤਦੇ ਸਨ।"

ਬਿਨਾਂ ਕਿਸੇ ਨੁਕਸਾਨ ਕਰਨ ਵਾਲੇ ਪ੍ਰੇਮੀਆਂ ਨੂੰ ਜਹਾਂਗੀਰ ਦੇ ਰਾਜ ਵਿਚ ਇਹ ਸਜਾ ਮਿਲਦੀ ਸੀ, "ਜੇ ਕੋਈ ਹੀਜੜਾ ਆਪਣੀ ਕਿਸੇ ਔਰਤ ਦਾ ਜਿਸ ਨੂੰ ਉਹ ਛੱਡ ਚੁੱਕਾ ਹੋਵੇ, ਚੁੰਮਨ ਲੈਂਦਿਆਂ ਫੜਿਆ ਜਾਂਦਾ ਤਾਂ ਉਸ ਔਰਤ ਦੀ ਸਜਾ ਇਹ ਸੀ ਕਿ ਉਸਨੂੰ ਜ਼ਮੀਨ ਵਿਚ ਗੱਡ ਕੇ ਸਿਰਫ ਸਿਰ ਬਾਹਰ ਸੂਰਜ ਦੀਆਂ ਤੇਜ਼ ਕਿਰਨਾਂ ਲਈ ਛੱਡ ਦਿੱਤਾ ਜਾਂਦਾ ਤੇ ਹੀਜੜੇ ਨੂੰ ਉਸਦੇ ਚਿਹਰੇ ਦੇ ਸਾਹਮਣੇ ਟੁੱਕੜਿਆਂ ਵਿਚ ਕੱਟਿਆ ਜਾਂਦਾ ਸੀ।"

ਸਰ-ਥੌਮਸ-ਰੋ ਦੇ ਵਰਨਣ ਮੁਤਾਬਕ ਜਹਾਂਗੀਰ ਆਪਣੇ ਦਰਬਾਰੀਆਂ ਪ੍ਰਤੀ ਆਪਣੀ ਨਾਰਾਜ਼ਗੀ ਇਸ ਤਰ੍ਹਾਂ ਕੱਢਦਾ ਸੀ, "ਜੋ ਦਰਬਾਰੀ ਉਸਦੇ ਨਜ਼ਦੀਕ ਹੁੰਦੇ ਸਨ ਉਹ ਉਹਨਾਂ ਦੀ ਹਾਜ਼ਰੀ ਵਿਚ ਕੋਈ ਜੁਰਮ ਘੜ ਲੈਂਦਾ ਸੀ ਤੇ ਇਕ ਸੌ ਤੀਹ ਕੋੜੇ, ਇਕ ਬੜੇ ਭਿਆਨਕ ਦੁਖਦਾਈ ਜੰਤਰ ਜਿਸ ਦੇ ਸਿਰੇ ਤੇ ਚਾਰ ਲੋਹੇ ਦੀਆਂ ਕੰਢੇਧਾਰ ਫਿਰਕੀਆਂ ਹੁੰਦੀਆਂ ਸਨ ਨਾਲ ਦਿੱਤੇ ਜਾਂਦੇ ਸਨ, ਤਾਂ ਕਿ ਇਕ ਵਾਰੀ ਕੋੜਾ ਮਾਰਨ ਨਾਲ ਚਾਰ ਜ਼ਖਮ ਹੁੰਦੇ ਸਨ। ਜਦੋਂ ਉਹ ਮਰਿਆਂ ਵਾਂਗੂ ਲੇਟ ਜਾਂਦੇ ਤਾਂ ਉਹ ਵੇਖਣ ਵਾਲਿਆਂ ਨੂੰ ਉਸਨੂੰ ਪੈਰਾਂ ਨਾਲ ਕੁਚਲਣ ਦਾ ਹੁਕਮ ਦਿੰਦਾ, ਪਹਿਰੇਦਾਰਾਂ ਕੋਲੋਂ ਲਾਠੀਆਂ ਨਾਲ ਕੁਚਲਵਾਉਂਦਾ। ਇਸ ਤਰ੍ਹਾਂ ਜ਼ਾਲਮਾਨਾ ਤਰੀਕੇ ਨਾਲ ਮਾਰ-ਕੁੱਟ ਕੇ ਜਦੋਂ ਉਹਨਾਂ ਨੂੰ ਲਿਜਾਇਆ ਜਾਂਦਾ ਤੇ ਉਹਨਾਂ ਵਿਚੋਂ ਕਈ ਉਸੇ ਥਾਂ ਤੇ ਹੀ ਦਮ ਤੋੜ ਦਿੰਦੇ।"

ਜਹਾਂਗੀਰ ਦੇ ਪੁੱਤਰ ਖੁਸਰੋ ਨੇ ਉਸ ਦੇ ਵਿਰੁੱਧ ਬਗਾਵਤ ਕਰ ਦਿੱਤੀ ਤੇ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਸ ਦੇ ਨਾਲ ਕਈ ਹੋਰ ਉਸ ਦੇ ਪਿਛੇ ਲੱਗ ਗਏ। "ਖੁਸਰੋ ਨੂੰ ਕੈਦ ਕਰਕੇ ਜਦੋਂ ਉਸਨੂੰ ਆਪਣੇ ਪਿਤਾ ਦੇ ਸਾਹਮਣੇ ਲਿਆਉਂਦਾ ਗਿਆ ਤਾਂ ਚੰਗੇਜ਼ ਖਾਨ ਦੇ ਕਾਨੂੰਨ ਮੁਤਾਬਕ ਉਸਦੇ ਖੱਬੇ ਪੈਰ ਨੂੰ ਖੱਬੇ ਹੱਥ ਨਾਲ ਤੇ ਸੱਜੇ ਪੈਰ ਨੂੰ ਸੱਜੇ ਹੱਥ ਨਾਲ ਸੰਗਲੀਆਂ ਨਾਲ ਬੰਨ੍ਹਿਆ ਹੋਇਆ ਸੀ। ਸ਼ਹਿਜ਼ਾਦੇ ਦੇ ਸੱਜੇ ਪਾਸੇ ਹਸਨ ਬੇਗ ਖੜਾ ਸੀ ਅਤੇ ਉਸਦੇ ਖੱਬੇ ਪਾਸੇ ਅਬਦੁੱਲਾ ਰਹੀਮ ਸੀ। ਖੁਸਰੋ ਕੰਬਿਆ ਤੇ ਰੋ ਪਿਆ। ਉਸ ਨੂੰ ਕੈਦ ਕਰਨ ਦਾ ਹੁਕਮ ਦਿੱਤਾ ਪਰ ਉਸਦੇ ਸਾਥੀਆਂ ਨੂੰ ਤਸੀਹੇ ਦੇ ਕੇ ਮਾਰਿਆ ਗਿਆ। ਹਸਨ ਬੇਗ ਨੂੰ ਇਕ ਬੌਲਦ ਦੀ ਨਵੀਂ ਉੱਤਰੀ ਖੱਲ ਵਿਚ ਸੀ ਦਿੱਤਾ ਗਿਆ ਅਤੇ ਅਬਦੁੱਲਾ ਰਹੀਮ ਨੂੰ ਖੋਤੇ ਦੀ ਖੱਲ ਵਿਚ ਅਤੇ ਦੋਹਾਂ ਨੂੰ ਸ਼ਹਿਰ ਵਿਚ ਖੋਤਿਆਂ ਤੇ ਬਿਠਾ ਕੇ ਲਿਜਾਇਆ ਗਿਆ, ਦੋਹਾਂ ਦੇ ਮੂੰਹ ਖੱਲ ਦੇ ਪੂਛ ਵਾਲੇ ਪਾਸੇ ਸਨ। ਬੌਲਦ ਦੀ ਖੱਲ ਏਨੀ ਖੁਸ਼ਕ ਹੋ ਗਈ ਤੇ ਸੁੰਗੜ ਗਈ ਕਿ ਸ਼ਾਮ ਹੋਣ ਤਕ ਹਸਨ ਬੇਗ ਦਾ ਦਮ

ਘੁਟਿਆ ਗਿਆ ਤੇ ਉਹ ਮਰ ਗਿਆ। ਪਰ ਖੋਤੇ ਦੀ ਖਲ ਨੂੰ ਅਬਦੁੱਲਾ ਰਹੀਮ ਦੇ ਦੋਸਤਾਂ ਨੇ ਲਗਾਤਾਰ ਪਾਣੀ ਨਾਲ ਗਿੱਲਾ ਰੱਖਿਆ ਤੇ ਉਹ ਇਸ ਸਜਾ ਤੋਂ ਜਿੰਦਾ ਬਚ ਗਿਆ। ਕਾਮਰਾਨ ਦੇ ਬਾਗ ਤੋਂ ਲਾਹੌਰ ਸ਼ਹਿਰ ਤਕ ਸੂਲੀਆਂ ਦੀਆਂ ਦੋ ਕਤਾਰਾਂ ਜ਼ਮੀਨ ਤੇ ਗੱਡੀਆਂ ਗਈਆਂ ਜਿਨ੍ਹਾਂ ਉਪਰ ਦੂਸਰੇ ਬਾਗੀਆਂ ਨੂੰ ਜ਼ਿੰਦਾ ਹੀ ਸੂਲੀ ਤੇ ਲਟਕਾ ਦਿੱਤਾ ਗਿਆ ਅਤੇ ਗ਼ਮਗੀਨ ਖੁਸਰੋ ਨੂੰ ਹਾਥੀ ਤੇ ਚੜ੍ਹਾ ਕੇ ਜੁਲਮ ਸਹਿਣ ਵਾਲਿਆ ਵਿਚੋਂ ਲੰਘਾਇਆ ਗਿਆ।"

ਫੇਰ ਅਗੇ ਚਲ ਕੇ ਅਸੀਂ ਵੇਖਾਂਗੇ ਕਿ ਕਿਸ ਤਰ੍ਹਾਂ ਜਹਾਂਗੀਰ ਨੇ ਪੰਜਵੇਂ ਸਿੱਖ ਗੁਰੂ, ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਦੇ ਕੇ ਮਰਵਾਇਆ। ਇਸ ਦਾ ਕੁਝ ਕਾਰਨ ਤਾਂ ਉਹਨਾਂ ਦਾ ਧਰਮ ਸੀ ਤੇ ਕੁਝ ਉਹਨਾਂ ਦਾ ਸ਼ਹਿਜ਼ਾਦੇ ਖ਼ੁਸਰੋ ਨੂੰ ਮਿੱਤਰਤਾ ਨਾਲ ਮਿਲਣਾ ਸੀ ਅਤੇ ਪ੍ਰਹੁਣਚਾਰੀ ਕਰਨਾ ਸੀ।

ਜਹਾਂਗੀਰ ਦੇ ਪੋਤਰੇ ਬਾਦਸ਼ਾਹ ਔਰੰਗੇਜ਼ੇਬ ਨੂੰ ਬੜੇ ਕੱਟੜ ਮੁਸਲਮਾਨਾ ਢੰਗ ਨਾਲ ਪਾਲਿਆ ਗਿਆ ਸੀ। ਇਤਿਹਾਸਕਾਰ ਬਖ਼ਤਾਵਰ ਖਾਨ ਦੀ "ਮਿਰਾਇਤੇ-ਆਲਮ" ਵਿਚ ਦਸਿਆ ਗਿਆ ਹੈ ਕਿ ਉਹ ਹਿੰਦੂਆਂ ਤੇ ਉਹਨਾਂ ਦੇ ਮੰਦਰਾਂ ਨਾਲ ਕਿਸ ਤਰ੍ਹਾਂ ਦਾ ਸਲੂਕ ਕਰਦਾ ਸੀ ਤੇ ਰੱਬ ਦੀ ਸ਼ਾਨ ਲਈ ਤੇ ਉਸਦੀ ਸਫਲਤਾ ਲਈ ਸਿਰਫ਼ ਇਹ ਹੀ ਸੱਚਾ ਧਰਮ ਸਮਝਦਾ ਸੀ। "ਹਿੰਦੂ ਲਿਖਾਰੀਆਂ ਨੂੰ ਸਰਕਾਰੀ ਨੌਕਰੀ ਕਰਨ ਦੀ ਮਨਾਹੀ ਕੀਤੀ ਗਈ ਹੈ। ਕਾਫਰਾਂ ਦੀਆਂ ਸਾਰੀਆਂ ਪੂਜਾ ਦੀਆਂ ਜਗ੍ਹਾ ਨੂੰ ਤੇ ਇਹਨਾਂ ਗੁੰਮਨਾਮ ਲੋਕਾਂ ਦੇ ਮਹਾਨ ਮੰਦਰਾਂ ਨੂੰ ਗਿਰਾ ਕੇ ਇਸ ਤਰ੍ਹਾਂ ਤਬਾਹ ਕਰ ਦਿੱਤਾ ਗਿਆ ਹੈ ਕਿ ਹੈਰਾਨਗੀ ਹੁੰਦੀ ਹੈ ਕਿ ਇਹ ਕਠਨ ਕੰਮ ਕਿਸ ਤਰ੍ਹਾਂ ਸਫ਼ਲਤਾਪੂਰਵਕ ਕੀਤਾ ਗਿਆ ਹੋਵੇਗਾ।"

"ਮੁਆ-ਸਰੁਇ-ਆਲਮਗੀਰੀ" ਵਿਚ ਇਸ ਤਰ੍ਹਾਂ ਲਿਖਿਆ ਹੈ, "ਬਾਦਸ਼ਾਹ ਜੋ ਧਰਮ ਦਾ ਰੱਖਿਅਕ ਹੈ ਉਸ ਨੇ ਸੁਣਿਆ ਕਿ ਥੱਟਾ, ਮੁਲਤਾਨ ਤੇ ਖਾਸ ਕਰਕੇ ਬਨਾਰਸ, ਵਿਚ ਮੂਰਖ ਬ੍ਰਾਹਮਣ ਫਜ਼ੂਲ ਕਿਤਾਬਾਂ ਦੀ ਆਪਣੇ ਸਕੂਲਾਂ ਵਿਚ ਵਿਆਖਿਆ ਕਰਦੇ ਹਨ ਅਤੇ ਵਿਦਵਾਨ ਮੁਸਲਮਾਨ ਤੇ ਹਿੰਦੂ ਵਿਦਿਆਰਥੀ ਦੂਰ- ਦੂਰ ਤੋਂ ਇਹਨਾਂ ਪਾਠਸ਼ਾਲਿਆਂ ਵਿਚ ਆ ਕੇ ਉਥੇ ਪੜ੍ਹਾਈ ਜਾਂਦੀ ਦੁਸ਼ਟ ਸਿਖਿਆ ਤੋਂ ਜਾਣੂ ਹੁੰਦੇ ਹਨ। ਧਰਮ ਦੇ ਬਾਦਸ਼ਾਹ ਨੇ ਇਸ ਕਰਕੇ ਸਾਰੇ ਸੂਬਿਆਂ ਦੇ ਸੂਬੇਦਾਰਾਂ ਨੂੰ ਐਲਾਨ ਜਾਰੀ ਕੀਤਾ ਹੈ ਕਿ ਉਹ ਕਾਫਰਾਂ ਦੇ ਸਾਰੇ ਮੰਦਰਾਂ ਤੇ ਪਾਠਸ਼ਾਲਿਆਂ ਨੂੰ ਨਿਧੜਕ ਹੋ ਕੇ ਢਾਹ ਦੇਣ ਤੇ ਬੁੱਤ ਪੂਜਾ ਤੇ ਇਸ ਤਰ੍ਹਾਂ ਦੇ ਸਾਰੇ ਤਰੀਕਿਆਂ ਤੇ ਸਿਖਿਆਵਾਂ ਨੂੰ ਖਤਮ ਕਰ ਦੇਣ। ਬਾਅਦ ਵਿਚ ਧਰਮ ਦੇ ਆਗੂ ਤੇ ਸ਼ਾਹਦਤ ਦੇ ਹਾਮੀ ਬਾਦਸ਼ਾਹ ਨੂੰ ਇਹ ਸੂਚਨਾ ਦਿੱਤੀ ਗਈ ਕਿ ਉਸਦੇ ਹੁਕਮ ਅਨੁਸਾਰ ਰਾਜ ਪ੍ਰਬੰਧਕਾਂ ਨੇ ਬਨਾਰਸ ਦਾ ਵਿਸ਼ਵਾਨਾਥ ਮੰਦਰ ਢਾਹ ਦਿੱਤਾ ਹੈ। ਇਨਸਾਫ ਪਸੰਦ ਬਾਦਸ਼ਾਹ, ਔਰੰਗਜ਼ੇਬ ਜੋ ਕੇ ਜ਼ਾਲਮਾਂ ਦਾ ਦੁਸ਼ਮਣ ਹੈ, ਦੇ ਰਾਜ ਦੇ ਤੇਰ੍ਹਵੇਂ ਸਾਲ ਮਥੁਰਾ ਦੇ ਹਿੰਦੂ ਮੰਦਰ ਨੂੰ ਉਸ ਦੇ ਹੁਕਮ ਨਾਲ ਢਾਹਿਆ ਗਿਆ ਅਤੇ ਤੁਰੰਤ ਹੀ ਇਹ ਝੂਠ ਦਾ ਗੜ੍ਹ ਤੇ ਅੱਨਿਆ ਦਾ ਡੇਰਾ ਜ਼ਮੀਨ ਨਾਲ ਇਕ ਕਰ ਦਿੱਤਾ ਗਿਆ। ਉਸਦੀ ਜਗ੍ਹਾ ਤੇ ਬੜੇ ਜ਼ਿਆਦਾ ਖਰਚ ਕਰਕੇ ਇਕ ਮਹਾਨ ਮਸਜਿਦ ਦੀ ਨੀਂਹ ਰੱਖੀ ਗਈ।

ਇਕ ਮੱਤ ਸਤਨਾਮੀਆਂ ਦਾ ਪ੍ਰਚੱਲਿਤ ਹੋਇਆ ਜੋ ਕੇ ਅਵਧ ਦੇ ਰਹਿਣ ਵਾਲੇ ਜਗਜੀਵਨ ਦਾਸ ਦਾ ਚਲਾਇਆ ਹੋਇਆ ਸੀ। ਉਹਨਾਂ ਦੇ ਜ਼ਿਆਦਾ ਸਿਧਾਂਤ ਸਿੱਖਾਂ ਦੇ ਮੱਤ ਤੋਂ ਲਏ ਹੋਏ ਲੱਗਦੇ ਹਨ। ਉਹਨਾਂ ਦੇ ਉਪਦੇਸ਼ਾਂ ਦਾ ਜ਼ਾਬਤਾ ਇਸ ਤਰ੍ਹਾਂ ਦਾ ਹੈ, "ਇਹ ਸਾਰੇ ਭਾਣਾ ਮੰਨਣ ਵਾਲੇ ਹਿੰਦੂਆਂ ਵਰਗਾ ਮੱਤ ਹੈ। ਦੁਨੀਆਂ ਅਤੇ ਇਸ ਦੇ ਦੁੱਖ ਸੁੱਖ ਤੋਂ ਅਲਿਪਤ ਰਹਿਣਾ ਆਪਣੇ ਗੁਰੂ ਲਈ ਅਥਾਹ ਭਗਤੀ; ਦਇਆ ਤੇ ਨਿਮਰਤਾ; ਸਚਾਈ ਤੇ ਦ੍ਰਿੜ੍ਹ ਰਹਿਣਾ; ਧਾਰਮਿਕ, ਸਮਾਜਿਕ ਤੇ ਆਮ ਕੰਮਾਂ ਨੂੰ ਪੂਰੀ ਤਰ੍ਹਾਂ ਨਿਭਾਉਣਾ ਅਤੇ ਅੰਤ ਵਿਚ ਉਸ ਦੀ ਅਗਮੀ ਜੋਤ ਵਿਚ ਸਮਾ ਜਾਣ ਦੀ ਉਮੀਦ ਰਖਣਾ ਜੋ ਸਾਰੀ ਦੁਨੀਆਂ ਵਿਚ ਵਿਚਰ ਰਹੀ ਹੈ।" ਐਚ. ਐਚ. ਵਿਲਸਨ ਦੀ ਪੁਸਤਕ, "ਰੀਲੀਜਨ ਆਫ਼ ਹਿੰਦੂਜ਼"

ਇਕ ਮੁਸਲਮਾਨ ਇਤਿਹਾਸਕਾਰ ਇਸ ਧਰਮੀ ਮੱਤ ਬਾਰੇ ਤੇ ਉਹਨਾਂ ਨਾਲ ਬਾਦਸ਼ਾਹ ਔਰੰਗਜ਼ੇਬ ਦੁਆਰਾ ਹੋਏ ਵਰਤਾਉ ਬਾਰੇ ਇਸ ਤਰ੍ਹਾਂ ਲਿਖਦਾ ਹੈ, "ਕੁਝ ਮੰਦਭਾਗੇ ਬਾਗੀ ਲੋਕਾਂ ਦੀ ਜਮਾਤ ਜਿਨ੍ਹਾਂ ਵਿਚ ਸੁਨਿਆਰੇ, ਤਰਖਾਣ, ਜਮਾਂਦਾਰ, ਲੌਹਾਰ ਅਤੇ ਕੁਝ ਹੋਰ ਨੀਚ ਸ਼ੇਖੀਖੋਰ ਤੇ ਹਰ ਤਰ੍ਹਾਂ ਦੇ ਮੂਰਖ ਸ਼ਾਮਲ ਸਨ ਤੇ ਹੰਕਾਰ੍ ਨਾਲ ਇਤਨੇ ਭਰੇ ਹੋਏ ਸਨ ਕਿ ਉਹਨਾਂ ਨੇ ਆਪਣੇ ਆਪ ਨੂੰ ਸਿੱਧਾ ਤਬਾਹੀ ਦੇ ਟੋਏ ਵਿਚ ਸੁੱਟ ਲਿਆ। ਔਰੰਗਜ਼ੇਬ ਨੇ ਇਹਨਾਂ ਕਾਫਰਾਂ ਦਾ ਖਾਤਮਾ ਕਰਨ ਲਈ ਫੌਜ ਭੇਜੀ। ਇਸਲਾਮ ਦੇ ਧਰਮ ਰਖਿਅਕਾਂ ਨੇ ਬੜੇ ਜੋਸ਼ ਤੇ ਕਾਹਲੀ ਨਾਲ ਆਪਣੀਆਂ ਤਲਵਾਰਾਂ ਇਹਨਾਂ ਨਿਧੜਕ ਮਨੁੱਖਾਂ ਦੇ ਖ਼ੂਨ ਨਾਲ ਰੰਗੀਆਂ। ਬੜਾ ਸਖਤ ਸੰਘਰਸ਼ ਹੋਇਆ। ਅੰਤ ਵਿਚ ਸਤਨਾਮੀਆਂ ਦੀ ਬਸ ਹੋ ਗਈ ਤੇ ਉਹ ਭੱਜ ਗਏ ਪਰ ਉਹਨਾਂ ਦਾ ਪਿੱਛਾ ਕਰ ਕੇ ਉਹਨਾਂ ਨੂੰ ਹਲਾਕ ਕਰ ਦਿੱਤਾ ਗਿਆ।

"ਜਰਨਲ ਖਾਨ-ਜਹਾਨ ਬਹਾਦਰ ਜੋਧਪੁਰ ਤੋਂ ਆਪਣੇ ਨਾਲ ਢਾਹੇ ਹੋਏ ਹਿੰਦੂ ਮੰਦਰਾਂ ਦੀਆਂ ਮੂਰਤੀਆਂ ਦੇ ਕਈ ਗੱਡੇ ਭਰ ਕੇ ਲਿਆਇਆ। ਬਹੁਤ ਸਾਰੀਆਂ ਇਹ ਮੂਰਤੀਆਂ ਜੋ ਸੋਨੇ, ਚਾਂਦੀ, ਪਿਤਲ ਜਾਂ ਤਾਂਬੇ ਦੀਆਂ ਨਹੀਂ ਹੁੰਦੀਆਂ ਸਨ ਤਾਂ ਕੀਮਤੀ ਪੱਥਰਾਂ ਨਾਲ ਜੜੀਆਂ ਹੁੰਦੀਆਂ ਸਨ, ਹੁਕਮ ਦਿੱਤਾ ਜਾਂਦਾ ਕਿ ਉਹਨਾਂ ਨੂੰ ਬਾਹਰ ਸੁਟ ਦਿੱਤਾ ਜਾਏ ਜਾਂ ਵੱਡੀ ਮਸਜਿਦ ਦੀਆਂ ਪਉੜੀਆਂ ਹੇਠਾਂ ਰੱਖ ਦਿੱਤੀਆਂ ਜਾਂਦੀਆਂ ਤਾਂ ਜੋ ਪੈਰਾਂ ਹੇਠਾਂ ਅਪਵਿੱਤਰ ਕੀਤੀਆਂ ਜਾਣ। ਉਥੇ ਉਹ ਬੜੇ ਸਮੇਂ ਤੱਕ ਉਸੇ ਤਰ੍ਹਾਂ ਹੀ ਰਹਿੰਦੀਆਂ ਜਦੋਂ ਤਕ ਉਹਨਾਂ ਦਾ ਖੁਰਾ ਖੋਜ ਖਤਮ ਨਾ ਹੋ ਜਾਂਦਾ।"

"ਏ.ਐਚ 1090 (1680 ਈਸਵੀ) ਵਿਚ ਸ਼ਹਿਜ਼ਾਦੇ ਮੁਹੰਮਦ ਅਜ਼ਮ ਅਤੇ ਖਾਨ ਜਹਾਨ ਬਹਾਦੁਰ ਨੇ ਉਦੈਪੁਰ ਜਾਣ ਦੀ ਇਜਾਜ਼ਤ ਲਈ। ਦੋ ਹੋਰ ਅਫਸਰ ਉਸੇ ਸਮੇਂ ਉਥੇ ਪਹੁੰਚੇ ਤਾਂ ਜੋ ਬੁੱਤ ਪੂਜਨ ਵਾਲਿਆਂ ਦੇ ਮੰਦਰਾਂ ਨੂੰ ਢਾਹਿਆ ਜਾ ਸਕੇ। ਇਹ ਮੰਦਰ ਇਸ ਸਮੇਂ ਦੇ ਅਜੂਬੇ ਮੰਨੇ ਜਾਂਦੇ ਹਨ ਜੋ ਇਹਨਾਂ ਕਾਫਰਾਂ ਨੇ ਆਪਣੀਆਂ ਆਤਮਾਵਾਂ ਦੀ ਬਰਬਾਦੀ ਲਈ ਖੜੇ ਕੀਤੇ ਹਨ। ਵੀਹ ਰਾਜਪੂਤਾਂ ਨੇ ਆਪਣੇ ਧਰਮ ਲਈ ਮਰਨ ਦਾ ਨਿਸ਼ਚਾ ਕਰ ਲਿਆ। ਇਕ ਨੇ ਤਾਂ ਆਪ ਮਰਨ ਤੋਂ ਪਹਿਲਾਂ ਆਪਣੇ ਤੇ ਹਮਲਾ ਕਰਨ ਵਾਲੇ ਕਾਫੀਆਂ ਨੂੰ ਮਾਰਿਆ। ਇਕ ਤੋਂ ਪਿਛੋਂ ਦੂਸਰਾ ਤੇ ਫੇਰ

ਤੀਸਰਾ ਨਿੱਤਰਿਆ। ਸਭ ਨੂੰ ਮਾਰ ਦਿੱਤਾ ਗਿਆ। ਜਦੋਂ ਤਕ ਅਖੀਰਲਾ ਹਠਧਰਮੀ ਦੋਜ਼ਖ਼ ਵਿਚ ਗਿਆ ਉਦੋਂ ਤਕ ਕਾਫੀ ਵਫ਼ਾਦਾਰ ਸਿਪਾਹੀ ਮਰ ਚੁੱਕੇ ਸਨ।"

"ਥੋੜ੍ਹੀ ਦੇਰ ਬਾਅਦ ਔਰੰਗਜ਼ੇਬ ਆਪ ਰਾਣਾ ਦੀ ਝੀਲ ਤੇ ਗਿਆ ਤੇ ਉਥੋਂ ਦੇ ਸਾਰੇ ਮੰਦਰਾਂ ਨੂੰ ਢਾਹ ਕੇ ਢੇਰੀ ਕਰ ਦਿੱਤਾ। ਹਸਨ-ਅਲੀ-ਖਾਨ ਰਾਣਾ ਦੇ ਵੀਹ ਊਠਾਂ ਨਾਲ ਹਾਜ਼ਰ ਹੋਇਆ ਅਤੇ ਖਬਰ ਦਿੱਤੀ ਕਿ ਮਹੱਲ ਦੇ ਨੇੜੇ ਵਾਲਾ ਮੰਦਰ ਅਤੇ ਇਕ ਸੌ ਬਾਈ ਹੋਰ ਮੰਦਰ ਜੋ ਨਾਲ ਵਾਲੇ ਜ਼ਿਲ੍ਹਿਆਂ ਵਿਚ ਸਨ ਉਹਨਾਂ ਨੂੰ ਵੀ ਤਬਾਹ ਕਰ ਦਿੱਤਾ ਗਿਆ ਹੈ। ਬਾਦਸ਼ਾਹ ਨੇ ਉਸਨੂੰ ਇਨਾਮ ਵਜੋਂ ਬਹਾਦਰ ਦਾ ਖਿਤਾਬ ਦਿੱਤਾ।"

"ਜਦੋਂ ਔਰੰਗਜ਼ੇਬ ਚਿਤੌੜ ਗਿਆ ਜੋ ਹਾਲੇ ਵੀ ਪੁਰਾਣੇ ਸ਼ਹਿਰਾਂ ਵਿਚੋਂ ਸਭ ਤੋਂ ਸੋਹਣਾ ਸ਼ਹਿਰ ਹੈ ਤੇ ਉਸਨੇ ਉਥੇ ਦੇ ਤਰੇਠ (63) ਮੰਦਰਾਂ ਨੂੰ ਢਵਾਇਆ। ਰਾਣਾ ਨੂੰ ਉਸਦੇ ਦੇਸ਼ ਤੇ ਘਰ ਵਿਚੋਂ ਕੱਢ ਦਿੱਤਾ ਗਿਆ। ਜੇਤੂ ਗਾਜ਼ੀਆਂ ਨੇ ਬੜਿਆਂ ਨੂੰ ਮਾਰਿਆ ਅਤੇ ਇਸਲਾਮ ਦੇ ਸੂਰਮਿਆਂ ਨੇ ਆਪਣੇ ਘੋੜਿਆਂ ਦੇ ਪੈਰਾਂ ਹੇਠਾਂ ਉਸ ਧਰਤੀ ਨੂੰ ਲਤਾੜਿਆ ਜੋ ਇਸ ਜੰਗਲ ਦੇ ਸੱਪ ਤੇ ਉਸਦੇ ਪੂਰਵਜਾਂ ਨੇ ਹਜ਼ਾਰਾਂ ਸਾਲਾਂ ਤੋਂ ਆਪਣੇ ਕਬਜ਼ੇ ਵਿਚ ਰਖੀ ਹੋਈ ਸੀ।"

ਔਰੰਗਜ਼ੇਬ ਦੀ ਬੁੱਤ ਤਬਾਹੀ ਦੇ ਕਹਿਰ ਦੀ ਕੋਈ ਸੀਮਾ ਨਹੀਂ ਸੀ ਤੇ ਨਾ ਹੀ ਉਹ ਇਸ ਕੰਮ ਵਿਚ ਘਟਿਆ। "ਆਬੂ ਤੁਰਾਬ ਜਿਸ ਨੂੰ ਉਸਨੇ ਜੈਪੁਰ ਦੀ ਪੁਰਾਣੀ ਰਾਜਧਾਨੀ ਅੰਬੇਰ ਵਿਚ ਮੰਦਰਾਂ ਨੂੰ ਢਾਹੁਣ ਲਈ ਨਿਯੁਕਤ ਕੀਤਾ ਸੀ ਉਸਨੇ ਆਪ ਆ ਕੇ ਇਹ ਇਤਲਾਹ ਦਿੱਤੀ ਕਿ ਛਿਆਹਠ (66) ਇਮਾਰਤਾਂ ਢਾਹ ਕੇ ਢੇਰੀ ਕਰ ਦਿੱਤੀਆਂ ਗਈਆਂ ਹਨ।"[1]

ਅੱਗੇ ਚੱਲ ਕੇ ਅਸੀਂ ਵੇਖਾਂਗੇ ਕਿ ਇਹ ਔਰੰਗਜ਼ੇਬ ਹੀ ਸੀ ਜਿਸ ਨੇ ਸ੍ਰੀ ਗੁਰੂ ਤੇਗ ਬਹਾਦਰ, ਸਿੱਖਾਂ ਦੇ ਨੌਵੇਂ ਗੁਰੂ ਨੂੰ ਦਿੱਲੀ ਵਿਚ ਸ਼ਹੀਦ ਕਰਵਾਇਆ। "ਦਬਿਸਤਾਨ"[2] ਦੇ ਲਿਖਣ ਵਾਲੇ ਦੇ ਮੁਤਾਬਕ ਬਾਦਸ਼ਾਹ ਨੇ ਇਹ ਹੁਕਮ ਦਿੱਤਾ ਸੀ ਕਿ ਗੁਰੂ ਜੀ ਦੇ ਸਰੀਰ ਦੇ ਚਾਰ ਹਿੱਸੇ ਕਰਕੇ ਸ਼ਹਿਰ ਦੇ ਚਾਰਾਂ ਦਰਵਾਜ਼ਿਆਂ ਤੇ ਲਟਕਾਏ ਜਾਣ। ਔਰੰਗਜ਼ੇਬ ਨੇ ਸਿੱਖਾਂ ਦੇ ਦਸਵੇਂ ਤੇ ਆਖਰੀ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਵੀ ਜ਼ੁਲਮ ਕੀਤੇ ਅਤੇ ਉਹਨਾਂ ਨੂੰ ਪੰਜਾਬ ਤੋਂ ਬਾਹਰ ਜਾਣ ਲਈ ਮਜਬੂਰ ਕੀਤਾ। ਇਸੇ ਬਾਦਸ਼ਾਹ ਦੇ ਜ਼ੁਲਮਾਂ ਸਦਕਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਪੁੱਤਰ ਸ਼ਹੀਦ ਹੋ ਗਏ ਤੇ ਉਹਨਾਂ ਦੀ ਕੋਈ ਸੰਤਾਨ ਵੀ ਨਾ ਬਚੀ।

ਕਈ ਬੜੇ ਸੁਹਿਰਦ ਚਿੰਤਨਕਾਰ ਤੇ ਸੁਧਾਰਕ ਔਰੰਗਜ਼ੇਬ ਤੇ ਭਾਰਤ ਦੇ ਹੋਰ ਮੁਗਲ ਬਾਦਸ਼ਾਹਾਂ ਦੇ ਸਮੇਂ ਵਿਚ ਹੋਏ ਹਨ ਪਰ ਜਾਂ ਤਾਂ ਉਹਨਾਂ ਨੂੰ ਮਰਵਾ ਦਿੱਤਾ ਗਿਆ ਤੇ ਕੋਈ ਵੀ ਆਪਣੀਆਂ ਸਿਖਿਆਵਾਂ ਨੂੰ ਜਾਂ ਆਪਣੇ ਬਾਰੇ ਲਿਖਤੀ ਰੂਪ ਕੁਝ ਨਾ ਦੇ ਸਕਿਆ ਜਾਂ ਉਹਨਾਂ

1. ਮੁਸਲਮਾਨ ਬਾਦਸ਼ਾਹਾਂ ਦੇ ਵਤੀਰੇ ਲਈ ਅਸਾਂ ਬਹੁਤਾ ਸਰ ਹੈਨਰੀ ਈਲੀਅਟ ਦੀ *ਹਿਸਟਰੀ ਆਫ ਇੰਡੀਆ* ਵਿਚ ਦਿੱਤੇ ਅਨੁਵਾਦ ਤੇ ਵਾਰਤਾਵਾਂ ਤੋਂ ਮਸਾਲਾ ਲਿਆ ਹੈ। ਅਸਲ ਫ਼ਾਰਸੀ ਦੀਆਂ ਤਾਰੀਖਾਂ ਵਿਚੋਂ ਬਹੁਤੀਆਂ ਨੂੰ ਪ੍ਰਾਪਤ ਕਰਨਾ ਕਠਨ ਹੈ। ਇਸ ਲਈ ਉਹਨਾਂ ਨੂੰ ਨਹੀਂ ਵਾਚਿਆ ਗਿਆ।
2. ਇਥੇ "ਦਬਿਸਤਾਨ" ਦਾ ਹਵਾਲਾ ਗਲਤ ਹੈ। ਇਸ ਦੀ ਥਾਂ ਸਿਆਬੁਲ ਖੁਤਾਖਾਰੀਨ ਹੋਣਾ ਚਾਹੀਦਾ ਹੈ। ਅਨੁਵਾਦਕ

ਦੀਆਂ ਵਾਰਤਾਵਾਂ ਹਿੰਦੂ ਧਾਰਮਿਕ ਇਤਿਹਾਸ ਨਾਲ ਸੰਬੰਧਿਤ ਹਨ ਜੋ ਇਸ ਹੱਥਲੇ ਕੰਮ ਦੀ ਸੀਮਾ ਤੋਂ ਬਾਹਰ ਹਨ।

ਭਾਗ ਦੂਜਾ

ਹਿੰਦੂਆਂ ਦੇ ਮਹਾਨ ਪੰਡਤਾਂ ਤੇ ਬ੍ਰਾਹਮਣਾਂ ਨੇ ਆਪਣੀਆਂ ਸਿਖਿਆਵਾਂ ਸੰਸਕ੍ਰਿਤ ਵਿਚ ਦਸੀਆਂ ਜਿਸਨੂੰ ਉਹ ਦੇਵਤਿਆਂ ਦੀ ਭਾਸ਼ਾ ਸਮਝਦੇ ਸਨ। ਗੁਰੂਆਂ ਨੇ ਸੋਚਿਆ ਕਿ ਆਪਣੇ ਸੰਦੇਸ਼ਾਂ ਨੂੰ ਉਸ ਸਮੇਂ ਦੀ ਭਾਸ਼ਾ ਵਿਚ ਦਸਣਾ ਜ਼ਿਆਦਾ ਫਾਇਦੇਮੰਦ ਹੋਵੇਗਾ। ਜਦੋਂ ਗੁਰੂ ਅਮਰਦਾਸ ਜੀ ਨੂੰ ਇਸਦਾ ਕਾਰਨ ਪੁਛਿਆ ਗਿਆ ਤਾਂ ਉਹਨਾਂ ਨੇ ਕਿਹਾ, "ਖੂਹ ਦਾ ਪਾਣੀ ਸਿਰਫ ਆਪਣੇ ਆਲੇ-ਦੁਆਲੇ ਦੀ ਜ਼ਮੀਨ ਨੂੰ ਸਿੰਚ ਸਕਦਾ ਹੈ ਪਰ ਮੀਂਹ ਦਾ ਪਾਣੀ ਸਾਰੀ ਧਰਤੀ ਨੂੰ ਪਾਣੀ ਦੇ ਸਕਦਾ ਹੈ। ਇਸ ਕਰਕੇ ਗੁਰੂ ਜੀ ਨੇ ਆਪਣੇ ਸ਼ਬਦਾਂ ਨੂੰ ਲੋਕਾਂ ਦੀ ਭਾਸ਼ਾ ਵਿਚ ਰਚਿਆ ਹੈ ਅਤੇ ਗੁਰਮੁਖੀ ਦੇ ਅੱਖਰਾਂ ਵਿਚ ਅੰਕਿਤ ਕੀਤਾ ਹੈ ਤਾਂ ਕਿ ਹਰ ਜਾਤ ਤੇ ਵਰਗ ਦੇ ਨਰ ਨਾਰੀ ਉਹਨਾਂ ਨੂੰ ਪੜ੍ਹ ਕੇ ਸਮਝ ਸਕਣ। ਇਕ ਬ੍ਰਾਹਮਣ ਨੇ ਫੇਰ ਕਿਹਾ ਕਿ ਧਾਰਮਿਕ ਸਿਖਿਆ ਸਭ ਨੂੰ ਦੇਣੀ ਯੋਗ ਨਹੀਂ ਹੈ ਕਿਉਂਕਿ ਸ਼ੂਦਰਾਂ ਤੇ ਔਰਤਾਂ ਨੂੰ ਇਸ ਸਿਖਿਆ ਦੇਣ ਦੀ ਮਨਾਹੀ ਹੈ।[1] ਗੁਰੂ ਜੀ ਨੇ ਫੇਰ ਬੜੀ ਗੂੜ੍ਹਤਾ ਨਾਲ ਜਵਾਬ ਦਿੱਤਾ :

"ਹੇ ਪਿਤਾ ਇਹ ਸੰਸਾ ਦੂਰ ਕਰੋ। ਕਰਨ ਕਰਾਵਨ ਉਹ ਆਪ ਹੀ ਹੈ। ਜੋ ਕੁਝ ਉਸ ਨੇ ਪੈਦਾ ਕੀਤਾ ਹੈ ਉਹ ਉਸ ਵਿਚ ਹੀ ਸਮਾ ਜਾਵੇਗਾ- ਹੇ ਕਰਤਾ ਜੋ ਸਾਰੇ ਰੂਪ ਨਜ਼ਰ ਆਉਂਦੇ ਹਨ ਤੇਰੇ ਹੀ ਹਨ। ਜੋ ਗੁਰੂ ਦੇ ਸ਼ਬਦ ਨੂੰ ਬੁੱਝਦਾ ਹੈ ਉਹ ਉਸ ਨੂੰ ਜਾਣ ਜਾਂਦਾ ਹੈ। ਸਭ ਕੁਝ ਤੇਰਾ ਹੈ ਇਸ ਤੇ ਕੋਈ ਸ਼ਕ ਨਹੀਂ।"

ਗੁਰੂ ਨਾਨਕ ਦੇਵ ਜੀ ਨੇ ਆਪਣੇ ਆਪ ਨੂੰ ਨਾ ਹੀ ਸੰਜਮੀ ਕਿਹਾ ਤੇ ਨਾ ਹੀ ਵਿਦਵਾਨ, ਉਹ ਤਾਂ ਹਰ ਪੱਖ ਤੋਂ ਨਿਮਰਤਾ ਦੇ ਪੁੰਜ ਸਨ। ਉਹਨਾਂ ਦੇ ਆਗਮਨ ਦਾ ਸੰਦੇਸ਼ ਦੇਣ ਬਾਰੇ ਕੋਈ ਭਵਿੱਖਬਾਣੀ ਨਹੀਂ ਹੋਈ ਤੇ ਬਾਅਦ ਵਿਚ ਵੀ ਉਹਨਾਂ ਨੇ ਆਪਣੇ ਜੀਵਨ ਦੀਆਂ ਘਟਨਾਵਾਂ ਨੂੰ ਘੜ ਕੇ ਜਾਂ ਬਣਾ ਕੇ ਭਵਿੱਖ ਬਾਣੀਆਂ ਅਨੁਸਾਰ ਨਹੀਂ ਕੀਤਾ। ਉਹਨਾਂ ਨੇ ਬੁੱਤ ਪੂਜਾ, ਜਾਤ-ਪਾਤ ਤੇ ਪਖੰਡ ਦੇ ਵਿਰੁੱਧ ਸਿੱਖਿਆ ਦਿੱਤੀ ਤੇ ਮਨੁੱਖਾਂ ਨੂੰ ਸਭ ਤੋਂ ਵਿਸਤ੍ਰਿਤ ਸਦਾਚਾਰਕ ਨੀਤੀ ਪ੍ਰਦਾਨ ਕੀਤੀ। ਪਰ ਇਹ ਸਭ ਕੁਝ ਕਰਦੇ ਹੋਏ ਉਹਨਾਂ ਨੇ ਇਕ ਸ਼ਬਦ ਵੀ ਐਸਾ ਉਚਾਰਨ ਨਹੀਂ ਕੀਤਾ ਜਿਸ ਤੋਂ ਉਹਨਾਂ ਦੇ ਨਿੱਜੀ ਉਦੇਸ਼ ਜਾਂ ਕਰਤਾ ਦੀਆਂ ਦਾਤਾਂ ਦੇ ਝੂਠੇ ਦਾਅਵੇ ਦੀ ਝਲਕ

---

1. *ਇਨਸਟੀਚਿਊਟਸ ਆਫ ਗੌਤਮ* ਦੇ ਬਾਰ੍ਹਵੇਂ ਕਾਂਡ ਵਿਚ ਅੰਕਿਤ ਹੈ ਜੇਕਰ ਕੋਈ ਸ਼ੂਦਰ ਵੇਦ ਨੂੰ ਸੁਣਦਾ ਹੈ ਤੇ ਉਸ ਦੇ ਕੰਨ ਗਰਮ ਧਾਤ ਜਾਂ ਮੋਮ ਨਾਲ ਬੰਦ ਕਰ ਦੇਣੇ ਚਾਹੀਦੇ ਹਨ। ਜੇਕਰ ਉਹ ਵੇਦ ਪੜ੍ਹਦਾ ਹੈ, ਉਸ ਦੀ ਜ਼ਬਾਨ ਕੱਟ ਦੇਣੀ ਚਾਹੀਦੀ ਹੈ। ਜੇਕਰ ਉਸ ਕੋਲ ਵੇਦ ਹਨ ਤਾਂ ਉਸ ਦੇ ਸਰੀਰ ਨੂੰ ਦੋ ਹਿੱਸਿਆਂ ਵਿੱਚ ਕੱਟ ਦੇਣਾ ਚਾਹੀਦਾ ਹੈ।
   ਇਨਸਟੀਚਿਊਟਸ ਆਫ ਮਨੂੰ ਦੇ ਨੌਵੇਂ ਕਾਂਡ ਦੇ ਅਠਵੇਂ ਸ਼ਲੋਕ ਵਿਚ ਅੰਕਿਤ ਹੈ ਹੈ ਕਿ ਇਸਤ੍ਰੀਆਂ ਕਿਸੇ ਵੇਦਿਕ ਰਸਮ ਵਿੱਚ ਹਿੱਸਾ ਨਾ ਲੈਣ। ਉਹਨਾਂ ਦੇ ਇਸ ਤਰ੍ਹਾਂ ਕਰਨ ਨਾਲ ਜਾਂ ਵੇਦਾਂ ਦੇ ਪਾਠ ਕਰਨ ਨਾਲ ਕੋਈ ਸੰਬੰਧ ਰੱਖਣਾ ਧਰਮ ਦੇ ਉਲਟ ਹੈ। ਇਸੇ ਤਰ੍ਹਾਂ ਇਸਤ੍ਰੀਆਂ ਨੂੰ ਵੀ ਸ਼ੂਦਰ ਸਮਝਿਆ ਜਾਂਦਾ ਸੀ ਤੇ ਉਹਨਾਂ ਨੂੰ ਧਰਮ ਤੋਂ ਬਾਹਰ ਰਖਿਆ ਜਾਂਦਾ ਸੀ।

ਪੈਂਦੀ ਹੋਵੇ। ਇਸ ਤਰ੍ਹਾਂ ਜਾਪਦਾ ਹੈ ਕਿ ਮੁਸਲਮਾਨਾਂ ਨਾਲ ਉਹਨਾਂ ਦੇ ਕਾਫੀ ਚੰਗੇ ਸੰਬੰਧ ਸਨ ਪਰ ਕਿਉਂਕਿ ਉਹ ਜਾਤ-ਪਾਤ ਤੇ ਛੂਅੱਸਥ ਨੂੰ ਚੰਗਾ ਨਹੀਂ ਮੰਨਦੇ ਸਨ ਅਤੇ ਆਪਣੇ ਸਪਸ਼ਟ ਕਥਨਾਂ ਕਰਕੇ ਉਹ ਹਿੰਦੂਆਂ ਨਾਲ ਅਕਸਰ ਮੁਸ਼ਕਲਾਂ ਵਿਚ ਪੈ ਜਾਂਦੇ ਸਨ ਚਾਹੇ ਉਹ ਕਦੀ ਵੀ ਗੁੱਸੇ ਵਿਚ ਭੜਕੇ ਨਹੀਂ। ਆਪਣੇ ਜੀਵਨ ਕਾਲ ਵਿਚ ਉਹ ਆਮ ਤੌਰ ਤੇ ਪ੍ਰਿਯ ਰਹੇ ਅਤੇ ਉਹਨਾਂ ਦੇ ਜੋਤੀ-ਜੋਤ ਸਮਾਉਣ ਤੇ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਝਗੜਾ ਹੋਇਆ ਕਿ ਕਿਹੜੇ ਮੱਤ ਦੇ ਲੋਕ ਉਹਨਾਂ ਦਾ ਅੰਤਿਮ ਕਰਿਆ ਕਰਮ ਕਰਨਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵਿਚ ਗੁਰੂ ਨਾਨਕ ਦੇਵ, ਗੁਰੂ ਅੰਗਦ ਦੇਵ,ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ (ਨੌਵੇਂ ਗੁਰੂ), ਗੁਰੂ ਗੋਬਿੰਦ ਸਿੰਘ ਜੀ (ਦਸਵੇਂ ਗੁਰੂ) ਦਾ ਦੋਹਾ, ਗੁਰੂਆਂ ਦੀ ਸੇਵਾ ਵਿਚ ਭੱਟਾਂ ਦੇ ਗੁਰੂਆਂ ਦੀ ਪ੍ਰਸ਼ੰਸਾ ਦੇ ਸੋਹਲੇ ਅਤੇ ਮੱਧਕਾਲੀਨ ਭਾਰਤ ਦੇ ਸੰਤਾਂ ਦੇ ਸ਼ਬਦ ਮੌਜੂਦ ਹਨ ਜਿਨ੍ਹਾਂ ਦਾ ਵੇਰਵਾ ਬਾਅਦ ਵਿਚ ਦਿੱਤਾ ਜਾਵੇਗਾ। ਗੁਰੂਆਂ ਤੇ ਭਗਤਾਂ ਜਿਨ੍ਹਾਂ ਦੀਆਂ ਰਚਨਾਵਾਂ ਸਿੱਖਾਂ ਦੇ ਪਵਿੱਤਰ ਗ੍ਰੰਥਾਂ ਵਿਚ ਮਿਲਦੀਆਂ ਹਨ ਉਹਨਾਂ ਦਾ ਬੁਨਿਆਦੀ ਅਸੂਲ ਰੱਬ ਦਾ ਇਕ ਹੋਣਾ ਹੈ। ਸਿੱਖਾਂ ਦੀਆਂ ਧਾਰਮਿਕ ਰਚਨਾਵਾਂ ਵਿਚ, ਇਹ ਸ਼ਾਇਦ ਫਜ਼ੂਲ ਦੁਹਾਰਾਉ ਤੋਂ ਬਿਨਾਂ ਬਾਰ-ਬਾਰ ਪ੍ਰਚਾਰਿਆ ਗਿਆ ਹੈ। ਇਹ ਜ਼ਰੂਰੀ ਸੀ ਕਿਉਂਕਿ ਸਿੱਖ ਧਰਮ ਨੂੰ ਅਗਿਆਨਤਾ ਤੇ ਵਹਿਮਾਂ ਭਰਮਾਂ ਦੀ ਤਾਕਤ ਨਾਲ ਟੱਕਰ ਲੈਣੀ ਪਈ।

ਗੁਰੂਆਂ ਤੇ ਸੰਤਾਂ ਦੇ ਸ਼ਬਦ, ਸੰਗੀਤ ਦੇ ਇਕੱਤੀ ਰਾਗਾਂ ਦੇ ਅਨੁਸਾਰ ਜਿਨ੍ਹਾਂ ਵਿਚ ਉਹ ਰਚੇ ਗਏ ਹਨ, ਪਵਿੱਤਰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ ਗਏ ਹਨ ਨਾ ਕਿ ਉਹਨਾਂ ਦੇ ਰਚਨਹਾਰਿਆਂ ਦੇ ਮੁਤਾਬਕ। ਪਹਿਲੇ ਨੌਂ ਗੁਰੂਆਂ ਨੇ ਆਪਣੇ ਨਾਂ ਦੀ ਜਗ੍ਹਾ ਨਾਨਕ ਦਾ ਨਾਮ ਹੀ ਧਾਰਨ ਕੀਤਾ ਅਤੇ ਉਹਨਾਂ ਦੀਆਂ ਰਚਨਾਵਾਂ ਮਹਿਲਿਆ ਨਾਲ ਪਹਿਚਾਣੀਆਂ ਜਾਂਦੀਆਂ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਸ਼ਹਿਰ ਨਾਲ ਤੁਲਨਾ ਕਰਕੇ ਹਰ ਗੁਰੂ ਦੇ ਸ਼ਬਦ ਉਸਦਾ ਇਕ ਹਿੱਸਾ ਜਾਂ ਖੰਡ ਸਮਝਿਆ ਗਿਆ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਮਹਲਾ ਪਹਿਲਾ ਕਿਹਾ ਗਿਆ ਹੈ, ਜਿਸਦਾ ਮਤਲਬ ਹੈ ਕਿ ਇਹ ਪਹਿਲਾ ਖੰਡ ਹੈ। ਗੁਰੂ ਅੰਗਦ ਦੇਵ ਦੀਆਂ ਰਚਨਾਵਾਂ ਨੂੰ ਮਹਲਾ ਦੂਜਾ ਭਾਵ ਦੂਸਰਾ ਖੰਡ ਕਿਹਾ ਗਿਆ ਹੈ ਅਤੇ ਇਸ ਤਰ੍ਹਾਂ ਹੀ ਬਾਕੀ ਮਹੱਲੇ ਹਨ। ਗੁਰੂਆਂ ਦੇ ਸ਼ਬਦਾਂ ਤੋਂ ਬਾਅਦ ਭਗਤਾਂ ਦੇ ਸ਼ਬਦ ਵਖਰੇ ਵਖਰੇ ਰਾਗਾਂ ਵਿਚ ਮਿਲਦੇ ਹਨ।

ਜੋ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਹੈ ਉਸ ਵਿਚ ਜਾਪ ਸਾਹਿਬ, ਅਕਾਲ ਉਸਤਤ ਜਾਂ ਰਚਨਹਾਰੇ ਦੀ ਪ੍ਰਸ਼ੰਸਾ, ਬਚਿੱਤਰ ਨਾਟਕ ਜਿਸ ਵਿਚ ਗੁਰੂ ਜੀ ਦੇ ਵਿਰਸੇ, ਦੈਵੀ ਮਨੋਰਥ ਅਤੇ ਜਿਹੜੀਆਂ ਲੜਾਈਆਂ ਉਹਨਾਂ ਨੇ ਲੜੀਆਂ ਉਹਨਾਂ ਦਾ ਵਰਨਣ ਹੈ। ਇਸ ਤੋਂ ਬਾਅਦ "ਦੇਵੀ ਮਹਾਤਮ" ਦੇ ਸੰਖੇਪ ਵਿਚ ਤਿੰਨ ਉਲਥੇ ਹਨ, ਇਕ ਮਾਰਕੰਡਿਆ ਪੁਰਾਨ ਦੇ ਪ੍ਰਸੰਗ ਦਾ ਵਰਨਣ ਹੈ ਜੋ ਦੁਰਗਾ ਦੀ ਪ੍ਰਸ਼ੰਸਾ ਵਿਚ ਹੈ ਜੋ ਜੰਗ ਦੀ ਦੇਵੀ ਹੈ। ਇਸ ਤੋਂ ਬਾਅਦ ਹੈ ਗਿਆਨ

ਪ੍ਰਬੋਧ ਜਿਸ ਦਾ ਮਤਲਬ ਹੈ ਗਿਆਨ ਦਾ ਜਾਗਰਨ, ਚੌਵੀ ਦੇਵੀ ਦੇਵਤਿਆਂ ਦਾ ਵਰਨਣ ਜਿਨ੍ਹਾਂ ਨੂੰ ਉਹਨਾਂ ਦੀਆਂ ਜੰਗੀ ਵਿਸੇਸ਼ਤਾਈਆਂ ਕਰਕੇ ਚੁਣਿਆ ਗਿਆ। ਉਸ ਤੋਂ ਬਾਅਦ ਹਜ਼ਾਰੇ ਦੇ ਸ਼ਬਦ, ਚਾਰ ਲਾਈਨਾਂ ਵਾਲੇ ਸਵੱਈਏ ਜੋ ਕਿ ਰੱਬ ਦੀ ਉਸਤਤ ਵਿਚ ਧਾਰਮਿਕ ਸ਼ਬਦ ਹਨ ਜਿਨ੍ਹਾਂ ਵਿਚ ਬੁੱਤ ਪੂਜਾ ਤੇ ਪਾਖੰਡ ਦਾ ਖੰਡਣ ਕੀਤਾ ਹੈ, ਸ਼ਾਸਤਰ ਨਾਮ ਮਾਲਾ, ਜਿਸ ਵਿਚ ਵਾਰ ਕਰਨ ਵਾਲੇ ਤੇ ਆਪਣਾ ਬਚਾਉ ਕਰਨ ਵਾਲੇ ਸ਼ਸ਼ਤਰਾਂ ਦੇ ਨਾਮ ਹਨ ਜੋ ਗੁਰੂ ਜੀ ਦੇ ਸਮੇਂ ਪ੍ਰਚੱਲਿਤ ਸਨ ਜਿਨ੍ਹਾਂ ਦੇ ਨਾਲ-ਨਾਲ ਅਕਾਲ ਪੁਰਖ ਦੇ ਗੁਣਾਂ ਦਾ ਵਰਨਣ ਹੈ। ਤ੍ਰਿਆ ਚਰਿਤਰ ਉਹ ਕਥਾਵਾਂ ਹਨ ਜਿਨ੍ਹਾਂ ਵਿਚ ਔਰਤ ਦੇ ਗੁਣਾਂ ਜਾਂ ਅਸਲੀਅਤ ਵਿਚ ਉਹਨਾਂ ਦੇ ਚਰਿਤਰਾਂ ਦਾ ਵਰਨਣ ਹੈ, ਜ਼ਫਰਨਾਮਾ, ਜੋ ਗੁਰੂ ਜੀ ਦਾ ਬਾਦਸ਼ਾਹ ਔਰੰਗਜ਼ੇਬ ਦੇ ਨਾਮ ਤੇ ਪੱਤਰ ਹੈ, ਅਤੇ ਹੋਰ ਕਈ ਫ਼ਾਰਸੀ ਭਾਸ਼ਾ ਵਿਚ ਕਵਿਤਾਂ ਵਿਚ ਕਥਾਵਾਂ ਹਨ। ਇਹ ਗ੍ਰੰਥ ਭਾਈ ਮਨੀ ਸਿੰਘ ਨੇ ਦਸਵੇਂ ਗੁਰੂ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਸੰਗ੍ਰਹਿ ਕੀਤਾ।

ਸਿੱਖਾਂ ਦੇ ਦੋ ਮੁੱਖ ਭਾਗ ਹਨ ਸਹਿਜਧਾਰੀ ਤੇ ਸਿੰਘ। ਸਿੰਘ ਉਹ ਹਨ ਜਿਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸ਼ੁਰੂ ਕੀਤਾ ਅੰਮ੍ਰਿਤ ਪਾਨ ਕੀਤਾ ਹੋਵੇ ਜੋ ਇਸ ਰਚਨਾ ਦੇ ਪੰਜਵੇਂ ਭਾਗ ਵਿਚ ਵਰਨਣ ਕੀਤਾ ਜਾਵੇਗਾ। ਦੂਸਰੇ ਸਾਰੇ ਸਿੱਖਾਂ ਨੂੰ ਸਹਿਜਧਾਰੀ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਬਾਅਦ ਸਾਰੇ ਸਿੰਘ ਸੈਨਿਕ ਰਹੇ ਹਨ ਅਤੇ ਸਹਿਜਧਾਰੀ ਆਪਣੀ ਖੇਤੀ-ਬਾੜੀ ਜਾਂ ਵਪਾਰ ਕਰਦੇ ਅਰਾਮ ਵਿਚ ਰਹੇ ਹਨ ਜਿਸ ਤਰ੍ਹਾਂ ਕਿ ਨਾਮ ਤੋਂ ਜ਼ਾਹਰ ਹੁੰਦਾ ਹੈ। ਸਿੰਘਾਂ ਵਿਚ ਨਿਰਮਲੇ ਤੇ ਨਿਹੰਗ ਸ਼ਾਮਲ ਹਨ। ਸਹਿਜਧਾਰੀਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸ੍ਰੀ ਚੰਦ ਦੇ ਚਲਾਏ ਹੋਏ ਉਦਾਸੀ, ਗੁਰੂ ਗੋਬਿੰਦ ਸਿੰਘ ਜੀ ਦੇ ਪਾਣੀ ਪਿਆਉਣ ਵਾਲੇ (ਭਾਈ ਘਨਈਆ) ਦੇ ਸ਼ੁਰੂ ਕੀਤੇ ਸੇਵਾ ਪੰਥੀ, ਗੁਰੂ ਹਰਿ ਰਾਏ ਜੀ ਦੇ ਸਪੁੱਤਰ ਰਾਮ ਰਾਏ ਦੇ ਚਲਾਏ ਹੋਏ ਰਾਮਰਾਈਏ, ਹੰਦਾਲੀ ਜਿਨ੍ਹਾਂ ਦਾ ਬਾਅਦ ਵਿਚ ਵਰਨਣ ਕੀਤਾ ਜਾਵੇਗਾ ਅਤੇ ਹੋਰ ਛੋਟੇ ਮੱਤ ਜੋ ਜ਼ਿਆਦਾ ਮਹੱਤਵਪੂਰਨ ਨਹੀਂ ਹਨ, ਸ਼ਾਮਲ ਹਨ।

ਸਿੱਖ ਧਰਮ ਆਪਣੀ ਧਰਮ ਸਿਧਾਂਤ ਦੀ ਪ੍ਰਮਾਣਿਕਤਾ ਦੇ ਵਜੋਂ ਹੋਰ ਮਹਾਨ ਧਾਰਮਿਕ ਮੱਤਾਂ ਤੋਂ ਵੱਖਰਾ ਹੈ। ਦੁਨੀਆਂ ਦੇ ਕਈ ਮਹਾਨ ਗੁਰੂ ਜੋ ਹੋਏ ਹਨ ਉਹਨਾਂ ਨੇ ਆਪਣਾ ਇਕ ਵਾਕ ਵੀ ਦੁਨੀਆਂ ਲਈ ਨਹੀਂ ਛਡਿਆ ਅਤੇ ਜੋ ਕੁਝ ਸਾਨੂੰ ਪਤਾ ਲਗਦਾ ਹੈ ਉਹ ਜਾਂ ਤਾਂ ਉਹਨਾਂ ਦੀ ਸਿਖਿਆ ਜੋ ਰਵਾਇਤ ਵਜੋਂ ਚਲੀ ਆ ਰਹੀ ਹੈ ਜਾਂ ਫੇਰ ਜੋ ਜਾਣਕਾਰੀ ਦੂਸਰਿਆਂ ਨੇ ਦਿੱਤੀ ਹੈ ਉਹ ਹੈ। ਜੇ ਪਾਈਥਾਗੋਰਸ ਨੇ ਆਪਣੇ ਮੱਤ ਦੇ ਕੁਝ ਸਿਧਾਂਤ ਲਿਖੇ ਉਸਦੀਆਂ ਲਿਖਤਾਂ ਸਾਡੇ ਤੱਕ ਨਹੀਂ ਪਹੁੰਚੀਆਂ। ਸੁਕਰਾਤ ਦੀਆਂ ਸਿਖਿਆਵਾਂ ਪਲੇਟੋ ਤੇ ਜੇਨੋਫੋਨ ਦੀਆਂ ਲਿਖਤਾਂ ਦੇ ਰਾਹੀਂ ਹੀ ਪਤਾ ਲਗਦੀਆਂ ਹਨ। ਬੁੱਧ ਨੇ ਆਪਣੀਆਂ ਸਿਖਿਆਵਾਂ ਲਈ ਕੋਈ ਲਿਖਤੀ ਮਸਾਲਾ ਨਹੀਂ ਦਿੱਤਾ। ਕੁਗਫਿਓਟਜ਼ਿ ਜੋ ਕਿ ਯੂਰਪ ਦੇ ਲੋਕਾਂ ਵਿਚ ਕਨਫਿਊਸ਼ੀਅਸ ਦੇ ਨਾਂ ਨਾਲ ਮਸ਼ਹੂਰ ਹੈ ਉਸ ਨੇ ਵੀ ਆਪਣੇ ਸਿਧਾਂਤਾਂ ਦੇ ਆਤਮਿਕ ਤੇ ਸਮਾਜਕ ਅਸੂਲਾਂ ਵਾਸਤੇ ਕੋਈ ਲਿਖਤੀ ਪ੍ਰਮਾਣ ਨਹੀਂ ਛੱਡਿਆ, ਈਸਾਈ ਧਰਮ ਦੇ ਬਾਨੀ ਨੇ ਵੀ ਆਪਣੇ ਮੱਤਾਂ ਨੂੰ ਲਿਖਤ ਵਿਚ ਨਹੀਂ ਉਤਾਰਿਆ

ਅਤੇ ਉਸ ਲਈ ਸਾਨੂੰ ਮੈਥਯੂ, ਮਾਰਕ, ਲਿਊਕ ਅਤੇ ਜੌਹਨ ਦੇ ਲਿਖੇ ਉਪਦੇਸ਼ਾਂ ਉਪਰ ਹੀ ਭਰੋਸਾ ਕਰਨਾ ਪਿਆ। ਅਰਬ ਦੇ ਪੈਗੰਬਰ ਨੇ ਵੀ ਆਪ ਕੋਈ ਕੁਰਾਨ ਦਾ ਕਾਂਡ ਨਹੀਂ ਲਿਖਿਆ। ਕੁਰਾਨ ਦੇ ਕਾਂਡ ਵੀ ਉਸਦੇ ਪੈਰੋਕਾਰਾਂ ਤੇ ਅਨੁਯਾਈਆਂ ਨੇ ਹੀ ਲਿਖੇ ਜਾਂ ਸੰਕਲਿਤ ਕੀਤੇ। ਪਰ ਸਿੱਖ ਗੁਰੂਆਂ ਦੀਆਂ ਰਚਨਾਵਾਂ ਉਸੇ ਤਰ੍ਹਾਂ ਹੀ ਸੰਭਾਲੀਆਂ ਗਈਆਂ ਤੇ ਸਾਨੂੰ ਮੁੱਢਲੇ ਸੋਮੇ ਤੋਂ ਹੀ ਉਹਨਾਂ ਦੀਆਂ ਸਿਖਿਆਵਾਂ ਦਾ ਪਤਾ ਲਗਦਾ ਹੈ। ਉਹਨਾਂ ਨੇ ਆਪਣੀਆਂ ਲਿਖਤਾਂ ਨੂੰ ਕਾਵਿ ਰੂਪ ਵਿਚ ਲਿਖਿਆ ਜੋ ਕਿ ਆਮ ਤੌਰ ਤੇ ਨਕਲ ਕਰਨ ਵਾਲਿਆਂ ਕੋਲੋਂ ਬਦਲੀਆਂ ਨਹੀਂ ਜਾ ਸਕਦੀਆਂ ਅਤੇ ਥੋੜ੍ਹੇ ਸਮੇਂ ਵਿਚ ਅਸੀਂ ਉਹਨਾਂ ਦੇ ਵੱਖਰੇ ਅੰਦਾਜ਼ ਨਾਲ ਵਾਕਿਫ ਵੀ ਹੋ ਜਾਂਦੇ ਹਾਂ। ਇਸ ਕਰਕੇ ਕੋਈ ਬਣਾਉਟੀ ਰਚਨਾ ਜਾਂ ਬਾਹਰ ਦੇ ਸਿਧਾਂਤਾਂ ਨੂੰ ਉਹਨਾਂ ਦਾ ਕਰਕੇ ਨਹੀਂ ਮੰਨਿਆ ਜਾ ਸਕਦਾ।

ਭਾਵੇਂ ਇਹ ਸਪਸ਼ਟ ਨਹੀਂ ਹੁੰਦਾ ਕਿ ਇਹ ਗਲ ਸਿੱਖ ਧਰਮ ਦੀ ਸਫ਼ਲਤਾ ਵਿਚ ਸਹਾਇਕ ਹੋਈ ਕਿ ਨਹੀਂ। ਇੰਜ ਭਾਸਦਾ ਹੈ ਕਿ ਕਿਸੇ ਧਰਮ ਦੇ ਪਵਿੱਤਰ ਗ੍ਰੰਥਾਂ ਦੀ ਪ੍ਰਮਾਣਿਕਤਾ ਉਸਦੀ ਆਮ ਜਾਂ ਸਥਾਈ ਮਾਨਤਾ ਦੇ ਵਿਰੁੱਧ ਜੂਝਦੀ ਹੈ। ਉਹ ਸਿਖਿਆਵਾਂ ਜਿਨ੍ਹਾਂ ਦਾ ਕੋਈ ਪ੍ਰਮਾਣਿਕ ਉਲੇਖ ਨਹੀਂ ਹੁੰਦਾ। ਉਹ ਦੂਸਰੇ ਦੇਸ਼ਾਂ ਦੇ ਮੁਤਾਬਕ ਤੇ ਬਾਅਦ ਦੇ ਸਮਿਆਂ ਦੀਆਂ ਅਭਿਲਾਸ਼ਾ ਤੇ ਬੌਧਿਕ ਹਾਲਾਤਾਂ ਦੇ ਮੁਤਾਬਿਕ ਲਚਕਦਾਰ ਤੇ ਬਦਲੀਆਂ ਜਾਂ ਸਕਦੀਆਂ ਹਨ। ਕੋਈ ਧਰਮ ਵੀ ਸਮੁੱਚੇ ਤੌਰ ਤੇ ਸਥਾਈ ਤੌਰ ਤੇ ਕਿਸੇ ਬਾਹਰਲੇ ਦੇਸ਼ ਵਿਚ ਅਪਨਾਇਆ ਨਹੀਂ ਜਾ ਸਕਦਾ, ਅਤੇ ਜਦੋਂ ਕੋਈ ਧਰਮ ਸਹਜ ਸੁਭਾਵਿਕ ਕਿਸੇ ਹੋਰ ਦੇਸ ਵਿਚ ਜਾਂਦਾ ਹੈ ਤਾਂ ਉਹ ਸਥਾਨਕ ਧਾਰਨਾਵਾਂ ਜਾਂ ਵਹਿਮਾਂ ਨਾਲ ਸੰਮਿਲਤ ਹੋਣ ਤੋਂ ਬਚਿਆ ਨਹੀਂ ਰਹਿ ਸਕਦਾ। ਸਾਰੇ ਧਰਮਾਂ ਦੇ ਅਨੁਯਾਈ ਆਪਣੇ ਧਰਮਾਂ ਦੀ ਸੰਕਲਨ ਪ੍ਰਣਾਲੀ ਵਿਚ ਖੁਲ੍ਹ ਲੈਣ ਦੀ ਰੁਚੀ ਰਖਦੇ ਹਨ। ਇਹ ਇਕ ਵਿਸ਼ਵ ਵਿਆਪੀ ਅਸੂਲ ਹੈ ਕਿ ਆਪਣੇ ਧਰਮ ਦੇ ਬਾਨੀ ਦੇ ਚਲਾਏ ਹੋਏ ਜੋ ਮੱਤ ਅਨੁਯਾਈਆਂ ਨੂੰ ਸਭ ਤੋਂ ਜ਼ਿਆਦਾ ਸੁਵਿਧਾਜਨਕ ਲਗਣ ਉਹਨਾਂ ਨਾਲ ਉਹ ਜੁੜੇ ਰਹਿੰਦੇ ਹਨ ਅਤੇ ਜੋ ਘਟ ਮਹੱਤਵਪੂਰਨ ਜਾਂ ਜੋ ਅਮਲ ਵਿਚ ਲਿਆਉਣੇ ਮੁਸ਼ਕਲ ਲਗਣ ਉਹਨਾਂ ਨੂੰ ਛੱਡ ਦਿੰਦੇ ਹਨ।

ਇਹ ਗੱਲ ਬੜੀ ਅਚੰਭੇ ਵਾਲੀ ਹੈ ਕਿ ਸਭ ਤੋਂ ਮਹੱਤਵਪੂਰਨ ਧਾਰਮਿਕ ਸੁਧਾਰ ਜਨ ਸੁਧਾਰ ਦੁਆਰਾ ਲਿਆਉਂਦੇ ਗਏ ਹਨ। ਪਾਦਰੀ ਲੋਕ ਆਪਣੇ ਸਵਾਰਥ ਤੋਂ ਇਲਾਵਾ ਪੁਰਾਤਨ ਤਰੀਕਿਆਂ ਨਾਲ ਬਹੁਤ ਜ਼ਿਆਦਾ ਜੁੜੇ ਹੁੰਦੇ ਹਨ ਤੇ ਆਪਣੀ ਹਕੂਮਤ ਜਾਂ ਉਹਨਾਂ ਤਰੀਕਿਆਂ ਦੇ ਲਾਹੇਵੰਦ ਨਾ ਹੋਣ ਦਾ ਖੰਡਨ ਕਰਨ ਦੀ ਜੁਅਰੱਤ ਨਹੀਂ ਕਰਦੇ। ਪਾਈਥਾਗੋਰਸ, ਜਿਸਨੇ ਧਾਰਮਿਕ ਫਲਸਫੇ ਦੀ ਧਾਰਨਾ ਦੀ ਸ਼ੁਰੂਆਤ ਕੀਤੀ ਅਤੇ ਆਤਮਾਵਾਂ ਦੇ ਪੁਨਰ-ਜਨਮ ਬਾਰੇ ਸਿਖਿਆ ਦਿੱਤੀ, ਇਕ ਨਗੀਨਾ ਤਰਾਸ਼ ਦਾ ਪੁੱਤਰ ਸੀ ਨਾ ਕਿ ਸ਼ੁਰੂ ਦੀ ਸਿਖਲਾਈ ਜਾਂ ਸੋਹਬਤ ਤੋਂ ਧਾਰਮਿਕ ਸਿਖਸ਼ਕ ਜਾਂ ਪਾਦਰੀ ਸੀ। ਈਸਾ, ਹੈਬਰੀਊ ਦਾ ਕਵੀ, ਯਹੂਦੀਆਂ ਦੇ ਜਜ਼ਬੇ ਨੂੰ ਇਕਸਾਰਤਾ ਤੇ ਚਮਕ ਦੇਣ ਵਾਲਾ ਕੋਈ ਵਿਵਸਾਇਕ ਧਰਮ ਪ੍ਰਚਾਰਕ ਨਹੀਂ ਸੀ। ਮੂਸਾ ਦਾ ਇਕ ਭਰਾ ਭਾਵੇਂ ਉੱਚਾ ਪਾਦਰੀ ਸੀ ਪਰ ਉਹ ਪਾਦਰੀ ਬਣਨ ਲਈ ਨਹੀਂ ਸੀ ਜਨਮਿਆ। ਸੁਕਰਾਤ ਬਹੁਤ ਡੂੰਘਾਈ ਵਿਚ ਸੋਚਣ ਵਾਲਾ ਇਕ ਇਖਲਾਕੀ ਆਗੂ ਸੀ ਜੋ

ਵਿਦਵਾਨਾਂ ਦੀਆਂ ਵਿਚਾਰਧਾਰਾਵਾਂ ਵਿਚੋਂ ਉਭਰਿਆ, ਉਹ ਵੀ ਇਕ ਜਨ ਸਧਾਰਨ ਆਦਮੀ ਸੀ। ਬੁੱਧ ਇਕ ਰਾਜਕੁਮਾਰ ਸੀ ਜੋ ਪੁਰੋਹਤੀ ਸਿੱਖਿਆ ਤੋਂ ਬਿਨਾਂ ਪਲਿਆ ਸੀ। ਉਸਦੇ ਸੁਧਾਰਕ ਖਿਆਲ ਬੜੀ ਡੂੰਘਾਈ, ਆਤਮ ਨਿਰਣੇ ਤੇ ਸੋਚ ਦੀ ਉਪਜ ਸਨ। ਈਸਾ ਆਪਣੇ ਧੰਧੇ ਤੋਂ ਤਰਖਾਣ ਸੀ ਅਤੇ ਉਸਨੇ ਕਦੀ ਵੀ ਯਹੂਦੀਆਂ ਦੇ ਕਨੂੰਨ ਜਾਂ ਧਰਮ ਸ਼ਸਤਰ ਦੀ ਵਿਆਖਿਆ ਕਰਨ ਦਾ ਨਹੀਂ ਸੋਚਿਆ ਸੀ। ਮੱਕਾ ਦਾ ਮੁਹੰਮਦ ਇਕ ਬੁੱਤ ਪੂਜ ਸੀ ਜੋ ਆਪਣੇ ਬਚਪਨ ਵਿਚ ਭੇਡਾਂ ਤੇ ਬੱਕਰੀਆਂ ਚਰਾਉਂਦਾ ਸੀ ਅਤੇ ਜਿਸਨੇ, ਇੰਜ ਭਾਸਦਾ ਹੈ ਕਿ ਕਦੀ ਧਾਰਮਿਕ ਸਿਖਿਆ ਨਹੀਂ ਲਈ ਸੀ ਜਦੋਂ ਤੱਕ ਉਹ ਆਪਣੀ ਪਤਨੀ ਦੇ ਚਚੇਰੇ ਭਰਾ ਹਨੀਫ ਵਰੱਕਾ ਨੂੰ ਨਹੀਂ ਮਿਲਿਆ ਸੀ। ਪ੍ਰਸਿੱਧ ਭਾਰਤੀ ਉਪਦੇਸ਼ਕ ਕਬੀਰ ਇਕ ਜੁਲਾਹਾ ਸੀ ਜਿਸ ਵਿਚ ਕਿੱਤੇਦਾਰ ਪੁਰੋਹਿਤ ਪੂਜਾ ਇਤਨੀ ਘਟ ਸੀ ਕਿ ਉਹ ਉਸ ਸਮੇਂ ਦੇ ਹਿੰਦੂਆਂ ਤੇ ਮੁਸਲਮਾਨਾਂ ਦੇ ਪ੍ਰਚਾਰਕਾਂ ਦਾ ਖੰਡਨ ਕਰਦਾ ਸੀ ਅਤੇ ਇਸ ਤਰ੍ਹਾਂ ਹੀ ਅਸੀਂ ਵੇਖਾਂਗੇ ਕਿ ਗੁਰੂ ਨਾਨਕ ਦੇਵ ਜੀ ਜਨਮ ਤੋਂ ਜਾਂ ਸਿਖਲਾਈ ਦੁਆਰਾ ਪੁਜਾਰੀ ਨਹੀਂ ਸਨ, ਉਹ ਇਕ ਮਨੁੱਖ ਸਨ ਜੋ ਦੈਵੀ ਵਲਵਲੇ ਦੀਆਂ ਸਭ ਤੋਂ ਉੱਚੀਆਂ ਬੁਲੰਦੀਆਂ ਤੇ ਪਹੁੰਚ ਗਏ ਤੇ ਆਪਣੀ ਮਾਨਸਿਕ ਦ੍ਰਿਸ਼ਟੀ ਨੂੰ ਇਕ ਸਦਾਚਾਰਕ ਆਦਰਸ਼ ਤੱਕ ਉੱਚਾ ਚੁੱਕ ਲਿਆ ਜੋ ਹਿੰਦੂਆਂ ਤੇ ਮੁਸਲਮਾਨਾਂ ਦੇ ਅਨੁਭਵ ਧਾਰਨਾ ਤੋਂ ਉਚੇਰਾ ਸੀ।

"ਵਾਈ ਦੀ ਜੀਸਿਜ਼" ਦੇ ਪ੍ਰਸਿੱਧ ਲਿਖਾਰੀ ਨੇ ਇਹ ਪ੍ਰਸ਼ਨ ਕੀਤਾ ਹੈ ਕਿ ਕੀ ਮਹਾਨ ਅਸਲ ਧਾਰਨਾਵਾਂ ਦੁਬਾਰਾ ਇਸ ਦੁਨੀਆਂ ਤੇ ਪ੍ਰਕਾਸ਼ਮਾਨ ਹੋਣਗੀਆਂ ਜਾਂ ਅਸੀਂ ਪੁਰਾਤਨ ਸਮਿਆਂ ਦੇ ਜੁਅਰੱਤ ਵਾਲੇ ਰਚਨਹਾਰਿਆਂ ਦੇ ਚਲਾਏ ਹੋਏ ਰਸਤਿਆਂ ਤੇ ਹੀ ਚਲ ਕੇ ਸੰਤੁਸ਼ਟ ਰਹਾਂਗੇ। ਹੁਣ, ਇਥੇ ਇਹ ਇਕ ਧਰਮ ਹੈ ਜੋ ਬਿਲਕੁਲ ਸਾਮੀ ਜਾਂ ਈਸਾਈ ਪ੍ਰਭਾਵ ਤੋਂ ਦੂਰ ਹੈ ਇਸ ਦਾ ਆਧਾਰ ਹੈ ਕਿ ਰੱਬ ਇਕ ਹੈ, ਅਤੇ ਇਸ ਨੇ ਹਿੰਦੂਆਂ ਦੀਆਂ ਰਵਾਇਤਾਂ ਦਾ ਖੰਡਨ ਕੀਤਾ ਅਤੇ ਆਪਣੇ ਵਖਰੇ ਨੀਤੀ ਸ਼ਾਸਤਰ ਤੇ ਮਰਯਾਦਾ ਬਣਾਈਆਂ ਜੋ ਬਿਲਕੁਲ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੇ ਦੇਸ਼ ਦੀਆਂ ਧਾਰਮਿਕ ਧਾਰਨਾਵਾਂ ਦੇ ਉਲਟ ਸਨ। ਜਿਸ ਤਰ੍ਹਾਂ ਕਿ ਅਸੀਂ ਅੱਗੇ ਚਲ ਕੇ ਵੇਖਾਂਗੇ ਕਿ ਇਸ ਤੋਂ ਵਧੇਰੇ ਮੌਲਿਕਤਾ ਵਾਲਾ ਤੇ ਸਰਬਪੱਖੀ ਨੇਮ ਬੱਧ ਪ੍ਰਣਾਲੀ ਵਾਲਾ ਧਰਮ ਲਭਣਾ ਮੁਸ਼ਕਲ ਹੈ।

ਭਾਗ ਤੀਜਾ

ਭਾਰਤ ਦੀ ਅਬਾਦੀ ਕਈ ਧਰਮਾਂ ਨੂੰ ਮੰਨਣ ਵਾਲੀ ਹੈ। ਉਹਨਾਂ ਸਾਰਿਆਂ ਨੂੰ ਇਕ ਪੱਧਰ ਤੇ ਲਿਆ ਕੇ ਖੜ੍ਹਾ ਕਰ ਦੇਣਾ ਬੜੀ ਵੱਡੀ ਗਲਤੀ ਹੋਵੇਗੀ। ਕਈ ਬਹੁਤ ਵਫ਼ਾਦਾਰੀ ਦੀ ਮੰਗ ਕਰਦੇ ਹਨ ਤੇ ਕਈ ਜਿਸ ਨੂੰ ਅਜ਼ਾਦੀ ਕਹਿੰਦੇ ਹਨ, ਕਈਆਂ ਧਰਮਾਂ ਨੂੰ ਰਾਜ ਸਰਕਾਰ ਦੀ ਮਦਦ ਦੀ ਲੋੜ ਜਾਪਦੀ ਹੈ ਤੇ ਕਈ ਧਰਮ ਆਪਣੇ ਆਪ ਵਿਚ ਹੀ ਕਾਫੀ ਜ਼ੋਰਦਾਰ ਹਨ ਕਿ ਉਹਨਾਂ ਨੂੰ ਇਸ ਦੀ ਲੋੜ ਹੀ ਨਹੀਂ ਜਾਪਦੀ। ਯਹੂਦੀ ਧਰਮ ਬੜੀਆਂ ਸਦੀਆਂ ਤੋ ਕਿਸੇ ਰਾਜਨੀਤਿਕ ਆਗੂ

ਤੋਂ ਬਿਨਾਂ ਤੇ ਬੇਅੰਤ ਅਤਿਆਚਾਰਾਂ ਦਾ ਮੁਕਾਬਲਾ ਕਰਦਾ ਚਲਿਆ ਆ ਰਿਹਾ ਹੈ। ਇਸਲਾਮ ਕਾਫੀ ਦੇਸ਼ਾਂ ਵਿਚ ਫੈਲ ਚੁੱਕਾ ਹੈ ਅਤੇ ਕਿਸੇ ਰਾਜਨੀਤਿਕ ਸ਼ਕਤੀ ਦੀ ਲੋੜ ਜਾਂ ਮੰਗ ਨਹੀਂ ਕਰਦਾ। ਮੁਸਲਮਾਨ ਸਿਰਫ ਆਪਣੇ ਧਰਮ ਦੀ ਪਾਲਣਾ ਖੁੱਲੇ ਤਰ੍ਹਾਂ ਕਰਨ ਦੀ ਮੰਗ ਕਰਦੇ ਹਨ ਅਤੇ ਉਹਨਾਂ ਨੂੰ ਭਾਰਤ ਵਿਚ ਇਜਾਜ਼ਤ ਹੈ। ਹੋਰ ਧਰਮਾਂ ਦੇ ਬੜੇ ਮਦੱਸਿਆਂ ਦਾ ਇਹ ਕਹਿਣਾ ਹੈ ਕਿ ਉਹ (ਧਰਮ) ਤਾਂ ਸਿੱਧਾ ਰੱਬ ਤੋਂ ਉਤਪੰਨ ਹੋਏ ਹਨ ਸੋ ਇਸ ਕਰਕੇ ਉਹਨਾਂ ਨੂੰ ਰਾਜਨੀਤਿਕ ਸਹਾਰੇ ਜਾਂ ਉਤਸ਼ਾਹ ਦੀ ਲੋੜ ਨਹੀਂ ਹੋਣੀ ਚਾਹੀਦੀ। ਪਰ ਵੱਖਰੇ-ਵੱਖਰੇ ਮੱਤਾਂ ਦੇ ਅਧਿਐਨ ਕਰਨ ਵਾਲੇ ਨੂੰ ਅੱਡ ਵਿਚਾਰ ਰੱਖਣ ਦੀ ਇਜਾਜ਼ਤ ਹੋਣੀ ਚਾਹੀਦੀ ਹੈ।

> ਸਾਡੀਆਂ ਛੋਟੀਆਂ ਜਿਹੀਆਂ ਪ੍ਰਣਾਲੀਆਂ ਕਮਾਲ ਦਿਖਾਉਂਦੀਆਂ ਹਨ, ਆਪਣਾ ਕਮਾਲ ਦਿਖਾ ਕੇ ਖਤਮ ਹੋ ਜਾਂਦੀਆਂ ਹਨ।

ਥੋੜ੍ਹੇ ਜਿਹੇ ਵਾਕਿਆ ਇਸ ਤਰ੍ਹਾਂ ਹਨ। ਜਦੋਂ ਪੱਛਮ ਵਿਚ ਰੋਮ ਦੇ ਬਾਦਸ਼ਾਹ ਕੌਨਸਟੈਨਟਾਈਨ ਨੇ ਈਸਾਈ ਮਤ ਧਾਰਨ ਕਰਨ ਤੋਂ ਬਾਅਦ ਆਪਣੇ ਦੇਸ਼ ਦੇ ਪੁਰਾਤਨ ਧਰਮ ਨੂੰ ਆਪਣੀ ਸਹਾਇਤਾ ਕਰਨੀ ਬੰਦ ਕਰ ਦਿੱਤੀ ਤਾਂ ਉਹ ਜਲਦੀ ਹੀ ਪਤਨ ਕਰ ਗਿਆ ਤੇ ਫੇਰ ਉਹ ਖਤਮ ਹੋ ਗਿਆ। ਇੰਗਲੈਂਡ ਦੇ ਕਵੀ ਕਾਲਰਿਜ ਨੇ ਲਿਖਿਆ ਹੈ :

> ਪੁਰਾਤਨ ਕਵੀਆਂ ਦੇ ਸੂਝਵਾਨ ਰੂਪ ਪੁਰਾਣੇ ਧਰਮਾਂ ਦੇ ਬਹੁਤ ਪਰਉਪਕਾਰੀ ਕੰਮ, ਉਸਦੀ ਸੱਤਾ, ਸੁੰਦਰਤਾ ਅਤੇ ਰਾਜਸੀ ਪ੍ਰਤਾਪ ਸਭ ਦਾ ਅੰਤ ਹੋ ਗਿਆ।

ਬੜੀਆਂ ਸਦੀਆਂ ਪਹਿਲਾਂ, ਬੁੱਧ ਧਰਮ ਆਪਣੇ ਉਤਪਤੀ ਦੇ ਦੇਸ਼ ਭਾਰਤ ਵਿਚ ਫੈਲਿਆ ਪਰ ਪ੍ਰਸਿੱਧ ਅਸ਼ੋਕ ਦੇ ਉੱਤਰਾਧਿਕਾਰੀ ਉਸ ਵਰਗੇ ਅਧਿਆਤਮਿਕ ਜਾਂ ਸੂਝਵਾਨ ਨਹੀਂ ਸਨ ਤੇ ਉਹਨਾਂ ਨੇ ਆਪਣੇ ਧਰਮ ਨੂੰ ਭਾਰਤੀ ਧਰਤੀ ਤੋਂ ਪੂਰੀ ਤਰ੍ਹਾਂ ਦੇਸ਼ ਨਿਕਾਲਾ ਦੇ ਦਿੱਤਾ ਤੇ ਇਕ ਪ੍ਰਦੇਸੀ ਵਾਂਗੂੰ ਜੋ ਸੁਖਦਾਇਕ ਪ੍ਰਭਾਵ ਤੇ ਮਾਨਤਾ ਆਪਣੇ ਦੇਸ਼ ਵਿਚ ਵਿਅਰਥ ਮੰਗਦਾ ਰਿਹਾ ਉਹ ਉਸ ਨੂੰ ਬਾਹਰਲੇ ਦੇਸ਼ਾਂ ਵਿਚੋਂ ਲੱਭੀ। ਬਾਦਸ਼ਾਹ ਅਕਬਰ ਮਹਾਨ ਨੇ ਆਪਣੀ ਦਾਰਸ਼ਨਿਕਤਾ ਨਾਲ ਇਸਲਾਮ ਹਿੰਦੂਆਂ ਤੇ ਜ਼ੋਰੋਸਤਾਨੀਆਂ ਦੇ ਚੰਗੇ ਗੁਣਾਂ ਨੂੰ ਮਿਲਾ ਕੇ ਇਕ ਧਰਮ ਚਲਾਇਆ ਜਿਸ ਨੂੰ ਉਹ ਬੜਾ ਤਰਕਪੂਰਨ ਸਮਝਦਾ ਸੀ। ਪਰ ਜਦੋਂ ਉਸਦੇ ਪੁੱਤਰ ਜਗਾਂਗੀਰ ਕੋਲੋਂ ਉਸ ਧਰਮ ਨੂੰ ਮਾਨਤਾ ਦੇ ਬਜਾਏ ਵਿਰੋਧ ਮਿਲਿਆ ਤਾਂ ਉਹ ਖਤਮ ਹੋ ਗਿਆ। ਕਰਾਸ ਦਾ ਧਰਮ ਆਪਣੇ ਉਤਪੰਨ ਹੋਣ ਵਾਲੇ ਦੇਸ਼ ਜੁਦੇਈਆਂ ਤੋਂ ਕੱਢ ਦਿੱਤਾ ਗਿਆ ਅਤੇ ਉਸਦੀ ਥਾਂ ਇਸਲਾਮ ਧਰਮ ਚਲਾਇਆ ਗਿਆ। ਈਸਾਈ ਧਰਮ ਜਾਂ ਜੋ ਸੰਸਕ੍ਰਿਤੀ ਇਸਦੇ ਨਾਂ ਤੇ ਚਲਦੀ ਸੀ ਉਹ ਹੋਰ ਦੇਸ਼ਾਂ ਵਿਚ ਕਿਤੇ ਜ਼ਿਆਦਾ ਪ੍ਰਫੁੱਲਿਤ ਹੋਈ ਜਦੋਂਕਿ ਆਪਣੇ ਦੇਸ਼ ਵਿਚ ਉਸਦਾ ਪਤਨ ਹੋਇਆ। ਜਥੇਬੰਦੀਆਂ ਤੇ ਪਦਾਰਥਕ ਸ਼ਕਤੀਆਂ ਜਿਨ੍ਹਾਂ ਨਾਲ ਕੋਈ ਧਰਮ ਕਾਇਮ ਰਿਹਾ ਹੈ ਉਹਨਾਂ ਦੇ ਬਹੁਤ ਵੱਡੇ ਯੋਗਦਾਨ ਦਾ ਹੀ ਇਹ ਨਤੀਜਾ ਹੈ।

ਬਾਦਸ਼ਾਹ ਅਕਬਰ ਦੇ ਇਤਿਹਾਸਕਾਰ ਅਬੁਲ ਫਜ਼ਲ ਨੇ ਬੜੀ ਸਿਆਣਪ ਨਾਲ ਰਾਜ ਵਲੋਂ ਧਰਮ ਨੂੰ ਸਮਰਥਨ ਦੇ ਲਾਭ ਨੂੰ ਭਾਂਪ ਲਿਆ। ਉਸਨੇ ਆਪਣੀ *"ਆਈਨੇ ਅਕਬਰੀ"* ਵਿਚ

ਲਿਖਿਆ ਹੈ "ਅੰਤਰਦ੍ਰਿਸ਼ਟੀ ਰੱਖਣ ਵਾਲੇ ਇਨਸਾਨਾਂ ਦਾ ਇਹ ਵਿਚਾਰ ਹੈ ਕਿ ਜਨਤਾ ਦੀ ਆਤਮਿਕ ਤਰੱਕੀ ਹੋਣੀ ਵੀ ਉਤਨੀ ਦੇਰ ਅਸੰਭਵ ਹੈ ਜਦੋਂ ਤਕ ਉਹ ਬਾਦਸ਼ਾਹ ਵਲੋਂ ਚਲਾਈ ਗਈ ਨਾ ਹੋਵੇ ਕਿਉਂਕਿ ਬਾਦਸ਼ਾਹ ਵਿਚ ਰੱਬ ਦਾ ਪ੍ਰਕਾਸ਼ ਹੁੰਦਾ ਹੈ।"

ਜਿਸ ਤਰ੍ਹਾਂ ਬੁੱਧ ਧਰਮ ਰਾਜ ਪ੍ਰਬੰਧ ਦੇ ਸਮਰਥਨ ਤੋਂ ਬਿਨਾਂ ਭਾਰਤ ਵਿਚੋਂ ਬਿਲਕੁਲ ਖਤਮ ਹੋ ਗਿਆ ਇਸੇ ਤਰ੍ਹਾਂ ਇਹ ਡਰ ਹੈ ਕਿ ਰਾਜ ਦੇ ਸਮਰਥਨ ਤੋਂ ਬਿਨਾਂ ਸਿੱਖ ਧਰਮ ਵੀ ਕਿਧਰੇ ਭਾਰਤੀ ਧਾਰਮਿਕ ਪ੍ਰਣਾਲੀਆਂ ਦੇ ਵੱਡੇ ਰੌਲੇ ਗੌਲੇ ਵਿਚ ਗਵਾਚ ਨਾ ਜਾਵੇ।

ਗੁਰੂਆਂ ਦੀ ਬੋਲੀ ਤੇ ਭਾਸ਼ਾਵਾਂ ਹੁਣ ਜ਼ਿਆਦਾ ਤੌਰ ਤੇ ਵਿਸਰ ਗਈਆਂ ਹਨ। ਉਹਨਾਂ ਦੀਆਂ ਰਚਨਾਵਾਂ ਦੀ ਭਰੋਸੇਯੋਗ ਵਿਆਖਿਆ ਜਾਂ ਹੋਰ ਭਾਸ਼ਾਵਾਂ ਵਿਚ ਉਲਥਾ ਨਹੀਂ ਮਿਲਦਾ ਅਤੇ ਸਿੱਖਾਂ ਲਈ ਉਹਨਾਂ ਨੂੰ ਸਮਝਣਾ ਅਸੰਭਵ ਹੋ ਗਿਆ ਹੈ। ਇਸ ਦੇ ਨਾਲ ਇਕ ਹੋਰ ਦਿੱਕਤ ਇਹ ਹੈ ਕਿ ਸ਼ਬਦਾਂ ਨੂੰ ਪੁਰਾਣੀ ਰਵਾਇਤ ਅਨੁਸਾਰ ਪੱਦ ਛੇਦ ਵਿਚ ਨਹੀਂ ਲਿਖਿਆ ਗਿਆ ਕਿਉਂਕਿ ਸੰਸਕ੍ਰਿਤ ਵਿਚ ਸ਼ਬਦਾਂ ਨੂੰ ਅੱਡ-ਅੱਡ ਨਹੀਂ ਕੀਤਾ ਜਾਂਦਾ ਇਸ ਕਰਕੇ ਗਿਆਨੀਆਂ ਜਾਂ ਗੁਰੂਆਂ ਦੇ ਸ਼ਬਦਾਂ ਦੇ ਵਿਆਖਿਆਕਾਰ ਇਹ ਸਮਝਦੇ ਹਨ ਕਿ ਸ਼ਬਦਾਂ ਨੂੰ ਵੱਖਰਾ ਕਰਨਾ ਪਵਿੱਤਰ ਰਚਨਾਵਾਂ ਦੀ ਬੇ-ਅਦਬੀ ਕਰਨਾ ਹੈ। ਇਹ ਕਿਹਾ ਨਹੀਂ ਜਾ ਸਕਦਾ ਕਿ ਗਿਆਨੀਆਂ ਦੇ ਇਸ ਤਰ੍ਹਾਂ ਕਰਨ ਦਾ ਭਾਵ ਇਹ ਹੈ ਕਿ ਉਹ ਸਾਰਾ ਦੈਵੀ ਗਿਆਨ ਆਪਣੇ ਕੋਲ ਰੱਖਣਾ ਚਾਹੁੰਦੇ ਹਨ ਪਰ ਇਸ ਦਾ ਨਤੀਜਾ ਇਹ ਹੈ ਕਿ ਸਿੱਖ ਲੋਕਾਂ ਨੇ ਹੁਣ ਗਿਆਨੀਆਂ ਤੇ ਉਹਨਾਂ ਦੇ ਗਿਆਨ ਨੂੰ ਪਰ੍ਹੇ ਕਰ ਦਿੱਤਾ ਹੈ ਅਤੇ ਦੋਹਾਂ ਤੋਂ ਬਿਨਾਂ ਸੰਤੁਸ਼ਟ ਹਨ।

ਇਸਦਾ ਨਤੀਜਾ ਇਹ ਹੋਇਆ ਹੈ ਕਿ ਆਮ ਤੌਰ ਤੇ ਸਿੱਖਾਂ ਦਾ ਹਿੰਦੂਵਾਦ ਵਲ ਝੁਕਾ ਹੋ ਗਿਆ ਹੈ ਜੋ ਕਿ ਅਸੂਲੀ ਤੌਰ ਤੇ ਘਰੇਲੂ ਕਰਮ ਕਾਂਡ ਦਾ ਨਿਯਮ ਹੈ। ਹਿੰਦੂਆਂ ਵਿਚ ਛੇ ਫਲਸਫੇ ਦੀਆਂ ਧਾਰਨਾਵਾਂ ਹਨ, ਜਿਨ੍ਹਾਂ ਵਿਚੋਂ ਦੋ ਸੰਖਿਆ ਤੇ ਮੀਮਾਂਸਾ ਨੂੰ ਜੇ ਉਹਨਾਂ ਦੇ ਨਿਯਮਕ ਸਿੱਟਿਆਂ ਤਕ ਖੋਜਿਆ ਜਾਵੇ ਤਾਂ ਉਹ ਅਮਲੀ ਤੌਰ ਤੇ ਨਾਸਤਿਕ ਹਨ। ਹਿੰਦੂ ਦੇਵਤੇ ਸ਼ਿਵ ਦੇ ਅਨੁਯਾਈ ਹਿੰਦੂ ਦੇਵਤੇ ਵਿਸ਼ਨੂੰ ਦੇ ਅਨੁਯਾਈਆਂ ਨੂੰ ਬੁਰਾ ਭਲਾ ਕਹਿੰਦੇ ਹਨ ਅਤੇ ਵਿਸ਼ਨੂੰ ਨੂੰ ਮੰਨਣ ਵਾਲੇ ਸ਼ਿਵ ਦੇ ਮੰਨਣ ਵਾਲਿਆਂ ਨਾਲ ਬਦਲੇ ਦੇ ਰੂਪ ਵਿਚ ਇਸੇ ਤਰ੍ਹਾਂ ਦਾ ਸਲੂਕ ਕਰਦੇ ਹਨ। ਕੱਟੜ ਹਿੰਦੂ ਮੰਨੇ ਜਾਣ ਲਈ ਸਿਰਫ ਹਿੰਦੂ ਘਰ ਵਿਚ ਜਨਮ ਲੈਣਾ ਜ਼ਰੂਰੀ ਹੈ ਤੇ ਕੁਝ ਹੋਰ ਬਾਹਰਮੁਖੀ ਗੱਲਾਂ ਦਾ ਪਾਲਣ ਕਰਨਾ ਜਿਸ ਤਰ੍ਹਾਂ ਕਿ ਜਿਸ ਨੂੰ ਹਿੰਦੂ ਧਰਮ ਦੇ ਅਨੁਯਾਈ ਖਾਣਯੋਗ ਨਹੀਂ ਸਮਝਦੇ ਉਸਨੂੰ ਹੱਥ ਨਾ ਲਾਉਣਾ ਜਾਂ ਖਾਣਾ, ਛੋਟੀਆਂ ਜਾਤਾਂ ਦੇ ਜਾਣੇ ਜਾਂਦੇ ਲੋਕਾਂ ਨਾਲ ਮੇਲ ਜੋਲ ਨਾ ਰਖਣਾ, ਖਾਸ ਤਰੀਕੇ ਨਾਲ ਭੋਜਨ ਪਕਾਉਣਾ ਅਤੇ ਬਾਹਰਲੇ ਲੋਕਾਂ ਦੀ ਛਾਇਆ ਉਸ ਉਪਰ ਨਾ ਪੈਣ ਦੇਣਾ। ਮੂਸਾਹ ਦੇ ਪੁਰਾਣੇ ਕਰਮਕਾਂਡੀ ਅਸੂਲਾਂ ਅਤੇ ਉਹਨਾਂ ਦੇ ਨਾਲ ਜ਼ਾਬਤੇ ਕਾਫੀ ਕੱਟੜ ਸਨ ਪਰ ਹਿੰਦੂ ਧਰਮ ਸਾਰੇ ਉਹਨਾਂ ਧਰਮਾਂ ਨੂੰ ਮਾਤ ਕਰ ਦਿੰਦਾ ਹੈ ਜੋ ਸਮਾਜਕ ਨਵੇਕਲੇਪਣ ਲਈ ਬਣਾਏ ਗਏ ਸਨ ਅਤੇ ਜੋ ਰੱਬੀ ਪ੍ਰਵਾਨਗੀ ਤੇ ਆਧਾਰਿਤ ਹੋਣ ਦਾ ਦਾਅਵਾ ਰਖਦੇ ਹਨ।

ਹਿੰਦੂ ਧਰਮ ਦੀ ਸ਼ਕਤੀ ਤੇ ਜੀਵਨ ਸੱਤਾ ਵਾਕਈ ਹੈਰਾਨ ਕਰਨ ਵਾਲੀ ਹੈ। ਇਹ

ਭਾਰਤੀ ਜੰਗਲਾਂ ਦੇ ਅਜਗਰ ਦੀ ਤਰ੍ਹਾਂ ਹੈ। ਜਦੋਂ ਇਸ ਨੂੰ ਲਗਦਾ ਹੈ ਕਿ ਕੋਈ ਛੋਟਾ ਦੁਸ਼ਮਣ ਤੰਗ ਕਰਨ ਲੱਗਾ ਹੈ ਤਾਂ ਇਹ ਆਪਣੇ ਵਿਰੋਧੀ ਦੇ ਦੁਆਲੇ ਲਿਪਟ ਜਾਂਦਾ ਹੈ ਤੇ ਉਸ ਨੂੰ ਆਪਣੇ ਵਲਿਆਂ ਵਿਚ ਪੀਸ ਕੇ ਅੰਤ ਵਿਚ ਉਸ ਨੂੰ ਆਪਣੇ ਵਿਸ਼ਾਲ ਅੰਤਹਕਰਨ ਵਿਚ ਸਮਾ ਕੇ ਉਸਦਾ ਖਾਤਮਾ ਕਰ ਦਿੰਦਾ ਹੈ। ਇਸ ਤਰ੍ਹਾਂ, ਕਾਫੀ ਸਦੀਆਂ ਪਹਿਲਾਂ, ਹਿੰਦੂ ਧਰਮ ਨੇ ਆਪਣੀ ਧਰਤੀ ਤੇ ਬੁੱਧ ਧਰਮ ਦਾ ਖਾਤਮਾ ਕੀਤਾ ਜੋ ਕਿ ਜ਼ਿਆਦਾ ਤੌਰ ਤੇ ਹਿੰਦੂ ਧਰਮ ਦਾ ਹੀ ਸੁਧਾਰਕ ਰੂਪ ਸੀ। ਇਸ ਤਰ੍ਹਾਂ ਪੂਰਵ ਇਤਿਹਾਸਿਕ ਕਾਲ ਵਿਚ ਇਸ ਨੇ ਉੱਤਰੀ ਭਾਰਤ ਦੇ ਸੀਥੀਅਨ ਹਮਲਾਵਰਾਂ ਦੇ ਧਰਮ ਨੂੰ ਆਪਣੇ ਵਿਚ ਸਮਾ ਲਿਆ। ਇਸੇ ਤ੍ਰਰ੍ਹਾਂ ਇਸ ਨੇ ਭਾਰਤ ਵਿਚ ਅਨਪੜ੍ਹ ਮੁਸਲਮਾਨਾਂ ਨੂੰ ਅੱਧਾ-ਪਚੱਧਾ ਕਾਫ਼ਰ ਬਣਾ ਦਿੱਤਾ ਹੈ ਅਤੇ ਇਸੇ ਤਰ੍ਹਾਂ ਇਹ ਬਾਬੇ ਨਾਨਕ ਦੇ ਸੁਧਾਰਕ ਤੇ ਆਸ਼ਾਵਾਦੀ ਧਰਮ ਨੂੰ ਖਤਮ ਕਰ ਰਿਹਾ ਹੈ। ਹਿੰਦੂ ਧਰਮ ਨੇ ਸਿੱਖ ਧਰਮ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ ਪਰ ਮੁਕਾਬਲੇ ਵਿਚ ਹਾਲੇ ਛੋਟੀ ਉਮਰ ਦਾ ਹੋਣ ਕਰਕੇ ਇਹ ਧਰਮ ਜਿਉਂਦਾ ਰਹਿਣ ਲਈ ਕਾਫੀ ਜ਼ੋਰਦਾਰ ਸੰਘਰਸ਼ ਕਰ ਰਿਹਾ ਹੈ। ਪਰ ਇਹ ਡਰ ਹੈ ਕਿ ਰਾਜ ਦੇ ਸਮਰਥਨ ਤੋਂ ਬਿਨਾਂ ਅੰਤ ਵਿਚ ਇਸ ਦਾ ਖਾਤਮਾ ਨਾ ਹੋ ਜਾਵੇ। ਸਿੱਖ ਗੁਰੂਆਂ ਦੇ ਬ੍ਰਾਹਮਣਾਂ ਦਾ ਜ਼ੋਰਦਾਰ ਖੰਡਨ ਕਰਨ ਦੇ ਬਾਵਜੂਦ ਧਰਮ ਨਿਰਪੇਖ ਸਿੱਖ ਹੁਣ ਉਹਨਾਂ ਦੀ ਮਦਦ ਤੋਂ ਬਿਨਾਂ ਕੁਝ ਵੀ ਨਹੀਂ ਕਰਦੇ। ਉਹਨਾਂ ਨੂੰ ਜਨਮ ਵੇਲੇ, ਵਿਆਹ ਵੇਲੇ, ਮਰਨ ਵੇਲੇ ਤੇ ਮਰਨ ਤੋਂ ਬਾਅਦ ਮੁਕਤੀ ਲੈਣ ਲਈ, ਭਾਵ ਹਰ ਵੇਲੇ ਬ੍ਰਾਹਮਣ ਦੀ ਸਹਾਇਤਾ ਦੀ ਲੋੜ ਪੈਂਦੀ ਹੈ। ਬ੍ਰਾਹਮਣਾਂ ਨੇ ਪ੍ਰੋਟੈਸਟੈਂਟ ਦੇਸ਼ਾਂ ਦੇ ਕੈਥੋਲਿਕ ਪ੍ਰਚਾਰਕਾਂ ਦੀ ਤਰ੍ਹਾਂ ਬੜੀ ਚਤੁਰਾਈ ਨਾਲ ਕੁਝ ਹੱਦ ਤਕ ਸਿੱਖਾਂ ਨੂੰ ਪੁਰਾਤਨ ਧਰਮ ਦੀ ਤਰ੍ਹਾਂ ਦੇਵੀ, ਅਗੰਮੀ ਮਹਾਰਾਨੀ ਦੀਆਂ ਮੂਰਤੀਆਂ ਘਰਾਂ ਵਿਚ ਰੱਖਣ ਲਈ ਵਿਸ਼ਵਾਸ ਦੁਆਉਣ ਵਿਚ ਕਾਫੀ ਹੱਦ ਤਕ ਸਫਲਤਾ ਪਾ ਲਈ ਹੈ।

ਭਾਗ ਚੌਥਾ

ਕੁਝ ਸੰਖੇਪ ਪੈਰ੍ਹਿਆਂ ਵਿਚ ਵਿਸਥਾਰ ਤੋਂ ਬਿਨਾਂ, ਇਥੇ ਦਸਣਾ ਜ਼ਰੂਰੀ ਲਗਦਾ ਹੈ ਕਿ ਕਿਸ ਤਰ੍ਹਾਂ ਅਰੰਭ ਤੋਂ ਵਿਕਾਸ ਤਕ ਚਲ ਕੇ ਧਰਮ ਇਕ ਈਸ਼ਵਰਵਾਦ ਦੇ ਮੰਤਵ ਤਕ ਪਹੁੰਚਿਆ, ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ ਅਪਣਾਇਆ।

ਇਕ ਲਤੀਨੀ ਕਵੀ, ਸਟੇਟੀਅਸ ਦਾ ਵਿਚਾਰ ਹੈ ਕਿ ਸਭ ਤੋਂ ਪਹਿਲਾਂ ਡਰ ਕਰਕੇ ਸੰਸਾਰ ਵਿਚ ਦੇਵਤੇ ਬਣੇ। ਬੇਜ਼ਾਰ ਤੇ ਸਾਧਨਹੀਣ ਆਦਿਵਾਸੀ ਮਨੁੱਖ ਨੇ ਕੁਦਰਤ ਦੀ ਸਖਤੀ ਤੇ ਗੁੱਸੇ ਦਾ ਅਨੁਭਵ ਕੀਤਾ ਅਤੇ ਉਸ ਤੋਂ ਬਚਣ ਲਈ ਜਾਂ ਉਸ ਦੀ ਕਿਰਪਾ ਪ੍ਰਾਪਤ ਕਰਨ ਲਈ ਕੁਰਬਾਨੀ ਦਿੱਤੀ ਤੇ ਬੰਦਨਾ ਕੀਤੀ। ਪਰ ਜਿਸ ਤਰ੍ਹਾਂ ਕੁਦਰਤ ਵਿਚ ਘਾਤਕ ਤਾਕਤਾਂ ਸਨ ਉਸੇ ਤਰ੍ਹਾਂ ਕੁਝ ਕਿਰਪਾਲੂ ਸ਼ਕਤੀਆਂ ਵੀ ਸਨ ਜਿਨ੍ਹਾਂ ਨੂੰ ਬੜੀ ਸ਼ਰਧਾ ਨਾਲ ਪੂਜਿਆ ਗਿਆ। ਚਾਨਣ ਤੇ ਗਰਮੀ ਦੇਣ ਵਾਲਾ ਸੂਰਜ, ਇਉਂ ਭਾਸਦਾ ਹੈ ਕਿ ਹਮੇਸ਼ਾਂ ਹੀ ਮੁੱਢ ਦੇ ਮਨੁੱਖਾਂ ਵੱਲੋਂ ਪੂਜਿਆ ਜਾਂਦਾ ਸੀ, ਉਹ ਚਾਹੇ ਦੂਰ ਸੀ ਤੇ ਉਹਨਾਂ ਦੀ ਪਹੁੰਚ ਤੋਂ ਬਾਹਰ ਸੀ। ਮਨੁੱਖ ਦੇ ਧਰਤੀ ਤੇ ਆਉਣ ਤੋਂ ਬੜੇ ਲੰਬੇ

ਸਮੇਂ ਦੇ ਬਾਅਦ ਜਦੋਂ ਅੱਗ ਦੀ ਲੱਭਤ ਹੋਈ ਤਾਂ ਖਿਆਲ ਹੈ ਕਿ ਸੰਸਾਰ ਦੇ ਹਰ ਹਿੱਸੇ ਤੇ ਮਨੁੱਖੀ ਜੀਵਾਂ ਨੇ ਇਸ ਨੂੰ ਸਭ ਤੋਂ ਵੱਧ ਪੂਜਿਆ। ਅੱਗ ਦੇ ਜ਼ਰੀਏ ਮਨੁੱਖ ਆਪਣੇ ਆਪ ਨੂੰ ਗਰਮ ਰੱਖਦੇ, ਆਪਣਾ ਖਾਣਾ ਪਕਾਉਂਦੇ ਤੇ ਧਾਤਾਂ ਨੂੰ ਪਿੰਘਲਾਉਂਦੇ ਸਨ। ਵੈਦਿਕ ਕਾਲ ਦੇ ਭਾਰਤੀ ਅਗਨੀ ਨੂੰ ਹੀ ਆਪਣੇ ਸਭ ਤੋਂ ਉਦਕ੍ਰਿਸ਼ਟ ਭਜਨ ਭੇਟ ਕਰਦੇ ਸਨ; ਅਗਨੀ ਦੀ ਲੱਭਤ ਤੇ ਜ਼ਰੂਰਤ ਨੂੰ ਵੇਖ ਕੇ ਪੁਰਾਤਨ ਯੂਨਾਨੀ ਇਹ ਸਮਝਣ ਲਗ ਪਏ ਕਿ ਇਸ ਨੂੰ ਜ਼ਰੂਰ ਸਵਰਗ ਤੋਂ ਚੁਰਾਇਆ ਗਿਆ ਹੈ, ਜਿਥੋਂ ਕਿ ਚਿਰਾਂ ਤੋਂ ਦਾਤਾਂ ਬਹੁਤ ਕੰਜੂਸੀ ਨਾਲ ਮਿਲਦੀਆਂ ਹਨ।

ਜਿਉਂ-ਜਿਉਂ ਸਭਿਅਤਾ ਉੱਨਤ ਹੁੰਦੀ ਗਈ ਤਾਂ ਖੇਤੀ-ਬਾੜੀ ਦਾ ਫਲ ਵੀ ਕੁਦਰਤ ਦੀਆਂ ਦਾਤਾਂ ਵਿਚ ਸ਼ਾਮਲ ਹੋ ਗਿਆ। ਇਸ ਕਰਕੇ ਕੁਦਰਤ ਦੀ ਮਿਹਰ ਆਦਮੀ ਦੇ ਰਹਿਣ-ਸਹਿਣ ਤੇ ਅਰਾਮ ਲਈ ਹੋਰ ਵੀ ਜ਼ਰੂਰੀ ਹੋ ਗਈ। ਮਨੁੱਖਾਂ ਤੇ ਫਸਲਾਂ ਉਪਰ ਆਕਾਸ਼ ਦੀ ਵਧੀਆ ਬਖਸ਼ਿਸ਼ ਲੈਂਣ ਲਈ ਉਸ ਵੇਲੇ ਭਾਰਤ ਤੇ ਯੂਨਾਨ ਵਿਚ ਇਸ ਨੂੰ ਕਈ ਨਾਵਾਂ ਜਿਵੇਂ ਕਿ fdnk, ÷eh, toBk, T¢kt; eoe/gfdnkiKD bz fgnk[1] ਮਨੁੱਖਾਂ ਦੀਆਂ ਜ਼ਰੂਰਤਾਂ ਅਨੁਸਾਰ ਹੋਰ ਦੇਵੀ-ਦੇਵਤੇ ਵੀ ਉਭਰ ਆਏ। ਪ੍ਰਿਥਵੀ ਜਾਂ ਧਰਤੀ ਜੋ ਕਿ ਜਿਊਣ ਦਾ ਮੁੱਢਲਾ ਸਾਧਨ ਹੈ ਨਿਆਇ ਅਤੇ ਲੋੜ ਅਨੁਸਾਰ ਭਾਰਤ ਤੇ ਯੂਰਪ ਵਿਚ ਆਕਾਸ਼ ਦੀ ਪਤਨੀ ਕਰਕੇ ਸਭ ਤੋਂ ਜ਼ਿਆਦਾ ਪੂਜੀ ਗਈ। ਹਰ ਦੇਵੀ-ਦੇਵਤੇ ਨੂੰ ਕਾਵਿਕ ਪ੍ਰਸ਼ੰਸਾ ਤੇ ਹਰ ਤਰ੍ਹਾਂ ਦੀ ਸ਼ਰਧਾ, ਜੋ ਚਿਤਵੀ ਜਾ ਸਕਦੀ ਹੈ, ਦਿੱਤੀ ਗਈ। ਉਸ ਦੇ ਪੁਜਾਰੀਆਂ ਨੇ ਇਹ ਮਹਿਸੂਸ ਕਰਵਾਉਣਾ ਚਾਹਿਆ ਕਿ ਉਹ ਮਹਾਨ ਦੇਵਤਾ ਹੈ ਤੇ ਸੰਸਾਰ ਉਪਰ ਰਾਜ ਕਰਦਾ ਹੈ ਤੇ ਮਨੁੱਖ ਤੇ ਕੁਦਰਤ ਉਸ ਦੇ ਅਧੀਨ ਹਨ। ਉਹ ਸੋਚਦੇ ਸਨ ਕਿ ਦੇਵਤੇ ਨੂੰ ਵੀਚਾਰਸ਼ੀਲ ਖੁਸ਼ਾਮਦ ਕਰਕੇ ਤੇ ਬਹੁਤੀਆਂ ਕੁਰਬਾਨੀਆਂ ਦੇ ਕੇ ਉਸ ਕੋਲੋਂ ਆਪਣੀ ਸੁਣਵਾਈ ਕਰਵਾਈ ਜਾ ਸਕਦੀ ਹੈ ਤੇ ਆਪਣੀਆਂ ਤੀਬਰ ਬੇਨਤੀਆਂ ਮੰਨਵਾਈਆਂ ਜਾ ਸਕਦੀਆਂ ਹਨ।

ਇਸ ਤਰ੍ਹਾਂ ਲਗਦਾ ਹੈ ਕਿ ਭਾਰਤ ਤੇ ਯੂਨਾਨ ਵਿਚ ਦੇਵਤੇ ਤੇ ਉਹਨਾਂ ਦੇ ਪੁਜਾਰੀ ਕਾਫੀ ਨੇੜਤਾ ਦੀ ਮਿਤਰਤਾ ਵਿਚ ਰਹਿੰਦੇ ਰਹੇ। ਬ੍ਰਿਹਿਸਪਤੀ (ਜੂਪੀਟਰ) ਦਾ ਮੰਦਰ ਵੀਨਸ (ਸ਼ੁੱਕਰ) ਦੇ ਮੰਦਰ ਦੇ ਕੋਲ ਪੋਮਪਾਈ ਦੇ ਖੁਦਾਈ ਕੀਤੇ ਹੋਏ ਸ਼ਹਿਰ ਵਿਚ ਅੱਜ ਵੀ ਇਸ ਤਰ੍ਹਾਂ ਮਿਲਦਾ ਹੈ। ਡੈਲਫੀ ਕੋਲ ਅਪੋਲੋ (ਸੂਰਜ ਦੇਵਤਾ) ਦੀ ਬੜੀ ਉਚਤਮ ਮਾਨਤਾ ਸੀ, ਇਥੋਂ ਤਕ ਕਿ ਉਹ ਬ੍ਰਿਹਿਸਪਤੀ ਨੂੰ ਵੀ ਇਕ ਨੀਵੀਂ ਪਦਵੀ ਤੇ ਲੈ ਆਉਂਦਾ ਸੀ। ਔਲੰਪਸ ਦੇ ਵਿਸ਼ਾਲ ਰਾਜ ਦੇ ਹਰ ਸੂਬੇ ਵਿਚ ਦੂਸਰੇ ਦੇਵਤਿਆਂ ਨੂੰ ਛੱਡ ਕੇ ਸਿਰਫ਼ ਇਕ ਚੁਣੇ ਹੋਏ ਦੇਵਤੇ ਦੀ ਪੂਜਾ ਹੁੰਦੀ ਸੀ। ਭਾਰਤ ਵਿਚ ਚਾਹੇ ਸ਼ਿਵ ਦੀ ਪੂਜਾ ਗਿਆਨ ਨਾਲ ਜੁੜੀ ਹੋਈ ਹੈ ਤੇ ਵਿਸ਼ਨੂੰ ਦੀ ਭਗਤੀ ਨਾਲ, ਤੇ ਚਾਹੇ

---

1. ਸੰਸਕ੍ਰਿਤ ਦੀ ਲੱਭਤ ਅਤੇ ਅਧਿਐਨ ਦੇ ਬਹੁਤ ਸਾਲਾਂ ਤਕ ਵਰੁਨਾ ਅਤੇ ਉਰੇਨੋਜ਼ ਦੀ ਸ਼ਨਾਖਤ ਵਿੱਚ ਕੋਈ ਸ਼ੱਕ ਕਿਸੇ ਤਰ੍ਹਾਂ ਦਾ ਨਹੀਂ ਸੀ। ਹੁਣ ਸ਼ੱਕ ਕੁਝ ਲੋਕਾਂ ਦੇ ਮਨਾਂ ਵਿੱਚ ਉਤਪੰਨ ਹੋ ਗਏ ਹਨ। ਦੱਸਿਆ ਜਾਂਦਾ ਹੈ ਕਿ ਇਹ ਉਚਾਰਨ ਦੀਆਂ ਔਕੜਾਂ ਕਰਕੇ ਸਨ।
2. ਮੈਸੂਰ (ਰਿਆਸਤ ਮੈਸੂਰ-ਅੱਜ ਕੱਲ੍ਹ ਕਰਨਾਟਕ) ਦੇ ਨੇੜੇ ਹਰੀ ਹਰੇਸ਼ਵਰ ਮੰਦਰ ਦੇ ਇਕ ਬੁੱਤ ਵਿੱਚ ਵਿਸ਼ਨੂੰ ਅਤੇ ਸ਼ਿਵ ਦੇ ਇਕੱਠੇ ਚਿੰਨ੍ਹ ਹਨ।

ਦੋਹਾਂ ਦੇ ਪੁਜਾਰੀ ਅਕਸਰ ਆਪਸ ਵਿਚ ਲੜਦੇ ਤੇ ਦੁਖਦਾਈ ਭਾਸ਼ਾ ਦਾ ਇਸਤੇਮਾਲ ਕਰਦੇ ਸਨ ਪਰ ਉਹ ਆਪਸ ਵਿਚ ਹਿੰਦੂਵਤਾ ਦੇ ਸਾਂਝੇ ਰਿਸ਼ਤੇ ਨਾਲ ਜੁੜੇ ਹੋਏ ਸਨ ਤੇ ਕਦੀ-ਕਦੀ ਇਕੱਠੇ ਤਿਉਹਾਰ ਮਨਾਉਂਦੇ ਤੇ ਪੂਜਾ ਕਰਦੇ ਸਨ। ਜਦੋਂ ਮਨੁੱਖ ਦੀ ਦ੍ਰਿਸ਼ਟੀ ਵਧੀ ਤਾਂ ਦੇਵਤਿਆਂ ਦੀ ਸਰਬੱਗਤਾ ਅਤੇ ਸਰਬ ਸਮਰੱਥਾ ਦੀ ਜਿਨ੍ਹਾਂ ਨੂੰ ਆਮ ਤੌਰ ਤੇ ਪੂਜਿਆ ਜਾਂਦਾ ਸੀ, ਉਹਨਾਂ ਦਾ ਪਰਚਾਰ ਹੋਣ ਲੱਗਾ। ਯੂਨਾਨ ਵਿਚ ਛੋਟੇ-ਮੋਟੇ ਦੇਵਤੇ ਜ਼ੀਅਸ ਦੇ ਹੇਠਾਂ ਮੰਨੇ ਜਾਣ ਲੱਗ ਪਏ ਜੋ ਕਿ ਔਲੰਪਸ ਦਾ ਮਹਾਨ ਬਾਦਸ਼ਾਹ ਸੀ। ਆਦਮੀ ਦੀ ਕਿਸਮਤ ਤੇ ਕਰਮ ਨੂੰ ਛੱਡ ਕੇ ਉਹ ਸਭ ਕੁਝ ਕਰ ਸਕਦੇ ਸਨ। ਕਿਸਮਤ ਤੇ ਕਰਮ ਦੇ ਕੰਮ ਸਿਰਫ ਵੱਡਾ ਉੱਚ ਦੇਵਤਾ ਹੀ ਕਰ ਸਕਦਾ ਸੀ।

ਆਰੀਆਂ ਦੇ ਯੂਰਪ ਵਿਚ ਜਾਣ ਤੋਂ ਕਾਫੀ ਲੰਬੇ ਅਰਸੇ ਪਹਿਲੇ ਤੋਂ ਭਾਰਤ ਵਿਚ ਸੰਤਾਂ ਤੇ ਫ਼ਿਲਾਸਫ਼ਰਾਂ ਨੇ ਇਕ ਅਨੰਤ, ਅਥਾਹ ਤੇ ਉੱਚਤਮ ਸ਼ਕਤੀ ਵਿਚ ਭਰੋਸੇ ਦਾ ਹੌਲੀ-ਹੌਲੀ ਵਿਕਾਸ ਕੀਤਾ। ਪਰਜਾਪਤੀ ਜੋ ਕਿ ਸਾਰਿਆਂ ਦੇਵਤਿਆਂ ਦਾ ਪਿਤਾਮਾ ਤੇ ਸਾਰੇ ਪ੍ਰਾਣੀ ਜੀਵਾਂ ਦਾ ਸਵਾਮੀ ਸਮਝਿਆ ਜਾਂਦਾ ਸੀ ਹੌਲੀ-ਹੌਲੀ ਸਭ ਤੋਂ ਜ਼ਿਆਦਾ ਮਨੁੱਖੀ ਸ਼ਰਧਾ ਦਾ ਪਾਤਰ ਬਣਿਆ। ਇਕ ਅਦਿੱਤੀ ਸੀ ਜੋ ਕਿ ਕਾਫੀ ਸ਼ਕਲਾਂ ਵਿਚ ਰਿਗ ਵੇਦ ਦੇ ਸੂਤਰ ਵਿਚ ਦਰਸਾਈ ਜਾਂਦੀ ਹੈ, ਇਹ ਸਾਰਿਆਂ ਦੇਵਤਿਆਂ ਦੇ ਨਾਲ, ਆਦਮੀਆਂ ਨਾਲ, ਉਹਨਾਂ ਸਭ ਨਾਲ ਜੋ ਹਨ ਤੇ ਜੋ ਪੈਦਾ ਹੋਣਗੇ ਅਤੇ ਹਵਾ ਤੇ ਸਵਰਗ ਨਾਲ ਇਕ-ਮਿਕ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਇਹ ਦੇਵੀ ਯੂਨਾਨ ਦੇ ਜੀਅਸ ਨਾਲ ਕਾਫੀ ਮੇਲ ਖਾਂਦੀ ਸੀ। ਯੂਨਾਨ ਅਤੇ ਲਾਤੀਨੀ ਜੂਪੀਟਰ ਨਾਲ ਵੀ ਮਿਲਦੀ ਹੈ।

ਪਰ ਇਸ ਤਰ੍ਹਾਂ ਭਾਸਦਾ ਹੈ ਕਿ ਇਸ ਤੋਂ ਵੀ ਉੱਤਮ ਦੈਵੀ ਅਨੁਭਵ ਮੌਜੂਦ ਸੀ ਜਿਸ ਨੂੰ ਦਰਸਾਇਆ ਨਹੀਂ ਸੀ ਜਾ ਸਕਦਾ ਤੇ ਜੋ ਗੋਲ-ਮੋਲ ਢੰਗ ਨਾਲ ਹੀ ਦੱਸਿਆ ਜਾ ਸਕਦਾ ਸੀ। ਉਹ ਚਮਕਦਾਰ, ਸੋਹਣਾ ਤੇ ਮਹਾਨ ਸੀ। ਉਹ ਇਕ ਸੀ ਚਾਹੇ ਕਵੀਆਂ ਨੇ ਉਸ ਨੂੰ ਕਈ ਨਾਵਾਂ ਨਾਲ ਸੰਬੋਧਨ ਕੀਤਾ।

ਏਕਿੰ ਸਦੁ ਵਿਪ੍ਰਾ ਬਹੁਧਾ ਵਦਿੰਤੀ (ਸੰਸਕ੍ਰਿਤ)

ਕੁਝ ਵੀ ਹੋਣ ਤੋਂ ਪਹਿਲਾਂ, ਮੌਤ ਜਾਂ ਅਮਰ ਹੋਣ ਤੋਂ ਪਹਿਲਾਂ, ਦਿਨ ਤੇ ਰਾਤ ਦੇ ਬਨਣ ਤੋਂ ਵੀ ਪਹਿਲਾਂ ਉਹ ਸਿਰਫ ਇਕੋ-ਇਕ ਹੀ ਉਪਸਥਿਤ ਸੀ। ਉਹ ਸਾਹ ਤੋਂ ਬਿਨਾਂ ਆਪ ਹੀ ਜਿਉਂਦਾ ਸੀ। ਉਦੋਂ ਤੋਂ ਉਸ ਤੋਂ ਬਾਹਰ ਹੋਰ ਕੋਈ ਦੂਸਰਾ ਨਹੀਂ ਹੋਇਆ। ਫੇਰ ਉੱਥੇ ਹਨੇਰਾ ਹੋ ਗਿਆ। ਸਭ ਕੁਝ ਸ਼ੁਰੂ ਵਿਚ ਅੰਧਕਾਰ ਵਿਚ ਲੁਕਿਆ ਹੋਇਆ ਸੀ, ਸਭ ਕੁਝ ਰੋਸ਼ਨੀ ਤੋਂ ਬਿਨਾਂ ਇਕ ਸਮੁੰਦਰ ਦੀ ਤਰ੍ਹਾਂ ਸੀ। ਫੇਰ ਉਹ ਜੀਵਨ ਅੰਸ਼ ਜੋ ਬੀਜ ਰੂਪ ਵਿਚ ਲੁਕਿਆ ਸੀ, ਉਹ ਉਭਰ ਕੇ ਆਇਆ।[1]

1. *ਰਿਗ ਵੇਦ*, X, 129, ਟੈਸੀਟਸ ਦੱਸਦਾ ਹੈ ਕਿ ਰੋਸ਼ਨੀ ਅਤੇ ਸ਼ਰਧਾ ਦੁਆਰਾ ਅਨੁਭਵ ਕੀਤੇ ਰੱਬ ਨੂੰ ਜਰਮਨੀ ਦੇ ਲੋਕ ਵੱਖ-ਵੱਖ ਨਾਵਾਂ ਨਾਲ ਪੂਜਦੇ ਸਨ। ਇਥੇ ਇਹ ਦਸਿਆ ਜਾਣਾ ਚਾਹੀਦਾ ਹੈ ਕਿ ਟੈਸੀਟਸ ਦਾ ਲਿਖਿਆ ਜਰਮਨੀ ਦਾ ਅਤੇ ਉਸ ਦੇ ਲੋਕਾਂ ਦਾ ਬਿਰਤਾਂਤ ਸੀਜ਼ਰ ਦੇ ਨਾਲੋਂ ਜ਼ਿਆਦਾ ਭਰੋਸੇਯੋਗ ਹੈ ਕਿਉਂਕਿ ਸੀਜ਼ਰ ਘੱਟ ਦਾਰਸ਼ਨਿਕ ਲੇਖਕ ਸੀ। ਸੀਜ਼ਰ ਲਿਖਦਾ ਹੈ ਕਿ ਜਰਮਨੀ ਦੇ ਲੋਕ ਕੇਵਲ ਸੂਰਜ, ਅਗਨੀ ਅਤੇ ਚੰਦ੍ਰਮਾ ਦੀ ਪੂਜਾ ਕਰਦੇ ਸਨ ਤੇ ਇਸ ਤੋਂ ਅੱਗੇ ਨਹੀਂ।

ਗੁਰੂ ਨਾਨਕ ਦੇਵ ਜੀ ਨੇ, ਜਿਸ ਤਰ੍ਹਾਂ ਕਿ ਅਸੀਂ ਵੇਖਾਂਗੇ, ਇਸ ਇਕ ਰੱਬ ਦੀ ਧਾਰਨਾ ਦਾ ਵਿਸਤਾਰ ਕੀਤਾ :

ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ-੧੦੩੫)

ਭਾਰਤ ਵਿਚ, ਬੜੀਆਂ ਸਦੀਆਂ ਤੋਂ ਚਿੰਤਨ ਕਰਨ ਵਾਲੇ ਲੋਕਾਂ ਨੇ ਦੇਵੀ ਦੇਵਤਿਆਂ ਦੀ ਹੋਂਦ ਨੂੰ ਅਸਵੀਕਾਰ ਕੀਤਾ ਹੈ ਅਤੇ ਬਿਨਾਂ ਲੁਕੋ ਤੋਂ ਇਕ ਬੁਨਿਆਦੀ ਕਰਤਾ ਦੀ ਹੋਂਦ ਵਿਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ, ਚਾਹੇ ਉਹ ਕਿਸੇ ਨਾਮ ਨਾਲ ਹੀ ਬੁਲਾਇਆ ਗਿਆ ਹੋਵੇ।

ਇਕ ਜ਼ਰੂਰੀ ਸਵਾਲ ਉਠਦਾ ਹੈ ਕਿ ਉਸ ਉੱਚਤਮ ਸ਼ਕਤੀ ਨੂੰ ਕਿਸ ਤਰ੍ਹਾਂ ਦਰਸਾਇਆ ਜਾਵੇ। ਉਸਨੂੰ ਦੇਖਿਆ ਨਹੀਂ ਜਾ ਸਕਦਾ ਪਰ ਉਸਦੀ ਹੋਂਦ ਦਾ ਵਿਸ਼ਵਾਸ ਜ਼ਰੂਰ ਹੈ। ਆਦਿ ਦੇ ਮਨੁੱਖ ਦੀ ਸਭ ਤੋਂ ਉੱਚੀ ਸੋਚ ਸ਼ਕਤੀ ਮੁਤਾਬਕ ਉਹ ਆਦਮ ਦੇ ਹੀ ਰੂਪ ਵਿਚ ਸੀ ਜੋ ਗੁੱਸਾ, ਈਰਖਾ, ਬਦਲਾ ਤੇ ਪ੍ਰਸ਼ੰਸਾ ਦੀ ਇੱਛਾ ਵਰਗੀਆਂ ਮਨੁੱਖੀ ਭਾਵਨਾਵਾਂ ਦੇ ਅਸਰ ਅਧੀਨ ਸੀ। ਇਸ ਅਨੁਭਵ ਨੂੰ ਮਾਨਵਰੂਪੀ ਨਾਂ ਦਿੱਤਾ ਗਿਆ ਹੈ, ਇਸ ਦਾ ਭਾਵ ਹੈ ਕਿ ਰੱਬ ਆਦਮੀ ਦਾ ਹੀ ਰੂਪ ਹੈ ਜਾਂ ਇਸ ਦੇ ਉਲਟ ਰੱਬ ਨੇ ਆਦਮੀ ਨੂੰ ਆਪਣੇ ਰੂਪ ਵਿਚ ਹੀ ਬਣਾਇਆ।[1]

ਜਦੋਂ ਰੱਬ ਬਾਰੇ ਆਦਮੀ ਦਾ ਅਨੁਭਵ ਹੋਰ ਵਧਿਆ ਤਾਂ ਇਹ ਗੱਲ ਮੰਨ ਲਈ ਗਈ ਕਿ ਉਸਨੇ ਧਰਤੀ ਤੇ ਆਕਾਸ਼ ਬਣਾਏ ਹਨ ਅਤੇ ਸਾਰੀ ਅਥਾਹ ਰਚਨਾ ਉੱਪਰ ਉਸਦਾ ਅਧਿਕਾਰ ਹੈ ਤਾਂ ਫੇਰ ਫ਼ਿਲਾਸਫ਼ਰਾਂ ਲਈ ਇਹ ਗੱਲ ਸੋਚਣੀ ਮੁਸ਼ਕਲ ਹੋ ਗਈ ਕਿ ਰੱਬ ਆਦਮੀ ਦੇ ਰੂਪ ਵਿਚ ਹੈ। ਜੇ ਉਹ ਇਸ ਤਰ੍ਹਾਂ ਹੈ ਤਾਂ ਫੇਰ ਉਸਦੇ ਸਰਬ-ਵਿਆਪਕ ਹੋਣ ਵਿਚ ਬੰਦਸ਼ ਹੈ ਅਤੇ ਇਹ ਵਿਸ਼ਵਾਸ ਕਿ ਰੱਬ ਅਪਾਰ ਹੈ ਤੇ ਆਪਣੀ ਅਪਾਰ ਰਚਨਾ ਨੂੰ ਕਾਬੂ ਵਿਚ ਰਖਦਾ ਹੈ ਪਰ ਉਹ ਉਸ ਵਿਚ ਸ਼ਾਮਲ ਵੀ ਨਹੀਂ ਹੈ। ਇਹ ਗੱਲ ਚਾਹੇ ਵਿਸ਼ਵਾਸ ਦੇ ਸਹਾਰੇ ਸੋਚੀ ਜਾ ਸਕਦੀ ਹੈ ਪਰ ਤਰਕ ਨਾਲ ਠੀਕ ਨਹੀਂ ਜਾਪਦੀ। ਇਸ ਮੁਸ਼ਕਲ ਨੂੰ ਹੱਲ ਕਰਨ ਲਈ ਇਹ ਵਿਸ਼ਵਾਸ ਬਣਿਆ ਕਿ ਰੱਬ ਹਰ ਵਸਤੂ ਵਿਚ ਵੰਡਿਆ ਹੋਇਆ ਹੈ ਅਤੇ ਇਸ ਕਰਕੇ ਇਹ ਸਭ ਕੁਝ ਉਸਦਾ ਹੀ ਹਿੱਸਾ ਹੈ। ਇਸ ਵਿਸ਼ਵਾਸ ਨੂੰ ਸਰਬ ਈਸ਼ਵਰਵਾਦ ਕਿਹਾ ਜਾਂਦਾ ਹੈ।

ਭਾਰਤ ਵਿਚ ਸਰਬ ਦੇਵ ਪੂਜਕ ਧਾਰਨਾ ਪੜ੍ਹੇ ਲਿਖੇ ਹਿੰਦੂ ਦੀ ਧਾਰਨਾ ਕਹੀ ਜਾ ਸਕਦੀ ਹੈ ਪਰ ਇਹ ਬੜਾ ਤਸੱਲੀਬਖਸ਼ ਜਾਂ ਦੁਨੀਆਂ ਲਈ ਬੜਾ ਫ਼ਾਇਦੇਮੰਦ ਧਰਮ ਨਹੀਂ ਕਿਹਾ ਜਾ ਸਕਦਾ। ਜਦੋਂ ਮਨੁੱਖ ਇਹ ਸੋਚਦਾ ਹੈ ਕਿ ਉਹ ਰੱਬ ਦਾ ਹਿੱਸਾ ਹੈ ਅਤੇ ਰੱਬ ਹਰ ਥਾਂ ਤੇ ਛਾਇਆ ਹੋਇਆ ਹੈ ਉਸ ਉਪਰ ਵੀ ਹੈ ਤਾਂ ਉਸਦਾ ਆਤਮਿਕ ਫਰਜ਼ ਸਪਸ਼ਟ ਤੌਰ ਤੇ ਕੁਝ ਘਟ ਜਾਂਦਾ ਹੈ। ਚਾਹੇ ਰੱਬ ਕੁਦਰਤ ਵਿਚ ਵਿਦਮਾਨ ਸਮਝਿਆ ਜਾਏ ਪਰ ਮਨੁੱਖ ਦੀਆਂ ਪ੍ਰਾਰਥਨਾਵਾਂ ਕੁਦਰਤ ਨੂੰ

---

1. ਪੁਰਾਤਨ ਯੂਨਾਨੀ ਵੀ ਇਹ ਵਿਸ਼ਵਾਸ ਰੱਖਦੇ ਸਨ ਕਿ ਰੱਬ ਨੇ ਮਨੁੱਖ ਨੂੰ ਦੈਵੀ ਰੂਪ ਵਿਚ ਬਣਾਇਆ ਹੈ- ਪਲੈਟੋ ਨੇ ਇਸ ਤਰ੍ਹਾਂ ਦਾ ਲਿਖਿਆ ਹੈ—ਟੀਮਊਸ ਲਿਖਦਾ ਹੈ, "ਕਰਤਾਰੀ ਪਿਤਾ ਨੇ ਇਹ ਵੇਖ ਕੇ ਕਿ ਅਮਰ ਦੇਵਤੇ ਇਸ ਰੂਪ ਵਿਚ ਜੀਵਿਤ ਹਨ ਤੇ ਹਿਲ ਸਕਦੇ ਹਨ, ਪ੍ਰਸੰਨ ਹੋਇਆ ਅਤੇ ਆਪਣੀ ਪ੍ਰਸੰਨਤਾ ਵਿੱਚ ਇਹ ਸੋਚ ਕੀਤੀ ਕਿ ਉਹ ਇਸਨੂੰ ਕਿਸ ਤਰ੍ਹਾਂ ਵਧੇਰੇ ਇਸ ਦੇ ਮੂਲ ਰੂਪ ਵਿਚ ਬਣਾਏ।"

ਉਸਦੀਆਂ ਤੱਤਵਾਦੀ ਸ਼ਕਤੀਆਂ ਦੇ ਨਾਲ ਤਸੱਲੀਬਖਸ਼ ਤਰੀਕੇ ਨਾਲ ਸੰਬੋਧਿਤ ਨਹੀਂ ਕੀਤੀਆਂ ਜਾ ਸਕਦੀਆਂ। ਸਰਬ ਈਸ਼ਵਰਵਾਦ ਜਾਂ ਸਰਵ ਦੇਵ ਪੂਜਕ ਬਹੁਤ ਬੇਜਾਨ ਤੇ ਅਸਪਸ਼ਟ ਧਾਰਨਾ ਹੈ ਜੋ ਮਨੁੱਖੀ ਆਤਮਾ ਦੀਆਂ ਤਰਕਸ਼ੀਲ ਅਭਿਲਾਸ਼ਾਵਾਂ ਸੰਤੁਸ਼ਟ ਨਹੀਂ ਕਰਦੀ। ਇਹ ਸਚਾਈ ਜੋ ਸਭ ਫ਼ਿਲਾਸਫ਼ਰ ਮੰਨਦੇ ਹਨ ਉਹ ਇਹ ਹੈ ਕਿ ਮਨੁੱਖਾਂ ਨੂੰ ਸਵੈ ਇੱਛਾ ਦਾ ਅਧਿਕਾਰ ਹੈ ਜਿਸ ਕਰਕੇ ਉਹ ਇਸ ਧਾਰਨਾ ਨੂੰ ਪੂਰਨ ਰੂਪ ਵਿਚ ਸਵੀਕਾਰ ਕਰਨ ਤੋਂ ਪਹਿਲਾਂ ਵਿਚਾਰ ਕਰਨਗੇ। ਇਸ ਤੋਂ ਇਲਾਵਾ ਮਨੁੱਖ ਨੂੰ ਆਪਣੀਆਂ ਭਾਵੁਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਆਪਣੇ ਨਿੱਜੀ ਰੱਬ ਦੇ ਆਤਮਿਕ ਰੂਪ ਵਿਚ ਪਹੁੰਚ ਹੋਣੀ ਜ਼ਰੂਰੀ ਹੈ ਤਾਂ ਕਿ ਉਹ ਉਸ ਅੱਗੇ ਬੇਨਤੀ ਕਰ ਸਕੇ ਅਤੇ ਉਹ (ਰੱਬ) ਉਸ ਤੇ ਮਿਹਰ ਕਰੇ। ਉਸ ਦੀਆਂ ਮੰਗਾਂ ਪੂਰੀਆਂ ਕਰੇ, ਬਿਪਤਾ ਵਿਚ ਢਾਰਸ ਦੇਵੇ, ਪੁੱਤਰ ਦੀ ਤਰ੍ਹਾਂ ਪਿਆਰ ਕਰੇ ਅਤੇ ਦਿਆਲੂ ਤੇ ਕ੍ਰਿਪਾਲੂ ਮਿੱਤਰ ਦੀ ਤਰ੍ਹਾਂ ਉਸ ਵਿਚ ਦਿਲਚਸਪੀ ਲਵੇ ਤੇ ਉਸਦੀ ਸਹਾਇਤਾ ਕਰੇ। ਸਿੱਖ ਗੁਰੂਆਂ ਦੇ ਮੁਤਾਬਕ, ਰੱਬ ਉਹ ਹੈ ਜਿਸ ਤਕ ਪਹੁੰਚਿਆ ਜਾ ਸਕਦਾ ਹੈ, ਪਿਆਰ ਕੀਤਾ ਜਾ ਸਕਦਾ ਹੈ ਜਿਸ ਤਰ੍ਹਾਂ ਇਕ ਚਾਹਵਾਨ ਤੇ ਵਫ਼ਾਦਾਰ ਪਤਨੀ ਆਪਣੇ ਪਤੀ ਨੂੰ ਪਿਆਰ ਕਰਦੀ ਹੈ। ਮਨੁੱਖਾਂ ਨੂੰ ਭਰਾਵਾਂ ਦੀ ਤਰ੍ਹਾਂ ਬਰਾਬਰ ਸਮਝਿਆ ਜਾਵੇ ਨਾ ਕਿ ਜਾਤਾਂ ਵਿਚ ਵੰਡ ਕੇ ਇਕ ਦੂਸਰੇ ਤੋਂ ਦੂਰ ਤੇ ਘ੍ਰਿਣਾ ਨਾਲ ਵੇਖਿਆ ਜਾਵੇ।

ਚਾਹੇ ਸਿੱਖ ਆਪਣੇ ਜਾਤੀ ਰੱਬ ਵਿਚ ਵਿਸ਼ਵਾਸ ਰਖਦੇ ਹਨ ਪਰ ਉਹ ਆਦਮੀ ਦੇ ਰੂਪ ਵਿਚ ਨਹੀਂ ਹੈ। ਗੁਰੂ ਨਾਨਕ ਦੇਵ ਜੀ ਉਸ ਨੂੰ ਨਿਰੰਕਾਰ ਕਹਿੰਦੇ ਹਨ ਜਿਸ ਦਾ ਮਤਲਬ ਬਿਨਾਂ ਕਿਸੇ ਆਕਾਰ ਤੋਂ ਹੈ। ਭਾਈ ਗੁਰਦਾਸ ਜੀ ਉਸਨੂੰ ਨਿਰਾਕਾਰ, ਲਾਸਾਨੀ ਅਦਭੁਤ ਅਤੇ ਇੰਦ੍ਰੀਆਂ ਦੁਆਰਾ ਪ੍ਰਤੀਤ ਕਰਨ ਦੇ ਬਾਹਰ ਹੈ। ਨਾਲ ਹੀ ਸਾਰੇ ਗੁਰੂਆਂ ਦਾ ਇਹ ਵਿਸ਼ਵਾਸ ਹੈ ਕਿ ਉਹ ਸਾਰੀ ਰਚਨਾ ਵਿਚ ਸਮਾਇਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ ਲਿਖਿਆ, "ਉਸਦਾ ਚਿੰਤਨ ਕਰੋ ਜੋ ਸਾਰੀ ਰਚਨਾ ਵਿਚ ਸਮਾਇਆ ਹੋਇਆ ਹੈ।" ਇਹ ਖਿਆਲ ਹੀ ਫੇਰ ਗੁਰੂ ਰਾਮਦਾਸ ਜੀ ਨੇ ਵਿਸਥਾਰ ਨਾਲ ਦੱਸਿਆ, "ਓ ਰੱਬ ਤੂੰ ਹਰ ਇਕ ਵਿਚ ਹੈਂ ਤੇ ਤੂੰ ਹਰ ਜਗ੍ਹਾ ਤੇ ਸਰਬ-ਵਿਆਪਕ ਹੈਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਕਹਿਣ ਮੁਤਾਬਕ ਰੱਬ ਤੇ ਉਸਦਾ ਭਗਤ ਚਾਹੇ ਦੋ ਹਨ ਪਰ ਪਾਣੀ ਦੇ ਬੁਲਬਲਿਆਂ ਦੀ ਤਰ੍ਹਾਂ ਦੋਵੇਂ ਮਿਲ ਕੇ ਫੇਰ ਇਕ ਹੋ ਜਾਂਦੇ ਹਨ। ਗੁਰੂ ਜੀ ਦੇ ਮੁਤਾਬਕ ਇਸ ਵਿਸ਼ਵਾਸ ਵਿਚ ਕੋਈ ਸ਼ਕ ਜਾਂ ਵਾਦ-ਵਿਵਾਦ ਨਹੀਂ ਮੰਨਿਆ ਜਾਂਦਾ।[1] ਇਹ ਮਨੁੱਖ ਦੀ ਗਲਤੀ ਹੈ ਕਿ ਉਹ ਆਪਣੀ ਹੋਂਦ ਨੂੰ ਵਖਰਾ ਸਮਝਦਾ ਹੈ ਤੇ ਮਨੁੱਖੀ ਵਿਸ਼ੇ ਤੇ ਆਤਮਿਕ ਅੰਧੇਪਨ ਨੂੰ ਦੁਨੀਆਂ ਵਿਚ ਪਾਪ ਤੇ ਬੁਰਾਈ ਦਾ ਕਾਰਨ ਹੋਣ ਕਰਕੇ ਆਪਣੀ ਆਤਮਾ ਨੂੰ ਆਵਾਗਮਨ ਵਿਚ ਪਾ ਲੈਂਦਾ ਹੈ।

ਕੋਈ ਧਾਰਮਿਕ ਆਗੂ ਈਸ਼ਵਰਵਾਦ ਤੇ ਸਰਬ ਈਸ਼ਵਰਵਾਦ ਨੂੰ ਤਰਕਸ਼ੀਲ ਢੰਗ ਨਾਲ ਸਫਲਤਾਪੂਰਵਕ ਨਿਖੇੜ ਨਹੀਂ ਸਕਿਆ। ਗੁਰੂ ਜੀ ਦੀਆਂ ਕੁਝ ਪੰਗਤੀਆਂ ਵਿਚ ਸਰਬ ਈਸ਼ਵਰਵਾਦ

---

1. ਇਸ ਦਾ ਟਾਕਰਾ ਕਰੋਸੈਂਟੇ ਜਾਹਨ ਅਨੁਸਾਰ ਰਾਸਪਜ (ਬਾਈਬਲ) ਵਿੱਚ ਈਸਾ ਨਾਲ ਜੋੜੇ ਗਏ ਇਹ ਬਚਨ "ਮੈਂ ਅਤੇ ਮੇਰੇ ਪਿਤਾ ਇਕ ਹਾਂ- ਮੈਂ ਆਪਣੇ ਪਿਤਾ ਵਿਚ ਹਾਂ ਤੇ ਮੇਰਾ ਪਿਤਾ ਮੇਰੇ ਵਿੱਚ ਅਤੇ ਫੇਰ ਮੈਂ ਆਪਣੇ ਪਿਤਾ ਵਿਚ ਹਾਂ ਅਤੇ ਤੂੰ ਮੇਰੇ ਵਿੱਚ ਅਤੇ ਮੈਂ ਤੇਰੇ ਵਿੱਚ ਹਾਂ।

(ਦੇਵ ਪੂਜਕ) ਜਿਸ ਤਰ੍ਹਾਂ ਕਿ ਵੇਖਿਆ ਗਿਆ ਹੈ ਕਿ ਵੱਖਰੀ ਤਰ੍ਹਾਂ ਦਰਸਾਇਆ ਗਿਆ ਹੈ ਅਤੇ ਕਈ ਹੋਰ ਪੰਗਤੀਆਂ ਵਿਚ ਇਸ ਭਾਵ ਨੂੰ ਕਰਤੇ ਤੋਂ ਵੱਖਰਾ ਰੱਖਿਆ ਗਿਆ ਹੈ ਪਰ ਉਸ ਦਾ ਸੋਮਾ ਵੀ ਕਰਤਾ ਹੀ ਦੱਸਿਆ ਹੈ। ਚਾਹੇ ਰੱਬ ਦਾ ਮਾਨਵੀਕਰਨ ਇਕ ਧਰਮ ਹੈ ਪਰ ਸਰਬ ਈਸ਼ਵਰਵਾਦ ਇਕ ਫ਼ਲਸਫ਼ਾ ਹੈ ਅਤੇ ਰੱਬ ਦੇ ਮਾਨਵੀਕਰਨ ਨੂੰ ਆਮ ਤੌਰ ਤੇ ਪ੍ਰਮਾਣਿਤ ਤੇ ਸਰਬ ਈਸ਼ਵਰਵਾਦ ਨੂੰ ਉਲਟ ਖਿਆਲ ਸਮਝਿਆ ਜਾਂਦਾ ਹੈ। ਪਰ ਕਿਉਂਕਿ ਸਰਬ ਵਿਆਪਕ ਤੇ ਅਨੰਤ ਨੂੰ ਢੁੱਕਵੀਂ ਮਨੁੱਖੀ ਭਾਸ਼ਾ ਵਿਚ ਦਰਸਾਉਣਾ ਮੁਸ਼ਕਲ ਹੈ ਇਸ ਕਰਕੇ ਦੋਵੇਂ ਧਰਮ ਤੇ ਫ਼ਲਸਫ਼ਾ ਬੜੇ ਗੁੰਝਲਦਾਰ ਤਰੀਕੇ ਨਾਲ ਧਾਰਮਿਕ ਤੇ ਅਧਾਰਮਿਕ ਲੇਖਕਾਂ ਦੁਆਰਾ ਆਪਸ ਵਿਚ ਜੋੜੇ ਗਏ ਹਨ। ਇਸ ਦੀਆਂ ਕੁਝ ਉਦਾਹਰਨਾਂ ਇਹ ਹਨ :

"ਕੀ ਆਕਾਸ਼ ਤੇ ਧਰਤੀ ਰੱਬ ਨਾਲ ਨਹੀਂ ਭਰੀ ਹੋਈ" (ਜੇਰੇਮੀਆਹ)

"ਰੱਬ ਉਹ ਹੈ ਜਿਸ ਵਿਚ ਅਸੀਂ ਰਹਿੰਦੇ, ਚਲਦੇ ਤੇ ਹੋਂਦ ਵਿਚ ਹਾਂ" (ਸੈਂਟ ਪਾਲ)

"ਸਭ ਵਿਚ ਉਹ ਪੂਰਤ ਹੈ ਤੇ ਹਰ ਹਿੱਸੇ ਵਿਚ ਉਹ ਪੂਰਾ ਹੈ" (ਕੌਅਲੇ)

"ਸਾਰੇ ਜੀਵਨ ਵਿਚ ਉਹ ਰਹਿੰਦਾ ਹੈ, ਸਭ ਤਕ ਉਹ ਫੈਲਿਆ ਹੈ। ਅਣ-ਵੰਡਿਆ ਵਿਸਤ੍ਰਿਤ ਹੈ- ਕਾਰਜ ਕਰਦਾ ਹੈ, ਥਕਦਾ ਨਹੀਂ" (ਪੋਪ)

ਇਸ ਤਰ੍ਹਾਂ ਦੀਆਂ ਕਈ ਅਣਗਿਣਤ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ।

ਭਾਗ ਪੰਜਵਾਂ

ਗੁਰੂਆਂ ਦੀ ਬਾਣੀ ਵਿਚ ਮਨੁੱਖ ਜਨਮ ਦਾ ਸਭ ਤੋਂ ਉੱਤਮ ਮੰਤਵ ਰੱਬ ਵਿਚ ਸਮਾ ਜਾਣਾ, ਨਿਵਾਰਨ ਜਾਂ ਮੁਕਤੀ ਦਸਿਆ ਗਿਆ ਹੈ। ਪਰ ਸਵਰਗ ਜਿਸ ਨੂੰ ਸੱਚ ਖੰਡ ਕਿਹਾ ਗਿਆ ਹੈ ਉਹ ਜਿਸ ਤੇ ਮਿਹਰ ਹੋਵੇ ਉਸਨੂੰ ਮਿਲਦਾ ਹੈ। ਉਥੇ ਉਹ ਇਕ ਦੂਸਰੇ ਨੂੰ ਪਹਿਚਾਣਦੇ ਹਨ ਤੇ ਸਦੀਵੀ ਪਰਮ ਅਨੰਦ ਵਿਚ ਰਹਿੰਦੇ ਹਨ। ਕਾਫੀ ਸਿੱਖ ਵਿਦਵਾਨਾਂ ਦਾ ਖਿਆਲ ਹੈ ਕਿ ਨਿਰਵਾਨ ਤੇ ਸੱਚ ਖੰਡ ਅਮਲੀ ਤੌਰ ਤੇ ਇਕ ਹੀ ਹਨ।

ਪੁਰਾਤਨ ਭਾਰਤੀ ਸੰਤਾਂ ਮਹਾਤਮਾਵਾਂ ਦੀ ਧਾਰਨਾ ਦੇ ਵਿਪਰੀਤ ਗੁਰੂਆਂ ਦੇ ਖ਼ਿਆਲ ਮੁਤਾਬਕ ਮਨੁੱਖ ਆਪਣੇ ਸੰਸਾਰਕ ਜੀਵਨ ਦੇ ਫਰਜ਼ਾਂ ਨੂੰ ਤਿਆਗਣ ਤੋਂ ਬਿਨਾਂ ਵੀ ਸਦੀਵੀ ਅਨੰਦ ਦੀ ਅਵਸਥਾ ਤੇ ਪਹੁੰਚ ਸਕਦਾ ਹੈ। ਉਸ ਸੰਪੂਰਨ ਪਰਮੇਸ਼ਵਰ ਨਾਲ ਮਿਲਾਪ ਹੋਣਾ, ਸਿੱਖਾਂ ਦੀ ਭਗਤੀ ਤੇ ਅਭਿਲਾਸ਼ਾ ਦਾ ਸਭ ਤੋਂ ਵੱਡਾ ਮੰਤਵ ਹੋਣਾ ਚਾਹੀਦਾ ਹੈ। "ਮੇਰੀ ਆਤਮਾ ਪਰਮੇਸ਼ਵਰ ਦੇ ਪਵਿੱਤਰ ਨਾਮ ਦਾ ਆਸਰਾ ਲੋਚਦੀ ਹੈ। ਇਸ ਤੇ ਵਿਚਾਰ ਕਰਦਿਆਂ ਇਸ ਪਾਸੇ ਸਾਰੇ ਵਿਚਾਰ ਲਾਉਣੇ ਚਾਹੀਦੇ ਹਨ। ਮਾਨਵ ਸਰੀਰ ਨਾਲ ਘਿਰੇ ਹੋਏ ਮਨੁੱਖ ਤੈਨੂੰ ਕੋਈ ਦੁੱਖ ਨਹੀਂ ਹੋਵੇਗਾ। ਸਗੋਂ ਪ੍ਰਭੂ ਦੇ ਨਿਰਵਾਨ ਦੀ ਅੰਤਿਮ ਪ੍ਰਸੰਨਤਾ ਪ੍ਰਾਪਤ ਹੋਵੇਗੀ।"

ਨਿਰਵਾਨ ਵਿਚ ਨਿਰ ਦਾ ਭਾਵ ਨਹੀਂ ਅਤੇ ਵਾਨ ਦਾ ਅਰਥ ਸਾਹ ਲੈਣਾ ਹੈ। ਨਿਰਵਾਨ ਦਾ ਭਾਵ ਸਿੱਖ ਸਾਹਿਤ ਵਿਚ ਵਿਅਕਤੀਗਤ ਚੇਤੰਨਤਾ ਦਾ ਅੰਤ ਹੋਣਾ ਹੈ ਤੇ ਇਹ ਅਵਸਥਾ

ਆਤਮਾ ਦੀ ਜੋਤ ਦੇ ਪ੍ਰਮਾਤਮਾ ਦੀ ਜੋਤ ਨਾਲ ਮਿਲਣ ਨਾਲ ਪ੍ਰਾਪਤ ਹੁੰਦੀ ਹੈ। ਸਿੱਖ ਇਸ ਨੂੰ ਜਲ ਦਾ ਜਲ ਨਾਲ ਮਿਲਣ ਦੀ ਤੁਲਨਾ ਦਿੰਦੇ ਹਨ

ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ ਜਿਵੇਂ ਦੋ ਨਦੀਆਂ ਮਿਲਦੀਆਂ ਹਨ।
ਮਨੁੱਖੀ ਜੀਵਨ ਜੋਤ ਪਰਮੇਸ਼ਵਰ ਦੀ ਰੱਬੀ ਜੋਤ ਨਾਲ ਮਿਲ ਜਾਂਦੀ ਹੈ।
ਮਨੁੱਖੀ ਆਤਮਾ ਨੂੰ ਫਿਰ ਆਵਾਗਵਨ ਵਿਚ ਨਹੀਂ ਪੈਣਾ ਪੈਂਦਾ। ਜੋ ਇਸ ਦਾ ਅੰਤਿਮ ਨਿਸ਼ਾਨਾ ਹੈ।

ਨਿਰਵਾਣ ਦੀ ਪ੍ਰਾਪਤੀ ਲਈ ਬੜੇ ਧਿਆਨ ਨਾਲ ਰੱਬ ਦੀ ਭਗਤੀ ਤੇ ਸਿਮਰਨ ਕਰਨਾ ਹੈ ਅਤੇ ਸਾਰੀ ਜ਼ਿੰਦਗੀ ਗੁਰੂ ਦੀ ਸਿੱਖਿਆ ਤੇ ਚਲਣਾ ਹੈ। ਵਿਅਕਤੀਗਤ ਚੇਤੰਨਤਾ ਫੇਰ ਖਤਮ ਹੋ ਜਾਂਦੀ ਹੈ ਤੇ ਫੇਰ ਹੋਰ ਦੁੱਖ ਤਕਲੀਫ ਨਹੀਂ ਆਉਂਦੇ।

ਇਕ ਆਦਮੀ ਚਾਹੇ ਦੁਨੀਆਂ ਤੇ ਚੰਗੇ ਕੰਮ ਕਰ ਚੁੱਕਾ ਹੋਵੇ ਪਰ ਜੇ ਸ਼ਰਧਾਪੂਰਬਕ ਭਗਤੀ ਨਾਲ ਮਨ ਕਰਕੇ ਰੱਬ ਨਾਲ ਜੁੜਿਆ ਹੋਇਆ ਨਹੀਂ ਤਾਂ ਉਹ ਨਿਰਵਾਨ ਜਾਂ ਸੱਚਖੰਡ ਦੀ ਆਸ ਨਹੀਂ ਕਰ ਸਕਦਾ। ਉਸਨੂੰ ਮੌਤ ਤੋਂ ਬਾਅਦ ਫੇਰ ਪ੍ਰਾਸ਼ਚਿਤ ਕਰਨਾ ਪਵੇਗਾ। ਉਸ ਤੋਂ ਪਿਛੋਂ ਫੇਰ ਆਤਮਾ ਨੂੰ ਮਨੁੱਖ ਦੇ ਸਰੀਰ ਵਿਚ ਆ ਕੇ ਸ਼ੁਰੂ ਤੋਂ ਆਪਣੀ ਦੌੜ ਭਜ ਕਰਨੀ ਪਵੇਗੀ ਜੋ ਜਾਂ ਤਾਂ ਰੱਬ ਦੇ ਮਿਲਾਪ ਨਾਲ ਪਰਮ ਅਨੰਦ ਵਿਚ ਸਮਿਲਤ ਹੋਵੇ ਜਾਂ ਅਣਗਿਣਤ ਆਵਾਗਵਣ ਵਿਚ ਵੱਡੇ ਦੁੱਖ ਝੱਲੇ।

ਜੇ ਮਨੁੱਖ ਨੇ ਬੁਰੇ ਕੰਮ ਕੀਤੇ ਹਨ ਤੇ ਔਗੁਣ ਇਕੱਠੇ ਕੀਤੇ ਹਨ ਤਾਂ ਮੌਤ ਤੋਂ ਬਾਅਦ ਉਸਦੀ ਸਜਾ ਵੀ ਸਖਤ ਹੋਵੇਗੀ। ਜਦੋਂ ਉਸਦੇ ਕੁਕਰਮਾਂ ਮੁਤਾਬਕ ਉਸ ਨੂੰ ਸਜਾ ਮਿਲੇਗੀ ਤੇ ਉਸਦੀ ਆਤਮਾ ਕਿਸੇ ਛੋਟੇ ਜੀਵ ਵਿਚ ਜਾਏਗੀ ਚੁਰਾਸੀ ਲੱਖ ਜੂਨਾਂ ਤੋਂ ਵੱਧ ਜਾਂ ਘੱਟ ਵਾਰ ਉਸਨੂੰ ਜਨਮ ਲੈਣਾ ਪਏਗਾ ਤੇ ਉਸਤੋਂ ਬਾਅਦ ਉਹ ਮਨੁੱਖ ਮਾਂ ਪਿਉ ਦੇ ਘਰ ਜਨਮ ਲੈਣ ਯੋਗ ਹੋਵੇ ਗਾ। ਇਸ ਤਰ੍ਹਾਂ ਜੋ ਆਤਮਾ ਦੁਬਾਰਾ ਮਨੁੱਖਾਂ ਜਨਮ ਵਿਚ ਆਵੇਗੀ ਉਸਨੂੰ ਫੇਰ ਮੁਕਤੀ ਦਾ ਅਪਾਰ ਫੱਲ ਪਾਉਣ ਲਈ ਬੜੀ ਘਾਲਣਾ ਦਾ ਲੰਮਾ ਸਫਰ ਤਹਿ ਕਰਨਾ ਪਵੇਗਾ।

ਮਨ ਨੂੰ ਭਾਵੇਂ ਤਰਕ ਮੰਨਿਆ ਜਾਏ ਜਾਂ ਥੋੜ੍ਹੇ ਬਹੁਤ ਦਰਜੇ ਦੀ ਅੰਤਰ ਪਰੇਰਨਾ, ਭਾਵੇਂ ਦਿਮਾਗ ਤੇ ਤੰਤੂ ਪ੍ਰਬੰਧ ਸੰਬੰਧਿਤ ਪ੍ਰਣਾਲੀਆਂ ਜਾਂ ਦਿਲ, ਪਰ ਇਹ ਸਭ ਜੀਵਾਂ ਵਿਚ ਹੈ। ਸਭ ਤੋਂ ਵੱਧ ਧਾਰਮਿਕ ਪ੍ਰਣਾਲੀਆਂ ਵਿਚ ਮਨ ਨੂੰ ਆਤਮਾ ਨਾਲੋਂ ਵੱਖਰਾ ਮੰਨਿਆ ਜਾਂਦਾ ਹੈ।[1] ਮਨ ਆਤਮਾ ਨੂੰ ਚੰਗੀ ਮਨੋਵੇਗ ਦੁਆਰਾ ਚੰਗੇ ਕੰਮ ਤੇ ਵਿਸ਼ੇ ਦੀ ਮਨੋਵੇਗ ਦੁਆਰਾ ਮੰਦੇ ਕੰਮ ਕਰਵਾਉਂਦਾ ਹੈ। ਮਨ ਅਤੇ ਆਤਮਾ ਜੀਵਨ ਵਿਚ ਸਹਿਗਾਮੀ ਹਨ। ਸਰੀਰ ਵਿਚ ਕਈ ਤੱਤਾਂ ਦਾ ਸੁਮੇਲ ਹੁੰਦਾ ਹੈ ਤੇ ਇਹ ਉਦੋਂ ਤੱਕ ਕਾਇਮ ਰਹਿੰਦਾ ਹੈ ਜਿਨਾਂ ਚਿਰ ਸਰੀਰ ਦੀ ਬਨਾਵਟ ਠੀਕ ਢੰਗ ਨਾਲ ਕੰਮ

1. "ਤੁਸਕੁਲਾਨ ਡਿਸਪੁਟੇਸ਼ਨਜ" ਵਿਚ ਸਿਸਰੋ ਇਕ ਪੈਰਾ ਦੱਸਦਾ ਹੈ ਜੋ ਉਸ ਨੇ "ਕਨਸੋਲੇਸ਼ਨ" ਦੀ ਰਚਨਾ ਵਿੱਚ ਲਿਖਿਆ ਹੈ। ਉਸ ਵਿਚ ਉਹ ਆਤਮਾ ਅਤੇ ਮਨ ਨੂੰ ਹੂਬਹੂ ਇੱਕ ਦਰਸਾਉਂਦਾ ਜਾਪਦਾ ਹੈ। ਉਹ ਆਤਮਾ ਦਾ ਹਵਾਲਾ ਦਿੰਦਾ ਹੈ ਜਿਸ ਵਿਚ ਅਨੁਭਵਤਾ ਸੂਝ, ਜੀਵਨ ਅਤੇ ਸਤਾ ਹੈ।

ਕਰਦੀ ਹੈ ਤੇ ਸੁਸ਼ੀਲ ਢੰਗ ਨਾਲ ਕਾਰਜ ਕਰਦੀ ਹੈ। ਜਦੋਂ ਸਰੀਰ ਦੀ ਬਨਾਵਟ ਬਿਮਾਰੀ, ਹਾਦਸੇ ਜਾਂ ਬੁਢੇਪੇ ਦੇ ਕਾਰਨ ਠੀਕ ਤਰ੍ਹਾਂ ਕੰਮ ਨਹੀਂ ਕਰਦੀ ਤਾਂ ਜੀਵਨ ਦਾ ਅੰਤ ਹੋ ਜਾਂਦਾ ਹੈ। ਕਈ ਧਾਰਮਿਕ ਪ੍ਰਣਾਲੀਆਂ ਅਨੁਸਾਰ ਆਤਮਾ ਸਰੀਰ ਨਾਲ ਹੀ ਨਸ਼ਟ ਹੋ ਜਾਂਦੀ ਹੈ। ਕਈਆਂ ਅਨੁਸਾਰ ਆਤਮਾ ਅਮਰ ਹੈ ਇਕ ਵਿਅੱਕਤਿਕ ਹੈ ਕਈਆਂ ਅਨੁਸਾਰ ਇਹ ਇਕ ਜੀਵ ਤੋਂ ਦੂਜੇ ਜੀਵ ਤਕ ਭਰਮਣ ਕਰਦੀ ਹੈ। ਅਸੀਂ ਇਸ ਰਚਨਾ ਵਿਚ ਕੇਵਲ ਆਤਮਾ ਦੇ ਭਰਮਣ ਦੇ ਪੱਖ ਨਾਲ ਵਾਸਤਾ ਰਖਦੇ ਹਾਂ।

ਹਜ਼ਰਤ ਮੂਸਾ ਦੀ ਧਾਰਮਿਕ ਪ੍ਰਣਾਲੀ ਅਨੁਸਾਰ ਰੱਬ ਨੂੰ ਈਰਖਾਲੂ ਦੱਸਿਆ ਗਿਆ ਹੈ। ਉਹ ਪਿੱਤਰਾਂ ਦੇ ਪਾਪਾਂ ਦੇ ਬਦਲੇ ਬੱਚਿਆਂ ਅਤੇ ਅਗਲੀਆਂ ਨਸਲਾਂ ਕੋਲੋਂ ਲੈਂਦਾ ਹੈ। ਭਾਰਤੀ ਦਾਰਸ਼ਨਿਕ ਇਹ ਅਨੁਭਵ ਕਰਦੇ ਹਨ ਕਿ ਰੱਬ ਲਈ ਇਹ ਧਾਰਨਾ ਅਪਮਾਨਜਨਕ ਹੈ ਅਤੇ ਉਹਨਾਂ ਅਨੁਸਾਰ ਆਤਮਾ ਦਾ ਦਰਜਾ ਮੌਤ ਪਿਛੋਂ ਉਸ ਦੇ ਸਰੀਰ ਦੇ ਕਰਮਾਂ ਅਨੁਸਾਰ ਹੁੰਦਾ ਹੈ। ਸਰੀਰ ਦੇ ਕਰਮ ਆਤਮਾ ਦੇ ਨਾਲ ਜਾਂਦੇ ਹਨ ਅਤੇ ਉਸ ਦੀ ਅਗਲੀ ਟਿੱਕਣ ਦੀ ਥਾਂ ਦਾ ਨਿਰਣਾ ਕਰਦੇ ਹਨ।

ਹਿੰਦੂ ਤੇ ਹੋਰ ਜੋ ਹਿੰਦੂਆਂ ਤੋਂ ਹੀ ਨਿਕਲੇ ਹਨ, ਉਹਨਾਂ ਨੇ ਕਦੀ ਵੀ ਇਸ ਧਾਰਨਾ ਬਾਰੇ ਸ਼ੰਕੇ ਦੀ ਗੁੰਜਾਇਸ਼ ਨਹੀਂ ਸਮਝੀ ਕਿ ਆਤਮਾ ਸਾਰੇ ਬਣਾਏ ਹੋਏ ਜੀਵਾਂ ਦੇ ਸਰੀਰਾਂ ਵਿਚੋਂ ਭ੍ਰਮਣ ਕਰਦੀ ਹੈ। ਸਿਰਫ ਹਿੰਦੂ ਹੀ ਨਹੀਂ ਪਰ ਕੁਝ ਤੀਬਰ ਸੰਪੰਨ ਬੁੱਧੀ ਵਾਲੇ ਯੂਰਪੀਅਨਾਂ ਨੇ ਇਸ ਧਾਰਨਾ ਨੂੰ ਜਾਂ ਤਾਂ ਕਬੂਲ ਕੀਤਾ ਹੈ ਜਾਂ ਇਸ ਦਾ ਮਖੌਲ ਉਡਾਇਆ ਹੈ, ਜਿਵੇਂ ਕਿ ਤਿੱਖੀ ਕਲਪਨਾ ਵਾਲੇ ਮਨਾਂ ਦੇ ਮਨੁੱਖਾਂ ਨੇ ਲੋੜ ਅਨੁਸਾਰ ਧੁੰਦਲੇ ਭੂਤ ਦੇ ਅਸਲ ਗਿਆਨ ਦੇ ਸੋਮੇ ਵਿਚੋਂ ਯੂਰਪੀਨ ਸਭਿਅਤਾ ਤੋਂ ਪਹਿਲਾਂ ਹੀ ਨਹੀਂ ਸਗੋਂ ਸਮੇਟਿਕ ਇਤਿਹਾਸ ਤੋਂ ਵੀ ਪਹਿਲਾਂ ਆਵਾਗਵਣ ਨੂੰ ਆਦਿ ਮਨੁੱਖਾਂ ਦੇ ਖਿਆਲਾਂ ਦਾ ਵਿਕਾਸ ਦੱਸਿਆ ਹੈ। ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਬਾਹਰਲੇ ਦੇਸ਼ਾਂ ਦੇ ਦ੍ਰਿਸ਼ਾਂ ਨੂੰ ਵੇਖ ਕੇ ਕਈ ਮਨੁੱਖਾਂ ਨੂੰ ਇਹ ਖਿਆਲ ਹੈ ਕਿ ਉਹ ਇਸ ਸੁੰਦਰਤਾਂ ਨੂੰ ਪਹਿਲੇ ਤੋਂ ਹੀ ਜਾਣਦੇ ਸਨ ਤੇ ਉਹਨਾਂ ਨੂੰ ਉਹ ਸਭ ਵੇਖ ਕੇ ਕੋਈ ਨਵੀਂ ਖੁਸ਼ੀ ਪ੍ਰਤੀਤ ਨਹੀਂ ਹੁੰਦੀ। ਯੂਨਾਨ ਦਾ ਫ਼ਿਲਾਸਫ਼ਰ ਪਾਈਥਾਗੋਰਸ ਇਸ ਸਿਧਾਂਤ ਵਿਚ ਜਿਸ ਨੂੰ ਮੈਟਾਸਾਇਕੋਸਿਸ (ਭਾਵ ਆਵਾਗਵਣ) ਕਿਹਾ ਜਾਂਦਾ ਹੈ ਬਹੁਤ ਪੱਕਾ ਯਕੀਨ ਰੱਖਦਾ ਸੀ ਤੇ ਇਸਦਾ ਸਭ ਨੂੰ ਪਤਾ ਹੈ। ਉਸਦਾ ਸਿਧਾਂਤ ਬਹੁਤ ਮਸ਼ਹੂਰ ਤੇ ਸਫਲ ਵੀ ਸੀ ਕਿਉਂਕਿ ਉਸਨੇ ਤੇ ਉਸਦੇ ਮੰਨਣ ਵਾਲਿਆਂ ਨੇ ਬੜੇ ਲੰਬੇ ਅਰਸੇ ਤਕ ਆਪਣੇ ਖਿਆਲਾਂ ਨਾਲ ਡੋਰੀਅਨ ਅਮੀਰ ਲੋਕਾਂ ਤੇ ਉਹਨਾਂ ਦੇ ਸੰਬੰਧੀਆਂ ਨੂੰ ਪ੍ਰਭਾਵਿਤ ਕੀਤਾ ਹੋਇਆ ਸੀ ਜੋ ਕਿ ਮਿਲਦੇ ਜੁਲਦੇ ਵਿਸ਼ਿਆਂ ਤੇ ਸਨ ਜਿਵੇਂ ਕਿ ਆਤਮਾ ਦਾ ਅਮਰ ਹੋਣਾ ਅਤੇ ਪਲੈਟੋ ਦੇ ਫੀਡੋ ਦੇ ਮੁਤਾਬਕ ਸੁਕਰਾਤ ਨੇ ਵੀ ਪਾਈਥਾਗੋਰਸ ਦੇ ਸਿਧਾਂਤ ਨੂੰ ਆਪਣੀ ਤਸੱਲੀ ਲਈ ਪੱਕਾ ਕੀਤਾ।

ਕਈ ਅੰਗਰੇਜ਼ੀ ਕਵੀਆਂ ਨੂੰ ਵੀ ਇਸ ਮੱਤ ਨਾਲ ਅਨੋਖੀ ਦਿਲਚਸਪੀ ਤੇ ਤਸੱਲੀ ਹੋਈ।

ਵਰਡਜਵਰਥ ਇਸ ਤਰ੍ਹਾਂ ਲਿਖਦਾ ਹੈ :

"ਸਾਡਾ ਜਨਮ ਇਕ ਨੀਂਦ ਹੈ ਇਕ ਭੁੱਲ ਜਾਣਾ ਹੈ; ਆਤਮਾ ਜੋ ਜ਼ਿੰਦਗੀ ਦਾ ਤਾਰਾ ਹੈ ਜੋ ਸਾਡੇ ਨਾਲ ਹੀ ਉਭਰਦਾ ਹੈ। ਇਸ ਦਾ ਡੁੱਬਣਾ ਕਿਸੇ ਹੋਰ ਥਾਂ ਹੈ ਅਤੇ ਇਹ ਆਉਂਦਾ ਵੀ ਦੂਰ ਤੋਂ ਹੈ।"

ਬਰਾਓਨਿੰਗ ਲਿਖਦਾ ਹੈ :

"ਕਈ ਵਾਰੀ ਮੈਂ ਤਕਰੀਬਨ ਸੁਪਨਾ ਹੀ ਲੈਂਦਾ ਹਾਂ। ਮੈਂ ਵੀ ਆਪਣਾ ਜੀਵਨ ਸੰਤਾਂ ਵਾਗੂੰ ਗੁਜ਼ਾਰਿਆ ਹੈ ਤੇ ਇਕ ਵਾਰੀ ਫੇਰ ਜਾਣੂ ਰਸਤਿਆਂ ਤੇ ਹੀ ਚਲ ਰਿਹਾ ਹਾਂ।"

ਰੋਜੈਟੀ ਨੇ ਲਿਖਿਆ ਹੈ :

"ਮੈਂ ਇਥੇ ਪਹਿਲਾਂ ਸਾਂ ਪਰ ਕਿਵੇਂ ਤੇ ਕਿਸ ਤਰ੍ਹਾਂ ਮੈਂ ਦਸ ਨਹੀਂ ਸਕਦਾ।"

ਜਦੋਂ ਆਤਮਾ ਸਰੀਰ ਵਿਚੋਂ ਅਲੱਗ ਹੋ ਜਾਂਦੀ ਹੈ ਤਾਂ ਉਸਦੀ ਤੁਲਨਾ ਪੁਰਾਤਨ ਭਾਰਤੀ ਲਿਖਤਾਂ ਵਿਚ ਚੰਦ੍ਰਮਾ ਨਾਲ ਕੀਤੀ ਜਾਂਦੀ ਹੈ ਜੋ ਦਿਨ ਵਿਚ ਸੂਰਜ ਦੇ ਚੜ੍ਹਨ ਨਾਲ ਦਿਖਾਈ ਨਹੀਂ ਦਿੰਦਾ। ਜਿਸ ਤਰ੍ਹਾਂ ਚੰਦ੍ਰਮਾ ਮੌਜੂਦ ਹੁੰਦਾ ਹੈ ਉਸੇ ਤਰ੍ਹਾਂ ਆਤਮਾ ਵੀ ਮੌਜੂਦ ਹੁੰਦੀ ਹੈ ਪਰ ਉਹ ਨਜ਼ਰ ਨਹੀਂ ਆਉਂਦੀ। ਜਿਸ ਤਰ੍ਹਾਂ ਚੰਦ੍ਰਮਾ ਜਿਉਂ-ਜਿਉਂ ਅੱਗੇ ਵੱਧਦਾ ਹੈ ਫੇਰ ਚਮਕਣ ਲੱਗ ਜਾਂਦਾ ਹੈ ਇਸੇ ਤਰ੍ਹਾਂ ਆਤਮਾ ਜਦੋਂ ਦੂਸਰੇ ਸਰੀਰ ਵਿਚ ਜਾਂਦੀ ਹੈ ਤਾਂ ਉਹ ਵੀ ਸਾਹਮਣੇ ਆ ਜਾਂਦੀ ਹੈ।

ਕਿਉਂਕਿ ਆਤਮਾ ਭਰਮਣ ਦੀ ਸਥਿਤੀ ਵਿਚ ਹੈ ਅਤੇ ਨਾਲ ਹੀ ਅਮਰ ਵੀ ਹੈ ਇਸ ਕਰਕੇ ਉਸਨੂੰ ਕਾਰਜਸ਼ੀਲ ਹੋਣ ਲਈ ਸਰੀਰ ਦੀ ਲੋੜ ਹੈ ਅਤੇ ਉਹ ਉਸਦੇ ਨਾਲ ਸੰਜੋਗ ਵਿਚ ਆਉਂਦੀ ਹੈ ਤਾਂ ਕਿ ਦੋਵੇਂ ਪੂਰਨਤਾ ਤੇ ਸੰਪੰਨਤਾ ਪ੍ਰਾਪਤ ਕਰ ਸਕਣ। ਜਿਸ ਤਰ੍ਹਾਂ ਇਕ ਧਾਗਾ ਹੀ ਸੋਨੇ ਦੇ ਮਣਕੇ ਵਿਚ ਕੀਮਤੀ ਮੋਤੀ ਜਾਂ ਮਿੱਟੀ ਦੇ ਮਣਕੇ ਵਿਚ ਪਰੋਇਆ ਜਾਂਦਾ ਹੈ ਇਸੇ ਤਰ੍ਹਾਂ ਆਤਮਾ ਆਪਣੇ ਕਰਮਾਂ ਕਰਕੇ ਉਸ ਸਰੀਰ ਵਿਚ ਜਾਵੇਗੀ ਜਿਸ ਨਾਲ ਉਸ ਦਾ ਸੰਬੰਧ ਹੋ ਜਾਵੇਗਾ ਇਸ ਗੱਲ ਦਾ ਨਿਰਨਾ ਆਤਮਾ ਦਾ ਪਿਛਲਾ ਸਰੀਰ ਕਰਦਾ ਹੈ ਜਿਸ ਤੋਂ ਇਸ ਨੂੰ ਵਧੀਆ ਜਾਂ ਘਟੀਆ ਬਣਤਰ ਦਾ ਲਿਬਾਸ ਮਿਲਦਾ ਹੈ। ਆਤਮਾ ਇਸ ਕਰਕੇ ਇਕ ਸਰੀਰ ਤੋਂ ਦੂਸਰੇ ਸਰੀਰ ਤਕ ਇਕ ਪਈਏ ਦੀ ਤਰ੍ਹਾਂ ਘੁੰਮਦੀ ਫਿਰਦੀ ਰਹਿੰਦੀ ਹੈ। ਜਦੋਂ ਤਕ ਉਹ ਊਨਤਾਈਆਂ ਤੋਂ ਮੁਕਤ ਨਹੀਂ ਹੋ ਜਾਂਦੀ ਤੇ ਉਸ ਪੂਰੇ ਰੱਬ ਵਿਚ ਮਿਲਣਯੋਗ ਨਹੀਂ ਹੋ ਜਾਂਦੀ ਜਿਸ ਤੋਂ ਉਹ ਸ਼ੁਰੂ ਵਿਚੋਂ ਪੈਦਾ ਹੋਈ ਸੀ।

ਪਰਮ ਆਤਮਾ, ਮੁੱਢਲੀ ਆਤਮਾ ਉੱਚਤਮ ਹਸਤੀ ਇਸ ਸੰਸਾਰ ਵਿਚ ਛਾਈ ਹੋਈ ਆਤਮਾ ਹੈ। ਇਸਨੂੰ ਜੋਤ ਦੇ ਸਮਾਨ ਦੱਸਿਆ ਜਾਂਦਾ ਹੈ। ਜੀਵ ਆਤਮਾ, ਹਰ ਪ੍ਰਾਣੀ ਦੀ ਆਤਮਾ ਵੀ ਜੋਤ ਹੈ ਜੋ ਪਰਮਾਤਮਾ ਤੋਂ ਉਪਜੀ ਹੈ ਤੇ ਪਦਾਰਥਕ ਨਹੀਂ ਹੈ।

ਮਿਲਟਨ ਦੀਆਂ ਇਹਨਾਂ ਲਾਈਨਾਂ ਨੂੰ ਸਿੱਖ ਅਨੁਭਵ ਅਨੁਸਾਰ ਵਾਹਿਗੁਰੂ ਜਾਂ ਰੱਬ ਦੀ ਪਰਿਭਾਸ਼ਾ ਮੰਨਿਆ ਜਾਂਦਾ ਹੈ ਕਿਉਂਕਿ :-

ਰੱਬ ਇਕ ਜੋਤ ਹੈ ਪਰ ਕਦੀ ਵੀ ਅਪਹੁੰਚ ਜੋਤ ਨਹੀਂ ਸੀ ਆਦਿ ਕਾਲ ਤੋਂ ਚਲਦੀ ਆ

ਰਹੀ ਹੈ। ਚਮਕਦਾਰ ਲਿਸ਼ਕਦੇ ਤੱਤ ਦੀ ਵਧਦੀ ਰੌ

ਅਤੇ ਥਾਮਸ ਕੈਂਪਬਲ ਨੇ ਤਕਰੀਬਨ ਇਸੇ ਤਰ੍ਹਾਂ ਲਿਖਿਆ ਹੈ :-

"ਜੀਵਾਤਮਾ ਰੱਬ ਕੋਲ ਜਾਵੇਗੀ ਜਿਸ ਨੇ ਇਸ ਨੂੰ ਚਿਣਗ ਦਿੱਤੀ ਹੈ।"

ਪਰਮਾਤਮਾ ਦੀ ਤੁਲਨਾ ਇਕ ਅਨੰਤ ਸਾਗਰ ਨਾਲ ਕੀਤੀ ਗਈ ਹੈ ਅਤੇ ਜੀਵ ਆਤਮਾ ਦੀ ਇਕ ਪਾਣੀ ਦੇ ਕਟੋਰੇ ਨਾਲ ਜੋ ਉਸ ਵਿਚੋਂ ਹੈ। ਕਟੋਰਾ ਆਤਮਾ ਦਾ ਸੂਖਸ਼ਮ ਲਿਬਾਸ ਹੈ। ਜੇ ਕਟੋਰਾ ਆਪ ਟੁੱਟ ਜਾਏ ਜਾਂ ਲੈ ਲਿਆ ਜਾਏ ਤਾਂ ਉਸ ਵਿਚਲਾ ਪਾਣੀ ਜੋ ਜੀਵ ਆਤਮਾ ਦੀ ਭਾਂਤੀ ਹੈ ਉਹ ਸਮੁੰਦਰ ਦੇ ਪਾਣੀ ਵਿਚ ਮਿਲ ਜਾਂਦਾ ਹੈ। ਇਹ ਇਕ ਨਿਰਵਾਨ ਦੀ ਉਦਾਹਰਨ ਹੈ।

ਜੀਵਾਂ ਦੀ ਹੋਂਦ ਬਾਰੇ ਸਿੱਖ ਤੱਤ ਵਿਗਿਆਨ ਮੁਤਾਬਕ ਸਾਰੇ ਜੀਵਾਂ ਦੇ ਦੋ ਸਰੀਰ ਹੁੰਦੇ ਹਨ, ਇਕ ਠੋਸ ਪਦਾਰਥਕ ਸਰੀਰ ਤੇ ਦੂਸਰਾ ਸੂਖਸ਼ਮ ਸਰੀਰ।[1] (ਨਾ ਦਿਖਣ ਵਾਲਾ ਸਰੀਰ)। ਜੀਵ ਆਤਮਾ ਪਹਿਲੇ ਸਰੀਰ ਤੋਂ ਮੌਤ ਦੇ ਸਮੇਂ ਅਲੱਗ ਹੋ ਜਾਂਦੀ ਹੈ। ਪਰ ਦੂਸਰੇ ਤੋਂ ਉਦੋਂ ਤੱਕ ਅਲੱਗ ਨਹੀਂ ਹੁੰਦੀ ਜਦੋਂ ਤਕ ਨਿਰਵਾਨ ਦੀ ਅਵਸਥਾ ਨਹੀਂ ਆ ਜਾਂਦੀ। ਜਦੋਂ ਜੀਵ ਆਤਮਾ ਸੂਖਸ਼ਮ ਸਰੀਰ ਵਿਚ ਬੰਦ ਹੁੰਦੀ ਹੈ ਤਾਂ ਉਹ ਸਜਾ ਦਾ ਅਸਰ ਕਬੂਲਦੀ ਹੈ।

ਸੁਕਰਾਤ ਜਦੋਂ ਮੌਤ ਤੋਂ ਬਾਅਦ ਵੱਖਰੀ ਹੋਂਦ ਦੇ ਹੋ ਸਕਣ ਬਾਰੇ ਵਿਆਖਿਆ ਕਰਦਾ ਹੈ ਤਾਂ ਉਸਨੂੰ ਖੁਸ਼ੀ ਮਿਲਦੀ ਹੈ ਕਿ ਹੋਮਰ, ਹੈਸੀਔਡ ਵਰਗੇ ਆਦਮੀਆਂ ਨੂੰ ਮਿਲਣ ਦਾ ਅਵਸਰ ਮਿਲੇਗਾ। ਪਰ ਪਲੈਟੋ ਨੇ ਸੁਕਰਾਤ ਦੀਆਂ ਉਹ ਭਾਵਨਾਵਾਂ ਨੂੰ ਨਹੀਂ ਉਲੀਕਿਆ ਜੋ ਉਸਨੂੰ ਉਸ ਦੇ ਉਪਰ ਅਤਿਆਚਾਰ ਕਰਨ ਵਾਲਿਆਂ ਅਤੇ ਦੁਖੀ ਕਰਨ ਵਾਲਿਆਂ ਨੂੰ ਮਿਲਕੇ ਹੋਣਗੀਆਂ ਜੋ ਉਸੇ ਖੁਸ਼ੀ ਦੇ ਖੰਡ ਵਿਚ ਮੌਜੂਦ ਹੋਣਗੇ। ਜੋਹਨ ਸਟੂਆਰਟ ਮਿਲ ਦੀ ਸੋਚ[2] ਦੇ ਮੁਤਾਬਕ ਵੀ ਮਰਨ ਪਿਛੋਂ ਜੀਵਨ ਦੀ ਅਣਹੋਂਦ ਦੀ ਧਾਰਨਾ ਨੂੰ ਰੱਦ ਕਰਕੇ ਮਨੁੱਖਤਾ ਨੂੰ ਸਭ ਤੋਂ ਵੱਡਾ ਨੁਕਸਾਨ ਆਪਣੇ ਉਹਨਾਂ ਪਿਆਰਿਆਂ ਨੂੰ ਨਾ ਮਿਲਣ ਦੀ ਨਿਰਾਸਤਾ ਹੋਵੇਗੀ ਜੋ ਦੁਨੀਆਂ ਤੋਂ ਉਹਨਾਂ ਤੋਂ ਪਹਿਲਾਂ ਮਰ ਚੁੱਕੇ ਹਨ। ਇਸ ਤਰ੍ਹਾਂ ਦੇ ਮਿਲਾਪ ਦੀ ਇੱਛਾ ਦਾ ਹੋਣਾ ਸਮਝਣਾ ਸੌਖਾ ਹੈ, ਇਸਦੇ ਪੂਰੇ ਹੋਣ ਦੀ ਉਮੀਦ ਨੇ ਉਹਨਾਂ ਲੋਕਾਂ ਨੂੰ ਮੌਤ ਦੇ ਬਿਸਤਰੇ ਤੇ ਵੀ ਸੁੱਖ ਪਹੁੰਚਾਇਆ ਹੈ ਜੋ ਆਤਮਾ ਦੇ ਅਮਰ ਹੋਣ ਵਿਚ ਵਿਸ਼ਵਾਸ ਰੱਖਦੇ ਹਨ। ਪਰ ਸਾਰੇ ਲੋਕੀਂ ਸਾਨੂੰ ਇਕੋ ਜਿਹੇ ਪਿਆਰੇ ਨਹੀਂ ਹੁੰਦੇ ਅਤੇ ਇਹ ਖਿਆਲ ਸ਼ਾਇਦ ਉਸ ਮਸ਼ਹੂਰ ਫ਼ਿਲਾਸਫ਼ਰ ਨੂੰ ਨਹੀਂ ਸੁਝਿਆ ਕਿ ਜੇ ਮੌਤ ਤੋਂ ਬਾਅਦ ਅਸੀਂ ਆਪਣੇ ਚਹੇਤਿਆਂ ਨੂੰ ਮਿਲ ਸਕਦੇ ਹਾਂ ਤਾਂ ਉਹਨਾਂ ਨੂੰ ਵੀ ਮਿਲਣ ਦੀ ਸੰਭਾਵਨਾ ਹੈ ਜੋ ਸਾਨੂੰ ਇਤਨੇ ਪਿਆਰੇ ਨਹੀਂ ਹਨ ਜਾਂ ਜਿਨ੍ਹਾਂ ਦਾ ਦਵੈਤ ਸਾਡੀ ਦੁਨਿਆਵੀ ਹੋਂਦ ਨੂੰ ਤਲਖ ਬਣਾ ਗਿਆ ਹੋਵੇ, ਪਰ ਉਹਨਾਂ ਤੇ ਪੂਰਵ ਲਿਖੇ ਮੁਤਾਬਕ ਮਿਹਰ ਹੋ ਗਈ ਹੋਵੇ ਤੇ ਉਹ ਸਵਰਗ ਦਾ ਸਦੀਵੀ ਅਨੰਦ ਮਾਣ ਰਹੇ ਹੋਣ। ਜੋ ਨਿਰਵਾਨ ਵਿਚ ਵਿਸ਼ਵਾਸ ਰੱਖਦਾ ਹੋਵੇ ਉਸਨੂੰ ਇਹੋ ਜਿਹੇ ਸੰਬੰਧਾਂ ਦਾ ਡਰ ਨਹੀਂ ਹੁੰਦਾ। ਉਹ ਮਨੁੱਖ ਜੋ ਕਾਫੀ ਪਵਿੱਤਰ ਹੋ ਜਾਂਦੇ ਹਨ ਉਹ ਉਸ ਪਰਮ ਤੱਤ

1. ਸੇਂਟ ਪਾਲ ਆਤਮਿਕ ਸਰੀਰ ਦੀ ਗੱਲ ਕਰਦਾ ਹੈ।
2. ਐਸੇ ਏ ਆਨ *ਯੂਟਿਲਿਟੀ ਆਫ਼ ਰੀਲੀਜਨ*।

ਵਿਚ, ਰੱਬ ਦੇ ਅਥਾਹ ਪੂਰਨਤਾ ਤੇ ਪਿਆਰ ਦੇ ਚੁੰਧਿਆ ਦੇਣ ਵਾਲੇ ਸੋਮੇ ਵਿਚ ਸਮਾ ਜਾਂਦੇ ਹਨ। ਇਥੇ ਉਹਨਾਂ ਦੀ ਆਪਣੀ ਵੱਖਰੀ ਹੋਂਦ ਖਤਮ ਹੋ ਜਾਂਦੀ ਹੈ, ਜੀਵਨ ਦਾ ਪਰਮ ਉੱਚਤਮ ਲਕਸ਼ ਪ੍ਰਾਪਤ ਹੋ ਜਾਂਦਾ ਹੈ ਅਤੇ ਨਾ ਹੀ ਦੁੱਖ, ਤਕਲੀਫ ਅਤੇ ਨਾ ਹੀ ਦੁਨਿਆਵੀ ਯਾਦਾਂ ਤੇ ਬੁਰਾਈਆਂ ਦਾ ਡਰ ਰਹਿੰਦਾ ਹੈ।

ਭਾਗ ਛੇਵਾਂ

ਪੰਜਾਬ ਦੀ ਰਾਜਧਾਨੀ ਲਾਹੌਰ ਸ਼ਹਿਰ ਦੇ ਦੱਖਣ-ਪੱਛਮ ਵੱਲ ਤਕਰੀਬਨ ਤੀਹ ਮੀਲ ਦੂਰ ਅਤੇ ਗੁਜਰਾਂਵਾਲੇ ਤੇ ਮਿੰਟਗੁਮਰੀ ਦੇ ਜ਼ਿਲ੍ਹਿਆਂ ਦੀ ਹੱਦ ਤੇ (1921 ਤੋਂ ਜ਼ਿਲ੍ਹਾ ਸੇਖੂਪੁਰਾ ਜੋ ਪਾਕਿਸਤਾਨ ਵਿਚ ਸਥਿਤ ਹੈ, ਬਣਿਆ) ਤਲਵੰਡੀ ਦਾ ਕਸਬਾ ਇਕੱਲਵਾਂ ਭਰਵੇਂ ਜੰਗਲ ਵਿਚਕਾਰ ਸਥਿਤ ਹੈ। ਇਹ ਉੱਚੀ ਜੰਗਲ ਵਾਲੀ ਜ਼ਮੀਨ ਜੋ ਪੰਜਾਬ ਦੇ ਵਿਚਕਾਰ ਹੈ ਇਹ ਉਸ ਦੇ ਸਿਰੇ ਤੇ ਹੈ। ਕਸਬਾ ਹਾਲੇ ਵੀ ਸਾਰੇ ਪਾਸਿਓਂ ਕਾਫੀ ਸ਼ਾਖਾਦਾਰ ਦਰੱਖਤਾਂ ਨਾਲ ਘਿਰਿਆ ਹੋਇਆ ਹੈ ਜੋ ਤਕਰੀਬਨ ਸਾਰੇ ਮੌਸਮਾਂ ਵਿਚ ਬੜਾ ਲੁਭਾਉਣਾ ਦ੍ਰਿਸ਼ ਦਿੰਦੇ ਹਨ ਸਿਰਫ ਹਨੇਰੀਆਂ ਵਾਲੇ ਦਿਨਾਂ ਨੂੰ ਛੱਡ ਕੇ ਜਦੋਂ ਰੇਗਿਸਤਾਨੀ ਹਵਾਵਾਂ ਦੀ ਮਿੱਟੀ ਨਾਲ ਦਰੱਖਤ ਚਿੱਟੇ ਹੋ ਜਾਂਦੇ ਹਨ। ਜਾਲ ਦੇ ਦਰੱਖਤ ਸਭ ਤੋਂ ਜ਼ਿਆਦਾ ਹਨ ਪਰ ਫਲਾਹੀ ਤੇ ਜੰਡ ਦੇ ਦਰੱਖਤ ਵੀ ਪਾਏ ਜਾਂਦੇ ਹਨ। ਜੰਗਲੀ ਹਿਰਨ ਵੀ ਕਦੀ-ਕਦੀ ਦਿਖਾਈ ਦਿੰਦੇ ਹਨ ਜੋ ਕਿ ਯਾਤਰੀਆਂ ਨੂੰ ਵੇਖ ਕੇ ਹੈਰਾਨ ਹੋ ਜਾਂਦੇ ਹਨ ਜੋ ਉਹਨਾਂ ਦੇ ਇਲਾਕੇ ਦੀ ਸ਼ਾਂਤੀ ਭੰਗ ਕਰਦੇ ਹਨ। ਖਰਗੋਸ਼ ਤੇ ਤਿੱਤਰ ਵੀ ਝਾੜੀਆਂ ਵਿਚ ਸਹਿਮ ਕੇ ਬੈਠ ਜਾਂਦੇ ਹਨ ਤਾਂ ਕਿ ਉਹਨਾਂ ਨੂੰ ਕੋਈ ਤੰਗ ਨਾ ਕਰੇ।

ਇਹੋ ਜਿਹੇ ਇਕਾਂਤ ਵਾਤਾਵਰਨ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ। ਉਹਨਾਂ ਦਾ ਜਨਮ ਵਿਸਾਖ ਦੇ ਚਾਨਣ ਪੱਖ ਦੇ ਤੀਸਰੇ ਦਿਨ (ਅਪ੍ਰੈਲ-ਮਈ) ਵਿਕਰਮੀ ਸੰਨ ਦੇ 1526 ਵੇਂ ਸਾਲ ਤੇ ਅੰਗਰੇਜ਼ੀ ਸੰਨ ਦੇ 1469 ਈਸਵੀ ਵਿਚ ਹੋਇਆ। ਜਿਵੇਂ ਕਿ ਅਸੀਂ ਬਾਅਦ ਵਿਚ ਵੇਖਾਂਗੇ, ਗੁਰੂ ਨਾਨਕ ਦੇਵ ਜੀ ਦੇ ਪਿਤਾ ਕਾਲੂ ਖਤਰੀ ਜਾਤ ਦੇ ਬੇਦੀ ਵਰਣ ਵਿਚੋਂ ਸਨ।

ਉਹ ਆਪਣੇ ਕਿੱਤੇ ਤੋਂ ਪਿੰਡ ਦੇ ਪਟਵਾਰੀ ਸਨ ਪਰ ਆਪਣੇ ਕਿੱਤੇ ਦੇ ਨਾਲ-ਨਾਲ ਖੇਤੀ-ਬਾੜੀ ਵੀ ਕਰਦੇ ਸਨ। ਕਾਲੂ ਜੀ ਦੇ ਪਿਤਾ ਸ਼ਿਵ ਰਾਮ ਸਨ ਤੇ ਮਾਤਾ ਬਨਾਰਸੀ ਸੀ। ਕਾਲੂ ਜੀ ਦਾ ਇਕ ਭਰਾ ਲਾਲੂ ਸੀ ਜਿਸ ਬਾਰੇ ਉਹਨਾਂ ਦੇ ਨਾਮ ਤੋਂ ਸਿਵਾਏ ਕੁਝ ਵੀ ਪਤਾ ਨਹੀਂ ਹੈ। ਕਾਲੂ ਜੀ ਦਾ ਵਿਆਹ ਮਾਝੇ (ਰਾਵੀ ਅਤੇ ਬਿਆਸ ਦਰਿਆ ਦੇ ਵਿਚਕਾਰ ਦੇ ਇਲਾਕੇ ਨੂੰ ਮਾਝਾ ਕਹਿੰਦੇ ਹਨ) ਦੇ ਰਹਿਣ ਵਾਲੇ ਰਾਮ ਦੀ ਪੁੱਤਰੀ ਤ੍ਰਿਪਤਾ ਨਾਲ ਹੋਇਆ। ਤ੍ਰਿਪਤਾ ਜੀ ਦਾ ਇਕ ਭਰਾ ਕ੍ਰਿਸ਼ਨ ਸੀ ਜਿਸ ਬਾਰੇ ਲਾਲੂ ਦੀ ਤਰ੍ਹਾਂ ਕੁਝ ਪਤਾ ਨਹੀਂ ਲਗਦਾ। ਤ੍ਰਿਪਤਾ ਜੀ ਦੀ ਕੁਖੋਂ ਇਕ ਪੁੱਤਰੀ ਨਾਨਕੀ ਤੇ ਇਕ ਪੁੱਤਰ ਨਾਨਕ ਨੇ ਜਨਮ ਲਿਆ। ਨਾਨਕੀ ਦਾ ਵਿਆਹ ਸੁਲਤਾਨਪੁਰ, ਜੋ ਕਿ ਕਪੂਰਥਲੇ ਦੇ ਜ਼ਿਲ੍ਹੇ ਵਿਚ ਹੈ ਤੇ ਜੋ ਜਲੰਧਰ ਦੋਆਬ ਦੀ ਉਸ ਵੇਲੇ ਰਾਜਧਾਨੀ ਸੀ, ਦੇ ਮਾਲ

ਅਫਸਰ ਜੈ ਰਾਮ ਨਾਲ ਹੋਇਆ ਜੋ ਉਸ ਵੇਲੇ ਪ੍ਰਸਿੱਧੀ ਵਾਲਾ ਅਹੁਦਾ ਸੀ।

ਜਦੋਂ ਤੈਮੂਰ ਨੇ ਉੱਤਰ-ਭਾਰਤ ਵਿਚ ਅਰਾਜਕਤਾ ਤੇ ਬਰਬਾਦੀ ਫੈਲਾ ਦਿੱਤੀ ਸੀ ਤਾਂ ਸਈਅਦ ਰਾਜ ਘਰਾਣਾ ਜਾਂ ਮੁਹੰਮਦ ਰਸੂਲ ਦੇ ਜਾਨਸ਼ੀਨਾਂ ਨੇ ਮੁਗਲ ਜੇਤੂਆਂ ਦੇ ਨਾਂ ਨਾਲ ਦਿੱਲੀ ਵਿਚ ਰਾਜ ਕਰਨ ਦਾ ਹੌਸਲਾ ਕੀਤਾ। ਦਿੱਲੀ ਦੇ ਨਾਲ ਉਸ ਵੇਲੇ ਕੋਈ ਖਾਸ ਇਲਾਕਾ ਨਹੀਂ ਲਗਦਾ ਸੀ। ਅਲਾਉਦੀਨ ਜੋ ਕਿ ਸਈਅਦਾਂ ਦਾ ਆਖਰੀ ਬਾਦਸ਼ਾਹ ਸੀ ਇਸ ਰਾਜ ਨੂੰ ਨਫਰਤ ਤੇ ਲਾਪਰਵਾਹੀ ਨਾਲ ਛੱਡ ਕੇ ਇਕ ਦੂਰ ਦੇ ਨਗਰ ਬਦੌਣ ਵਿਚ ਆਪਣੇ ਆਖਰੀ ਦਿਨ ਰਾਜਨੀਤਿਕ ਤੇ ਧਾਰਮਿਕ ਸ਼ਾਂਤੀ ਨਾਲ ਬਿਤਾਉਣ ਲਈ ਚਲਾ ਗਿਆ ਸੀ। ਉਹ ਸਮਝਦਾ ਸੀ ਇਹ ਛੋਟਾ ਅਤੇ ਮੁਸੀਬਤਾਂ ਵਾਲਾ ਰਾਜ ਉਸਨੂੰ ਬਦਕਿਸਮਤੀ ਕਰਕੇ ਮਿਲਿਆ ਸੀ। ਉਹ ਦਿੱਲੀ ਤੇ ਉਸ ਦਾ ਰਾਜ ਬਹਿਲੋਲ ਖਾਨ ਲੋਧੀ ਨੂੰ ਸੌਂਪ ਗਿਆ ਜਿਸਦੇ ਵੱਡੇ ਵਡੇਰੇ ਤਜਾਰਤ ਦੁਆਰਾ ਅਮੀਰ ਬਣੇ ਸਨ ਅਤੇ ਜਿਸਦਾ ਦਾਦਾ ਪ੍ਰਸਿੱਧ ਬਾਦਸ਼ਾਹ ਫਿਰੋਜ਼ਸ਼ਾਹ ਤੁੱਗਲਕ ਦੇ ਰਾਜ ਵਿਚ ਮੁਲਤਾਨ ਦਾ ਗਵਰਨਰ ਰਿਹਾ ਸੀ।

ਬਹਿਲੋਲ ਖਾਨ ਲੋਧੀ ਨੇ 1450 ਤੋਂ ਲੈ ਕੇ 1488 ਤੱਕ ਰਾਜ ਕੀਤਾ ਅਤੇ ਉਸਦੇ ਰਾਜ ਦੇ ਤਕਰੀਬਨ ਅੱਧ ਵਿਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਜਨਮ ਲਿਆ।

ਬਹਿਲੋਲ ਖਾਨ ਲੋਧੀ ਦੇ ਤਖ਼ਤ ਤੇ ਬੈਠਣ ਤੋਂ ਬਾਅਦ ਉਸਦੇ ਰਿਸ਼ਤੇਦਾਰ ਦੌਲਤ ਖਾਨ ਨੇ ਪੰਜਾਬ ਵਿਚ ਰਾਜ ਸੱਤਾ ਪ੍ਰਾਪਤ ਕਰ ਲਈ ਅਤੇ ਉਸਨੇ ਆਪਣੇ ਨਿਕਟ ਸੰਬੰਧੀ ਦੀ ਸਰਬਸ੍ਰੇਸ਼ਟ ਰਾਜ ਹੇਠਾਂ ਹਕੂਮਤ ਕੀਤੀ। ਉਹ ਸੁਲਤਾਨਪੁਰ ਦੀ ਜਾਗੀਰ ਵਿਚ ਉਦੋਂ ਤਕ ਰਿਹਾ ਜਦੋਂ ਤਕ ਉਸਨੂੰ ਬਾਬਰ ਨੇ ਹਰਾ ਕੇ ਉਸਦੀ ਜਾਇਦਾਦ ਉਸ ਤੋਂ ਖੋਹ ਨਾ ਲਈ। ਇੰਜ ਜਾਪਦਾ ਹੈ ਕਿ ਪੰਜਾਬ ਦੇ ਮੁਸਲਮਾਨ ਅਮੀਰਾਂ, ਜੋ ਕਿ ਦਿੱਲੀ ਦੇ ਤਖ਼ਤ ਦੇ ਮਾਲਕ ਦੇ ਵਫਾਦਾਰ ਸੇਵਕ ਸਨ, ਕੋਲ ਪਹਿਲੇ ਹੀ ਵੰਡਿਆ ਜਾ ਚੁੱਕਾ ਸੀ। ਇਹਨਾਂ ਹੁਕਮਰਾਨਾਂ ਵਿਚੋਂ ਇਕ ਭੱਟੀ ਜਾਤ ਦਾ ਮੁਸਲਮਾਨ ਰਾਜਪੂਤ, ਜਿਸਦਾ ਨਾਂ ਰਾਏ ਭੋਏ ਸੀ, ਉਹ ਤਲਵੰਡੀ ਦਾ ਜ਼ਿਮੀਦਾਰ ਜਾਂ ਮਾਲਕ ਸੀ। ਉਸਦੀ ਮੌਤ ਤੋਂ ਬਾਅਦ ਉਸਦੀ ਮਲਕੀਅਤ ਉਸਦੇ ਪੁੱਤਰ ਰਾਏ ਬੁਲਾਰ ਨੂੰ ਮਿਲ ਗਈ, ਜਿਸਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਤੇ ਉਹਨਾਂ ਦੇ ਲੜਕਪਨ ਦੇ ਦਿਨਾਂ ਵਿਚ ਤਲਵੰਡੀ ਤੇ ਹਕੂਮਤ ਕੀਤੀ।

ਕਿਹਾ ਜਾਂਦਾ ਹੈ ਤਲਵੰਡੀ ਨੂੰ ਸ਼ੁਰੂ ਵਿਚ ਇਕ ਹਿੰਦੂ ਰਾਜੇ ਰਾਜਾ ਵੈਰਾਟ ਨੇ ਵਸਾਇਆ ਸੀ। ਮੁਸਲਮਾਨਾਂ ਦੇ ਹਮਲਿਆਂ ਦੌਰਾਨ ਹੋਰ ਹਿੰਦੂ ਸ਼ਹਿਰਾਂ ਦੀ ਤਰ੍ਹਾਂ ਇਸ ਨੂੰ ਵੀ ਅੱਗ ਤੇ ਸਬਲ (ਨੇਜ਼ੇ ਵਰਗਾ ਧਾਂਤ ਦਾ ਡੰਡਾ) ਨਾਲ ਤਬਾਹ ਕਰਕੇ ਉਜਾੜ ਦਿੱਤਾ ਗਿਆ ਸੀ। ਰਾਏ ਬੁਲਾਰ ਨੇ ਇਸ ਨੂੰ ਫੇਰ ਤੋਂ ਵਸਾਇਆ ਤੇ ਟਿੱਲੇ ਦੀ ਚੋਟੀ ਤੇ ਕਿਲ੍ਹਾ ਉਸਾਰਿਆ। ਛੋਟੇ ਜਿਹੇ ਪਿੰਡ ਵਿਚ ਥੋੜ੍ਹੇ ਜਿਹੇ ਏਕੜ ਖੇਤੀ-ਬਾੜੀ ਦੀ ਜ਼ਮੀਨ ਤੋਂ ਬਿਨਾਂ, ਕਿਸੇ ਹੱਦ ਤੱਕ, ਜੰਗਲ ਸ਼ਾਮਲ ਸਨ ਤੇ ਉਸਦਾ ਹੁਕਮਰਾਨ ਬੜੀ ਹਿਫਾਜ਼ਤ ਤੇ ਖੁਸ਼ੀ ਨਾਲ ਆਪਣੇ ਕਿਲ੍ਹੇ ਵਿਚ ਰਹਿੰਦਾ ਸੀ।

ਉਹ ਜ਼ਮਾਨਾ ਚਾਹੇ ਧਾਰਮਿਕ ਅਸਹਿਨਸ਼ੀਲਤਾ ਦਾ ਤੇ ਜ਼ੁਲਮ ਦਾ ਸੀ ਪਰ ਰਾਏ ਬੁਲਾਰ ਕੱਟੜ ਪੰਥੀਆਂ ਤੋਂ ਬਿਲਕੁਲ ਉਲਟ ਜਾਪਦਾ ਹੈ। ਉਸ ਦੇ ਪਿਤਾ ਤੇ ਉਹ ਸੁੰਨਤ ਦੀ ਰਸਮ ਦੁਆਰਾ

ਤੇ ਕੁਝ ਅਰਬੀ ਦੇ ਫਿਕਰੇ ਜ਼ਬਰਦਸਤੀ ਬੋਲਣ ਨਾਲ ਜੋ ਕਿ ਉਹ ਠੀਕ ਤਰ੍ਹਾਂ ਸਮਝ ਨਹੀਂ ਸਕਦੇ ਸਨ, ਹਿੰਦੂਆਂ ਤੋਂ ਮੁਸਲਮਾਨ ਹਾਕਮਾਂ ਵਿਚ ਸ਼ਾਮਲ ਹੋਏ ਸਨ (ਉਸ ਦੀ ਔਲਾਦ ਵਿਚੋਂ ਹੁਣ ਵੀ ਉਥੇ ਵਸਦੇ ਹਨ)। ਇਹੋ ਜਿਹੇ ਇਕਾਂਤ ਵਾਲੇ ਵਾਤਾਵਰਨ ਵਿਚ ਰਾਏ ਬੁਲਾਰ ਇਸਲਾਮ ਦੇ ਘੱਟ ਸ਼ਲਾਘਾਯੋਗ ਅਸਰ ਤੋਂ ਪ੍ਰਭਾਵਿਤ ਨਹੀਂ ਹੋ ਸਕਦਾ ਸੀ। ਜਾਪਦਾ ਹੈ ਜੋ ਉਦਾਸੀਨਤਾ ਸਹਿਣਸ਼ੀਲਤਾ ਦਾ ਧੁਰਾ ਹੈ, ਉਸਦੀ ਮੁਸਲਮਾਨੀ ਧਾਰਮਿਕ ਸਿੱਖਿਆ ਵਿਚ ਸ਼ਾਮਲ ਹੋ ਗਈ। ਪਰ ਮਨੁੱਖੀ ਦਿਮਾਗ ਦੀ ਬਣਤਰ ਇਸ ਤਰ੍ਹਾਂ ਦੀ ਹੈ ਕਿ ਮਨੁੱਖ ਦੇ ਸੁਭਾ ਵਿਚ ਧਾਰਮਿਕ ਜਾਂ ਜਜ਼ਬਾਤੀ ਮਨੋਵੇਗ ਇਤਨਾ ਹਾਵੀ ਹੋ ਜਾਂਦਾ ਹੈ ਕਿ ਜ਼ਿਆਦਾਤਰ ਆਦਮੀ ਆਪਣੀ ਜ਼ਿੰਦਗੀ ਦੇ ਕਿਸੇ ਸਮੇਂ ਵਿਚ ਆਕਰਸ਼ਕ ਢੰਗ ਨਾਲ ਧਾਰਮਿਕ ਚਿੰਤਨ ਵਲ ਖਿੱਚੇ ਜਾਂਦੇ ਹਨ। ਇਸ ਸਥਿਤੀ ਵਿਚ ਰਾਏ ਬੁਲਾਰ ਦੀ ਧਰਮ ਲਈ ਦੁੱਖ ਝੱਲਦੇ ਲੋਕਾਂ ਅਤੇ ਪਹਿਲੇ ਛੱਡੇ ਹੋਏ ਧਰਮ ਲਈ ਤਰਫਦਾਰੀ ਉਚਿੱਤ ਸਮਝਣੀ ਚਾਹੀਦੀ ਹੈ। ਤਲਵੰਡੀ ਬਾਹਰਲੀ ਦੁਨੀਆਂ, ਖਾਸ ਕਰਕੇ ਰਾਜਨੀਤਿਕ ਦੁਨੀਆਂ ਦੇ ਉਤਾਰ ਚੜਾ ਜਾਂ ਕਿਸੇ ਜੋਸ਼ ਦਾ ਹਿੱਸਾ ਨਾ ਬਣੀ। ਇਹ ਇਕ ਪੈਗੰਬਰ ਜਾਂ ਧਾਰਮਿਕ ਆਗੂ ਜਿਸਨੇ ਆਪਣੇ ਦੇਸ਼ ਵਾਸੀਆਂ ਨੂੰ ਸੱਚ ਦੇ ਮਾਰਗ ਤੇ ਚਲਾਉਣਾ ਤੇ ਉਹਨਾਂ ਦੇ ਮਨਾਂ ਨੂੰ ਉਸ ਕਾਲ ਦੇ ਵਹਿਮਾਂ ਤੋਂ ਮੁਕਤ ਕਰਾਉਣਾ ਸੀ, ਉਸਦੀ ਸਿਖਿਆ ਲਈ ਇਕ ਯੋਗ ਖੇਤਰ ਬਣੀ। ਰਾਏ ਬੁਲਾਰ ਨੂੰ ਆਪਣੇ ਛੋਟੇ ਜਿਹੇ ਰਾਜ ਵਿਚ ਚਿੰਤਨ ਕਰਨ ਦਾ ਬਹੁਤ ਸਮਾਂ ਸੀ ਅਤੇ ਜਦੋਂ ਉਸਨੇ ਨਾਨਕ ਦੀ ਧਾਰਮਿਕਤਾ ਤੇ ਗਿਆਨ ਬਾਰੇ ਸੁਣਿਆ ਤਾਂ ਉਸਨੂੰ ਕਾਲੂ ਦੇ ਸਿਆਣੇ ਤੇ ਉਮਰ ਤੋਂ ਜ਼ਿਆਦਾ ਸਮਝਦਾਰ ਪੁੱਤਰ ਲਈ ਅਜੀਬ ਸਨੇਹ ਹੋ ਗਿਆ।

ਜਿਸ ਘਰ ਵਿਚ ਗੁਰੂ ਨਾਨਕ ਦੇਵ ਜੀ ਦਾ ਜਨਮ ਹੋਇਆ ਉਹ ਕਿਲ੍ਹੇ ਤੋਂ ਥੋੜ੍ਹੀ ਹੀ ਦੂਰੀ ਤੇ ਸੀ। ਸ਼ਾਇਦ ਰਾਏ ਬੁਲਾਰ ਤੇ ਉਸਦਾ ਪਰਿਵਾਰ ਹੀ ਸਿਰਫ ਪੁਰਾਣੇ ਟਿੱਲੇ ਤੇ ਰਹਿੰਦਾ ਸੀ ਜਦ ਕਿ ਉਸਦੇ ਸਾਰੇ ਮੁਜ਼ਾਰੇ ਤਲਵੰਡੀ ਕਸਬੇ ਦੇ ਮੈਦਾਨ ਵਿਚ ਰਹਿੰਦੇ ਸਨ। ਕਸਬੇ ਦਾ ਪੁਰਾਣਾ ਨਾਂ ਹੁਣ ਨਹੀਂ ਰਿਹਾ ਅਤੇ ਇਸਨੂੰ ਹੁਣ ਉਸ ਧਾਰਮਿਕ ਗੁਰੂ ਜਿਸਨੂੰ ਜਨਮ ਦੇਣ ਦਾ ਸੁਭਾਗ ਇਸਨੂੰ ਮਿਲਿਆ, ਦੀ ਯਾਦ ਵਿਚ, ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਜਦੋਂ ਸਿੱਖ ਧਰਮ ਦੀ ਕਾਫੀ ਪ੍ਰਸਿੱਧੀ ਹੋ ਗਈ ਤਾਂ ਜਿੱਥੇ ਗੁਰੂ ਜੀ ਦਾ ਜਨਮ ਹੋਇਆ ਉਥੇ ਧਰਮਸ਼ਾਲਾ ਉਸਾਰੀ ਗਈ।

ਬਾਅਦ ਵਿਚ ਜਦੋਂ ਸਿੱਖਾਂ ਨੇ ਜ਼ਿਆਦਾ ਤਾਕਤ ਹਾਸਲ ਕਰ ਲਈ ਤੇ ਸਿੱਖ ਰਾਜ ਵੱਧ ਤੋਂ ਵੱਧ ਫੈਲ ਗਿਆ ਤਾਂ ਰਾਜਾ ਤੇਜ ਸਿੰਘ ਨੇ ਇਸ ਨੂੰ ਵੱਡਾ ਕਰਕੇ ਦੁਬਾਰਾ ਉਸਾਰਿਆ। ਗੁਰਦੁਆਰੇ ਦੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਜੋ ਕਿ ਸਿੱਖ ਧਰਮ ਦਾ ਪਾਵਨ ਗ੍ਰੰਥ ਹੈ ਤੇ ਉੱਥੇ ਗ੍ਰੰਥੀ ਬੈਠਾ ਹੁੰਦਾ ਹੈ ਜੋ ਇਸ ਨੂੰ ਲੈਅ ਨਾਲ ਪੜ੍ਹਦਾ ਹੈ। ਧਾਰਮਿਕ ਸਥਾਨ ਦੇ ਬਿਲਕੁਲ ਅੰਦਰ ਕੁਝ ਗੁਰੂ ਜੀ ਦੇ ਛੱਪੇ ਹੋਏ ਸਸਤੇ ਜਿਹੇ ਚਿੱਤਰ ਹਨ ਅਤੇ ਕੀਰਤਨੀਏ ਸਾਰਾ ਦਿਨ ਗੁਰੂ ਜੀ ਦੀ ਪਾਵਨ ਪਵਿੱਤਰ ਬਾਣੀ ਦਾ ਕੀਰਤਨ ਕਰਦੇ ਹਨ।

ਭਾਗ ਸੱਤਵਾਂ

ਅਸੀਂ ਹੁਣ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਸੰਬੰਧੀ ਲਿਖਤਾਂ ਜੋ ਪ੍ਰਚੱਲਿਤ ਹਨ ਤੇ ਵਿਚਾਰ ਕਰਾਂਗੇ ਤੇ ਉਹਨਾਂ ਦੇ ਲਿਖਣ ਵਾਲਿਆਂ ਬਾਰੇ ਸੰਖੇਪ ਵਿਚ ਜਾਣਕਾਰੀ ਦਿਆਂਗੇ।

ਗੁਰੂ ਜੀ ਦੇ ਜੀਵਨ ਬਾਰੇ ਸਭ ਤੋਂ ਪੁਰਾਤਨ ਤੇ ਭਰੋਸੇਯੋਗ ਲਿਖਿਤ ਭਾਈ ਗੁਰਦਾਸ ਜੀ ਦੀ ਹੈ ਜੋ ਕਿ ਸੋਲ੍ਹਵੀਂ ਸਦੀ ਦੇ ਅੰਤ ਤੋਂ ਲੈ ਕੇ ਸਤਾਰ੍ਹਵੀਂ ਸਦੀ ਦੇ ਸ਼ੁਰੂ ਤਕ ਜੀਵਿਤ ਰਹੇ ਤੇ 1629 ਈ. ਵਿਚ ਉਹਨਾਂ ਦਾ ਦੇਹਾਂਤ ਹੋਇਆ।(ਭਾਈ ਕਾਹਨ ਸਿੰਘ ਅਨੁਸਾਰ ਪਾਈ ਗੁਰਦਾਸ ਦਾ ਦਿਹਾਂਤ 1637 ਈ. ਵਿਚ ਹੋਇਆ ਜੋ ਜਿਆਦਾ ਠੀਕ ਜਾਪਦਾ ਹੈ — ਅਨੁਵਾਦਕ) ਉਹ ਪੰਜਵੇਂ ਗੁਰੂ, ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ ਦੇ ਸੱਕੇ ਚਚੇਰੇ ਭਰਾ ਸਨ। ਉਹ ਗੁਰੂ ਅਰਜਨ ਦੇਵ ਜੀ ਦੇ ਲਿਖਾਰੀ ਸਨ। ਉਹਨਾਂ ਨੇ ਸਿੱਖਾਂ ਦੇ ਪਵਿੱਤਰ ਆਦਿ ਗ੍ਰੰਥ[1] ਨੂੰ ਗੁਰੂ ਅਰਜਨ ਦੇਵ ਜੀ ਦੇ ਲਿਖਾਉਣ ਤੇ ਲਿਖਿਆ, ਇਸ ਗ੍ਰੰਥ ਵਿਚ ਪਹਿਲੇ ਪੰਜ ਗੁਰੂਆਂ ਦੇ ਤੇ ਉਹਨਾਂ ਦੇ ਸਮੇਂ ਤੋਂ ਪਹਿਲਾਂ ਦੇ ਸੰਤਾਂ ਦੇ ਸ਼ਬਦ ਸ਼ਾਮਲ ਹਨ। ਫੇਰ ਉਹਨਾਂ ਨੇ ਵਾਰਾਂ ਜਾਂ ਧਾਰਮਿਕ ਕਵਿਤਾਵਾਂ ਲਿਖੀਆਂ, ਇਹ ਕੁੱਲ ਗਿਣਤੀ ਵਿਚ ਚਾਲੀ ਹਨ। ਪਹਿਲੀ ਵਾਰ ਸਿੱਖਾਂ ਦੇ ਬ੍ਰਹਿਮੰਡ ਸਿਧਾਂਤ ਨਾਲ ਸ਼ੁਰੂ ਹੁੰਦੀ ਹੈ ਅਤੇ ਗੁਰੂ ਨਾਨਕ ਦੇਵ ਜੀ ਦੇ ਅਤੇ ਉਹਨਾਂ ਤੋਂ ਬਾਅਦ ਦੇ ਗੁਰੂ ਜੋ ਗੁਰਦਾਸ ਜੀ ਦੀ ਰਚਨਾ ਤੱਕ ਹੋਏ ਹਨ ਉਹਨਾਂ ਦੇ ਸੰਖੇਪ ਜੀਵਨ ਬ੍ਰਿਤਾਂਤ ਨਾਲ ਖਤਮ ਹੁੰਦੀ ਹੈ। ਗੁਰਦਾਸ ਜੀ ਦਾ ਉਦੇਸ਼ ਮੁੱਖ ਤੌਰ ਤੇ ਧਾਰਮਿਕ ਸੀ। ਉਹਨਾਂ ਦੀ ਖੁਸ਼ੀ ਰੱਬ ਦੀ ਵਡਿਆਈ ਦੀ ਉਸਤਤ, ਆਦਮੀ ਦੇ ਛੋਟੇਪਨ ਤੇ ਗੁਰੂ ਦੀ ਪ੍ਰਭੁਤਾ ਦੇ ਗੁਣ ਗਾਉਣ ਵਿਚ ਸੀ। ਵਾਰਾਂ ਤੋਂ ਇਲਾਵਾ ਗੁਰਦਾਸ ਜੀ ਨੇ *ਕਬਿਤ* ਲਿਖੇ ਜਿਨ੍ਹਾਂ ਵਿਚ ਸਿੱਖ ਸਿਧਾਂਤ ਤੇ ਗੁਰੂਆਂ ਦੀ ਪ੍ਰਸ਼ੰਸਾ ਤੇ ਉਪਮਾ ਹੈ।

ਗੁਰੂ ਨਾਨਕ ਦੇਵ ਜੀ ਬਾਰੇ ਜੋ ਕੁਝ ਗੁਰਦਾਸ ਜੀ ਨੇ ਲਿਖਿਆ ਉਸਦੀ ਵਰਤੋਂ ਉਹਨਾਂ ਦੀ ਜੀਵਨੀ ਵਿਚ ਕੀਤੀ ਜਾਵੇਗੀ। ਇਹ ਬਹੁਤ ਅਫਸੋਸ ਦੀ ਗੱਲ ਹੈ ਕਿ ਉਹਨਾਂ ਨੇ ਗੁਰੂ ਜੀ ਦਾ ਪੂਰਾ ਜੀਵਨ ਨਹੀਂ ਲਿਖਿਆ ਜਿਸਦਾ ਵਿਸਥਾਰਪੂਰਵਕ ਵਰਨਣ ਉਸ ਵੇਲੇ ਉਪਲਬਧ ਹੋ ਸਕਦਾ ਸੀ। ਉਹਨਾਂ ਦੀ ਰਚਨਾ ਦੇ ਲਿਖਣ ਦੀ ਤਾਰੀਖ ਨਹੀਂ ਮਿਲਦੀ ਪਰ ਸਭ ਇਸ ਗਲ ਨੂੰ ਮੰਨਦੇ ਹਨ ਕਿ ਇਹ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਲਿਖਿਤ ਹੈ। ਇਸ ਗਲ ਦਾ ਵਿਚਾਰ ਕਰਦੇ ਹੋਏ ਕਿ ਭਾਈ ਗੁਰਦਾਸ ਜੀ ਗੁਰੂ ਅਰਜਨ ਦੇਵ ਜੀ ਕੋਲ ਉਸ ਸਮੇਂ ਪਵਿੱਤਰ ਗ੍ਰੰਥ ਲਈ ਪੁਰਾਣੇ ਖਰੜਿਆਂ ਤੋਂ ਉਤਾਰਾ ਕਰਨ ਦਾ ਕੰਮ ਕਰਦੇ ਸਨ ਜੋ ਕਿ 1604 ਵਿਚ ਸੰਪੂਰਨ ਹੋਇਆ। ਇਸ ਕਰਕੇ ਇਹ ਮੰਨ ਲੈਣਾ ਠੀਕ ਹੈ ਕਿ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ ਗੁਰੂ ਨਾਨਕ ਦੇਵ ਜੀ ਤੋਂ ਸੱਠ (60) ਸਾਲ ਤੋਂ ਬਹੁਤ ਜ਼ਿਆਦਾ ਬਾਅਦ ਦੀਆਂ ਨਹੀਂ ਹਨ, ਜਦੋਂ ਤਕ ਉਹਨਾਂ ਦੇ ਕੁਝ ਸਮਕਾਲੀਨ ਜ਼ਿੰਦਾ ਸਨ ਅਤੇ ਉਹਨਾਂ ਵਿਚ ਘਟੋ-ਘੱਟ ਇਕ ਦੀ ਤਾਂ ਦਿਮਾਗੀ ਸ਼ਕਤੀ ਜ਼ਰੂਰ ਰਹਿ ਗਈ ਹੋਵੇਗੀ।

---

1. ਆਦਿ ਦਾ ਭਾਵ ਹੈ ਮੁੱਢਲਾ ਜਾਂ ਪਹਿਲਾ। ਇਹ ਨਾਂ ਗੁਰੂ ਅਰਜਨ ਦੇਵ ਜੀ ਦੇ ਸਕੰਲਤ ਕੀਤੇ ਗ੍ਰੰਥ ਨੂੰ ਦਿੱਤਾ ਗਿਆ ਹੈ ਤਾਂ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਗ੍ਰੰਥ ਤੋਂ ਨਖੇੜਿਆ ਜਾ ਸਕੇ ਜੋ ਭਾਈ ਮਨੀ ਸਿੰਘ ਨੇ ਸਕੰਲਤ ਕੀਤਾ ਹੈ।

ਉਸ ਵੇਲੇ ਪਿੰਡ ਰਾਮਦਾਸ ਜੋ ਕਿ ਅੰਮ੍ਰਿਤਸਰ ਤੋਂ ਉੱਤਰ ਵੱਲ ਵੀਹ ਮੀਲ ਦੀ ਦੂਰੀ ਤੇ ਹੈ ਇਕ ਭਾਈ ਬੁੱਢਾ ਜੀ[1] ਰਹਿੰਦੇ ਸਨ ਜਿਨ੍ਹਾਂ ਨੇ ਕਰਤਾਰਪੁਰ ਵਿਚ ਗੁਰੂ ਨਾਨਕ ਦੇਵ ਜੀ ਤੋਂ ਸਿੱਖੀ ਧਾਰਨ ਕੀਤੀ ਸੀ ਤੇ ਜੋ ਉਹਨਾਂ ਨਾਲ ਉਹਨਾਂ ਦੀ ਸੇਵਾ ਲਈ ਕਈ ਯਾਤਰਾਵਾਂ ਦੌਰਾਨ ਨਾਲ ਜਾਇਆ ਕਰਦੇ ਸਨ। ਇਹ ਆਪਣੀ ਉਮਰ ਦੀ ਭਰ ਜੁਆਨੀ ਦੀ ਅਵਸਥਾ ਵਿਚ ਸਨ ਜਦੋਂ ਭਾਈ ਗੁਰਦਾਸ ਜੀ ਗੁਰੂ ਅਰਜਨ ਦੇਵ ਜੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਿਆ ਕਰਦੇ ਸਨ ਤੇ ਗੁਰੂ ਜੀ ਨੇ ਭਾਈ ਬੁੱਢਾ ਜੀ ਨੂੰ ਅੰਮ੍ਰਿਤਸਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਗ੍ਰੰਥੀ ਨਿਯੁਕਤ ਕੀਤਾ। ਭਾਈ ਬੁੱਢਾ ਜੀ ਬਾਅਦ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਗੁਰਿਆਈ ਵੇਲੇ ਵੀ ਰਹੇ ਅਤੇ ਇਕ ਸੌ ਸੱਤ (107) ਸਾਲਾਂ ਦੀ ਵਡੇਰੀ ਉਮਰ ਵਿਚ ਸਵਰਗਵਾਸ ਹੋਏ। ਉਹਨਾਂ ਨੂੰ ਇਤਨਾ ਮਾਣ ਦਿੱਤਾ ਗਿਆ ਕਿ ਆਪਣੇ ਸਮੇਂ ਵਿਚ ਹੋਏ ਸਾਰੇ ਗੁਰੂਆਂ ਦੇ ਮੱਥੇ ਤੇ ਗੁਰਿਆਈ ਦਾ ਤਿਲਕ ਲਗਾਉਣ ਲਈ ਵਿਸ਼ੇਸ਼ ਤੌਰ ਤੇ ਨਿਯੁਕਤ ਕੀਤਾ ਗਿਆ ਅਤੇ ਉਹਨਾਂ ਦੀ ਵੰਸ਼ ਨੂੰ ਵੀ ਇਹੀ ਮਾਣ ਪ੍ਰਦਾਨ ਕੀਤਾ ਗਿਆ ਜਦੋਂ ਤਕ ਗੁਰਿਆਈ ਦੇ ਅਸਲੀ ਅਧਿਕਾਰੀਆਂ ਦੀ ਪਹਿਚਾਣ ਇਸ ਤਰ੍ਹਾਂ ਹੁੰਦੀ ਰਹੀ। ਪਰ ਉਹਨਾਂ ਨੇ ਆਪਣੇ ਧਰਮ ਦੇ ਬਾਨੀ ਦੀਆਂ ਕੋਈ ਯਾਦ ਲਿਖਤਾਂ ਨਹੀਂ ਛੱਡੀਆਂ।

ਭਾਈ ਮਨੀ ਸਿੰਘ ਮਾਲਵੇ ਦੇ ਕੈਂਬੋਵਾਲ ਪਿੰਡ ਦੇ ਰਹਿਣ ਵਾਲੇ ਬੀਕਾ ਦੇ ਪੰਜਾ ਪੁੱਤਰਾਂ ਵਿਚੋਂ ਸਭ ਤੋਂ ਛੋਟੇ ਪੁੱਤਰ ਸਨ ਜੋ ਹਿੰਦੂ ਜੱਟਾਂ ਦੀ ਦੁਲਤ ਜਾਤ ਦੇ ਸਨ। ਕੈਂਬੋਵਾਲ ਪਿੰਡ ਦੀ ਥੇਹ ਲੌਂਗੋਵਾਲ ਪਿੰਡ ਦੇ ਨੇੜੇ ਵੇਖੀ ਜਾ ਸਕਦੀ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਪ੍ਰਚਾਰ ਦੇ ਉਦੇਸ਼ ਨਾਲ ਕੁਰੁਕਸ਼ੇਤਰ ਦੀ ਯਾਤਰਾ ਤੇ ਗਏ ਤਾਂ ਬੀਕਾ ਆਪਣੇ ਪੁੱਤਰ ਮਨੀ ਨਾਲ ਇਕ ਜਗ੍ਹਾ ਜੋ ਅਕੋਏ ਕਰਕੇ ਹੈ ਉਥੇ ਉਹਨਾਂ ਦੇ ਦਰਸ਼ਨ ਕਰਨ ਤੇ ਮੱਥਾ ਟੇਕਣ ਗਿਆ। ਬੀਕਾ ਕੁਝ ਸਮੇਂ ਬਾਅਦ ਆਪਣੇ ਪੁੱਤਰ ਨੂੰ ਗੁਰੂ ਜੀ ਕੋਲ ਛੱਡ ਕੇ ਵਾਪਸ ਘਰ ਆ ਗਿਆ। ਇਕ ਦਿਨ ਗੁਰੂ ਜੀ ਨੇ ਮਨੀ ਨੂੰ ਸਿੱਖਾਂ ਦੇ ਜੂਠੇ ਭਾਂਡੇ ਸਾਫ ਕਰਨ ਲਈ ਕਿਹਾ ਅਤੇ ਪ੍ਰੇਰਨਾ ਦੇਣ ਵਜੋਂ ਕਿਹਾ ਕਿ ਜਿਸ ਤਰ੍ਹਾਂ ਸਾਫ ਕਰਨ ਤੋਂ ਬਾਅਦ ਭਾਂਡੇ ਚਮਕਦੇ ਹਨ ਉਸੇ ਤਰ੍ਹਾਂ ਹੀ ਉਸਦੀ ਬੁੱਧੀ ਚਮਕ ਜਾਏਗੀ। ਮਨੀ ਨੇ ਬੜੀ ਨਿਮਰਤਾ ਤੇ ਸ਼ਰਧਾ ਨਾਲ ਭਾਂਡੇ ਮਾਂਜੇ ਤੇ ਗੁਰੂ ਜੀ ਕੋਲੋਂ ਅੰਮ੍ਰਿਤ ਛਕਣ ਦੀ ਦਾਤ ਇਸਦੇ ਫਲ ਵਜੋਂ ਪ੍ਰਾਪਤ ਕੀਤੀ। ਉਹ ਸਾਰੀ ਉਮਰ ਬ੍ਰਹਮਚਾਰੀ ਰਹੇ ਤੇ ਆਪਣੀ ਜ਼ਿੰਦਗੀ ਗੁਰੂ ਜੀ ਦੀ ਸੇਵਾ ਵਿਚ ਅਰਪਨ ਕਰ ਦਿੱਤੀ।

ਜਦੋਂ ਦਸਵੇਂ ਗੁਰੂ ਨੇ ਭਾਰਤ ਦੇ ਦੱਖਣ ਵਿਚ ਜਾਣਾ ਜ਼ਰੂਰੀ ਸਮਝਿਆ ਤਾਂ ਦੂਸਰਿਆਂ ਨਾਲ ਉਹ ਭਾਈ ਮਨੀ ਸਿੰਘ ਨੂੰ ਆਪਣੇ ਨਾਲ ਲੈ ਗਏ। ਨੰਦੇੜ ਜਾਂ ਅਬਚਲ ਨਗਰ, ਜਿਸ ਤਰ੍ਹਾਂ

---

1. ਭਾਈ ਬੁੱਢਾ ਜੀ ਦਾ ਅਸਲ ਨਾਂ ਇਹ ਸੀ, ਉਸ ਦੇ ਨਾਂ ਤੇ ਪਿੰਡ ਦਾ ਨਾਂ ਪੈ ਗਿਆ। ਭਾਈ ਬੁੱਢਾ ਗੁਰੂ ਨਾ[illegible] ਦਿੱਤਾ ਨਾਂ ਸੀ। ਭਾਈ ਦਾ ਭਾਵ ਭਰਾ ਹੈ। ਗੁਰੂ ਨਾਨਕ ਜੋ ਜਾਤ-ਪਾਤ ਦੇ ਵਿਰੁੱਧ ਸਨ ਤੇ ਮਨੁੱਖ ਦੇ [illegible]ਰਾਂਵਾਦ ਦੇ ਸਿਧਾਂਤ ਦਾ ਪ੍ਰਚਾਰ ਕਰਦੇ ਸਨ ਤੇ ਚਾਹੁੰਦੇ ਸਨ ਕਿ ਉਹਨਾਂ ਦੇ ਅਨੁਯਾਈ ਭਰਾ ਭਰਾ ਸਮਝੇ ਜਾਣ। ਇਸ ਕਰਕੇ ਉਹ ਉਹਨਾਂ ਨੂੰ ਭਾਈ ਕਹਿੰਦੇ ਸਨ। ਅੱਜ ਕੱਲ੍ਹ ਭਾਈ ਸ਼ਬਦ ਗ੍ਰੰਥੀ ਲਈ ਵਰਤਿਆ ਜਾਂਦਾ ਹੈ ਜਾਂ ਉਸ ਨੂੰ ਭਾਈ ਕਹਿੰਦੇ ਹਨ ਜਿਸ ਨੇ ਸਿੱਖਾਂ ਦੇ ਪਵਿੱਤਰ ਗ੍ਰੰਥਾਂ ਦਾ ਵਿਸ਼ੇਸ਼ ਅਧਿਐਨ ਕੀਤਾ ਹੋਵੇ।

ਕਿ ਸਿੱਖ ਹੁਣ ਇਸ ਨੂੰ ਬੁਲਾਉਂਦੇ ਹਨ, ਵਿਚ ਗੁਰੂ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜਿਸ ਦਾ ਮਤਲਬ *ਸਭ ਤੋਂ ਵਧੀਆ ਗ੍ਰੰਥ ਹੈ* ਦੀ ਗੂੜ੍ਹ ਭਾਸ਼ਾ ਦੀ ਵਿਆਖਿਆ ਆਪਣੇ ਸਿੱਖਾਂ ਨੂੰ ਕਰਕੇ ਸੁਣਾਉਂਦੇ ਤੇ ਉਹਨਾਂ ਵਿਚੋਂ ਭਾਈ ਮਨੀ ਸਿੰਘ ਬਹੁਤ ਉਤਸ਼ਾਹਪੂਰਵਕ ਸੁਣਿਆ ਕਰਦੇ ਸਨ।

ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਭਾਈ ਮਨੀ ਸਿੰਘ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਗ੍ਰੰਥੀ ਦੇ ਤੌਰ ਤੇ ਰਹੇ।[1] ਸਿੱਖਾਂ ਨੇ ਉਹਨਾਂ ਨੂੰ ਅੰਮ੍ਰਿਤਸਰ ਵਿਚ ਰਹਿੰਦਿਆਂ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਲਿਖਣ ਦਾ ਕੰਮ ਸੌਂਪਿਆ। ਉਹਨਾਂ ਦਾ ਖਿਆਲ ਸੀ ਕਿ ਮੀਣਿਆਂ ਜਾਂ ਪ੍ਰਿਥੀ ਚੰਦ ਨੂੰ ਮੰਨਣ ਵਾਲਿਆਂ ਨੇ ਗੁਰੂ ਜੀ ਦੀ ਜੀਵਨੀ ਵਿਚ ਕਈ ਗ਼ਲਤ ਗੱਲਾਂ ਮਿਲਾ ਦਿੱਤੀਆਂ ਸਨ ਅਤੇ ਇਸ ਕਰਕੇ ਪੱਕੇ ਸਿੱਖਾਂ ਦੇ ਮਨਾਂ ਵਿਚ ਕਈ ਸ਼ੰਕੇ ਪੈਦਾ ਹੋ ਗਏ ਸਨ। ਇਸ ਕਰਕੇ ਉਹਨਾਂ ਨੇ ਭਾਈ ਮਨੀ ਸਿੰਘ ਨੂੰ ਅਸਲੀਅਤ ਨੂੰ ਝੂਠ ਤੋਂ ਵੱਖ ਕਰਕੇ ਆਪਣੇ ਧਰਮ ਦੇ ਬਾਨੀ ਦੀ ਭਰੋਸੇਯੋਗ ਜੀਵਨੀ ਲਿਖਣ ਨੂੰ ਕਿਹਾ। ਉਹਨਾਂ ਨੇ ਇਸੇ ਤਰ੍ਹਾਂ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਵਿਆਖਿਆ ਕਰਕੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖੀ। ਇਸਨੂੰ ਗਿਆਨ ਰਤਨਾਵਲੀ ਕਿਹਾ ਜਾਂਦਾ ਹੈ। ਭਾਈ ਮਨੀ ਸਿੰਘ ਨੇ ਇਕ ਹੋਰ ਰਚਨਾ, ਭਗਤ ਰਤਨਾਵਲੀ ਲਿਖੀ, ਜੋ ਕਿ ਭਾਈ ਗੁਰਦਾਸ ਦੀ ਗਿਆਰ੍ਹਵੀਂ ਵਾਰ ਦਾ ਵਿਸਥਾਰ ਹੈ ਤੇ ਜਿਸ ਵਿਚ ਗੁਰੂ ਹਰਿ ਗੋਬਿੰਦ ਸਾਹਿਬ ਤਕ ਦੇ ਪ੍ਰਸਿੱਧ ਸਿੱਖਾਂ ਦੇ ਨਾਮਾਂ ਦੀ ਸੂਚੀ ਸ਼ਾਮਲ ਹੈ। ਭਾਈ ਮਨੀ ਸਿੰਘ ਤੋਂ ਬਾਅਦ ਨਕਲ ਕਰਨ ਵਾਲਿਆਂ ਨੇ ਉਹਨਾਂ ਦੀਆਂ ਰਚਨਾਵਾਂ ਵਿਚ ਹੋਰ ਬੜੇ ਹਿੰਦੂ ਵਿਚਾਰ ਘਸੋੜ ਦਿੱਤੇ ਹਨ।

ਆਦਿ ਗ੍ਰੰਥ ਦੇ ਸ਼ਬਦ ਰਾਗਾਂ ਜਿਨ੍ਹਾਂ ਵਿਚ ਉਹਨਾਂ ਨੂੰ ਗਾਇਆ ਜਾਣਾ ਚਾਹੀਦਾ ਹੈ ਅਨੁਸਾਰ ਕ੍ਰਮਬੱਧ ਕੀਤੇ ਗਏ ਹਨ। ਭਾਈ ਮਨੀ ਸਿੰਘ ਨੇ ਹਰ ਸੁਰ ਦੇ ਸ਼ਬਦਾਂ ਨੂੰ ਵੱਖਰਾ-ਵੱਖਰਾ ਇਕੱਤਰ ਕਰਨਾ ਜ਼ਿਆਦਾ ਠੀਕ ਤੇ ਸੌਖਾ ਸਮਝਿਆ। ਇਸ ਕਰਕੇ ਉਸ ਨੇ ਗ੍ਰੰਥ ਸਾਹਿਬ ਦੀ ਤਰਤੀਬ ਨੂੰ ਬਦਲ ਦਿੱਤਾ, ਜਿਸ ਲਈ ਸਿੱਖਾਂ ਉਸ ਦੀ ਮੁਲਾਮਤ ਕੀਤੀ। ਉਸਨੇ ਇਸ ਗੱਲ ਦੀ ਮੁਆਫੀ ਮੰਗੀ ਅਤੇ ਬਾਅਦ ਵਿਚ ਸਿੱਖਾਂ ਨੇ ਉਸਨੂੰ ਮੁਆਫ ਕਰ ਦਿੱਤਾ।

1738 ਈ. ਵਿਚ ਭਾਈ ਮਨੀ ਸਿੰਘ ਨੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਕੋਲੋਂ ਅੰਮ੍ਰਿਤਸਰ ਵਿਚ ਦਿਵਾਲੀ ਮਨਾਉਣ ਦੀ ਆਗਿਆ ਮੰਗੀ। ਸੂਬੇਦਾਰ ਨੇ ਇਸ ਸ਼ਰਤ ਤੇ ਇਜ਼ਾਜਤ ਦਿੱਤੀ ਕਿ ਹਰ ਸਿੱਖ ਜੋ ਇਸ ਤਿਉਹਾਰ ਤੇ ਆਏਗਾ ਉਸ ਦਾ ਟੈਕਸ ਭਾਈ ਮਨੀ ਸਿੰਘ ਭਰੇਗਾ। ਭਾਈ ਮਨੀ ਸਿੰਘ ਨੇ ਇਹ ਸ਼ਰਤ ਮੰਨ ਲਈ ਅਤੇ ਸਿੱਖਾਂ ਨੂੰ ਇਸ ਵਿਸ਼ੇਸ਼ ਇਕੱਠ ਤੇ ਸ਼ਾਮਲ ਹੋਣ ਲਈ ਫਿਰਤੂ ਚਿੱਠੀਆਂ ਭੇਜ ਦਿੱਤੀਆਂ। ਸੂਬੇਦਾਰ ਨੇ ਸਿੱਖਾਂ ਦੀ ਆਵਾਜਾਈ ਤੇ ਨਿਗਰਾਨੀ ਰੱਖਣ ਲਈ ਸੈਨਿਕ ਜੱਥੇ ਭੇਜ ਦਿੱਤੇ ਪਰ ਸਿੱਖਾਂ ਨੂੰ ਉਹਨਾਂ ਦੀ ਨੀਯਤ ਤੇ ਸ਼ੱਕ ਹੋ ਗਿਆ ਤੇ ਉਹ ਵਾਪਸ ਚਲੇ ਗਏ। ਨਤੀਜਾ ਇਹ ਹੋਇਆ ਕਿ ਭਾਈ ਮਨੀ ਸਿੰਘ ਨਿਰਧਾਰਿਤ ਕਰ ਅਦਾ ਨਾ ਕਰ ਸਕਿਆ। ਇਸ ਕਰਕੇ ਉਸਨੂੰ ਲਾਹੌਰ ਸਜਾ ਲਈ ਲੈ ਜਾਇਆ ਗਿਆ। ਜ਼ਕਰੀਆ ਖਾਨ ਨੇ

1. ਪੰਥ ਪ੍ਰਕਾਸ਼, ਭਾਈ ਮਨੀ ਸਿੰਘ ।

ਆਪਣੇ ਕਾਜ਼ੀ ਕੋਲੋਂ ਪੁੱਛਿਆ ਕਿ ਸਜਾ ਕੀ ਹੋਣੀ ਚਾਹੀਦੀ ਹੈ। ਕਾਜ਼ੀ ਨੇ ਜਵਾਬ ਵਿਚ ਕਿਹਾ ਕਿ ਮਨੀ ਸਿੰਘ ਜਾਂ ਤਾਂ ਇਸਲਾਮ ਕਬੂਲ ਕਰੇ ਨਹੀਂ ਤਾਂ ਆਪਣੇ ਸਰੀਰ ਦੇ ਪੁਰਜ਼ੇ-ਪੁਰਜ਼ੇ ਕਰਵਾਏ। ਭਾਈ ਮਨੀ ਸਿੰਘ ਨੇ ਬਹੁਤ ਬਹਾਦਰੀ ਨਾਲ ਦੂਸਰੀ ਗੱਲ ਮੰਨਣੀ ਪਰਵਾਨ ਕਰ ਲਈ। ਕਹਿਣ ਵਜੋਂ ਇਹ ਬੇਰਹਿਮ ਸਜਾ ਭਾਈ ਮਨੀ ਸਿੰਘ ਨੂੰ ਸੂਬੇਦਾਰ ਨੇ ਸਿਰਫ ਟੈਕਸ ਅਦਾ ਨਾ ਕਰ ਸਕਣ ਲਈ ਦਿੱਤੀ ਸੀ ਪਰ ਅਸਲ ਵਿਚ ਇਹ ਸਜਾ ਸਿੱਖ ਧਰਮ ਦੀ ਬਰਕਰਾਰੀ ਲਈ ਉਸਦੀ ਧਾਰਮਿਕ ਤੇ ਵਿਦਵਾਨ ਸ਼ਖ਼ਸੀਅਤ ਦੇ ਪ੍ਰਭਾਵ ਦੇ ਕਾਰਨ ਸੀ। ਭਾਈ ਮਨੀ ਸਿੰਘ ਨੇ ਆਪਣੀ ਮੌਤ ਦੀ ਸਜਾ ਬਿਨਾਂ ਕਿਸੇ ਦਰਦ ਦੇ ਪ੍ਰਗਟਾਅ ਕੀਤਿਆਂ ਝੱਲੀ। ਉਸਨੇ ਆਪਣੇ ਅੰਤਿਮ ਸਵਾਸਾਂ ਤਕ ਗੁਰੂ ਨਾਨਕ ਦੇਵ ਜੀ ਦੀ ਜਪੁਜੀ ਸਾਹਿਬ ਤੇ ਗੁਰੂ ਅਰਜਨ ਦੇਵ ਜੀ ਦੀ ਸੁਖਮਨੀ ਸਾਹਿਬ ਦਾ ਪਾਠ ਕੀਤਾ।

ਭਾਈ ਸੰਤੋਖ ਸਿੰਘ ਜੋ ਕਿ ਭਾਈ ਦੇਵਾ ਸਿੰਘ ਦੇ ਪੁੱਤਰ ਸਨ ਅੰਮ੍ਰਿਤਸਰ ਵਿਚ 1788 ਈ. ਵਿਚ ਪੈਦਾ ਹੋਏ। ਉਹਨਾਂ ਨੇ ਆਪਣੀ ਧਾਰਮਿਕ ਸਿੱਖਿਆ, ਸਿੱਖ ਧਰਮ ਵਿਚ, ਭਾਈ ਸੰਤ ਸਿੰਘ ਕੋਲੋਂ ਆਪਣੇ ਹੀ ਸ਼ਹਿਰ ਵਿਚ ਲਈ ਤੇ ਹਿੰਦੂ ਧਰਮ ਦੀ ਸਿੱਖਿਆ ਇਕ ਪੰਡਿਤ ਕੋਲੋਂ ਪਿੰਡ ਕੌਲ, ਜ਼ਿਲ੍ਹਾ ਕਰਨਾਲ ਤੋਂ ਲਈ। ਉਹਨਾਂ ਨੂੰ ਪੰਜਾਬ ਦੇ ਅੰਬਾਲੇ (ਅੱਜ ਕੱਲ੍ਹ ਅੰਬਾਲਾ ਹਰਿਆਣੇ ਵਿਚ ਹੈ) ਜ਼ਿਲ੍ਹੇ ਦੇ ਨਗਰ ਬੂੜੀਆ ਦੇ ਸਰਦਾਰ ਮੇਘ ਸਿੰਘ ਦੀ ਸਰਪ੍ਰਸਤੀ ਮਿਲੀ ਤੇ ਉਹਨਾਂ ਦੀ ਛਤਰ-ਛਾਇਆ ਹੇਠ ਭਾਈ ਸੰਤੋਖ ਸਿੰਘ ਨੇ ਸੰਸਕ੍ਰਿਤ ਤੋਂ ਉਲਥਾ ਕਰਕੇ ਆਪਣੀ ਰਚਨਾ *ਅਮਰ ਕੋਸ਼* ਲਿਖੀ। 1823 ਈ. ਵਿਚ ਉਹਨਾਂ ਨੇ *ਨਾਨਕ ਪ੍ਰਕਾਸ਼* ਲਿਖਿਆ ਜਿਸ ਵਿਚ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਤੇ ਉਹਨਾਂ ਦੀਆਂ ਸਿੱਖਿਆਵਾਂ ਦੀ ਵਿਆਖਿਆ ਕੀਤੀ।

ਇਸ ਤੋਂ ਬਾਅਦ ਭਾਈ ਸੰਤੋਖ ਸਿੰਘ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਦੀ ਨੌਕਰੀ ਵਿਚ ਚਲੇ ਗਏ। 1825 ਈ. ਵਿਚ ਕੈਥਲ ਦੇ ਭਾਈ ਉਦੈ ਸਿੰਘ ਨੇ ਮਹਾਰਾਜੇ ਕੋਲੋਂ ਉਹਨਾਂ ਨੂੰ ਆਪਣੀ ਨੌਕਰੀ ਵਿਚ ਲੈ ਲਿਆ। ਭਾਈ ਸੰਤੋਖ ਸਿੰਘ ਨੇ ਕੈਥਲ ਵਿਚ ਬ੍ਰਾਹਮਣਾਂ ਦੀ ਮਦਦ ਨਾਲ, ਜੋ ਭਾਈ ਉਦੈ ਸਿੰਘ ਨੇ ਉਹਨਾਂ ਦੀ ਮਦਦ ਲਈ ਨਿਯੁਕਤ ਕੀਤੇ ਸਨ, ਕਈ ਸੰਸਕ੍ਰਿਤ ਦੀਆਂ ਰਚਨਾਵਾਂ ਦਾ ਉਲਥਾ ਕੀਤਾ। ਫੇਰ ਉਹਨਾਂ ਨੇ ਬਾਕੀ ਗੁਰੂਆਂ ਦੀਆਂ ਜੀਵਨੀਆਂ ਲਿਖਣੀਆਂ ਸ਼ੁਰੂ ਕੀਤੀਆਂ ਅਤੇ ਇਹ ਕੰਮ ਉਹਨਾਂ ਨੇ 1843 ਈ. ਦੇ ਬਰਸਾਤ ਦੇ ਦਿਨਾਂ ਵਿਚ ਖਤਮ ਕੀਤਾ। ਇਸ ਦਾ ਨਾਂ "ਗੁਰ ਪ੍ਰਤਾਪ ਸੂਰਜ" ਹੈ ਅਤੇ ਆਮ ਕਰਕੇ ਇਸ ਨੂੰ "ਸੂਰਜ ਪ੍ਰਕਾਸ਼" ਕਿਹਾ ਜਾਂਦਾ ਹੈ ਜੋ ਛੇ ਵੱਡੀਆਂ ਪੁਸਤਕਾਂ ਦੀ ਸ਼ਕਲ ਵਿਚ ਹੈ। ਦੂਸਰੇ ਤੋਂ ਨੌਵੇਂ ਗੁਰੂ ਤਕ ਗੁਰੂਆਂ ਦੀਆਂ ਜੀਵਨੀਆਂ ਨੂੰ ਬਾਰਾਂ ਖੰਡਾਂ (*ਰਾਸਾਂ*) ਵਿਚ ਵੰਡਿਆ ਹੈ ਜਿਸ ਤਰ੍ਹਾਂ ਸਾਲ ਦੇ ਬਾਰਾਂ ਮਹੀਨੇ ਹੁੰਦੇ ਹਨ। ਦਸਵੇਂ ਗੁਰੂ ਜੀ ਦੀ ਜੀਵਨੀ ਛੇ *ਰੁੱਤਾਂ* ਜਾਂ ਹਿੱਸਿਆਂ ਵਿਚ ਲਿਖੀ ਗਈ ਹੈ। ਸਾਰੀ ਰਚਨਾ ਛੰਦਾਂ ਵਿਚ ਲਿਖੀ ਗਈ ਹੈ ਤੇ ਮੁਸ਼ਕਲ ਹਿੰਦੀ ਵਿਚ ਹੈ ਜਿਸ ਵਿਚ ਜ਼ਿਆਦਾਤਰ ਸੰਸਕ੍ਰਿਤ ਦੇ ਸ਼ਬਦ ਮਿਲੇ ਹੋਏ ਹਨ। ਭਾਈ ਸੰਤੋਖ ਸਿੰਘ ਦੀਆਂ ਹੋਰ ਰਚਨਾਵਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਜਪੁਜੀ ਦੇ ਸ਼ਬਦਾਰਥ ਤੇ ਸੰਸਕ੍ਰਿਤ ਰਚਨਾਵਾਂ ਵਿਚ *ਆਤਮ ਪੂਰਨ* ਤੇ ਬਾਲਮੀਕ ਦੀ *ਰਮਾਇਣ* ਸ਼ਾਮਲ ਹਨ।

ਭ਼ਾਈ ਰਾਮ ਕੰਵਰ ਜੋ ਭਾਈ ਬੁੱਢਾ ਦੀ ਅੰਸ਼ ਵਿਚੋਂ ਸੀ, ਉਸ ਤੇ ਖਾਸ ਕ੍ਰਿਪਾ ਹੋਈ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਅਤੇ ਉਸ ਸਮੇਂ ਉਸ ਨੂੰ ਭਾਈ ਗੁਰਬਖਸ਼ ਸਿੰਘ ਦਾ ਨਾਂ ਬਖਸ਼ਿਆ।[1] ਭਾਈ ਗੁਰਬਖਸ਼ ਸਿੰਘ ਆਖਰੀ ਤੇ ਦਸਵੇਂ ਗੁਰੂ ਸਾਹਿਬਾਨ ਤੋਂ ਬਾਅਦ ਪੰਝੀ ਵਰ੍ਹੇ ਜੀਵਿਆ ਤੇ ਉਸਨੇ ਆਪਣਾ ਇਤਿਹਾਸ ਭਾਈ ਸਾਹਿਬ ਸਿੰਘ ਨੂੰ ਲਿਖਵਾਇਆ। ਭਾਈ ਸਾਹਿਬ ਸਿੰਘ ਦੀਆਂ ਰਚਨਾਵਾਂ ਜੋ ਹੁਣ ਨਹੀਂ ਹਨ ਪਰ ਕਿਹਾ ਜਾਂਦਾ ਹੈ ਕਿ ਭਾਈ ਸੰਤੋਖ ਸਿੰਘ ਨੇ ਉਹਨਾਂ ਦਾ ਲਾਭ ਪ੍ਰਾਪਤ ਕੀਤਾ ਹੈ। ਇਸ ਦਾ ਸ਼ਕ ਹੈ ਕਿ ਭਾਈ ਸੰਤੋਖ ਸਿੰਘ ਨੂੰ ਕੋਈ ਭਰੋਸੇਯੋਗ ਪ੍ਰਮਾਣ ਮਿਲੇ ਹੋਣ ਕਿ ਨਹੀਂ। ਉਸਦੀ ਮੁੱਢਲੀ ਪੜ੍ਹਾਈ ਤੇ ਵਾਤਾਵਰਨ ਤੋਂ ਉਹ ਜ਼ਿਆਦਾ ਤੌਰ ਤੇ ਹਿੰਦੂ ਭਾਵਨਾ ਨਾਲ ਰੰਗਿਆ ਹੋਇਆ ਸੀ। ਉਹ ਬਿਨਾਂ ਕਿਸੇ ਸ਼ਕ ਤੋਂ ਇਕ ਕਵੀ ਸੀ ਅਤੇ ਉਸਦੀ ਕਲਪਨਾ ਜ਼ਿਆਦਾਤਰ ਭੰਗ ਤੇ ਹੋਰ ਨਸ਼ਿਆਂ ਦੇ ਸੇਵਣ ਨਾਲ ਉਜਾਗਰ ਹੁੰਦੀ ਸੀ, ਜਿਨ੍ਹਾਂ ਨੂੰ ਉਹ ਆਮ ਵਰਤਦਾ ਸੀ। ਇਸਦਾ ਨਤੀਜਾ ਇਹ ਹੋਇਆ ਕਿ ਉਸਨੇ ਕਈ ਕਹਾਣੀਆਂ ਘੜੀਆਂ ਜੋ ਗੁਰੂਆਂ ਤੇ ਉਹਨਾਂ ਦੇ ਧਰਮ ਬਾਰੇ ਅਪਮਾਨਜਨਕ ਸਨ। ਉਸ ਦੀਆਂ ਕਈ ਕਹਾਣੀਆਂ ਪ੍ਰਬੀਨਤਾ ਤੇ ਸ਼ਕਤੀ ਨੂੰ ਵਧਾ ਚੜ੍ਹਾ ਕੇ ਲਿਖਣ ਕਰਕੇ ਚੰਗਾ ਤੇ ਮਾੜਾ ਦੋਵੇਂ ਪ੍ਰਭਾਵ ਦਿੰਦੀਆਂ ਹਨ ਜੋ ਕਿ ਲੁੱਟ-ਮਾਰ ਦੇ ਸਮੇਂ ਦਾ ਪ੍ਰਭਾਵ ਹੈ ਜਿਸ ਵਿਚ ਉਹ ਰਹਿੰਦਾ ਸੀ। ਉਸ ਦੀਆਂ ਕਹੀਆਂ ਹੋਈਆਂ ਗੱਲਾਂ ਇਸ ਕਰਕੇ ਅਕਸਰ ਇਤਿਹਾਸ ਤਕ ਪਹੁੰਚਦੀਆਂ ਵੀ ਨਹੀਂ ਮੰਨੀਆਂ ਜਾ ਸਕਦੀਆਂ।

ਅਸੀਂ ਹੁਣ *ਜਨਮ ਸਾਖੀਆਂ* ਦੀ ਵਿਚਾਰ ਕਰਾਂਗੇ ਜੋ ਕਿ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਗਾਥਾਵਾਂ ਕਹੀਆਂ ਜਾਂਦੀਆਂ ਹਨ। ਇਹ ਰਚਨਾਵਾਂ ਜ਼ਰੂਰੀ ਤੌਰ ਤੇ ਵੱਖਰੇ-ਵੱਖਰੇ ਸਮੇਂ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਲਿਖੀਆਂ ਗਈਆਂ ਅਤੇ ਗੁਰੂ ਜੀ ਦੇ ਜੀਵਨ ਦਾ ਵੱਖਰਾ-ਵੱਖਰਾ ਅਤੇ ਵਿਰੋਧੀ ਵਿਸਥਾਰ ਦਸਦੀਆਂ ਹਨ। ਇਹਨਾਂ ਸਾਰੀਆਂ ਰਚਨਾਵਾਂ ਵਿਚ ਕਰਾਮਾਤਾਂ ਤੇ ਪਰਾ-ਭੌਤਿਕ ਗੱਲਾਂ ਬਾਤਾਂ ਨੂੰ ਬਿਆਨ ਕੀਤਾ ਗਿਆ ਹੈ। ਜਨਮ ਸਾਖੀਆਂ ਦਾ ਪ੍ਰਸ਼ਨ ਅਤਿਅੰਤ ਜ਼ਰੂਰੀ ਹੈ ਕਿ ਕਿਸ ਹੱਦ ਤਕ ਭਗਤੀ ਭਾਵ ਦੀਆਂ ਕਹਾਣੀਆਂ ਧਾਰਮਿਕ ਸਿੱਖਿਆ ਦਾਤਿਆਂ[2] ਦੇ ਜੀਵਨੀਆਂ ਦਾ ਮਨ-ਘੜਤ ਵਿਸਥਾਰ ਦੇਣਾ

1. ਭਾਈ ਗੁਰਬਖਸ਼ ਸਿੰਘ ਦੀ ਬੰਸਾਵਲੀ ਇਸ ਤਰ੍ਹਾਂ ਹੈ :
ਭਾਈ ਬੁੱਢਾ ਜੋ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਗੁਰੂ ਹਰ ਗੋਬਿੰਦ ਜੀ ਦੇ ਸਮੇਂ ਤੱਕ ਜੀਵਿਤ ਰਹੇ ਦਾ ਪੁੱਤਰ ਭਾਨਾ ਹੋਇਆ ਹੈ ਭਾਨੇ ਦਾ ਪੁੱਤਰ ਸਰਵਨ, ਸਰਵਨ ਦਾ ਪੁੱਤਰ ਜਲਾਲ, ਜਲਾਲ ਦਾ ਪੁੱਤਰ ਝੰਡਾ, ਝੰਡੇ ਦਾ ਪੁੱਤਰ ਗੁਰਦਿੱਤਾ ਅਤੇ ਗੁਰਦਿੱਤੇ ਦਾ ਪੁੱਤਰ ਭਾਈ ਰਾਮ ਕੰਵਰ (ਗੁਰਬਖਸ਼ ਸਿੰਘ) ਹੋਏ ਹਨ।

2. ਤੁਲਨਾ ਕਰੋ ਕਿਸ ਤਰੀਕੇ ਨਾਲ ਜਨਮ ਸਾਖੀਆਂ ਜਾਂ ਅੰਜੀਲ ਮੁੱਢਲੇ ਈਸਾਈ ਚਰਚ ਵਿੱਚ ਵਧੀ। ਵੱਡੀ ਗਿਣਤੀ ਵਿਚ ਬਣਾਉਟੀ ਲਿਖਤਾਂ ਪੈਗੰਬਰ ਜਾਂ ਉਸਦੇ ਚੇਲਿਆਂ ਦੇ ਨਾਵਾਂ ਨਾਲ ਪੈਗੰਬਰੀ ਅਧਿਕਾਰਾਂ ਦਾ ਦਾਅਵਾ ਕਿੱਧਰੇ ਘੱਟ ਕਿੱਧਰੇ ਵੱਧ ਕਰਦੀਆਂ ਹੋਈਆਂ ਈਸਾਈ ਮਤ ਦੇ ਮੁੱਢਲੇ ਸਾਲਾਂ ਵਿੱਚ ਪ੍ਰਚੱਲਿਤ ਹੋਈਆਂ। ਪੀਟਰ ਅਨੁਸਾਰ ਅੰਜੀਲ, ਥਾਮਸ, ਜੇਮਜ਼, ਜੁਡਾ, ਪੈਗੰਬਰਾਂ, ਬਾਰਾਂ ਅਨੁਸਾਰ ਬਰਨਾਬਾਸ ਤੋਂ ਮੈਥੀਆਸ ਤੱਕ, ਨੀਕੋਡੀਮਸ ਅਨੁਸਾਰ ਆਦਿ ਧਾਰਮਿਕ ਲਿਖਾਰੀ ਅਰੰਭ ਵਿੱਚ ਅਸਫੋਕਟ ਸਾਹਿਤ ਦੇ ਤੇਜ਼ੀ ਨਾਲ ਵੱਧਣ ਦੀ ਬਹੁਤ ਜ਼ਿਆਦਾ ਗਵਾਹੀ ਦਿੰਦੇ ਹਨ। *ਸੁਪਰ ਨੇਚਰਲ ਰੀਲੀਜ਼ਨ ਜਿਲਦ ਪਹਿਲੀ, ਪੰਨਾ 292* ਇਤਫਾਕ ਨਾਲ ਇਸ ਦਾ ਵੀ ਕਥਨ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਬਰਨਾਬਾਸ ਦੀ ਅੰਜੀਲ ਸੀ ਜਿਸ ਨੂੰ ਮੁਹੰਮਦ ਨੇ ਕੁਰਾਨ ਲਿਖਣ ਲਈ ਵਰਤਿਆ।

ਸ਼ੁਰੂ ਕਰ ਦਿੰਦੀਆਂ ਹਨ, ਇਸ ਕਰਕੇ ਇਹਨਾਂ ਦੇ ਵਿਚਾਰ ਗੋਚਰੇ ਕੁਝ ਥਾਂ ਦੇਣੀ ਬਹੁਤ ਜ਼ਰੂਰੀ ਹੈ।

ਸਭ ਤੋਂ ਪ੍ਰਸਿੱਧ ਜਨਮ ਸਾਖੀ 588 ਸਫਿਆਂ ਦੀ ਲਾਹੌਰ ਦੀ ਪੱਥਰ ਛਾਪੇ ਦੀ ਵੱਡੀ ਪੁਸਤਕ ਹੈ। ਇਹ ਬਹੁਤ ਚੰਗੀ ਤਰ੍ਹਾਂ ਲੱਕੜ ਦੀ ਨਕਾਸ਼ੀ ਨਾਲ ਸਜਾਈ ਹੋਈ ਹੈ, ਇਸ ਦੇ ਸੰਪਾਦਕ ਦੇ ਕਹਿਣ ਮੁਤਾਬਕ ਉਸਨੇ ਇਸਨੂੰ ਇਕੱਤਰ ਕਰਨ ਵਿਚ ਬਹੁਤ ਮਿਹਨਤ ਕੀਤੀ ਹੈ, ਬੜੀਆਂ ਪੁਸਤਕਾਂ ਦੇ ਖਰੜਿਆਂ ਨੂੰ ਬੜੀ ਦੂਰੋਂ ਬਹੁਤ ਮੁਸ਼ਕਲਾਂ ਨਾਲ ਖਰਚ ਕਰਕੇ ਪ੍ਰਾਪਤ ਕੀਤਾ ਹੈ। ਉਸ ਦਾ ਦਾਅਵਾ ਹੈ ਕਿ ਕੋਈ ਇਹੋ ਜਿਹੀ ਪੁਸਤਕ ਨਹੀਂ ਬਣਾ ਸਕਦਾ। ਜੇ ਕੋਈ ਉਸਦੀ ਇਜਾਜ਼ਤ ਤੋਂ ਬਿਨਾਂ ਇਸ ਪੁਸਤਕ ਨੂੰ ਛਾਪਣ ਦੀ ਕੋਸ਼ਿਸ ਕਰੇਗਾ ਤਾਂ ਉਸ ਤੇ ਅਦਾਲਤ ਵਿਚ ਹਰਜ਼ਾਨੇ ਲਈ ਦਾਅਵਾ ਕੀਤਾ ਜਾਵੇਗਾ। ਇਹ ਰਚਨਾ ਭਾਈ ਸੰਤੋਖ ਸਿੰਘ ਦੇ ਨਾਨਕ ਪ੍ਰਕਾਸ਼ ਤੇ ਆਧਾਰਿਤ ਕਹੀ ਜਾ ਸਕਦੀ ਹੈ।

ਜੀਵਨੀ ਨੂੰ ਭਰੋਸੇਮੰਦ ਬਣਾਉਣ ਲਈ ਇਕ ਬਿਆਨ ਕਰਨ ਵਾਲਾ ਬਹੁਤ ਜ਼ਰੂਰੀ ਹੁੰਦਾ ਹੈ ਅਤੇ ਹੋਰ ਵਿਸ਼ਵਾਸ ਦਿਵਾਉਣ ਲਈ ਸੁਣਾਉਣ ਵਾਲਾ ਕੋਈ ਮਨਘੜਤ ਵਿਅਕਤੀ ਵੀ ਨਹੀਂ ਹੋਣਾ ਚਾਹੀਦਾ। ਮੌਜੂਦਾ ਜਨਮਸਾਖੀ ਤੇ ਤਕਰੀਬਨ ਸਾਰੀਆਂ ਜਨਮ ਸਾਖੀਆਂ ਵਿਚ, ਜੋ ਕਿ ਬਿਨਾਂ ਸ਼ੱਕ ਤੋਂ ਇਕ ਮੁੱਢਲੀ ਪੁਸਤਕ ਨੂੰ ਜੋੜ-ਤੋੜ ਕੇ ਲਿਖੀਆਂ ਗਈਆਂ ਹਨ, ਭਾਈ ਬਾਲਾ ਨੂੰ ਜੀਵਨੀ ਬਿਆਨ ਕਰਨ ਵਾਲਾ ਬਣਾਇਆ ਗਿਆ ਹੈ। ਇਹ ਕਿਹਾ ਗਿਆ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਤੋਂ ਤਿੰਨ ਸਾਲ ਛੋਟਾ ਸੀ ਅਤੇ ਵਫਾਦਾਰ ਤੇ ਭਰੋਸੇ ਵਾਲਾ ਸੇਵਕ ਹੋਣ ਦੀ ਹੈਸੀਅਤ ਵਿਚ ਉਹਨਾਂ ਨਾਲ ਸਾਰੀਆਂ ਉਦਾਸੀਆਂ ਤੇ ਉਹਨਾਂ ਦੇ ਨਾਲ ਗਿਆ। ਪੁਸਤਕ ਮੁਤਾਬਕ ਭਾਈ ਬਾਲਾ ਨੇ ਗੁਰੂ ਅੰਗਦ ਦੇਵ ਜੀ ਜੋ ਗੁਰੂ ਨਾਨਕ ਦੇਵ ਜੀ ਤੋਂ ਬਾਅਦ ਗੁਰੂ ਬਣੇ ਉਹਨਾਂ ਦੇ ਹੁਕਮ ਦੇ ਮੁਤਾਬਕ ਪੈੜੇ ਨੂੰ ਜੀਵਨੀ ਲਿਖਾਈ। ਇਸ ਜਨਮਸਾਖੀ ਦਾ ਕੀ ਮਹੱਤਵ ਹੈ, ਅਸੀਂ ਸੰਖੇਪ ਵਿਚ ਵਿਚਾਰਾਂਗੇ।

ਇਹ ਤਕਰੀਬਨ ਅੱਜ ਕੱਲ੍ਹ ਬੋਲੀ ਜਾਣ ਵਾਲੀ ਪੰਜਾਬੀ ਵਿਚ ਲਿਖੀ ਗਈ ਹੈ ਜਿਸ ਵਿਚ ਕੁਝ ਪੁਰਾਤਨ ਸ਼ਬਦ ਮਿਲੇ ਹੋਏ ਹਨ। ਇਸਦੀ ਬੋਲੀ ਗੁਰੂ ਨਾਨਕ ਦੇਵ ਜੀ ਜਾਂ ਗੁਰੂ ਅੰਗਦ ਦੇਵ ਜੀ ਦੇ ਸਮੇਂ ਦੀ ਬੋਲੀ ਨਾਲ ਨਹੀਂ ਮਿਲਦੀ, ਜੋ ਰਚਨਾਵਾਂ ਉਹਨਾਂ ਦੀਆਂ ਸਾਡੇ ਕੋਲ ਹਨ ਉਹਨਾਂ ਨਾਲ ਪਰਖ ਕੀਤੀ ਜਾ ਸਕਦੀ ਹੈ। ਇਹ ਉਸੇ ਤਰ੍ਹਾਂ ਹੈ ਜਿਵੇਂ ਅੱਜ ਕੱਲ੍ਹ ਦੀ ਅੰਗਰੇਜ਼ੀ ਬੋਲੀ ਨੂੰ ਚੌਸਰ ਜਾਂ ਪਾਇਰਜ਼ ਪਲੋਮੈਨ ਦੇ ਸਮੇਂ ਦੀ ਅੰਗਰੇਜ਼ੀ ਨਾਲ ਮਿਲਦੀ ਦਸੀਏ। ਜੇ ਪੈੜੇ ਨੇ ਭਾਈ ਬਾਲੇ ਦੇ ਲਿਖਵਾਉਣ ਤੇ ਜੀਵਨੀ ਲਿਖੀ ਤਾਂ ਅਸਲ ਦਾ ਖਰੜਾ ਕਿੱਥੇ ਹੈ ਜੋ ਉਸ ਸਮੇਂ ਦੀ ਭਾਸ਼ਾ ਵਿਚ ਲਿਖਿਆ ਗਿਆ ਹੋਵੇਗਾ? ਜਦੋਂ ਬਾਲੇ ਨੇ ਜੀਵਨੀ ਲਿਖਵਾਉਣ ਦੀ ਪੇਸ਼ਕਸ਼ ਕੀਤੀ ਤਾਂ ਗੁਰੂ ਅੰਗਦ ਦੇਵ ਜੀ ਨੇ ਜੋ ਗੁਰੂ ਨਾਨਕ ਦੇਵ ਜੀ ਬਾਰੇ ਚੰਗੀ ਤਰ੍ਹਾਂ ਜਾਣੂ ਸਨ, ਬਾਲੇ ਬਾਰੇ ਬਹੁਤ ਘਟ ਜਾਣਕਾਰੀ ਰੱਖਦੇ ਦੱਸੇ ਸਨ। ਉਹਨਾਂ ਨੂੰ ਇਸ ਤਰ੍ਹਾਂ ਪੁੱਛਦੇ ਦਰਸਾਇਆ ਹੈ ਕਿ ਬਾਲਾ ਕਿਸ ਦਾ ਸਿੱਖ ਹੈ ਤੇ ਕੀ ਉਸਨੇ ਕਦੀ ਗੁਰੂ ਨਾਨਕ ਦੇਵ ਜੀ ਨੂੰ ਵੇਖਿਆ ਹੈ? ਜੇਕਰ ਫਰਜ਼ ਕਰੀਏ ਕਿ ਕੋਈ ਬਾਲਾ ਕਦੀ ਹੋਇਆ ਵੀ ਹੈ ਤਾਂ ਇਸ ਤਰ੍ਹਾਂ ਨਹੀਂ ਜਾਪਦਾ ਕਿ ਉਸਨੇ ਗੁਰੂ ਨਾਨਕ ਦੇਵ ਜੀ

ਦੀਆਂ ਕਰਨੀਆਂ ਨੂੰ ਅੱਖੀਂ ਵੇਖਿਆ ਹੋਵੇ ਜਾਂ ਉਹਨਾਂ ਦੀ ਜੀਵਨੀ ਦੀਆਂ ਵਿਸ਼ੇਸਤਾਈਆਂ ਦਾ ਭਰੋਸੇਯੋਗ ਸੋਮਾ ਹੋਵੇ। ਜੇ ਉਹ ਗੁਰੂ ਨਾਨਕ ਦੇਵ ਨਾਲ ਰਿਹਾ ਹੁੰਦਾ ਤਾਂ ਉਹਨਾਂ ਦੀ ਜੀਵਨੀ ਲਿਖਣ ਲਈ ਉਸਦੀ ਯੋਗਤਾ ਗੁਰੂ ਅੰਗਦ ਦੇਵ ਜੀ ਨੂੰ ਪਤਾ ਹੁੰਦੀ ਜੋ ਗੁਰੂ ਨਾਨਕ ਦੇਵ ਜੀ ਨਾਲ ਉਹਨਾਂ ਦੇ ਅੰਤ ਸਮੇਂ ਨਿਰੰਤਰ ਨਾਲ ਰਹੇ।

ਭਾਈ ਗੁਰਦਾਸ ਜੀ ਦੀ ਗਿਆਰ੍ਹਵੀਂ ਵਾਰ ਵਿਚ ਉਹਨਾਂ ਦੇ ਸਮੇਂ ਤਕ ਦੇ ਪ੍ਰਸਿੱਧ ਸਿੱਖਾਂ ਦੇ ਨਾਮ ਦਿੱਤੇ ਹਨ। ਉਹ ਇਹ ਨਹੀਂ ਲਿਖਦੇ ਕਿ ਕਿਹੜੇ ਸਿੱਖ ਕਦੋਂ ਸਿੱਖ ਬਣੇ ਜਾਂ ਕਿਹੜੇ ਗੁਰੂ ਵੇਲੇ ਹੋਏ ਹਨ। ਭਾਈ ਮਨੀ ਸਿੰਘ ਨੇ ਭਗਤ ਰਤਨਾਵਲੀ ਵਿਚ ਉਹਨਾਂ ਹੀ ਸਿੱਖਾਂ ਦੀ ਸੂਚੀ ਦੇ ਨਾਵਾਂ ਦਾ ਬਿਓਰਾ ਵਿਸਥਾਰ ਨਾਲ ਦਿੱਤਾ। ਉਹਨਾਂ ਵਿਚ ਭਾਈ ਬਾਲਾ ਦਾ ਨਾਮ ਦਰਜ ਨਹੀਂ ਹੈ। ਇਸ ਜਨਮਸਾਖੀ ਮੁਤਾਬਕ ਇਹ ਸੰਮਤ 1592 ਵਿਚ ਲਿਖੀ ਗਈ ਹੈ ਜਦੋਂ ਗੁਰੂ ਨਾਨਕ ਦੇਵ ਜੀ ਹਾਲੇ ਜੋਤੀ ਜੋਤ ਨਹੀਂ ਸਨ ਸਮਾਏ ਤੇ ਗੁਰੂ ਅੰਗਦ ਦੇਵ ਜੀ ਦੀ ਗੁਰਿਆਈ ਤੋਂ ਤਿੰਨ ਸਾਲ ਪਹਿਲਾਂ ਦਾ ਸਮਾਂ ਸੀ। ਇਸੇ ਜਨਮਸਾਖੀ ਦੀ ਪਹਿਲੀ ਕਾਪੀ ਦੇ ਮੁਤਾਬਕ ਇਹ ਸੰਮਤ 1582 ਵਿਚ ਲਿਖੀ ਗਈ ਜੋ ਕਿ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਤੋਂ ਤੇਰ੍ਹਾਂ ਸਾਲ ਪਹਿਲੇ ਹੈ।

ਸਿੱਖ ਧਰਮ ਵਿਚ ਤਿੰਨ ਮੁੱਖ ਸੰਪਰਦਾਵਾਂ ਹਨ ਜਿਨ੍ਹਾਂ ਨੇ ਪੁਰਾਣੀਆਂ ਜਨਮ ਸਾਖੀਆਂ ਨੂੰ ਝੂਠਾ ਬਣਾਇਆ ਜਾਂ ਨਵੀਆਂ ਜਨਮ ਸਾਖੀਆਂ ਲਿਖੀਆਂ। ਇਹਨਾਂ ਸੰਪਰਦਾਵਾਂ ਦੇ ਨਾਂ ਉਦਾਸੀ, ਮੀਨਾ ਤੇ ਹੰਦਾਲੀ ਹਨ। ਸਿੱਖਾਂ ਦੀ ਪਹਿਲੀ ਮੁੱਖ ਸੰਪਰਦਾ ਗੁਰੂ ਨਾਨਕ ਦੇਵ ਜੀ ਦੇ ਜੋਤੀ-ਜੋਤ ਸਮਾਉਣ ਤੋਂ ਬਾਅਦ ਹੀ ਬਣ ਗਈ।[1] ਉਹਨਾਂ ਦੇ ਕਈ ਅਨੁਯਾਈਆਂ ਨੇ ਉਹਨਾਂ ਦੇ ਵੱਡੇ ਪੁੱਤਰ ਸ੍ਰੀ ਚੰਦ ਨੂੰ ਉਹਨਾਂ ਦਾ ਉੱਤਰਾਧਿਕਾਰੀ ਮੰਨ ਲਿਆ ਤੇ ਗੁਰੂ ਅੰਗਦ ਦੇਵ ਜੀ ਨੂੰ ਗੁਰੂ ਸਵੀਕਾਰ ਨਾ ਕੀਤਾ। ਸ੍ਰੀ ਚੰਦ ਦੇ ਮੰਨਣ ਵਾਲਿਆਂ ਨੂੰ ਉਦਾਸੀ ਜਾਂ ਬਿਹੰਗਮ ਕਿਹਾ ਜਾਂਦਾ ਸੀ, ਇਹ ਹੁਣ ਕਾਫੀ ਗਿਣਤੀ ਵਿਚ ਚੰਗੇ ਸ਼ਰਧਾ ਵਾਲੇ ਉਦਮੀ ਲੋਕ ਹਨ। ਉਹਨਾਂ ਵਿਚੋਂ ਇਕ ਅਨੰਦ ਘਣ ਨੇ ਹੁਣ ਦੇ ਸਮੇਂ ਵਿਚ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਲਿਖੀ ਹੈ। ਉਸ ਵਿਚ ਸ੍ਰੀ ਚੰਦ ਨੂੰ ਦੇਵਤਾ ਸਰੂਪ ਤੇ ਰੱਬ ਦਾ ਅਵਤਾਰ ਦਰਸਾਇਆ ਹੈ ਤੇ ਕਿਹਾ ਹੈ ਕਿ ਉਹ ਹੀ ਗੁਰੂ ਨਾਨਕ ਦੇਵ ਜੀ ਦਾ ਅਸਲ ਉੱਤਰਾਧਿਕਾਰੀ ਸੀ।

ਸਿੱਖਾਂ ਦਾ ਦੂਸਰਾ ਵਿਰੋਧੀ ਧੜਾ ਮੀਣੇ ਸਨ। ਚੌਥੇ ਗੁਰੂ, ਗੁਰੂ ਰਾਮਦਾਸ ਜੀ ਦੇ ਤਿੰਨ ਪੁੱਤਰ ਸਨ—ਪ੍ਰਿਥੀ ਚੰਦ, ਮਹਾਦੇਵ ਤੇ ਅਰਜਨ। ਪ੍ਰਿਥੀ ਚੰਦ ਕੁਪੁਤ੍ਰ ਅਤੇ ਅਵਗਿਆਕਾਰ ਨਿਕਲਿਆ, ਮਹਾਦੇਵ ਧਾਰਮਿਕ ਵਲਵਲੇ ਵਾਲਾ ਸੀ ਜਦ ਕਿ ਸਭ ਤੋਂ ਛੋਟਾ ਅਰਜਨ ਆਪਣੇ ਪਿਤਾ ਦੇ ਕਦਮਾਂ ਤੇ ਚੱਲਿਆ। ਇਸ ਕਰਕੇ ਅਰਜਨ ਨੂੰ ਗੁਰਆਈ ਦੀ ਗੱਦੀ ਮਿਲੀ। ਪ੍ਰਿਥੀ ਚੰਦ

1. ਗੁਰੂ ਨਾਨਕ ਦੇ ਧਰਮ ਦੇ ਕਈ ਫਿਰਕੇ ਹਨ। ਸੈਂਟਪਾਲ ਦੀ ਗਵਾਹੀ ਤੋਂ ਪਤਾ ਲੱਗਦਾ ਹੈ ਕਿ ਮੁੱਢਲਾ ਈਸਾਈ ਮੱਤ ਵੀ ਇਸੇ ਤਰ੍ਹਾਂ ਵੰਡਿਆ ਹੋਇਆ ਸੀ। ਅੱਗੇ ਇਕ ਟੂਕ ਹੈ। ਸੰਪਰਦਾਵਾਂ ਜਾਂ ਫਿਰਕੇ ਜਾਂ ਫਿਰਕੇ ਸਾਰੇ ਧਰਮਾਂ ਦਾ ਨਾਮ ਹੈ। ਇਹ ਕਿਹਾ ਜਾਂਦਾ ਹੈ ਕਿ ਇਸਲਾਮ ਵਿਚ ਤਿਹੱਤਰ ਫਿਰਕੇ ਹਨ।

ਨੂੰ ਗੁਰੂ ਰਾਮਦਾਸ ਨੇ ਧੋਖੇਬਾਜ਼ ਜਾਂ ਮੀਣਾ ਕਹਿਕੇ ਛੇਕ ਦਿੱਤਾ, ਰਾਜਪੂਤਾਨੇ ਵਿਚ ਲੁਟੇਰਿਆਂ ਦੇ ਕਬੀਲੇ ਨੂੰ ਇਹ ਨਾਂ ਦਿੱਤਾ ਜਾਂਦਾ ਸੀ। ਪ੍ਰਿਥੀ ਚੰਦ ਵੀ ਲੋਕਾਂ ਵਿਚ ਆਪਣੀ ਮਾਨਤਾ ਕਰਵਾਉਣ ਵਿਚ ਸਫਲ ਹੋ ਗਿਆ ਤੇ ਉਸਨੇ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਨਾਲ ਮੇਲ-ਜੋਲ ਸਖ਼ਤ ਮਨ੍ਹਾ ਕਰ ਦਿੱਤਾ। ਇਸਦੇ ਫਲਸਰੂਪ ਦੋਹਾਂ ਸੰਪਰਦਾਵਾਂ ਵਿਚ ਦੁਸ਼ਮਣੀ ਹੁਣ ਦੇ ਸਮੇਂ ਤਕ ਰਹੀ ਹੈ। ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਲਿਖੀ ਜਿਸ ਵਿਚ ਉਸਨੇ ਆਪਣੇ ਪਿਤਾ ਦੀ ਉਸਤਤ ਕੀਤੀ। ਇਸ ਵਿਚ ਵਿਸਥਾਰ ਵਿਚ ਘਟਨਾਵਾਂ ਨੂੰ ਜੋੜਨ ਤੋੜਨ ਦਾ ਮੌਕਾ ਕਾਫੀ ਸੰਭਵ ਸੀ। ਇਸ ਮੀਣਿਆਂ ਦੀ ਜਨਮ ਸਾਖੀ ਵਿਚ ਸਾਨੂੰ ਸਭ ਤੋਂ ਪਹਿਲਾਂ ਭਾਈ ਬਾਲੇ ਦਾ ਜ਼ਿਕਰ ਮਿਲਦਾ ਹੈ। (ਇਹ ਜਨਮ ਸਾਖੀ ਛਪ ਚੁੱਕੀ ਹੈ ਇਸ ਵਿਚ ਬਾਲੇ ਦਾ ਨਾਂ ਨਹੀਂ ਹੈ (ਅਨੁਵਾਦਕ ਕਿਰਪਾਲ ਸਿੰਘ)

ਸਿੱਖਾਂ ਦਾ ਤੀਸਰਾ ਫਿਰਕਾ ਹਿੰਦਾਲੀ ਹਨ ਜੋ ਮਾਂਝੇ ਦੇ ਜੱਟ ਹੰਦਾਲ, ਜੋ ਤੀਸਰੇ ਗੁਰੂ, ਗੁਰੂ ਅਮਰਦਾਸ ਜੀ ਕੋਲੋਂ ਸਿੱਖ ਬਣਿਆ ਸੀ, ਦੇ ਅਨੁਯਾਈ ਹਨ। ਹੰਦਾਲ ਦੀ ਵੰਸ਼ ਦਾ ਬਿਧੀ ਚੰਦ ਅੰਮ੍ਰਿਤਸਰ ਜ਼ਿਲ੍ਹੇ ਦੇ ਜੰਡਿਆਲਾ ਵਿਚ ਸਿੱਖ ਗ੍ਰੰਥੀ ਸੀ। ਉਸਨੇ ਇਕ ਮੁਸਲਮਾਨ ਔਰਤ ਰੱਖੀ ਸੀ ਜੋ ਕਨੂੰਨਣ ਉਸਦੀ ਪਤਨੀ ਨਹੀਂ ਸੀ ਤੇ ਜਿਸ ਨਾਲ ਉਸਦਾ ਪਿਆਰ ਦਾ ਰਿਸ਼ਤਾ ਸੀ। ਇਸ ਕਰਕੇ ਉਸਦੇ ਮੰਨਣ ਵਾਲਿਆਂ ਉਸਨੂੰ ਛੱਡ ਦਿੱਤਾ। ਫੇਰ ਉਸਨੇ ਆਪਣਾ ਇਕ ਧਰਮ ਚਲਾਇਆ, ਮੁਕਾਬਲੇ ਵਿਚ ਇਕ ਗ੍ਰੰਥ ਤੇ ਜਨਮ ਸਾਖੀ ਬਣਾਈ। ਦੋਹਾਂ ਵਿਚ ਉਸਨੇ ਆਪਣੇ ਪਿਤਾ ਹੰਦਾਲ ਨੂੰ ਸਭ ਤੋਂ ਵੱਡਾ ਅਵਤਾਰ ਜਾਂ ਪੈਗੰਬਰ ਦਰਸਾਇਆ ਤੇ ਅਸਲੀ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦੀ ਹੇਠੀ ਕੀਤੀ। ਇਸ ਕੰਮ ਲਈ ਕਲਪਨਾਤਮਿਕ ਰਚਨਾ ਦਾ ਜ਼ਿਆਦਾਤਰ ਪ੍ਰਯੋਗ ਕੀਤਾ ਗਿਆ। ਗੁਰੂ ਨਾਨਕ ਦੇਵ ਜੀ ਨੂੰ ਨੀਵਾਂ ਦਿਖਾਉਣ ਲਈ ਤੇ ਆਪਣੇ ਆਪ ਨੂੰ ਠੀਕ ਸਾਬਤ ਕਰਨ ਲਈ ਉਸਨੇ ਗੁਰੂ ਨਾਨਕ ਜੀ ਬਾਰੇ ਘਟੀਆ ਤੋਂ ਘਟੀਆ ਨਿਰਾਦਰ ਭਰੀ ਰਚਨਾ ਕੀਤੀ।

ਇਸ ਜਨਮ ਸਾਖੀ ਨੂੰ ਲਿਖਣ ਵਾਲੇ ਦੇ ਮੁਤਾਬਕ, ਗੁਰੂ ਨਾਨਕ ਦੇਵ ਜੀ ਜਦੋਂ ਸੱਚ-ਖੰਡ ਜਾਂ ਸੱਚ ਦੀ ਧਰਤੀ ਦੀ ਯਾਤਰਾ ਤੇ ਜਾਂਦੇ ਹਨ ਤਾਂ ਉਹਨਾਂ ਨੂੰ ਹਿੰਦੂ ਸੰਤ, ਧਰੂ ਮਿਲਦਾ ਹੈ। ਇਕ ਵਾਰੀ ਜਦੋਂ ਧਰੂ ਧਰਤੀ ਤੇ ਸੀ ਤਾਂ ਜਦੋਂ ਉਹ ਆਪਣੇ ਪਿਤਾ ਦੀ ਗੋਦ ਵਿਚ ਬੈਠਾ ਸੀ ਤਾਂ ਉਸਦੀ ਸੋਤੇਲੀ ਮਾਂ ਨੇ ਉਸਨੂੰ ਉਠਾ ਦਿੱਤਾ। ਇਸ ਥੋੜ੍ਹੀ ਜਿਹੀ ਹੇਠੀ ਪਿਛੋਂ ਉਸਨੇ ਆਪਣਾ ਘਰ ਛੱਡ ਦਿੱਤਾ ਅਤੇ ਆਪਣਾ ਧਿਆਨ ਰੱਬ ਵਲ ਲਗਾ ਲਿਆ। ਰੱਬ ਨੇ ਉਸਦੀ ਭਗਤੀ ਸਵੀਕਾਰ ਕੀਤੀ ਅਤੇ ਉਸਦੀ ਭਗਤੀ ਕਰਕੇ ਉਸਨੂੰ ਸਵਰਗ ਵਿਚ ਸਭ ਤੋਂ ਉੱਚੀ ਪਦਵੀ ਦਿਤੀ। ਧਰਤੀ ਦਾ ਧੁਰਾ (ਧਰੁਵ) ਜੋ ਸਥਿਰ ਹੈ ਇਸਨੂੰ ਬੜੀ ਸਨਮਾਨ ਵਾਲੀ ਜਗ੍ਹਾ ਸਮਝਿਆ ਜਾਂਦਾ ਹੈ, ਉਥੇ ਵਿਸ਼ਨੂੰ ਨੇ ਧਰੂ ਨੂੰ ਤਾਰਿਆ ਦੇ ਵਿਚ ਜਗ੍ਹਾ ਦਿੱਤੀ। ਧਰੂ ਗੁਰੂ ਨਾਨਕ ਦੇਵ ਜੀ ਨਾਲ ਗੱਲਾਂ ਕਰਨ ਲੱਗ ਪਿਆ ਅਤੇ ਉਸਨੇ ਦਸਿਆ ਕਿ ਸਿਰਫ ਇਕ ਆਦਮੀ ਕਬੀਰ ਜੀ ਪਹਿਲੇ ਇਸ ਚੋਣਵੇ ਤੇ ਅਨੰਦਮਈ ਹਿਸੇ ਵਿਚ ਆ ਸਕਿਆ ਹੈ। ਗੁਰੂ ਨਾਨਕ ਦੇਵ ਜੀ ਨੂੰ ਗੁਪਤ ਢੰਗ ਨਾਲ ਨੀਵਾਂ ਦਿਖਾਇਆ ਗਿਆ ਹੈ। ਕਬੀਰ ਜੋ ਕਿ ਜਾਤ ਦਾ ਜੁਲਾਹਾ ਸੀ, ਇਕ

ਮਸ਼ਹੂਰ ਧਾਰਮਿਕ ਸਿਖਿਅਕ ਸੀ ਤੇ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੋਇਆ ਸੀ। ਹੰਦਾਲੀਆਂ ਦਾ ਮਕਸਦ ਇਹ ਦੱਸਣਾ ਸੀ ਕਿ ਗੁਰੂ ਨਾਨਕ ਦੇਵ ਜੀ ਕਬੀਰ ਦੇ ਅਨੁਯਾਈ ਸਨ ਤੇ ਮੌਲਿਕ ਨਹੀਂ ਸਨ। ਉਸ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਤੀਸਰਾ ਆਦਮੀ ਹੰਦਾਲ ਵੀ ਆ ਰਿਹਾ ਹੈ ਤੇ ਅੱਖ ਦੇ ਝਪਕਣ ਤਕ ਇੱਥੇ ਪਹੁੰਚ ਜਾਏਗਾ।

ਹੰਦਾਲੀ ਲੇਖਕ ਅੱਗੇ ਚੱਲ ਕੇ ਦੱਸਦਾ ਹੈ, ਗੁਰੂ ਨਾਨਕ ਦੇਵ ਜੀ ਆਪਣੀ ਸੱਚ-ਖੰਡ ਦੀ ਯਾਤਰਾ ਜਾਰੀ ਰਖਦੇ ਹਨ ਅਤੇ ਉਥੇ ਵੇਖਦੇ ਹਨ ਕਿ ਕਬੀਰ ਰੱਬ ਨੂੰ ਪੱਖਾ ਝੱਲ ਰਿਹਾ ਹੈ ਜੋ ਕਿ ਚਾਰ ਬਾਹਵਾਂ ਵਾਲਾ ਹਿੰਦੂ ਅਵਤਾਰ ਵਿਸ਼ਨੂੰ ਦਸਿਆ ਹੈ। ਹੰਦਾਲੀ ਜਨਮ ਸਾਖੀ ਵਿਚ ਰੱਬ ਤੇ ਕਬੀਰ ਨੂੰ ਪੰਡਤ ਤੇ ਉਸਦੇ ਸੇਵਕ ਦੀ ਤਰ੍ਹਾਂ ਆਦਮੀ ਦੇ ਪੂਰੇ ਰੂਪ ਵਿਚ ਕੁਢੱਬੇ ਜਿਹੇ ਚਿੱਤਰ ਵਿਚ ਵਿਖਾਇਆ ਹੈ।

ਗੁਰੂ ਨਾਨਕ ਦੇਵ ਜੀ ਰੱਬ ਨੂੰ ਕਹਿੰਦੇ ਹਨ ਕਿ ਜੋ ਹੁਕਮ ਉਹਨਾਂ ਨੂੰ ਧਰਤੀ ਤੇ ਮਨੁੱਖ ਪ੍ਰਗਟ ਹੋਣ ਤੋਂ ਪਹਿਲਾਂ ਮਿਲਿਆ ਸੀ ਉਹ ਉਸਨੂੰ ਪੂਰੀ ਤਰ੍ਹਾਂ ਨਹੀਂ ਨਿਭਾ ਸਕੇ। ਉਹਨਾਂ ਨੇ ਰੱਬ ਦੇ ਸੰਦੇਸ਼ ਦਾ ਸਿਰਫ ਤਿੰਨ ਦਿਸ਼ਾਵਾਂ ਵਿਚ ਹੀ ਵਿਗਿਆਪਨ ਕੀਤਾ ਹੈ। ਦੁਨੀਆਂ ਦਾ ਪੱਛਮੀ ਭਾਗ ਹਾਲੇ ਅਗਿਆਨ ਵਿਚ ਹੈ ਉਥੇ ਉਹ ਜਾ ਨਹੀਂ ਸਕੇ। ਇਸ ਕਰਕੇ ਰੱਬ ਨੇ ਉਹਨਾਂ ਨੂੰ ਆਪਣਾ ਉਦੇਸ਼ ਪੂਰਾ ਕਰਨ ਲਈ ਕਿਹਾ। ਧਰਤੀ ਤੇ ਵਾਪਸ ਆਉਂਦਿਆਂ ਉਹ ਹੇਠਲੀ ਦੁਨੀਆਂ ਦੇ ਇਕ ਜੋਗੀ ਨੂੰ ਮਿਲੇ ਤੇ ਆਪਣੀ ਆਦਤ ਅਨੁਸਾਰ ਉਸ ਨਾਲ ਆਮ ਗੱਲ-ਬਾਤ ਕਰਨ ਲੱਗ ਪਏ। ਗੁਰੂ ਨਾਨਕ ਦੇਵ ਜੀ ਦੇ ਪ੍ਰਸ਼ਨ ਦੇ ਉੱਤਰ ਵਿਚ ਜੋਗੀ ਨੇ ਦੱਸਿਆ ਕਿ ਉਹ ਪਿਛਲੇ ਜਨਮ ਵਿਚ ਤ੍ਰੇਤਾ ਯੁੱਗ ਵਿਚ ਰਾਜਾ ਜਨਕ ਦਾ ਸੇਵਕ ਸੀ, ਜੋ ਕਿ ਮਿਥਿਲਾ ਦਾ ਰਾਜਾ ਸੀ ਤੇ ਪ੍ਰਸਿੱਧ ਦੇਵਤਾ ਰਾਮ ਚੰਦਰ ਦਾ ਸਹੁਰਾ ਸੀ। ਗੁਰੂ ਨਾਨਕ ਦੇਵ ਜੀ ਕੋਲੋਂ ਵੀ ਦਰਸਾਇਆ ਗਿਆ ਹੈ ਕਿ ਉਹ ਵੀ ਰਾਜਾ ਜਨਕ ਦੇ ਸੇਵਕ ਰਹੇ ਸਨ ਤੇ ਇਕੋ ਛੱਤ ਹੇਠਾਂ ਦੋਹਾਂ ਨੇ ਅਦਨਾ ਸੇਵਕ ਦੇ ਰੂਪ ਵਿਚ ਨੌਕਰੀ ਕੀਤੀ ਹੈ। ਯੋਗੀ ਨੇ ਗੁਰੂ ਨਾਨਕ ਸਾਹਿਬ ਕੋਲੋਂ ਦੁਆਪਰ ਯੁੱਗ ਵਿਚ ਉਹਨਾਂ ਦੇ ਜਨਮ ਬਾਰੇ ਪੁੱਛਿਆ। ਗੁਰੂ ਨਾਨਕ ਦੇਵ ਜੀ ਤੋਂ ਉਸੇ ਤਰ੍ਹਾਂ ਸਧਾਰਨ ਤਰੀਕੇ ਨਾਲ ਬਿਨਾਂ ਝਿਜਕ ਦਰਸਾਇਆ ਗਿਆ ਹੈ ਕਿ ਉਹ ਇਕ ਤੇਲੀ ਦੇ ਪੁੱਤਰ ਸਨ ਜੋ ਕਿ ਹਿੰਦੂਆਂ ਵਿਚ ਘ੍ਰਿਣਾਜਨਕ ਨੀਵੀਂ ਜਾਤ ਸਮਝੀ ਜਾਂਦੀ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਨਿਰਾਦਰੀ ਨੂੰ ਸੰਪੂਰਨ ਕੀਤਾ ਗਿਆ। ਇਸ ਤਰ੍ਹਾਂ ਦੀਆਂ ਮਨਘੜਤ ਵਾਰਤਾਵਾਂ ਜਨਮ ਸਾਖੀਆਂ ਵਿਚ ਸ਼ਾਮਲ ਹੋ ਗਈਆਂ ਅਤੇ ਇਕ ਵਾਰੀ ਕਲਪਨਾ ਦੀਆਂ ਵਾਗਾਂ ਨੂੰ ਖੁੱਲ੍ਹਾ ਛੱਡ ਕੇ ਹੰਦਾਲੀਆਂ ਨੂੰ ਇਹ ਪਤਾ ਲੱਗਣਾ ਮੁਸ਼ਕਲ ਸੀ ਕਿ ਹੁਣ ਕਿੱਥੇ ਰੁੱਕਣਾ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਉਸ ਸਮੇਂ ਮਿਲਦੀਆਂ ਗੁਰੂ ਨਾਨਕ ਦੀਆਂ ਜਨਮ ਸਾਖੀਆਂ ਨੂੰ ਬਿਲਕੁੱਲ ਬਦਲ ਦਿੱਤਾ। ਇਹ ਸਭ ਕੁਝ ਤਕਰੀਬਨ 1640 ਈਸਵੀ ਵਿਚ ਹੋਇਆ। ਬਿਧੀ ਚੰਦ ਦਾ ਦਿਹਾਂਤ 1654 ਈਸਵੀ ਵਿਚ ਹੋਇਆ। ਉਸਦਾ ਪੁੱਤਰ ਦੇਵੀ ਦਾਸ ਉਸਦੀ ਮੁਸਲਮਾਨ ਔਰਤ ਤੋਂ ਹੀ ਸੀ।

ਹੰਦਾਲੀਆਂ ਦੀਆਂ ਕੁਰਾਹੇ ਪਾਉਣ ਵਾਲੀਆਂ ਗੱਲਾਂ ਉਹਨਾਂ ਦੇ ਅਨੁਯਾਈਆਂ ਲਈ ਸਮੇਂ ਅਨੁਸਾਰ ਢੁੱਕਦੀਆਂ ਸਨ। ਇਕ ਸੌ ਸਾਲ ਬਾਅਦ, ਪੰਜਾਬ ਦੇ ਮੁਸਲਮਾਨ ਗਵਰਨਰ ਜ਼ਕਰੀਆ ਖਾਨ ਨੇ ਹਰ ਸਿੱਖ ਦੇ ਸਿਰ ਦਾ ਮੁੱਲ ਰੱਖ ਦਿੱਤਾ। ਪਹਿਲੇ ਉਸਨੇ ਪੰਜੀ ਰੁਪੈ ਮੁੱਲ ਪਾਇਆ ਫੇਰ ਦੱਸ ਤੇ ਫੇਰ ਪੰਜ ਰੁਪਏ। ਸਿੱਖਾਂ ਦੇ ਸਿਰ ਮੁਸਲਮਾਨਾਂ ਅਤੇ ਹਿੰਦੂਆਂ[1] ਦੁਆਰਾ ਬੜੀ ਬਹੁਤਾਤ ਵਿਚ ਪਹੁੰਚਾਏ ਗਏ ਅਤੇ ਇਸ ਤਰ੍ਹਾਂ ਮੁੱਲ ਵੀ ਥੋੜ੍ਹਾ ਥੋੜ੍ਹਾ ਘੱਟਦਾ ਗਿਆ। ਹੰਦਾਲੀਆਂ ਨੇ ਜ਼ਕਰੀਆ ਖਾਨ ਦੇ ਅਫਸਰਾਂ ਨੂੰ ਕਿਹਾ ਕਿ ਉਹ ਨਾਨਕ ਦੇ ਸਿੱਖ ਨਹੀਂ ਹਨ ਪਰ ਬਿਲਕੁੱਲ ਇਕ ਵੱਖਰਾ ਫਿਰਕਾ ਹਨ ਜਿਨ੍ਹਾਂ ਨੂੰ ਤਸੀਹੇ ਨਹੀਂ ਦਿੱਤੇ ਜਾਣੇ ਚਾਹੀਦੇ। ਇਸ ਗੱਲ ਦੇ ਸਬੂਤ ਵਜੋਂ ਉਹਨਾਂ ਨੇ ਆਪਣਾ ਗ੍ਰੰਥ, ਜਨਮ ਸਾਖੀ ਤੇ ਬਿਧੀ ਚੰਦ ਦੀ ਮੁਸਲਮਾਨ ਔਰਤ ਦੇ ਹਵਾਲੇ ਦਿੱਤੇ। ਇਹਨਾਂ ਢੁੱਚਰਬਾਜ਼ੀਆਂ ਦੇ ਬਾਵਜੂਦ ਬਾਅਦ ਵਿਚ ਹੰਦਾਲੀਆਂ ਨੂੰ ਤਸੀਹੇ ਦਿੱਤੇ ਗਏ। ਉਹਨਾਂ ਦੀਆਂ ਜ਼ਮੀਨਾਂ ਮਹਾਰਾਜਾ ਰਣਜੀਤ ਸਿੰਘ ਨੇ ਖੋਹ ਲਈਆਂ। ਪਰ ਫੇਰ ਵੀ ਇਹ ਇਕ ਬਹੁਤ ਛੋਟੇ ਫਿਰਕੇ ਦੇ ਰੂਪ ਵਿਚ ਮੌਜੂਦ ਹਨ ਤੇ ਉਹਨਾਂ ਦਾ ਸਦਰ ਮੁਕਾਮ ਜੰਡਿਆਲੇ ਹੈ ਜਿਥੇ ਉਹਨਾਂ ਦੀ ਧਰਮਸਾਲਾ ਦੇ ਮਾਲਕਾਂ ਨੂੰ ਅੰਗ੍ਰੇਜ਼ ਸਰਕਾਰ ਵਲੋਂ ਜਗੀਰ ਮਿਲੀ ਹੋਈ ਹੈ। ਉਹਨਾਂ ਨੂੰ ਹੁਣ ਨਿਰੰਜਨੀਏ ਕਿਹਾ ਜਾਂਦਾ ਹੈ ਭਾਵ ਚਮਕਦੇ ਪਰਮਾਤਮਾ ਦੇ ਅਨੁਯਾਈ।

ਅੱਜ ਕੱਲ੍ਹ ਦੇ ਜ਼ਮਾਨੇ ਵਿਚ ਜਦੋਂ ਕਿ ਅਸੀਂ ਛਪੀਆਂ ਹੋਈਆਂ ਕਿਤਾਬਾਂ ਦੀ ਬਹੁਤਾਤ ਦੇ ਆਦੀ ਹੋ ਚੁੱਕੇ ਹਾਂ ਇਹ ਸਮਝਣਾ ਸੌਖਾ ਨਹੀਂ ਕਿ ਪੁਰਾਣੇ ਜ਼ਮਾਨੇ ਵਿਚ ਹਰ ਤਰ੍ਹਾਂ ਦੇ ਰਿਕਾਰਡਾਂ ਨੂੰ ਕਿਸ ਤਰ੍ਹਾਂ ਜਾਅਲੀ ਬਣਾਇਆ, ਬਦਲਿਆ, ਨਸ਼ਟ ਕੀਤਾ ਜਾਂ ਗਲਤ ਨਕਲ ਉਤਾਰਿਆ ਜਾ ਸਕਦਾ ਸੀ ਜਦੋਂ ਸਿਰਫ ਖਰੜੇ ਹੀ ਮੌਜੂਦ ਹੋਇਆ ਕਰਦੇ ਸਨ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਉਸ ਸਮੇਂ ਕਿਤਾਬਾਂ ਬਹੁਤ ਥੋੜ੍ਹੀਆਂ ਹੁੰਦੀਆਂ ਸਨ ਤੇ ਉਹਨਾਂ ਦੇ ਮਾਲਕਾਂ ਦੇ ਸਮੂਹ ਦਾ ਜੇ ਰਾਜਸੀ ਤਾਕਤ ਜਾਂ ਧਾਰਮਿਕ ਕੱਟੜਤਾ ਦੇ ਧੜਿਆਂ ਨਾਲ ਸੰਬੰਧ ਹੁੰਦਾ ਤਾਂ ਇਸ ਗੱਲ ਦਾ ਅਸਰ ਜ਼ਰੂਰ ਪੈਂਦਾ। ਸਪਸ਼ਟ ਹੈ ਕਿ ਇਸ ਤਰ੍ਹਾਂ ਹੰਦਾਲੀਆਂ ਨੇ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਦੀਆਂ ਪਹਿਲੀਆਂ ਤਕਰੀਬਨ ਸਾਰੀਆਂ ਵਾਰਤਾਵਾਂ ਨੂੰ ਨਸ਼ਟ ਕਰਨ ਲਈ ਕਾਫੀ ਅਸਰ ਰਸੂਖ ਵਰਤਿਆ ਹੈ।

ਪਰ ਇਹ ਸਾਰਾ ਕੁਝ ਹੋਣ ਤੋਂ ਇਲਾਵਾ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਸਿੱਖ ਹੱਥ ਲਿਖਤਾਂ ਦੀ ਭਾਰੀ ਤਬਾਹੀ ਮੁਸਲਮਾਨ ਹੁਕਮਰਾਨਾਂ ਦੁਆਰਾ ਸਿੱਖਾਂ ਉੱਤੇ ਅਤਿਆਚਾਰਾਂ ਦੌਰਾਨ ਹੋਈ। ਸਿੱਖਾਂ ਦੇ ਗ੍ਰੰਥ ਜਾਂ ਖੋਜ ਪੁਸਤਕ ਜੋ ਧਾਰਮਿਕ ਅਸਥਾਨ ਤੇ ਸੰਭਾਲ ਕੇ ਰੱਖੇ ਹੋਏ ਸਨ ਉਹ ਖਾਸ ਤੌਰ ਤੇ ਨਿਸ਼ਾਨਾ ਬਣੇ। ਉਹਨਾਂ ਗ੍ਰੰਥਾਂ ਦੀ ਹੋਂਦ ਬਾਰੇ ਸਭ ਜਾਣਦੇ ਸਨ ਅਤੇ ਸਿੱਖ ਗ੍ਰੰਥੀ ਵੀ ਇਸ ਤੋਂ ਇਨਕਾਰ ਨਹੀਂ ਕਰ ਸਕਦੇ ਸਨ, ਇਸ ਕਰਕੇ ਉਹਨਾਂ ਨੂੰ ਪ੍ਰਾਪਤ ਕਰਨ ਲਈ ਬਾਰ ਬਾਰ ਹਮਲੇ ਕੀਤੇ ਗਏ। ਜੇ ਕੋਈ ਗ੍ਰੰਥ ਮੁਸਲਮਾਨਾਂ ਦੇ ਕ੍ਰੋਧ ਤੋਂ ਬਚ ਸਕੇ ਤਾਂ ਸਿਰਫ ਉਹ

---

1. ਜਿਵੇਂ ਕਿ ਅੱਗੇ ਵੇਖਾਂਗੇ ਇਹ ਇਕ ਬ੍ਰਹਮਣ ਹੀ ਸੀ ਜਿਸ ਨੇ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ ਨੂੰ ਸਰਹਿੰਦ ਦੇ ਮੁਸਲਮਾਨ ਗਵਰਨਰ ਦੇ ਹਵਾਲੇ ਕਰ ਦਿੱਤਾ ਜਿਸ ਨੇ ਬੜੀ ਬੇਰਹਿਮੀ ਨਾਲ ਉਨ੍ਹਾਂ ਨੂੰ ਸ਼ਹੀਦ ਕੀਤਾ।

ਉਹਨਾਂ ਗ੍ਰੰਥਾਂ ਦੇ ਉਤਾਰੇ ਜੋ ਕੁਝ ਵਿਅਕਤੀਆਂ ਕੋਲ ਸੁਰੱਖਿਅਤ ਰੱਖੇ ਹੋਏ ਸਨ ਜੋ ਅਤਿਆਚਾਰ ਵਾਲੀ ਜਗ੍ਹਾ ਤੋਂ ਬਹੁਤ ਦੂਰ ਰਹਿੰਦੇ ਸਨ।[1]

ਸਾਰੀਆਂ ਹੰਦਾਲੀ ਤੇ ਨਵੀਨ ਸਮੇਂ ਦੀਆਂ ਜਨਮ ਸਾਖੀਆਂ ਵਿਚ ਬਾਬੇ ਨਾਨਕ ਦੇ ਜਨਮ ਦਾ ਮਹੀਨਾ ਕੱਤਕ ਹੀ ਦੱਸਿਆ ਗਿਆ ਹੈ। ਮਨੀ ਸਿੰਘ ਤੇ ਸਾਰੀਆਂ ਪੁਰਾਤਨ ਜਨਮ ਸਾਖੀਆਂ ਵਿਚ ਗੁਰੂ ਜੀ ਦੇ ਜਨਮ ਦਾ ਮਹੀਨਾ ਵੈਸਾਖ ਦੱਸਿਆ ਗਿਆ ਹੈ। ਜਿਸ ਤਰੀਕੇ ਗੁਰੂ ਜੀ ਦੇ ਜਨਮ ਦਾ ਮਹੀਨਾ ਕੱਤਕ ਦਾ ਸਮਝਿਆ ਜਾਣ ਲੱਗ ਪਿਆ ਉਹ ਇਸ ਤਰ੍ਹਾਂ ਹੈ : ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਅੰਮ੍ਰਿਤਸਰ ਵਿਚ ਇਕ ਭਾਈ ਸੰਤ ਸਿੰਘ ਗਿਆਨੀ ਰਹਿੰਦਾ ਸੀ ਜਿਸਦਾ ਮਹਾਰਾਜਾ ਰਣਜੀਤ ਸਿੰਘ ਬਹੁਤ ਸਤਿਕਾਰ ਕਰਦਾ ਸੀ। ਅੰਮ੍ਰਿਤਸਰ ਤੋਂ ਕੋਈ ਪੰਜ ਮੀਲ ਦੂਰ ਇਕ ਪੁਰਾਤਨ ਤਲਾਬ ਹੈ ਜਿਸ਼ ਦਾ ਨਾਂ ਰਾਮ ਤੀਰਥ ਹੈ ਤੇ ਉਹ ਹਿੰਦੂ ਦੇਵਤੇ ਰਾਮ ਦਾ ਤੀਰਥ ਅਸਥਾਨ ਹੈ। ਉਸ ਜਗ੍ਹਾ ਤੇ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ ਹਿੰਦੂਆਂ ਦਾ ਮੇਲਾ ਲੱਗਦਾ ਸੀ ਤੇ ਹੁਣ ਵੀ ਲੱਗਦਾ ਹੈ। ਉਹ ਤੀਰਥ ਖਾਸ ਹਿੰਦੂਆਂ ਦਾ ਸੀ ਅਤੇ ਭਾਈ ਸੰਤ ਸਿੰਘ ਦੀਆਂ ਨਜ਼ਰਾਂ ਵਿਚ ਹੋਰ ਗੱਲ ਹਾਨੀਕਾਰਕ ਇਹ ਸੀ ਕਿ ਉਸ ਦੀ ਸਿੱਖਾਂ ਤੇ ਬੇਦਰਦੀ ਨਾਲ ਜ਼ੁਲਮ ਕਰਨ ਵਾਲੇ ਜ਼ਕਰੀਆ ਖਾਨ ਦੇ ਮੁੱਖ ਵਜ਼ੀਰ ਲਖਪੱਤ ਨੇ ਮੁਰੰਮਤ ਕਰਵਾਈ ਸੀ। ਭਾਈ ਸੰਤ ਸਿੰਘ ਇਹ ਚਾਹੁੰਦਾ ਸੀ ਕਿ ਅੰਮ੍ਰਿਤਸਰ ਵਿਚ ਉਸੇ ਦਿਨ ਮੁਕਾਬਲੇ ਵਿਚ ਮੇਲਾ ਕੀਤਾ ਜਾਵੇ ਤਾਂ ਜੋ ਸਿੱਖ ਹਿੰਦੂਆਂ ਦੇ ਰਾਮ ਤੀਰਥ ਅਸਥਾਨ ਤੇ ਨਾ ਜਾ ਸਕਣ। ਉਸਨੇ ਬੜੀ ਸੰਜੀਦਗੀ ਨਾਲ ਗੁਰੂ ਨਾਨਕ ਦੇਵ ਜੀ ਦੀ ਜਨਮ ਤਾਰੀਖ ਹੰਦਾਲੀਆਂ ਦੇ ਮੁਤਾਬਕ ਰੱਖ ਦਿੱਤੀ ਅਤੇ ਇਹ ਘੋਸ਼ਨਾ ਕਰ ਦਿੱਤੀ ਕੱਤਕ ਦੇ ਮਹੀਨੇ ਪੂਰਨਮਾਸ਼ੀ ਵਾਲੇ ਦਿਨ ਅੰਮ੍ਰਿਤਸਰ ਵਿਚ ਸਿੱਖ ਧਰਮ ਦੇ ਬਾਨੀ ਦੇ ਪ੍ਰਕਾਸ਼ ਦਿਨ ਨੂੰ ਮਨਾਉਣ ਲਈ ਇਕ ਨਵਾਂ ਮੇਲਾ ਲੱਗੇਗਾ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਦੇਵ ਜੀ ਦਾ ਜਨਮ ਵਿਸਾਖ ਵਿਚ ਹੋਇਆ ਸੀ। ਸਾਰੀਆਂ ਪੁਰਾਤਨ ਜਨਮ ਸਾਖੀਆਂ ਵਿਚ ਇਹ ਹੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਵਸ ਦੱਸਿਆ ਗਿਆ ਹੈ। ਸੰਮਤ 1872 (1815 ਈ.) ਤਕ ਵੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਨਨਕਾਣਾ ਸਾਹਿਬ ਵਿਚ ਵਿਸਾਖ ਵਿਚ ਹੀ ਮਨਾਇਆ ਜਾਂਦਾ ਸੀ। ਅੰਤ ਵਿਚ ਨਾਨਕ ਪ੍ਰਕਾਸ਼ ਵਿਚ ਗੁਰੂ ਨਾਨਕ ਦੇਵ ਜੀ ਦੀ ਜਨਮ ਤਰੀਕ 1526 ਸੰਮਤ ਦੀ ਕੱਤਕ ਦੀ ਪੂਰਨਮਾਸ਼ੀ ਤੇ ਜੋਤੀ-ਜੋਤ ਸਮਾਉਣ ਦੀ ਤਾਰੀਖ ਸੰਮਤ 1596 ਬਿ. ਅਸੂ ਵੱਦੀ ਦੱਸਵੀਂ ਦੱਸੀ ਗਈ ਹੈ ਜੋ ਕਿ ਉਸ ਮੁਤਾਬਕ ਦੱਸੀ ਹੋਈ ਗੁਰੂ ਨਾਨਕ ਦੇਵ ਜੀ ਦੀ ਉਮਰ ਪਝੱਤਰ ਸਾਲ ਪੰਜ

---

1. ਇਸ ਦੇ ਸਮਾਨਾਂਤਰ ਮਿਸਾਲ ਬਾਦਸ਼ਾਹ ਕਾਨਸਟੈਂਟਾਈਨ ਤੋਂ ਪਹਿਲਾਂ ਰੋਮਨ ਤੁਅਸਬੀਆਂ ਹੱਥੋਂ ਈਸਾਈ ਲਿਖਤਾਂ ਦੀ ਤਬਾਹੀ ਦੀ ਮਿਲਦੀ ਹੈ। ਈਸਾਈਆਂ ਨੂੰ ਦਿੱਤੇ ਤਸੀਹਿਆਂ ਦਾ ਰੀਕਾਰਡ ਦੱਸਦਾ ਹੈ ਕਿ ਈਸਾਈ ਪਾਦਰੀਆਂ ਜਿਨ੍ਹਾਂ ਨੇ ਆਪਣੀਆਂ ਪਵਿੱਤਰ ਲਿਖਤਾਂ ਦੇ ਦਿੱਤੀਆਂ ਉਹਨਾਂ ਨੂੰ ਆਪਣੇ ਸਹਿ ਧਰਮੀਆਂ ਕੋਲੋਂ ਸਖ਼ਤ ਸਜਾਵਾਂ ਮਿਲੀਆਂ। ਟਾਕਰਾ ਕਰੋ ਕਿ ਕਿਸ ਤਰ੍ਹਾਂ ਹੈਬਰੀਓ ਅਨੁਸਾਰ ਅੰਜੀਲ, ਪੈਗੰਬਰਾਂ ਦੀ ਯਾਦਦਾਸ਼ਤ ਅਤੇ ਮੁੱਢਲੇ ਈਸਾਈਆਂ ਦੇ ਰੀਕਾਰਡ ਜਿਨ੍ਹਾਂ ਨੂੰ ਅਰੰਭ ਵਿੱਚ ਈਸਾਈ ਪਾਦਰੀਆਂ ਨੇ ਵਰਤਿਆ ਸੀ ਨੂੰ ਨਸ਼ਟ ਕੀਤਾ ਗਿਆ ਉਹ ਸਦਾ ਲਈ ਸੰਸਾਰ ਤੋਂ ਗੁੰਮ ਹੋ ਗਏ।

ਮਹੀਨੇ ਤੇ ਸੱਤ ਦਿਨ[1] ਨਾਲ ਮੇਲ ਨਹੀਂ ਖਾਂਦੀ। ਪਰ ਇਹ ਗੁਰੂ ਜੀ ਦੀ ਪੁਰਾਤਨ ਜਨਮ ਸਾਖੀਆਂ ਵਾਲੀ ਜਨਮ ਤਰੀਕ (ਭਾਵ ਵਿਸਾਖ) ਨਾਲ ਮੇਲ ਖਾਂਦੀ ਹੈ।

ਬਾਅਦ ਵਿਚ ਗੁਰੂ ਨਾਨਕ ਦੇਵ ਜੀ ਦੀ ਕੱਤਕ ਦੇ ਮਹੀਨੇ ਵਾਲੀ ਜਨਮ ਤਰੀਕ ਕਿਸ ਤਰ੍ਹਾਂ ਪੱਕੇ ਸਿੱਖਾਂ ਵਿਚ ਪ੍ਰਵਾਣਿਤ ਹੋ ਗਈ ਇਹ ਵੀ ਇਕ ਅਜੀਬ ਤਰ੍ਹਾਂ ਦਾ ਵਾਕਿਆ ਹੈ, ਕਿਸ ਤਰ੍ਹਾਂ ਧਾਰਮਿਕ ਵਰ੍ਹੇ, ਗੰਢਾਂ ਤੋਂ ਪੁਰਬ ਤਜਵੀਜ਼ ਕੀਤੇ ਤੇ ਅਪਨਾਏ ਜਾਂਦੇ ਹਨ। ਲਾਹੌਰ ਦੇ ਸ਼ਹੀਦ ਗੰਜ ਵਿਚ ਰਹਿਣ ਵਾਲਾ ਇਕ ਸਿੱਖ ਭਾਈ ਹਰਭਗਤ ਸਿੰਘ ਸੀ ਜਿਸ ਦੀ ਸਿੱਖਾਂ ਵਿਚ ਬਹੁਤ ਮਾਨਤਾ ਸੀ। ਉਸਨੇ ਆਪਣੇ ਮਨ ਵਿਚ ਬਹੁਤ ਚਿਰ ਵਿਚਾਰ ਕੀਤੀ ਕਿ ਉਹ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਕੱਤਕ ਵਿਚ ਅਪਨਾਉਣਾ ਚਾਹੇਗਾ ਕਿ ਵਿਸਾਖ ਵਿਚ, ਆਖਰ ਵਿਚ ਉਸਨੇ ਆਪਣਾ ਅੰਤਿਮ ਨਿਰਣਾ ਕਿਸਮਤ ਦੇ ਫੈਸਲੇ ਤੇ ਛੱਡ ਦਿੱਤਾ। ਉਸਨੇ ਇਕ ਪਰਚੀ ਤੇ ਵਿਸਾਖ ਲਿਖਿਆ ਤੇ ਦੂਸਰੀ ਤੇ ਕੱਤਕ ਅਤੇ ਦੋਵੇਂ ਪਰਚੀਆਂ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਦਿੱਤੀਆਂ ਅਤੇ ਇਕ ਅਨਪੜ੍ਹ ਮੁੰਡੇ ਨੂੰ ਸਰੋਵਰ ਵਿਚ ਇਸ਼ਨਾਨ ਕਰਾ ਕੇ ਇਕ ਪਰਚੀ ਚੁੱਕਣ ਲਈ ਕਿਹਾ। ਮੁੰਡੇ ਨੇ ਜੋ ਪਰਚੀ ਚੁੱਕੀ ਉਸ ਉਪਰ ਕੱਤਕ ਲਿਖਿਆ ਹੋਇਆ ਸੀ।[2]

ਜਨਮ ਤਰੀਕ ਦੇ ਬਦਲਣ ਦੇ ਹੋਰ ਵੀ ਕਈ ਕਾਰਨ ਸੋਚੇ ਜਾ ਸਕਦੇ ਹਨ। ਵਿਸਾਖ ਮਹੀਨੇ ਦੇ ਸ਼ੁਰੂ ਵਿਚ ਬਸੰਤ ਦੇ ਮੌਸਮ ਨੂੰ ਮਨਾਉਣ ਲਈ ਪ੍ਰਾਚੀਨ ਕਾਲ ਤੋਂ ਕਈ ਤਰ੍ਹਾਂ ਦੇ ਹਿੰਦੂ ਤਿਉਹਾਰ ਮਨਾਏ ਜਾਂਦੇ ਹਨ। ਇਹਨਾਂ ਤਿਉਹਾਰਾਂ ਤੇ ਪਹਿਲੇ ਸਿੱਖ ਤੇ ਪੋਤੂ ਹਿੰਦੂ ਵੀ ਜਾਂਦੇ ਸਨ। ਇਸ ਕਰਕੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਉਸੇ ਸਮੇਂ ਉਹਨਾਂ ਤਿਉਹਾਰਾਂ ਦੇ ਨਾਲ ਮਨਾਉਣਾ ਬਹੁਤ ਮੁਸ਼ਕਲ ਹੁੰਦਾ ਸੀ। ਸਿੱਖ ਧਰਮ ਦੀ ਸ਼ੁਰੂਆਤ ਦੇ ਪਹਿਲੇ ਸਮਿਆਂ ਵਿਚ ਸਿੱਖ ਪੁਰਬਾ ਤੇ ਵਿਸਾਖੀ ਦੇ ਟਾਕਰੇ ਤੇ ਜਿੱਥੇ ਹਿੰਦੂ ਯਾਤਰੂਆਂ ਦੀ ਗਿਣਤੀ ਬਹੁਤ ਜ਼ਿਆਦਾ ਹੁੰਦੀ ਸਿੱਖਾਂ ਦੀ ਥੋੜ੍ਹੀ ਗਿਣਤੀ ਠੀਕ ਨਹੀਂ ਸੀ ਲਗਦੀ ਅਤੇ ਅਕਤੂਬਰ ਦੇ ਮਹੀਨੇ ਨੂੰ ਚੁਨਣਾ ਜ਼ਿਆਦਾ ਠੀਕ ਸੀ ਜਦੋਂ ਹਿੰਦੂ ਤਿਉਹਾਰ ਨਹੀਂ ਸਨ, ਨਨਕਾਣਾ ਸਾਹਿਬ ਦੀ ਦੂਰ ਦੀ ਯਾਤਰਾ ਲਈ ਮੌਸਮ ਵੀ ਅਨੁਕੂਲ ਸੀ ਜਿਸ ਕਰਕੇ ਸ਼ਾਇਦ ਹਿੰਦੂਆਂ ਦੇ ਜ਼ਿਆਦਾ ਯਾਤਰੀ ਸਿੱਖ ਗੁਰਦੁਆਰੇ ਪਹੁੰਚ ਸਕਦੇ ਸਨ।

ਪੁਜਾਰੀਆਂ ਤੋਂ ਤੰਗ ਆਏ ਲੋਕਾਂ ਦੇ ਵਿਚਾਰ ਵਿਰੋਧ ਨਾਲ ਕਈ ਵੱਖਰੇ-ਵੱਖਰੇ ਖ਼ਿਆਲ ਪੈਦਾ ਹੁੰਦੇ ਹਨ। ਜਦੋਂ ਕੱਤਕ ਦੇ ਮਹੀਨੇ ਨੂੰ ਹੰਦਾਲੀਆਂ ਨੇ ਗੁਰੂ ਨਾਨਕ ਦੇਵ ਜੀ ਦਾ ਜਨਮ ਦਾ ਸਮਾਂ ਸਵੀਕਾਰ ਕੀਤਾ ਤਾਂ ਇਹ ਵਿਚਾਰ ਵਟਾਂਦਰਾ ਹੋਇਆ ਕਿ ਇਹ ਚੰਦਰਮਾ ਦੀਆਂ ਥਿਤਾਂ ਦੇ ਮੁਤਾਬਕ ਸੀ ਜਾਂ ਸੂਰਜ ਦੀਆਂ ਕਿਉਂਕਿ ਦੋਹਾਂ ਤਰੀਖਾਂ ਵਿਚ ਬਹੁਤ ਫਰਕ ਹੁੰਦਾ ਹੈ। ਚੰਦਰਮਾ

---

1. ਆਮ ਤੌਰ ਤੇ ਪ੍ਰਵਾਣਿਤ ਜਨਮ ਪੱਤਰੀਆਂ ਤਾਂ ਗੁਰੂਆਂ ਦੀਆਂ ਉਮਰਾਂ ਇਕ ਪੁਸਤਕ ਵਿਚ ਦਿੱਤੀਆਂ ਹਨ ਜਿਸ ਨੂੰ ਗੁਰ ਪ੍ਰਣਾਲੀ ਕਿਹਾ ਜਾਂਦਾ ਹੈ।
2. ਪੂਰਬ ਵਿਚ ਧਾਰਮਿਕ ਪੁਸਤਕਾਂ ਪਰੀਖਿਆ ਲਈ ਅਕਸਰ ਵਰਤੀਆਂ ਜਾਂਦੀਆਂ ਹਨ। ਮੱਧ-ਕਾਲੀਨ ਵਿੱਚ ਬਾਈਬਲ ਅਤੇ ਪਹਿਲੇ ਸਮਿਆਂ ਵਿਚ ਹੋਮਰ ਦੀਆਂ ਵਿਰਜਲ ਅਤੇ ਹੋਰਨਾਂ ਦੀਆਂ ਕਵਿਤਾਵਾਂ ਇਸੇ ਮਨੋਰਥ ਲਈ ਵਰਤੀਆਂ ਜਾਂਦੀਆਂ ਸਨ।

ਵਾਲੇ ਕੱਤਕ ਮਹੀਨੇ ਦੇ ਪੱਖ ਲੈਣ ਵਾਲਿਆਂ ਦੀ ਗੱਲ ਮੰਨੀ ਗਈ ਕਿਉਂਕਿ ਚੰਦਰਮਾ ਦੇ ਹਿਸਾਬ ਨਾਲ ਸਮੇਂ ਦੀ ਗਿਣਤੀ ਜ਼ਿਆਦਾ ਪ੍ਰਚੀਨ ਹੈ ਤੇ ਉਹਨਾਂ ਸਾਰਿਆਂ ਲਈ ਸਭ ਤੋਂ ਜ਼ਿਆਦਾ ਪ੍ਰਵਾਨਯੋਗ ਸੀ ਜਿਨ੍ਹਾਂ ਦੇ ਧਰਮ ਹਿੰਦੂ ਧਰਮ ਦੇ ਕਿਸੇ ਰੂਪ ਤੇ ਆਧਾਰਿਤ ਹੋਣ। ਆਮ ਤੌਰ ਤੇ ਸੂਰਜ ਤੇ ਚੰਦਰਮਾ ਅਨੁਸਾਰ ਸਮੇਂ ਬਾਰੇ ਵਾਦ-ਵਿਵਾਦ ਧਾਰਮਿਕ ਲੋਕਾਂ ਲਈ ਬੜੀ ਹੈਰਾਨਗੀ ਤੇ ਤੌਖਲੇ ਦਾ ਕਾਰਨ ਹੈ।[1]

ਸਭ ਤੋਂ ਬਾਅਦ ਵਾਲੀ ਜਨਮ ਸਾਖੀ ਜਿਸ ਤੇ ਅਸੀਂ ਵਿਚਾਰ ਕਰਾਂਗੇ ਉਹ ਇਕ ਸੇਵਾ ਦਾਸ ਨਾਮ ਦੇ ਸਿੱਖ ਦੁਆਰਾ ਲਿਖੀ ਹੋਈ ਹੈ।[2] ਇਸ ਦੀਆਂ ਕਾਫੀ ਪੁਸਤਕਾਂ ਪ੍ਰਾਪਤ ਹੋ ਚੁੱਕੀਆਂ ਹਨ। ਇਕ ਪੁਸਤਕ ਜੋ ਸਾਡੇ ਕੋਲ ਹੈ ਉਸ ਉੱਪਰ ਸੰਮਤ 1645 ਮਤਲਬ 1588 ਈਸਵੀ ਲਿਖਿਆ ਹੋਇਆ ਹੈ। ਇਸ ਕਰਕੇ ਇਹ ਗੁਰੂ ਅਰਜਨ ਦੇਵ ਜੀ ਦੁਆਰਾ ਗੁਰੂ ਗ੍ਰੰਥ ਸਾਹਿਬ ਨੂੰ ਸੰਪਾਦਨ ਕਰਨ ਤੋਂ ਘੱਟੋ-ਘੱਟ ਸੋਲ੍ਹਾਂ ਸਾਲ ਪਹਿਲੇ ਦੀ ਲਿਖੀ ਹੋਈ ਹੈ। ਇਹ ਪ੍ਰਮਾਣਿਤ ਹੈ ਕਿ ਗੁਰੂ ਗ੍ਰੰਥ ਸਾਹਿਬ 1604 ਈਸਵੀ ਵਿਚ ਸੰਪੂਰਨ ਕੀਤਾ ਗਿਆ। ਇਸ ਜਨਮ ਸਾਖੀ ਦੀ ਬੋਲੀ ਪੋਠੋਹਾਰ, ਜੋ ਇਲਾਕਾ ਜਿਹਲਮ ਤੇ ਸਿੰਧ ਦੇ ਵਿਚਕਾਰ ਹੈ, ਦੀ ਹੈ। ਇਸ ਜਨਮ ਸਾਖੀ ਦੇ ਲਿਖੇ ਅੱਖਰ ਸਪੱਸ਼ਟ ਰੂਪ ਵਿਚ ਹੋਰ ਮੌਜੂਦਾ ਮਿਲਦੀਆਂ ਗੁਰਮੁਖੀ ਦੀਆਂ ਪੁਸਤਕ ਨਾਲੋਂ ਜ਼ਿਆਦਾ ਪੁਰਾਤਨ ਹਨ।

ਇੰਜ ਭਾਸਦਾ ਹੈ ਕਿ ਇਹ ਜਨਮ ਸਾਖੀ ਭਾਈ ਗੁਰਦਾਸ ਤੇ ਭਾਈ ਮਨੀ ਸਿੰਘ ਦੋਹਾਂ ਦੇ ਧਿਆਨ ਤੋਂ ਪਰ੍ਹੇ ਰਹੀ ਹੈ। ਜੇ ਭਾਈ ਗੁਰਦਾਸ ਜੀ ਨੇ ਇਸ ਨੂੰ ਵੇਖ ਲਿਆ ਹੁੰਦਾ ਤਾਂ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਦਾ ਪੂਰਾ ਬ੍ਰਿਤਾਂਤ ਜ਼ਰੂਰ ਦਿੱਤਾ ਹੁੰਦਾ ਅਤੇ ਜੇ ਭਾਈ ਮਨੀ ਸਿੰਘ ਨੂੰ ਇਸ ਦਾ ਪਤਾ ਹੁੰਦਾ ਤਾਂ ਉਹ ਜ਼ਰੂਰ ਇਸ ਬਾਰੇ ਲਿਖਦੇ ਤੇ ਵਿਸਥਾਰ ਨਾਲ ਇਸ ਤੇ ਟਿੱਪਣੀ ਕਰਦੇ। ਜਦੋਂ ਲਾਹੌਰ ਦੇ ਦੱਖਣ ਵੱਲ ਸਿੱਖਾਂ ਤੇ ਜ਼ੁਲਮ ਢਾਹੇ ਸਨ ਉਦੋਂ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਬਾਰੇ ਤੇ ਭਾਈ ਮਨੀ ਸਿੰਘ ਦੀਆਂ ਲਿਖਤਾਂ ਖਤਮ ਕੀਤੀਆਂ ਜਾ ਰਹੀਆਂ ਸਨ ਤਾਂ ਇਹ ਜਨਮ ਸਾਖੀ ਪੋਠੋਹਾਰ ਵਿਚ ਸੰਭਾਲੀ ਪਈ ਰਹੀ ਕਿਉਂਕਿ ਉਥੇ ਮੁਸਲਮਾਨਾਂ ਦੇ ਤਅੱਸਬੀ ਅਤਿਆਚਾਰ ਜ਼ਿਆਦਾ ਨਹੀਂ ਕੀਤੇ ਜਾ ਰਹੇ ਸਨ।

ਇਸ ਜਨਮ ਸਾਖੀ ਵਿਚ ਭਾਈ ਬਾਲਾ ਦਾ ਕੋਈ ਕਥਨ ਨਹੀਂ ਹੈ, ਪਰ ਮਰਦਾਨੇ ਦਾ ਜ਼ਿਕਰ ਜ਼ਰੂਰ ਹੈ ਜੋ ਬਿਨਾਂ ਕਿਸੇ ਸ਼ੱਕ ਦੇ ਗੁਰੂ ਨਾਨਕ ਦੇਵ ਜੀ ਨਾਲ ਜੇ ਸਾਰੀਆਂ ਉਦਾਸੀਆਂ ਵਿਚ ਨਹੀਂ ਤਾਂ ਬਹੁਤੀਆਂ ਵਿਚ ਉਹਨਾਂ ਦਾ ਰਬਾਬੀ ਬਣ ਕੇ ਨਾਲ ਗਿਆ। ਇਹ ਜਨਮ ਸਾਖੀ

---

1. ਸਵਰਗਵਾਸੀ ਭਾਈ ਗੁਰਮੁਖ ਸਿੰਘ ਪਹਿਲੇ ਸਿੱਖ ਸਨ ਜਿਨ੍ਹਾਂ ਨੇ ਇਹ ਵਿਸਥਾਰ ਕਰਤਾ ਨੂੰ ਦੱਸਿਆ। ਪਿਛੋਂ ਉਹ ਆਪ ਇਕ ਡੈਪੂਟੇਸ਼ਨ ਦੇ ਮੁੱਖੀ ਬਣ ਕੇ ਪੰਜਾਬ ਸਰਕਾਰ ਕੋਲ ਗਏ ਕਿ ਗੁਰੂ ਨਾਨਕ ਦੇ ਇਸ ਗਲਤ ਜਨਮ ਦਿਨ ਦੀ ਛੁੱਟੀ ਘੋਸ਼ਿਤ ਕੀਤੀ ਜਾਏ। ਸਰਕਾਰ ਨੇ ਹਿੰਦੂ, ਮੁਸਲਮਾਨਾਂ, ਈਸਾਈਆਂ ਦੀਆਂ ਛੁੱਟੀਆਂ ਦੀ ਲੰਮੀ ਲਿਸਟ ਵਿਚ ਇਹ ਵੀ ਇਕ ਵਾਧਾ ਕਰ ਦਿੱਤਾ। ਇਕ ਹੋਰ ਸਿੱਖਾਂ ਦੀ ਵਿਸ਼ੇਸ਼ ਛੁੱਟੀ ਹੋਲਾ-ਮਹੱਲਾ ਹੈ ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਜੰਗ ਦੀ ਸਿੱਖਿਆ ਦੇਣ ਲਈ ਨਕਲੀ ਲੜਾਈ ਲੜੀ।
2. ਕਰਤਾ ਨੂੰ ਇਹ ਜਾਣਕਾਰੀ ਸਰ ਅੰਤਰ ਸਿੰਘ ਭਦੌੜ ਨੇ ਦਿੱਤੀ ਹੈ।

ਵੀ ਉਹਨਾਂ ਮਿਥਿਹਾਸਕ ਗੱਲਾਂ ਨਾਲ ਵਿਗਾੜੀ ਗਈ ਹੈ ਜਿਨ੍ਹਾਂ ਦਾ ਖੰਡਨ ਬਾਬਾ ਨਾਨਕ ਆਪ ਸਭ ਤੋਂ ਪਹਿਲਾਂ ਕਰਦੇ ਸਨ।

ਇਹੋ ਜਿਹੀਆਂ ਵਧਾ ਚੜ੍ਹਾ ਕੇ ਲਿਖੀਆਂ ਹੋਈਆਂ ਗੱਲਾਂ, ਜੋ ਕਿ ਸਾਰੇ ਧਰਮਾਂ ਦੇ ਅਵਤਾਰਾਂ ਦੇ ਜੀਵਨ ਬ੍ਰਿਤਾਂਤਾ ਵਿਚ ਪਾਈਆਂ ਜਾਂਦੀਆਂ ਹਨ, ਦੇ ਬਾਵਜੂਦ ਇਹ ਜਨਮ ਸਾਖੀ ਜਿਸਦਾ ਜ਼ਿਕਰ ਚਲ ਰਿਹਾ ਹੈ ਉਹ ਗੁਰੂ ਨਾਨਕ ਦੇਵ ਜੀ ਦੇ ਵਿਸਥਾਰਪੂਰਵਕ ਜੀਵਨ ਬ੍ਰਿਤਾਂਤ ਦਾ ਸਭ ਤੋਂ ਭਰੋਸੇਮੰਦ ਲਿਖਤੀ ਪ੍ਰਮਾਣ ਹੈ ਜੋ ਸਾਡੇ ਕੋਲ ਮੌਜੂਦ ਹੈ। ਗੁਰੂ ਨਾਨਕ ਦੇਵ ਜੀ ਦੀ ਜੀਵਨੀ ਬਾਰੇ ਹੋਰ ਗੁਰਮੁਖੀ ਪੁਸਤਕਾਂ ਨਾਲੋਂ ਇਸ ਵਿਚ ਮਿਥਿਹਾਸਕ ਗੱਲਾਂ ਬਹੁਤ ਘਟ ਹਨ ਅਤੇ ਇਸ ਦਾ ਬਿਆਨ ਜ਼ਿਆਦਾ ਤਰਕ ਪੂਰਣ, ਸਥਿਰ ਤੇ ਭਰੋਸੇਮੰਦ ਹੈ। ਇਸ ਨਾਲ ਹੀ ਭਾਵੇਂ ਇਹ ਜਨਮ ਸਾਖੀ ਲੋਕ ਕਥਾ ਤੇ ਰਵਾਇਤ ਤੇ ਆਧਾਰਿਤ ਹੈ ਪਰ ਘੱਟੋ-ਘੱਟ ਇਕ ਯਾਦਗਾਰੀ ਹਾਲਤ ਵਿਚ ਇਸ ਨੂੰ ਦੂਜੇ ਲਿਖਤੀ ਰਿਕਾਰਡ ਨਾਲੋਂ ਸਭ ਤੋਂ ਵੱਧ ਭਰੋਸੇਮੰਦ ਮੰਨਿਆ ਗਿਆ ਹੈ।[1] ਅਸੀਂ ਇਸ ਪੁਰਾਤਨ ਜਨਮਸਾਖੀ ਨੂੰ ਗੁਰੂ ਨਾਨਕ ਦੇਵ ਜੀ ਦੇ ਇਸ ਜੀਵਨ ਬ੍ਰਿਤਾਂਤ ਦਾ ਆਧਾਰ ਬਣਾਵਾਂਗੇ[2] ਅਤੇ ਜਿਥੇ ਲੋੜ ਪਏਗੀ ਉਥੇ ਬਾਅਦ ਦੀਆਂ ਜਨਮ ਸਾਖੀਆਂ ਵਿਚੋਂ ਚੋਣ ਕਰਾਂਗੇ। ਇਸ ਸਮੇਂ ਇਹ ਗੱਲ ਅਰੰਭ ਵਿਚ ਹੀ ਕਹਿਣੀ ਚਾਹੀਦੀ ਹੈ ਕਿ ਇਸ ਜਨਮ ਸਾਖੀ ਤੇ ਹੋਰ ਪ੍ਰਚੱਲਿਤ ਜਨਮ ਸਾਖੀਆਂ ਦੇ ਵਰਨਣ ਇਉਂ ਭਾਸਦੇ ਹਨ ਜਿਵੇਂ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਤੇ ਕਥਨਾਂ ਨੂੰ ਕੇਵਲ ਜੋੜਨ ਲਈ ਬਣਾਇਆ ਗਿਆ ਹੈ। ਉਹਨਾਂ ਦੇ ਅਨੁਯਾਈਆਂ ਤੇ ਪ੍ਰਸੰਸਕਾਂ ਨੂੰ ਉਹਨਾਂ ਦੀਆਂ ਰਚਨਾਵਾਂ ਵਿਚੋਂ ਸ਼ਬਦਾਂ ਦੇ ਕੋਮਲ ਭਾਵੀ ਚਿੱਤਰ ਮਿਲੇ। ਉਹਨਾਂ ਨੇ ਇਸ ਗੱਲ ਨੂੰ ਵਿਚਾਰਿਆ ਕਿ ਇਹ ਕਿਨ੍ਹਾਂ ਹਾਲਾਤਾਂ ਵਿਚ ਉਚਾਰੇ ਗਏ ਹੋਣਗੇ ਅਤੇ ਉਹਨਾਂ ਨੇ ਜੀਵਨੀ ਲਈ ਢਾਂਚਾ ਬਣਾ ਲਿਆ ਜਿਸ ਨਾਲ ਉਹ ਆਮ ਲੋਕਾਂ ਨੂੰ ਉਹ ਕੋਮਲ ਭਾਵੀ ਚਿੱਤਰ ਦਰਸਾ ਸਕਣ।

ਮਹਾਨ ਪਵਿੱਤਰ ਸਿੱਖ ਗੁਰੂਆਂ ਨੇ ਜੋ ਕਾਰਨਾਮੇ ਕੀਤੇ, ਜੋ ਭਵਿੱਖ ਬਾਣੀਆਂ ਉਚਾਰੀਆਂ ਤੇ ਜੋ ਸਿੱਖਿਆਵਾਂ ਦਿੱਤੀਆਂ ਉਹਨਾਂ ਦਾ ਵਰਨਣ ਅਗਲੇ ਸਫਿਆਂ ਵਿਚ ਕੀਤਾ ਜਾਵੇਗਾ। ਗੁਰੂਆਂ ਦੁਆਰਾ ਪੂਰਬਵਾਸੀ ਆਪਣੀ ਸਦੀਆਂ ਦੀ ਘੂਕੀ ਵਿਚੋਂ ਜਾਗੇ ਅਤੇ ਰੂੜ੍ਹੀਵਾਦ ਦੇ ਭਾਰ ਤੋਂ ਹੌਲੇ ਹੋਏ ਜਿਸ ਨੇ ਲੋਕਾਂ ਦੀ ਸੋਚਣ ਸਮਝਣ ਦੀ ਸ਼ਕਤੀ ਤੇ ਪ੍ਰਭੁਤਾ ਨੂੰ ਨਕਾਰਾ ਕੀਤਾ ਹੋਇਆ ਸੀ। ਜੋ ਲੋਕ ਹਿੰਦੁਸਤਾਨ ਨੂੰ ਆਪਣੇ ਅਸਲ ਤਜਰਬੇ ਦੁਆਰਾ ਜਾਣਦੇ ਹਨ ਸਿਰਫ਼ ਉਹ ਹੀ ਇਸ ਦਾ ਮਹੱਤਵ ਸਮਝ ਸਕਦੇ ਹਨ ਕਿ ਗੁਰੂਆਂ ਨੂੰ ਸੁੱਤੀ ਹੋਈ ਕੌਮ ਨੂੰ ਜਗਾਉਣ ਦੇ ਪੁਰਸ਼ਾਰਥ ਵਿਚ ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੋਵੇਗਾ।

---

1. ਪੈਪੀਆਸ, ਈਸਾਈ ਪਾਦਰੀ ਜੋ 130 ਈਸਵੀ ਵਿਚ ਹੋਇਆ ਨੇ ਲਿਖਿਆ ਅਤੇ ਵੀਚਾਰਿਆ ਹੈ ਕਿ ਅੰਜੀਲ ਵਿਚ ਜੋ ਕੁਝ ਅੰਕਿਤ ਹੈ ਮੈਂ ਉਸ ਨਾਲੋਂ ਵਧੇਰੇ ਲੋਕਾਂ ਦੀ ਜਿਉਂਦੀ ਅਤੇ ਸਦੀਵੀ ਅਵਾਜ਼ ਤੋਂ ਲਾਭ ਉਠਾ ਕੇ ਈਸਾ ਦੇ ਜੀਵਨ ਦਾ ਠੀਕ ਵਿਸਥਾਰ ਪ੍ਰਾਪਤ ਕੀਤਾ ਹੈ।
2. ਸੁਘੜ ਸਿੱਖ ਵਿਦਵਾਨ ਤੇ ਪੁੰਨ-ਆਤਮਾ ਸਵਰਗਵਾਸੀ ਭਾਈ ਦਿੱਤ ਸਿੰਘ ਨੇ ਵੀ ਜਨਮ ਸਾਖੀ ਬਣਾਈ ਹੈ। ਉਸ ਦੀ ਗੁਰਮੁਖੀ ਵਿੱਚ ਲਿਖੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਦਾ ਵੀ ਅਸੀਂ ਆਧਾਰ ਬਣਾਵਾਂਗੇ।

ਉਹ ਜੋ ਆਪਣੀ ਸਿਆਣਪ ਤੇ ਅਭੁੱਲਤਾ ਵਿਚ ਵਿਸ਼ਵਾਸ ਰੱਖਦੇ ਹਨ ਤੇ ਭਾਰਤੀ ਲੋਕਾਂ ਤੋਂ ਪਰ੍ਹੇ ਰਹਿ ਕੇ ਉਹਨਾਂ ਦੇ ਧਰਮ ਸ਼ਸਤਰਾਂ ਦੇ ਗਿਆਨ ਨੂੰ ਠੁਕਰਾਉਂਦੇ ਹਨ ਤੇ ਸਿੱਖ ਧਰਮ ਨੂੰ ਅਧਰਮੀ ਧਰਮ ਤੇ ਇਸਦੇ ਸਿੱਖਾਂ ਦੀ ਸ਼ਰਧਾ ਤੇ ਆਤਮਿਕ ਸ਼ਾਂਤੀ, ਉਹਨਾਂ ਦੀ ਵਫਾਦਾਰੀ ਨੂੰ ਤੁੱਛ ਸਮਝਦੇ ਹਨ, ਇਹਨਾਂ ਮਨੁੱਖਾਂ ਦੀ ਸਫ਼ਲਤਾ ਥੋੜ੍ਹੇ ਸਮੇਂ ਲਈ ਹੋਵੇਗੀ ਅਤੇ ਉਹਨਾਂ ਦੀ ਮਹਿਮਾ ਅਗਲੀਆਂ ਪੀੜ੍ਹੀਆਂ ਨੂੰ ਭੱਟ ਮਸਤੀ ਨਾਲ ਗਾ ਕੇ ਨਹੀਂ ਸੁਣਾਏਗਾ। ਮੈਂ ਇਸ ਗਲ ਤੋਂ ਨਾ ਉਮੀਦ ਨਹੀਂ ਹਾਂ ਕਿ ਜਦੋਂ ਸੂਝਵਾਨ ਪ੍ਰਬੰਧਕ ਸਿੱਖ ਧਰਮ ਦੀਆਂ ਖ਼ੂਬੀਆਂ ਤੋਂ ਜਾਣੂ ਹੋਣਗੇ ਤੇ ਉਹ ਆਪ ਹੀ ਖੁਸ਼ੀ ਨਾਲ ਇਸ ਨੂੰ ਉਸ ਡੂੰਘੀ ਖਾਈ ਵਿਚ ਖਤਮ ਹੋਣ ਦੇਣਾ ਨਹੀਂ ਚਾਹੁੰਣਗੇ ਜਿਸ ਵਿਚ ਕਈ ਧਰਮ ਪਹਿਲੇ ਹੀ ਨਿਗਲੇ ਜਾ ਚੁੱਕੇ ਹਨ।

*****

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ

ਪ੍ਰਵੇਸ਼ਿਕਾ ਵਿਚ ਜੋ ਵਿਸਥਾਰਪੂਰਵਕ ਬਿਆਨ ਕੀਤਾ ਜਾ ਚੁੱਕਾ ਹੈ, ਉਸਨੂੰ ਸੰਖੇਪ ਵਿਚ ਦੁਹਰਾਉਣ ਤੇ ਪੁਰਾਤਨ ਲਿਖਤਾਂ ਮੁਤਾਬਕ ਸਿੱਖ ਧਰਮ ਦੇ ਬਾਨੀ, ਗੁਰੂ ਨਾਨਕ ਦੇਵ ਜੀ ਦਾ ਜਨਮ ਵਿਸਾਖ ਮਹੀਨੇ (ਅਪ੍ਰੈਲ-ਮਈ) ਦੇ ਚਾਨਣ ਪੱਖ ਦੇ ਤੀਸਰੇ ਦਿਨ (ਵਿਸਾਖ ਸ਼ੁਦੀ 3), ਸੰਨ 1469 ਨੂੰ ਚੜ੍ਹਦੀ ਸਵੇਰ ਨੂੰ ਹੋਇਆ ਸੀ। ਪਰ ਸਹੂਲੀਅਤ ਲਈ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਵਸ ਕੱਤਕ ਦੀ ਪੂਰਨਮਾਸ਼ੀ (ਅਕਤੂਬਰ-ਨਵੰਬਰ) ਵਾਲੇ ਦਿਨ ਸਿੱਖਾਂ ਦੁਆਰਾ ਮਨਾਇਆ ਜਾਂਦਾ ਹੈ। ਉਹਨਾਂ ਦੇ ਪਿਤਾ ਜਿਨ੍ਹਾਂ ਨੂੰ ਕਾਲੂ ਕਿਹਾ ਜਾਂਦਾ ਸੀ, ਤਲਵੰਡੀ ਪਿੰਡ ਵਿਚ ਜੋ ਕਿ ਪੰਜਾਬ ਦੇ ਲਾਹੌਰ ਜ਼ਿਲ੍ਹੇ ਵਿਚ ਹੈ, (1921 ਈਸਵੀ ਪਿਛੋਂ ਇਹ ਜ਼ਿਲ੍ਹਾ ਸ਼ੇਖੂਪੁਰਾ ਅੱਜ ਕਲ ਪਾਕਿਸਤਾਨ ਵਿਚ ਹੈ) ਪਟਵਾਰੀ ਸਨ ਅਤੇ ਉਹਨਾਂ ਦੀ ਮਾਤਾ ਤ੍ਰਿਪਤਾ ਸੀ ਜੋ ਸਿੱਖ ਇਤਿਹਾਸ ਵਿਚ ਆਪਣੇ ਪੁੱਤਰ ਦੇ ਲਗਾਉ ਤੇ ਪਿਆਰ ਲਈ ਯਾਦ ਕੀਤੀ ਜਾਂਦੀ ਹੈ।

ਸਿੱਖ ਜੀਵਨੀਕਾਰਾਂ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਵੇਲੇ ਦੇ ਹਾਲਾਤ ਦਾ ਵੇਰਵਾ ਬਰੀਕੀ ਵਿਚ ਬਿਆਨ ਕੀਤਾ ਹੈ। ਦੌਲਤਾਂ ਦਾਈ ਨੇ ਉਸ ਮੌਕੇ ਤੇ ਸਹਾਇਤਾ ਕੀਤੀ। ਜਦੋਂ ਦੂਸਰੀ ਸਵੇਰ ਹਰਦਿਆਲ ਜੋਤਸ਼ੀ ਬੱਚੇ ਦੀ ਜਨਮ-ਪੱਤਰੀ ਬਣਾਉਣ ਆਇਆ ਤਾਂ ਉਸਨੇ ਬੱਚੇ ਬਾਰੇ ਸਵਾਲ ਪੁੱਛੇ ਕਿ ਜਨਮ ਵੇਲੇ ਉਸਦੀ ਅਵਾਜ਼ ਕਿਹੋ ਜਿਹੀ ਸੀ। ਉਸ ਨੇ ਕਿਹਾ ਕਿ ਉਹ ਅਵਾਜ਼ ਇਕ ਸਿਆਣੇ ਆਦਮੀ ਦੀ ਸੀ ਜੋ ਕਿਸੇ ਮੇਲੇ ਤੇ ਆਉਂਦਾ ਹੈ ਅਤੇ ਉਸਨੇ ਜ਼ਾਹਿਰ ਕੀਤਾ ਕਿ ਬੱਚੇ ਦੀ ਪ੍ਰਕਿਰਤੀ ਨੂੰ ਸਮਝਣਾ ਉਸਦੇ ਵੱਸ ਤੋਂ ਬਾਹਰ ਸੀ। ਜੋਤਸ਼ੀ ਨੇ ਬੱਚੇ ਨੂੰ ਵੇਖਣਾ ਚਾਹਿਆ ਪਰ ਉਸਦੀ ਮਾਂ ਨੇ ਮੌਸਮ ਦੀ ਠੰਡਕ ਕਰਕੇ ਮਨ੍ਹਾ ਕਰ ਦਿੱਤਾ। ਜਦੋਂ ਉਸਨੇ ਇਸ ਗੱਲ ਤੇ ਜ਼ੋਰ ਦਿੱਤਾ ਤਾਂ ਬੱਚੇ ਨੂੰ ਪੋਤੜਿਆਂ ਵਿਚ ਲਪੇਟ ਕੇ ਲਿਆਉਂਦਾ ਗਿਆ। ਕਿਹਾ ਜਾਂਦਾ ਹੈ ਕਿ ਜੋਤਸ਼ੀ ਨੇ ਬੱਚੇ ਨੂੰ ਵੇਖ ਕੇ ਹੱਥ ਜੋੜ ਕੇ ਨਮਸਕਾਰ ਕੀਤੀ। ਉਸਨੇ ਐਲਾਨ ਕੀਤਾ ਕਿ ਬੱਚੇ ਦੇ ਸਿਰ ਤੇ ਛੱਤਰੀ ਝੁਲੇਗੀ ਜੋ ਪੂਰਬ ਵਿਚ ਰਾਜਸੀ ਅਤੇ ਪੈਗੰਬਰੀ ਸ਼ਾਨ ਦੀ ਪ੍ਰਤੀਕ ਸੀ। ਨਾਲ ਹੀ ਉਸਨੇ ਇਸ ਗੱਲ ਦਾ ਪਛਤਾਵਾ ਪ੍ਰਗਟ ਕੀਤਾ ਕਿ ਉਹ ਬਾਲਕ ਨਾਨਕ ਦੀ ਪ੍ਰਸਿੱਧੀ ਨੂੰ ਵੇਖਣ ਤੱਕ ਜ਼ਿੰਦਾ ਨਹੀਂ ਰਹੇਗਾ। ਉਸਨੇ ਕਿਹਾ ਕਿ ਰੱਬ ਦੇ ਪਹਿਲੇ ਅਵਤਾਰਾਂ ਦੀ ਤਰ੍ਹਾਂ ਇਹ ਸਿਰਫ਼ ਹਿੰਦੂਆਂ ਦੁਆਰਾ ਹੀ ਨਹੀਂ ਪੂਜਿਆ ਜਾਵੇਗਾ ਬਲਕਿ ਹਿੰਦੂਆਂ ਤੇ ਮੁਸਲਮਾਨਾਂ ਦੋਹਾਂ ਲਈ ਏਤਬਾਰ ਪੂਜਨੀਕ ਹੋਵੇਗਾ। ਬਾਲਕ ਦਾ ਨਾਂ ਧਰਤੀ ਤੇ ਸਵਰਗ ਦੋਹਾਂ ਵਿਚ ਗੂੰਜੇਗਾ। ਗੈਰ-ਜਾਨਦਾਰ ਕੁਦਰਤ ਵੀ ਉਸਦਾ ਸੁਆਗਤ ਕਰੇਗੀ। ਉਸ ਕੋਲ ਸ਼ਕਤੀ ਹੋਵੇਗੀ ਜੋ ਭੌਤਿਕ ਤੱਤਾਂ ਦੇ ਨਿਯਮਾਂ

ਤੋਂ ਉਪਰ ਹੋਵੇਗੀ ਜਿਸ ਨਾਲ ਉਹ ਸਮੁੰਦਰ ਦੀ ਗਹਿਰਾਈ ਨੂੰ ਸਹੀ ਸਲਾਮਤ ਪਾਰ ਕਰ ਜਾਏਗਾ। ਇਹ ਇਕ ਰੱਬ ਨੂੰ ਮੰਨੇਗਾ ਤੇ ਉਸਦੀ ਭਗਤੀ ਕਰੇਗਾ ਅਤੇ ਜੀਵ ਨੂੰ ਉਹ ਜੀਵ ਕਰਕੇ ਜਾਣੇਗਾ। ਦੂਸਰੇ ਸ਼ਬਦਾਂ ਵਿਚ ਇਹ ਇਕ ਈਸ਼ਵਰਵਾਦੀ ਹੋਵੇਗਾ ਤੇ ਛੋਟੇ ਦੇਵੀ ਤੇ ਦੇਵਤਿਆਂ ਜਾਂ ਮੂਰਤੀਆਂ ਦਾ ਪੂਜਾਰੀ ਨਹੀਂ ਹੋਵੇਗਾ।

ਕਿਹਾ ਜਾਂਦਾ ਹੈ ਕਿ ਪੰਜ ਸਾਲ ਦੀ ਅਨਜਾਣੀ ਉਮਰ ਵਿਚ ਨਾਨਕ ਨੇ ਦੈਵੀ ਵਿਸ਼ਿਆਂ ਤੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ ਅਤੇ ਉਸਨੂੰ ਆਪਣੀ ਭਾਸ਼ਾ ਦਾ ਵੀ ਪੂਰਾ ਗਿਆਨ ਹੋ ਗਿਆ ਸੀ। ਉਹਨਾਂ ਉਪਰ ਸਭ ਦਾ ਮਹਾਨ ਭਰੋਸਾ ਬੱਝ ਗਿਆ ਅਤੇ ਹਿੰਦੂ ਤੇ ਮੁਸਲਮਾਨ ਦੋਵੇਂ ਹੀ ਆਪਣੀ ਧਾਰਮਿਕ ਵਿਸ਼ੇਸ਼ ਭਾਸ਼ਾ ਵਿਚ ਉਹਨਾਂ ਲਈ ਵਡਿਆਈ ਦਿਲ ਖੋਲ੍ਹ ਕੇ ਕਰਦੇ।

ਨਨਕਾਣਾ ਸਾਹਿਬ (ਤਲਵੰਡੀ ਦਾ ਨਾਂ ਨਨਕਾਣਾ ਸਾਹਿਬ ਹੋ ਗਿਆ) ਵਿਚ ਹਰ ਥਾਂ ਜਿਸ ਦਾ ਗੁਰੂ ਨਾਨਕ ਦੇਵ ਜੀ ਨਾਲ ਕੋਈ ਸੰਬੰਧ ਸੀ ਉਸਨੂੰ ਪਵਿੱਤਰ ਸਮਝਿਆ ਜਾਂਦਾ ਹੈ। ਜਿਸ ਜਗ੍ਹਾ ਤੇ ਉਹ ਆਪਣੀ ਉਮਰ ਦੇ ਬੱਚਿਆਂ ਨਾਲ ਖੇਡਿਆ ਕਰਦੇ ਸਨ ਅਤੇ ਬਾਅਦ ਵਿਚ ਭਗਤੀ ਵਿਚ ਰਾਤਾਂ ਬਿਤਾਉਂਦੇ ਸਨ ਉਸ ਜਗ੍ਹਾ ਤੇ ਗੁਰੂ ਜੀ ਦੇ ਬਚਪਨ ਦੀ ਯਾਦ ਵਿਚ ਪਿੰਡ ਦੇ ਜ਼ਿਮੀਦਾਰ ਰਾਏ ਬੁਲਾਰ ਨੇ ਇਕ ਤਲਾਬ ਬਣਵਾਇਆ ਤੇ ਜਦੋਂ ਗੁਰੂ ਜੀ ਦੀ ਪ੍ਰਸਿੱਧੀ ਦੂਰ ਦੂਰ ਤੱਕ ਫੈਲ ਚੁੱਕੀ ਸੀ, ਲਾਹੌਰ ਦੇ ਸੂਬੇ ਦੇ ਜ਼ਕਰੀਆ ਖਾਨ ਦੇ ਦੀਵਾਨ ਕੌੜਾ ਮੱਲ ਨੇ ਉਸ ਤਲਾਬ ਨੂੰ ਬਹੁਤ ਵੱਡਾ ਕਰਵਾਇਆ। ਕੌੜਾ ਮੱਲ ਗੁਰੂ ਨਾਨਕ ਦੇਵ ਜੀ ਦਾ ਬਹੁਤ ਉਤਸਕ ਪ੍ਰਸੰਸਕ ਸੀ ਅਤੇ ਉਸਨੇ ਸਿੱਖਾਂ ਦੀ ਹਾਲਤ ਵਿਚ ਸੁਧਾਰ ਲਿਆਉਣ ਲਈ ਪੈਸੇ ਤੇ ਰਾਜਸੀ ਪ੍ਰਭਾਵ ਦੀ ਭਾਰੀ ਮਦਦ ਕੀਤੀ। ਉਸ ਜਗ੍ਹਾ ਨੂੰ ਬਾਲ ਕਿਆਰਾ (ਬਾਲ ਲੀਲਾ) ਜਾਂ ਬੱਚੇ ਦੀ ਖੇਡਣ ਦੀ ਜਗ੍ਹਾ ਕਿਹਾ ਜਾਂਦਾ ਹੈ।

ਜਦੋਂ ਨਾਨਕ ਸੱਤ ਸਾਲ ਦੇ ਹੋਏ ਤਾਂ ਉਹਨਾਂ ਦੇ ਪਿਤਾ ਨੇ ਹਿੰਦੂ ਰਵਾਇਤ ਅਨੁਸਾਰ ਬੱਚੇ ਦੀ ਸਿੱਖਿਆ ਅਰੰਭ ਕਰਨ ਲਈ ਪਿੰਡ ਦੇ ਜੋਤਸ਼ੀ ਕੋਲੋਂ ਸ਼ੁਭ ਦਿਨ ਪੁੱਛਿਆ। ਪਾਠਸ਼ਾਲਾ ਦੇ ਅਧਿਆਪਕ ਨੇ ਸੋਚਿਆ ਕਿ ਬੱਚੇ ਦੀ ਪੜ੍ਹਾਈ ਸ਼ੁਰੂ ਕਰਨ ਦਾ ਸਮਾਂ ਹੋ ਗਿਆ ਹੈ। ਸਕੂਲ ਕਾਫ਼ੀ ਸਧਾਰਨ ਸੀ ਤੇ ਫੀਸ ਵੀ ਜ਼ਿਆਦਾ ਨਹੀਂ ਸੀ। ਅੱਜ ਕੱਲ੍ਹ ਦੇ ਜ਼ਮਾਨੇ ਦੀ ਤਰ੍ਹਾਂ ਪਿੰਡ ਦਾ ਸ਼ਾਹੂਕਾਰ ਨਹੀਂ ਬਲਕਿ ਕਾਲੂ ਦੀ ਪਤਨੀ, ਘਰ ਦੇ ਪੈਸੇ ਦੀ ਮਾਲਕਣ ਸੀ। ਕਾਲੂ ਨੇ ਆਪਣੀ ਪਤਨੀ ਕੋਲੋਂ ਇਕ ਸਿੱਕਾ ਜੋ ਕਿ ਅੰਗਰੇਜ਼ੀ ਪੈਸੇ ਦੇ ਹਿਸਾਬ ਤਿੰਨ ਫਾਰਦਿੰਗ ਦੇ ਬਰਾਬਰ ਸੀ; ਕੁਝ ਸੁਪਾਰੀ ਅਤੇ ਚਾਵਲ ਲਏ ਅਤੇ ਪਾਠਸ਼ਾਲਾ ਦੇ ਅਧਿਆਪਕ ਨੂੰ ਆਪਣਾ ਪੁੱਤਰ ਨਾਲ ਲਿਜਾ ਕੇ ਦੇ ਦਿੱਤੇ। ਭਾਰਤ ਵਿਚ ਲੱਕੜ ਦੀ ਤਖ਼ਤੀ ਨੂੰ ਕਾਲਾ ਰੰਗ ਕਰਕੇ ਬੱਚਿਆਂ ਨੂੰ ਉਹਨਾਂ ਦੀ ਭਾਸ਼ਾ ਦੇ ਅੱਖਰ ਸਿਖਾਉਣ ਦੇ ਕੰਮ ਲਿਆਇਆ ਜਾਂਦਾ ਹੈ। ਅਧਿਆਪਕ ਚਿੱਟੇ ਚਾਕ ਨਾਲ ਤਖ਼ਤੀ ਤੇ ਅੱਖਰ ਲਿਖ ਦਿੰਦਾ ਹੈ ਅਤੇ ਬੱਚੇ ਉਹਨਾਂ ਨਾਵਾਂ ਨੂੰ ਉੱਚੀ-ਉੱਚੀ ਬੜੇ ਜ਼ੋਰ ਨਾਲ ਦੁਹਰਾਉਂਦੇ ਹਨ। ਪਾਠਸ਼ਾਲਾ ਦੇ ਅਧਿਆਪਕ ਨੇ ਨਾਨਕ ਲਈ ਵਰਣਮਾਲਾ ਲਿਖ

ਦਿੱਤੀ ਅਤੇ ਬਾਲਕ ਨਾਨਕ ਨੇ ਆਪਣੀ ਯਾਦਦਾਸ਼ਤ ਨਾਲ ਇਕੋ ਦਿਨ ਬਾਅਦ ਉਸੇ ਤਰ੍ਹਾਂ ਉਸਨੂੰ ਲਿਖ ਦਿੱਤਾ।

ਇਹ ਕਿਹਾ ਜਾਂਦਾ ਹੈ ਕਿ ਬਾਲਕ ਗੁਰੂ ਨੇ ਵਰਣਮਾਲਾ ਦੀ ਇਕ ਪੱਟੀ ਬਣਾ ਦਿੱਤੀ। ਜਿਸ ਤਰ੍ਹਾਂ ਹੋਰ ਭਾਸ਼ਾਵਾਂ ਦੀਆਂ ਇਹੋ ਜਿਹੀਆਂ ਰਚਨਾਵਾਂ ਵਿਚ ਹੈ। ਅੱਖਰਾਂ ਨੂੰ ਸਿਲਸਿਲੇ ਵਾਰ ਲਿਆ ਗਿਆ ਅਤੇ ਉਹਨਾਂ ਦੇ ਮੁੱਢਲੇ ਅੱਖਰਾਂ ਦੇ ਸ਼ਬਦਾਂ ਤੋਂ ਛੰਦਬੰਦੀ ਕਰਕੇ ਗੁਰੂ ਜੀ ਦੀਆਂ ਭਗਤੀ ਦੀਆਂ ਭਾਵਨਾਵਾਂ ਅਤੇ ਸਿਧਾਂਤਾਂ ਨੂੰ ਕਰਤਾ ਦੇ ਗੁਣਾਂ ਦੀਆਂ ਸਿਫ਼ਤਾਂ ਨੂੰ ਦਰਸਾਇਆ ਗਿਆ ਸੀ।

ਪੈਂਤੀ ਅੱਖਰਾਂ ਦੀ ਛੰਦਬੰਦੀ ਨੂੰ ਪੱਟੀ ਕਿਹਾ ਜਾਂਦਾ ਹੈ ਇਹ ਰਾਗ ਆਸਾ[1] ਵਿਚ ਇਸ ਤਰ੍ਹਾਂ ਹੈ :

ਸਸੈ ਸੋਇ ਸ੍ਰਿਸਟਿ ਜਿਨਿ ਸਾਜੀ
ਸਭਨਾ ਸਾਹਿਬੁ ਏਕੁ ਭਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੩੨)

ਇਸ ਤਰ੍ਹਾਂ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਕੁਝ ਦੇਰ ਲਈ ਪਾਠਸ਼ਾਲਾ ਜਾਂਦੇ ਰਹੇ। ਇਕ ਦਿਨ ਵੇਖਿਆ ਗਿਆ ਕਿ ਉਹ ਚੁੱਪ ਸਨ ਤੇ ਆਪਣਾ ਧਿਆਨ ਕਿਤਾਬਾਂ ਵਿਚ ਨਹੀਂ ਲਗਾ ਰਹੇ ਸਨ। ਪਾਠਸ਼ਾਲਾ ਦੇ ਅਧਿਆਪਕ ਨੇ ਪੁੱਛਿਆ ਉਹ ਕਿਉਂ ਪੜ੍ਹ ਨਹੀਂ ਰਹੇ ਸਨ। ਗੁਰੂ ਨਾਨਕ ਦੇਵ ਜੀ ਨੇ ਕਿਹਾ, "ਕੀ ਮੈਨੂੰ ਪੜ੍ਹਾਉਣ ਲਈ ਤੁਸੀਂ ਕਾਫੀ ਗਿਆਨਵਾਨ ਹੋ?" ਅਧਿਆਪਕ ਨੇ ਜਵਾਬ ਦਿੱਤਾ ਕਿ ਉਸਨੇ ਸਭ ਕੁਝ ਪੜ੍ਹਿਆ ਹੋਇਆ ਹੈ। ਉਸਨੂੰ ਵੇਦ ਤੇ ਸ਼ਾਸਤਰਾਂ[2] ਦਾ ਗਿਆਨ ਹੈ ਉਸਨੂੰ ਹਿਸਾਬ ਲਾਉਣੇ ਆਉਂਦੇ ਹਨ। ਕਚੀ ਵਹੀ, ਵਹੀ ਖਾਤੇ ਲਿਖਣੇ ਤੇ ਜਮਾਂ ਖਰਚੇ ਦਾ ਹਿਸਾਬ ਕਰਨਾ ਅਤੇ ਮੇਲਣਾ ਆਉਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ, "ਮੈਂ ਤੁਹਾਡੀਆਂ ਯੋਗਤਾਵਾਂ ਨਾਲੋਂ ਰੱਬੀ ਗਿਆਨ ਦੀ ਪੜ੍ਹਾਈ ਨੂੰ ਚੰਗਾ ਸਮਝਦਾ ਹਾਂ।" ਫੇਰ ਉਹਨਾਂ ਨੇ ਇਸ ਸ਼ਬਦ

---

1. ਭਾਰਤੀ ਲਿਖਾਰੀ ਛੇ ਮੁੱਖ ਰਾਗ ਗਿਣਦੇ ਹਨ- ਸ੍ਰੀ ਰਾਗ, ਭੈਰਵ, ਮਾਲਕੌਸ, ਹਿੰਡੋਲ, ਦੀਪਕ ਅਤੇ ਮੇਘ। ਇਹਨਾਂ ਦੇ ਅਗੋਂ ਇਸਤਰੀਆਂ ਤੇ ਪੁੱਤਰ ਦੱਸੇ ਜਾਂਦੇ ਹਨ ਜੋ ਮੁੱਖ ਰਾਗਾਂ ਦੇ ਘਟਾ ਵਧਾ ਕੇ ਰੂਪਾਂਤਰ ਹਨ ਅਤੇ ਭਾਰਤ ਦੇ ਵੱਖ-ਵੱਖ ਸੂਬਿਆਂ ਵਿੱਚ ਵੱਖ-ਵੱਖ ਤਰੀਕੇ ਨਾਲ ਗਾਏ ਜਾਂਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਇਕੱਤੀ ਰਾਗਾਂ ਵਿੱਚ ਲਿਖੇ ਗਏ ਹਨ ਜਿਹੜੇ ਨਿਮਨ ਲਿਖਿਤ ਹਨ : ਸ੍ਰੀ ਰਾਗੁ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟ, ਮਾਲੀਗੌੜਾ, ਮਾਰੂ, ਤੁਖਾਰੀ, ਕੇਦਾਰਾ, ਭੈਰੋ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ, ਜੈਜੈਵੰਤੀ, ਵਧੇਰੇ ਜਾਣਕਾਰੀ ਲਈ ਵੇਖੋ ਰਾਜਾ ਸਰ ਸਰਿੰਦਰਾ ਮੋਹਨ ਟੈਗੋਰ ਦੀਆਂ ਭਾਰਤੀ ਸੰਗੀਤ ਤੇ ਵਿਦਵਤਾ ਭਰਪੂਰ ਰਚਨਾਵਾਂ। ਭਾਰਤੀ ਰਾਗਾਂ ਨੂੰ ਯੂਰਪੀਨ ਤਰੀਕੇ ਦੇ ਲਿਖਣ ਦੇ ਢੰਗ ਨਾਲ ਲਿਖਿਆ ਪੰਜਵੀਂ ਜਿਲਦ ਦੇ ਅੰਤ ਵਿਚ ਵੇਖੋਗੇ।
2. ਸੰਸਕ੍ਰਿਤ ਦੀਆਂ ਰਚਨਾਵਾਂ ਵਿੱਚ ਹਿੰਦੂਆਂ ਦੇ ਛੇ ਸ਼ਾਸਤਰ ਹਨ : ਗੌਤਮ ਦਾ ਅਸਥਾਪਿਤ ਕੀਤਾ ਨਿਆਸ, ਕਨਾਡਾ ਦਾ ਵੈਸ਼ੇਸ਼ਿਕਾ, ਕਪੀਲਾ ਦਾ ਸਾਂਖਿਆ, ਪਤੰਜਲੀ ਦਾ ਯੋਗਾ, ਜੈਮਿਨੀ ਦਾ ਮੀਮਾਨਸਾ, ਵਿਆਸ ਦਾ ਵੇਦਾਂਤ। ਇਹਨਾਂ ਛਿਆਂ ਸ਼ਾਸਤਰਾਂ ਦੀ ਵਿਦਵਤਾ ਨਾਲ ਵਿਆਖਿਆ ਮੈਕਸਮੂਲਰ ਨੇ ਆਪਣੀ ਪੁਸਤਕ '*ਇੰਡੀਅਨ ਫਿਲਾਸਫ਼ੀ*' ਵਿਚ ਕੀਤੀ ਹੈ।

ਦੀ ਰਚਨਾ ਕੀਤੀ :

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੬)

ਇਹ ਸੁਣ ਕੇ ਪਾਠਸ਼ਾਲਾ ਦਾ ਅਧਿਆਪਕ ਹੈਰਾਨ ਰਹਿ ਗਿਆ ਤੇ ਉਸਨੇ ਗੁਰੂ ਨਾਨਕ ਦੇਵ ਜੀ ਨੂੰ ਪੂਰਨ ਸੰਤ ਸਮਝ ਕੇ ਬੰਦਨਾ ਕੀਤੀ ਅਤੇ ਉਹਨਾਂ ਨੂੰ ਕਿਹਾ ਕਿ ਜੋ ਉਹਨਾਂ ਨੂੰ ਭਾਉਂਦਾ ਹੈ ਕਰਨ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਵਿਦਿਆ ਦਾ ਕਮਾਲ ਵਿਖਾ ਕੇ ਪਾਠਸ਼ਾਲਾ ਛੱਡ ਦਿੱਤੀ ਤੇ ਆਪਣੀ ਪੜ੍ਹਾਈ ਤੇ ਭਗਤੀ ਵੱਲ ਲਗ ਪਏ। ਉਹ ਸੁੱਤੇ ਜਾਂ ਜਾਗਦੇ ਕਾਫ਼ੀ-ਕਾਫ਼ੀ ਸਮੇਂ ਤੱਕ ਇਕ ਹੀ ਮਨੋਬਿਰਤੀ ਵਿਚ ਰਹਿੰਦੇ ਅਤੇ ਹਮੇਸ਼ਾ ਧਾਰਮਿਕ ਪੁਰਸ਼ਾਂ ਦੀ ਸੰਗਤ ਕਰਦੇ।

ਦੁਨੀਆਂ ਦੇ ਮਹਾਨ ਧਰਮਾਂ ਦੇ ਬਾਨੀਆਂ ਦੀ ਵਿਦਿਅਕ ਅਗਿਆਨਤਾ ਅਕਸਰ ਉਹਨਾਂ ਦੇ ਅਨੁਯਾਈਆਂ ਵਲੋਂ ਸ਼ੇਖੀ ਦਾ ਵਿਸ਼ਾ ਬਣਾ ਲਈ ਗਈ। ਅਸਲ ਵਿਚ ਇਹ ਮਨੋਰਥ ਹੈ ਕਿ ਧਾਰਮਿਕ ਆਗੂਆਂ ਦੀਆਂ ਪ੍ਰਾਪਤੀਆਂ ਤੇ ਉਹਨਾਂ ਦੇ ਕਥਨ ਉਹਨਾਂ ਦੀ ਰੱਬੀ ਪ੍ਰੇਰਨਾ ਦੇ ਫਲਸਰੂਪ ਕਹੇ ਜਾ ਸਕਦੇ ਹਨ। ਸਿੱਖ ਧਰਮ ਦੇ ਬਾਨੀ ਨੂੰ ਵਿਦਿਆ ਲੈਣ ਦੀ ਘਾਟ ਹੋਵੇ ਇਸ ਦਾ ਕੋਈ ਕਾਰਨ ਨਜ਼ਰ ਨਹੀਂ ਆਉਂਦਾ ਅਤੇ ਇਹ ਵੀ ਸਮਝਣਾ ਮੁਸ਼ਕਲ ਨਹੀਂ ਕਿ ਕਿਸ ਤਰੀਕੇ ਉਹਨਾਂ ਨੇ ਆਪਣੀ ਸਿਖਿਆ ਪ੍ਰਾਪਤ ਕੀਤੀ। ਜੇ ਉਹ ਪਿੰਡ ਦੀ ਸਧਾਰਨ ਪਾਠਸ਼ਾਲਾ ਵਿਚ ਹੀ ਰਹਿੰਦੇ ਤਾਂ ਇਹ ਸੋਚ ਲੈਣ ਦਾ ਕੋਈ ਕਾਰਨ ਨਹੀਂ ਕਿ ਉਹ ਤਾਂ ਵੀ ਇਤਨਾ ਗਿਆਨ ਪ੍ਰਾਪਤ ਕਰ ਸਕਦੇ। ਇਹ ਤਾਂ ਤਲਵੰਡੀ ਦੇ ਆਲੇ-ਦੁਆਲੇ ਘਣੇ ਜੰਗਲਾਂ ਵਿੱਚ ਫਕੀਰਾਂ ਤੇ ਸਾਧੂਆਂ ਕਰਕੇ ਸੀ ਜੋ ਵਸੋਂ ਤੋਂ ਦੂਰ ਪੂਰੀ ਤਰ੍ਹਾਂ ਅਖੰਡ ਬੰਦਗੀ ਲਈ ਅਤੇ ਕੱਟੜ ਮੁਸਲਮਾਨ ਸ਼ਾਸਕਕਾਰੀਆਂ ਦੇ ਜ਼ੁਲਮਾਂ ਤੋਂ ਬਚਣ ਲਈ ਜੰਗਲਾਂ ਦੀ ਓਟ ਲੈਂਦੇ ਸਨ। ਸਾਰੀਆਂ ਜਨਮ-ਸਾਖੀਆਂ ਦਾ ਇਹ ਕਹਿਣਾ ਹੈ ਕਿ ਗੁਰੂ ਨਾਨਕ ਦੇਵ ਜੀ ਜੰਗਲਾਂ ਦੇ ਇਕਾਂਤ ਨੂੰ ਤੇ ਧਾਰਮਿਕ ਪੁਰਸ਼ਾਂ ਦੀ ਸੰਗਤ ਨੂੰ, ਜਿਨ੍ਹਾਂ ਦੀ ਉਥੇ ਆਵਾਜਾਈ ਆਮ ਰਹਿੰਦੀ, ਬਹੁਤ ਪਸੰਦ ਕਰਦੇ ਸਨ। ਉਹਨਾਂ ਵਿਚੋਂ ਕਈਆਂ ਨੂੰ ਉਸ ਸਮੇਂ ਦੇ ਭਾਰਤੀ ਧਾਰਮਿਕ ਸਾਹਿਤ ਦੀ ਬੜੀ ਡੂੰਘਾਈ ਵਿਚ ਜਾਣਕਾਰੀ ਸੀ। ਉਹ ਹਿੰਦੁਸਤਾਨ ਵਿਚ ਦੂਰ-ਦੂਰ ਤੱਕ ਸਫ਼ਰ ਕਰ ਚੁੱਕੇ ਸਨ ਅਤੇ ਉਥੋਂ ਦੇ ਪ੍ਰਸਿੱਧ ਧਾਰਮਿਕ ਆਗੂਆਂ ਨੂੰ ਵੀ ਮਿਲ ਚੁੱਕੇ ਸਨ। ਇਸ ਤਰ੍ਹਾਂ ਨਾਨਕ ਹਿੰਦੁਸਤਾਨੀ ਫ਼ਿਲਾਸਫ਼ਰਾਂ ਤੇ ਸੁਧਾਰਕਾਂ ਦੀਆਂ ਨਵੀਨ ਸਿੱਖਿਆਵਾਂ ਨਾਲ ਵੀ ਜਾਣੂ ਸਨ। ਜੋ ਤਸੱਲੀ ਉਹਨਾਂ ਨੂੰ ਆਤਮਿਕ ਚਿੰਤਨ ਤੇ ਧਾਰਮਿਕ ਸੰਗਤ ਵਿਚੋਂ ਮਿਲਦੀ ਉਹ ਉਹਨਾਂ ਇਸ ਤਰ੍ਹਾਂ ਦਰਸਾਈ :

ਜੋਗੀ ਹੋਵੈ ਜੋਗਵੈ ਭੋਗੀ ਹੋਵੈ ਖਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੩੦)

ਜਿਨ੍ਹਾਂ ਪੁਰਸ਼ਾਂ ਨਾਲ ਗੁਰੂ ਨਾਨਕ ਦੇਵ ਜੀ ਜੰਗਲ ਵਿਚ ਸੰਗਤ ਕਰਦੇ ਤੇ ਜਿਨ੍ਹਾਂ ਕੋਲੋਂ

ਰੱਬ ਦੇ ਗੀਤ ਸੁਣਦੇ ਸਨ, ਉਹਨਾਂ ਸਭ ਦੇ ਨਾਂ ਮਿੱਟ ਚੁੱਕੇ ਹਨ ਅਤੇ ਉਹਨਾਂ ਦੀਆਂ ਵਡਿਆਈਆਂ ਜਿਵੇਂ ਨਿਰਵਾਨ ਦੁਆਰਾ ਸਿੱਖ ਧਰਮ ਦੇ ਬਾਨੀ ਦੇ ਅਧਿਆਤਮਕ ਤੇਜ ਵਿਚ ਮਿਲ ਚੁੱਕੀਆਂ ਹੋਣ। ਪਰ ਧਾਰਮਿਕ ਆਗੂਆਂ ਦੀ ਜ਼ਬਾਨੀ ਪ੍ਰਾਪਤ ਕੀਤੇ ਗਿਆਨ ਤੋਂ ਵੀ ਵੱਧ ਸ਼ਾਇਦ ਉਹਨਾਂ ਦਾ ਕੁਦਰਤ ਨਾਲ ਤੇ ਕਾਦਰ ਨਾਲ ਨਿਰੰਤਰ ਅੰਤਰ-ਆਤਮੇ ਜੁੜਨਾ ਸੀ ਜਿਸ ਅਵਾਜ਼ ਨੇ ਕਈ ਸੰਤਾਂ ਨਾਲ ਗੱਲਬਾਤ ਕੀਤੀ ਹੋਵੇ ਉਹ ਫੇਰ ਇਕਾਂਤ ਵਿਚ ਗੂੰਜਨ ਲੱਗ ਪਈ ਅਤੇ ਨਾਨਕ ਦੀਆਂ ਸੋਚਾਂ ਨੂੰ ਧਾਰਮਿਕ ਲੋਰ ਦੀ ਚੋਟੀ ਤੱਕ ਉਭਾਰ ਦਿੱਤਾ। ਗਰਮੀਆਂ ਦੀ ਤਪਸ਼ ਵਿਚ ਤੇ ਸਰਦੀਆਂ ਦੀ ਠੰਡਕ ਵਿਚ ਆਕਾਸ਼ ਦੇ ਜਲਾਲ ਵਿਚ ਤੇ ਕੁਦਰਤ ਦੀਆਂ ਬਦਲਦੀਆਂ ਸੂਰਤਾਂ ਵਿਚ, ਆਪਣੇ ਛੋਟੇ ਜਿਹੇ ਪੈਦਾਇਸ਼ੀ ਪਿੰਡ ਦੇ ਵਸਨੀਕਾਂ ਦੀਆਂ ਖੁਸ਼ੀਆਂ ਤੇ ਗਮੀਆਂ ਵਿਚ ਉਹਨਾਂ ਨੇ ਚਮਕਦਾਰ ਅੱਖਰਾਂ ਵਿਚ ਉਸ ਨਿਰੰਕਾਰ ਰਚਨਹਾਰੇ ਦਾ ਨਾਮ ਪੜ੍ਹਿਆ ਤੇ ਅਨੰਦਿਤ ਹੋ ਕੇ ਬਾਰ-ਬਾਰ ਦੁਹਰਾਇਆ ਤੇ ਸਿਮਰਨ ਕੀਤਾ। ਨਾਮ ਹੀ ਇਸ ਕਰਕੇ ਉਹਨਾਂ ਦੀ ਨਿਰੰਤਰ ਉਪਾਸ਼ਨਾ ਅਤੇ ਭਗਤੀ ਦਾ ਮਨੋਰਥ ਬਣ ਗਿਆ ਅਤੇ ਇਹ ਹੀ ਵਿਸ਼ੇਸ਼ਤਾਈ ਉਹਨਾਂ ਦੇ ਮੱਤ ਦੀਆਂ ਅਸਲ ਵਿਸ਼ੇਸ਼ਤਾਈਆਂ ਵਿਚੋਂ ਇਕ ਹੈ :

ਜੈਸਾ ਬੀਜੈ ਸੁ ਲੁਣੇ ਜੋ ਖਟੇ ਸੁ ਖਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੩੦)

ਗੁਰੂ ਨਾਨਕ ਦੇਵ ਜੀ ਦੀਆਂ ਰਚਨਾਵਾਂ ਵਿਚ ਵੀ ਕਾਫ਼ੀ ਭਰੋਸੇਯੋਗ ਅੰਦਰੂਨੀ ਪ੍ਰਮਾਣ ਮਿਲਦਾ ਹੈ ਕਿ ਉਹਨਾਂ ਨੇ ਫ਼ਾਰਸੀ ਭਾਸ਼ਾ ਦਾ ਗਿਆਨ ਵੀ ਪ੍ਰਾਪਤ ਕੀਤਾ। ਪਿਤਾ ਕਾਲੂ ਨੇ ਅਨੁਭਵ ਕੀਤਾ ਕਿ ਧਾਰਮਿਕ ਆਦਮੀਆਂ ਦੀ ਸੰਗਤ ਉਹਨਾਂ ਦੇ ਪੁੱਤਰ ਦੇ ਦੁਨਿਆਵੀ ਕੰਮਾਂ ਵਿਚ ਫਾਇਦੇਮੰਦ ਹੋਣ ਵਾਲੀ ਨਹੀਂ ਸੀ। ਰਾਏ ਬੁਲਾਰ ਨੇ ਇਹ ਵਾਅਦਾ ਕੀਤਾ ਹੋਇਆ ਸੀ ਕਿ ਜੇ ਨਾਨਕ ਫ਼ਾਰਸੀ ਜਿਸ ਵਿਚ ਸਾਰੇ ਰਾਜਸੀ ਦਸਤਾਵੇਜ਼ ਤੇ ਹਿਸਾਬ ਉਦੋਂ ਲਿਖੇ ਜਾਂਦੇ ਸਨ, ਸਿੱਖ ਲੈਣ ਤਾਂ ਉਹ ਉਹਨਾਂ ਨੂੰ ਉਹਨਾਂ ਦੇ ਪਿਤਾ ਦੀ ਥਾਂ ਪਿੰਡ ਦਾ ਪਟਵਾਰੀ ਨਿਯੁਕਤ ਕਰ ਦੇਵੇਗਾ। ਫ਼ਾਰਸੀ ਕਦੀ ਵੀ ਹਿੰਦੂਆਂ ਦੀ ਬੋਲੀ ਨਹੀਂ ਸੀ ਅਤੇ ਵਿਦੇਸ਼ੀਆਂ ਦੀ ਜੇਤੂਆਂ ਦੀ ਅਤੇ ਮੁਸਲਮਾਨਾਂ ਦੇ ਅਪਵਿੱਤਰ ਸਾਹਿਤ[1] ਦੀ ਭਾਸ਼ਾ ਸਮਝ ਕੇ ਘ੍ਰਿਣਾ ਨਾਲ ਵੇਖੀ ਜਾਂਦੀ ਸੀ। ਪਰ ਨਾਨਕ ਦੇ ਸਮੇਂ ਹਿੰਦੂ ਇਸ ਬੋਲੀ ਨੂੰ ਸਿਰਫ਼ ਰੋਜ਼ੀ ਕਮਾਉਣ ਦਾ ਸਾਧਨ ਸਮਝ ਕੇ ਜਿਵੇਂ ਹੁਣ ਵੀ ਹੈ, ਸਿਖਦੇ ਸਨ। ਨਾਨਕ ਨੇ ਜਲਦੀ ਹੀ ਆਪਣੇ ਫ਼ਾਰਸੀ ਸਿਖਾਉਣ ਵਾਲੇ ਨੂੰ ਹੈਰਾਨ ਕਰ ਦਿੱਤਾ ਜਿਵੇਂ ਪਹਿਲੇ ਹਿੰਦੂ ਅਧਿਆਪਕ ਨੂੰ ਅਚੰਭਿਤ ਕੀਤਾ ਸੀ। ਰੁਕਨ-ਉਲਦੀਨ ਦੀਆਂ ਹਿਦਾਇਤਾਂ

---

1. ਪਰਾਸਾਰ ਦੀਆਂ ਲਿਖਤਾਂ ਵਿੱਚ ਸਿੱਖਿਆ ਮਿਲਦੀ ਹੈ ਕਿ ਯਵਨਾਂ ਦੇ ਵਾਸੀਆਂ ਦੀ ਜ਼ਬਾਨ ਨਾ ਬੋਲੀ ਜਾਏ। ਅਸਲ ਵਿਚ ਯਵਨਾਂ ਦਾ ਭਾਵ ਯੂਨਾਨ ਤੋਂ ਹੈ ਪਰ ਪਿਛੋਂ ਇਹ ਅਰਥ ਵਾਸਤੇ ਵਰਤਿਆ ਜਾਣ ਲੱਗਾ ਭਾਵੇਂ ਇਸ ਦੇ ਗਲੇ ਤੋਂ ਬੋਲਣ ਨਾਲ ਜੀਵਨ ਬਚਦਾ ਸੀ। ਪਰਾਸਾਰ ਬਾਹਰਲੇ ਦੇਸ਼ਾਂ ਲਈ ਹਿੰਦੂਆਂ ਦੀ ਨਫ਼ਰਤ ਰੱਖਦਾ ਸੀ ਤੇ ਉਸਨੇ ਇਸ ਦਾ ਪ੍ਰਗਟਾਅ ਕੀਤਾ ਹੈ। ਉਸਦੇ ਸ਼ਬਦ ਹੁਣ ਹਿੰਦੂਆਂ ਵਲੋਂ ਮੁਸਲਮਾਨਾਂ ਦੀ ਭਾਸ਼ਾ ਵੱਲ ਸੰਕੇਤ ਭਰਦੇ ਸਮਝੇ ਜਾਂਦੇ ਹਨ। ਭਾਵੇਂ ਉਸ ਦੇ ਸਮੇਂ ਦੇ ਪਿਛੋਂ ਮੁਸਲਮਾਨ ਕਈ ਸਦੀਆਂ ਤੱਕ ਨਹੀਂ ਸਨ ਆਏ।

ਦੇ ਜਵਾਬ ਵਿਚ ਉਹਨਾਂ ਨੇ ਆਪਣੇ ਆਪ ਨੂੰ ਅਧਿਆਪਕ ਸਮਝ ਕੇ ਫ਼ਾਰਸੀ ਦੇ ਅੱਖਰਾਂ ਦੀ ਵਰਣਮਾਲਾ ਨਾਲ ਸੀਹਰਫ਼ੀ ਦੀ ਰਚਨਾ ਕੀਤੀ।

ਨੋਟ : ਇਹ ਸੀਹਰਫ਼ੀ ਵਾਧੂ ਬਾਣੀਆਂ ਵਿਚੋਂ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਫ਼ਾਰਸੀ ਦੇ ਅਣਗਿਣਤ ਅੱਖਰ ਤੇ ਗੁਰੂ ਨਾਨਕ ਦੇਵ ਜੀ ਦੇ ਕਈ ਫ਼ਾਰਸੀ ਸ਼ਬਦ ਮੌਜੂਦ ਹਨ। ਵਾਸਤਵਿਕਤਾ ਵਿਚ ਇਹ ਮੰਨਿਆ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਫ਼ਾਰਸੀ ਦੇ ਚੰਗੇ ਵਿਦਵਾਨ ਹੋ ਗਏ ਸਨ। ਇਹ ਕਾਫ਼ੀ ਮੁਮਕਿਨ ਹੈ ਕਿ ਉਹਨਾਂ ਦੇ ਅਜ਼ਾਦ ਖ਼ਿਆਲਾਂ ਦੀ ਆਦਤ ਤੇ ਦੂਸਰੇ ਆਦਮੀਆਂ ਦੇ ਮੱਤਾਂ ਦੀ ਸਹਿਨਸ਼ੀਲਤਾ ਬਨਣ ਵਿਚ ਮੁਸਲਮਾਨ ਲਿਖਤਾਂ, ਜੋ ਫ਼ਾਰਸੀ ਭਾਸ਼ਾ ਵਿਚ ਭਰਪੂਰ ਹਨ, ਸਹਾਈ ਹੋਈਆਂ ਹੋਣ।

ਇਸ ਤਰ੍ਹਾਂ ਜਾਪਦਾ ਹੈ ਕਿ ਫ਼ਾਰਸੀ ਦੀ ਜਾਣਕਾਰੀ ਨੇ ਵੀ ਨਾਨਕ ਜੀ ਦੀਆਂ ਸੋਚਾਂ ਨੂੰ ਵਿਹਾਰਕ ਦਿਸ਼ਾ ਨਾ ਦਿੱਤੀ। ਉਹਨਾਂ ਦੇ ਪਿਤਾ ਨੇ ਸੋਚਿਆ ਕਿ ਇਹ ਝੱਲਾ ਹੋ ਗਿਆ ਹੈ ਅਤੇ ਬੜੀ ਬੁਰੀ ਤਰ੍ਹਾਂ ਉਹਨਾਂ ਦੇ ਭਵਿੱਖ ਲਈ ਦੁੱਖੀ ਸਨ। ਉਹਨਾਂ ਨੇ ਨਾਨਕ ਜੀ ਨੂੰ ਮੱਝਾਂ ਚਰਾਉਣ ਲਈ ਨਾਲ ਵਾਲੇ ਜੰਗਲ ਵਿਚ ਭੇਜ ਦਿੱਤਾ। ਇਕ ਦਿਨ ਸਭ ਕੁਝ ਠੀਕ ਰਿਹਾ ਪਰ ਦੂਸਰੇ ਦਿਨ ਨਾਨਕ ਜੀ ਸੌਂ ਗਏ ਅਤੇ ਉਹਨਾਂ ਦੇ ਡੰਗਰ ਗੁਆਂਢੀਆਂ ਦੇ ਖੇਤਾਂ ਵਿਚ ਚਲੇ ਗਏ। ਖੇਤ ਦੇ ਮਾਲਕ ਨੇ ਸ਼ਿਕਾਇਤ ਕੀਤੀ ਪਰ ਨਾਨਕ ਜੀ ਨੇ ਕਿਹਾ ਕਿ ਰੱਬ ਖੇਤ ਨੂੰ ਠੀਕ ਕਰ ਦੇਵੇਗਾ। ਖੇਤ ਦਾ ਮਾਲਕ ਇਸ ਗ਼ੈਰ-ਵਿਹਾਰਕ ਸੁਝਾ ਨੂੰ ਮੰਨਣ ਨੂੰ ਤਿਆਰ ਨਹੀਂ ਸੀ। ਉਸਨੇ ਰਾਏ ਬੁਲਾਰ ਕੋਲ ਸ਼ਿਕਾਇਤ ਕੀਤੀ। ਇਹ ਸੁਣ ਕੇ ਕਿ ਨਾਨਕ ਜੀ ਤਾਂ ਕਮਲੇ ਹੋ ਗਏ ਹਨ ਤਾਂ ਰਾਏ ਬੁਲਾਰ ਉਹਨਾਂ ਨੂੰ ਜਾਂ ਉਹਨਾਂ ਦੇ ਪਿਤਾ ਨੂੰ ਲੜਾਈ ਦਾ ਫੈਸਲਾ ਕਰਨ ਲਈ ਬੁਲਾਉਣ ਵਿਚ ਸਹਿਮਤੀ ਨਾ ਦਿੱਤੀ। ਨਾਨਕ ਜੀ ਨੇ ਕਿਹਾ ਕਿ ਖੇਤਾਂ ਦਾ ਕੋਈ ਨੁਕਸਾਨ ਨਹੀਂ ਹੋਇਆ ਅਤੇ ਇਹ ਰੱਬ ਦੀ ਬਖ਼ਸ਼ਿਸ਼ ਦੁਆਰਾ ਠੀਕ ਹੋ ਗਏ ਹਨ। ਰਾਏ ਬੁਲਾਰ ਨੇ ਆਪਣੇ ਦੂਤ ਉਸ ਜਗ੍ਹਾ ਨੂੰ ਜਾਂਚਣ ਲਈ ਭੇਜੇ। ਉਹਨਾਂ ਨੇ ਪਹੁੰਚ ਕੇ ਵੇਖਿਆ ਕਿ ਇਕ ਪੱਤਾ ਵੀ ਕੁਚਲਿਆ ਹੋਇਆ ਜਾਂ ਖਾਧਾ ਹੋਇਆ ਨਹੀਂ ਸੀ। ਖੇਤ ਜਿਥੇ ਇਹ ਕਰਾਮਾਤ ਹੋਈ ਉਹ ਦਰਸ਼ਕਾਂ ਨੂੰ ਵਿਖਾਇਆ ਜਾਂਦਾ ਹੈ। ਇਸ ਨੂੰ ਕਿਆਰਾ ਸਾਹਿਬ ਕਿਹਾ ਜਾਂਦਾ ਹੈ।

ਭਾਗ ਦੂਸਰਾ

ਜਦੋਂ ਨਾਨਕ ਜੀ ਨੌ ਸਾਲਾਂ ਦੇ ਹੋਏ ਤਾਂ ਉਹਨਾਂ ਦੇ ਪਿਤਾ ਨੇ ਫੈਸਲਾ ਕੀਤਾ ਕਿ ਉਹਨਾਂ ਨੂੰ ਜਨੇਊ ਪਹਿਨਾਇਆ ਜਾਏ। ਜਦੋਂ ਤਕ ਇਹ ਕਿਸੇ ਮੁੰਡੇ ਨੂੰ ਨਾ ਪਹਿਨਾਇਆ ਜਾਵੇ ਤਾਂ ਉਹ ਇਕ ਤਰ੍ਹਾਂ ਧਰਮ ਤੋਂ ਬਾਹਰ ਸਮਝਿਆ ਜਾਂਦਾ ਹੈ। ਜਦੋਂ ਪਰਿਵਾਰ ਤੇ ਰਿਸ਼ਤੇਦਾਰ, ਸਾਰੇ ਗੁਆਂਢੀ ਤੇ ਧਾਰਮਿਕ ਤੇ ਦੂਜੇ ਲੋਕ ਇਕੱਠੇ ਹੋ ਗਏ ਤੇ ਸਾਰੀਆਂ ਮੁੱਢਲੀਆਂ ਰਸਮਾਂ ਪੂਰੀਆਂ ਹੋ ਚੁੱਕੀਆਂ ਤਾਂ ਪਰਿਵਾਰ ਦਾ ਪੰਡਿਤ ਹਰਦਿਆਲ ਗੁਰੂ ਨਾਨਕ ਦੇਵ ਜੀ ਦੇ ਗਲੇ ਵਿਚ ਜਨੇਊ ਪਾਉਣ ਲਈ

ਅੱਗੇ ਵਧਿਆ। ਲੜਕੇ ਨੇ ਧਾਗਾ ਆਪਣੇ ਹੱਥ ਵਿਚ ਪਕੜ ਲਿਆ ਅਤੇ ਪੰਡਿਤ ਨੂੰ ਪੁੱਛਿਆ ਕਿ ਉਹ ਕੀ ਕਰ ਰਿਹਾ ਹੈ ਤੇ ਇਸ ਤਰ੍ਹਾਂ ਦੇ ਧਾਗੇ ਨੂੰ ਪਾਉਣ ਦਾ ਕੀ ਫਾਇਦਾ ਹੋਵੇਗਾ। ਪੰਡਿਤ ਨੇ ਫੇਰ ਸਮਝਾਇਆ ਕਿ ਜਨੇਊ ਹਿੰਦੂ ਧਰਮ ਦਾ ਆਧਾਰ ਹੈ ਤੇ ਇਸ ਤੋਂ ਬਿਨਾਂ ਆਦਮੀ ਸ਼ੂਦਰ ਸਮਝਿਆ ਜਾਂਦਾ ਹੈ, ਇਸਨੂੰ ਪਾਉਣ ਨਾਲ ਇਸ ਜਨਮ ਵਿਚ ਮਹਾਨਤਾ ਮਿਲੇਗੀ ਅਤੇ ਅਗਲੇ ਜਨਮ ਵਿਚ ਖੁਸ਼ੀ। ਇਹ ਸੁਣ ਕੇ ਬਾਲਕ ਗੁਰੂ ਨੇ ਇਹ ਸ਼ਬਦ ਉਚਾਰਨ ਕੀਤੇ :

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੭੧)

ਪੰਡਿਤ ਨੇ ਵਿਸਥਾਰ ਨਾਲ ਸਮਝਾਇਆ ਕਿ ਜਨੇਊ ਪਹਿਨਣ ਦੀ ਰਸਮ ਵੇਦਾਂ ਦੀ ਮਰਯਾਦਾ ਤੋਂ ਚਲੀ ਆ ਰਹੀ ਹੈ ਅਤੇ ਕੋਈ ਵੀ ਹਿੰਦੂ ਇਸਨੂੰ ਪਹਿਨਣ ਤੋਂ ਬਿਨਾਂ ਧਰਮੀ ਨਹੀਂ ਸਮਝਿਆ ਜਾਂਦਾ। ਬ੍ਰਾਹਮਣ ਨੇ ਫੇਰ ਗੁਰੂ ਜੀ ਨੂੰ ਬੜੀ ਅਪਣਤ ਨਾਲ ਕਿਹਾ, "ਤੂੰ ਤਾਂ ਕੱਲ੍ਹ ਦਾ ਬੱਚਾ ਹੈਂ, ਕੀ ਅਸੀਂ ਤੇਰੇ ਵਰਗੇ ਸਿਆਣੇ ਨਹੀਂ? ਜਿੰਨੀ ਦੇਰ ਤਕ ਤੂੰ ਇਸ ਨੂੰ ਨਹੀਂ ਪਹਿਨਦਾ ਤੂੰ ਧਰਮ ਤੋਂ ਵੰਚਿਤ ਵਿਅਕਤੀ ਸਮਝਿਆ ਜਾਵੇਂਗਾ।" ਗੁਰੂ ਜੀ ਨੇ ਜਵਾਬ ਦਿੱਤਾ :

ਲਖ ਚੋਰੀਆ ਲਖ ਜਾਰੀਆ ਲਖ ਕੂੜੀਆ ਲਖ ਗਾਲਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੭੧)

ਬ੍ਰਾਹਮਣ ਪੰਡਿਤ ਇਹ ਸੁਣ ਕੇ ਗੁੱਸੇ ਵਿਚ ਆ ਗਿਆ ਅਤੇ ਗੁਰੂ ਜੀ ਨੂੰ ਪੁੱਛਿਆ ਕਿ ਕੀ ਸਾਰੇ ਮੂਰਖ ਹਨ ਤੇ ਇਕ ਤੂੰ ਹੀ ਸਿਆਣਾ ਹੈ ਜੋ ਪਿਤਾ-ਪੁਰਖੀ ਦੀਆਂ ਰਸਮਾਂ ਨੂੰ ਛੱਡ ਰਿਹਾ ਹੈਂ। ਉਸਨੇ ਫੇਰ ਗੁਰੂ ਜੀ ਨੂੰ ਕਿਹਾ ਕਿ ਉਹ ਦੱਸਣ ਕਿ ਅਸਲੀ ਜਨੇਊ ਕੀ ਹੈ। ਗੁਰੂ ਜੀ ਨੇ ਉੱਤਰ ਦਿੱਤਾ :

ਨਾਇ ਮੰਨਿਐ ਪਤਿ ਊਪਜੈ ਸਾਲਾਹੀ ਸਚੁ ਸੂਤੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੭੧)

ਗੁਰੂ ਜੀ ਨੇ ਫੇਰ ਇਸ ਮਜ਼ਮੂਨ ਤੇ ਆਪਣੀ ਸਿਖਿਆ ਨੂੰ ਇਸ ਤਰ੍ਹਾਂ ਸੰਖਿਪਤ ਕੀਤਾ :

ਤਗੁ ਨ ਇੰਦ੍ਰੀ ਤਗੁ ਨ ਨਾਰੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੭੧)

ਪ੍ਰਵੇਸ਼ਿਕਾ ਵਿਚ ਅਸੀਂ ਇਹ ਜਾਣ ਚੁੱਕੇ ਹਾਂ ਕਿ ਉਸ ਵੇਲੇ ਸੁਲਤਾਨਪੁਰ, ਜਲੰਧਰ ਦੋਆਬ ਦੀ ਰਾਜਧਾਨੀ ਸੀ। ਉਸ ਵੇਲੇ ਅਤੇ ਅੰਗਰੇਜ਼ਾਂ ਦੇ ਕਬਜ਼ੇ ਤੱਕ ਜ਼ਮੀਨ ਦਾ ਮਾਲੀਆ ਆਮ ਕਰਕੇ ਫ਼ਸਲ ਵਿਚ ਦਿੱਤਾ ਜਾਂਦਾ ਸੀ। ਸਰਕਾਰੀ ਸਰਵੇਖਕ ਤੇ ਮੁੱਲ ਨਿਰਧਾਰਨ ਕਰਨ ਵਾਲੇ ਜਿਨ੍ਹਾਂ ਨੂੰ ਆਮਿਲ ਕਿਹਾ ਜਾਂਦਾ ਸੀ, ਰਾਜਧਾਨੀ ਤੋਂ ਵੱਖਰੇ-ਵੱਖਰੇ ਇਲਾਕਿਆਂ ਵਿਚ ਭੇਜੇ ਜਾਂਦੇ ਸਨ। ਆਮਿਲ ਜੈ ਰਾਮ ਨੂੰ ਤਲਵੰਡੀ ਦੇ ਮਾਲੀਏ ਦਾ ਅਨੁਮਾਨ ਲਾਉਣ ਲਈ ਨਿਯੁਕਤ ਕੀਤਾ ਗਿਆ ਸੀ। ਇਕ ਦਿਨ ਮੱਕੀ ਦੀ ਫਸਲ ਨਿਰੀਖਣ ਕਰਦਿਆਂ ਉਸ ਨੇ ਗੁਰੂ ਨਾਨਕ ਦੇਵ ਜੀ ਦੀ ਭੈਣ ਨਾਨਕੀ ਨੂੰ ਖੂਹ ਵਿਚੋਂ ਪਾਣੀ ਕਢਦਿਆਂ ਧਿਆਨ ਨਾਲ ਵੇਖਿਆ ਕਿ ਉਹ ਦਿਸਣ

ਵਿਚ ਸੋਹਣੀ ਸੀ। ਰਾਏ ਬੁਲਾਰ ਦੀ ਦਿਆਲਤਾ ਨਾਲ ਉਸਦਾ ਵਿਆਹ ਗੁਰੂ ਨਾਨਕ ਦੇਵ ਜੀ ਦੀ ਭੈਣ ਨਾਨਕੀ ਨਾਲ ਸੁਧਾਇਆ ਗਿਆ। ਨਾਨਕੀ ਆਪਣੇ ਪਤੀ ਨਾਲ ਰਹਿਣ ਲਈ ਸੁਲਤਾਨਪੁਰ ਚਲੀ ਗਈ।

ਨਾਨਕ ਜੀ ਦਾ ਵਿਆਹ ਆਪਣੀ ਭੈਣ ਦੇ ਵਿਆਹ ਤੋਂ ਜਲਦੀ ਹੀ ਬਾਅਦ ਵਿਚ ਹੋ ਗਿਆ ਹੋਵੇਗਾ। ਮਨੀ ਸਿੰਘ ਦੀ ਜਨਮ ਸਾਖੀ ਦੇ ਕਥਨ ਦੇ ਮੁਤਾਬਕ ਚੌਦਾਂ ਸਾਲ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਦਾ ਵਿਆਹ ਹੋਇਆ। ਜਿਸ ਤਰ੍ਹਾਂ ਕਿ ਪੂਰਬ ਵਿਚ ਆਮ ਹੈ, ਉਹਨਾਂ ਦਾ ਵਿਆਹ ਉਹਨਾਂ ਦੇ ਮਾਂ ਪਿਉ ਨੇ ਆਪਣਾ ਧਾਰਮਿਕ ਫ਼ਰਜ਼ ਸਮਝ ਕੇ ਨਿਪਟਾਇਆ। ਬਟਾਲਾ[1] ਜੋ ਕਿ ਹੁਣ ਗੁਰਦਾਸਪੁਰ ਜ਼ਿਲ੍ਹੇ ਵਿਚ ਹੈ ਦੇ ਰਹਿਣ ਵਾਲੇ ਮੂਲ ਚੰਦ ਦੀ ਸਪੁੱਤਰੀ ਸੁਲੱਖਣੀ ਨਾਲ ਉਹਨਾਂ ਦੀ ਕੁੜਮਾਈ ਹੋਈ। ਇਸ ਤਰ੍ਹਾਂ ਲੱਗਦਾ ਹੈ ਕਿ ਨਨਕਾਣਾ ਤੇ ਬਟਾਲਾ ਦੀ ਦੂਰੀ ਨੂੰ ਮਦੇ -ਨਜ਼ਰ ਰਖਦੇ ਹੋਏ ਜਿਸ ਕਰਕੇ ਆਉਣ ਜਾਣ ਤੇ ਗੱਲ ਬਾਤ ਕਰਨ ਵਿਚ ਰੁਕਾਵਟ ਹੁੰਦੀ ਸੀ ਵਿਆਹ ਵੀ ਕੁੜਮਾਈ ਤੋਂ ਬਾਅਦ ਜਲਦੀ ਹੀ ਹੋ ਗਿਆ। ਗੁਰੂ ਨਾਨਕ ਦੇਵ ਜੀ ਦੀ ਭੈਣ ਵਿਆਹ ਤੇ ਮੌਜੂਦ ਸੀ ਪਰ ਉਸਦੇ ਪਤੀ ਨੂੰ ਵਿਆਹ ਤੇ ਆਉਣ ਦੀ ਇਜਾਜ਼ਤ ਨਾ ਮਿਲ ਸਕੀ। ਉਸਨੇ ਇਹ ਸੁਨੇਹਾ ਭੇਜਿਆ ਕਿ ਉਹ ਤਾਂ ਕਿਸੇ ਦੂਸਰੇ ਦਾ ਨੌਕਰ ਹੈ, ਉਸਦੀ ਖ਼ਿਮਾ ਸਭ ਨੇ ਪ੍ਰਵਾਨ ਕਰ ਲਈ।

ਇਸ ਤਰ੍ਹਾਂ ਜਾਪਦਾ ਹੈ ਕਿ ਨਾਨਕ ਜੀ ਨੂੰ ਚਰਵਾਹੇ ਦੀ ਹੈਸੀਅਤ ਵਿਚ ਫੇਰ ਕੰਮ ਸੌਂਪਣ ਦਾ ਵਿਸ਼ਵਾਸ ਕੀਤਾ ਗਿਆ। ਇਕ ਦਿਨ ਆਪਣੀਆਂ ਮੱਝਾਂ ਚਰਾਉਣ ਦੇ ਸਮੇਂ ਉਹ ਦੁਪਹਿਰ ਦੀ ਗਰਮੀ ਵਿਚ ਇਕ ਦਰੱਖਤ ਦੀ ਛਾਂ ਹੇਠਾਂ ਲੇਟ ਗਏ। ਰਾਏ ਬੁਲਾਰ ਨੇ ਸ਼ਾਮ ਨੂੰ ਉਥੋਂ ਲੰਘਦਿਆਂ ਉਹਨਾਂ ਨੂੰ ਵੇਖਿਆ ਤੇ ਧਿਆਨ ਦਿੱਤਾ ਕਿ ਜਿਸ ਦਰੱਖਤ ਦਾ ਪਰਛਾਵਾਂ ਉਹਨਾਂ ਨੂੰ ਛਾਂ ਦੇ ਰਿਹਾ ਸੀ ਉਹ ਉਥੇ ਹੀ ਸਥਿਰ ਖੜਾ ਸੀ ਜਦ ਕਿ ਦੂਸਰੇ ਦਰੱਖਤਾਂ ਦੇ ਪਰਛਾਵਿਆਂ ਦੀ ਤਰ੍ਹਾਂ ਸੂਰਜ ਦੇ ਢੱਲਣ ਨਾਲ ਦਿਸ਼ਾ ਨਹੀਂ ਬਦਲੀ ਸੀ। ਇਕ ਹੋਰ ਮੌਕੇ ਤੇ ਜਦ ਕਿ ਗੁਰੂ ਨਾਨਕ ਦੇਵ ਜੀ ਚਰਾਂਦ ਵਿਚ ਸੁੱਤੇ ਹੋਏ ਸਨ ਤਾਂ ਇਹ ਵੇਖਿਆ ਗਿਆ ਕਿ ਇਕ ਫਨੀਅਰ ਸੱਪ ਆਪਣੀ ਫਣ ਨਾਲ ਉਨ੍ਹਾਂ ਦੀ ਰੱਖਿਆ ਕਰ ਰਿਹਾ ਸੀ ਤੇ ਉਹਨਾਂ ਉਪਰ ਛਾਂ ਕਰ ਰਿਹਾ ਸੀ। ਰਾਏ ਬੁਲਾਰ ਨੇ ਬਾਲਕ ਦੀਆਂ ਕਰਾਮਾਤੀ ਸ਼ਕਤੀਆਂ ਨੂੰ ਮੰਨ ਲਿਆ ਤੇ ਕਾਲੂ ਨੂੰ ਇਹੋ ਜਿਹੇ ਪੁੱਤਰ ਦਾ ਪਿਉ ਹੋਣ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਦੁਨਿਆਵੀ ਗੱਲਾਂ ਵਿਚ ਦਿਲਚਸਪੀ ਨਾ ਲੈਣ ਕਰਕੇ ਕਾਲੂ ਨੂੰ ਹੁਣ ਆਪਣੇ ਪੁੱਤਰ ਨਾਲ ਬਿਲਕੁਲ ਨਰਾਜ਼ ਨਹੀਂ ਹੋਣਾ ਚਾਹੀਦਾ। ਉਹ ਇਕ ਮਹਾਨ ਆਦਮੀ ਸੀ। ਉਹ ਦਰੱਖਤ ਜੋ ਸਦੀਆਂ ਤੋਂ ਵਿੰਗ ਤੜਿੰਗਾ ਤੇ ਸੁੱਕਿਆ ਹੋਇਆ ਸੀ ਜਿਸ ਵੱਲ ਪਹਿਲੀ ਦੱਸੀ ਗਈ ਕਰਾਮਾਤ ਦੀ ਜਗ੍ਹਾ ਹੋਣ ਦਾ ਇਸ਼ਾਰਾ ਕੀਤਾ ਜਾਂਦਾ ਹੈ, ਦਾ ਮੋਟਾ ਤਣਾ ਹਾਲੇ ਵੀ ਛਾਂਦਾਰ ਹੈ ਅਤੇ ਇਸ ਦੀਆਂ ਪਵਿੱਤਰ ਸ਼ਾਖਾਵਾਂ ਜ਼ਮੀਨ ਦੇ ਸਹਾਰੇ ਇਸ ਤਰ੍ਹਾਂ ਖੜੀਆਂ ਹਨ ਕਿ ਜਿਵੇਂ

1. ਬਟਾਲੇ ਵਿਚ ਮਾਤਾ ਸੁਲੱਖਣੀ ਦਾ ਜਨਮ ਅਸਥਾਨ ਸਿੱਖਾਂ ਵਲੋਂ ਸਤਿਕਾਰਿਆ ਜਾਂਦਾ ਹੈ। ਉਹਨਾਂ ਦੀ ਯਾਦ ਵਿਚ ਮਹਾਰਾਜਾ ਸ਼ੇਰ ਸਿੰਘ ਨੇ ਉਸ ਅਸਥਾਨ ਤੇ ਧਰਮਸ਼ਾਲਾ ਬਣਾਈ।

ਥੰਮਿਆਂ ਤੇ ਖੜਾ ਭਾਰਤੀ ਅੰਜੀਰ ਦਾ ਦਰੱਖਤ ਹੁੰਦਾ ਹੈ।

ਨਾਨਕ ਜੀ ਹਾਲੇ ਵੀ ਕਿਸੇ ਫਾਇਦੇਮੰਦ ਕੰਮ ਨੂੰ ਨਾ ਕਰਨ ਤੇ ਕਾਇਮ ਸਨ। ਉਹਨਾਂ ਦੀ ਮਾਤਾ ਉਹਨਾਂ ਦੀ ਬੇਕਾਰੀ ਤੇ ਗੁੱਸੇ ਹੁੰਦੀ ਤੇ ਉਹਨਾਂ ਨੂੰ ਸਲਾਹ ਦਿੰਦੀ ਕਿ ਉਹ ਉਠ ਕੇ ਆਪਣੀ ਰੋਜ਼ੀ ਲਈ ਕੋਈ ਕੰਮ ਕਰਨ ਤੇ ਫਜ਼ੂਲ ਵਾਰਤਾਲਾਪ ਨਾ ਬਣਾਉਣ। ਉਹਨਾਂ ਦੀ ਮਾਤਾ ਨੇ ਕਿਹਾ ਕਿ ਸਾਰੇ ਲੋਕ ਉਹਨਾਂ ਨੂੰ ਪਾਗਲ ਸਮਝਣ ਲਗ ਪਏ ਹਨ ਪਰ ਉਹਨਾਂ ਤੇ ਆਪਣੀ ਮਾਂ ਦੀਆਂ ਝਿੜਕਾਂ ਦਾ ਕੋਈ ਅਸਰ ਨਹੀਂ ਹੋਇਆ ਸਿਵਾਏ ਇਸਦੇ ਕਿ ਇਸ ਮੌਕੇ ਤੇ ਇਸ ਸ਼ਬਦ ਦੀ ਰਚਨਾ ਕੀਤੀ :

ਹਠੁ ਕਰਿ ਮਰੈ ਨ ਲੇਖੈ ਪਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੨੨੬)

ਇਸ ਤੋਂ ਬਾਅਦ ਨਾਨਕ ਜੀ ਲੰਮੇ ਪੈ ਗਏ ਤੇ ਇਕੋ ਦਸ਼ਾ ਵਿਚ ਚਾਰ ਦਿਨ ਪਏ ਤੇ ਕੋਈ ਸਰੀਰਕ ਹਿਲ-ਜੁਲ ਨਾ ਕੀਤੀ।

ਨਾਨਕ ਜੀ ਇਸ ਤਰ੍ਹਾਂ ਲਗਦਾ ਸੀ ਕਿ ਸਾਰੇ ਦੁਨਿਆਵੀ ਧੰਧਿਆਂ ਲਈ ਅਯੋਗ ਸਿੱਧ ਹੋਏ। ਇਹ ਨਿਕੰਮੇਪਣ ਵਿਚ ਬਦਨਾਮ ਹੋ ਗਏ ਅਤੇ ਉਹਨਾਂ ਦੇ ਮਾਤਾ ਪਿਤਾ ਲਈ ਇਹ ਇਕ ਭਾਰੀ ਫ਼ਿਕਰ ਦਾ ਕਾਰਨ ਬਣ ਗਿਆ। ਉਹਨਾਂ ਦੀ ਮਾਤਾ ਉਹਨਾਂ ਨੂੰ ਨਰਮੀ ਨਾਲ ਡਾਂਟ ਕੇ ਦੁਨਿਆਵੀ ਕੰਮਾਂ ਵਿਚ ਲਗਾਉਣ ਦੀ ਕੋਸ਼ਿਸ ਕਰਦੀ ਪਰ ਕਿਸਮਤ ਵਲੋਂ ਕਾਮਯਾਬੀ ਨਾ ਮਿਲੀ। ਉਹਨਾਂ ਦੇ ਪਿਤਾ ਨੇ ਫੇਰ ਇਹ ਮਸਲਾ ਆਪਣੇ ਹੱਥ ਵਿਚ ਲਿਆ ਤੇ ਕਿਹਾ ਕਿ ਨਾਨਕ ਹੁਣ ਵੱਡਾ ਹੋ ਗਿਆ ਹੈ ਤੇ ਹੁਣ ਉਸਨੂੰ ਖੇਤੀ-ਬਾੜੀ ਵੱਲ ਧਿਆਨ ਦੇਣਾ ਚਾਹੀਦਾ ਹੈ ਕਿਉਂਕਿ ਉਹਨਾਂ ਨੂੰ ਆਪਣੀ ਜ਼ਮੀਨ ਦੀ ਵਾਹੀ ਲਈ ਸਹਾਇਤਾ ਦੀ ਲੋੜ ਹੈ। ਨਾਨਕ ਜੀ ਨੇ ਉੱਤਰ ਦਿੱਤਾ :

ਇਹ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੨੩)

ਉਹਨਾਂ ਦੇ ਪਿਤਾ ਤੇ ਰਾਏ ਬੁਲਾਰ ਨੇ ਉਹਨਾਂ ਨੂੰ ਸਮਝਾਉਣ ਦੀ ਕੋਸ਼ਿਸ ਕੀਤੀ ਕਿ ਕਿਰਸਾਨ ਬਣਨ ਦਾ ਇਹ ਤਰੀਕਾ ਨਹੀਂ ਹੈ। ਕਿਰਸਾਨ ਤਾਂ ਉਹ ਹੈ ਜੋ ਹੱਥੀ ਮਿਹਨਤ ਕਰਦਾ ਹੈ ਤੇ ਰੋਜ਼ੀ ਕਮਾਉਂਦਾ ਹੈ। ਨਾਨਕ ਜੀ ਨੇ ਇਹ ਰਚਨਾ ਕੀਤੀ :

ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੨੩)

ਫੇਰ ਨਾਨਕ ਜੀ ਨੇ ਆਪਣੇ ਪਿਤਾ ਨੂੰ ਦੱਸਿਆ ਕਿ ਉਹਨਾਂ ਨੇ ਆਪਣਾ ਖੇਤ ਬੀਜ ਦਿੱਤਾ ਹੈ ਤੇ ਉਸਦੀ ਫਸਲ ਹੁਣ ਤਿਆਰ ਹੈ। ਉਹਨਾਂ ਨੂੰ ਆਪਣੀ ਵਾਹੀ ਤੇ ਇਤਨਾ ਭਰੋਸਾ ਹੈ ਕਿ ਉਸ ਵਿਚੋਂ ਕੁਝ ਫ਼ਸਲ ਮਾਲੀਏ ਦੇ ਤੌਰ ਤੇ ਸਰਕਾਰ ਨੂੰ ਦੇ ਕੇ ਵੀ ਪੂਰੀ ਦੀ ਪੂਰੀ ਫ਼ਸਲ ਬਚ ਜਾਏਗੀ। ਉਸ ਫ਼ਸਲ ਵਿਚੋਂ ਬੇਟੇ, ਬੇਟੀਆਂ, ਮੰਗਤੇ, ਭਾਈ, ਬੰਧੂ ਸਭ

ਫਾਇਦਾ ਉਠਾਉਣਗੇ। ਉਹਨਾਂ ਨੇ ਰੱਬ ਲਈ ਹੱਲ ਵਾਹਿਆ ਹੈ ਤੇ ਜੋ (ਰੱਬ) ਉਹਨਾਂ ਨੂੰ ਇਸ ਤਰ੍ਹਾਂ ਸਮਝਦਾ ਹੈ ਜਿਵੇਂ ਕੋਈ ਮਾਲਕ ਆਪਣੇ ਮੁਜ਼ਾਰਿਆਂ ਨੂੰ। ਜਿਸ ਦਿਨ ਉਸਦਾ ਆਪਣੇ ਰਚਨਹਾਰੇ ਨਾਲ ਮੇਲ ਹੋ ਜਾਏਗਾ ਉਸਦੀ ਅੰਤਰ-ਆਤਮਾ ਪ੍ਰਸੰਨ ਹੋ ਜਾਵੇਗੀ।

ਇਹ ਸੁਣ ਕੇ ਉਹਨਾਂ ਦੇ ਪਿਤਾ ਨੇ ਕਿਹਾ ਕਿ ਉਹ ਦੁਕਾਨ ਕਰ ਲੈਣ ਕਿਉਂਕਿ ਵਾਹੀ ਕਰਨ ਜਿਤਨੀ ਹੀ ਫਾਇਦੇਮੰਦ ਹੈ। ਨਾਨਕ ਜੀ ਉੱਤਰ ਦਿੱਤਾ :

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੫੯੫)

ਫੇਰ ਉਹਨਾਂ ਦੇ ਪਿਤਾ ਕਾਲੂ ਨੇ ਕਿਹਾ, "ਜੇ ਤੂ ਦੁਕਾਨਦਾਰ ਵੀ ਨਹੀਂ ਬਣਨਾ ਚਾਹੁੰਦਾ ਤਾਂ ਘੋੜੇ ਲੈ ਲੈ ਅਤੇ ਵਪਾਰੀ ਬਣ ਜਾ। ਤੇਰਾ ਦਿਲ ਉਦਾਸ ਹੈ ਪਰ ਆਪਣੀ ਰੋਜ਼ੀ ਲਈ ਕੁਝ ਤਾਂ ਕਰ, ਵਿਦੇਸ਼ਾਂ ਵਿਚ ਜਾ। ਅਸੀਂ ਇਹ ਕਹਾਂਗੇ ਕਿ ਤੂੰ ਆਪਣੀ ਰੋਜ਼ੀ ਕਮਾਉਣ ਬਾਹਰ ਗਿਆ ਹੈਂ ਤੇ ਜਲਦੀ ਹੀ ਵਾਪਸ ਆ ਜਾਵੇਂਗਾ।" ਇਸ ਗਲ ਤੇ ਨਾਨਕ ਜੀ ਨੇ ਤੀਸਰਾ ਪਦ ਬੋਲਿਆ :

ਸੁਣਿ ਸਾਸਤ ਸਉਦਾਗਰੀ ਸਤੁ ਘੋੜੇ ਲੈ ਚਲੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੫੯੫)

ਕਾਲੂ ਨੇ ਦੁਖੀ ਹੋ ਕੇ ਕਿਹਾ, "ਤੂੰ ਸਾਡੇ ਹੱਥੋਂ ਗਿਆ। ਜਾ ਤੇ ਜਾ ਕੇ ਸਰਕਾਰੀ ਨੌਕਰੀ ਕਰ ਲੈ। ਦੌਲਤ ਖ਼ਾਨ ਦਾ ਮਾਲੀਆ ਅਫ਼ਸਰ ਤੇਰਾ ਭਣਵੱਈਆ ਹੈ ਜਾ ਕੇ ਉਹਦੇ ਕੋਲ ਨੌਕਰੀ ਕਰ ਲੈ। ਸ਼ਾਇਦ ਤੈਨੂੰ ਉਹ ਜਗ੍ਹਾ ਚੰਗੀ ਲੱਗੇ, ਅਸੀਂ ਤੇਰੀ ਕਮਾਈ ਤੋਂ ਬਿਨਾਂ ਕੰਮ ਚਲਾ ਲਵਾਂਗੇ। ਜੇ ਤੂੰ ਹੋਰ ਕਿਧਰੇ ਬਿਨਾਂ ਕੰਮ ਤੋਂ ਜਾਵੇਂਗਾ ਤਾਂ ਸਾਰੇ ਲੋਕਾਂ ਵਿਚ ਮੇਰੀ ਬਦਨਾਮੀ ਹੋਵੇਗੀ ਕਿ ਮੇਰਾ ਵੱਡਾ ਪੁੱਤਰ ਫਕੀਰ ਬਣ ਗਿਆ ਹੈ। ਅਤੇ ਲੋਕ ਮੈਨੂੰ ਮੇਹਣੇ ਦੇਣਗੇ। ਇਸ ਗੱਲ ਤੇ ਗੁਰੂ ਨਾਨਕ ਦੇਵ ਜੀ ਨੇ ਚੌਥਾ ਪਦ ਉਚਾਰਨ ਕੀਤਾ :

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੫੯੬)

ਨਾਨਕ ਜੀ ਨੇ ਫੇਰ ਆਪਣੇ ਪਿਤਾ ਨੂੰ ਦੱਸਿਆ ਕਿ ਰੱਬ ਨੇ ਮੈਨੂੰ ਤੁਹਾਡੀਆਂ ਅਰਦਾਸਾਂ ਦਾ ਮਨੋਰਥ ਪ੍ਰਦਾਨ ਕਰ ਦਿੱਤਾ ਹੈ। ਵਪਾਰ, ਸਰਕਾਰੀ ਨੌਕਰੀ ਤੇ ਸ਼ਾਹੂਕਾਰੇ ਦੇ ਸਾਰੇ ਫਾਇਦੇ ਉਹਨਾਂ ਨੂੰ ਮਿਲ ਚੁੱਕੇ ਹਨ। ਹੈਰਾਨ ਹੋਏ ਪਿਤਾ ਨੇ ਕਿਹਾ ਕਿ ਉਸਨੇ ਕਦੀ ਇਹੋ ਜਿਹੇ ਰੱਬ ਨੂੰ ਨਾ ਵੇਖਿਆ ਹੈ ਤੇ ਨਾ ਹੀ ਸੁਣਿਆ ਹੈ ਜੋ ਏਨੀਆਂ ਦਾਤਾਂ ਦਿੰਦਾ ਹੈ। ਨਾਨਕ ਜੀ ਨੇ ਕਿਹਾ ਕਿ ਉਹਨਾਂ ਦੇ ਰੱਬ ਨੂੰ ਉਹ ਹੀ ਸਲਾਹੁੰਦੇ ਹਨ ਜੋ ਉਸਨੂੰ ਵੇਖ ਲੈਂਦੇ ਹਨ :

ਸੁਣਿ ਵਡਾ ਆਖੈ ਸਭ ਕੋਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੩੪੮)

ਉਹਨਾਂ ਦੇ ਪਿਤਾ ਦੀ ਤਸੱਲੀ ਨਾ ਹੋਈ ਤੇ ਉਹਨਾਂ ਨੇ ਫੇਰ ਗਿਲਾ ਕੀਤਾ ਅਤੇ ਨਾਨਕ ਜੀ ਨੂੰ ਹਿਦਾਇਤ ਕੀਤੀ ਕਿ ਉਹ ਆਪਣੇ ਮਨ ਦੇ ਖ਼ਿਆਲ ਛੱਡ ਦੇਣ ਤੇ ਦੂਸਰੇ ਲੋਕਾਂ ਵਾਗੂੰ

ਵਿਹਾਰ (ਕੰਮ-ਕਾਜ) ਕਰਨ ਕਿਉਂਕਿ ਕੋਈ ਵੀ ਦੁਨਿਆਵੀ ਮਨੁੱਖ ਕੰਮ ਤੋਂ ਬਿਨਾਂ ਨਹੀਂ ਰਹਿ ਸਕਦਾ। ਨਾਨਕ ਜੀ ਸਹਿਮਤ ਨਾ ਹੋਏ ਤੇ ਉਹਨਾਂ ਦੇ ਪਿਤਾ ਨਿਰਾਸ਼ ਹੋ ਕੇ ਆਪਣੇ ਹੋਰ ਰੁਝੇਵਿਆਂ ਵੱਲ ਚਲੇ ਗਏ। ਨਾਨਕ ਜੀ ਦੀ ਮਾਤਾ ਜੀ ਨੇ ਫੇਰ ਆਪਣੇ ਪੁੱਤਰ ਨੂੰ ਦੁਨਿਆਦਾਰੀ ਦੇ ਢਾਂਚੇ ਵਿਚ ਬਦਲਣ ਦੀ ਕੋਸ਼ਿਸ਼ ਕੀਤੀ। ਉਹਨਾਂ ਨੇ ਤਰਲੇ ਨਾਲ ਕਿਹਾ ਕਿ ਉਹ ਥੋੜ੍ਹੇ ਦਿਨਾਂ ਲਈ ਆਪਣੀ ਭਗਤੀ ਨੂੰ ਛੱਡ ਕੇ ਬਾਹਰ ਚਲੇ ਜਾਣ ਤਾਂ ਕਿ ਗੁਆਂਢੀਆਂ ਨੂੰ ਇਸ ਗੱਲ ਦਾ ਨਿਸ਼ਚਾ ਹੋ ਜਾਵੇ ਕਿ ਕਾਲੂ ਦਾ ਪੁੱਤਰ ਠੀਕ ਹੋ ਗਿਆ ਹੈ। ਨਾਨਕ ਜੀ ਨੇ ਫੇਰ ਇਹ ਪਦੇ ਰਾਗ ਆਸਾ ਵਿਚ ਕਹੇ :

ਆਖਾ ਜੀਵਾ ਵਿਸਰੈ ਮਰਿ ਜਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੩੪੯)

ਫੇਰ ਉਹਨਾਂ ਦੀ ਮਾਤਾ ਨੇ ਉਠ ਕੇ ਸਾਰੇ ਘਰ ਵਿਚ ਨਾਨਕ ਜੀ ਦੀ ਹਾਲਤ ਬਾਰੇ ਦੱਸ ਦਿੱਤਾ। ਇਸ ਗੱਲ ਤੇ ਸਾਰਾ ਪਰਿਵਾਰ ਅਤੇ ਸਾਕ-ਸੰਬੰਧੀ ਉਦਾਸ ਹੋ ਗਏ ਅਤੇ ਕਹਿਣ ਲੱਗੇ ਕਿ ਇਹ ਤਾਂ ਬੜੇ ਦੁੱਖ ਦੀ ਗੱਲ ਹੈ ਕਿ ਕਾਲੂ ਦਾ ਪੁੱਤਰ ਪਾਗਲ ਹੋ ਗਿਆ ਹੈ।

ਹੋਰ ਲੋਕਾਂ ਵਿਚੋਂ ਉਹਨਾਂ ਦੇ ਚਾਚਾ ਲਾਲੂ ਨੇ ਵੀ ਨੌਜਵਾਨ ਔਲੀਆ ਨੂੰ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ। ਉਹਨਾਂ ਨੇ ਕਿਹਾ ਕਿ ਸਾਰੇ ਰਿਸ਼ਤੇਦਾਰਾਂ ਨੇ ਉਹਨਾਂ ਲਈ ਕਾਰੋਬਾਰ ਲੱਭਿਆ ਹੋਇਆ ਸੀ ਪਰ ਉਹਨਾਂ ਨੇ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਇਸ ਦੇ ਉਲਟ ਉਹ ਕੁਝ ਵੀ ਕਰਨ ਨੂੰ ਤਿਆਰ ਨਹੀਂ, ਆਪਣਾ ਦਿਲ ਪ੍ਰਚਾਵਾ ਵੀ ਨਹੀਂ। ਨਾਨਕ ਜੀ ਨੇ ਫੇਰ ਇਹ ਸ਼ਬਦ ਉਚਾਰਿਆ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਮਿਲਦਾ :

"ਸਭ ਲੋਕ ਧੰਧਿਆਂ ਵਿਚ ਫਸੇ ਪਏ ਹਨ
ਇਹਨਾਂ ਨੂੰ ਕਿਵੇਂ ਚੰਗਾ ਕਿਹਾ ਜਾ ਸਕਦਾ ਹੈ।............."

ਗੁਰੂ ਨਾਨਕ ਦੇਵ ਜੀ ਫੇਰ ਚੁੱਪ ਹੋ ਗਏ ਤੇ ਲੰਮੇ ਪੈ ਗਏ ਤੇ ਖਾਣਾ-ਪੀਣਾ ਬੰਦ ਕਰ ਦਿੱਤਾ। ਸਾਰੇ ਪਰਿਵਾਰ ਨੇ ਕਾਲੂ ਨੂੰ ਕਿਹਾ ਕਿ ਉਸਦੇ ਪੁੱਤਰ ਲਈ ਕੁਝ ਕਰਨਾ ਚਾਹੀਦਾ ਹੈ। ਵੈਦ ਨੂੰ ਬੁਲਾਉਣਾ ਚਾਹੀਦਾ ਹੈ ਤੇ ਦਵਾਈ ਲੈਣੀ ਚਾਹੀਦੀ ਹੈ, "ਕਿਸ ਨੂੰ ਪਤਾ ਕਿ ਇਕ ਤਿਨਕੇ ਪਿਛੇ ਲੱਖਾਂ ਦਾ ਫ਼ਾਇਦਾ ਹੋਵੇ" ਮਤਲਬ ਇਹ ਕਿ ਥੋੜ੍ਹੇ ਖਰਚ ਨਾਲ ਸ਼ਾਇਦ ਨਾਨਕ ਜੀ ਠੀਕ ਹੋ ਜਾਣ। ਵੈਦ ਆਇਆ ਤੇ ਨਾਨਕ ਜੀ ਦੀ ਨਬਜ਼ ਵੇਖਣ ਲੱਗ ਪਿਆ। ਨਾਨਕ ਜੀ ਨੇ ਆਪਣੀ ਬਾਂਹ ਖਿਚ ਲਈ ਤੇ ਪੈਰ ਇਕੱਠੇ ਕਰਕੇ ਖੜ੍ਹੇ ਹੋ ਕੇ ਕਹਿਣ ਲੱਗੇ, "ਓ ਵੈਦ, ਤੂੰ ਕੀ ਕਰ ਰਿਹਾ ਹੈਂ?" ਵੈਦ ਨੇ ਕਿਹਾ ਕਿ ਉਹ ਉਹਨਾਂ ਦੀ ਬਿਮਾਰੀ ਦੀ ਜਾਂਚ ਕਰ ਰਿਹਾ ਹੈ। ਇਸ ਗੱਲ ਤੇ ਨਾਨਕ ਜੀ ਹੱਸੇ ਤੇ ਇਹ ਸ਼ਬਦ ਉਚਾਰਨ ਕੀਤਾ :

ਵੈਦੁ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ ॥[1]

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੭੯)

---

1. ਇਸ ਅੱਗੇ ਵਾਧੂ ਬਾਣੀ ਦਾ ਉਲਥਾ ਹੈ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ। ਵਿਸਤਾਰ ਲਈ ਵੇਖੋ, ਪੁਰਾਤਨ ਜਨਮ ਸਾਖੀ "ਵੈਦ"।

ਵੈਦ ਨੇ ਨਾਨਕ (ਗੁਰੂ ਨਾਨਕ ਦੇਵ ਜੀ) ਨੂੰ ਪੁੱਛਿਆ ਕਿ ਉਹ ਕੀ ਸੋਚਦੇ ਹਨ ਕਿ ਉਹਨਾਂ ਨੂੰ ਕੀ ਬਿਮਾਰੀ ਹੈ । ਨਾਨਕ ਜੀ ਨੇ ਜਵਾਬ ਦਿੱਤਾ :

ਦੁਖੁ ਵੇਛੋੜਾ ਇਕੁ ਦੁਖੁ ਭੂਖ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੫੬)

ਇਹ ਵੀ ਇਸ ਵਿਸ਼ੇ ਤੇ ਉਚਾਰੇ ਹੋਏ ਸ਼ਬਦ ਹਨ :

ਦੁਖ ਮਹੁਰਾ ਮਾਰਣ ਹਰਿ ਨਾਮੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੫੬)

ਵੈਦ ਫੇਰ ਪਰ੍ਹੇ ਹੋ ਗਿਆ ਤੇ ਚੁੱਪ-ਚਾਪ ਖੜ੍ਹਾ ਰਿਹਾ। ਉਸਨੇ ਦੱਸਿਆ ਕਿ ਨਾਨਕ ਜੀ ਬਿਮਾਰ ਨਹੀਂ ਸਨ। ਉਹਨਾਂ ਦੇ ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ ਉਹਨਾਂ ਲਈ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਕਿਉਂਕਿ ਉਹ ਮਹਾਨ ਆਤਮਾ ਸਨ। ਇਸ ਉਪਰੰਤ ਵੈਦ ਨੇ ਉਹਨਾਂ ਨੂੰ ਬੰਦਨਾ ਕੀਤੀ ਤੇ ਜਾਣ ਦੀ ਆਗਿਆ ਲਈ।

ਗੁਰੂ ਨਾਨਕ ਦੇਵ ਜੀ ਦੇ ਵਿਵਾਹਿਕ ਜੀਵਨ ਬਾਰੇ ਬਹੁਤ ਘੱਟ ਜਾਣਕਾਰੀ ਪ੍ਰਾਪਤ ਹੈ ਸਿਵਾਏ ਇਸ ਦੇ ਕਿ ਉਹਨਾਂ ਦੇ ਦੋ ਪੁੱਤਰ ਸ੍ਰੀ ਚੰਦ ਤੇ ਲੱਖਮੀ ਦਾਸ ਹੋਏ। ਇਹ ਕਿਹਾ ਜਾਂਦਾ ਹੈ ਕਿ ਉਹ ਵਿਰਾਨ ਜੰਗਲਾਂ ਦੇ ਵਿਚ ਇਕਾਂਤ ਵਿਚ ਚਲੇ ਜਾਂਦੇ ਤੇ ਆਪਣਾ ਸਮਾਂ ਕਿਸੇ ਦਰੱਖਤ ਹੇਠਾਂ ਬੈਠ ਕੇ ਭਗਤੀ ਵਿਚ ਬਿਤਾਉਂਦੇ।

ਸਾਰੀਆਂ ਨਵੀਨ ਜਨਮ ਸਾਖੀਆਂ ਮੁਤਾਬਕ ਗੁਰੂ ਨਾਨਕ ਦੇਵ ਜੀ ਦਾ ਵਿਆਹ ਪਿਛੋਂ ਹੋਇਆ। ਉਹਨਾਂ ਦੇ ਸੁਲਤਾਨਪੁਰ ਜਾਣ ਤੋਂ ਬਾਅਦ। ਉਹਨਾਂ ਦੇ ਕਹਿਣ ਮੁਤਾਬਕ ਜੈ ਰਾਮ ਨੇ ਹੀ ਉਹਨਾਂ ਦਾ ਵਿਆਹ ਕਰਵਾਇਆ ਅਤੇ ਉਹਨਾਂ ਦੀ ਸੁਪਤਨੀ ਪੱਖੋਂ ਦੀ ਰਹਿਣ ਵਾਲੀ ਸੀ ਜੋ ਕਸਬਾ ਸੁਲਤਾਨਪੁਰ ਤੋਂ ਬਹੁਤ ਦੂਰ ਨਹੀਂ ਹੈ। ਅਸੀਂ ਮਨੀ ਸਿੰਘ ਤੇ ਪੁਰਾਤਨ ਜਨਮ ਸਾਖੀਆਂ ਨੂੰ ਠੀਕ ਮੰਨਿਆ ਹੈ। ਜੇ ਨਾਨਕ ਜੀ ਨੂੰ ਆਪਣੀ ਮਰਜ਼ੀ ਤੇ ਛੱਡ ਦਿੱਤਾ ਜਾਂਦਾ ਤੇ ਉਹਨਾਂ ਦੇ ਮਾਂ ਪਿਉ ਉਹਨਾਂ ਦਾ ਵਿਆਹ ਨਾ ਕਰਵਾਉਂਦੇ ਤਾਂ ਹੋ ਸਕਦਾ ਹੈ ਕਿ ਸੁਲਤਾਨਪੁਰ ਵਿਚ ਸਰਕਾਰੀ ਨੌਕਰੀ ਕਰਨ ਤੋਂ ਬਾਅਦ ਉਹਨਾਂ ਦਾ ਧਿਆਨ ਆਦਮੀ ਦੇ ਫਰਜ਼ਾਂ ਵੱਲ ਨਾ ਜਾਂਦਾ। ਇਸ ਗੱਲ ਦੀ ਸਮਝ ਬਾਅਦ ਵਿਚ ਆ ਜਾਏਗੀ ਜਦੋਂ ਅਸੀਂ ਸੁਲਤਾਨਪੁਰ ਵਿਚ ਉਹਨਾਂ ਦੇ ਰਹਿਣ-ਸਹਿਣ ਦੇ ਢੰਗ ਤੇ ਵਿਚਾਰ ਕਰਾਂਗੇ।

ਭਾਗ ਤੀਸਰਾ

ਇਕ ਵਾਰੀ ਗੁਰੂ ਜੀ ਨੇ ਜਦੋਂ ਆਪਣੇ ਆਲੇ-ਦੁਆਲੇ ਉਹਨਾਂ ਦਾ ਹਾਲ ਵੇਖਣ ਲਈ ਆਪਣੇ ਮਾਤਾ ਪਿਤਾ ਤੇ ਹੋਰ ਸੰਬੰਧਿਆਂ ਨੂੰ ਖੜ੍ਹਾ ਵੇਖਿਆ ਤਾਂ ਰਾਗ ਗਉੜੀ ਚੇਤੀ[1] ਵਿਚ ਇਸ

1. ਗਉੜੀ ਰਾਗਨੀ ਹੈ ਸ੍ਰੀ ਰਾਗ ਦੀ ਇਸਤ੍ਰੀ। ਇਸ ਦੀਆਂ ਨੌ ਵੰਨਗੀਆਂ ਹਨ ਜਿਨ੍ਹਾਂ ਵਿਚੋਂ ਇਕ ਚੇਤੀ ਹੈ।

ਸ਼ਬਦ ਦੀ ਰਚਨਾ ਕੀਤੀ :

ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੫੬)

ਪਿਤਾ ਕਾਲੂ ਨੇ ਫੇਰ ਇਹ ਇੱਛਾ ਪ੍ਰਗਟ ਕੀਤੀ ਕਿ ਉਹਨਾਂ ਦਾ ਪੁੱਤਰ ਵਪਾਰਕ ਧੰਦਾ ਅਪਣਾ ਲਵੇ। ਲੂਣ, ਹਲਦੀ ਤੇ ਸੌਦੇ ਦੀਆਂ ਹੋਰ ਚੀਜ਼ਾਂ ਖਰੀਦਣ ਲਈ ਪਿਤਾ ਜੀ ਨੇ ਉਹਨਾਂ ਨੂੰ ਚੂਹੜਕਾਨਾ ਜੋ ਹੁਣ ਜ਼ਿਲ੍ਹਾ ਸ਼ੇਖੂਪੁਰਾ (ਪਾਕਿਸਤਾਨ) ਵਿਚ ਹੈ, ਭੇਜਿਆ। ਨਾਨਕ ਜੀ ਇਕ ਨੌਕਰ ਨੂੰ ਨਾਲ ਲੈ ਕੇ ਟੁਰ ਪਏ। ਰਸਤੇ ਵਿਚ ਉਹਨਾਂ ਨੂੰ ਕੁਝ ਸਾਧੂ ਮਿਲੇ ਜਿਨ੍ਹਾਂ ਨੇ ਇਹ ਪ੍ਰਣ ਲਿਆ ਹੋਇਆ ਸੀ ਕਿ ਸਾਰੇ ਮੌਸਮਾਂ ਵਿਚ ਵਸਤਰਾਂ ਤੋਂ ਬਿਨਾਂ (ਨੰਗੇ) ਰਹਿਣਗੇ। ਨਾਨਕ ਜੀ ਨੂੰ ਇਹ ਗੱਲ ਬੜੀ ਅਜੀਬ ਲੱਗੀ ਅਤੇ ਉਹਨਾਂ ਨੇ ਉਹਨਾਂ ਦੇ ਮੁੱਖੀ ਪੰਡਿਤ ਸੰਤਰੇਨ ਨੂੰ ਪੁੱਛਿਆ ਕਿ ਉਹਨਾਂ ਕੋਲ ਪਾਉਣ ਲਈ ਕਪੜੇ ਨਹੀਂ ਹਨ ਜਾਂ ਕਪੜੇ ਹੁੰਦਿਆਂ ਹੋਇਆ ਉਹਨਾਂ ਨੂੰ ਪਾਉਣੇ ਤਕਲੀਫ਼ ਦੇਹ ਲਗਦੇ ਹਨ। ਇਸ ਤੋਂ ਪਹਿਲੇ ਕਿ ਉਹਨਾਂ ਨੂੰ ਇਸ ਗੱਲ ਦਾ ਜਵਾਬ ਮਿਲਦਾ ਉਹਨਾਂ ਦੇ ਨੌਕਰ ਨੇ ਉਹਨਾਂ ਨੂੰ ਯਾਦ ਕਰਾਇਆ ਕਿ ਉਹ ਕਿਸ ਵਿਹਾਰਕ ਕੰਮ ਲਈ ਜਾ ਰਹੇ ਸਨ ਤੇ ਇਸ ਲਈ ਆਪਣੇ ਪਿਤਾ ਜੀ ਦੀ ਆਗਿਆ ਪਾਲਨ ਲਈ ਹਿਦਾਇਤ ਮੁਤਾਬਕ ਚੂਹੜਖਾਨੇ ਵੱਲ ਤੁਰਨ ਦੀ ਸਲਾਹ ਦਿੱਤੀ। ਪਰ ਨਾਨਕ ਜੀ ਆਪਣੀ ਮਨ ਦੀ ਧਾਰਨਾ ਤੋਂ ਟਲਣ ਵਾਲੇ ਨਹੀਂ ਸਨ। ਉਹਨਾਂ ਨੇ ਪੁਜਾਰੀ ਨੂੰ ਜਵਾਬ ਦੇਣ ਲਈ ਮਜਬੂਰ ਕੀਤਾ। ਉਸਨੇ ਕਿਹਾ ਕਿ ਉਸਦੀ ਟੋਲੀ ਭੋਜਨ ਜਾ ਵਸਤਰ ਉਤਨੀ ਦੇਰ ਤਕ ਧਾਰਨ ਨਹੀਂ ਕਰਦੀ, ਜਿਤਨੀ ਦੇਰ ਤਕ ਕੋਈ ਆਪਣੇ ਆਪ ਉਹਨਾਂ ਨੂੰ ਪ੍ਰਦਾਨ ਨਾ ਕਰ ਦੇਵੇ। ਬਹੁਤੇ ਸੁੱਖ ਸਾਧਨਾਂ ਤੋਂ ਬਚਣ ਲਈ ਉਹ ਵਸੋਂ ਵਾਲੇ ਪਿੰਡਾਂ ਜਾਂ ਸ਼ਹਿਰਾਂ ਵਿਚ ਨਾ ਰਹਿ ਕੇ ਜੰਗਲਾਂ ਵਿਚ ਰਹਿੰਦੇ ਸਨ। ਨਾਨਕ ਨੇ ਸੋਚਿਆ ਕਿ ਜਿਸ ਚੀਜ਼ ਦੀ ਉਹਨਾਂ ਨੂੰ ਭਾਲ ਸੀ ਉਹ ਮਿਲ ਗਈ ਹੈ। ਉਹਨਾਂ ਨੇ ਆਪਣੇ ਨੌਕਰ ਨੂੰ ਕਿਹਾ ਕਿ ਉਹ ਆਪਣੇ ਪਿਤਾ ਦੀ ਹਿਦਾਇਤ ਦੀ ਆਗਿਆ ਪਾਲਨ ਕਰ ਚੁੱਕੇ ਸਨ, ਜਿਸਦੇ ਮੁਤਾਬਕ ਪੈਸੇ ਨੂੰ ਵੱਧ ਤੋਂ ਵੱਧ ਫ਼ਾਇਦੇ ਲਈ ਵਰਤਨਾ ਸੀ। ਇਸ ਕਰਕੇ ਉਹਨਾਂ ਨੇ ਉਹ ਪੈਸੇ ਜੋ ਉਹਨਾਂ ਦੇ ਪਿਤਾ ਨੇ ਦਿੱਤੇ ਸੀ, ਸਾਧੂਆਂ ਨੂੰ ਦੇ ਦਿੱਤੇ। ਇਸ ਉਪਰੰਤ ਸਾਧੂਆਂ ਨੇ ਪੁੱਛਿਆ ਕਿ ਉਹਨਾਂ ਦਾ ਕੀ ਨਾਮ ਹੈ ਤੇ ਉਹਨਾਂ ਨੇ ਜਵਾਬ ਵਿਚ ਕਿਹਾ ਕਿ ਉਹ ਨਾਨਕ ਨਿਰੰਕਾਰੀ ਜਾਂ ਨਾਨਕ ਇਕ ਨਿਰਾਕਾਰ ਰੱਬ ਦੇ ਪੁਜਾਰੀ ਸਨ। ਨਾਨਕ ਜੀ ਨੇ ਇਹਨਾਂ ਪੈਸਿਆਂ ਨਾਲ ਨੇੜੇ ਦੇ ਪਿੰਡ ਤੋਂ ਸਾਧੂਆਂ ਲਈ ਭੋਜਨ ਲਿਆ ਕੇ ਛਕਾਇਆ ਜਿਨ੍ਹਾਂ ਨੇ ਕਈ ਦਿਨਾਂ ਤੋਂ ਭੋਜਨ ਮੂੰਹ ਨਹੀਂ ਲਗਾਇਆ ਸੀ।

ਜਦੋਂ ਫ਼ਕੀਰ ਚਲੇ ਗਏ ਤਾਂ ਨਾਨਕ ਜੀ ਦੇ ਨੌਕਰ ਨੇ ਉਹਨਾਂ ਨੂੰ ਇਤਨੀ ਅੰਨੇਵਾਹ ਫ਼ਜ਼ੂਲ ਖਰਚੀ ਲਈ ਝਿੜਕਿਆ। ਫੇਰ ਉਹਨਾਂ ਨੂੰ ਆਪਣੇ ਕੀਤੇ ਦੀ ਅਸਲੀਅਤ ਦਾ ਅਹਿਸਾਸ ਹੋਇਆ ਤੇ ਉਹ ਘਰ ਨਾ ਗਏ ਤੇ ਤਲਵੰਡੀ ਪਿੰਡ ਦੇ ਬਾਹਰ ਇਕ ਦਰੱਖਤ ਹੇਠਾਂ ਬੈਠ ਗਏ। ਉਹਨਾਂ ਦੇ ਪਿਤਾ ਜੀ ਨੇ ਉਥੇ ਉਹਨਾਂ ਨੂੰ ਬੈਠੇ ਵੇਖਿਆ ਤੇ ਹੁਕਮ ਅਦੂਲੀ ਕਰਨ ਲਈ ਡਾਂਟ-ਡਪਟ ਕੀਤੀ। ਪੁਰਾਣਾ ਦਰੱਖਤ ਜਿਸ ਹੇਠਾਂ ਉਹ ਬੈਠੇ ਸਨ ਉਹ ਹਾਲੇ ਵੀ ਸੁਰੱਖਿਅਤ ਹੈ। ਉਸ ਦੇ ਆਲੇ-ਦੁਆਲੇ

ਸੁਰੱਖਿਆ ਲਈ ਕੰਧ ਉਸਾਰੀ ਹੋਈ ਹੈ। ਉਸ ਚੌਗਿਰਦੇ ਦੇ ਅੰਦਰ ਧਾਰਮਿਕ ਲੋਕ ਆਪਣੀ ਬੰਦਗੀ ਤੇ ਭਗਤੀ ਕਰਦੇ ਵੇਖੇ ਜਾਂਦੇ ਹਨ। ਉਸ ਦਰੱਖਤ ਨੂੰ ਥੰਭ ਸਾਹਿਬ ਕਿਹਾ ਜਾਂਦਾ ਹੈ ਜਿਸ ਦਾ ਮਤਲਬ ਹੈ ਪਵਿੱਤਰ ਤਣਾ (ਸਹਾਰਾ ਦੇਣ ਵਾਲੀ ਥਾਂ)

ਸਉਣੀ ਦੀ ਫ਼ਸਲ ਹੋਣ ਤੋਂ ਜੈ ਰਾਮ ਹਰ ਸਾਲ ਤਲਵੰਡੀ ਆਉਂਦਾ ਤੇ ਉਸਨੂੰ ਨਾਨਕ ਨਾਲ ਜਾਣ-ਪਹਿਚਾਣ ਵਧਾਉਣ ਦਾ ਤੇ ਉਹਨਾਂ ਦੇ ਚੰਗੇ ਗੁਣਾਂ ਨੂੰ ਸਲਾਹੁਣ ਦਾ ਕਾਫ਼ੀ ਮੌਕਾ ਮਿਲਦਾ। ਰਾਏ ਬੁਲਾਰ ਵੀ ਕੋਈ ਨਾਨਕ ਜੀ ਦਾ ਬੇਦਿਲਾ ਸਮੱਰਥਕ ਨਹੀਂ ਸੀ। ਉਹਦੇ ਤੇ ਜੈ ਰਾਮ ਵਿਚ ਇਹ ਤੈਅ ਹੋਇਆ ਕਿ ਨਾਨਕ ਜੀ ਇਕ ਸੰਤ ਸਨ ਜਿਨ੍ਹਾਂ ਨਾਲ ਉਹਨਾਂ ਦੇ ਪਿਤਾ ਦੁਆਰਾ ਬੁਰਾ ਸਲੂਕ ਹੁੰਦਾ ਹੈ ਅਤੇ ਜੈ ਰਾਮ ਨੇ ਇਹ ਵਾਅਦਾ ਕੀਤਾ ਕਿ ਉਹ ਉਹਨਾਂ ਨੂੰ ਪਿਆਰ ਨਾਲ ਰੱਖੇਗਾ ਤੇ ਸੁਲਤਾਨਪੁਰ ਵਿਚ ਕਾਰੋਬਾਰ ਕਰਵਾਏਗਾ। ਨਾਨਕ ਜੀ ਦਾ ਆਪਣੇ ਭਣਵਈਏ ਕੋਲ ਜਾਣ ਦਾ ਇਕ ਹੋਰ ਕਾਰਨ ਦੁਨਿਆਵੀ ਉਪਰਾਮਤਾ ਵੀ ਸੀ। ਉਹਨਾਂ ਦਾ ਇਕ ਫ਼ਕੀਰ ਨਾਲ ਮੇਲ-ਜੋਲ ਹੋ ਗਿਆ ਜੋ ਪਿੰਡ ਵਿਚ ਆਮ ਆਉਂਦਾ ਸੀ। ਨਾਨਕ ਜੀ ਨੇ ਉਸਨੂੰ ਆਪਣਾ ਨਾਂ ਨਾਨਕ ਨਿਰੰਕਾਰੀ ਦੱਸਿਆ ਜਿਵੇਂ ਕਿ ਉਹ ਹੋਰ ਫ਼ਕੀਰਾਂ ਨੂੰ ਵੀ ਦੱਸਦੇ ਸਨ। ਦੋਹਾਂ ਵਿਚ ਕਾਫ਼ੀ ਮਿੱਤਰਤਾ ਦੀ ਸਾਂਝ ਹੋ ਗਈ। ਫ਼ਕੀਰ ਸ਼ਾਇਦ ਧੋਖੇਬਾਜ਼ ਸੀ, ਪਿੱਤਲ ਦੇ ਕਰਮੰਡਲ ਅਤੇ ਨਾਨਕ ਜੀ ਦੀ ਵਿਆਹ ਦੀ ਸੋਨੇ ਦੀ ਮੁੰਦਰੀ ਜੋ ਉਹਨਾਂ ਨੇ ਪਹਿਨੀ ਹੋਈ ਸੀ, ਲੈਣਾ ਚਾਹੁੰਦਾ ਸੀ। ਉਸਨੇ ਨਾਨਕ ਜੀ ਨੂੰ ਇਹ ਚੀਜ਼ਾਂ ਉਸਨੂੰ ਦੇਣ ਲਈ ਕਿਹਾ ਜੋ ਗੁਰੂ ਜੀ ਨੇ ਉਸਦੀ ਬੇਨਤੀ ਮੰਨ ਕੇ ਦੇ ਦਿੱਤੀਆਂ। ਇਸ ਨਾਲ ਉਹਨਾਂ ਦੇ ਮਾਤਾ ਪਿਤਾ ਬਹੁਤ ਗੁੱਸੇ ਤੇ ਦੁੱਖੀ ਹੋਏ। ਇਸ ਤੋਂ ਬਾਅਦ ਨਾਨਕ ਜੀ ਨੂੰ ਜੈ ਰਾਮ ਤੇ ਨਾਨਕੀ ਕੋਲ ਸੁਲਤਾਨਪੁਰ ਭੇਜਣ ਲਈ ਪਿਤਾ ਕਾਲੂ ਨੂੰ ਮਨਾਉਣਾ ਮੁਸ਼ਕਲ ਨਹੀਂ ਸੀ।

ਨਾਨਕ ਜੀ ਦੇ ਪਰਿਵਾਰ ਦੇ ਹੋਰ ਲੋਕਾਂ ਨੇ ਵੀ ਇਸ ਫੈਸਲੇ ਨੂੰ ਪਰਵਾਨ ਕੀਤਾ। ਨਾਨਕ ਜੀ ਦੀ ਸਪੁੱਤਨੀ ਸਿਰਫ ਉਹਨਾਂ ਨੂੰ ਸਫ਼ਰ ਲਈ ਜਾਣ ਦੀਆਂ ਤਿਆਰੀਆਂ ਕਰਦੇ ਵੇਖ ਕੇ ਰੋਣ ਲੱਗ ਪਈ ਤੇ ਕਹਿਣ ਲੱਗੀ, "ਮੇਰੇ ਸਾਈਂ, ਏਥੇ ਵੀ ਤੁਸੀਂ ਮੈਨੂੰ ਕਦੀ ਪਿਆਰ ਨਹੀਂ ਕੀਤਾ, ਜਦੋਂ ਤੁਸੀਂ ਦੂਸਰੇ ਦੇਸ਼ ਚਲੇ ਜਾਓਗੇ ਤਾਂ ਤੁਸੀਂ ਕਿਸ ਤਰ੍ਹਾਂ ਵਾਪਸ ਆਓਗੇ?" ਉਹਨਾਂ ਜਵਾਬ ਦਿੱਤਾ, "ਭੋਲੀ ਇਸਤਰੀ ਮੈਂ ਇੱਥੇ ਕੀ ਕਰ ਰਿਹਾ ਸਾਂ?" ਇਸ ਤੇ ਉਹਨਾਂ ਦੀ ਪਤਨੀ ਨੇ ਉਹਨਾਂ ਅੱਗੇ ਫੇਰ ਤਰਲਾ ਕੀਤਾ, "ਜਦੋਂ ਤੁਸੀਂ ਘਰ ਬੈਠੇ ਹੁੰਦੇ ਸੀ ਤਾਂ ਮੇਰੇ ਭਾਣੇ ਮੈਨੂੰ ਦੁਨੀਆਂ ਦਾ ਰਾਜ ਪ੍ਰਾਪਤ ਹੁੰਦਾ ਸੀ, ਹੁਣ ਇਸ ਦੁਨੀਆਂ ਵਿਚ ਮੇਰੇ ਲਈ ਕੁਝ ਨਹੀਂ।" ਇਸ ਗੱਲ ਤੇ ਉਹਨਾਂ ਨੂੰ ਤਰਸ ਆ ਗਿਆ ਤੇ ਕਹਿਣ ਲੱਗੇ, "ਉਦਾਸ ਨਾ ਹੋ, ਤੇਰਾ ਰਾਜ ਹਮੇਸ਼ਾਂ ਕਾਇਮ ਰਹੇਗਾ।" ਉਹਨਾਂ ਦੀ ਸਪੁੱਤਨੀ ਨੇ ਕਿਹਾ, "ਮੇਰੇ ਸਾਈਂ, ਮੈਂ ਪਿੱਛੇ ਨਹੀਂ ਰਹਾਂਗੀ, ਮੈਨੂੰ ਆਪਣੇ ਨਾਲ ਲੈ ਜਾਓ" ਫੇਰ ਨਾਨਕ ਜੀ ਨੇ ਕਿਹਾ, "ਮੈਂ ਹੁਣ ਜਾ ਰਿਹਾ ਹਾਂ, ਜੇ ਮੈਂ ਆਪਣੀ ਰੋਜ਼ੀ ਕਮਾ ਸਕਿਆ ਤਾਂ ਤੈਨੂੰ ਮੈਂ ਬੁਲਾ ਲਵਾਂਗਾ। ਮੇਰੀ ਆਗਿਆ ਦਾ ਪਾਲਨ ਕਰ।" ਫੇਰ ਉਹਨਾਂ ਦੀ ਪਤਨੀ ਚੁੱਪ ਰਹੀ।

ਜਦੋਂ ਨਾਨਕ ਜੀ ਨੇ ਰਾਏ ਬੁਲਾਰ ਕੋਲੋਂ ਜਾਣ ਦੀ ਆਗਿਆ ਮੰਗੀ ਤਾਂ ਉਸਨੇ ਉਹਨਾਂ ਨੂੰ ਦਾਅਵਤ ਦਿੱਤੀ। ਰਾਏ ਬੁਲਾਰ ਨੇ ਫੇਰ ਉਹਨਾਂ ਨੂੰ ਆਪਣੀ ਖੁਸ਼ੀ ਨਾਲ ਕੁਝ ਹਿਦਾਇਤ ਦੇਣ ਦੀ ਬੇਨਤੀ ਕੀਤੀ, ਮਤਲਬ ਕਿ ਉਸ ਤੇ ਕੋਈ ਕ੍ਰਿਪਾ ਕਰਨ। ਨਾਨਕ ਜੀ ਨੇ ਉੱਤਰ ਵਿਚ ਕਿਹਾ :

> ਮੈਂ ਇਕ ਤੁਹਾਨੂੰ ਆਦੇਸ਼ ਦਿੰਦਾ ਹਾਂ ਜੇਕਰ ਤੁਸੀਂ ਮੰਨੋ ਤੇ, "ਜਦੋਂ ਤੁਹਾਡੀ ਆਪਣੀ ਸਮਰੱਥਾ ਕੰਮ ਨਾ ਕਰੇ। ਆਪਣੇ ਹੱਥ ਜੋੜੋ ਤੇ ਰੱਬ ਦਾ ਧਿਆਨ ਕਰੋ।"

ਜੈ ਰਾਮ ਨੇ ਨਾਨਕ ਜੀ ਦੀ ਪਹਿਚਾਨ ਨਾਜ਼ਿਮ ਦੌਲਤ ਖਾਨ ਨਾਲ ਇਕ ਵਿਦਵਾਨ ਆਦਮੀ ਵਜੋਂ ਕਰਾਈ ਜਿਸਨੇ ਉਹਨਾਂ ਨੂੰ ਮੋਦੀਖ਼ਾਨੇ ਦਾ ਮੋਦੀ ਨਿਯੁਕਤ ਕੀਤਾ ਤੇ ਨੌਕਰੀ ਦੀ ਸ਼ੁਰੂਆਤ ਵਜੋਂ ਸਿਰੋਪਾ ਦਿੱਤਾ। ਨਾਨਕ ਜੀ ਨੇ ਆਪਣਾ ਕੰਮ ਲਗਨ ਨਾਲ ਕਰਨਾ ਸ਼ੁਰੂ ਕਰ ਦਿੱਤਾ ਤੇ ਇਤਨੀ ਚੰਗੀ ਤਰ੍ਹਾਂ ਆਪਣਾ ਕੰਮ ਨਿਪਟਾਇਆ ਕਿ ਸਾਰਿਆਂ ਨੇ ਖੁਸ਼ ਹੋ ਕੇ ਉਹਨਾਂ ਨੂੰ ਵਧਾਈ ਦਿੱਤੀ। ਨਾਜ਼ਿਮ ਕੋਲ ਵੀ ਉਹਨਾਂ ਦੀ ਬਹੁਤ ਸਿਫ਼ਤ ਕੀਤੀ ਗਈ ਤੇ ਉਹ ਵੀ ਆਪਣੇ ਮੁਲਾਜ਼ਮ ਤੇ ਬਹੁਤ ਖੁਸ਼ ਹੋਇਆ। ਜੋ ਰਾਸ਼ਨ ਗੁਰੂ ਨਾਨਕ ਦੇਵ ਜੀ ਨੂੰ ਆਪਣੇ ਲਈ ਮਿਲਦਾ ਸੀ ਉਸ ਵਿਚੋਂ ਥੋੜ੍ਹਾ ਜਿਹਾ ਆਪਣੇ ਵਰਤਣ ਲਈ ਰੱਖ ਕੇ ਬਾਕੀ ਦਾ ਉਹ ਗਰੀਬਾਂ ਨੂੰ ਦੇ ਦਿੰਦੇ ਸਨ। ਉਹ ਲਗਾਤਾਰ ਆਪਣੀਆਂ ਰਾਤਾਂ ਆਪਣੇ ਕਰਤਾ ਲਈ ਸ਼ਬਦ ਗਾ ਕੇ ਬਿਤਾਉਂਦੇ।

ਜੇ ਨਾਨਕ ਜੀ ਰਾਸ਼ਨ ਤੋਲਦੇ-ਤੋਲਦੇ ਤੇਰਾਂ ਦੀ ਗਿਣਤੀ ਤੇ ਪਹੁੰਚ ਜਾਂਦੇ ਤੇ ਉਥੇ ਰੁੱਕ ਜਾਂਦੇ ਤੇ ਹੋਰ ਤੋਲਣ ਤੋਂ ਪਹਿਲਾਂ ਕਿੰਨੀ ਵਾਰੀ ਤੇਰਾਂ-ਤੇਰਾਂ ਹੀ ਬੋਲਦੇ ਜਾਂਦੇ ਜਿਸਦਾ ਮਤਲਬ ਹੈ, "ਮੈਂ ਤੇਰਾ ਹਾਂ! ਮਾਲਕ"

ਰਬਾਬੀ ਮਰਦਾਨਾ ਵੀ ਬਾਅਦ ਵਿਚ ਤਲਵੰਡੀ ਤੋਂ ਆ ਗਿਆ ਤੇ ਨਾਨਕ ਜੀ ਦਾ ਨਿੱਜੀ ਸੇਵਕ ਬਣ ਗਿਆ। ਮਰਦਾਨਾ ਡੂਮ ਜਾਤ ਦਾ ਸੀ ਜੋ ਵਿਰਸੇ ਵਜੋਂ ਹੀ ਗਵੱਈਆ ਸੀ। ਉਹ ਨਾਨਕ ਜੀ ਨਾਲ ਰਬਾਬ[1] ਵਜਾ ਕੇ ਸਾਥ ਦਿੰਦਾ ਸੀ। ਦੂਸਰੇ ਮਿੱਤਰ ਵੀ ਪਿਛੋਂ ਆ ਮਿਲੇ। ਨਾਨਕ ਜੀ ਨੇ ਉਹਨਾਂ ਨੂੰ ਖ਼ਾਨ ਨਾਲ ਪਰੀਚੈ ਕਰਵਾਇਆ ਤੇ ਨੌਕਰੀ ਲਗਵਾ ਦਿੱਤੀ। ਉਹਨਾਂ ਸਾਰਿਆਂ ਨੂੰ ਨਾਨਕ ਜੀ ਦੀ ਮਦਦ ਨਾਲ ਰੁਜ਼ਗਾਰ ਮਿਲ ਗਿਆ ਤੇ ਉਹ ਸਾਰੇ ਬਹੁਤ ਖੁਸ਼ ਸਨ। ਰਾਤ ਦੇ ਖਾਣੇ ਵੇਲੇ ਉਹ ਸਾਰੇ ਉਹਨਾਂ ਨਾਲ ਆ ਕੇ ਬੈਠ ਜਾਂਦੇ ਤੇ ਹਰ ਰੋਜ਼ ਰਾਤ ਨੂੰ ਲਗਾਤਾਰ ਕੀਰਤਨ-ਸ਼ਬਦ ਗਾਇਣ ਹੁੰਦਾ। ਦਿਨ ਚੜ੍ਹਨ ਤੋਂ ਇਕ ਪਹਿਰ ਪਹਿਲਾਂ ਨਾਨਕ ਜੀ ਨਾਲ ਲਗਦੀ ਬੇਈਂ ਨਦੀ ਤੇ ਜਾਂਦੇ ਤੇ ਆਪਣਾ ਇਸ਼ਨਾਨ ਕਰਦੇ। ਜਦੋਂ ਦਿਨ ਚੜ੍ਹ ਜਾਂਦਾ ਤਾਂ ਉਹ ਆਪਣੇ ਦਫ਼ਤਰ ਦੇ ਫਰਜ਼ ਪੂਰੇ ਕਰਦੇ।

ਇਕ ਦਿਨ ਇਸ਼ਨਾਨ ਕਰਨ ਤੋਂ ਬਾਅਦ ਨਾਨਕ ਜੀ ਜੰਗਲ ਵਿਚ ਅਲੋਪ ਹੋ ਗਏ।

---

1. ਇਹ ਇਕ ਯੰਤਰ ਹੈ ਜਿਸ ਦਾ ਮੁੱਢ ਅਰਬ ਦੇਸ਼ ਤੋਂ ਹੋਇਆ ਤੇ ਉਸ ਸਮੇਂ ਉੱਤਰੀ ਭਾਰਤ ਵਿੱਚ ਇਸਦਾ ਵਰਤਣਾ ਬੰਦ ਹੋ ਚੁੱਕਿਆ ਸੀ। ਇਸ ਦੀਆਂ ਚਾਰ ਤੋਂ ਛੇ ਬਕਰੀ ਦੀਆਂ ਆਂਦਰ ਤੋਂ ਬਣੀਆਂ ਤੰਦਾਂ ਹੁੰਦੀਆਂ ਸਨ ਜੋ ਲੋਹੇ ਦੀਆਂ ਤਾਰਾਂ ਨਾਲ ਧੁਨਕਾਰ ਪੈਦਾ ਕਰਦੀਆਂ ਹਨ।

ਉਹਨਾਂ ਇਕ ਝਲਕ ਵੇਖੀ ਕਿ ਉਹ ਰੱਬ ਦੀ ਹਜ਼ੂਰੀ ਵਿਚ ਸਨ। ਉਹਨਾਂ ਨੂੰ ਅੰਮ੍ਰਿਤ ਦਾ ਪਿਆਲਾ ਦਿੱਤਾ ਗਿਆ ਜੋ ਉਹਨਾਂ ਨੇ ਸ਼ੁਕਰਗੁਜ਼ਾਰ ਹੋ ਕੇ ਲੈ ਲਿਆ। ਰੱਬ ਨੇ ਉਹਨਾਂ ਨੂੰ ਕਿਹਾ, "ਤੂੰ ਮੈਨੂੰ ਖ਼ੁਸ਼ ਕਰ ਦਿੱਤਾ ਹੈ ਉਹ ਸਭ ਖ਼ੁਸ਼ ਰਹਿਣਗੇ ਜੋ ਤੇਰੇ ਨਾਲ ਨਾਮ ਲੈਣਗੇ। ਮੇਰੇ ਨਾਮ ਦਾ ਸਿਮਰਨ ਕਰ ਤੇ ਦੂਸਰਿਆਂ ਕੋਲੋਂ ਵੀ ਕਰਾ। ਸੰਸਾਰ ਵਿਚ ਪਾਪਾਂ ਤੋਂ ਨਿਰਲੇਪ ਰਹਿ, ਮੇਰੇ ਨਾਮ ਦਾ ਜਾਪ ਕਰ, ਪਰਉਪਕਾਰ, ਇਸ਼ਨਾਨ, ਭਗਤੀ ਤੇ ਸਿਮਰਨ ਕਰ। ਮੈਂ ਤੈਨੂੰ ਇਹ ਅੰਮ੍ਰਿਤ ਦਾ ਪਿਆਲਾ ਆਪਣੇ ਆਦਰ ਦੀ ਪ੍ਰਤਿੱਗਿਆ ਵਜੋਂ ਦਿੱਤਾ ਹੈ।" ਗੁਰੂ ਜੀ ਉਠੇ ਤੇ ਬੰਦਨਾ ਕੀਤੀ, ਫੇਰ ਬੈਕੁੰਠ ਦੇ ਆਪ-ਮੁਹਾਰੇ ਸੰਗੀਤ ਦੇ ਤਾਲ-ਮੇਲ ਨਾਲ ਉਹਨਾਂ ਨੇ ਇਹ ਬਾਣੀ ਗਾਈ :

ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੪)

ਇਸ ਉਪਰੰਤ ਇਕ ਅਵਾਜ਼ ਸੁਣਾਈ ਦਿੱਤੀ, "ਹੇ ਨਾਨਕ, ਤੂੰ ਮੇਰਾ ਰਾਜ ਵੇਖਿਆ ਹੈ।" ਤਾਂ ਨਾਨਕ ਜੀ ਨੇ ਕਿਹਾ, "ਹਜ਼ੂਰ ਜੋ ਵੀ ਕੋਈ ਮਨੁੱਖ ਵੇਖ ਸਕਦਾ ਹੈ, ਕਹਿ ਜਾਂ ਸੁਣ ਸਕਦਾ ਹੈ ਮੈਂ ਉਹ ਵੇਖ ਲਿਆ ਹੈ। ਕੀਟ ਵੀ ਤੁਹਾਡੀ ਸਿਫ਼ਤ ਸਲਾਹ ਦਾ ਗਾਇਨ ਕਰਦੇ ਹਨ।" ਇਸ ਤੋਂ ਬਾਅਦ ਗੁਰੂ ਜੀ ਨੇ ਜਪੁਜੀ ਦੇ ਮੂਲ-ਮੰਤਰ ਦਾ ਉਚਾਰਨ ਕੀਤਾ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ।। ਜਪੁ।।
ਆਦਿ ਸਚੁ ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੂਲ-ਮੰਤਰ)

ਗੁਰੂ ਨਾਨਕ ਦੇਵ ਜੀ ਨੇ ਉਚਾਰਨ ਖ਼ਤਮ ਕੀਤਾ ਤਾਂ ਫੇਰ ਇਕ ਅਵਾਜ਼ ਸੁਣਾਈ ਦਿੱਤੀ, "ਹੇ ਨਾਨਕ, ਜਿਸ ਉਪਰ ਮੇਰੀ ਕ੍ਰਿਪਾ ਦੀ ਨਜ਼ਰ ਟਿਕੇ ਉਸ ਉਪਰ ਤੂੰ ਰਹਿਮ ਕਰੀਂ, ਜਿਸ ਤਰ੍ਹਾਂ ਮੈਂ ਵੀ ਉਸ ਤੇ ਰਹਿਮ ਕਰਾਂਗਾ। ਮੇਰਾ ਨਾਮ ਪ੍ਰਮਾਤਮਾ ਹੈ, ਪਾਰ-ਬ੍ਰਹਮ ਅਤੇ ਤੂੰ ਦੈਵੀ ਗੁਰੂ ਹੈਂ।"

ਗੁਰੂ ਜੀ ਨੇ ਫੇਰ ਇਹ ਸ਼ਬਦ ਉਚਾਰਿਆ :

ਤੂੰ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੨੫)

ਤਿੰਨ ਦਿਨ ਬਾਅਦ ਗੁਰੂ ਜੀ ਜੰਗਲ ਵਿਚੋਂ ਬਾਹਰ ਆਏ। ਲੋਕਾਂ ਨੇ ਸੋਚਿਆ ਕਿ ਉਹ ਨਾਲ ਲਗਦੀ ਨਦੀ ਵਿਚ ਡੁੱਬ ਗਏ ਹੋਣਗੇ ਤੇ ਹੁਣ ਕਿਸ ਤਰ੍ਹਾਂ ਜ਼ਿੰਦਾ ਵਾਪਸ ਆ ਗਏ? ਉਹ ਫੇਰ ਘਰ ਗਏ, ਉਹਨਾਂ ਕੋਲ ਜੋ ਕੁਝ ਵੀ ਸੀ, ਗਰੀਬਾਂ ਨੂੰ ਦੇ ਦਿੱਤਾ। ਲੋਕਾਂ ਦੀ ਵੱਡੀ ਭੀੜ ਇਕੱਠੀ ਹੋ ਗਈ ਅਤੇ ਨਾਜ਼ਿਮ ਦੌਲਤ ਖ਼ਾਨ ਵੀ ਉਥੇ ਹੀ ਆ ਗਿਆ। ਉਸਨੇ ਪੁਛ-ਤਾਛ ਕੀਤੀ ਕਿ ਗੁਰੂ ਨਾਨਕ ਦੇਵ ਜੀ ਨੂੰ ਕੀ ਹੋਇਆ ਹੈ ਪਰ ਕੋਈ ਉੱਤਰ ਨਾ ਮਿਲਿਆ। ਉਸਨੂੰ ਸਮਝ ਆ ਗਈ ਕਿ ਉਹਨਾਂ ਦਾ ਵਰਤਾਓ ਦੁਨੀਆਂ ਨੂੰ ਤਿਆਗਣ ਦਾ ਸਿੱਟਾ ਹੈ। ਨਾਜ਼ਿਮ ਉਦਾਸ ਹੋਇਆ

ਤੇ ਕਿਹਾ ਕਿ ਬੜੇ ਅਫਸੋਸ ਦੀ ਗੱਲ ਹੈ ਅਤੇ ਘਰ ਚਲਾ ਗਿਆ।

ਆਮ ਤੌਰ ਤੇ ਸਭ ਨੇ ਇਹ ਸਮਝਿਆ ਕਿ ਗੁਰੂ ਨਾਨਕ ਦੇਵ ਜੀ ਨੂੰ ਕਿਸੇ ਭੈੜੀ ਰੂਹ ਦੀ ਪਕੜ ਹੈ ਇਸ ਲਈ ਮੁਸਲਮਾਨ ਮੁੱਲਾਂ ਨੂੰ ਭੂਤ ਕੱਢਣ ਲਈ ਬੁਲਾਇਆ ਗਿਆ। ਮੁੱਲਾਂ ਗੁਰੂ ਨਾਨਕ ਦੇਵ ਜੀ ਦੇ ਗਲੇ ਵਿਚ ਲਟਕਾਉਣ ਲਈ ਤਵੀਤ ਲਿਖਣ ਲੱਗ ਪਿਆ। ਜਦੋਂ ਮੁੱਲਾਂ ਲਿਖ ਰਿਹਾ ਸੀ ਤਾਂ ਨਾਨਕ ਜੀ ਨੇ ਇਸ ਸ਼ਬਦ ਦਾ ਉਚਾਰਨ ਕੀਤਾ :

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੪੫)

ਉਹਨਾਂ ਦੇ ਜੀਵਨ ਨੂੰ ਫਿਟਕਾਰ ਹੈ ਜੋ ਰੱਬ ਦਾ ਨਾਮ ਲਿਖ ਕੇ ਵੇਚਦੇ ਹਨ ਤੇ ਜਦੋਂ ਖੇਤ ਹੀ ਉੱਜੜ ਜਾਏ ਤਾਂ ਫ਼ਸਲ ਕਿਥੋਂ ਹੋਵੇ। ਮੁੱਲਾਂ ਗੁਰੂ ਜੀ ਦੀ ਸਖ਼ਤ ਫਿਟਕਾਰ ਵੱਲ ਧਿਆਨ ਨਾ ਦਿੰਦਾ ਹੋਇਆ, ਝਾੜੇ ਦੀ ਰਸਮ ਕਰਦਾ ਰਿਹਾ ਤੇ ਅਖ਼ੀਰ ਵਿਚ ਕਾਲਪਨਿਕ ਭੈੜੀ ਰੂਹ ਨੂੰ ਸੰਬੋਧਨ ਕਰਕੇ ਬੋਲਿਆ, "ਤੂੰ ਕੌਣ ਹੈਂ ?" ਗੁਰੂ ਨਾਨਕ ਦੇਵ ਜੀ ਦੇ ਮੂੰਹ ਵਿਚੋਂ ਇਹ ਜਵਾਬ ਨਿਕਲਿਆ:

ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ॥
ਕੋਈ ਆਖੈ ਆਦਮੀ ਨਾਨਕੁ ਵੇਚਾਰਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੯੧)

ਜੋ ਲੋਕ ਉਸ ਵੇਲੇ ਉਥੇ ਮੌਜੂਦ ਸਨ ਉਹਨਾਂ ਨੇ ਇਹ ਸਿੱਟਾ ਕੱਢਿਆ ਕਿ ਗੁਰੂ ਨਾਨਕ ਦੇਵ ਜੀ ਨੂੰ ਕਿਸੇ ਭੈੜੀ ਰੂਹ ਦੀ ਪਕੜ ਨਹੀਂ ਪਰ ਉਹ ਝੱਲੇ ਹੋ ਗਏ ਹਨ। ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਦਾ ਹੁਕਮ ਦਿੱਤਾ ਤੇ ਸਲੋਕ ਨੂੰ ਅੱਗੋਂ ਜਾਰੀ ਕੀਤਾ :

ਭਇਆ ਦਿਵਾਨਾ ਸਾਹ ਕਾ ਨਾਨਕੁ ਬਉਰਾਨਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੯੧)

ਇਸ ਤੋਂ ਬਾਅਦ ਨਾਨਕ ਜੀ ਨੇ ਸੰਤਾਂ ਵਾਲੇ ਕਪੜੇ ਪਾ ਲਏ ਅਤੇ ਹਮੇਸ਼ਾਂ ਸਾਧੂ ਸੰਤਾਂ ਦੀ ਸੰਗਤ ਵਿਚ ਰਹਿਣ ਲੱਗ ਪਏ। ਇਕ ਦਿਨ ਉਹ ਚੁੱਪ ਰਹੇ ਅਤੇ ਦੂਸਰੇ ਦਿਨ ਉਹਨਾਂ ਨੇ ਬੜੀ ਭਾਵਪੂਰਨ ਘੋਸ਼ਨਾ ਕੀਤੀ, "ਨਾ ਕੋਈ ਹਿੰਦੂ ਨਾ ਮੁਸਲਮਾਨ" ਸਿੱਖ ਆਮ ਤੌਰ ਤੇ ਇਸ ਗੱਲ ਦਾ ਇਹ ਮਤਲਬ ਕੱਢਦੇ ਹਨ ਕਿ ਦੋਵੇਂ ਹਿੰਦੂ ਤੇ ਮੁਸਲਮਾਨ ਆਪਣੇ-ਆਪਣੇ ਧਰਮ ਦੇ ਉਪਦੇਸ਼ ਭੁੱਲ ਚੁੱਕੇ ਸਨ। ਨਵਾਬ ਦਾ ਕਾਜ਼ੀ ਜੋ ਕਿ ਮੁਸਲਮਾਨ ਕਾਨੂੰਨ ਦੀ ਵਿਆਖਿਆ ਕਰਦਾ ਹੈ, ਦੀ ਸ਼ਿਕਾਇਤ ਦੇ ਕਾਰਨ ਗੁਰੂ ਜੀ ਨੂੰ ਦੌਲਤ ਖ਼ਾਨ ਦੇ ਸਾਹਮਣੇ ਆਪਣੇ ਸ਼ਬਦ ਦਾ ਮਤਲਬ ਸਮਝਾਉਣ ਲਈ ਬੁਲਾਇਆ ਗਿਆ। ਉਹਨਾਂ ਨੇ ਇਹ ਕਹਿ ਕੇ ਜਾਣ ਤੋਂ ਇਨਕਾਰ ਕਰ ਦਿੱਤਾ, "ਮੈਨੂੰ ਤੁਹਾਡੇ ਖ਼ਾਨ ਨਾਲ ਕੀ ਵਾਸਤਾ।" ਗੁਰੂ ਜੀ ਨੂੰ ਫੇਰ ਦੀਵਾਨਾ ਆਦਮੀ ਕਿਹਾ ਗਿਆ। ਉਹਨਾਂ ਦਾ ਮਨ ਆਪਣੇ ਉਦੇਸ਼ ਨਾਲ ਭਰਪੂਰ ਸੀ ਅਤੇ ਜਦੋਂ ਵੀ ਉਹ ਬੋਲਦੇ ਤਾਂ ਸਿਰਫ਼ ਇਹ ਹੀ ਕਹਿੰਦੇ, "ਨਾ ਕੋਈ ਹਿੰਦੂ ਨਾ ਮੁਸਲਮਾਨ।" ਕਾਜ਼ੀ ਨੇ ਨਾਜ਼ਿਮ ਨੂੰ ਗੁਰੂ ਨਾਨਕ ਦੇਵ ਜੀ ਦੇ

ਨਾਵਾਜ਼ਬ ਸ਼ਬਦ ਬੋਲਣ ਲਈ ਇਕ ਹੋਰ ਸ਼ਿਕਾਇਤ ਕਰਨ ਵਿਚ ਕੋਈ ਢਿੱਲ ਨਾ ਕੀਤੀ। ਇਸ ਉਪਰੰਤ ਨਾਜ਼ਿਮ ਨੇ ਉਹਨਾਂ ਨੂੰ ਬੁਲਾਇਆ। ਇਕ ਪਿਆਦੇ ਨੇ ਜਾ ਕੇ ਗੁਰੂ ਜੀ ਨੂੰ ਕਿਹਾ ਕਿ ਨਾਜ਼ਿਮ ਦੀ ਬੇਨਤੀ ਹੈ ਕਿ ਉਹ ਜਾ ਕੇ ਉਸਨੂੰ ਮਿਲਣ। ਫੇਰ ਗੁਰੂ ਨਾਨਕ ਦੇਵ ਜੀ ਉਠੇ ਤੇ ਨਾਜ਼ਿਮ ਵੱਲ ਚਲੇ ਗਏ। ਨਾਜ਼ਿਮ ਨੇ ਉਹਨਾਂ ਨੂੰ ਸੰਬੋਧਨ ਕਰਕੇ ਕਿਹਾ, "ਨਾਨਕ, ਇਹ ਮੇਰੀ ਬੜੀ ਬਦਕਿਸਮਤੀ ਹੈ ਕਿ ਤੇਰੇ ਵਰਗਾ ਅਫ਼ਸਰ ਫ਼ਕੀਰ ਬਣ ਜਾਵੇ।"। ਨਾਜ਼ਿਮ ਨੇ ਫੇਰ ਉਹਨਾਂ ਨੂੰ ਆਪਣੇ ਨਾਲ ਬਿਠਾਇਆ ਅਤੇ ਕਾਜ਼ੀ ਨੂੰ ਉਹਨਾਂ ਦੇ ਬੋਲਾਂ ਦਾ ਮਤਲਬ ਪੁੱਛਣ ਦਾ ਆਦੇਸ਼ ਦਿੱਤਾ ਕਿਉਂਕਿ ਗੁਰੂ ਨਾਨਕ ਦੇਵ ਜੀ ਹੁਣ ਗੱਲਬਾਤ ਕਰਨ ਦੀ ਰੁੱਚੀ ਵਿਚ ਸਨ। ਕਾਜ਼ੀ ਸੋਚਣ ਲੱਗ ਗਿਆ ਤੇ ਮੁਸਕਰਾਇਆ। ਫੇਰ ਉਸਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ, "ਤੁਹਾਨੂੰ ਕੀ ਹੋਇਆ ਸੀ ਕਿ ਤੁਸੀਂ ਇਹ ਕਿਹਾ "ਕੋਈ ਹਿੰਦੂ ਨਹੀਂ ਤੇ ਕੋਈ ਮੁਸਲਮਾਨ ਨਹੀਂ?" ਕਿਉਂਕਿ ਉਸ ਵੇਲੇ ਹਿੰਦੂਆਂ ਬਾਰੇ ਕੋਈ ਵਾਦ-ਵਿਵਾਦ ਨਹੀਂ ਚਲ ਰਹੀ ਸੀ ਇਸ ਕਰਕੇ ਗੁਰੂ ਜੀ ਨੇ ਸਵਾਲ ਦੇ ਪਹਿਲੇ ਭਾਗ ਦਾ ਉੱਤਰ ਨਾ ਦਿੱਤਾ। ਆਪਣੇ ਕਥਨ ਦਾ ਮਤਲਬ ਸਮਝਾਉਣ ਲਈ ਉਹਨਾਂ ਨੇ ਇਹ ਉਚਾਰਨ ਕੀਤਾ :

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੪੧)

ਕਾਜ਼ੀ ਨੇ ਫੇਰ ਹੋਰ ਸਵਾਲ ਗੁਰੂ ਜੀ ਨੂੰ ਪੁੱਛੇ। ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਬੁਲਾਇਆ ਅਤੇ ਉਸਦੇ ਨਾਲ ਇਹ ਜਵਾਬ ਤੇ ਮੁਸਲਮਾਨਾਂ ਦੇ ਲਈ ਹਿਦਾਇਤਾਂ ਗਾ ਕੇ ਸੁਣਾਈਆ :

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੪੦)

ਕਾਜ਼ੀ ਹੱਕਾ ਬੱਕਾ ਰਹਿ ਗਿਆ ਕਿਉਂਕਿ ਉਸਨੂੰ ਹਿਦਾਇਤਾਂ ਸੁਨਣੀਆਂ ਪਈਆਂ। ਨਮਾਜ਼ ਉਸਦੇ ਲਈ ਸਿਰਫ਼ ਅਰਬੀ ਪਾਠ ਦਾ ਜ਼ਬਾਨੀ ਰਟਣ ਹੀ ਰਹਿ ਗਿਆ ਸੀ ਜਦਕਿ ਉਸਦਾ ਮਨ ਦੁਨਿਆਵੀ ਧੰਦਿਆਂ ਵਿਚ ਖੱਚਿਤ ਸੀ।

ਹੁਣ ਬਾਅਦ ਦੁਪਹਿਰ ਦੀ ਨਮਾਜ਼ ਦਾ ਵੇਲਾ ਹੋ ਗਿਆ ਸੀ। ਸਾਰੇ ਆਦਮੀ ਗੁਰੂ ਨਾਨਕ ਦੇਵ ਜੀ ਸਮੇਤ ਮਸਜਿਦ ਵਿਚ ਚਲੇ ਗਏ। ਕਾਜ਼ੀ ਨੇ ਉਠ ਕੇ ਨਮਾਜ਼ ਪੜ੍ਹਨੀ ਸ਼ੁਰੂ ਕੀਤੀ। ਗੁਰੂ ਜੀ ਨੇ ਉਸ ਵੱਲ ਵੇਖਿਆ ਤੇ ਉਸਦੇ ਸਾਹਮਣੇ ਹੀ ਹੱਸ ਪਏ। ਜਦੋਂ ਨਮਾਜ਼ ਖ਼ਤਮ ਹੋਈ ਕਾਜ਼ੀ ਨੇ ਨਵਾਬ ਨੂੰ ਗੁਰੂ ਨਾਨਕ ਦੇਵ ਜੀ ਦੇ ਵਰਤਾਓ ਬਾਰੇ ਸ਼ਿਕਾਇਤ ਕੀਤੀ। ਗੁਰੂ ਜੀ ਨੇ ਕਿਹਾ ਕਿ ਉਹ ਇਸ ਕਰਕੇ ਹੱਸੇ ਸਨ ਕਿ ਕਾਜ਼ੀ ਦੀ ਨਮਾਜ਼ ਰੱਬ ਨੂੰ ਪਰਵਾਨ ਨਹੀਂ ਹੋਈ। ਕਾਜ਼ੀ ਨੇ ਗੁਰੂ ਨਾਨਕ ਦੇਵ ਜੀ ਨੂੰ ਇਸ ਨਤੀਜੇ ਤੇ ਪੁੱਜਣ ਦਾ ਕਾਰਨ ਪੁੱਛਿਆ। ਗੁਰੂ ਜੀ ਨੇ ਉੱਤਰ ਦਿੱਤਾ ਕਿ ਨਮਾਜ਼ ਤੋਂ ਪਹਿਲੇ ਕਾਜ਼ੀ ਨੇ ਨਵੀਂ ਜੰਮੀ ਵਛੇਰੀ ਨੂੰ ਖੋਲ੍ਹਿਆ ਸੀ। ਜਦੋਂ ਉਹ ਨਮਾਜ਼ ਦਾ ਦਿਖਾਵਾ ਕਰ ਰਿਹਾ ਸੀ ਤਾਂ ਉਸਨੂੰ ਯਾਦ ਆਇਆ ਕਿ ਉਸ ਹਾਤੇ ਵਿਚ ਖੂਹ ਸੀ ਤੇ ਉਸਦਾ ਮਨ ਇਸ ਤੌਖਲੇ

ਨਾਲ ਭਰ ਗਿਆ ਕਿ ਕਿੱਧਰੇ ਵਛੇਰੀ ਉਸ ਵਿਚ ਡਿੱਗ ਨਾ ਜਾਵੇ। ਇਸ ਕਰਕੇ ਉਸਦਾ ਮਨ ਨਮਾਜ਼ ਵਿਚ ਨਹੀਂ ਸੀ। ਗੁਰੂ ਜੀ ਨੇ ਨਵਾਬ ਨੂੰ ਵੀ ਇਹ ਦੱਸ ਦਿੱਤਾ ਕਿ ਜਦੋਂ ਉਹ ਨਮਾਜ਼ ਪੜ੍ਹਣ ਦਾ ਦਿਖਾਵਾ ਕਰ ਰਿਹਾ ਸੀ ਤਾਂ ਉਹ ਕਾਬਲ ਵਿਚ ਘੋੜੇ ਖਰੀਦਣ ਬਾਰੇ ਸੋਚ ਰਿਹਾ ਸੀ। ਦੋਹਾਂ ਨੇ ਗੁਰੂ ਜੀ ਦੇ ਕਥਨਾਂ ਦੀ ਸਚਾਈ ਨੂੰ ਮੰਨ ਲਿਆ ਤੇ ਕਿਹਾ ਕਿ ਇਹਨਾਂ ਉੱਪਰ ਰੱਬ ਦੀ ਕ੍ਰਿਪਾ ਹੈ ਅਤੇ ਉਹਨਾਂ ਦੇ ਪੈਰਾਂ ਤੇ ਡਿੱਗ ਪਏ। ਗੁਰੂ ਜੀ ਨੇ ਫੇਰ ਇਹ ਫੁਰਮਾਇਆ "ਜੋ ਸਚਾਈ ਅਤੇ ਸੰਤੋਖ ਨੂੰ ਆਪਣਾ ਪਵਿੱਤਰ ਧਰਮ ਬਣਾਉਂਦਾ ਹੈ ਉਹ ਕਿਸੇ ਦੀ ਚੀਜ਼ ਨੂੰ ਹੱਥ ਨਹੀਂ ਲਾਉਂਦਾ ਤੇ ਨਾ ਪਰਾਇਆ ਮਾਲ ਖਾਂਦਾ ਹੈ। ਇਹੋ ਜਿਹਾ ਮੁਸਲਮਾਨ ਬਹਿਸ਼ਤ ਨੂੰ ਜਾਵੇਗਾ।"

ਰਾਜਧਾਨੀ ਵਿਚ ਸਾਰੇ ਮੁਸਲਮਾਨਾਂ ਦੀ ਜਮਾਤ, ਰਸੂਲ ਦੇ ਅਨੁਯਾਈ, ਸ਼ੇਖਾਂ ਦੇ ਕਬੀਲੇ, ਕਾਜ਼ੀ, ਮੁਫ਼ਤੀ ਅਤੇ ਨਵਾਬ ਆਪ ਵੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਤੇ ਹੈਰਾਨ ਸਨ। ਮੁਸਲਮਾਨਾਂ ਨੇ ਫੇਰ ਗੁਰੂ ਜੀ ਨੂੰ ਆਪਣੇ ਰੱਬ ਦੀ ਸ਼ਕਤੀ ਤੇ ਅਧਿਕਾਰ ਤੇ ਮੁਕਤੀ ਦਾ ਸਾਧਨ ਦੱਸਣ ਲਈ ਕਿਹਾ। ਇਸ ਗੱਲ ਤੇ ਗੁਰੂ ਜੀ ਨੇ ਉਹਨਾਂ ਨੂੰ ਇਸ ਤਰ੍ਹਾਂ ਸੰਬੋਧਨ ਕਰਕੇ ਕਿਹਾ :

ਜਿਤ ਦਰ ਲਖ ਮੁਹੰਮਦਾ ਕੇਤੇ ਬਿਸ਼ਨ ਮਹੇਸ਼॥[1]

ਇਹ ਕਿਹਾ ਜਾਂਦਾ ਹੈ ਕਿ ਮੁਸਲਮਾਨ ਸ਼ਾਸਕ ਦੌਲਤ ਖ਼ਾਨ ਇਹ ਪਵਿੱਤਰ ਸ਼ਬਦ ਸੁਣ ਕੇ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਡਿੱਗ ਪਿਆ। ਲੋਕਾਂ ਨੇ ਇਹ ਕਬੂਲ ਕੀਤਾ ਕਿ ਗੁਰੂ ਨਾਨਕ ਦੇਵ ਜੀ ਦੇ ਮੂੰਹ ਤੋਂ ਰੱਬ ਬੋਲ ਰਿਹਾ ਸੀ ਤੇ ਉਹਨਾਂ ਨਾਲ ਹੋਰ ਸਵਾਲ-ਜਵਾਬ ਕਰਨੇ ਫਜ਼ੂਲ ਸਨ। ਨਵਾਬ ਦੇ ਦਿਲ ਵਿਚ ਸਨੇਹ ਭਰਪੂਰ ਸ਼ਲਾਘਾ ਦਾ ਉਬਾਲ ਆਇਆ ਤੇ ਉਸਨੇ ਗੁਰੂ ਜੀ ਨੂੰ ਆਪਣੀ ਹਕੂਮਤ ਤੇ ਰਿਆਸਤ ਅਰਪਨ ਕਰਨ ਦੀ ਇੱਛਾ ਪ੍ਰਗਟ ਕੀਤੀ ਪਰ ਗੁਰੂ ਨਾਨਕ ਦੇਵ ਜੀ ਨੂੰ ਤਾਂ ਕਿਸੇ ਸੰਸਾਰਕ ਸੰਪੱਤੀ ਦੀ ਲੋੜ ਨਹੀਂ ਸੀ। ਉਹ ਫੇਰ ਸਾਧੂ ਸੰਤਾਂ ਦੀ ਸੰਗਤ ਵਿਚ ਚਲੇ ਗਏ। ਉਹਨਾਂ ਨੇ ਵੀ ਉਹਨਾਂ ਨੂੰ ਆਪਣੀ ਸ਼ਰਧਾਂਜਲੀ ਭੇਟ ਕੀਤੀ ਤੇ ਦਾਅਵੇ ਨਾਲ ਕਿਹਾ ਕਿ ਉਹ ਸਿਰਫ਼ ਸਚਾਈ ਦੇ ਚਾਹਵਾਨ ਹਨ ਤੇ ਸਚਾਈ ਕਰਵਾਉਣ ਲਈ ਵਚਨਬੱਧ ਹਨ। ਨਾਨਕ ਜੀ ਨੇ ਜਵਾਬ ਦਿੱਤਾ :

ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੨੧)

ਇਸ ਤੇ ਫ਼ਕੀਰਾਂ ਨੇ ਗੁਰੂ ਜੀ ਦੇ ਪੈਰ ਚੁੰਮੇ, ਸੂਬੇਦਾਰ ਵੀ ਆਇਆ ਅਤੇ ਸਾਰੇ ਲੋਕੀਂ ਦੋਵੇਂ ਹਿੰਦੂ ਤੇ ਮੁਸਲਮਾਨ ਉਹਨਾਂ ਨੂੰ ਬੰਦਨਾ ਕਰਨ ਲਈ ਤੇ ਅਖ਼ੀਰੀ ਅਲਵਿਦਾ ਕਹਿਣ ਲਈ ਹਾਜ਼ਰ ਹੋਏ। ਮੋਦੀ ਖ਼ਾਨੇ ਵਿਚ ਕੁਝ ਸ਼ਿਕਾਇਤਾਂ ਉਹਨਾਂ ਬਾਰੇ ਫਜ਼ੂਲਖਰਚੀ ਦੀਆਂ ਦਰਜ ਕੀਤੀਆਂ ਗਈਆਂ ਸਨ ਪਰ ਜਦੋਂ ਨਾਜ਼ਿਮ ਨੇ ਜਾਂਚ ਕਰਵਾਈ ਤਾਂ ਸਾਰਾ ਮੋਦੀ ਖ਼ਾਨਾ ਭਰਿਆ ਹੋਇਆ ਸੀ, ਗੁਰੂ ਜੀ ਦਾ ਸਾਰਾ ਹਿਸਾਬ ਠੀਕ ਸੀ। ਇਸ ਦੇ ਉਲਟ ਸਗੋਂ ਨਾਜ਼ਿਮ ਵਲੋਂ ਗੁਰੂ ਜੀ ਨੂੰ ਕੁਝ ਪੈਸੇ ਦੇਣੇ ਰਹਿੰਦੇ ਸਨ। ਪਰ ਗੁਰੂ ਜੀ ਨੇ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਨਾਜ਼ਿਮ ਨੂੰ

1. ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ। ਭਾਈ ਬੰਨੋ ਦੀ ਬੀੜ ਵਿਚੋਂ ਹੈ।

ਬੇਨਤੀ ਕੀਤੀ ਕਿ ਇਹ ਧਨ ਗਰੀਬਾਂ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਖਰਚ ਕਰ ਦਿੱਤਾ ਜਾਵੇ।

ਭਾਗ ਚੌਥਾ

ਥੋੜ੍ਹੀ ਦੇਰ ਉਹਨਾਂ ਧਾਰਮਿਕ ਆਦਮੀਆਂ ਨਾਲ ਰਹਿ ਕੇ ਜਿਨ੍ਹਾਂ ਦਾ ਸਾਥ ਉਹ ਪਹਿਲੇ ਕਰ ਰਹੇ ਸਨ, ਗੁਰੂ ਜੀ ਮਰਦਾਨੇ ਨੂੰ ਨਾਲ ਲੈ ਕੇ ਸਈਅਦਪੁਰ ਵੱਲ ਚੱਲ ਪਏ, ਜੋ ਹੁਣ ਪਾਕਿਸਤਾਨ ਦੇ ਪੰਜਾਬ ਦੇ ਜ਼ਿਲ੍ਹੇ ਗੁਜਰਾਂਵਾਲੇ ਦਾ ਏਮਨਾਬਾਦ ਸ਼ਹਿਰ ਹੈ। ਗੁਰੂ ਨਾਨਕ ਦੇਵ ਜੀ ਤੇ ਉਹਨਾਂ ਦਾ ਸਾਥੀ ਲਾਲੋ ਦੇ ਘਰ ਠਹਿਰੇ ਜੋ ਇਕ ਤਰਖਾਣ ਸੀ। ਜਦੋਂ ਰਾਤ ਦਾ ਭੋਜਨ ਤਿਆਰ ਹੋ ਗਿਆ ਤਾਂ ਲਾਲੋ ਨੇ ਗੁਰੂ ਜੀ ਨੂੰ ਸੁੱਚੇ ਚੌਕੇ ਵਿਚ ਬੈਠ ਕੇ ਖਾਣਾ ਖਾਣ ਨੂੰ ਕਿਹਾ। ਗੁਰੂ ਜੀ ਨੇ ਕਿਹਾ, "ਸਾਰੀ ਦੁਨੀਆਂ ਮੇਰੇ ਲਈ ਸੁੱਚਾ ਚੌਕਾ ਹੈ ਤੇ ਜੋ ਸਚਾਈ ਨੂੰ ਪਿਆਰ ਕਰਦਾ ਹੈ ਉਹ ਸੁੱਚਾ ਹੈ। ਇਸ ਕਰਕੇ ਆਪਣੇ ਮਨ ਵਿਚੋਂ ਇਹ ਸ਼ੰਕਾ ਕੱਢਦੇ।" ਇਸ ਗੱਲ ਦੇ ਬਾਅਦ ਲਾਲੋ ਨੇ ਗੁਰੂ ਜੀ ਨੂੰ ਉਥੇ ਹੀ ਭੋਜਨ ਕਰਾਇਆ ਜਿੱਥੇ ਉਹ ਬੈਠੇ ਸਨ। ਦੋ ਦਿਨ ਬਾਅਦ ਗੁਰੂ ਜੀ ਉਸ ਤੋਂ ਵਿਦਾਇਗੀ ਲੈਣਾ ਚਾਹੁੰਦੇ ਸਨ ਪਰ ਲਾਲੋ ਨੇ ਜ਼ਿਆਦਾ ਦੇਰ ਠਹਿਰਨ ਲਈ ਜ਼ੋਰ ਪਾਇਆ। ਗੁਰੂ ਜੀ ਠਹਿਰਨ ਲਈ ਮੰਨ ਗਏ ਪਰ ਜਲਦੀ ਹੀ ਉਹ ਲੋਕਾਂ ਵਿਚ ਇਕ ਨਮੋਸ਼ੀ ਦਾ ਕਾਰਨ ਬਣ ਗਏ ਕਿਉਂਕਿ ਉਹ ਇਕ ਖੱਤਰੀ ਦੇ ਪੁੱਤਰ ਹੋ ਕੇ ਸ਼ੂਦਰ ਦੇ ਘਰ ਠਹਿਰੇ ਸਨ। ਦੋ ਹਫ਼ਤਿਆਂ ਬਾਅਦ ਸਈਅਦਪੁਰ ਦੇ ਮਾਲਕ ਪਠਾਨ ਦੇ ਪ੍ਰਬੰਧਕ ਮਲਿਕ ਭਾਗੋ ਨੇ ਇਕ ਪ੍ਰੀਤੀ ਭੋਜਨ ਕੀਤਾ ਜਿਸ ਤੇ ਹਿੰਦੂਆਂ ਦੀਆਂ ਚਾਰਾਂ ਜਾਤਾਂ ਦੇ ਲੋਕਾਂ ਨੂੰ ਬੁਲਾਇਆ। ਇਕ ਬ੍ਰਾਹਮਣ ਨੇ ਜਾ ਕੇ ਗੁਰੂ ਜੀ ਨੂੰ ਕਿਹਾ ਕਿ ਚਾਰਾਂ ਜਾਤਾਂ ਦੇ ਲੋਕਾਂ ਨੂੰ ਬੁਲਾਇਆ ਗਿਆ ਹੈ ਤੇ ਉਹ ਵੀ ਮਲਿਕ ਭਾਗੋ ਦੀ ਉਦਾਰਤਾ ਵਾਲੇ ਭੋਜਨ ਵਿਚ ਹਿੱਸਾ ਲੈਣ। ਗੁਰੂ ਜੀ ਨੇ ਉੱਤਰ ਦਿੱਤਾ, "ਮੈਂ ਚਾਰਾਂ ਜਾਤਾਂ ਵਿਚੋਂ ਕਿਸੇ ਜਾਤ ਦਾ ਵੀ ਨਹੀਂ, ਮੈਨੂੰ ਕਿਉਂ ਬੁਲਾਇਆ ਗਿਆ?" ਬ੍ਰਾਹਮਣ ਨੇ ਜਵਾਬ ਵਿਚ ਕਿਹਾ, "ਇਸੇ ਕਰਕੇ ਤਾਂ ਲੋਕ ਤੁਹਾਨੂੰ ਅਧਰਮੀ ਕਹਿੰਦੇ ਹਨ। ਜੇ ਤੁਸੀਂ ਮਲਿਕ ਭਾਗੋ ਦੀ ਦਾਅਵਤ ਨਾ ਮੰਨੀ ਤਾਂ ਉਹ ਤੁਹਾਡੇ ਨਾਲ ਨਰਾਜ਼ ਹੋਵੇਗਾ। ਇਹ ਕਹਿ ਕੇ ਬ੍ਰਾਹਮਣ ਚਲਾ ਗਿਆ ਅਤੇ ਮਲਿਕ ਭਾਗੋ ਨੇ ਆਪਣੇ ਪ੍ਰਾਹੁਣਿਆਂ ਨੂੰ ਭੋਜਨ ਕਰਾਇਆ ਪਰ ਗੁਰੂ ਜੀ ਉਹਨਾਂ ਵਿਚ ਨਹੀਂ ਸਨ।

ਜਦੋਂ ਬਾਅਦ ਵਿਚ ਮਲਿਕ ਭਾਗੋ ਨੇ ਇਹ ਸੁਣਿਆ ਕਿ ਗੁਰੂ ਜੀ ਪ੍ਰੀਤੀ ਭੋਜ ਵਿਚ ਨਹੀਂ ਆਏ ਤਾਂ ਉਸ ਨੇ ਉਹਨਾਂ ਨੂੰ ਲਿਆਉਣ ਲਈ ਹੁਕਮ ਦਿੱਤਾ। ਭਾਗੋ ਨੇ ਗੁਰੂ ਜੀ ਨੂੰ ਪੁੱਛਿਆ ਉਹ ਉਸ ਦੇ ਬੁਲਾਵੇ ਤੇ ਕਿਉਂ ਨਹੀਂ ਆਏ। ਗੁਰੂ ਜੀ ਨੇ ਜਵਾਬ ਵਿਚ ਕਿਹਾ ਕਿ ਉਹ ਤੇ ਫ਼ਕੀਰ ਸਨ ਤੇ ਉਹਨਾਂ ਨੂੰ ਸੁਆਦਲੇ ਪਕਵਾਨਾਂ ਦੀ ਕੋਈ ਇੱਛਾ ਨਹੀਂ ਸੀ। ਪਰ ਜੇ ਮਲਿਕ ਭਾਗੋ ਦੇ ਹੱਥੋਂ ਖਾ ਕੇ ਖਾਣ ਵਾਲਿਆਂ ਨੂੰ ਕੋਈ ਤ੍ਰਿਪਤੀ ਮਿਲਦੀ ਹੈ ਤਾਂ ਉਹ ਪਿੱਛੇ ਨਹੀਂ ਰਹਿਣਗੇ। ਮਲਿਕ ਭਾਗੋ ਦੀ ਇਸ ਨਾਲ ਤਸੱਲੀ ਨਾ ਹੋਈ ਅਤੇ ਉਸ ਨੇ ਗੁਰੂ ਜੀ ਤੇ ਦੂਸ਼ਣ ਲਗਾਇਆ ਕਿ ਖੱਤਰੀ ਦਾ ਪੁੱਤਰ ਹੋ ਕੇ ਉਹਨਾਂ ਨੇ ਉਸ ਦੇ ਪ੍ਰੀਤੀ ਭੋਜ ਨੂੰ ਠੁਕਰਾਇਆ ਤੇ ਛੋਟੀ ਜਾਤ ਦੇ ਲਾਲੋ ਨਾਲ ਖਾਣਾ

ਖਾਧਾ ਹੈ। ਇਸ ਗੱਲ ਤੇ ਗੁਰੂ ਜੀ ਨੇ ਮਲਿਕ ਭਾਗੋ ਕੋਲੋਂ ਆਪਣਾ ਹਿੱਸਾ ਮੰਗਿਆ ਅਤੇ ਲਾਲੋ ਨੂੰ ਆਪਣੇ ਘਰੋਂ ਰੋਟੀ ਲਿਆਉਣ ਲਈ ਬੇਨਤੀ ਕੀਤੀ। ਜਦੋਂ ਦੋਵੇਂ ਖਾਧ ਪਦਾਰਥ ਆ ਗਏ ਤਾਂ ਗੁਰੂ ਜੀ ਨੇ ਲਾਲੋ ਦੀ ਮੋਟੀ ਰੋਟੀ ਨੂੰ ਸੱਜੇ ਹੱਥ ਵਿਚ ਲਿਆ ਅਤੇ ਮਲਿਕ ਭਾਗੋ ਦੀ ਪੂਰੀ ਨੂੰ ਖੱਬੇ ਹੱਥ ਵਿਚ ਤੇ ਦੋਹਾਂ ਨੂੰ ਨਿਚੋੜ ਦਿੱਤਾ। ਇਹ ਕਿਹਾ ਜਾਂਦਾ ਹੈ ਕਿ ਲਾਲੋ ਦੀ ਰੋਟੀ ਵਿਚੋਂ ਦੁੱਧ ਨਿਕਲਿਆ ਅਤੇ ਮਲਿਕ ਭਾਗੋ ਦੀ ਪੂਰੀ ਵਿਚੋਂ ਲਹੂ। ਇਸ ਦਾ ਮਤਲਬ ਇਹ ਸੀ ਕਿ ਲਾਲੋ ਦੀ ਰੋਟੀ ਮਿਹਨਤ ਦੀ ਕਮਾਈ ਦੀ ਸੀ ਤੇ ਇਸ ਕਰਕੇ ਪਵਿੱਤਰ ਸੀ ਜਦਕਿ ਮਲਿਕ ਭਾਗੋ ਦਾ ਖਾਣਾ ਰਿਸ਼ਵਤ ਤੇ ਜ਼ੁਲਮ ਕਰਕੇ ਪ੍ਰਾਪਤ ਕੀਤਾ ਗਿਆ ਸੀ। ਇਸ ਕਰਕੇ ਅਪਵਿੱਤਰ ਸੀ। ਗੁਰੂ ਜੀ ਨੇ ਲਾਲੋ ਦੀ ਰੋਟੀ ਖਾਣ ਵਿਚ ਝਿਜਕ ਨਾ ਕੀਤੀ।

ਇਸ ਤੋਂ ਬਾਅਦ ਗੁਰੂ ਜੀ ਤੇ ਮਰਦਾਨਾ ਇਕ ਵਿਰਾਨ ਜੰਗਲ ਵੱਲ ਚੱਲ ਪਏ, ਨਾ ਹੀ ਉਹ ਕਿਸੇ ਪਿੰਡ ਵਿਚ ਦਾਖ਼ਲ ਹੋਏ ਤੇ ਨਾ ਹੀ ਕਿਸੇ ਦਰਿਆ ਦੇ ਕਿਨਾਰੇ ਤੇ ਚੱਲੇ। ਰਸਤੇ ਵਿਚ ਉਹਨਾਂ ਨੂੰ ਭੁੱਖ ਲੱਗ ਪਈ ਅਤੇ ਮਰਦਾਨੇ ਨੇ ਖਾਣ ਦੀ ਇੱਛਾ ਪ੍ਰਗਟ ਕੀਤੀ। ਗੁਰੂ ਜੀ ਨੇ ਸਿੱਧਾ ਉਸ ਨੂੰ ਇਕ ਪਿੰਡ ਵਿਚ ਜਾਣ ਲਈ ਕਿਹਾ ਜਿੱਥੇ ਉੱਪਲ ਖੱਤਰੀ ਰਹਿੰਦੇ ਸਨ। ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਉਸ ਨੂੰ ਸਿਰਫ ਘਰਾਂ ਦੇ ਦਰਵਾਜ਼ਿਆਂ ਅੱਗੇ ਜਾ ਕੇ ਖੜ੍ਹੇ ਹੋਣ ਦੀ ਲੋੜ ਸੀ ਤੇ ਹਿੰਦੂ ਤੇ ਮੁਸਲਮਾਨ ਆ ਕੇ ਉਸ ਨੂੰ ਸ਼ਰਧਾ ਨਾਲ ਮਿਲਣਗੇ ਤੇ ਸਿਰਫ ਖਾਣਾ ਹੀ ਨਹੀਂ ਦੇਣਗੇ ਬਲਕਿ ਉਸ ਦੇ ਚਲਣ ਲਈ ਦਰੀਆਂ ਵਿਛਾਉਣਗੇ। ਮਰਦਾਨੇ ਨੇ ਗੁਰੂ ਜੀ ਦੀਆਂ ਹਿਦਾਇਤਾਂ ਅਨੁਸਾਰ ਹੀ ਕੀਤਾ ਤੇ ਆਪਣੇ ਉਦੇਸ਼ ਜਿਸ ਲਈ ਗਿਆ ਸੀ, ਵਿਚ ਸਫ਼ਲ ਹੋਇਆ।

ਇਸੇ ਤਰ੍ਹਾਂ ਮਰਦਾਨੇ ਨੂੰ ਬਾਅਦ ਵਿਚ ਕਿਸੇ ਹੋਰ ਪਿੰਡ ਵਿਚ ਜਾਣ ਦਾ ਹੁਕਮ ਮਿਲਿਆ। ਉੱਥੇ ਵੀ ਲੋਕੀਂ ਉਸਨੂੰ ਬੜੀ ਸ਼ਰਧਾ ਨਾਲ ਮਿਲੇ। ਪਿੰਡ ਦੇ ਲੋਕੀਂ ਆ ਕੇ ਉਸਦੇ ਪੈਰਾਂ ਤੇ ਡਿੱਗ ਪਏ ਤੇ ਵੱਡੇ ਤੋਹਫ਼ਿਆਂ, ਪੈਸਿਆਂ ਤੇ ਕਪੜਿਆਂ ਦੀਆਂ ਭੇਟਾਵਾਂ ਦਿਤੀਆਂ ਅਤੇ ਉਸਨੇ ਉਹਨਾਂ ਚੀਜ਼ਾਂ ਨੂੰ ਪੋਟਲੀਆਂ ਵਿਚ ਬੰਨ੍ਹ ਲਿਆ ਤੇ ਗੁਰੂ ਜੀ ਕੋਲ ਲੈ ਆਇਆ। ਉਹਨਾਂ ਨੂੰ ਵੇਖ ਕੇ ਗੁਰੂ ਜੀ ਹੱਸ ਪਏ ਤੇ ਮਰਦਾਨੇ ਨੂੰ ਪੁੱਛਿਆ ਕਿ ਉਹ ਕੀ ਲਿਆਇਆ ਹੈ? ਉਸਨੇ ਜਵਾਬ ਦਿੱਤਾ ਕਿ ਲੋਕਾਂ ਨੇ ਉਸਨੂੰ ਵੱਡੇ ਤੋਹਫ਼ੇ, ਪੈਸੇ ਤੇ ਕਪੜਿਆਂ ਦੀਆਂ ਭੇਟਾਵਾਂ ਦਿੱਤੀਆਂ ਅਤੇ ਉਸਨੇ ਉਹਨਾਂ ਚੀਜ਼ਾਂ ਨੂੰ ਆਪਣੇ ਮਾਲਕ ਕੋਲ ਲੈ ਆਉਣ ਦੀ ਸੋਚੀ। ਗੁਰੂ ਜੀ ਨੇ ਕਿਹਾ ਕਿ ਇਹ ਚੀਜ਼ਾਂ ਸਾਡੇ ਦੋਹਾਂ ਦੀਆਂ ਨਹੀਂ ਹਨ। ਮਰਦਾਨੇ ਨੇ ਪੁੱਛਿਆ ਕਿ ਉਹ ਹੁਣ ਇਹਨਾਂ ਦਾ ਕੀ ਕਰੇ। ਗੁਰੂ ਜੀ ਨੇ ਕਿਹਾ ਕਿ ਉਹ ਉਹਨਾਂ ਨੂੰ ਸੁੱਟ ਦੇਵੇ ਤੇ ਇਸ ਹੁਕਮ ਦੀ ਉਸਨੇ ਉਸੇ ਵੇਲੇ ਪਾਲਣਾ ਕੀਤੀ। ਗੁਰੂ ਜੀ ਨੇ ਸਮਝਾਇਆ ਕਿ ਭੇਟਾਵਾਂ ਦਾ ਅਸਰ ਸਧਾਰਨ ਆਦਮੀਆਂ ਤੇ ਬੜਾ ਬਿਪਤਾਜਨਕ ਹੁੰਦਾ ਹੈ। "ਭੇਟਾਵਾਂ ਇਕ ਜ਼ਹਿਰ ਦੀ ਤਰ੍ਹਾਂ ਹਨ ਅਤੇ ਪਚਾਈਆਂ ਨਹੀਂ ਜਾ ਸਕਦੀਆਂ। ਹਰ ਸਮੇਂ ਰੱਬ ਦੀ ਸੱਚੇ ਦਿਲੋਂ ਉਸਤਤ ਕਰਨ ਨਾਲ ਹੀ ਸਿਰਫ਼ ਇਹ ਕੋਈ ਵਾਇਦਾ ਦੇ ਸਕਦੀਆਂ ਹਨ।" ਜਦੋਂ ਮਨੁੱਖ ਥੋੜ੍ਹੀ ਜਿਹੀ ਭਗਤੀ ਕਰਦਾ ਹੈ ਤੇ ਆਪਣਾ ਨਿਰਵਾਹ ਭੇਟਾਵਾਂ ਦੇ ਸਿਰ ਤੇ ਕਰਦਾ ਹੈ ਤੇ ਉਸਦੇ ਉਪਰ ਇਸ ਤਰ੍ਹਾਂ ਦਾ ਅਸਰ ਹੁੰਦਾ ਹੈ ਜਿਸ ਤਰ੍ਹਾਂ ਉਸਨੇ ਜ਼ਹਿਰ ਲਿਆ ਹੁੰਦਾ ਹੈ।"

ਕਿਹਾ ਜਾਂਦਾ ਹੈ ਕਿ ਫੇਰ ਗੁਰੂ ਜੀ ਤੇ ਮਰਦਾਨਾ ਇਕ ਸ਼ੇਖ ਸੱਜਨ ਨਾਮ ਦੇ ਬਦਨਾਮ ਠੱਗ ਦੇ ਘਰ ਗਏ। ਬੜੀ ਹੀ ਜ਼ਿਆਦਾ ਨਿਰਪੱਖਤਾ ਨਾਲ ਉਸਨੇ ਆਪਣੇ ਹਿੰਦੂ ਮਹਿਮਾਨਾਂ ਲਈ ਮੰਦਰ ਅਤੇ ਮੁਸਲਮਾਨ ਮਹਿਮਾਨਾਂ ਲਈ ਮਸਜਿਦ ਬਣਵਾਈ ਹੋਈ ਸੀ ਅਤੇ ਦਿਖਾਵੇ ਲਈ ਉਸਨੇ ਹਰ ਤਰ੍ਹਾਂ ਦੀਆਂ ਸਹੂਲਤਾਂ ਉਹਨਾਂ ਦੇ ਸੁੱਖ ਲਈ ਪ੍ਰਦਾਨ ਕੀਤੀਆਂ ਹੋਈਆਂ ਸਨ ਪਰ ਉਸਦੀ ਮਹਿਮਾਨਬਾਜ਼ੀ ਉਤਨੀ ਹੀ ਝੂਠੀ ਸੀ ਜਿਤਨੀ ਕਿ ਯੂਨਾਨ ਦੇ ਮਸ਼ਹੂਰ ਠੱਗ ਪ੍ਰੋਕਸਟਸ ਦੀ। ਜਦੋਂ ਰਾਤ ਹੁੰਦੀ ਤਾਂ ਸੱਜਨ ਆਪਣੇ ਮਹਿਮਾਨ ਨੂੰ ਸੌਣ ਲਈ ਭੇਜ ਦਿੰਦਾ। ਫੇਰ ਉਹ ਉਹਨਾਂ ਨੂੰ ਇਕ ਖੂਹ ਵਿਚ ਸੁੱਟ ਦਿੰਦਾ ਜਿਥੇ ਉਹ ਖ਼ਤਮ ਹੋ ਜਾਂਦੇ। ਦੂਸਰੀ ਸਵੇਰ ਉਹ ਹਾਜੀਆਂ ਦਾ ਡੰਡਾ ਫੜ ਕੇ, ਦਰੀ ਵਿਛਾ ਕੇ ਹੱਥ ਵਿਚ ਮਾਲਾ ਲੈ ਕੇ ਪੁਰਾਣੇ ਫਾਰੀਸੀ ਢੰਗ ਨਾਲ ਨਮਾਜ਼ ਪੜ੍ਹਨ ਲੱਗ ਜਾਂਦਾ। ਸ਼ੇਖ ਸੱਜਨ ਨੇ ਗੁਰੂ ਜੀ ਨੂੰ ਵੇਖ ਕੇ ਉਹਨਾਂ ਦੇ ਚਿਹਰੇ ਤੇ ਆਤਮਿਕ ਤਸੱਲੀ ਦੀ ਜੋ ਸ਼ਾਂਤੀ ਵੇਖੀ ਉਸਨੂੰ ਉਸਨੇ ਦੁਨਿਆਵੀਂ ਧਨ ਹੋਣ ਦੀ ਚੇਤੰਨਤਾ ਸਮਝੀ ਅਤੇ ਇਸ ਸੁਭਾਗੇ ਮੇਲ ਤੇ ਬਹੁਤ ਭਾਰਾ ਫ਼ਾਇਦਾ ਹੋਣ ਦੀ ਆਸ ਉਸ ਨੂੰ ਲੱਗ ਗਈ। ਹਮੇਸ਼ਾਂ ਦੀ ਤਰ੍ਹਾਂ ਉਸਨੇ ਆਪਣੇ ਮਹਿਮਾਨਾਂ ਨੂੰ ਸੌਣ ਲਈ ਲੈ ਕੇ ਜਾਣ ਨੂੰ ਕਿਹਾ। ਗੁਰੂ ਜੀ ਨੇ ਰੱਬ ਦਾ ਸ਼ਬਦ ਪੜ੍ਹਨ ਦੀ ਇਜ਼ਾਜਤ ਮੰਗੀ ਤੇ ਇਜ਼ਾਜਤ ਮਿਲਣ ਤੇ ਉਹਨਾਂ ਨੇ ਇਹ ਸ਼ਬਦ ਪੜ੍ਹਿਆ......

ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੨੯)

ਦਿਲ ਨੂੰ ਝੰਜੋੜਨ ਤੇ ਚਿਤਾਵਨੀ ਵਾਲਾ ਸ਼ਬਦ ਸੁਣ ਕੇ ਸ਼ੇਖ ਸੱਜਨ ਨੂੰ ਠੀਕ ਸਮਝ ਆ ਗਈ। ਉਸਨੂੰ ਪਤਾ ਲੱਗ ਗਿਆ ਕਿ ਜੋ ਗੁਰੂ ਜੀ ਨੇ ਆਪਣੇ ਲਈ ਕਿਹਾ ਹੈ ਉਹ ਸਾਰੇ ਕਸੂਰ ਉਸਦੇ ਹੀ ਸਨ। ਇਸ ਤੋਂ ਬਾਅਦ ਉਸਨੇ ਉਹਨਾਂ ਨੂੰ ਨਮਸਕਾਰ ਕੀਤਾ, ਉਹਨਾਂ ਦੇ ਚਰਨ ਚੁੰਮੇ ਅਤੇ ਆਪਣੇ ਪਾਪਾਂ ਨੂੰ ਬਖਸ਼ਾਉਣ ਲਈ ਬੇਨਤੀ ਕੀਤੀ। ਫੇਰ ਗੁਰੂ ਜੀ ਨੇ ਕਿਹਾ, "ਸ਼ੇਖ ਸੱਜਨ, ਰੱਬ ਦੇ ਦਰਬਾਰ ਤੇ ਦੋ ਹੀ ਚੀਜ਼ਾਂ ਨਾਲ ਰਹਿਮਤ ਹੁੰਦੀ ਹੈ, ਆਪਣੇ ਗੁਨਾਹਾਂ ਨੂੰ ਕਬੂਲਨ ਤੇ ਅਤੇ ਗਲਤੀ ਨੂੰ ਸੁਧਾਰਨ ਤੇ।" ਸੱਜਨ (ਸ਼ੇਖ) ਨੇ ਉਹਨਾਂ ਨੂੰ ਬੇਨਤੀ ਕੀਤੀ ਕਿ ਉਹ ਉਹਦੇ ਲਈ ਉਹ ਕੁਝ ਕਰਵਾ ਦੇਣ ਜਿਸ ਨਾਲ ਉਸਦੇ ਪਾਪ ਮਾਫ਼ ਹੋ ਜਾਣ ਤੇ ਉਸ ਉੱਪਰ ਰਹਿਮਤ ਹੋ ਜਾਵੇ। ਗੁਰੂ ਜੀ ਦਾ ਦਿਲ ਪਸੀਜ਼ ਗਿਆ ਅਤੇ ਉਹਨਾਂ ਕਿਹਾ ਕਿ ਉਹ ਸੱਚ-ਸੱਚ ਦੱਸੇ ਕਿ ਕਿੰਨੇ ਖ਼ੂਨ ਉਸਨੇ ਕੀਤੇ ਸਨ। ਸ਼ੇਖ ਸੱਜਨ ਨੇ ਜੋ ਘੋਰ ਅਪਰਾਧ ਕੀਤੇ ਸਨ ਉਹਨਾਂ ਦੀ ਲੰਬੀ ਸੂਚੀ ਦੱਸੀ। ਗੁਰੂ ਜੀ ਨੇ ਉਸਨੂੰ ਉਹ ਸਭ ਚੀਜ਼ਾਂ ਲੈ ਕੇ ਆਉਣ ਲਈ ਕਹੀਆਂ ਜੋ ਉਸਦੇ ਮਰਨ ਵਾਲਿਆਂ ਦੀਆਂ ਸਨ ਤੇ ਉਸ ਵੇਲੇ ਉਸ ਕੋਲ ਸਨ। ਸ਼ੇਖ ਨੇ ਉਸੇ ਤਰ੍ਹਾਂ ਹੀ ਕੀਤਾ ਤੇ ਗੁਰੂ ਜੀ ਨੇ ਉਹ ਸਭ ਚੀਜ਼ਾਂ ਉਸਨੂੰ ਗਰੀਬਾਂ ਵਿਚ ਵੰਡਣ ਨੂੰ ਕਿਹਾ। ਉਸਨੇ ਹੁਕਮ ਦੀ ਪਾਲਣਾ ਕੀਤੀ ਤੇ ਗੁਰੂ ਜੀ ਦੀ ਚਰਨਪਹੁਲ[1]

---

1. ਚਰਨਪਹੁਲ.......... ਗੁਰੂ ਜੀ ਦੇ ਚਰਨ ਧੋ ਕੇ ਪਾਣੀ ਪੀਣ ਦੀ ਮਰਯਾਦਾ ਨੂੰ ਕਹਿੰਦੇ ਹਨ। ਇਸ ਦੇ ਨਾਲ ਜਪੁਜੀ ਸਾਹਿਬ ਵਿੱਚ ਦਿੱਤਾ ਮੂਲ-ਮੰਤਰ ਪੜ੍ਹਿਆ ਜਾਂਦਾ ਸੀ। ਇਹ ਮਰਯਾਦਾ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਅਰੰਭ ਕੀਤੀ।

ਲੈ ਕੇ ਉਹਨਾਂ ਦਾ ਸਿੱਖ ਬਣ ਗਿਆ। ਇਹ ਕਿਹਾ ਜਾਂਦਾ ਹੈ ਕਿ ਇਸ ਥਾਂ ਤੇ ਪਹਿਲੀ ਸਿੱਖਾਂ ਦੀ ਧਰਮਸ਼ਾਲਾ[1] ਬਣੀ ਜਿੱਥੇ ਸੱਜਨ ਠੱਗ ਸਿੱਖ ਬਣਿਆ।

ਕੁਰੂਕਸ਼ੇਤਰ ਹੁਣ ਦੇ ਅੰਬਾਲੇ ਜ਼ਿਲ੍ਹੇ ਦੇ ਥਾਨੇਸਰ ਦੇ ਕੋਲ ਸੂਰਜ ਗ੍ਰਹਿਣ ਦੇ ਮੌਕੇ ਤੇ ਇਕ ਭਾਰੀ ਧਾਰਮਿਕ ਮੇਲਾ ਲੱਗਦਾ ਹੈ। ਗੁਰੂ ਜੀ ਨੂੰ ਇਸ ਧਾਰਮਿਕ ਮੇਲੇ ਦਾ ਪਤਾ ਲੱਗਾ ਤਾਂ ਉਹਨਾਂ ਨੇ ਉਥੇ ਜਾਣਾ ਚਾਹਿਆ ਤਾਂ ਜੋ ਉਹ ਉਥੇ ਇਕੱਠੇ ਹੋਏ ਯਾਤਰੀਆਂ ਵਿਚ ਪ੍ਰਚਾਰ ਕਰ ਸਕਣ। ਜਦੋਂ ਉਹਨਾਂ ਨੂੰ ਖਾਣ ਦੀ ਲੋੜ ਪੈਣ ਤੇ ਉਹਨਾਂ ਨੇ ਹਿਰਨ ਨੂੰ ਪਕਾਉਣਾ ਸ਼ੁਰੂ ਕਰ ਦਿੱਤਾ ਜੋ ਉਹਨਾਂ ਦੇ ਸ਼ਰਧਾਲੂ ਨੇ ਉਹਨਾਂ ਨੂੰ ਭੇਟ ਕੀਤਾ ਸੀ ਤਾਂ ਬ੍ਰਾਹਮਣਾਂ ਨੇ ਉਹਨਾਂ ਦੇ ਮਾਸ ਦੇ ਉਪਯੋਗ ਤੇ ਬੜੀ ਘ੍ਰਿਣਾ ਪ੍ਰਗਟ ਕੀਤੀ। ਗੁਰੂ ਜੀ ਨੇ ਉੱਤਰ ਵਿਚ ਕਿਹਾ :

ਪਹਿਲਾਂ ਮਾਸਹੁ ਨਿੰਮਿਆ ਮਾਸੈ ਅੰਦਰਿ ਵਾਸੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੮੯)

ਇਹ ਵੀ ਗੁਰੂ ਜੀ ਨੇ ਇਸੇ ਵਿਸ਼ੇ ਤੇ ਕਿਹਾ :

ਮਾਸੁ ਮਾਸੁ ਕਰਿ ਮੂਰਖੁ ਝਗੜੇ ਗਿਆਨੁ ਧਿਆਨੁ ਨਹੀ ਜਾਣੈ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੮੯)

ਗੁਰੂ ਜੀ ਕੁਰੂਕਸ਼ੇਤਰ[2] ਵਿਚ ਕਾਫ਼ੀ ਲੋਕਾਂ ਨੂੰ ਸਿੱਖ ਬਣਾਉਣ ਵਿਚ ਕਾਮਯਾਬ ਹੋਏ। ਉੱਥੋਂ ਚੱਲਣ ਲੱਗਿਆਂ ਉਹਨਾਂ ਨੇ ਆਪਣੇ ਸਿੱਖਾਂ ਨੂੰ ਸੰਬੋਧਨ ਕਰਕੇ ਕਿਹਾ, "ਮੇਲ-ਜੋਲ ਨਾਲ ਰਵੋ, ਰੱਬ ਦਾ ਨਾਮ ਜਪੋ ਅਤੇ ਜਦੋਂ ਤਹਾਨੂੰ ਕੋਈ ਨਮਸਕਾਰ ਕਰੇ ਤਾਂ ਤੁਸੀਂ ਉਸਦੀ ਨਮਸਕਾਰ ਦਾ ਜਵਾਬ ਹੋਰ ਸਚਾਈ ਨਾਲ ਦਿਉ ਤੇ ਕਹੋ, "ਸੱਤ ਕਰਤਾਰ।" ਰੱਬ ਦੇ ਨਾਮ ਨੂੰ ਜਪਣ ਦੇ ਨਾਲ ਚਾਰ ਰਸਤੇ ਹਨ ਜਿਨ੍ਹਾਂ ਦੁਆਰਾ ਮਨੁੱਖ ਰੱਬ ਤੱਕ ਪਹੁੰਚ ਸਕਦਾ ਹੈ : ਪਹਿਲਾਂ ਹੈ ਧਾਰਮਿਕ ਸੰਗਤ, ਦੂਸਰਾ ਸਚਾਈ, ਤੀਸਰਾ ਸੰਤੋਖ ਤੇ ਚੌਥਾ ਹੈ ਸੰਜਮ (ਇੰਦ੍ਰੀਆਂ ਤੇ ਕਾਬੂ ਪਾਉਣਾ)। ਇਹਨਾਂ ਵਿਚੋਂ ਕਿਸੇ ਵੀ ਦਰਵਾਜ਼ੇ ਵਿਚੋਂ ਜੋ ਮਨੁੱਖ ਚਲਾ ਜਾਵੇ ਭਾਵੇਂ ਉਹ ਸਾਧੂ ਹੋਵੇ ਜਾਂ ਗ੍ਰਹਿਸਥੀ ਉਹ ਰੱਬ ਨੂੰ ਪਾ ਲਵੇਗਾ।"

ਆਪਣੇ ਉਦੇਸ਼ ਦੀ ਪੂਰਤੀ ਵਿਚ ਗੁਰੂ ਜੀ ਫੇਰ ਹਰਿਦੁਆਰ ਗਏ। ਆਪਣੇ ਪਾਪਾਂ ਨੂੰ ਧੋਣ ਲਈ ਚਾਰਾਂ ਕੋਨਿਆਂ ਤੋਂ ਬੜੀ ਵੱਡੀ ਭੀੜ ਇਕੱਠੀ ਹੋਈ-ਹੋਈ ਸੀ। ਗੁਰੂ ਜੀ ਨੇ ਵੇਖਿਆ ਕਿ ਜਦੋਂ ਉਹ ਆਪਣੇ ਸਰੀਰ ਧੋ ਰਹੇ ਸਨ ਤਾਂ ਉਹਨਾਂ ਦੇ ਮਨ ਦੀ ਮੈਲ ਉਸੇ ਤਰ੍ਹਾਂ ਹੀ ਸੀ, ਆਪਣਾ ਪਵਿੱਤਰ ਇਸ਼ਨਾਨ ਕਰਨ ਲੱਗਿਆਂ ਕਿਸੇ ਨੇ ਵੀ ਆਪਣਾ ਮਨ ਕਾਬੂ ਵਿਚ ਨਹੀਂ ਰੱਖਿਆ ਸੀ ਤੇ

---

1. ਅਜੋਕੇ ਸਮੇਂ ਧਰਮਸ਼ਾਲਾ ਉਸ ਅਸਥਾਨ ਨੂੰ ਕਹਿੰਦੇ ਹਨ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਵੇ ਅਤੇ ਪਾਠ ਹੋਵੇ। ਮੁਸਾਫਰਾਂ ਨੂੰ ਮੁਫ਼ਤ ਰਹਿਣ ਨੂੰ ਥਾਂ ਮਿਲੇ ਤੇ ਬੱਚਿਆਂ ਨੂੰ ਧਾਰਮਿਕ ਵਿਦਿਆ। ਉਸ ਧਰਮਸ਼ਾਲਾ ਨੂੰ ਜਿਥੇ ਗੁਰੂ ਸਾਹਿਬ ਗਏ ਹੋਣ ਗੁਰਦੁਆਰਾ ਸਾਹਿਬ ਕਹਿੰਦੇ ਹਨ।
2. ਪੁਰਾਤਨ ਕੁਰੂਕਸ਼ੇਤਰ ਦੇ ਅਸਥਾਨ ਤੇ ਪਾਂਡਵਾਂ ਅਤੇ ਕੌਰਵਾਂ ਵਿਚਕਾਰ ਮਹਾਨ ਯੁੱਧ ਹੋਇਆ। ਹਿੰਦੂ ਪੁਸਤਕਾਂ ਵਿੱਚ ਇਸ ਨੂੰ ਧਰਤੀ ਦੀ ਯੋਨੀ (ਨਾਭੀ) ਕਿਹਾ ਗਿਆ ਹੈ। ਇਹ ਮੰਨਿਆ ਗਿਆ ਹੈ ਕਿ ਸੰਸਾਰੀ ਜੀਵ ਇਥੇ ਹੀ ਪਹਿਲਾਂ ਪੈਦਾ ਹੋਏ। (ਖੁਲਾ ਸਤ-ਉਲ-ਤਵਾਰੀਖ)

ਮਨ ਵਿਚ ਪ੍ਰੇਮ ਤੇ ਸ਼ਰਧਾ ਦੀ ਭਾਵਨਾ ਵੀ ਨਹੀਂ ਸੀ। ਜਦੋਂ ਉਹ ਪੂਰਬ ਵੱਲ ਆਪਣੇ ਪਿੱਤਰਾਂ ਨੂੰ ਪਾਣੀ ਦੇ ਰਹੇ ਸਨ ਤਾਂ ਗੁਰੂ ਜੀ ਵੀ ਉਹਨਾਂ ਵਿਚ ਜਾ ਕੇ ਦੋਹਾਂ ਹੱਥਾਂ ਨੂੰ ਕਟੋਰੇ ਵਾਂਗੂੰ ਜੋੜ ਕੇ ਪੱਛਮ ਵੱਲ ਪਾਣੀ ਸੁੱਟਣ ਲੱਗ ਪਏ ਤੇ ਉਦੋਂ ਤੱਕ ਸੁੱਟਦੇ ਰਹੇ ਜਦੋਂ ਤੱਕ ਉਹਨਾਂ ਦੇ ਆਲੇ-ਦੁਆਲੇ ਕਾਫ਼ੀ ਭੀੜ ਇਕੱਠੀ ਹੋ ਗਈ। ਹੈਰਾਨ ਹੋ ਕੇ ਆਦਮੀਆਂ ਨੇ ਪੁੱਛਣਾ ਸ਼ੁਰੂ ਕਰ ਦਿੱਤਾ ਕਿ ਉਹ ਕੀ ਕਰ ਰਹੇ ਸਨ ਅਤੇ ਕੀ ਉਹ ਹਿੰਦੂ ਸਨ ਕਿ ਮੁਸਲਮਾਨ। ਜੇ ਉਹ ਮੁਸਲਮਾਨ ਸਨ ਤਾਂ ਉਹ ਇੱਥੇ ਹਿੰਦੂਆਂ ਦੇ ਤੀਰਥ ਅਸਥਾਨ ਤੇ ਕਿਉਂ ਆਏ ਸਨ? ਜੇ ਉਹ ਹਿੰਦੂ ਸਨ ਤਾਂ ਉਹ ਪੱਛਮ ਵੱਲ ਪਾਣੀ ਕਿਉਂ ਸੁੱਟ ਰਹੇ ਸਨ ਤੇ ਚੜ੍ਹਦੇ ਸੂਰਜ ਵੱਲ ਕਿਉਂ ਨਹੀਂ? ਅਤੇ ਉਹਨਾਂ ਨੂੰ ਇਸ ਤਰ੍ਹਾਂ ਕਰਨਾ ਕਿਸ ਨੇ ਸਿਖਾਇਆ ਹੈ? ਇਸ ਦੇ ਉੱਤਰ ਵਿਚ ਗੁਰੂ ਜੀ ਨੇ ਪੁੱਛਿਆ ਕਿ ਉਹ ਪੂਰਬ ਵਿਚ ਪਾਣੀ ਕਿਉਂ ਸੁੱਟ ਰਹੇ ਸਨ ਤੇ ਉਹ ਕਿਸ ਨੂੰ ਪਾਣੀ ਭੇਟ ਕਰ ਰਹੇ ਸਨ ਤੇ ਉਹ ਪਾਣੀ ਕੌਣ ਲੈ ਰਿਹਾ ਸੀ? ਉਹਨਾਂ ਉੱਤਰ ਦਿੱਤਾ ਕਿ ਉਹ ਆਪਣੇ ਪਿੱਤਰਾਂ ਨੂੰ ਅਰਘ ਦੇ ਰਹੇ ਸਨ। ਇਹ ਉਹਨਾਂ ਨੂੰ ਤਸੱਲੀ ਦੇਵੇਗਾ ਤੇ ਉਹਨਾਂ ਲਈ ਵੀ ਖੁਸ਼ੀ ਦਾ ਆਧਾਰ ਬਣੇਗਾ।

ਗੁਰੂ ਜੀ ਨੇ ਫੇਰ ਪੁੱਛਿਆ ਕਿ ਉਹਨਾਂ ਦੇ ਪਿੱਤਰ ਕਿਤਨੀ ਦੂਰ ਹਨ। ਉਹਨਾਂ ਵਿਚੋਂ ਇਕ ਵਿਦਵਾਨ ਆਦਮੀ ਨੇ ਦੱਸਿਆ ਕਿ ਪਿੱਤਰ ਹਜ਼ਾਰਾਂ ਮੀਲ ਦੂਰ ਸਨ। ਗੁਰੂ ਜੀ ਇਹ ਸੁਣਨ ਤੋਂ ਬਾਅਦ ਫੇਰ ਦੋਵਾਂ ਹੱਥਾਂ ਨਾਲ ਪਾਣੀ ਪੱਛਮ ਵੱਲ ਸੁੱਟਣ ਲੱਗ ਪਏ। ਉਹਨਾਂ ਨੇ ਗੁਰੂ ਜੀ ਨੂੰ ਯਾਦ ਦਿਵਾਇਆ ਕਿ ਉਹਨਾਂ ਨੇ ਉਹਨਾਂ ਦੇ ਉੱਤਰਾਂ ਦਾ ਕੋਈ ਜਵਾਬ ਨਹੀਂ ਦਿੱਤਾ, ਨਾ ਹੀ ਕੋਈ ਪੱਕੀ ਜਾਣਕਾਰੀ ਆਪਣੇ ਬਾਰੇ ਹੀ ਦਿੱਤੀ ਹੈ। ਉਹਨਾਂ ਨੇ ਉੱਤਰ ਦਿੱਤਾ ਕਿ ਜਦੋਂ ਉਹ ਘਰ ਤੋਂ ਚੱਲੇ ਸਨ ਤਾਂ ਉਹ ਆਪਣੇ ਖੇਤ ਬੀਜ ਕੇ ਆਏ ਸਨ ਤੇ ਕਿਸੇ ਨੂੰ ਪਾਣੀ ਦੇਣ ਲਈ ਛੱਡ ਕੇ ਨਹੀਂ ਆਏ ਸਨ। ਇਸ ਕਰਕੇ ਉਹ ਉਸ ਦਿਸ਼ਾ ਵਿਚ ਪਾਣੀ ਸੁੱਟ ਰਹੇ ਹਨ ਤਾਂ ਕਿ ਉਹਨਾਂ ਦੇ ਖੇਤ ਹਰੇ ਰਹਿਣ ਤੇ ਕਿਧਰੇ ਸੁੱਕ ਨਾ ਜਾਣ। ਉਹਨਾਂ ਦੇ ਖੇਤ ਇਕ ਟਿੱਬੇ ਤੇ ਸਨ ਜਿੱਥੇ ਮੀਂਹ ਦਾ ਪਾਣੀ ਖਲੋਂਦਾ ਨਹੀਂ ਸੀ। ਇਸ ਕਰਕੇ ਇਸ ਤਰ੍ਹਾਂ ਦੀ ਸਿੰਚਾਈ ਦੇ ਤਰੀਕੇ ਨਾਲ ਉਹਨਾਂ ਨੂੰ ਪਾਣੀ ਦੇਣਾ ਪੈ ਰਿਹਾ ਹੈ। ਇਹ ਸੁਣ ਕੇ ਵੇਖਣ ਵਾਲਿਆਂ ਨੇ ਸੋਚਿਆ ਕਿ ਇਹ ਕਮਲਾ ਹੋ ਗਿਆ ਹੈ ਅਤੇ ਉਹਨਾਂ ਨੂੰ ਦੱਸਿਆ ਕਿ ਉਹ ਫਜ਼ੂਲ ਵਿਚ ਹੀ ਪਾਣੀ ਛਿੜਕ ਰਹੇ ਸਨ ਕਿਉਂਕਿ ਇਹ ਉਹਨਾਂ ਦੇ ਖੇਤਾਂ ਨੂੰ ਨਹੀਂ ਪਹੁੰਚੇਗਾ। ਉਹ ਕਿੱਥੇ ਖੜ੍ਹੇ ਹਨ ਤੇ ਉਹਨਾਂ ਦੇ ਖੇਤ ਕਿੱਥੇ ਹਨ ਤੇ ਕਿਸ ਤਰ੍ਹਾਂ ਉੱਥੇ ਪਾਣੀ ਪਹੁੰਚ ਸਕਦਾ ਹੈ? "ਤੂੰ ਤਾਂ ਬੜਾ ਮੂਰਖ ਹੈਂ, ਤੇਰੇ ਖੇਤ ਕਦੀ ਇਸ ਤਰ੍ਹਾਂ ਕਰਨ ਨਾਲ ਹਰੇ ਨਹੀਂ ਹੋਣਗੇ।" ਗੁਰੂ ਜੀ ਨੇ ਜਵਾਬ ਦਿੱਤਾ, "ਤੁਸੀਂ ਰੱਬ ਨੂੰ ਭੁੱਲ ਚੁੱਕੇ ਹੋ। ਪ੍ਰੇਮ ਤੇ ਭਗਤੀ ਤੋਂ ਬਿਨਾਂ ਤੁਹਾਡੇ ਮਨ ਭਟਕ ਚੁੱਕੇ ਹਨ। ਮੇਰੇ ਖੇਤ ਜਿੱਥੇ ਤੁਸੀਂ ਕਹਿੰਦੇ ਹੋ ਪਾਣੀ ਨਹੀਂ ਪਹੁੰਚੇਗਾ ਉਹ ਨੇੜੇ ਹਨ ਪਰ ਤੁਹਾਡੇ ਪਿੱਤਰ ਬਹੁਤ ਦੂਰ ਹਨ। ਸੋ ਕਿਸ ਤਰ੍ਹਾਂ ਜੋ ਪਾਣੀ ਤੁਸੀਂ ਭੇਟ ਕਰ ਰਹੇ ਹੋ ਉਹਨਾਂ ਨੂੰ ਪਹੁੰਚੇਗਾ ਤੇ ਫਾਇਦਾ ਦੇਵੇਗਾ? ਤੁਸੀਂ ਮੈਨੂੰ ਮੂਰਖ ਕਹਿੰਦੇ ਹੋ ਤੁਸੀਂ ਮੇਰੇ ਤੋਂ ਜ਼ਿਆਦਾ ਮੂਰਖ ਆਪ ਹੋ।"

ਗੁਰੂ ਜੀ ਨੇ ਫੇਰ ਥੋੜ੍ਹੀ ਦੇਰ ਬਾਅਦ ਸ਼ਾਂਤੀ ਭੰਗ ਕੀਤੀ ਅਤੇ ਕਿਹਾ, "ਨਰਕ ਵਿਚ

ਜਾਣਗੇ। ਮੌਤ ਉਹਨਾਂ ਨੂੰ ਦਬੋਚ ਲਏਗੀ ਅਤੇ ਨਿਰਦਈ ਹੋ ਕੇ ਉਹਨਾਂ ਨੂੰ ਸਜਾ ਦੇਵੇਗੀ।" ਇਕ ਬ੍ਰਾਹਮਣ ਨੇ ਉੱਤਰ ਦਿੱਤਾ, "ਜੋ ਰੱਬ ਦਾ ਨਾਮ ਜਪਦੇ ਹਨ ਉਹ ਕਿਸ ਤਰ੍ਹਾਂ ਨਰਕ ਵਿਚ ਜਾਣਗੇ? ਪਹਿਲੇ ਤਾਂ ਤੁਸੀਂ ਸਾਡੇ ਧਰਮ ਦੇ ਉਲਟ ਕੰਮ ਕਰਦੇ ਹੋ ਤੇ ਹੁਣ ਤੁਸੀਂ ਸਾਨੂੰ ਇਹ ਦੱਸਣ ਦੀ ਗੁਸਤਾਖੀ ਕਰਦੇ ਹੋ ਕਿ ਅਸੀਂ ਨਰਕ ਵਿਚ ਜਾਵਾਂਗੇ।" ਗੁਰੂ ਜੀ ਨੇ ਉੱਤਰ ਦਿੱਤਾ, "ਇਹ ਸੱਚ ਹੈ ਕਿ ਜੇ ਤੁਸੀਂ ਪਿਆਰ ਨਾਲ ਰੱਬ ਦਾ ਨਾਮ ਜਪੋਗੇ ਤਾਂ ਤੁਸੀਂ ਦੁਰਕਾਰੇ ਨਹੀਂ ਜਾਓਗੇ ਪਰ ਜਦੋਂ ਤੁਸੀਂ ਆਪਣੇ ਹੱਥ ਵਿਚ ਮਾਲਾ ਲੈ ਕੇ ਮਣਕੇ ਗਿਣਦੇ ਹੋ ਤਾਂ ਤੁਸੀਂ ਰੱਬ ਬਾਰੇ ਨਾ ਸੋਚ ਕੇ ਆਪਣੇ ਮਨ ਨੂੰ ਦੁਨਿਆਵੀ ਚੀਜ਼ਾਂ ਦੀਆਂ ਸੋਚਾਂ ਵਿਚ ਭਟਕਣ ਦਿੰਦੇ ਹੋ। ਤੁਹਾਡੀਆਂ ਜਪਣ ਮਾਲਾ ਸਿਰਫ਼ ਪਾਖੰਡ ਹੈ। ਤੁਹਾਡੇ ਵਿਚੋਂ ਇਕ ਜਣਾ ਮੁਲਤਾਨ ਨਾਲ ਵਪਾਰ ਬਾਰੇ ਅਤੇ ਦੂਸਰਾ ਕਾਬਲ ਵਿਚ ਆਪਣੇ ਵਪਾਰ ਬਾਰੇ ਸੋਚ ਰਿਹਾ ਹੈ ਕਿ ਕਿੰਨਾ ਮੁਨਾਫ਼ਾ ਹਰ ਇਕ ਨੂੰ ਹੋਵੇਗਾ।" ਜਦੋਂ ਗੁਰੂ ਜੀ ਨੇ ਲੋਕਾਂ ਦੇ ਮਨਾਂ ਦੀਆਂ ਗੱਲਾਂ ਠੀਕ-ਠੀਕ ਬੁੱਝ ਕੇ ਉਹਨਾਂ ਨੂੰ ਸੁਣਾਈਆਂ ਤਾਂ ਉਹ ਉਹਨਾਂ ਨੂੰ ਰੱਬ ਦੇ ਦੇਵਤਾ ਸਮਝਣ ਲੱਗ ਪਏ। ਉਹਨਾਂ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਉਹਨਾਂ ਨੂੰ ਮਾਫ਼ ਕਰ ਦੇਣ ਤੇ ਕ੍ਰਿਪਾ ਕਰਕੇ ਆਪਣਾ ਸਿੱਖ ਬਣਾ ਲੈਣ ਤਾਂਕਿ ਉਹਨਾਂ ਨੂੰ ਮੁਕਤੀ ਮਿਲ ਜਾਵੇ।

ਗੁਰੂ ਜੀ ਨੂੰ ਖਾਣਾ ਪਕਾਉਣ ਲਈ ਅੱਗ ਚਾਹੀਦੀ ਸੀ, ਇਸ ਕਰਕੇ ਉਹ ਬ੍ਰਾਹਮਣਾਂ ਦੇ ਚੌਕੇ ਤੇ ਚਲੇ ਗਏ। ਬ੍ਰਾਹਮਣ ਨੇ ਉਹਨਾਂ ਤੇ ਉਸਦਾ ਭੋਜਨ ਅਪਵਿੱਤਰ ਕਰਨ ਦਾ ਆਰੋਪ ਲਗਾਇਆ। ਗੁਰੂ ਜੀ ਨੇ ਕਿਹਾ ਕਿ ਇਹ ਖਾਣਾ ਤੇ ਪਹਿਲੇ ਹੀ ਅਪਵਿੱਤਰ ਹੋ ਚੁੱਕਾ ਹੈ। ਇਸ ਮੌਕੇ ਤੇ ਗੁਰੂ ਜੀ ਨੇ ਇਹ ਸ਼ਬਦ ਰਚਿਆ :

ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੧)

ਜਦੋਂ ਗੁਰੂ ਜੀ ਹਰਿਦਵਾਰ ਸਨ ਤਾਂ ਬ੍ਰਾਹਮਣਾਂ ਨੇ ਗੁਰੂ ਜੀ ਨੂੰ ਬਹੁਤ ਜ਼ੋਰ ਦਿੱਤਾ ਕਿ ਉਹ ਵਾਪਸ ਹਿੰਦੂ ਧਰਮ ਵਿਚ ਆ ਜਾਣ। ਉਹਨਾਂ ਨੇ ਬਲੀ, ਹਵਨ, ਮੜੀਆਂ ਦੀ ਤੇ ਦੇਵੀ-ਦੇਵਤਿਆਂ ਦੀ ਪੂਜਾ ਦੇ ਆਤਮਿਕ ਫ਼ਾਇਦੇ ਬਿਆਨ ਕੀਤੇ। ਗੁਰੂ ਜੀ ਨੇ ਉੱਤਰ ਵਿਚ ਕਿਹਾ ਕਿ ਇਸ ਯੁੱਗ ਵਿਚ ਨਾਮ ਜਪਣ ਵਾਲਿਆਂ ਨੂੰ ਅਤੇ ਨਿਮਰਤਾ ਵਿਚ ਰਹਿਣ ਵਾਲਿਆਂ ਨੂੰ ਭੋਜਨ ਛਕਾਉਣਾ, ਬਲੀ ਦੇਣਾ ਤੇ ਹਵਨ ਕਰਾਉਣਾ ਹੈ ਅਤੇ ਜਿੱਥੇ ਗੁਰੂ ਜੀ ਦੇ ਸ਼ਬਦ ਪੜ੍ਹੇ ਜਾਂਦੇ ਹੋਣ ਉਥੇ ਮੜ੍ਹੀਆਂ ਮਸਾਨਾਂ, ਦੇਵੀ-ਦੇਵਤਿਆਂ ਤੇ ਅਗਿਆਨ ਪੁਜਾਰੀਆਂ ਦੀ ਪੂਜਾ ਨਹੀਂ ਹੋਣੀ ਚਾਹੀਦੀ। ਪੁਜਾਰੀਆਂ ਨੂੰ ਮੱਥੇ ਟੇਕਣ ਬਾਰੇ ਗੁਰੂ ਜੀ ਨੇ ਕਿਹਾ ਕਿ ਜਿਸ ਤਰ੍ਹਾਂ ਮਠਿਆਈ ਉੱਪਰ ਮੱਖੀ ਬੈਠ ਜਾਣ ਕਰਕੇ ਉਹ ਖ਼ਰਾਬ ਹੋ ਜਾਂਦੀ ਹੈ ਆਦਮੀ ਇਸ ਤਰ੍ਹਾਂ ਕਰਨ ਨਾਲ ਤਬਾਹ ਹੋ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਫੇਰ ਉਥੋਂ ਵਿਦਾ ਹੋ ਕੇ ਪਾਣੀਪਤ ਵੱਲ ਚਲ ਪਏ ਜੋ ਕਿ ਭਾਰਤੀ ਇਤਿਹਾਸ ਵਿਚ ਬਹੁਤ ਪ੍ਰਸਿੱਧ ਜਗ੍ਹਾ ਹੈ ਜਿੱਥੇ ਤਿੰਨ ਵੱਡੀਆਂ ਨਿਰਣਾਇਕ

ਲੜਾਈਆਂ ਲੜੀਆਂ ਗਈਆਂ। ਉਸ ਸਮੇਂ ਸ਼ੇਖ ਸ਼ਰਫ[1] ਦਾ ਉੱਤਰਾਧਿਕਾਰੀ ਉਸ ਜਗ੍ਹਾ ਦਾ ਮੁਜਾਵਰ ਸੀ। ਉਸਦਾ ਚੇਲਾ ਟਟੀਹਰੀ ਆਪਣੇ ਗੁਰੂ ਲਈ ਪਾਣੀ ਦੀ ਗਾਗਰ ਖੂਹ ਤੋਂ ਲੈਣ ਗਿਆ। ਉਸ ਖੂਹ ਦੇ ਨੇੜੇ ਗੁਰੂ ਜੀ ਤੇ ਮਰਦਾਨਾ ਆਰਾਮ ਕਰਨ ਲਈ ਬੈਠੇ ਹੋਏ ਸਨ। ਗੁਰੂ ਜੀ ਨੇ ਫ਼ਾਰਸੀ ਟੋਪੀ ਪਾਈ ਸੀ ਤੇ ਕਪੜਿਆਂ ਤੋਂ ਵੀ ਕੋਈ ਅੰਦਾਜ਼ਾ ਨਹੀਂ ਸੀ ਲਗਦਾ ਇਸ ਕਰਕੇ ਟਟੀਹਰੀ ਨੇ ਉਹਨਾਂ ਨੂੰ ਫ਼ਾਰਸੀ ਦਰਵੇਸ਼ ਸਮਝਿਆ। ਉਸਨੇ ਗੁਰੂ ਜੀ ਨੂੰ ਮੁਸਲਮਾਨਾਂ ਦੀ ਤਰ੍ਹਾਂ ਸਲਾਮ-ਏ-ਲੇਕਮ ਕਰਕੇ ਬੁਲਾਇਆ। ਗੁਰੂ ਨਾਨਕ ਦੇਵ ਜੀ ਨੇ ਜਵਾਬ ਵਿਚ ਸਲਾਮ ਅਲੇਕ (ਨਾ ਦਿਖਣ ਵਾਲੇ ਰੱਬ ਨੂੰ ਨਮਸਕਾਰ) ਕਿਹਾ। ਟਟੀਹਰੀ ਹੈਰਾਨ ਹੋ ਗਿਆ ਤੇ ਕਹਿਣ ਲੱਗਾ ਕਿ ਹੁਣ ਤੱਕ ਕਦੀ ਕਿਸੇ ਨੇ ਉਸਦੇ ਸਲਾਮ ਨੂੰ ਵਿਗਾੜ ਕੇ ਨਹੀਂ ਬੋਲਿਆ ਸੀ। ਉਸਨੇ ਜਾ ਕੇ ਆਪਣੇ ਗੁਰੂ ਸ਼ੇਖ ਨੂੰ ਦੱਸਿਆ ਕਿ ਉਸਦੀ ਭੇਟ ਇਕ ਦਰਵੇਸ਼ ਨਾਲ ਹੋਈ ਹੈ ਤੇ ਉਸਨੇ ਮੁਸਲਮਾਨਾਂ ਦੇ ਸਲਾਮ ਨੂੰ ਵਿਗਾੜ ਕੇ ਬੋਲਣ ਦੀ ਹਿੰਮਤ ਕੀਤੀ ਹੈ। ਸ਼ੇਖ ਨੇ ਉਸੇ ਵੇਲੇ ਉਸ ਆਦਮੀ ਨੂੰ ਜਾ ਕੇ ਮਿਲਣ ਦਾ ਫੈਸਲਾ ਕੀਤਾ ਜਿਸਨੇ ਅਣਦੇਖੇ ਰੱਬ ਨੂੰ ਪ੍ਰਣਾਮ ਕੀਤਾ ਹੈ ਤਾਂ ਕਿ ਉਹ ਪੁੱਛ ਸਕੇ ਕਿ ਉਹ ਰੱਬ ਬਾਰੇ ਕੀ ਜਾਣਦਾ ਹੈ।"

ਸ਼ੇਖ ਨੇ ਉਥੇ ਪੁੱਜ ਕੇ ਗੁਰੂ ਜੀ ਨੂੰ ਪੁੱਛਿਆ ਕਿ ਤੁਹਾਡੇ ਸਿਰ ਦਾ ਬਸਤਰ ਕਿਸ ਧਾਰਮਿਕ ਸੰਪਰਦਾ ਦਾ ਸੰਕੇਤ ਕਰਦਾ ਹੈ ਤੇ ਸਿਰ ਰਵਾਇਤੀ ਤਰੀਕੇ ਨਾਲ ਕਿਉਂ ਨਹੀਂ ਮੁੰਨਿਆ ਹੋਇਆ। ਗੁਰੂ ਜੀ ਨੇ ਜਵਾਬ ਦਿੱਤਾ :

"ਜਦੋਂ ਮਨੁੱਖ ਮਨ ਵਿਚ ਹਉਮੈ ਦਾ ਤਿਆਗ ਕਰਦਾ ਹੈ ਤਾਂ ਇਹ ਸਿਰ ਮੁੰਨਣ ਦੇ ਤੁੱਲ ਹੈ। ਮਨ ਵਿਚੋਂ ਹਉਮੈ ਦੇ ਤਿਆਗ ਤੋਂ ਬਿਨਾਂ ਪ੍ਰਮੇਸ਼ਵਰ ਦਾ ਰਾਹ ਨਹੀਂ ਲੱਭਦਾ ਆਪਣੀ ਮਨ ਮਤ ਤਿਆਗ ਕੇ ਗੁਰੂ ਨੂੰ ਅਰਪਨ ਕਰ ਦੇਵੇ। ਜੇਕਰ ਉਹ ਆਪਣੀ ਸਿਆਣਪ ਛੱਡ ਦੇਵੇ ਤਾਂ ਗੁਰੂ ਦੀ ਸਿਆਣਪ ਉਸਨੂੰ ਬਚਾ ਲਏਗੀ। ਸਭ ਦੇ ਚਰਨਾਂ ਦੀ ਧੂੜੀ ਹੋਣਾ ਹੀ ਸਿਰ ਮੁੰਨਾਉਣਾ ਹੈ। ਹੇ ਭਾਈ! ਇਸ ਤਰ੍ਹਾਂ ਬਹੁਤ ਥੋੜ੍ਹੇ ਲੋਕ ਹਨ ਜੋ ਗੁਰੂ ਦੀ ਸਿੱਖਿਆ ਅਨੁਸਾਰ ਆਪਣੇ ਵਿਚੋਂ ਹਉਮੈ ਦਾ ਤਿਆਗ ਕਰਦੇ ਹਨ। ਇਹੋ ਜਿਹੇ ਤਿਆਗੀ ਗੁਰੂ ਦੇ ਸ਼ਬਦ ਨੂੰ ਸਮਝ ਸਕਦੇ ਹਨ। ਨਾਨਕ ਨੇ ਸਭ ਮਨ ਮੱਤ, ਮੋਹ ਅਤੇ ਹਉਮੈ ਦਾ ਤਿਆਗ ਕਰਨ ਵਾਲੀ ਟੋਪੀ ਸਿਰ ਤੇ ਪਾਈ ਹੈ।"

(ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ)

ਸ਼ੇਖ ਨੇ ਫੇਰ ਗੁਰੂ ਜੀ ਨੂੰ ਪੁੱਛਿਆ ਕਿ ਉਹ ਕਿਸ ਧਾਰਮਿਕ ਫਿਰਕੇ ਨੂੰ ਮੰਨਦੇ ਹਨ। ਗੁਰੂ ਜੀ

---

1. ਬੂਅਲੀ ਕਲੰਦਰ ਦੀ ਔਲਾਦ ਵਿਚ ਸ਼ੇਖ ਸ਼ਰਫ ਹੋਏ ਹਨ। ਇਹਨਾਂ ਨੇ ਚਾਲੀ ਸਾਲ ਦੀ ਉਮਰ ਵਿਚ ਖਵਾਜਾ ਕੁਤਬੁਦੀਨ ਤੋਂ ਸਿੱਖਿਆ ਪ੍ਰਾਪਤ ਕੀਤੀ ਜੋ ਸ਼ੇਖ ਫ਼ਰੀਦ ਬਾਦਸ਼ਾਹ ਸ਼ਮਸ਼ਉਲ ਦੀਨ ਉਲਤਤਮਸ਼ ਦੇ ਵੀ ਮੁਰਸ਼ਦ ਸਨ। ਸ਼ੇਖ ਸ਼ਰਫ ਆਪਣੇ ਬਾਰੇ ਫੁਰਮਾਉਂਦੇ ਹਨ, "ਆਲਮਾਂ ਨੇ ਮੈਨੂੰ ਪੜ੍ਹਾਉਣ ਦੀ ਅਤੇ ਫਤਵੇ ਸੁਣਾਉਣ ਦੀ ਆਗਿਆ ਦਿੱਤੀ ਅਤੇ ਮੈਂ ਇਹ ਕੰਮ ਵੀਹ ਸਾਲ ਕੀਤਾ। ਅਚਾਨਕ ਹੀ ਰੱਬ ਕੋਲੋਂ ਮੈਨੂੰ ਸੱਦਾ ਆਇਆ ਮੈਂ ਆਪਣੀਆਂ ਕਿਤਾਬਾਂ ਜਮਨਾ ਦਰਿਆ ਵਿਚ ਸੁੱਟ ਕੇ ਭਰਮਣ ਅਰੰਭ ਦਿੱਤਾ। ਟਰਕੀ ਵਿਚ ਮੈਂ ਸ਼ਮਸ਼ਉਲਦੀਨ ਤਬਰੇਜ਼ੀ ਅਤੇ ਮੌਲਾਣਾ ਜਲਾਲ-ਉਲ-ਦੀਨ ਰੂਮੀ ਨੂੰ ਮਿਲਿਆ। ਇਹਨਾਂ ਨੇ ਮੈਨੂੰ ਕਪੜੇ, ਪੱਗ ਅਤੇ ਬਹੁਤ ਕਿਤਾਬਾਂ ਦਿੱਤੀਆਂ ਜੋ ਮੈਂ ਉਹਨਾਂ ਦੀ ਮੌਜੂਦਗੀ ਵਿਚ ਹੀ ਦਰਿਆ ਦੇ ਸਪੁਰਦ ਕਰ ਦਿੱਤੀਆਂ।

ਨੇ ਉੱਤਰ ਦਿੱਤਾ :

"ਗੁਰੂ-ਪਰਮੇਸ਼ਰ ਦੀ ਸਿੱਖਿਆ ਨਾਲ ਮੈਂ ਉਸਦਾ ਸਿੱਖ ਹਾਂ ਮੈਂ ਵਗਦੇ ਦਰਿਆ ਨੂੰ ਰੇਤ ਦੀ ਲੀਕ ਬਣਾ ਦਿੱਤਾ ਹੈ। ਮੈਂ ਉੱਥੇ ਸੁੱਖ ਸ਼ਾਂਤੀ ਨਾਲ ਬੈਠਾ ਹਾਂ। ਮੈਂ ਖੁਸ਼ੀ ਅਤੇ ਗਮੀ ਤੋਂ ਨਿਰਲੇਪ ਹਾਂ। ਮੈਂ ਆਪਣਾ ਚੋਲਾ ਪਾ ਕੇ ਆਪਣੇ ਵੈਰੀ ਵਿਸ਼ਿਆਂ ਨੂੰ ਮਾਰ ਲਿਆ ਹੈ। ਮੈਂ ਸ਼ਾਂਤ ਨਗਰੀ ਵਿਚ ਵਸਦਾ ਹਾਂ ਅਤੇ ਉੱਥੇ ਹੀ ਰਹਿੰਦਾ ਹਾਂ। ਉੱਥੇ ਹੀ ਮੈਂ ਇਹ ਚੋਲਾ ਪਾਉਣਾ ਸਿਖਿਆ ਹੈ। ਆਪਣਾ ਪਰਿਵਾਰ ਤਿਆਗ ਕੇ ਮੈਂ ਇਕੱਲਾ ਹੀ ਰਹਿੰਦਾ ਹਾਂ। ਨਾਨਕ ਇਹ ਚੋਲਾ ਪਾ ਕੇ ਬਹੁਤ ਪ੍ਰਸੰਨ ਹੈ।"

(ਇਹ ਸ਼ਬਦ ਜਿਸਦਾ ਅਰਥ ਉੱਪਰ ਦਿੱਤਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ)

ਸ਼ੇਖ ਨੇ ਫੇਰ ਪੁੱਛਿਆ ਉਹਨਾਂ ਦੀ ਲੰਗੋਟੀ ਕਿਸ ਧਰਮ ਦਾ ਸੰਕੇਤ ਦੇਂਦੀ ਹੈ। ਗੁਰੂ ਜੀ ਨੇ ਉੱਤਰ ਦਿੱਤਾ :

"ਗੁਰ-ਪਰਮੇਸ਼ਵਰ ਦੀ ਸਿਖਿਆ ਤੇ ਸ਼ਬਦ ਨਾਲ ਮੇਰਾ ਮਨ ਸ਼ਾਂਤ ਹੋ ਗਿਆ ਹੈ। ਮੈਂ ਪੰਜਾਂ ਵਿਸ਼ਿਆਂ ਨੂੰ ਕਾਬੂ ਕਰ ਲਿਆ ਹੈ ਅਤੇ ਸੰਸਾਰ ਤੋਂ ਨਿਰਲੇਪ ਰਹਿੰਦਾ ਹਾਂ । ਜੇ ਮੈਂ ਅੱਖਾਂ ਬੰਦ ਕਰਦਾ ਹਾਂ ਮੇਰਾ ਮਨ ਭਟਕਦਾ ਨਹੀਂ। ਮੈਂ ਆਪਣੇ ਸਰੀਰ ਦੇ ਦਸ ਦੁਆਰ ਬੰਧ ਕਰ ਲਏ ਹਨ ਅਤੇ ਮੈਂ ਭਗਤੀ ਵਿਚ ਬੈਠ ਕੇ ਅਠਾਹਠ ਦਰਵਾਜ਼ੇ ਬੰਧ ਕਰਦਾ ਹਾਂ। ਇਹ ਲੰਗੋਟੀ ਪਾ ਕੇ ਮੈਂ ਇਕੱਲਾ ਹੀ ਰਹਿੰਦਾ ਹਾਂ। ਇਹ ਲੰਗੋਟੀ ਪਾ ਕੇ ਆਤਮਾ ਦੇ ਝਰਨਿਆਂ ਦਾ ਅੰਮ੍ਰਿਤ ਪੀਂਦਾ ਹਾਂ। ਮੈਂ ਆਪਣੀ ਹੋਛੀ ਮੱਤ ਤਿਆਗ ਕੇ ਗੁਰ ਪਰਮੇਸ਼ਰ ਦੀ ਉੱਚੀ ਸਿਆਣਪ ਧਾਰਨ ਕਰਦਾ ਹਾਂ। ਨਾਨਕ ਇਸ ਤਰ੍ਹਾਂ ਦੀ ਲੰਗੋਟੀ ਪਾਉਂਦਾ ਹੈ।"

(ਇਹ ਸ਼ਬਦ ਜਿਸ ਦਾ ਅਰਥ ਇੱਥੇ ਦਿੱਤਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ)

ਸ਼ੇਖ ਨੇ ਫੇਰ ਪੁੱਛਿਆ ਕਿ ਉਹਨਾਂ ਦੀਆਂ ਖੜਾਵਾਂ ਕਿਸ ਮੱਤ ਦਾ ਸੰਕੇਤ ਦਿੰਦੀਆਂ ਹਨ ਤਾਂ ਗੁਰੂ ਜੀ ਨੇ ਉੱਤਰ ਦਿੱਤਾ,

"ਜੋ ਠੀਕ ਮਾਰਗ ਤੇ ਚਲਦੇ ਹਨ ਉਹਨਾਂ ਦੀ ਸੰਗਤ ਕਰਨ ਨਾਲ ਮੈਂ ਸਾਰਾ ਗਿਆਨ ਪ੍ਰਾਪਤ ਕੀਤਾ ਹੈ। ਮੈਂ ਆਪਣੇ ਮਨ ਨੂੰ ਅਗਨੀ ਅਤੇ ਹਵਾ ਦੇ ਸਾਂਚੇ ਦੁਆਰਾ ਢਾਲਿਆ ਹੈ। ਮੈਂ ਧਰਤੀ ਜਾਂ ਰੁੱਖਾਂ ਦੀ ਤਰ੍ਹਾਂ ਰਹਿੰਦਾ ਹਾਂ। ਮੈਂ ਦਰਿਆ ਜਾਂ ਸੰਦਲ ਬਨਣਾ ਚਾਹੁੰਦਾ ਹਾਂ ਜੋ ਪ੍ਰਸੰਨ ਹੋਵੇ ਜਾਂ ਅਪ੍ਰਸੰਨ ਸਭ ਨੂੰ ਲਾਭ ਦਿੰਦਾ ਹਾਂ। ਇਸ ਸੰਸਾਰ ਤੋਂ ਸਭ ਤਰ੍ਹਾਂ ਦੀਆਂ ਖੁਸ਼ੀਆਂ ਪ੍ਰਾਪਤ ਕਰਕੇ ਮੈਂ ਉੱਚਾ ਹੋਇਆ ਹਾਂ ਅਤੇ ਵਿਸ਼ਿਆਂ ਨੂੰ ਤਿਆਗ ਕੇ ਮੈਂ ਪ੍ਰਮਾਤਮਾ ਸਾਹਮਣੇ ਆਇਆ ਹਾਂ। ਨਾਨਕ ਜਿਸ ਤੇ ਰੱਬ ਦੇ ਸਿਮਰਨ ਦੀਆਂ ਖੜਾਵਾਂ ਪਾਉਂਦੇ ਹਨ ਵਿਸ਼ਾ ਉਹਨਾਂ ਦੇ ਨਾਲ ਨਹੀਂ ਲੱਗਦਾ।"

ਸ਼ੇਖ ਨੇ ਫੇਰ ਕਿਹਾ, "ਦਰਵੇਸ਼ ਦਾ ਕੀ ਮਤਲਬ ਹੈ, ਮੈਨੂੰ ਸਮਝਾਓ।"

ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਤੇ ਇਸ ਸ਼ਬਦ ਦੀ ਰਚਨਾ ਕੀਤੀ:

"ਜਿਹੜਾ ਮੁਰਦਾ ਹੋ ਕੇ ਰਹਿੰਦਾ ਹੈ ਅਤੇ ਸੁਤਿਆਂ ਵੀ ਜਾਗਦਾ ਹੈ ਅਤੇ ਜਾਣਦਾ ਹੋਇਆ ਵੀ ਆਪਣੇ ਆਪ ਨੂੰ ਮਿਟਾ ਲੈਂਦਾ ਹੈ ਅਤੇ ਜਿਹੜਾ ਸਭ ਕੁਝ ਤਿਆਗ ਕੇ

ਆਪਣੇ ਕਰਤਾ ਨੂੰ ਮਿਲਦਾ ਹੈ ਉਹ ਦਰਵੇਸ਼ ਹੈ। ਹੇ ਰੱਬ! ਬਹੁਤ ਤੇਰੇ ਸੇਵਕ ਦਿਲੋਂ ਦਰਵੇਸ਼ ਹਨ। ਜਿਹੜੇ ਖੁਸ਼ੀ, ਗਮੀ, ਕ੍ਰੋਧ, ਗੁੱਸਾ, ਹਉਮੈ ਅਤੇ ਲੋਭ ਨੂੰ ਅਨੁਭਵ ਨਹੀਂ ਕਰਦੇ; ਜਿਹੜੇ ਸੋਨੇ ਨੂੰ ਪਿੱਤਲ ਜਾਇਜ਼ ਮੰਨਦੇ ਹਨ, ਜਿਹੜੇ ਰੱਬ ਦਾ ਹੁਕਮ ਮੰਨਦੇ ਹਨ ਅਤੇ ਕਿਸੇ ਹੋਰ ਦੀ ਪ੍ਰਵਾਹ ਨਹੀਂ ਕਰਦੇ; ਜਿਹੜੇ ਮਨ ਦੀ ਉਚੇਰੀ ਅਵਸਥਾ ਵਿਚ ਰਹਿੰਦੇ ਹਨ ਅਤੇ ਅੰਦਰਲਾ ਆਪ-ਮੁਹਾਰਾ ਨਾਦ ਸੁਣਦੇ ਹਨ। ਨਾਨਕ ਕਹਿੰਦਾ ਹੈ ਇਹਨਾਂ ਉੱਚ ਅਤੇ ਪਵਿੱਤਰ ਆਤਮਾਵਾਂ ਦੀ ਉਸਤਤ ਵੇਦ ਜਾਂ ਕੁਰਾਨ ਨਹੀਂ ਜਾਣਦੇ।"

ਸ਼ੇਖ ਨੇ ਆਖਰ ਵਿਚ ਕਿਹਾ, "ਬਹੁਤ ਅੱਛਾ! ਉਸਦੀ ਹੋਰ ਪਰੀਖਿਆ ਕੀ ਲੈਣੀ ਜਿਸ ਕੋਲ ਰੱਬ ਦੀ ਗਵਾਹੀ ਹੈ।" ਫੇਰ ਉਸਨੇ ਗੁਰੂ ਜੀ ਨਾਲ ਹੱਥ ਮਿਲਾਏ, ਉਹਨਾਂ ਦੇ ਪੈਰਾਂ ਨੂੰ ਚੁੰਮਿਆ ਤੇ ਵਿਦਾ ਹੋ ਗਿਆ।

ਗੁਰੂ ਜੀ ਨੇ ਸਫਰ ਜਾਰੀ ਰੱਖਿਆ ਤੇ ਦਿੱਲੀ ਪਹੁੰਚ ਗਏ। ਇਬਰਾਹੀਮ ਲੋਧੀ, ਬਾਦਸ਼ਾਹ ਜੋ ਉਸ ਵੇਲੇ ਰਾਜ ਕਰ ਰਿਹਾ ਸੀ। ਉਸਦਾ ਹਾਥੀ ਉਦੋਂ ਮਰਿਆ ਹੀ ਸੀ ਤੇ ਉਸਦੇ ਰਖਵਾਲੇ, ਜਾਨਵਰ ਦੇ ਮਰਨ ਦਾ ਅਫਸੋਸ ਕਰ ਰਹੇ ਸਨ ਅਤੇ ਰੋ ਰਹੇ ਸਨ ਜਿਸਦੀ ਸੇਵਾ ਕਰਨ ਕਰਕੇ ਉਹਨਾਂ ਦਾ ਨਿਰਵਾਹ ਚਲਦਾ ਸੀ। ਗੁਰੂ ਜੀ ਨੇ ਪੁੱਛਿਆ ਕਿ ਉਹ ਕਿਸ ਦਾ ਹਾਥੀ ਸੀ। ਉਹਨਾਂ ਨੇ ਪੂਰਬ ਦੇ ਢੰਗ ਨਾਲ ਜਵਾਬ ਦਿੱਤਾ ਕਿ ਉਹ ਬਾਦਸ਼ਾਹ ਦਾ ਹਾਥੀ ਸੀ ਪਰ ਸਾਰੀਆਂ ਚੀਜ਼ਾਂ ਰੱਬ ਦੀਆਂ ਹਨ। ਗੁਰੂ ਜੀ ਨੇ ਕਿਹਾ ਕਿ ਹਾਥੀ ਜ਼ਿੰਦਾ ਹੈ ਤੇ ਉਹਨਾਂ ਨੂੰ ਉਸਦੇ ਮੱਥੇ ਨੂੰ ਹੱਥਾਂ ਨਾਲ ਰਗੜਨ ਤੇ ਨਾਲ ਵਾਹਿਗੁਰੂ ਬੋਲਣ ਦਾ ਆਦੇਸ਼ ਦਿੱਤਾ। ਕਿਹਾ ਜਾਂਦਾ ਹੈ ਕਿ ਹਾਥੀ ਖੜ੍ਹਾ ਹੋ ਗਿਆ ਤੇ ਸਾਰੇ ਲੋਕ ਹੈਰਾਨ ਹੋ ਗਏ। ਜਦੋਂ ਬਾਦਸ਼ਾਹ ਨੂੰ ਇਸ ਕਰਾਮਾਤ ਦਾ ਪਤਾ ਲੱਗਾ ਤਾਂ ਉਸਨੇ ਹਾਥੀ ਨੂੰ ਮੰਗਵਾਇਆ ਤੇ ਉਸ ਉਪਰ ਸਵਾਰ ਹੋ ਕੇ ਗੁਰੂ ਜੀ ਕੋਲ ਗਿਆ ਤੇ ਪੁੱਛਿਆ ਕਿ ਕੀ ਉਹਨਾਂ ਨੇ ਉਸ ਦੇ ਹਾਥੀ ਨੂੰ ਜ਼ਿੰਦਾ ਕੀਤਾ ਹੈ। ਗੁਰੂ ਜੀ ਨੇ ਉੱਤਰ ਵਿਚ ਕਿਹਾ ਕਿ ਰੱਬ ਹੀ ਮਾਰਨ ਤੇ ਜੀਵਾਲਣ ਵਾਲਾ ਹੈ। ਫਕੀਰਾਂ ਦੀ ਤਾਂ ਅਰਦਾਸ ਹੈ ਤੇ ਦਇਆ ਰੱਬ ਦੀ ਹੈ। ਬਾਦਸ਼ਾਹ ਨੇ ਕਿਹਾ ਕਿ ਜੇ ਹਾਥੀ ਮਾਰਿਆ ਜਾਏ ਤਾਂ ਫਿਰ ਕੀ ਗੁਰੂ ਉਸਨੂੰ ਫੇਰ ਜ਼ਿੰਦਾ ਕਰ ਦੇਵੇਗਾ। ਕਿਉਂਕਿ ਗੁਰੂ ਜੀ ਇਹ ਨਹੀਂ ਚਾਹੁੰਦੇ ਸਨ ਕਿ ਉਹਨਾਂ ਨੂੰ ਮਦਾਰੀ ਵਾਂਗੂੰ ਸਮਝਿਆ ਜਾਵੇ ਉਹਨਾਂ ਨੇ ਇਸ ਤਰ੍ਹਾਂ ਜਵਾਬ ਦਿੱਤਾ,

"ਇਹ ਉਹ ਪਰਮੇਸ਼ਵਰ ਹੀ ਹੈ ਜੋ ਮਾਰਦਾ ਹੈ ਤੇ ਮਾਰ ਕੇ ਮੁੜ ਸੁਰਜੀਤ ਕਰਦਾ ਹੈ।' ਨਾਨਕ ਹੋਰ ਕੋਈ ਨਹੀਂ ਕੇਵਲ ਰੱਬ ਹੀ ਹੈ।"

ਹਾਥੀ ਫੇਰ ਮਰ ਗਿਆ ਅਤੇ ਬਿਆਨ ਕਰਨ ਵਾਲਿਆਂ ਦੇ ਕਹਿਣ ਮੁਤਾਬਕ ਹਾਥੀ ਗੁਰੂ ਦੀ ਮਰਜ਼ੀ ਨਾਲ ਮਰਿਆ ਕਿਉਂਕਿ ਪਹਿਲੇ ਉਹ ਗੁਰੂ ਜੀ ਦੁਆਰਾ ਹੀ ਜੀਵਾਲਿਆ ਗਿਆ ਸੀ। ਬਾਦਸ਼ਾਹ ਨੇ ਉਹਨਾਂ ਨੂੰ ਹੁਕਮ ਦਿੱਤਾ ਕਿ ਇਸਨੂੰ ਫੇਰ ਜ਼ਿੰਦਾ ਕੀਤਾ ਜਾਵੇ। ਗੁਰੂ ਜੀ ਨੇ ਜਵਾਬ ਦਿੱਤਾ, "ਬਾਦਸ਼ਾਹ ਸਲਾਮਤ ਰਵੇ! ਲੋਹਾ ਜਦੋਂ ਅੱਗ ਵਿਚ ਗਰਮ ਕੀਤਾ ਜਾਂਦਾ ਹੈ ਤਾਂ

ਲਾਲ ਹੋ ਜਾਂਦਾ ਹੈ ਤੇ ਹੱਥ ਵਿਚ ਇਕ ਪਲ ਲਈ ਵੀ ਪਕੜਿਆ ਨਹੀਂ ਜਾ ਸਕਦਾ। ਇਸੇ ਤਰ੍ਹਾਂ ਹੀ ਫਕੀਰ ਜਦੋਂ ਰੱਬ ਦੇ ਪਿਆਰ ਦੀ ਗਰਮਾਇਸ਼ ਵਿਚ ਲਾਲ ਹੋ ਜਾਂਦੇ ਹਨ ਤਾਂ ਰੋਕ ਕੇ ਨਹੀਂ ਰੱਖੇ ਜਾ ਸਕਦੇ।" ਕਿਹਾ ਜਾਂਦਾ ਹੈ ਕਿ ਬਾਦਸ਼ਾਹ ਇਹ ਜਵਾਬ ਸੁਣ ਕੇ ਖ਼ੁਸ਼ ਹੋ ਗਿਆ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਉਸ ਕੋਲੋਂ ਤੋਹਫ਼ਾ ਕਬੂਲ ਕਰਨ। ਗੁਰੂ ਜੀ ਨੇ ਜਵਾਬ ਦਿੱਤਾ :

> "ਨਾਨਕ ਨੂੰ ਰੱਬ ਦੀ ਭੁੱਖ ਹੈ ਇਸ ਤੋਂ ਬਗੈਰ ਕਿਸੇ ਦੀ ਪਰਵਾਹ ਨਹੀਂ। ਮੈਂ ਰੱਬ ਨੂੰ ਮੰਗਦਾ ਹਾਂ ਹੋਰ ਕਿਸੇ ਚੀਜ਼ ਨੂੰ ਨਹੀਂ।"

ਬਾਦਸ਼ਾਹ ਵਾਪਸ ਆਪਣੇ ਮਹਿਲ ਵਿਚ ਚਲਾ ਗਿਆ ਅਤੇ ਗੁਰੂ ਜੀ ਨੇ ਆਪਣਾ ਭ੍ਰਮਣ ਜਾਰੀ ਰੱਖਿਆ।

ਗੁਰੂ ਜੀ ਇਸ ਤੋਂ ਬਾਅਦ ਬ੍ਰਿੰਦਾਬਨ ਵੱਲ ਚਲ ਪਏ ਜਿੱਥੇ ਉਹਨਾਂ ਨੇ ਕ੍ਰਿਸ਼ਨ ਲੀਲਾ ਦਾ ਨਾਟਕ ਹੁੰਦਾ ਵੇਖਿਆ ਜਿਸ ਵਿਚ ਕ੍ਰਿਸ਼ਨ ਦੇ ਜੀਵਨ ਦੇ ਕਾਰਨਾਮੇ ਦੱਸੇ ਗਏ ਸਨ। ਕ੍ਰਿਸ਼ਨ ਗੋਪੀਆਂ ਨਾਲ ਰਾਸ ਲੀਲਾ ਕਰਦੇ ਤੇ ਉਹਨਾਂ ਦੇ ਨਹਾਉਂਦੀਆਂ ਦੇ ਕਪੜੇ ਚੁਰਾਉਂਦੇ ਤੇ ਕੰਸ ਨੂੰ ਮਾਰਦੇ ਦਿਖਾਏ ਗਏ ਸਨ। ਗੁਰੂ ਜੀ ਨੇ ਇਸ ਵਿਸ਼ੇ ਤੇ ਇਸ ਤਰ੍ਹਾਂ ਦੇ ਨਾਟਕ ਤੇ ਆਪਣੀ ਅਪ੍ਰਸੰਨਤਾ ਪ੍ਰਗਟ ਕੀਤੀ ਤੇ ਕਿਹਾ :

> ਵਾਇਨਿ ਚੇਲੇ ਨਚਨਿ ਗੁਰ।
> ਪੈਰ ਹਲਾਇਨਿ ਫੇਰਨਿ੍ ਸਿਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੬੫)

ਭਾਗ ਪੰਜਵਾਂ

ਗੁਰੂ ਜੀ ਹੁਣ ਪੂਰਬ ਵੱਲ ਚਲ ਪਏ। ਉਹਨਾਂ ਨੇ ਅਜੀਬ ਤੇ ਵੰਨ-ਸੁਵੰਨਾ ਹਿੰਦੂ ਤੇ ਮੁਸਲਮਾਨ ਪਹਿਰਾਵਾ ਪਹਿਨ ਲਿਆ। ਉਹਨਾਂ ਨੇ ਪੀਲੇ ਰੰਗ ਦੀ ਵਾਸਕਟ ਪਾ ਲਈ, ਉਸਦੇ ਉਪਰ ਚਿੱਟੀ ਚੱਦਰ ਲੈ ਲਈ। ਆਪਣੇ ਸਿਰ ਉਪਰ ਉਹਨਾਂ ਨੇ ਮੁਸਲਮਾਨ ਕਲੰਦਰਾਂ[1] ਵਰਗਾ ਟੋਪ ਰੱਖ ਲਿਆ, ਗਲੇ ਵਿਚ ਹੱਡੀਆਂ ਦਾ ਹਾਰ ਪਾ ਲਿਆ ਅਤੇ ਮੱਥੇ ਉੱਤੇ ਹਿੰਦੂਆਂ ਵਰਗਾ ਕੇਸਰੀ ਤਿਲਕ ਲਗਾ ਲਿਆ। ਇਹ ਉਹਨਾਂ ਦੀ ਦਿੱਲੀ ਖਾਹਸ਼ ਸੀ ਕਿ ਉਹ ਇਕ ਐਸੇ ਧਰਮ ਦੀ ਸਥਾਪਨਾ ਕਰਨ ਜੋ ਹਿੰਦੂ ਤੇ ਮੁਸਲਮਾਨ ਦੋਹਾਂ ਨੂੰ ਪ੍ਰਵਾਨ ਹੋਵੇ ਪਰ ਕਿਸੇ ਨਾਲ ਵੀ ਪੂਰੀ ਤਰ੍ਹਾਂ ਮਿਲਦਾ ਨਾ ਹੋਵੇ। ਜਿਉਂ ਹੀ ਗੁਰੂ ਜੀ ਤੇ ਉਹਨਾਂ ਦਾ ਸਾਥੀ ਅੱਗੇ ਵਧੇ ਉਹ ਮੁਸਲਮਾਨ ਪਤਵੰਤੇ ਸ਼ੇਖ ਵਾਜਿਦ ਨੂੰ ਮਿਲੇ। ਸ਼ੇਖ ਦਰੱਖਤ ਹੇਠਾਂ ਬੈਠਾ ਸੀ ਅਤੇ ਉਸਦੇ ਚੇਲੇ ਉਸਨੂੰ ਪੱਖਾ ਝੱਲ ਰਹੇ ਸਨ ਤੇ ਮਾਲਿਸ਼ ਕਰ ਰਹੇ ਸਨ। ਇਸ ਗੱਲ ਤੇ ਮਰਦਾਨਾ ਸੋਚ ਵਿਚ ਪੈ ਗਿਆ ਅਤੇ ਗੁਰੂ ਜੀ ਨੂੰ ਪੁੱਛਣ ਲੱਗਾ ਕਿ ਕੀ ਅਮੀਰਾਂ ਲਈ ਇਕ ਰੱਬ ਹੈ ਤੇ ਗਰੀਬਾਂ ਲਈ ਦੂਸਰਾ। ਗੁਰੂ ਜੀ ਨੇ ਕਿਹਾ ਕਿ ਰੱਬ ਸਿਰਫ਼ ਇਕ ਹੈ। ਮਰਦਾਨੇ ਨੇ ਫੇਰ ਆਪਣਾ ਸੁਆਲ ਦੂਸਰੇ ਸ਼ਬਦਾਂ ਵਿਚ ਕਿਹਾ, "ਇਸ ਆਦਮੀ ਨੂੰ

1. ਉਹ ਮੁਸਲਮਾਨ ਜਿਸ ਨੇ ਸੰਸਾਰ ਦਾ ਤਿਆਗ ਦਿੱਤਾ ਹੋਵੇ।

ਕਿਸੇ ਨੇ ਪੈਦਾ ਕੀਤਾ ਹੈ ਜੋ ਆਰਾਮ ਨਾਲ ਪਾਲਕੀ ਵਿਚ ਬੈਠਾ ਹੈ ਜਦਕਿ ਸੇਵਕਾਂ ਕੋਲ ਪੈਰਾਂ ਵਿਚ ਜੁੱਤੀ ਵੀ ਨਹੀਂ। ਉਹਨਾਂ ਦੀਆਂ ਲੱਤਾਂ ਨੰਗੀਆਂ ਹਨ ਤੇ ਉਹ ਉਸਨੂੰ ਪੱਖਾਂ ਝੱਲ ਰਹੇ ਹਨ ਤੇ ਮਾਲਿਸ਼ ਕਰ ਰਹੇ ਹਨ।" ਗੁਰੂ ਜੀ ਨੇ ਇਹਨਾਂ ਸ਼ਲੋਕਾਂ ਨਾਲ ਜਵਾਬ ਦਿੱਤਾ :

> "ਜਿਨ੍ਹਾਂ ਪਿਛਲੇ ਜਨਮ ਵਿਚ ਤਪੱਸਿਆ ਕੀਤੀ ਹੈ ਉਹ ਹੁਣ ਰਾਜੇ ਹਨ ਅਤੇ ਲੋਕਾਂ ਕੋਲੋਂ ਭੇਟਾਵਾਂ ਲੈਂਦੇ ਹਨ। ਜਿਹੜੇ ਪਹਿਲਾਂ ਦੁੱਖੀ ਸਨ ਉਹਨਾਂ ਦੀ ਹੁਣ ਸੇਵਾ ਹੁੰਦੀ ਹੈ।"

ਗੁਰੂ ਜੀ ਫੇਰ ਕਹਿੰਦੇ ਹਨ, "ਹੇ ਮਰਦਾਨਿਆਂ! ਆਪਣੀ ਮਾਂ ਦੇ ਗਰਭ ਵਿਚੋਂ ਸਭ ਨੰਗੇ ਹੀ ਪੈਦਾ ਹੁੰਦੇ ਹਨ ਅਤੇ ਖੁਸ਼ੀ ਤੇ ਗਮੀ ਪਿਛਲੇ ਜਨਮਾਂ ਦੇ ਕਰਮਾਂ ਦਾ ਨਤੀਜਾ ਹੁੰਦਾ ਹੈ।" ਇਸ ਗੱਲ ਤੇ ਮਰਦਾਨਾ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ।

ਗੁਰੂ ਨਾਨਕ ਦੇਵ ਜੀ ਦਾ ਮਰਦਾਨਾ ਨੇ ਸਫ਼ਰ ਜਾਰੀ ਰੱਖਿਆ ਉਹ ਗੋਰਖਮਤੇ[1] ਜਾਂ ਗੋਰਖ ਦੇ ਮੰਦਿਰ ਤੇ ਪੁੱਜੇ ਜੋ ਕਿ ਭਾਰਤ ਦੇ ਉੱਤਰ ਪ੍ਰਦੇਸ ਸੂਬੇ ਵਿਚ ਪੀਲੀਭੀਤ ਤੋਂ ਵੀਹ ਮੀਲ ਉੱਤਰ ਵਿਚ ਹੈ। ਉਥੇ ਉਹਨਾਂ ਦੀ ਨਜ਼ਰ ਇਕ ਪਿੱਪਲ ਦੇ ਦਰੱਖਤ ਤੇ ਪਈ ਜੋ ਬੜਿਆਂ ਧਰਮਾਂ ਦੀਆਂ ਯਾਦਾਂ ਵਾਲਾ ਸੀ। ਪਿਛਲੇ ਸਾਲਾਂ ਵਿਚ ਉਹ ਉਮਰ ਨਾਲ ਮੁਰਝਾ ਗਿਆ ਸੀ ਪਰ ਇਹ ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਜੀ ਉਸਦੇ ਹੇਠਾਂ ਬੈਠੇ ਤਾਂ ਉਹ ਅਚਾਨਕ ਹਰਾ-ਭਰਾ ਹੋ ਗਿਆ। ਗੁਰੂ ਜੀ ਦੀ ਜੀਵਨੀ ਬਿਆਨ ਕਰਨ ਵਾਲੇ ਲਿਖਦੇ ਹਨ ਕਿ ਉਸ ਸਮੇਂ ਉਥੇ ਸਿੱਧ ਆਏ ਅਤੇ ਗੁਰੂ ਜੀ ਨੂੰ ਕਹਿਣ ਲੱਗੇ, "ਓ ਨੌਜਵਾਨ! ਤੂੰ ਕਿਸ ਦਾ ਚੇਲਾ ਹੈਂ ਅਤੇ ਤੂੰ ਕਿਸ ਤੋਂ ਗਿਆਨ ਪ੍ਰਾਪਤ ਕੀਤਾ ਹੈ।" ਗੁਰੂ ਜੀ ਨੇ ਉੱਤਰ ਵਿਚ ਇਸ ਸ਼ਬਦ ਦੀ ਰਚਨਾ ਕੀਤੀ :

> ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ॥
>
> (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੩੦)

ਫੇਰ ਸਿੱਧਾਂ ਨੇ ਕਿਹਾ, "ਓ ਨੌਜਵਾਨ! ਸਾਡੇ ਮੱਤ ਦਾ ਪਹਿਰਾਵਾ ਪਾ ਕੇ ਜੋਗੀ ਬਣ ਜਾ, ਫੇਰ ਤੈਨੂੰ ਸੱਚਾ ਰਸਤਾ ਮਿਲੇਗਾ ਤੇ ਤੈਨੂੰ ਧਰਮ ਦੇ ਗੁਣ ਪ੍ਰਾਪਤ ਹੋਣਗੇ।" ਗੁਰੂ ਜੀ ਨੇ ਇਸ ਸ਼ਬਦ ਦੁਆਰਾ ਜਵਾਬ ਦਿੱਤਾ :

> ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ॥
>
> (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੩੦)

ਇਹ ਸੁਣ ਕੇ ਸਿੱਧਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪ੍ਰਣਾਮ ਕੀਤਾ ਕਿਉਂਕਿ ਗੁਰੂ ਜੀ ਨੇ ਪਿੱਪਲ ਦੇ ਦਰੱਖਤ ਹੇਠਾਂ ਬੈਠ ਕੇ ਉਸਨੂੰ ਹਰਾ ਭਰਾ ਕੀਤਾ ਸੀ। ਇਸ ਕਰਕੇ ਉਹਨਾਂ ਦੇ ਖ਼ਿਆਲ ਮੁਤਾਬਕ ਉਹ ਬਹੁਤ ਮਹਾਨ ਵਿਅਕਤੀ ਸਨ।

ਗੁਰੂ ਜੀ ਤੇ ਉਹਨਾਂ ਦਾ ਰਬਾਬੀ ਚੇਲਾ ਫੇਰ ਬਨਾਰਸ[2] ਵੱਲ ਚਲ ਪਏ ਜੋ ਕਿ ਹਿੰਦੂਆਂ ਦਾ

---

1. ਇਸ ਨੂੰ ਗੁਰੂ ਜੀ ਦੇ ਉਥੇ ਜਾਣ ਕਰਕੇ 'ਨਾਨਕਮਤਾ' ਕਹਿੰਦੇ ਹਨ।
2. ਗੰਗਾ ਦਰਿਆ ਦੀਆਂ ਦੋ ਸਹਾਇਕ ਨਦੀਆਂ-ਬਰਨਾ ਅਤੇ ਅਸੀ ਦੇ ਸੁਮੇਲ ਤੋਂ ਸੰਸਕ੍ਰਿਤ ਵਿਚ ਬਨਾਰਸ ਬਣਿਆ ਹੈ।

ਵੱਡਾ ਤੀਰਥ ਹੈ ਤੇ ਕਬੀਰ ਦੀ ਜਨਮ-ਭੂਮੀ ਹੈ। ਕਬੀਰ ਭਾਵੇਂ ਉਸ ਵੇਲੇ ਮੌਜੂਦ ਨਹੀਂ ਸਨ ਪਰ ਲੋਕੀਂ ਹਾਲੇ ਉਹਨਾਂ ਨੂੰ ਭੁੱਲੇ ਨਹੀਂ ਸਨ। ਗੁਰੂ ਜੀ ਤੇ ਮਰਦਾਨਾ ਸ਼ਹਿਰ ਦੇ ਚੌਕ ਵਿਚ ਬੈਠ ਗਏ। ਉਸ ਵੇਲੇ ਪਵਿੱਤਰ ਸ਼ਹਿਰ ਦਾ ਮੁੱਖ ਬ੍ਰਾਹਮਣ ਪੰਡਿਤ ਚਤੁਰ ਦਾਸ ਸੀ, ਨਹਾਉਣ ਜਾਂਦੇ ਸਮੇਂ ਉਸਨੇ ਗੁਰੂ ਜੀ ਨੂੰ ਵੇਖਿਆ ਅਤੇ ਹਿੰਦੂਆਂ ਦੀ ਤਰ੍ਹਾਂ 'ਰਾਮ ਰਾਮ' ਕਹਿ ਕੇ ਨਮਸਕਾਰ ਕੀਤੀ। ਗੁਰੂ ਜੀ ਦਾ ਪਹਿਰਾਵਾ ਵੇਖ ਕੇ ਉਸਨੇ ਉਹਨਾਂ ਨੂੰ ਤਾਅਨਾ ਦਿੱਤਾ ਕਿ ਤੁਸੀਂ ਕਿਹੋ ਜਿਹੇ ਫ਼ਕੀਰ ਹੋ। ਨਾ ਤਾਂ ਤੁਹਾਡੇ ਕੋਲ ਸਾਲਗਰਾਮ ਹੈ ਤੇ ਨਾ ਹੀ ਤੁਲਸੀ ਦੀ ਮਾਲਾ ਗਲੇ ਵਿਚ ਪਾਈ ਹੋਈ ਹੈ ਤੇ ਨਾ ਹੀ ਤੁਹਾਡੇ ਕੋਲ ਜਪ ਮਾਲਾ ਹੈ।" ਤੁਸੀਂ ਕਿਹੜਾ ਸੰਤਪੁਣਾ ਪ੍ਰਾਪਤ ਕੀਤਾ ਹੈ?" ਗੁਰੂ ਜੀ ਨੇ ਜਵਾਬ ਦਿੱਤਾ :

ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੧੭੧)

ਚਤੁਰ ਦਾਸ ਨੇ ਜਵਾਬ ਦਿੱਤਾ, "ਹੇ ਸੰਤ, ਸਾਲਗਰਾਮ ਤੇ ਤੁਲਸੀ ਦੀ ਮਾਲਾ ਚਾਹੇ ਬੰਜਰ ਜ਼ਮੀਨ ਨੂੰ ਸਿੰਚਨ ਲਈ ਵਿਅਰਥ ਹੋਵੇ ਪਰ ਮੈਨੂੰ ਦੱਸੋ ਕਿ ਜ਼ਮੀਨ ਨੂੰ ਕਿਸ ਤਰ੍ਹਾਂ ਤਿਆਰ ਕੀਤਾ ਜਾਵੇ ਤਾਂ ਕਿ ਰੱਬ ਦੀ ਪ੍ਰਾਪਤੀ ਹੋ ਸਕੇ।" ਗੁਰੂ ਜੀ ਨੇ ਜਵਾਬ ਦਿੱਤਾ :

ਕਰ ਹਰਿਹਟ ਮਾਲ ਟਿੰਡ ਪਰੋਵਹੁ
ਤਿਸੁ ਭੀਤਰ ਮਨੁ ਜੋਵਹੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੧੭੧)

ਪੰਡਿਤ ਨੇ ਪੁੱਛਿਆ, "ਜ਼ਮੀਨ ਦੀ ਸਿੰਚਾਈ ਤਾਂ ਹੋ ਗਈ ਪਰ ਜਿੰਨੀ ਦੇਰ ਤਕ ਇਸ ਦੀ ਪੁਟਾਈ ਕਰਕੇ ਇਸਨੂੰ ਬੀਜ ਲਈ ਤਿਆਰ ਨ ਕੀਤਾ ਗਿਆ ਇਹ ਫਸਲ ਕਿਸ ਤਰ੍ਹਾਂ ਪੈਦਾ ਕਰੇਗੀ?" ਗੁਰੂ ਜੀ ਨੇ ਸਮਝਾਇਆ ਕਿ ਇਹ ਕਿਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਹੈ :

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੧੭੧)

ਪੰਡਿਤ ਨੇ ਜਵਾਬ ਦਿੱਤਾ, "ਮੈਂ ਸਾਰਸ ਹਾਂ ਤੇ ਤੁਸੀਂ ਰੱਬ ਦੇ ਹੰਸ ਹੋ। ਮੇਰੀ ਬੁੱਧੀ ਤੇ ਮੇਰੀਆਂ ਇੰਦ੍ਰੀਆਂ ਨੇ ਕਾਬੂ ਪਾਇਆ ਹੋਇਆ ਹੈ।" ਗੁਰੂ ਜੀ ਨੇ ਜਵਾਬ ਦਿੱਤਾ :

ਬਗੁਲੇ ਤੇ ਫੁਨਿ ਹੰਸੁਲਾ ਹੋਵੈ ਜੇ ਤੂ ਕਰਹਿ ਦਇਆਲਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੧੭੧)

ਪੰਡਿਤ ਨੇ ਇਹ ਸਵੀਕਾਰ ਕਰ ਲਿਆ ਕਿ ਗੁਰੂ ਜੀ ਰੱਬ ਦੇ ਸੰਤ ਹਨ ਤੇ ਉਸਨੇ ਉਹਨਾਂ ਨੂੰ ਉਸ ਸ਼ਹਿਰ ਦੇ ਗੁਣ ਗਾਉਣ ਲਈ ਤੇ ਆਸ਼ੀਰਵਾਦ ਦੇਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਪੁੱਛਿਆ ਕਿ ਇਹ ਸ਼ਹਿਰ ਕਿਸ ਚੀਜ਼ ਦੀ ਵਿਸ਼ੇਸ਼ਤਾ ਰੱਖਦਾ ਹੈ। ਪੰਡਿਤ ਨੇ ਜਵਾਬ ਵਿਚ ਕਿਹਾ ਕਿ ਇਹ ਧਨ ਪ੍ਰਾਪਤ ਕਰਨ ਦੀ ਵਿਦਿਆ ਦਿੰਦਾ ਹੈ। "ਦੁਨੀਆਂ ਉਸ ਧਰਤੀ ਦੀ ਪ੍ਰਸ਼ੰਸਾ ਕਰਦੀ ਹੈ ਜਿੱਥੇ ਧਨੀ ਵਪਾਰ ਕਰਦੇ ਹਨ। ਮਨ ਨੂੰ ਸਿਖਿਆ ਵਿਚ ਨਾ ਲਗਾਉਣ ਨਾਲ ਤੂੰ ਵੱਡਾ ਪੰਡਿਤ

ਬਣ ਜਾਵੇਗਾ।" ਗੁਰੂ ਜੀ ਨੇ ਕਈ ਤਰ੍ਹਾਂ ਦੇ ਅਲੰਕਾਰ ਦੇ ਕੇ ਜਵਾਬ ਦਿੱਤਾ :

ਰਾਜਾ ਬਾਲਕੁ ਨਗਰੀ ਕਾਚੀ ਦੁਸਟਾ ਨਾਲਿ ਪਿਆਰੋ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੧੭੧)

ਚਤੁਰ ਦਾਸ ਨੇ ਫੇਰ ਗੁਰੂ ਜੀ ਨੂੰ ਹੋਰ ਜਾਣਕਾਰੀ ਲਈ ਬੇਨਤੀ ਕੀਤੀ, "ਮਹਾਰਾਜ ਕੀ ਰੱਬ ਦਾ ਨਾਮ ਕਿਸੇ ਤਰ੍ਹਾਂ ਵੀ ਜੋ ਕੁਝ ਅਸੀਂ ਪੜ੍ਹਾਉਂਦੇ ਹਾਂ ਤੇ ਜੋ ਕੁਝ ਅਸੀਂ ਆਪ ਸਿਖਦੇ ਹਾਂ ਉਸਤੋਂ ਨਹੀਂ ਪਾਇਆ ਜਾ ਸਕਦਾ?" ਗੁਰੂ ਜੀ ਨੇ ਉੱਤਰ ਵਿਚ ਸਵਾਲ ਕੀਤਾ, "ਹੇ ਧਾਰਮਿਕ ਅਧਿਆਪਕ, ਤੂੰ ਕੀ ਪੜ੍ਹਿਆ ਹੈ ਅਤੇ ਤੂੰ ਲੋਕਾਂ ਨੂੰ ਕੀ ਪੜ੍ਹਾਉਂਦਾ ਹੈ? ਅਤੇ ਕਿਹੜਾ ਗਿਆਨ ਤੂੰ ਆਪਣੇ ਵਿਦਿਆਰਥੀਆਂ ਨੂੰ ਦਿੰਦਾ ਹੈ?" ਪੰਡਿਤ ਨੇ ਜਵਾਬ ਦਿੱਤਾ, ਰੱਬ ਦੀ ਇੱਛਾ ਨਾਲ ਮੈਂ ਲੋਕਾਂ ਨੂੰ ਚੋਦ੍ਹਾਂ ਵਿਗਿਆਨ ਪੜ੍ਹਾਉਂਦਾ ਹਾਂ- ਪੜ੍ਹਾਈ, ਤੈਰਨਾ, ਵੈਦਗੀ, ਕਾਇਆ ਕਲਪ ਦੀ ਕਲਾ, ਜੋਤਸ਼ ਵਿਦਿਆ, ਛੇ ਰਾਗਾਂ ਤੇ ਰਾਗਨੀਆਂ ਦਾ ਗਾਇਣ, ਕਾਮ ਭੋਗਣ ਦਾ ਗਿਆਨ, ਵਿਆਕਰਨ ਸੰਗੀਤ, ਘੋੜਸਵਾਰੀ, ਨਾਚ ਵਿਦਿਆ, ਤੀਰਅੰਦਾਜ਼ੀ, ਧਰਮ ਸ਼ਾਸਤਰ ਤੇ ਰਾਜਨੀਤੀ।" ਗੁਰੂ ਜੀ ਨੇ ਜਵਾਬ ਦਿੱਤਾ ਕਿ ਸਾਰੇ ਗਿਆਨ ਨਾਲੋਂ ਚੰਗਾ ਰੱਬ ਦਾ ਗਿਆਨ ਹੈ। ਇਸ ਗੱਲ ਤੇ ਗੁਰੂ ਜੀ ਨੇ ਇਕ ਲੰਬੀ ਰਚਨਾ 'ਓਅੰਕਾਰ' ਜੋ ਰਾਗ ਰਾਮਕਲੀ ਵਿਚ ਹੈ ਪੜ੍ਹ ਕੇ ਸੁਣਾਈ ਉਸ ਦੀਆਂ ਪਹਿਲੀਆਂ ਪਉੜੀਆਂ ਇਸ ਤਰ੍ਹਾਂ ਅਰੰਭ ਹੁੰਦੀਆਂ ਹਨ :

ਓਅੰਕਾਰਿ ਬ੍ਰਹਮਾ ਉਤਪਤਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੨੯)

ਓਅੰਕਾਰ ਦੀਆਂ ਸਾਰੀਆਂ 54 ਪਉੜੀਆਂ ਸੁਣ ਕੇ ਪੰਡਿਤ, ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ ਅਤੇ ਗੁਰੂ ਜੀ ਦਾ ਸਿੱਖ ਬਣ ਕੇ ਉਸ ਨੇ ਰੱਬ ਦਾ ਨਾਮ ਪ੍ਰਾਪਤ ਕਰ ਲਿਆ।

ਬਨਾਰਸ ਵਿਚ ਉਹਨਾਂ ਦੇ ਟਿਕਣ ਦੇ ਦੌਰਾਨ ਦੋ ਮਸ਼ਹੂਰ ਪੰਡਿਤ ਕ੍ਰਿਸ਼ਨ ਲਾਲ ਤੇ ਹਰਿ ਲਾਲ ਉਹਨਾਂ ਨੂੰ ਮਿਲਣ ਗਏ ਤੇ ਗੁਰੂ ਜੀ ਨੇ ਉਹਨਾਂ ਨੂੰ ਆਪਣੇ ਧਰਮ ਦੇ ਮੱਤ ਤੇ ਅਸੂਲ ਸਮਝਾਏ।

ਬਨਾਰਸ ਤੋਂ ਗੁਰੂ ਜੀ ਗਯਾ ਚਲੇ ਗਏ ਜੋ ਕਿ ਬੜਾ ਪ੍ਰਸਿੱਧ ਤੀਰਥ ਅਸਥਾਨ ਹੈ ਜਿਥੇ ਬੁੱਧ ਨੇ ਮਹਾਨ ਤਿਆਗ ਕਰਕੇ ਤਪੱਸਿਆ ਕੀਤੀ ਸੀ। ਉਥੇ ਬ੍ਰਾਹਮਣਾਂ ਨੇ ਗੁਰੂ ਜੀ ਨੂੰ ਉਹ ਰਸਮਾਂ ਕਰਨ ਤੇ ਜ਼ੋਰ ਦਿੱਤਾ ਜੋ ਹਿੰਦੂ ਆਮ ਕਰਕੇ ਆਪਣੇ ਪਿੱਤਰਾਂ ਦੀ ਆਤਮਾ ਦੀ ਸ਼ਾਂਤੀ ਲਈ ਕਰਦੇ ਹਨ। ਗੁਰੂ ਜੀ ਨੇ ਉਸ ਥਾਂ ਤੇ ਇਹ ਉਚਾਰਨ ਕੀਤਾ :

ਦੀਵਾ ਮੇਰਾ ਏਕੁ ਨਾਮੁ ਦੁਖੁ ਵਿਚਿ ਪਾਇਆ ਤੇਲੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੩੫੮)

ਗੁਰੂ ਜੀ ਤੇ ਮਰਦਾਨਾ ਘੁੰਮਦੇ-ਘੁੰਮਦੇ ਇਕ ਅਨਾਜ ਦੇ ਵਪਾਰੀ ਦੇ ਘਰ ਪੁੱਜੇ। ਉਹਨਾਂ ਦੇ ਇਕ ਭਾਈਵਾਲ ਦੇ ਘਰ ਪੁੱਤਰ ਦਾ ਜਨਮ ਹੋਇਆ ਸੀ ਅਤੇ ਬੜੇ ਲੋਕ ਵਧਾਈ ਦੇਣ ਲਈ ਆਏ ਹੋਏ ਸਨ। ਖੁਸ਼ੀ ਦੇ ਪ੍ਰਗਟਾਵੇ ਵਜੋਂ ਕਈ ਗੁਲਾਲ ਛਿੜਕ ਰਹੇ ਸਨ ਅਤੇ ਸ਼ੁਭ-ਇੱਛਾਵਾਂ ਤੇ

ਵਧਾਈਆਂ ਦੀਆਂ ਅਵਾਜ਼ਾਂ ਸਾਰੇ ਆਲੇ-ਦੁਆਲੇ ਵਿਚ ਆ ਰਹੀਆਂ ਸਨ। ਮਰਦਾਨਾ ਬੈਠ ਗਿਆ ਤੇ ਉਸ ਨਜ਼ਾਰੇ ਨੂੰ ਧਿਆਨ ਨਾਲ ਵੇਖਣ ਲੱਗ ਗਿਆ। ਸ਼ਾਮ ਨੂੰ ਜਦੋਂ ਅਨਾਜ ਦੇ ਵਪਾਰੀ ਦੀ ਮਹਿਮਾਨਨਿਵਾਜ਼ੀ ਖ਼ਤਮ ਹੋਈ ਤਾਂ ਉਹ ਮਰਦਾਨੇ ਵੱਲ ਬਿਨਾਂ ਧਿਆਨ ਦਿੱਤਿਆਂ ਉਠ ਕੇ ਆਪਣੇ ਘਰ ਦੇ ਅੰਦਰ ਚਲਾ ਗਿਆ। ਮਰਦਾਨਾ ਗੁਰੂ ਜੀ ਕੋਲ ਗਿਆ ਜੋ ਥੋੜ੍ਹੀ ਦੂਰ ਹੀ ਬੈਠੇ ਹੋਏ ਸਨ, ਉਸਨੇ ਗੁਰੂ ਜੀ ਨੂੰ ਬੱਚੇ ਦੇ ਜਨਮ ਤੇ ਮਹਿਮਾਨਨਿਵਾਜ਼ੀ ਦਾ ਪੂਰਾ ਹਾਲ ਸੁਣਾਇਆ। ਗੁਰੂ ਜੀ ਮੁਸਕਰਾਏ ਅਤੇ ਕਹਿਣ ਲੱਗੇ ਕਿ ਅਨਾਜ ਦੇ ਵਪਾਰੀ ਦੇ ਘਰ ਪੁੱਤਰ ਪੈਦਾ ਨਹੀਂ ਹੋਇਆ ਬਲਕਿ ਇਹ ਇਕ ਲੈਣਦਾਰ ਹੈ ਜੋ ਆਪਣਾ ਲੇਖਾ ਨਿਬੇੜਨ ਆਇਆ ਹੈ। ਇਹ ਇਕ ਰਾਤ ਇੱਥੇ ਰਹੇਗਾ ਅਤੇ ਸਵੇਰੇ ਚਲਾ ਜਾਵੇਗਾ। ਫੇਰ ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਦਾ ਹੁਕਮ ਦਿੱਤਾ ਤੇ ਉਸਦੀ ਧੁਨ ਤੇ ਇਹ ਸ਼ਬਦ ਗਾਇਆ........

ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੪)

ਜਦੋਂ ਸਵੇਰ ਹੋਈ ਤਾਂ ਅਨਾਜ ਦੇ ਵਪਾਰੀ ਦਾ ਬੱਚਾ ਮਰ ਗਿਆ ਤੇ ਉਹ ਅਤੇ ਉਸਦੇ ਰਿਸ਼ਤੇਦਾਰ ਰੋਂਦੇ ਕੁਰਲਾਉਂਦੇ ਆਏ। ਮਰਦਾਨੇ ਨੇ ਗੁਰੂ ਜੀ ਨੂੰ ਪੁੱਛਿਆ ਕਿ ਜੋ ਕੱਲ ਖੁਸ਼ੀਆਂ ਤੇ ਰੰਗ-ਰਲੀਆਂ ਮਨਾ ਰਹੇ ਸਨ ਉਹਨਾਂ ਨਾਲ ਕਿਸਮਤ ਨੇ ਕਿਸ ਤਰ੍ਹਾਂ ਅਚਾਨਕ ਇਹ ਮੋੜ ਲਿਆ ਹੈ। ਗੁਰੂ ਜੀ ਨੇ ਫਿਰ ਇਕ ਸ਼ਬਦ ਮਨੁੱਖਾਂ ਜੀਵਨ ਦੇ ਉੱਤਰਾਅ-ਚੜ੍ਹਾਅ ਬਾਰੇ ਉਚਾਰਨ ਕੀਤਾ।

ਜਿਨ੍ਹਾਂ ਦੇ ਮੁੱਖਾਂ ਤੋਂ ਵਧਾਈਆਂ ਨਿਕਲਦੀਆਂ ਹਨ ਉਹਨਾਂ ਨੂੰ ਲੱਖਾਂ ਹੀ ਖੁਸ਼ੀਆਂ ਹਨ। ਹੁਣ ਉਹ ਆਪਣੇ ਸਿਰ ਅਫਸੋਸ ਨਾਲ ਭੰਨਦੇ ਹਨ ਅਤੇ ਉਹਨਾਂ ਦੇ ਮਨ ਤੇ ਸਰੀਰ ਨੂੰ ਦੁੱਖ ਹੁੰਦਾ ਹੈ। ਮਰਨ ਪਿਛੋਂ ਕੁਝ ਨੂੰ ਦੱਬਦੇ ਹਨ ਅਤੇ ਕਈਆਂ ਨੂੰ ਦਰਿਆ ਵਿਚ ਸੁੱਟਦੇ ਹਨ। ਜਦੋਂ ਖੁਸ਼ੀਆਂ ਦਾ ਸਮਾਂ ਲੰਘ ਜਾਏ ਤਦ ਵੀ ਉਸ ਰੱਬ ਦੀ ਉਸਤਤ ਕਰਨੀ ਚਾਹੀਦੀ ਹੈ।

ਰਸਤੇ ਵਿਚ ਜਾਂਦਿਆਂ ਹੋਇਆਂ ਗੁਰੂ ਜੀ ਤੇ ਮਰਦਾਨੇ ਨੇ ਇਕ ਛੋਟਾ ਜਿਹਾ ਛੋਲਿਆਂ ਦੀ ਫਸਲ ਦਾ ਖੇਤ ਵੇਖਿਆ ਜਿਸ ਦੇ ਆਲੇ-ਦੁਆਲੇ ਵਾੜ ਕੀਤੀ ਹੋਈ ਸੀ। ਜਦੋਂ ਗੁਰੂ ਜੀ ਤੇ ਮਰਦਾਨੇ ਨੇ ਖੇਤ ਦੇ ਰਖਵਾਲੇ ਨੂੰ ਦੂਰੋਂ ਧਿਆਨ ਨਾਲ ਵੇਖਿਆ ਤਾਂ ਉਹ ਆਪਣੇ ਰਾਤ ਦੇ ਖਾਣੇ ਲਈ ਕੁਝ ਛੋਲੇ ਭੁੰਨਣ ਲੱਗਾ ਸੀ। ਜਦੋਂ ਖੇਤ ਦਾ ਰਖਵਾਲਾ ਖਾਣ ਦੀ ਤਿਆਰੀ ਕਰ ਰਿਹਾ ਸੀ ਤਾਂ ਉਸਨੇ ਉਹਨਾਂ ਨੂੰ ਵੇਖਿਆ ਤਾਂ ਉਸਦੇ ਮਨ ਵਿਚ ਆਇਆ ਕਿ ਉਹਨਾਂ ਨੂੰ ਛੋਲੀਏ ਨਾਲੋਂ ਚੰਗੀ ਚੀਜ਼ ਖਾਣ ਨੂੰ ਦੇਣੀ ਚਾਹੀਦੀ ਹੈ। ਇਸ ਕਰਕੇ ਉਹ ਘਰ ਜਾ ਕੇ ਉਹਨਾਂ ਲਈ ਕੁਝ ਚੰਗਾ ਖਾਣ ਲਈ ਤੇ ਆਰਾਮਦਾਇਕ ਬਿਸਤਰਾ ਲਿਆਉਣ ਦੀ ਸੋਚਣ ਲੱਗਾ। ਜਿਉਂ ਹੀ ਉਹ ਉਠਿਆ ਤਾਂ ਗੁਰੂ ਜੀ ਕਿਉਂਕਿ ਉਸਨੂੰ ਤਕਲੀਫ਼ ਨਹੀਂ ਦੇਣਾ ਚਾਹੁੰਦੇ ਸਨ ਇਸ ਕਰਕੇ ਕਹਿਣ ਲੱਗੇ ਕਿ ਉਹ ਕਿਸ ਪਾਸੇ ਜਾ ਰਿਹਾ ਹੈ ਤੇ ਉਸਦਾ ਉੱਤਰ ਜਾਣ ਕੇ ਗੁਰੂ ਜੀ ਨੇ ਇਹ ਉਚਾਰਿਆ :

'ਤੁਹਾਡਾ ਗੱਦਾ ਹੀ ਮੇਰਾ ਬਿਸਤਰਾ ਹੈ, ਤੁਹਾਡਾ ਪਿਆਰ ਮੇਰਾ ਸੁਆਦਲਾ ਭੋਜਨ, ਤੁਹਾਡੀਆਂ ਸਿਫਤਾਂ ਨਾਲ ਪਹਿਲਾਂ ਹੀ ਕੱਜਿਆ ਹੈ, ਤੁਸੀਂ ਘਰ ਆਵੋ।'

ਸਮਾਂ ਆਉਣ ਤੇ ਖੇਤ ਦੇ ਰਖਵਾਲੇ ਨੂੰ ਗੁਰੂ ਜੀ ਲਈ ਨੇਕ ਨੀਯਤ ਰੱਖਣ ਦੇ ਬਦਲੇ ਆਤਮਿਕ ਉੱਚਤਾ ਪ੍ਰਾਪਤ ਹੋ ਗਈ।

ਉਸ ਸਮੇਂ ਉੱਥੇ ਇਕ ਦੁਕਾਨਦਾਰ ਸੀ ਜਿਸਦਾ ਮਨ ਧਾਰਮਿਕ ਪ੍ਰਵਿਰਤੀ ਵੱਲ ਹੋ ਗਿਆ ਸੀ ਤੇ ਉਸ ਦੀ ਇਹ ਦਿਲੀ ਇੱਛਾ ਸੀ ਕਿ ਉਹ ਕਿਸੇ ਗੁਰੂ ਨੂੰ ਮਿਲੇ। ਉਸਨੇ ਗੁਰੂ ਨਾਨਕ ਦੇਵ ਜੀ ਦੇ ਆਉਣ ਬਾਰੇ ਸੁਣਿਆ ਅਤੇ ਕਸਮ ਖਾ ਲਈ ਕਿ ਜਿੰਨੀ ਦੇਰ ਤਕ ਉਹ ਉਹਨਾਂ ਨੂੰ ਮਿਲ ਨਹੀਂ ਲਏਗਾ ਉਹ ਕੁਝ ਖਾਏਗਾ ਪੀਏਗਾ ਨਹੀਂ। ਇਕ ਵਾਰੀ ਗੁਰੂ ਜੀ ਨੂੰ ਮਿਲਣ ਤੋਂ ਬਾਅਦ ਉਹ ਲਗਾਤਾਰ ਉਹਨਾਂ ਕੋਲੋਂ ਧਾਰਮਿਕ ਸਿੱਖਿਆ ਲੈਣ ਲਈ ਜਾਣ ਲੱਗ ਪਿਆ। ਇਕ ਗੁਆਂਢੀ ਦੁਕਾਨਦਾਰ ਨੇ ਵੀ ਸੁਣਿਆ ਕਿ ਉਸਦਾ ਮਿੱਤਰ ਗੁਰੂ ਜੀ ਕੋਲ ਜਾਂਦਾ ਹੈ ਤਾਂ ਉਸ ਨੇ ਕਿਹਾ ਕਿ ਉਹ ਵੀ ਧਾਰਮਿਕ ਪੁਰਸ਼ ਦੇ ਦਰਸ਼ਨ ਕਰਨ ਜਾਵੇਗਾ। ਉਹ ਇਕੱਠੇ ਘਰੋਂ ਤੁਰ ਪਏ ਰਸਤੇ ਵਿਚ ਦੂਸਰੇ ਦੁਕਾਨਦਾਰ ਨੇ ਇਕ ਔਰਤ ਨੂੰ ਵੇਖਿਆ ਜਿਸ ਉਪਰ ਉਹ ਮੋਹਿਤ ਹੋ ਗਿਆ ਅਤੇ ਗੁਰੂ ਨਾਨਕ ਦੇਵ ਜੀ ਵੱਲ ਉਸਦਾ ਜਾਣਾ ਅਨਿਸ਼ਚਿਤ ਸਮੇਂ ਲਈ ਅੱਗੇ ਪੈ ਗਿਆ। ਦੋਹਾਂ ਦਾ ਇਹ ਨੇਮ ਸੀ ਕਿ ਉਹ ਇਕੱਠੇ ਘਰ ਤੋਂ ਚਲਦੇ, ਇਕ ਜਣਾ ਆਪਣੀ ਪ੍ਰੇਮਿਕਾ ਨੂੰ ਮਿਲਣ ਜਾਂਦਾ ਤੇ ਦੂਸਰਾ ਗੁਰੂ ਜੀ ਨੂੰ। ਦੂਸਰਾ ਦੁਕਾਨਦਾਰ ਦੋਹਾਂ ਦੀਆਂ ਕਿਸਮਤਾਂ ਨੂੰ ਅਜਮਾਉਣਾ ਚਾਹੁੰਦਾ ਸੀ। ਇਸ ਕਰਕੇ ਕਹਿਣ ਲੱਗਾ, "ਤੂੰ ਚੰਗੇ ਕੰਮ ਕਰਦਾ ਹੈ ਜਦਕਿ ਮੈਂ ਬੁਰੇ ਕੰਮ ਕਰਦਾ ਹਾਂ। ਚਲੋ ਵੇਖੀਏ ਅੱਜ ਸਾਡੇ ਦੋਹਾਂ ਨਾਲ ਕੀ ਬੀਤਦੀ ਹੈ। ਜੇ ਮੈਂ ਪਹਿਲੇ ਆ ਗਿਆ ਤਾਂ ਮੈਂ ਇੱਥੇ ਬੈਠ ਕੇ ਤੇਰਾ ਇੰਤਜ਼ਾਰ ਕਰਾਂਗਾ ਅਤੇ ਜੇ ਤੂੰ ਪਹਿਲੇ ਆ ਗਿਆ ਤਾਂ ਤੂੰ ਮੇਰਾ ਇੰਤਜ਼ਾਰ ਕਰੀਂ।" ਇਹ ਗੱਲ ਦੋਹਾਂ ਵਿਚ ਤੈਅ ਹੋ ਗਈ। ਦੂਸਰਾ ਦੁਕਾਨਦਾਰ ਹਮੇਸ਼ਾਂ ਦੀ ਤਰ੍ਹਾਂ ਆਪਣੀ ਪ੍ਰੇਮਿਕਾ ਦੇ ਘਰ ਗਿਆ ਪਰ ਉਹ ਉਸਨੂੰ ਨਾ ਮਿਲੀ। ਫੇਰ ਉਹ ਉਸੇ ਜਗ੍ਹਾ ਵੱਲ ਚਲ ਪਿਆ ਜਿੱਥੇ ਉਸਦੇ ਮਿੱਤਰ ਨਾਲ ਮਿਲਣਾ ਤੈਅ ਹੋਇਆ ਸੀ। ਪਰ ਉਸਦਾ ਮਿੱਤਰ ਜੋ ਉਸ ਦਿਨ ਗੁਰੂ ਜੀ ਨਾਲ ਕਾਫ਼ੀ ਦੇਰ ਤਕ ਵਾਰਤਾਲਾਪ ਕਰਦਾ ਰਿਹਾ ਹਾਲੇ ਪੁੱਜਿਆ ਨਹੀਂ ਸੀ। ਦੂਸਰੇ ਦੁਕਾਨਦਾਰ ਨੂੰ ਵਿਹਲੇ ਬੈਠਿਆਂ ਕੁਝ ਰੁਝੇਵਾਂ ਚਾਹੀਦਾ ਸੀ। ਇਸ ਕਰਕੇ ਚਾਕੂ ਕੱਢ ਕੇ ਜ਼ਮੀਨ ਨੂੰ ਖੋਦਣ ਲੱਗ ਪਿਆ। ਉਸਨੂੰ ਇਕ ਚਮਕਦਾ ਸੋਨੇ ਦਾ ਸਿੱਕਾ ਮਿਲਿਆ। ਉਸਨੇ ਆਪਣੀ ਖੋਜ ਆਪਣੇ ਕਮਜ਼ੋਰ ਜਿਹੇ ਹਥਿਆਰ ਜੋ ਉਸ ਕੋਲ ਸੀ ਨਾਲ ਜਾਰੀ ਰੱਖੀ। ਉਸਨੂੰ ਬੜੀ ਨਿਰਾਸਤਾ ਹੋਈ ਜਦੋਂ ਉਸਨੂੰ ਸਿਰਫ ਕੋਲਿਆਂ ਦਾ ਮਟਕਾ ਮਿਲਿਆ। ਪਰ ਤਾਂ ਵੀ ਉਸਦੀ ਮਿਹਨਤ ਦਾ ਕੁਝ ਫਲ ਤਾਂ ਉਸਨੂੰ ਮਿਲ ਗਿਆ।

ਏਨੀ ਦੇਰ ਵਿਚ ਪਹਿਲਾ ਦੁਕਾਨਦਾਰ ਵੀ ਬਹੁਤ ਉਦਾਸ ਹੋਇਆ ਉਥੇ ਪਹੁੰਚ ਗਿਆ। ਗੁਰੂ ਜੀ ਤੋਂ ਵਾਪਸ ਆਉਂਦਿਆਂ ਇਕ ਕੰਡਾ ਉਸਦੇ ਪੈਰ ਵਿਚ ਚੁੱਭ ਗਿਆ ਸੀ। ਉਸਨੇ ਆਪਣੇ ਜ਼ਖਮ ਨੂੰ ਬੰਨ੍ਹਿਆ ਹੋਇਆ ਸੀ ਤੇ ਲੰਗੜਾਉਂਦਾ-ਲੰਗੜਾਉਂਦਾ ਹੋਇਆ ਉਹ ਨਿਰਨੇ ਵਾਲੀ ਜਗ੍ਹਾ ਤੇ ਪਹੁੰਚਿਆ। ਉਸਦੇ ਮਿੱਤਰ ਨੇ ਉਸਨੂੰ ਆਪਣੀ ਚੰਗੇਰੀ ਕਿਸਮਤ ਬਾਰੇ ਦੱਸਿਆ। ਦੋਹਾਂ ਨੇ ਇਹ ਵੇਖਿਆ ਕਿ ਜੋ ਰੋਜ਼ ਪਾਪ ਕਰਨ ਜਾਂਦਾ ਸੀ ਉਹ ਪ੍ਰਫੁੱਲਿਤ ਹੋ ਗਿਆ ਜਦਕਿ ਜੋ ਗੁਰੂ ਜੀ ਕੋਲ ਰੱਬ ਦੀ ਭਗਤੀ ਤੇ ਸਿਮਰਨ ਕਰਨ ਜਾਂਦਾ ਸੀ ਉਸਨੂੰ ਕਸ਼ਟ ਝੱਲਣਾ ਪਿਆ। ਉਹਨਾਂ ਦੋਹਾਂ

ਨੇ ਇਹ ਫੈਸਲਾ ਕੀਤਾ ਕਿ ਉਹ ਇਸ ਤਰ੍ਹਾਂ ਦੀ ਦੁਜਾਇਗੀ ਅਭੁੱਲ ਤੇ ਅਯੋਗ ਕਿਸਮਤਾਂ ਨੂੰ ਸਮਝਣ ਲਈ ਗੁਰੂ ਨਾਨਕ ਦੇਵ ਜੀ ਕੋਲ ਜਾਣਗੇ।

ਗੁਰੂ ਜੀ ਨੇ ਸਮਝਾਇਆ ਕਿ ਭੈੜੇ ਕੰਮ ਕਰਨ ਵਾਲੇ ਦੁਕਾਨਦਾਰ ਨੇ ਪਿਛਲੇ ਜਨਮ ਵਿਚ ਇਕ ਸੋਨੇ ਦਾ ਸਿੱਕਾ ਦਾਨ ਵਜੋਂ ਇਕ ਧਰਮੀ ਵਿਅਕਤੀ ਨੂੰ ਦਿੱਤਾ ਸੀ। ਦਾਨੀ ਦੇ ਦਾਨ ਦੇ ਫਲਸਰੂਪ ਉਹ ਸਿੱਕਾ ਸੋਨੇ ਦੇ ਕਈ ਸਿੱਕਿਆਂ ਵਿਚ ਬਦਲ ਗਿਆ ਪਰ ਜਦੋਂ ਉਹ ਪਾਪ ਵਾਲੇ ਪਾਸੇ ਲੱਗ ਗਿਆ ਤਾਂ ਸੋਨੇ ਦੇ ਸਿੱਕੇ ਕੋਲੇ ਬਣ ਗਏ ਪਰ ਅਸਲ ਵਾਲਾ ਸੋਨੇ ਦਾ ਸਿੱਕਾ ਬੱਚਿਆ ਰਹਿ ਗਿਆ। ਜੋ ਦੁਕਾਨਦਾਰ ਗੁਰੂ ਜੀ ਕੋਲ ਜਾਂਦਾ ਸੀ ਉਸਨੂੰ ਧੋਖੇ ਤੇ ਵਿਆਜਖੋਰੀ ਦੇ ਪਾਪਾਂ ਕਰਕੇ ਸੂਲੀ ਤੇ ਟੰਗ ਕੇ ਮਾਰਿਆ ਜਾਣਾ ਸੀ ਪਰ ਕਿਉਂਕਿ ਉਸਨੇ ਚੰਗੇ ਕੰਮਾਂ ਵਿਚ ਤਰੱਕੀ ਕਰ ਲਈ ਇਸ ਕਰਕੇ ਉਸਦੀ ਸੂਲੀ ਦੀ ਸਜਾ ਘੱਟਦੀ-ਘੱਟਦੀ ਸਿਰਫ ਇਕ ਕੰਡੇ ਜਿਤਨੀ ਰਹਿ ਗਈ। ਇਸ ਤਰ੍ਹਾਂ ਚੰਗੇ ਗੁਣਾਂ ਨੂੰ ਅਮਲ ਵਿਚ ਲਿਆਉਣ ਨਾਲ ਰੱਬ ਦੀ ਰਜ਼ਾ ਨੂੰ ਬਦਲਿਆ ਜਾ ਸਕਦਾ ਹੈ। ਇਸ ਤਰ੍ਹਾਂ ਦੋਵੇਂ ਮਨੁੱਖਾਂ ਦੀ ਅਸਮਾਨਤਾ ਵਾਲੀ ਵੰਡ ਦੀ ਵਿਆਖਿਆ ਸੁਣ ਕੇ ਪੂਰੀ ਤਰ੍ਹਾਂ ਤਸੱਲੀ ਹੋ ਗਈ। ਪਾਪ ਕਰਨ ਵਾਲੇ ਤੇ ਗੁਣਵਾਨ ਆਦਮੀ ਦੋਵੇਂ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਡਿੱਗ ਪਏ ਤੇ ਦੋਵੇਂ ਰੱਬ ਦੇ ਸੱਚੇ ਭਗਤ ਬਣ ਗਏ। ਗੁਰੂ ਜੀ ਨੇ ਫਿਰ ਇਹ ਸਲੋਕ ਉਚਾਰਨ ਕੀਤਾ :

ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੯੦)

ਗੁਰੂ ਜੀ ਨੇ ਇਸ ਮੌਕੇ ਤੇ ਬਦਚਲਣ ਦੁਕਾਨਦਾਰ ਦੇ ਉਸ ਖਾਸ ਐਬ ਬਾਰੇ ਵਿਆਖਿਆ ਕੀਤੀ, "ਜਦੋਂ ਆਦਮੀ ਕਿਸੇ ਵੇਸਵਾ ਨੂੰ ਵੇਖਦਾ ਹੈ ਤਾਂ ਡੋਲ ਜਾਂਦਾ ਹੈ, ਫੇਰ ਉਸ ਵਿਚ ਕਾਮ ਦੀ ਖਾਹਿਸ਼ ਪੈਦਾ ਹੋ ਜਾਂਦੀ ਹੈ ਤੇ ਉਹ ਕਿਸੇ ਤਰ੍ਹਾਂ ਵੀ ਰੋਕਿਆ ਨਹੀਂ ਜਾ ਸਕਦਾ। ਉਸਨੂੰ ਮਿਲ ਕੇ ਉਹ ਆਪਣਾ ਮਨੁੱਖਾਂ ਜਨਮ ਗਵਾ ਬੈਠਦਾ ਹੈ। ਧਰਮ ਤੋਂ ਬਿਨਾਂ ਉਹ ਨਰਕ ਵਿਚ ਡਿੱਗ ਜਾਂਦਾ ਹੈ ਜਿਥੇ ਉਸਨੂੰ ਸਜਾ ਭੁਗਤਣੀ ਪੈਂਦੀ ਹੈ ਤੇ ਉਹ ਬਹੁਤ ਪਛਤਾਉਂਦਾ ਹੈ। ਜਦਕਿ ਉਸਨੂੰ ਵੇਸਵਾ ਵੱਲ ਵੇਖਣਾ ਨਹੀਂ ਚਾਹੀਦਾ ਤੇ ਆਪਣਾ ਸਮਾਂ ਚੰਗੀ ਸੰਗਤ ਵਿਚ ਗੁਜ਼ਾਰਨਾ ਚਾਹੀਦਾ ਹੈ।"

ਇਸ ਤੋਂ ਬਾਅਦ ਸਭ ਅੱਡ ਅੱਡ ਹੋ ਗਏ ਤੇ ਗੁਰੂ ਜੀ ਤੇ ਮਰਦਾਨੇ ਨੇ ਆਪਣਾ ਭ੍ਰਮਣ ਜਾਰੀ ਰੱਖਿਆ। ਰਸਤੇ ਵਿਚ ਉਹਨਾਂ ਨੂੰ ਲੁਟੇਰੇ ਟੱਕਰ ਗਏ। ਗੁਰੂ ਨਾਨਕ ਦੇਵ ਜੀ ਨੂੰ ਵੇਖ ਕੇ ਉਹਨਾਂ ਨੇ ਸੋਚਿਆ ਕਿ ਜਿਸਦੇ ਚਿਹਰੇ ਤੇ ਖੁਸ਼ੀ ਚਮਕ ਰਹੀ ਹੈ ਉਹ ਦੌਲਤ ਤੋਂ ਬਿਨਾਂ ਨਹੀਂ ਹੋ ਸਕਦਾ। ਇਸ ਤਰ੍ਹਾਂ ਉਹ ਜਾ ਕੇ ਗੁਰੂ ਜੀ ਦੇ ਆਲੇ-ਦੁਆਲੇ ਖੜ੍ਹੇ ਹੋ ਗਏ। ਜਿਉਂ ਹੀ ਉਹਨਾਂ ਨੇ ਗੁਰੂ ਜੀ ਨੂੰ ਵੇਖਿਆ ਤਾਂ ਦਿਨ ਚੜ੍ਹ ਗਿਆ। ਇਸ ਕਰਕੇ ਉਹ ਉਹਨਾਂ ਦਾ ਨਿਰੀਖਣ ਚੰਗੀ ਤਰ੍ਹਾਂ ਨਾ ਕਰ ਸਕੇ। ਉਹਨਾਂ ਨੇ ਲੁਟੇਰਿਆਂ ਨੂੰ ਪੁੱਛਿਆ ਕਿ ਉਹ ਕੌਣ ਹਨ ਤੇ ਕੀ ਚਾਹੁੰਦੇ ਹਨ? ਉਹਨਾਂ ਨੇ ਨਿਝੱਕ ਹੋ ਕੇ ਦੱਸਿਆ ਕਿ ਉਹ ਠੱਗ ਹਨ ਤੇ ਉਹਨਾਂ ਨੂੰ ਲੁੱਟਣ ਆਏ ਹਨ। ਗੁਰੂ ਜੀ ਨੇ ਉਹਨਾਂ

ਨੂੰ ਆਤਮਿਕ ਸਿੱਖਿਆ ਦਿੱਤੀ ਤੇ ਕਿਹਾ ਕਿ ਜੇ ਉਹ ਭੈੜੇ ਕੰਮ ਛੱਡ ਕੇ ਖੇਤੀਬਾੜੀ ਸ਼ੁਰੂ ਕਰ ਦੇਣ ਤੇ ਆਪਣੇ ਭੈੜੇ ਕੰਮਾਂ ਦੇ ਪੈਸੇ ਨੂੰ ਦਾਨ ਵਿਚ ਦੇ ਦੇਣ ਤਾਂ ਉਹਨਾਂ ਦੇ ਪਾਪ ਮਿਟ ਜਾਣਗੇ। ਉਹਨਾਂ ਨੇ ਗੁਰੂ ਜੀ ਦੀ ਸਲਾਹ ਮੰਨ ਕੇ ਨਾਮ ਜਪਣਾ ਤੇ ਆਪਣੀ ਜ਼ਿੰਦਗੀ ਦਾ ਸੁਧਾਰ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਇਸ ਮੌਕੇ ਤੇ ਇਹ ਰਚਨਾ ਕੀਤੀ :

ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੫)

ਨਿਮਨ ਸ਼ਬਦ ਦੁਆਰਾ ਗੁਰੂ ਜੀ ਨੇ ਕਿਸਾਨ ਵਰਗੀ ਮਿਹਨਤ ਦੀ ਸਿਫਾਰਸ਼ ਕੀਤੀ :

ਚੋਲੇ ਬੈਲ ਤੇ ਉਹਨਾਂ ਦਾ ਗੁਰੂ ਹਾਲੀ ਹੈ; ਧਰਤੀ ਪੁਸਤਕ ਤੇ ਉਸਦੀਆਂ ਪੈੜਾਂ ਲਿਖਿਤ। ਹਾਲੀ ਦੇ ਮੱਥੇ ਦਾ ਪਸੀਨਾ ਪੈਰਾਂ ਤੇ ਡਿੱਗਦਾ ਹੈ, ਸਭ ਉਸਦੀ ਕਮਾਈ ਵਿਚੋਂ ਖਾਂਦੇ ਹਨ, ਜਿਹੜੇ ਉਸਦੀ ਕਮਾਈ ਦਾ ਫਲ ਖਾਂਦੇ ਹਨ ਉਹ ਉਸ ਵਿਚੋਂ ਬਹੁਤ ਘਟ ਦਾਨ ਦਿੰਦੇ ਹਨ। ਨਾਨਕ ਉਸਦੇ ਸੱਚੇ ਰਸਤੇ ਨੂੰ ਪਛਾਣੋ। ਫਿਰ ਗੁਰੂ ਜੀ ਉਥੋਂ ਚਲੇ ਗਏ।

ਭਾਗ ਛੇਵਾਂ

ਗੁਰੂ ਜੀ ਤੇ ਮਰਦਾਨਾ ਫੇਰ ਕਾਮਰੂਪ ਗਏ ਜਿਸ ਦੇਸ਼ ਦੀਆਂ ਔਰਤਾਂ ਜਾਦੂ-ਟੂਣਿਆਂ ਦੇ ਹੁਨਰ ਲਈ ਬਹੁਤ ਮਸ਼ਹੂਰ ਸਨ। ਸਿੱਖ ਇਤਿਹਾਸ ਮੁਤਾਬਕ ਇਸ ਦੇਸ ਦਾ ਰਾਜ-ਪ੍ਰਬੰਧ ਰਾਣੀ ਨੂਰਸ਼ਾਹ ਕਰਦੀ ਸੀ। ਉਹ ਆਪਣੀਆਂ ਹੋਰ ਔਰਤਾਂ ਨਾਲ ਗੁਰੂ ਜੀ ਕੋਲ ਉਹਨਾਂ ਨੂੰ ਭਰਮਾਉਣ ਦੀ ਕੋਸ਼ਿਸ਼ ਕਰਨ ਲਈ ਗਈ।

ਗੁਰੂ ਜੀ ਨੇ ਉਸ ਵੇਲੇ ਇਸ ਸ਼ਬਦ ਦਾ ਉਚਾਰਨ ਕੀਤਾ :

ਕਲਰ ਵਾਲੀ ਧਰਤੀ ਖਰੀਦ ਕੇ ਤੁਸੀਂ ਮੁਨਾਫੇ ਦੀ ਆਸ ਰੱਖਦੇ ਹੋ : ਚੰਗੇ ਗੁਣਾਂ ਤੋਂ ਬਿਨਾਂ ਤੁਸੀ ਕਿਵੇਂ ਆਪਣੇ ਪਤੀ ਨੂੰ ਮਿਲ ਸਕਦੇ ਹੋ? ਗੁਰੂ ਜੀ ਇਸ ਤਰ੍ਹਾਂ ਕਹਿੰਦੇ ਹਨ :

ਗੁਣਵੰਤੀ ਸਹੁ ਰਾਵਿਆ ਨਿਰਗੁਣਿ ਕੂਕੇ ਕਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੫੫੭)

ਨੂਰਸ਼ਾਹ ਨੂੰ ਮਹਿਸੂਸ ਹੋਇਆ ਕਿ ਕਾਫ਼ੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਉਹਨਾਂ ਦਾ ਜਾਦੂ ਉਹਨਾਂ ਉੱਤੇ ਕੋਈ ਅਸਰ ਨਹੀਂ ਕਰ ਰਿਹਾ। ਗੁਰੂ ਜੀ ਨੇ ਉਹਨਾਂ ਦੀਆਂ ਵਿਅਰਥ ਕੋਸ਼ਿਸ਼ਾਂ ਨੂੰ ਵੇਖ ਕੇ, ਇਹ ਸ਼ਬਦ ਸੂਹੀ ਰਾਗ ਵਿਚ ਉਚਾਰਿਆ ਜਿਸਦਾ ਸਿਰਲੇਖ ਹੈ ਕੁਚੱਜੀ :

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੬੨)

ਨੂਰਸ਼ਾਹ ਆਪਣੀਆਂ ਕੋਸ਼ਿਸ਼ਾਂ ਤੋਂ ਥੱਕ ਗਈ। ਉਸਨੇ ਸੋਚਿਆ ਕਿ ਉਸਦੀ ਅਸਫਲਤਾ ਉਸਦੇ ਮਾੜੇ ਕੰਮਾਂ ਦਾ ਨਤੀਜਾ ਹੈ। ਉਸਦੀਆਂ ਔਰਤਾਂ ਢੋਲ ਵਜਾਉਂਦੀਆਂ ਗੁਰੂ ਜੀ ਦੇ ਸਾਹਮਣੇ

ਨੱਚਣ ਤੇ ਗਾਉਣ ਲੱਗ ਪਈਆਂ। ਇਸ ਮੌਕੇ ਤੇ ਗੁਰੂ ਜੀ ਨੇ ਇਹ ਸ਼ਬਦ ਰਚਿਆ :

ਤਾਲ ਮਦੀਰੇ ਘਟ ਕੇ ਘਾਟ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੩੪੯)

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੮੫)

ਜਦੋਂ ਗੁਰੂ ਜੀ ਇਹ ਸ਼ਬਦ ਬੋਲ ਚੁੱਕੇ ਸਨ ਤਾਂ ਨੂਰਸ਼ਾਹ ਨੇ ਸੋਚਿਆ ਕਿ ਉਹ ਉਹਨਾਂ ਨੂੰ ਧਨ-ਦੌਲਤ ਨਾਲ ਭਰਮਾਏ। ਉਸਦੇ ਸੇਵਕ ਮੋਤੀ, ਹੀਰੇ, ਸੋਨਾ, ਚਾਂਦੀ, ਮੂੰਗਾ, ਸ਼ਾਹੀ ਪੁਸ਼ਾਕਾਂ ਤੇ ਹੋਰ ਜੋ ਵੀ ਕੀਮਤੀ ਚੀਜ਼ਾਂ ਰਾਜ ਦੇ ਖ਼ਜ਼ਾਨੇ ਵਿਚ ਸਨ ਲੈ ਕੇ ਆਏ ਤੇ ਉਹਨਾਂ ਦੇ ਚਰਨਾਂ ਵਿਚ ਵਿਛਾ ਦਿੱਤੀਆਂ। ਗੁਰੂ ਜੀ ਨੇ ਸਾਰੇ ਤੋਹਫਿਆਂ ਦਾ ਨਜ਼ਰਾਨਾ ਅਸਵੀਕਾਰ ਕਰ ਦਿੱਤਾ ਅਤੇ ਇਹ ਸ਼ਬਦ ਉਚਾਰਿਆ ਜਿਸਨੂੰ ਉਹਨਾਂ ਨੇ ਮਰਦਾਨੇ ਦੀ ਰਬਾਬ ਨਾਲ ਗਾਇਆ :

ਇਆਨੜੀਏ ਮਾਨੜਾ ਕਾਇ ਕਰੇਹਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੨੨)

ਨੂਰਸ਼ਾਹ ਤੇ ਉਸਦੀਆਂ ਔਰਤਾਂ ਨੇ ਇਹ ਸ਼ਬਦ ਸੁਣ ਕੇ ਆਪਣੇ ਸਿਰ ਦੀ ਪੁਸ਼ਾਕ ਨੂੰ ਆਪਣੇ ਗਲੇ ਦੁਆਲੇ ਲਪੇਟ ਲਿਆ ਜਿਸਦਾ ਮਤਲਬ ਸੀ ਕਿ ਉਹਨਾਂ ਨੇ ਹਾਰ ਮੰਨ ਲਈ ਹੈ ਤੇ ਉਹ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਈਆਂ। ਉਹਨਾਂ ਨੇ ਪੁੱਛਿਆ ਕਿ ਉਹਨਾਂ ਨੂੰ ਕਿਸ ਤਰ੍ਹਾਂ ਮੁਕਤੀ ਮਿਲ ਸਕਦੀ ਹੈ। ਗੁਰੂ ਜੀ ਨੇ ਉਹਨਾਂ ਨੂੰ ਨਾਮ ਜਪਣ, ਆਪਣੇ ਘਰ ਦੇ ਕੰਮਾਂ ਨੂੰ ਈਮਾਨਦਾਰੀ ਨਾਲ ਕਰਨ ਤੇ ਜਾਦੂ-ਟੂਣੇ ਛੱਡਣ ਨੂੰ ਕਿਹਾ ਅਤੇ ਇਸ ਤਰ੍ਹਾਂ ਹੀ ਉਹਨਾਂ ਨੂੰ ਆਉਣ ਵਾਲੇ ਸਮੇਂ ਦੀ ਖੁਸ਼ੀ ਪ੍ਰਾਪਤ ਹੋ ਸਕਦੀ ਹੈ। ਇਹ ਕਿਹਾ ਜਾਂਦਾ ਹੈ ਕਿ ਉਹ ਗੁਰੂ ਨਾਨਕ ਦੇਵ ਜੀ ਦੀਆਂ ਅਨੁਯਾਈ ਬਣ ਗਈਆਂ ਅਤੇ ਇਸ ਤਰ੍ਹਾਂ ਉਹਨ੍ਹਾਂ ਮੁਕਤੀ ਪ੍ਰਾਪਤ ਕੀਤੀ।

ਕਾਮਰੂਪ ਤੋਂ ਚੱਲ ਕੇ ਗੁਰੂ ਜੀ ਇਕ ਉਜਾੜ ਬੀਆਬਾਨ ਜਗ੍ਹਾ ਤੇ ਚਲੇ ਗਏ। ਉੱਥੇ ਕਲਯੁੱਗ ਉਹਨਾਂ ਨੂੰ ਭਰਮਾਨ ਲਈ ਆਇਆ। ਮਰਦਾਨਾ ਬਹੁਤ ਬੁਰੀ ਤਰ੍ਹਾਂ ਡਰ ਗਿਆ। ਗੁਰੂ ਜੀ ਨੇ ਉਸ ਨੂੰ ਪੁੱਛਿਆ ਕਿ ਉਹ ਕਲਯੁੱਗ ਤੋਂ ਕਿਉਂ ਡਰਦਾ ਹੈ ਜੇ ਉਸਨੂੰ ਕਿਸੇ ਦਾ ਵੀ ਡਰ ਹੋਣਾ ਚਾਹੀਦਾ ਹੈ ਤਾਂ ਉਹ ਸਿਰਫ ਰੱਬ ਦਾ ਡਰ ਹੀ ਹੋਣਾ ਚਾਹੀਦਾ ਹੈ। ਗੁਰੂ ਜੀ ਨੇ ਫਿਰ ਇਹ ਸ਼ਬਦ ਗਾਵਿਆ :

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੫੧)

ਮਰਦਾਨੇ ਨੇ ਫੇਰ ਪੁੱਛਿਆ ਕਿ ਕਲਯੁੱਗ ਕੌਣ ਹੈ ਅਤੇ ਮਨੁੱਖਾਂ ਨੂੰ ਉਸਦੀ ਹੋਂਦ ਦਾ ਇਹਸਾਸ ਕਿਨਾਂ ਪ੍ਰਤੀਕਾਂ ਨਾਲ ਹੁੰਦਾ ਹੈ ਤੇ ਉਸਦੇ ਕੀ ਵਿਸੇਸ਼ ਅਧਿਕਾਰ ਹਨ। ਗੁਰੂ ਜੀ ਨੇ ਜਵਾਬ ਦਿੱਤਾ :

ਜੇ ਕੋ ਸਤੁ ਕਰੇ ਸੋ ਛੀਜੈ ਤਪ ਘਰਿ ਤਪੁ ਨ ਹੋਈ॥

ਜੇ ਕੋ ਨਾਉ ਲਏ ਬਦਨਾਵੀ ਕਲਿ ਕੇ ਲਖਣ ਏਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੦੨)

ਕਲਯੁੱਗ ਨੇ ਗੁਰੂ ਜੀ ਨੂੰ ਦੁਨੀਆਂ ਦੀ ਦੌਲਤ ਭੇਟ ਕੀਤੀ ਤਾਂਕਿ ਉਹ ਆਪਣਾ ਜੀਵਨ ਮਨੋਰਥ ਛੱਡ ਦੇਣ। ਉਸ ਨੇ ਕਿਹਾ ਮੇਰੇ ਕੋਲ ਸਭ ਕੁਝ ਹੈ। ਇਕ ਸ਼ਬਦ ਬੋਲਣ ਦੀ ਗੱਲ ਹੈ ਅਤੇ ਮੈਂ ਤੈਨੂੰ ਮੋਤੀਆਂ ਦਾ ਮਹਿਲ ਬਣਾ ਦੇਵਾਂ, ਉਸਦੇ ਅੰਦਰ ਕੀਮਤੀ ਪੱਥਰ ਲਗਾ ਦੇਵਾਂ ਤੇ ਅਗਰ ਤੇ ਚੰਦਨ ਦੀ ਖੁਸ਼ਬੂ ਨਾਲ ਲੇਪ ਕਰਵਾ ਦੇਵਾਂ। ਮੈਂ ਤੈਨੂੰ ਬੜੀਆਂ ਸੁਹਣੀਆਂ ਔਰਤਾਂ ਲਿਆ ਦੇਵਾਂ, ਤੈਨੂੰ, ਦੁਨੀਆਂ ਦੀ ਸਾਰੀ ਦੌਲਤ ਦੇ ਦੇਵਾਂ, ਕਰਾਮਾਤਾਂ ਕਰਨ ਦੀ ਸ਼ਕਤੀ ਦੇ ਦੇਵਾਂ ਅਤੇ ਤੈਨੂੰ ਪੂਰਬ ਤੇ ਪੱਛਮ ਦਾ ਰਾਜ ਪ੍ਰਦਾਨ ਕਰ ਦੇਵਾਂ। ਜੋ ਕੁਝ ਵੀ ਤੇਰੇ ਦਿਲ ਦੀ ਇੱਛਾ ਹੈ ਉਹ ਤੂੰ ਲੈ ਲੈ।" ਗੁਰੂ ਜੀ ਨੇ ਉਸ ਨੂੰ ਦੱਸਿਆ ਕਿ ਉਹਨਾਂ ਨੇ ਆਪ ਸਾਰੇ ਰਾਜ ਅਧਿਕਾਰ ਤਿਆਗੇ ਹਨ। ਜੋ ਉਹਨਾਂ ਨੂੰ ਕਲਯੁੱਗ ਦੇ ਰਿਹਾ ਸੀ ਉਹ ਉਸਦਾ ਕੀ ਕਰਦੇ, ਸਭ ਤੋਂ ਵੱਡੀ ਗੱਲ ਕਿ ਜਦ ਉਹ ਹੈ ਹੀ ਦੂਸਰਿਆਂ ਦਾ ਸੀ? ਫੇਰ ਗੁਰੂ ਜੀ ਨੇ ਇਹ ਸ਼ਲੋਕ ਉਚਾਰਨ ਕੀਤਾ :

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੪)

ਫੇਰ ਕਲਯੁੱਗ ਨੇ ਪ੍ਰਸ਼ੰਸਾ ਵਿਚ ਉਹਨਾਂ ਦੀ ਪ੍ਰਕਰਮਾ ਕੀਤੀ ਤੇ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਜਾਣ ਦੀ ਆਗਿਆ ਲਈ।

ਰਸਤੇ ਵਿਚ ਗੁਰੂ ਜੀ ਤੇ ਮਰਦਾਨੇ ਨੇ ਇਕ ਪਿੰਡ ਵਿਚ ਸ਼ਰਨ ਲੈਣੀ ਚਾਹੀ ਪਰ ਉਹਨਾਂ ਨੂੰ ਉੱਥੇ ਕਿਸੇ ਨੇ ਰਹਿਣ ਨਾ ਦਿੱਤਾ। ਪਿੰਡ ਵਾਲਿਆਂ ਨੇ ਉਹਨਾਂ ਨਾਲ ਕਈ ਤਰ੍ਹਾਂ ਦੇ ਅਮਲੀ ਮਜ਼ਾਕ ਕਰਨੇ ਸ਼ੁਰੂ ਕਰ ਦਿੱਤੇ। ਗੁਰੂ ਜੀ ਨੇ ਉਸ ਮੌਕੇ ਤੇ ਇਹ ਸ਼ਲੋਕ ਉਚਾਰੇ,

ਜੇਕਰ ਚੁੱਪ ਕਰਕੇ ਬੈਠਦਾ ਹਾਂ ਤਾਂ ਲੋਕ ਕਹਿੰਦੇ ਹਨ ਮੈਨੂੰ ਕੋਈ ਸਮਝ ਨਹੀਂ। ਜਦੋਂ ਮੈਂ ਬੋਲਦਾ ਹਾਂ ਤਾਂ ਕਹਿੰਦੇ ਹਨ ਬਹੁਤ ਗੱਲਾਂ ਕਰਦਾ ਹਾਂ। ਜਦੋਂ ਮੈਂ ਬੈਠਦਾ ਹਾਂ ਤਾਂ ਕਹਿੰਦੇ ਹਨ ਮੈਂ ਆਪਣਾ ਗੱਦਾ ਰਹਿਣ ਲਈ ਵਿਛਾਇਆ ਹੈ। ਜਦੋਂ ਮੈਂ ਜਾਂਦਾ ਹਾਂ ਤਾਂ ਕਹਿੰਦੇ ਹਨ ਕਿ ਕਿਸੇ ਨੇ ਸਿਰ ਵਿਚ ਸੁਆਹ ਪਾਈ ਹੈ। ਜਦੋਂ ਮੈਂ ਝੁਕਦਾ ਹਾਂ ਤਾਂ ਕਹਿੰਦੇ ਹਨ ਮੈਂ ਡਰਦਾ ਪੂਜਾ ਕਰਦਾ ਹਾਂ। ਮੈਂ ਕੁਝ ਵੀ ਨਹੀਂ ਕਰ ਸਕਦਾ ਜਿਸ ਨਾਲ ਮੈਂ ਚੈਨ ਨਾਲ ਬੈਠਾ। ਕਰਤਾ ਇਸ ਸੰਸਾਰ ਵਿਚ ਤੇ ਅਗੇ ਇੱਜ਼ਤ ਰੱਖੇ। ਫੇਰ ਗੁਰੂ ਜੀ ਨੇ ਮਲ੍ਹਾਰ ਰਾਗ ਵਿਚ ਇਸ ਸ਼ਬਦ ਦੀ ਰਚਨਾ ਕੀਤੀ :

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੫੪)

ਗੁਰੂ ਜੀ ਤੇ ਮਰਦਾਨਾ ਉਸ ਪਿੰਡ ਵਿਚ ਜ਼ਿਆਦਾ ਦੇਰ ਨਹੀਂ ਰਹੇ। ਮਰਦਾਨੇ ਨੇ ਗੁਰੂ ਜੀ ਨੂੰ ਪੁੱਛਿਆ ਕਿ ਪਿੰਡ ਵਿਚ ਰਹਿਣ ਵਾਲਿਆਂ ਬਾਰੇ ਉਹਨਾਂ ਦਾ ਕੀ ਫੈਸਲਾ ਹੈ। ਗੁਰੂ ਜੀ ਨੇ ਜਵਾਬ ਦਿੱਤਾ, "ਹੇ! ਮਰਦਾਨਾ, ਇਹ ਵੱਸਦੇ ਰਹਿਣ।"

ਅਗਲੇ ਪਿੰਡ ਜਿੱਥੇ ਉਹ ਪਹੁੰਚੇ ਉੱਥੋਂ ਦੇ ਨਿਵਾਸੀਆਂ ਨੇ ਉਹਨਾਂ ਦੀ ਬੜੀ ਮਹਿਮਾਨ-

ਨਿਵਾਜ਼ੀ ਕੀਤੀ। ਪਰ ਉਹ ਉੱਥੇ ਇਕ ਰਾਤ ਹੀ ਠਹਿਰੇ ਤੇ ਅਗਲੀ ਸਵੇਰ ਚੱਲ ਪਏ। ਗੁਰੂ ਜੀ ਨੇ ਚੱਲਣ ਲੱਗਿਆਂ ਕਿਹਾ ਕਿ ਇਹ ਪਿੰਡ ਉਜੜ ਜਾਵੇ। ਮਰਦਾਨੇ ਨੇ ਇਸ ਗੱਲ ਤੇ ਟਿੱਪਣੀ ਕਰਦਿਆਂ ਕਿਹਾ, "ਹਜ਼ੂਰ, ਜਿਸ ਪਿੰਡ ਵਾਲਿਆਂ ਨੇ ਸਾਨੂੰ ਬੈਠਣ ਲਈ ਜਗ੍ਹਾ ਵੀ ਨਹੀਂ ਦਿੱਤੀ ਤੁਸੀਂ ਉਹਨਾਂ ਨੂੰ ਆਸ਼ੀਰਵਾਦ ਦਿੱਤਾ ਤੇ ਜਿਸ ਪਿੰਡ ਵਾਲਿਆਂ ਨੇ ਤੁਹਾਡਾ ਦਿਆਲਤਾ ਨਾਲ ਆਦਰ ਸਤਿਕਾਰ ਕੀਤਾ ਹੈ ਉਹਨਾਂ ਨੂੰ ਤੁਸੀਂ ਦੁਰਕਾਰਿਆ ਹੈ।" ਗੁਰੂ ਜੀ ਨੇ ਉੱਤਰ ਦਿੱਤਾ, "ਮਰਦਾਨਾ ਜੇ ਪਹਿਲੇ ਪਿੰਡ ਵਾਲੇ ਲੋਕੀਂ ਕਿੱਧਰੇ ਹੋਰ ਚਲੇ ਜਾਣ ਤਾਂ ਉਹ ਉਸ ਪਿੰਡ ਨੂੰ ਬਰਬਾਦ ਕਰ ਦੇਣਗੇ ਪਰ ਦੂਸਰੇ ਪਿੰਡ ਦੇ ਲੋਕੀਂ ਜੇ ਦੂਸਰੀ ਥਾਂ ਜਾਣਗੇ ਤਾਂ ਉਹ ਉਸਨੂੰ ਬਚਾ ਲੈਣਗੇ।"

ਗੁਰੂ ਜੀ ਕਾਮਰੂਪ ਤੋਂ ਮਹਾਨ ਨਦੀ ਬ੍ਰਹਮਪੁਤਰਾ ਦੁਆਰਾ ਵਾਪਸ ਆਏ ਤੇ ਫੇਰ ਨਦੀ ਦੇ ਕਿਨਾਰੇ ਕਿਨਾਰੇ ਤੇ ਯਾਤਰਾ ਕਰਦੇ ਕਰਦੇ ਬੰਗਾਲ ਦੀ ਖਾੜੀ ਦੇ ਕੰਢੇ ਤੋਂ ਲੰਘਦੇ ਪੁਰੀ ਪਹੁੰਚੇ। ਉਥੇ ਵਿਸ਼ਨੂੰ ਜਾਂ ਕ੍ਰਿਸ਼ਨ ਨੂੰ ਜਗਨ ਨਾਥ ਦੇ ਨਾਮ ਨਾਲ ਭਾਵ ਸੰਸਾਰ ਦਾ ਸੁਆਮੀ ਕਰਕੇ ਪੂਜਿਆ ਜਾਂਦਾ ਹੈ। ਜਦੋਂ ਸ਼ਾਮ ਨੂੰ ਦੀਵੇ ਜੱਗ ਗਏ ਤਾਂ ਸਭ ਤੋਂ ਵੱਡੇ ਪੁਜਾਰੀ ਨੇ ਗੁਰੂ ਜੀ ਨੂੰ ਦੇਵਤੇ ਦੀ ਪੂਜਾ ਲਈ ਆ ਕੇ ਸ਼ਾਮਲ ਹੋਣ ਲਈ ਸੱਦਾ ਦਿੱਤਾ ਇਹ ਪੂਜਾ ਬੜੀ ਸਜ-ਧੱਜ ਵਾਲੀ ਤੇ ਪ੍ਰਭਾਵਸ਼ਾਲੀ ਸੀ। ਉਸ ਅਮੀਰ ਮੰਦਰ ਵਿਚ ਦੇਵਤੇ ਨੂੰ ਭੇਟਾਵਾਂ ਮੋਤੀਆਂ ਦੀ ਜੜੀ ਹੋਈ ਥਾਲੀ ਵਿਚ ਦਿੱਤੀਆਂ ਜਾਂਦੀਆਂ ਸਨ। ਉਸ ਥਾਲੀ ਉਪਰ ਫੁੱਲ ਤੇ ਅਗਰਦਾਨ ਰੱਖੇ ਹੋਏ ਸਨ। ਪੱਖੇ ਨਾਲ ਧੂਪਬੱਤੀ ਦੀਆਂ ਲੱਪਟਾਂ ਜਗਾਈਆਂ ਜਾਂਦੀਆਂ ਸਨ ਅਤੇ ਆਲੇ-ਦੁਆਲੇ ਦੇ ਦੀਵੇ ਮੰਦਿਰ ਉਪਰ ਰੌਸ਼ਨੀ ਪਾਉਂਦੇ ਸਨ। ਪਰ ਇਹ ਸਾਰੀਆਂ ਚੀਜ਼ਾਂ ਦਾ ਵਿਖਾਵਾ ਬਨਾਉਟੀ ਪੂਜਾ ਦਾ ਦਿਖਾਵਾ ਸੀ ਜਦਕਿ ਅੰਬਰ ਦਾ ਫੈਲਾਓ ਸੂਰਜ ਤੇ ਚੰਦਰਮਾ, ਤਾਰਿਆਂ ਦਾ ਝੁੰਡ, ਚੰਦਨ ਦੀ ਕੁਦਰਤੀ ਮਹਿਕ, ਹਵਾ ਤੇ ਜੰਗਲ ਗੁਰੂ ਨਾਨਕ ਦੇਵ ਜੀ ਦੀ ਉਸ ਰਚਨਹਾਰੇ ਰੱਬ ਦੀ ਪੂਜਾ ਲਈ ਉਚਿੱਤ ਸਮੱਗਰੀ ਸਨ। ਇਸ ਕਰਕੇ ਗੁਰੂ ਜੀ ਨੇ ਵੱਡੇ ਪੁਜਾਰੀ ਦੇ ਮੂਰਤੀ ਪੂਜਣ ਦੇ ਬੁਲਾਵੇ ਨੂੰ ਮੰਨਣ ਨਾਲੋਂ ਆਪਣੀਆਂ ਨਜ਼ਰਾਂ ਨੂੰ ਅਕਾਸ਼ ਵੱਲ ਕਰਕੇ ਇਹ ਸ਼ਬਦ ਉਚਾਰਿਆ :

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੩)

ਜਦੋਂ ਗੁਰੂ ਨਾਨਕ ਦੇਵ ਜੀ ਜਗਨਨਾਥ ਸਨ ਤਾਂ ਉਥੇ ਉਹ ਇਕ ਬ੍ਰਾਹਮਣ ਨੂੰ ਮਿਲੇ ਜੋ ਆਪਣੀਆਂ ਅੱਖਾਂ ਤੇ ਨੱਕ ਬੰਦ ਕਰਕੇ ਰੱਖਦਾ ਸੀ ਤਾਂਕਿ ਉਸਦੇ ਇਹ ਅੰਗ ਕਿਸੇ ਚੀਜ਼ ਤੋਂ ਨਾ ਰੀਝਣ। ਉਹ ਇਹ ਕਹਿੰਦਾ ਸੀ ਕਿ ਉਹ ਇਸ ਤਰ੍ਹਾਂ ਰਹਿ ਕੇ ਦਿਮਾਗੀ ਅੱਖਾਂ ਨਾਲ ਦੁਨੀਆਂ ਦੀਆਂ ਸਭ ਭੇਦ ਭਰੀਆਂ ਗੱਲਾਂ ਵੇਖਦਾ ਸੀ। ਗੁਰੂ ਨਾਨਕ ਦੇਵ ਜੀ ਨੇ ਉਸਦਾ ਲੋਟਾ ਲੁਕਾ ਲਿਆ। ਪਰ ਬ੍ਰਾਹਮਣ ਉਸਨੂੰ ਲੱਭ ਨਾ ਸਕਿਆ। ਗੁਰੂ ਜੀ ਨੇ ਧਨਾਸਰੀ ਰਾਗ ਦੇ ਇਸ ਸ਼ਬਦ ਦੁਆਰਾ ਫੌਰੀ ਉੱਤਰ ਦਿੱਤਾ ਕਿ ਉਸਨੂੰ ਸਰਬਗਤਾ ਦੀ ਅਵੱਸ਼ਕਤਾ ਹੈ :

ਕਾਲੁ ਨਾਹੀ ਜੋਗੁ ਨਾਹੀ ਨਾਹੀ ਸਤ ਕਾ ਢਬੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੬੬੨)

ਭਾਗ ਸੱਤਵਾਂ

ਪੂਰਬੀ ਭਾਰਤ ਦੀਆਂ ਯਾਤਰਾਵਾਂ ਕਰਨ ਤੋਂ ਬਾਅਦ ਗੁਰੂ ਜੀ ਤੇ ਮਰਦਾਨਾ ਪੰਜਾਬ ਵਾਪਸ ਆ ਗਏ ਅਤੇ ਸ਼ੇਖ ਫਰੀਦ ਇਕ ਮੁਸਲਮਾਨ ਸੰਤ ਦੇ ਮਜ਼ਾਰ ਦੇ ਸਥਾਨ ਤੇ ਗਏ ਜਿਸਨੂੰ ਅਜੋਧਾਨ ਕਿਹਾ ਜਾਂਦਾ ਸੀ ਪਰ ਹੁਣ ਪਾਕ ਪਟਨ ਕਿਹਾ ਜਾਂਦਾ ਹੈ ਜੋ ਪੰਜਾਬ ਦੇ ਦੱਖਣੀ ਭਾਗ ਵਿਚ ਹੈ। ਸ਼ੇਖ ਬ੍ਰਹਮ (ਇਬਰਾਹੀਮ) ਉਸ ਵੇਲੇ ਉਸ ਮਜ਼ਾਰ ਤੇ ਗੱਦੀਨਸ਼ੀਨ ਸਨ। ਉਹਨਾਂ ਨੇ ਬੋਲਣ ਵਿਚ ਪਹਿਲ ਕੀਤੀ। ਗੁਰੂ ਜੀ ਨੂੰ ਵੇਖ ਕੇ ਉਹ ਸਮਝ ਗਏ ਕਿ ਉਹ ਧਾਰਮਿਕ ਬੰਦੇ ਸਨ ਜਿਨ੍ਹਾਂ ਨੇ ਆਮ ਦੁਨਿਆਵੀ ਪਹਿਰਾਵਾ ਧਾਰਨ ਕੀਤਾ ਹੋਇਆ ਸੀ। ਉਸਨੇ ਕਿਹਾ :

"ਉਚ ਪਦਵੀ ਦੀ ਲਾਲਸਾ ਰੱਖੋ ਜਾਂ ਰੱਬ ਦੀ ਆਪਣੇ ਪੈਰ ਦੋ ਬੇੜੀਆਂ ਤੇ ਨਾ ਰੱਖੋ ਤਾਂ ਜੋ ਤੁਹਾਡੀ ਵਸਤ ਡਿੱਗ ਨਾ ਪਏ।"

ਗੁਰੂ ਜੀ ਨੇ ਉੱਤਰ ਵਿਚ ਕਿਹਾ:

"ਆਪਣੀ ਵਸਤ ਅਤੇ ਆਪਣੇ ਪੈਰ ਦੋ ਬੇੜੀਆਂ ਤੇ ਰੱਖੋ। ਜੇਕਰ ਇੱਕ ਡੁੱਬ ਵੀ ਜਾਏ ਤਾਂ ਦੂਸਰੀ ਪਾਰ ਲੰਘਾ ਦੇਵੇਗੀ। ਮੇਰੇ ਲਈ ਨਾ ਸਮੁੰਦਰ ਹੈ ਨ ਬੇੜੀ ਨਾ ਟੁੱਟਣ ਦਾ ਡਰ ਅਤੇ ਨਾ ਨੁਕਸਾਨ ਦਾ ਡਰ। ਨਾਨਕ ਦੀ ਵਸਤੂ, ਦੌਲਤ ਰੱਬ ਹੀ ਹੈ ਅਤੇ ਉਹ ਹਰ ਥਾਂ ਤੇ ਹੈ।"

ਸ਼ੇਖ ਬ੍ਰਹਮ ਨੇ ਉੱਤਰ ਦਿੱਤਾ :

"ਸੰਸਾਰ ਨੂੰ ਮਾਇਆ ਨੇ ਭਰਮਾਇਆ ਹੋਇਆ ਹੈ ਇਸ ਦਾ ਪਤਾ ਲੱਗਣ ਤੇ ਭੁਲਾਵਾ ਪਤਾ ਲੱਗਦਾ ਹੈ। ਮਨੁੱਖ ਦੇ ਦੇਖਦਿਆਂ ਦੇਖਦਿਆਂ ਹੀ ਉਸ ਦਾ ਸਰੀਰ ਖਤਮ ਹੋ ਜਾਂਦਾ ਹੈ।" ਗੁਰੂ ਜੀ ਨੇ ਇਸ ਗੱਲ ਤੇ ਜ਼ੋਰ ਦਿੱਤਾ :

ਜਾਦੂਗਰਨੀ ਮਾਇਆ ਦਾ ਪਿਆਰ ਅਰੰਭ ਤੋਂ ਹੀ ਛਾਇਆ ਹੈ। ਨਾਨਕ ਕਹਿੰਦੇ ਹਨ ਜੇ ਕਰ ਚੌਕੀਦਾਰ ਜਾਗਦਾ ਹੋਵੇ ਤਾਂ ਖੇਤ ਬਰਬਾਦ ਨਹੀਂ ਹੋ ਸਕਦਾ। ਫੇਰ ਸ਼ੇਖ ਬ੍ਰਹਮ ਨੇ ਉੱਤਰ ਦਿੱਤਾ:

ਫਰੀਦ ਮੇਰਾ ਸਰੀਰ ਨਿਰਬਲ ਹੋ ਗਿਆ ਹੈ, ਮੇਰਾ ਦਿਲ ਟੁੱਟ ਗਿਆ ਹੈ। ਮੇਰੇ ਵਿਚ ਕੋਈ ਸੱਤਾ ਨਹੀਂ ਰਹੀ। ਪਿਆਰੇ ਉਠ ਮੇਰਾ ਵੈਦ ਬਣ ਤੇ ਮੈਨੂੰ ਦਵਾਈ ਦੇ, ਗੁਰੂ ਜੀ ਨੇ ਫੇਰ ਉਸਨੂੰ ਸਿੱਖਿਆ ਦਿੱਤੀ :

ਮੇਰੇ ਮਿਤ੍ਰ ਸਚ ਦਾ ਨਿਰੀਖਣ ਕਰ ਜ਼ਬਾਨੀ ਭਗਤੀ ਬੇਅਰਥ ਹੈ
ਨਾਨਕ ਕਹਿੰਦੇ ਹਨ, ਪਿਆਰਾ ਤੈਥੋਂ ਦੂਰ ਨਹੀਂ, ਉਸਨੂੰ ਆਪਣੇ ਹਿਰਦੇ ਵਿਚ ਵੇਖ।

ਫੇਰ ਸ਼ੇਖ ਬ੍ਰਹਮ ਨੇ ਇਹ ਉਚਾਰਨ ਕੀਤਾ :

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੯੪)

ਗੁਰੂ ਜੀ ਨੇ ਉਸੇ ਰਾਗ ਦੇ ਇਸ ਸ਼ਬਦ ਨਾਲ ਜਵਾਬ ਦਿੱਤਾ :

ਜਪ ਤਪ ਕਾ ਬੰਧੁ ਬੇੜੁਲਾ ਜਿਤੁ ਲੰਘਹਿ ਵਹੇਲਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੨੯)

ਫੇਰ ਸ਼ੇਖ ਬ੍ਰਹਮ ਨੇ ਇਹ ਉਚਾਰਿਆ,
ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੮੮)

ਇਸ ਤੇ ਗੁਰੂ ਜੀ ਨੇ ਸੁਚੱਜੀ ਨਾਂ ਦਾ ਸ਼ਬਦ ਉਚਾਰਨ ਕੀਤਾ ਜੋ ਸੂਹੀ ਰਾਗ ਵਿਚ ਹੈ।
ਜਾ ਤੂੰ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੬੨)

ਗੁਰੂ ਜੀ ਤੇ ਸ਼ੇਖ ਬ੍ਰਹਮ ਉਸ ਰਾਤ ਜੰਗਲ ਵਿਚ ਹੀ ਇਕੱਠੇ ਰਹੇ। ਇਕ ਦਿਆਲੂ ਦਿਲ ਵਾਲੇ ਤੇ ਦਾਨੀ ਪਿੰਡ ਦੇ ਬੰਦੇ ਨੇ ਜਿਸਨੇ ਉਹਨਾਂ ਨੂੰ ਵੇਖਿਆ ਸੀ, ਉਹਨਾਂ ਲਈ ਦੁੱਧ ਦਾ ਭਾਂਡਾ ਭਰ ਕੇ ਲੈ ਆਇਆ। ਸ਼ੇਖ ਨੇ ਆਪਣਾ ਹਿੱਸਾ ਗੁਰੂ ਜੀ ਦੇ ਹਿੱਸੇ ਤੋਂ ਵੱਖਰਾ ਕਰ ਲਿਆ ਤੇ ਇਹ ਸ਼ਲੋਕ ਉਚਾਰਿਆ :

ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੩੮੪)

ਗੁਰੂ ਜੀ ਨੇ ਇਸਦਾ ਜਵਾਬ ਦਿੱਤਾ :
ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੮੩)

ਗੁਰੂ ਜੀ ਨੇ ਫੇਰ ਸ਼ੇਖ ਬ੍ਰਹਮ ਨੂੰ ਦੁੱਧ ਵਿਚ ਹੱਥ ਪਾ ਕੇ ਕਿਹਾ ਮਹਿਸੂਸ ਕਰੋ ਕਿ ਇਸ ਵਿਚ ਕੀ ਹੈ। ਫਰੀਦ ਨੂੰ ਭਾਸਿਆ ਕਿ ਉਸ ਵਿਚ ਚਾਰ ਸੋਨੇ ਦੀਆਂ ਮੋਹਰਾਂ ਸਨ। ਇਸ ਗੱਲ ਤੇ ਉਸ ਪਿੰਡ ਦੇ ਬੰਦੇ ਨੂੰ ਇੰਜ ਜਾਪਿਆ ਕਿ ਉਹ ਕਿਸੇ ਜਾਦੂਗਰਾਂ ਦੇ ਹੱਥ ਵਿਚ ਆ ਗਿਆ ਹੈ ਤੇ ਉਹ ਆਪਣਾ ਭਾਂਡਾ ਲਏ ਬਿਨਾਂ ਹੀ ਵਾਪਸ ਚਲਾ ਗਿਆ। ਗੁਰੂ ਜੀ ਨੇ ਇਸ ਥਾਂ ਤੇ ਇਹ ਸ਼ਬਦ ਉਚਾਰਨ ਕੀਤਾ:

ਪਹਿਲੈ ਪਹਰੈ ਨੈਣ ਸਲੋਨੜੀਏ ਰੈਣਿ ਅੰਧਿਆਰੀ ਰਾਮ॥
(ਪੰਜੇ ਪੰਗਤੀਆਂ)

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੧੧੦)

ਜਦੋਂ ਗੁਰੂ ਜੀ ਤੇ ਸ਼ੇਖ ਬ੍ਰਹਮ ਜੰਗਲ ਵਿਚੋਂ ਚਲੇ ਗਏ ਤਾਂ ਉਹ ਪੇਂਡੂ ਆਪਣਾ ਭਾਂਡਾ ਲੈਣ ਲਈ ਵਾਪਸ ਆਇਆ। ਜਦੋਂ ਉਸਨੇ ਭਾਂਡੇ ਨੂੰ ਚੁੱਕਿਆ ਤਾਂ ਇਹ ਕਿਹਾ ਜਾਂਦਾ ਹੈ ਕਿ ਉਹ ਸੋਨੇ ਦਾ ਬਣ ਚੁੱਕਾ ਸੀ ਤੇ ਉਸ ਵਿਚ ਸੋਨੇ ਦੀਆਂ ਮੋਹਰਾਂ ਭਰੀਆਂ ਹੋਈਆਂ ਸਨ। ਫੇਰ ਉਹ ਆਪਣੇ ਸ਼ੱਕ ਉੱਤੇ ਪਛਤਾਉਣ ਲੱਗ ਪਿਆ ਤੇ ਉਸਨੇ ਮੰਨ ਲਿਆ ਕਿ ਉਹ ਧਰਮੀ ਮਨੁੱਖ ਸਨ। ਜੇ ਉਹ ਆਪਣੇ ਦਿਲ ਨੂੰ ਰੱਬ ਵੱਲ ਲਗਾ ਕੇ ਆਉਂਦਾ ਤਾਂ ਉਸਨੂੰ ਪਵਿੱਤਰਤਾ ਪ੍ਰਾਪਤ ਹੋ ਜਾਣੀ ਸੀ। "ਮੈਂ ਦੁਨੀਆਦਾਰੀ ਨਾਲ ਆਇਆ ਤੇ ਮੈਨੂੰ ਦੁਨੀਆਦਾਰੀ ਹੀ ਮਿਲੀ ਹੈ।" ਇਸ ਤੋਂ ਬਾਅਦ ਉਸਨੇ ਆਪਣਾ ਭਾਂਡਾ ਲਿਆ ਤੇ ਚਲਾ ਗਿਆ।

ਸ਼ੇਖ ਬ੍ਰਹਮ ਨੇ ਇਹ ਟਿੱਪਣੀ ਕੀਤੀ ਕਿ ਜੋ ਮਨੁੱਖ ਆਪਣੇ ਆਪ ਨੂੰ ਮਾਇਆ ਨਾਲ ਜੋੜ

ਲੈਂਦੇ ਹਨ ਉਹਨਾਂ ਨੂੰ ਮੁਕਤੀ ਮਿਲਣੀ ਮੁਸ਼ਕਲ ਹੁੰਦੀ ਹੈ। ਇਸ ਕਰਕੇ ਉਸਨੇ ਇਹ ਪੁੱਛਿਆ ਕਿ ਰੱਬ ਦੇ ਨਾਂ ਤੋਂ ਇਲਾਵਾ ਹੋਰ ਕਿਸ ਗੱਲ ਦੀ ਆਮ ਤੌਰ ਤੇ ਜ਼ਰੂਰਤ ਹੋ ਸਕਦੀ ਹੈ ਤਾਂ ਜੋ ਆਉਣ ਵਾਲੇ ਜੀਵਨ ਵਿਚ ਪ੍ਰਸੰਨਤਾ ਪ੍ਰਾਪਤ ਹੋ ਸਕੇ। ਗੁਰੂ ਜੀ ਨੇ ਇਸ ਸ਼ਬਦ ਦੁਆਰਾ ਉੱਤਰ ਦਿੱਤਾ:

ਮਿਲਿ ਮਾਤ ਪਿਤਾ ਪਿੰਡੁ ਕਮਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੮੯)

ਫੇਰ ਲੋਕਾਂ ਨੇ ਉਹਨਾਂ ਲਈ ਰੋਟੀ ਲੈ ਆਂਦੀ ਪਰ ਸ਼ੇਖ ਬ੍ਰਹਮ ਨੇ ਕਿਹਾ ਕਿ ਉਹ ਖਾਣਾ ਖਾ ਚੁੱਕਾ ਹੈ। ਲੋਕੀਂ ਇਸ ਗੱਲ ਤੇ ਨਰਾਜ਼ ਹੋਏ ਕਿ ਉਹਨਾਂ ਦੀ ਭੇਟਾ ਨੂੰ ਠੁਕਰਾਇਆ ਗਿਆ ਹੈ ਤੇ ਉਹਨਾਂ ਨੇ ਸ਼ੇਖ ਬ੍ਰਹਮ ਨੂੰ ਕਿਹਾ, "ਜਿਸ ਜਗ੍ਹਾ ਦੇ ਫਰੀਦ ਜੀ ਸਨ ਜੋ ਲਕੜ ਦੀ ਰੋਟੀ ਆਪਣੇ ਪੇਟ ਤੇ ਲਗਾਉਂਦੇ ਸਨ ਤੇ ਬ੍ਰਹਮ ਦਾ ਸਿੱਕਾ ਚਲਾਉਂਦੇ ਸਨ ਤੁਸੀਂ ਜ਼ਰੂਰ ਉਸ ਤਰ੍ਹਾਂ ਦਾ ਝੂਠ ਬੋਲ ਰਹੇ ਹੋਵੋਗੇ। ਜਦੋਂ ਵੀ ਉਹਨਾਂ ਨੂੰ ਕੋਈ ਰੋਟੀ ਦਿੰਦਾ ਸੀ ਤਾਂ ਉਹ ਕਿਹਾ ਕਰਦੇ ਸਨ ਕਿ ਉਹਨਾਂ ਨੇ ਰੋਟੀ ਖਾ ਲਈ ਹੈ।" ਇਸ ਗੱਲ ਤੇ ਸ਼ੇਖ ਬ੍ਰਹਮ ਨੇ ਕਿਹਾ, "ਮੇਰੀ ਹਾਲਤ ਕੀ ਹੋਵੇਗੀ ਜਦੋਂ ਮੈਂ ਹਮੇਸ਼ਾਂ ਕਹਿੰਦਾ ਹਾਂ ਕਿ ਮੈਂ ਰੋਟੀ ਖਾ ਲਈ ਪਰ ਅਸਲ ਵਿਚ ਮੈਂ ਰੋਜ਼ਾ ਰੱਖਿਆ ਹੁੰਦਾ ਹੈ।" ਗੁਰੂ ਜੀ ਸ਼ੇਖ ਦੀ ਸੂਖਮ ਆਤਮਾ ਨੂੰ ਵੇਖ ਕੇ ਬਹੁਤ ਖੁਸ਼ ਹੋਏ ਅਤੇ ਉਸਨੂੰ ਕਿਹਾ, "ਸ਼ੇਖ ਬ੍ਰਹਮ, ਤੇਰੇ ਵਿਚ ਰੱਬ ਹੈ।" ਸ਼ੇਖ ਨੇ ਫੇਰ ਗੁਰੂ ਜੀ ਨੂੰ ਪੁੱਛਿਆ ਕਿ ਉਹ ਉਸਨੂੰ ਰੱਬ ਬਾਰੇ ਦੱਸਣ ਕਿ ਕਿਨ੍ਹਾਂ ਗੁਣਾਂ ਤੇ ਚੰਗਿਆਈਆਂ ਨਾਲ ਰੱਬ ਨੂੰ ਪਾਇਆ ਜਾ ਸਕਦਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਉੱਤਰ ਦਿੱਤਾ:

ਆਵਹੁ ਭੈਣੇ ਗਲਿ ਮਿਲਹ ਅੰਕਿ ਸਹੇਲੜੀਆਹ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੭)

ਗੁਰੂ ਜੀ, ਸ਼ੇਖ ਬ੍ਰਹਮ ਅਤੇ ਉਸ ਦੇ ਇਲਾਕੇ ਦੇ ਸੁਹਾਵਨੇ ਦੌਰੇ ਦੇ ਪਿਛੋਂ ਜਿਥੇ ਉਹਨਾਂ ਨੇ ਬਹੁਤ ਸਾਰੇ ਸਿੱਖ ਬਣਾਏ ਇਕ ਬਿਸੀਅਰ ਨਾਂ ਦੇ ਦੇਸ ਵੱਲ ਚੱਲ ਪਏ। ਬਿਸੀਅਰ ਸ਼ਾਇਦ ਹਿਮਾਲਿਆ ਵਿਚ ਬੁਸ਼ਾਹੀਰ ਨਾਮ ਦੀ ਇਕ ਰਿਆਸਤ ਹੈ। ਉਥੋਂ ਦੇ ਲੋਕਾਂ ਨੇ ਗੁਰੂ ਜੀ ਨਾਲ ਭੈੜਾ ਸਲੂਕ ਕੀਤਾ। ਉਥੋਂ ਦੇ ਰਹਿਣ ਵਾਲੇ ਲੋਕਾਂ ਨੇ ਸਮਝਿਆ ਕਿ ਗੁਰੂ ਜੀ ਦੇ ਉੱਥੇ ਜਾਣ ਨਾਲ ਉਹਨਾਂ ਦਾ ਸਭ ਕੁਝ ਭਿੱਟ ਗਿਆ ਹੈ ਇਸ ਕਰਕੇ ਉਹ ਹਰ ਜਗ੍ਹਾ ਜਿੱਥੇ ਉਹ ਗਏ ਸਨ ਉਸਨੂੰ ਪਵਿੱਤਰ ਕਰਨ ਲੱਗ ਪਏ। ਕੇਵਲ ਇਕ ਝੰਡਾ ਤਰਖਾਣ ਸੀ ਜਿਸਨੇ ਗੁਰੂ ਜੀ ਦੀ ਆਉ ਭਗਤ ਕੀਤੀ। ਉਹ ਉਹਨਾਂ ਨੂੰ ਆਪਣੇ ਘਰ ਲੈ ਗਿਆ ਤੇ ਉਹਨਾਂ ਦੇ ਚਰਨ ਧੋ ਕੇ ਪਾਣੀ ਪੀਤਾ। ਜਦੋਂ ਉਹ ਪਾਣੀ ਪੀ ਰਿਹਾ ਸੀ ਤਾਂ ਉਸਨੂੰ ਇਹ ਗਿਆਨ ਹੋਇਆ ਕਿ ਉਹ ਨਾਨਕ ਗੁਰੂ ਹੈ। ਉਹ ਉਹਨਾਂ ਦੀਆਂ ਉਦਾਸੀਆਂ ਤੇ ਨਾਲ ਚੱਲ ਪਿਆ।

ਗੁਰੂ ਜੀ ਤੇ ਉਹਨਾਂ ਦੇ ਸਾਥੀ ਪੂਰਬ ਵੱਲ ਨੂੰ ਚੱਲ ਪਏ। ਉਹ ਸਮੁੰਦਰ ਵਿਚ ਇਕ ਟਾਪੂ ਤੇ ਪਹੁੰਚ ਗਏ ਜਿੱਥੇ ਉਹਨਾਂ ਨੂੰ ਕੁਝ ਖਾਣ ਲਈ ਨਹੀਂ ਮਿਲ ਸਕਦਾ ਸੀ। ਗੁਰੂ ਜੀ ਨੇ ਉੱਥੇ ਸੰਸਾਰ ਦੇ ਚਾਰੇ ਜੁਗਾਂ ਉਤੇ ਜੁਗਾਵਲੀ ਕਾਵਿ (ਜੋ ਹੁਣ ਪ੍ਰਚੱਲਿਤ ਨਹੀਂ ਹੈ) ਦੀ ਰਚਨਾ ਕੀਤੀ। ਝੰਡੇ ਨੇ ਉਸਨੂੰ ਲਿਖ ਕੇ ਵੰਡਿਆ। ਨਵੀਂ ਰਚਨਾ ਨੂੰ ਆਪਣੇ ਨਾਲ ਲੈ ਕੇ ਉਹ ਗੁਰੂ ਜੀ ਤੇ ਮਰਦਾਨਾ ਨੂੰ

ਉਹਨਾਂ ਦੀ ਯਾਤਰਾ ਜਾਰੀ ਰੱਖਦੇ ਹੋਏ ਛੱਡ ਕੇ ਆਪਣੇ ਦੇਸ਼ ਵਾਪਸ ਚਲਾ ਗਿਆ।

ਬਹੁਤਾ ਸਮਾਂ ਨਹੀਂ ਬੀਤਿਆਂ ਸੀ ਜਦਕਿ ਉਹ ਇਕ ਵਿਰਾਨ ਰੇਗਿਸਤਾਨ ਵਿਚ ਪਹੁੰਚ ਗਏ। ਮਰਦਾਨੇ ਨੂੰ ਬਹੁਤ ਜ਼ੋਰ ਦੀ ਭੁੱਖ ਲੱਗੀ ਤੇ ਉਹ ਆਪਣੇ ਸੁਆਮੀ ਨੂੰ ਕਹਿਣ ਲੱਗਾ, "ਅਸੀਂ ਇਕ ਬੜੇ ਵੱਡੇ ਵਿਰਾਨ ਜੰਗਲ ਵਿਚ ਭਟਕ ਗਏ ਹਾਂ ਜਿੱਥੋਂ ਸਾਨੂੰ ਰੱਬ ਹੀ ਕੱਢ ਸਕਦਾ ਹੈ। ਇਥੇ ਮੈਂ ਕਿਸੇ ਜੰਗਲੀ ਜਾਨਵਰ ਦਾ ਸ਼ਿਕਾਰ ਬਣ ਜਾਵਾਂਗਾ ਜੋ ਮੈਨੂੰ ਮਾਰ ਕੇ ਖਾ ਲਵੇਗਾ।" ਗੁਰੂ ਜੀ ਨੇ ਉਸਨੂੰ ਹਿਦਾਇਤ ਕੀਤੀ ਕਿ ਉਹ ਧਿਆਨ ਰੱਖੇ ਤਾਂ ਜੋ ਕੋਈ ਚੀਜ਼ ਉਸਦੇ ਨੇੜੇ ਨਾ ਆਵੇ। ਗੁਰੂ ਜੀ ਨੇ ਉਸਨੂੰ ਹੋਰ ਢਾਰਸ ਦਿੰਦਿਆਂ ਕਿਹਾ ਕਿ ਉਹ ਉਜਾੜ ਵਿਚ ਨਹੀਂ ਹਨ ਕਿਉਂਕਿ ਜਿੱਥੇ ਰੱਬ ਦਾ ਨਾਂ ਲਿਆ ਜਾਂਦਾ ਹੈ ਉਸ ਜਗ੍ਹਾ ਤੇ ਹਮੇਸ਼ਾਂ ਵਸੋਂ ਹੁੰਦੀ ਹੈ। ਗੁਰੂ ਜੀ ਨੇ ਕਿਹਾ, "ਸਾਡੇ ਨਾਲੋਂ ਬੜੇ ਚੰਗੇ ਲੋਕ ਬੜੀਆਂ ਭਾਰੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਚੁੱਕੇ ਹਨ।" ਇਸ ਗੱਲ ਤੇ ਉਹਨਾਂ ਨੇ ਇਸ ਸ਼ਬਦ ਦੀ ਰਚਨਾ ਕੀਤੀ :

ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੩੫੮)

ਗੁਰੂ ਜੀ ਨੇ ਫੇਰ ਆਪਣੇ ਸੇਵਕ ਨੂੰ ਸਮਝਾਇਆ, "ਅਸੀਂ ਰੱਬ ਦੇ ਸ਼ਬਦ ਤੋਂ ਬਿਨਾਂ ਕਾਮਯਾਬ ਨਹੀਂ ਹੋ ਸਕਦੇ। ਕੋਈ ਸ਼ਬਦ ਯਾਦ ਕਰ ਤੇ ਰਬਾਬ ਵਜਾ।" ਮਰਦਾਨੇ ਨੇ ਉੱਤਰ ਦਿੱਤਾ ਕਿ ਉਸਦਾ ਗਲਾ ਭੁੱਖ ਨਾਲ ਤੜਪ ਰਿਹਾ ਹੈ ਤੇ ਉਸ ਵਿਚ ਹਿੱਲਣ-ਜੁੱਲਣ ਦੀ ਵੀ ਸ਼ਕਤੀ ਨਹੀਂ ਰਬਾਬ ਤਾਂ ਉਸ ਨੇ ਕੀ ਵਜਾਉਣੀ ਹੈ। ਗੁਰੂ ਜੀ ਨੇ ਫੇਰ ਇਕ ਦਰੱਖਤ ਵੱਲ ਇਸ਼ਾਰਾ ਕੀਤਾ ਤੇ ਉਸਨੂੰ ਕਿਹਾ ਕਿ ਜੀਅ ਭਰ ਕੇ ਉਸਦਾ ਫੱਲ ਖਾ ਲਵੇ ਪਰ ਆਪਣੇ ਨਾਲ ਕੁਝ ਨਾ ਚੁੱਕੇ। ਮਰਦਾਨਾ ਉਹਨਾਂ ਦੇ ਕਹਿਣ ਮੁਤਾਬਕ ਖਾਣ ਲੱਗ ਪਿਆ ਅਤੇ ਉਸ ਫਲ ਦਾ ਸੁਆਦ ਉਸਨੂੰ ਏਨਾ ਚੰਗਾ ਲੱਗਾ ਕਿ ਉਸਨੇ ਸੋਚਿਆ ਕਿ ਉਹ ਜਿੰਨਾ ਖਾ ਸਕਦਾ ਹੈ ਖਾਵੇਗਾ ਤੇ ਕੁਝ ਆਪਣੇ ਨਾਲ ਲੈ ਜਾਵੇਗਾ ਤਾਂ ਜੋ ਫੇਰ ਉਸਦੀ ਇਹੋ ਜਿਹੀ ਹਾਲਤ ਨਾ ਹੋ ਜਾਵੇ।

ਉਹਨਾਂ ਨੇ ਆਪਣਾ ਭ੍ਰਮਣ ਜਾਰੀ ਰੱਖਿਆ ਤੇ ਮਰਦਾਨੇ ਨੂੰ ਫੇਰ ਭੁੱਖ ਲੱਗ ਪਈ ਉਸਨੇ ਆਪਣੇ ਬਚਾਏ ਹੋਏ ਫੱਲ ਕੱਢੇ ਤੇ ਜਿਉਂ ਹੀ ਉਸਨੇ ਫੱਲ ਨੂੰ ਚੱਖਿਆ ਤੇ ਉਹ ਡਿੱਗ ਪਿਆ। ਗੁਰੂ ਜੀ ਨੇ ਪੁੱਛਿਆ ਕਿ ਕੀ ਹੋਇਆ ਹੈ। ਮਰਦਾਨੇ ਨੇ ਆਪਣਾ ਕਸੂਰ ਮੰਨ ਕੇ ਦੱਸ ਦਿੱਤਾ ਕਿ ਆਪਣੇ ਸੁਆਮੀ ਦੇ ਮਨ੍ਹਾ ਕਰਨ ਦੇ ਬਾਵਜੂਦ ਉਸਨੇ ਆਪਣੇ ਨਾਲ ਫਲ ਲਿਆਉਂਦੇ ਤੇ ਉਸ ਫਲ ਨੂੰ ਚੱਖਿਆ ਹੈ। ਗੁਰੂ ਜੀ ਨੇ ਉਸਨੂੰ ਹੁਕਮ ਅਦੂਲੀ ਕਰਨ ਲਈ ਡਾਂਟਿਆ। ਉਹ ਫਲ ਜ਼ਹਿਰੀਲਾ ਸੀ। ਗੁਰੂ ਜੀ ਨੇ ਆਪਣਾ ਪੈਰ ਜ਼ਮੀਨ ਤੇ ਲੇਟੇ ਹੋਏ ਮਰਦਾਨੇ ਦੇ ਮੱਥੇ ਤੇ ਰੱਖਿਆ ਅਤੇ ਉਹ ਉਸੇ ਵੇਲੇ ਠੀਕ ਹੋ ਗਿਆ।

ਭਾਗ ਅੱਠਵਾਂ

ਇਸ ਸਮੇਂ ਤਕ ਮਰਦਾਨਾ ਸਫਰ, ਔਕੜਾਂ ਤੇ ਭੁੱਖ ਤੋਂ ਅੱਕ ਚੁੱਕਾ ਸੀ ਇਸ ਕਰਕੇ ਉਸਨੇ

ਆਪਣੇ ਮਾਲਕ ਨੂੰ ਸੰਬੋਧਨ ਕਰਕੇ ਕਿਹਾ, "ਤੁਹਾਡੀ ਭਗਤੀ ਤੇ ਤੁਹਾਡੇ ਕਾਰਜਾਂ ਨੂੰ ਭਾਗ ਲੱਗਣ! ਤੁਸੀਂ ਤਾ ਪਵਿੱਤਰ ਹੋ ਜਿਸਨੇ ਦੁਨੀਆਂ ਨੂੰ ਤਿਆਗਿਆ ਹੋਇਆ ਹੈ, ਜੋ ਨਾ ਖਾਂਦੇ ਹੋ ਨਾ ਪੀਂਦੇ ਹੋ ਅਤੇ ਕਿਸੇ ਪਿੰਡ ਵਿਚ ਵੀ ਨਹੀਂ ਜਾਂਦੇ। ਮੈਂ ਤੁਹਾਡੇ ਨਾਲ ਕਿਸ ਤਰ੍ਹਾਂ ਰਹਿ ਸਕਦਾ ਹਾਂ?" ਗੁਰੂ ਜੀ ਨੇ ਉਸਨੂੰ ਪੁੱਛਿਆ ਕਿ ਉਹ ਕਿਸ ਸ਼ਰਤ ਨਾਲ ਉਹਨਾਂ ਦਾ ਸਾਥ ਜਾਰੀ ਰੱਖੇਗਾ ਤੇ ਆਪਣਾ ਮਨ ਬਦਲ ਲਵੇਗਾ। ਉਸਨੇ ਉੱਤਰ ਦਿੱਤਾ, "ਮੈਂ ਤੁਹਾਡੇ ਨਾਲ ਤਾਂ ਰਹਾਂਗਾ ਜੇ ਤੁਸੀ ਮੇਰੀ ਭੁੱਖ ਵੀ ਉਸੇ ਤਰ੍ਹਾਂ ਤ੍ਰਿਪਤ ਕਰਵਾ ਦਿਉ ਜਿਵੇਂ ਤੁਸੀਂ ਆਪਣੀ ਭੁੱਖ ਤ੍ਰਿਪਤ ਕਰਦੇ ਹੋ, ਨਾਲ ਤੁਸੀਂ ਇਹ ਵੀ ਵਾਅਦਾ ਕਰੋ ਕਿ ਤੁਸੀਂ ਮੇਰੀ ਕਿਸੇ ਗੱਲ ਤੇ ਨਰਾਜ਼ ਨਹੀਂ ਹੋਵੋਗੇ।" ਗੁਰੂ ਜੀ ਨੇ ਉਸਦੀਆਂ ਇਹ ਸ਼ਰਤਾਂ ਮੰਨ ਲਈਆਂ ਤੇ ਉਸਨੂੰ ਕਿਹਾ ਕਿ ਉਹ ਇਸ ਦੁਨੀਆਂ ਤੇ ਅਗਲੀ ਦੁਨੀਆਂ ਵਿਚ ਵੀ ਖੁਸ਼ ਰਹੇਗਾ। ਮਰਦਾਨਾ ਫੇਰ ਉਹਨਾਂ ਦੇ ਚਰਨਾ 'ਤੇ ਢਹਿ ਪਿਆ।

ਇਸ ਤਰ੍ਹਾਂ ਜਾਪਦਾ ਹੈ ਕਿ ਮਰਦਾਨੇ ਨੇ ਫੇਰ ਗੁਰੂ ਜੀ ਅੱਗੇ ਘਰ ਵਾਪਸ ਜਾਣ ਦੇ ਫਰਜ਼ ਲਈ ਅਰਜ਼ੋਈ ਕੀਤੀ ਤਾਂਕਿ ਉਹ ਬਾਰਾਂ ਸਾਲਾਂ ਦੇ ਭ੍ਰਮਣ ਬਾਅਦ ਆਪਣੇ ਮਾਂ ਪਿਉ ਨੂੰ ਵੇਖ ਸਕੇ। ਗੁਰੂ ਜੀ ਨੇ ਉਸਦੀ ਸਲਾਹ ਮੰਨ ਲਈ ਅਤੇ ਦੋਹਾਂ ਨੇ ਆਪਣੇ ਕਦਮ ਤਲਵੰਡੀ ਵੱਲ ਮੋੜ ਲਏ। ਉਹ ਜੰਗਲ ਵਿਚ ਪਿੰਡ ਤੋਂ ਤਿੰਨ ਮੀਲ ਦੂਰ ਰੁੱਕ ਗਏ। ਮਰਦਾਨੇ ਨੇ ਘਰ ਜਾਣ ਦੀ ਇਜਾਜ਼ਤ ਮੰਗੀ ਤਾਂ ਕਿ ਉਹ ਪਤਾ ਲਗਾ ਸਕੇ ਕਿ ਉਸਦੇ ਘਰ ਦੇ ਜਿਊਂਦੇ ਸਨ ਕਿ ਮਰ ਗਏ। ਗੁਰੂ ਜੀ ਨੇ ਉੱਤਰ ਵਿਚ ਕਿਹਾ, "ਕਿਉਂਕਿ ਤੇਰੀ ਇੱਛਾ ਹੈ ਜਾ ਤੇ ਆਪਣੇ ਪਰਿਵਾਰ ਦੇ ਲੋਕਾਂ ਨੂੰ ਮਿਲ। ਮੇਰੇ ਪਿਤਾ ਕਾਲੂ ਦੇ ਘਰ ਵੀ ਜਾਈਂ ਪਰ ਮੇਰਾ ਜ਼ਿਕਰ ਨਾ ਕਰੀ ਤੇ ਜਲਦੀ ਵਾਪਸ ਆ ਜਾਈ।"

ਜਦੋਂ ਮਰਦਾਨਾ ਆਪਣੇ ਘਰ ਗਿਆ ਤਾਂ ਉਥੇ ਬਹੁਤ ਲੋਕੀਂ ਇਕੱਠੇ ਹੋਏ ਸੀ। ਸਾਰਿਆਂ ਨੇ ਬਹੁਤ ਪਿਆਰ ਨਾਲ ਉਸਦਾ ਸਵਾਗਤ ਕੀਤਾ ਤੇ ਕਿਹਾ ਕਿ ਉਹ ਨਾਨਕ ਵਰਗਾ ਬਣ ਗਿਆ ਹੈ। ਉਹ ਹੁਣ ਮਹਾਨ ਮਨੁੱਖ ਸੀ ਅਤੇ ਪਹਿਲੇ ਵਰਗਾ ਨਿਮਾਣਾ ਆਦਮੀ ਨਹੀਂ ਸੀ। ਮਰਦਾਨਾ ਆਪਣੇ ਪਰਿਵਾਰ ਨੂੰ ਮਿਲਕੇ ਕਾਲੂ ਦੇ ਘਰ ਵੱਲ ਚਲ ਪਿਆ ਤੇ ਜਾ ਕੇ ਵਿਹੜੇ ਵਿਚ ਬੈਠ ਗਿਆ। ਗੁਰੂ ਜੀ ਦੀ ਮਾਤਾ ਨੇ ਜਦੋਂ ਉਸਨੂੰ ਵੇਖਿਆ ਤੇ ਖੁਸ਼ੀ ਨਾਲ ਰੋਣ ਲੱਗ ਪਈ। ਉਸਨੇ ਆਪਣੇ ਪੁੱਤਰ ਨਾਨਕ ਦਾ ਹਾਲ ਪੁੱਛਿਆ। ਉਸ ਸਮੇਂ ਤਕ ਬੜੀ ਭੀੜ ਇਕੱਠੀ ਹੋ ਚੁੱਕੀ ਸੀ ਤੇ ਸਾਰੇ ਨਾਨਕ ਬਾਰੇ ਪੁੱਛਣਾ ਚਾਹੁੰਦੇ ਸਨ। ਮਰਦਾਨੇ ਨੇ ਕਿਸੇ ਸੁਆਲ ਦਾ ਉੱਤਰ ਨਾ ਦਿੱਤਾ ਤੇ ਸਿਰਫ਼ ਏਨਾ ਹੀ ਕਿਹਾ ਕਿ ਉਹ ਗੁਰੂ ਨਾਨਕ ਦੇਵ ਜੀ ਨਾਲ ਸੀ। ਉਹ ਉਥੋਂ ਫੇਰ ਚੱਲ ਪਿਆ। ਗੁਰੂ ਜੀ ਦੀ ਮਾਤਾ ਨੂੰ ਉਸੇ ਵੇਲੇ ਸ਼ੱਕ ਹੋ ਗਿਆ ਕਿ ਮਰਦਾਨੇ ਦਾ ਇਤਨੀ ਜਲਦੀ ਵਾਪਸ ਜਾਣ ਦਾ ਜ਼ਰੂਰ ਕੋਈ ਮਕਸਦ ਹੋਵੇਗਾ। ਉਸਦਾ ਪੁੱਤਰ ਬਹੁਤੀ ਦੂਰ ਨਹੀਂ ਹੋ ਸਕਦਾ। ਉਹਨਾਂ ਦੀ ਮਾਤਾ ਉੱਠੀ ਤੇ ਕੁਝ ਕਪੜੇ ਤੇ ਮਠਿਆਈ ਨਾਨਕ ਲਈ ਲੈ ਕੇ ਮਰਦਾਨੇ ਦੇ ਪਿੱਛੇ-ਪਿੱਛੇ ਚਲੀ ਗਈ ਤੇ ਜਾ ਕੇ ਉਸਨੂੰ ਮਿਲ ਪਈ। ਮਰਦਾਨੇ ਨੂੰ ਬੜੀ ਬੇਨਤੀ ਕੀਤੀ ਕਿ ਉਹ ਉਸ ਨੂੰ ਪੁੱਤਰ ਕੋਲ ਲੈ ਜਾਏ ਪਰ ਮਰਦਾਨੇ ਨੇ ਕੋਈ ਉੱਤਰ ਨਾ ਦਿੱਤਾ ਤੇ ਆਪਣੇ ਰਸਤੇ ਤੇ ਚਲਦਾ ਗਿਆ ਤੇ ਉਹ ਵੀ ਪਿੱਛੇ-ਪਿੱਛੇ ਆਉਂਦੀ ਗਈ।

ਗੁਰੂ ਨਾਨਕ ਦੇਵ ਜੀ ਆਪਣੀ ਮਾਤਾ ਨੂੰ ਵੇਖ ਕੇ ਉੱਠੇ ਤੇ ਇੱਜ਼ਤ ਨਾਲ ਨਮਸਕਾਰ ਕੀਤੀ। ਮਾਤਾ ਨੇ ਉਹਨਾਂ ਦਾ ਮੱਥਾ ਚੁੰਮਿਆ ਅਤੇ ਰੋਣ ਲੱਗ ਪਈ ਤੇ ਕਹਿਣ ਲੱਗੀ, "ਮੈਂ ਤੇਰੇ ਤੋਂ ਕੁਰਬਾਨ ਜਾਂਦੀ ਹਾਂ। ਮੈਂ ਉਹਨਾਂ ਰਾਹਾਂ ਤੋਂ ਕੁਰਬਾਨ ਜਾਂਦੀ ਹਾਂ ਜਿਸਤੇ ਤੂੰ ਚਲਦਾ ਹੈਂ। ਤੇਰਾ ਮੁਖੜਾ ਵੇਖ ਕੇ ਮੈਨੂੰ ਖੁਸ਼ੀ ਪ੍ਰਾਪਤ ਹੋ ਗਈ ਹੈ। ਮੈਂ ਹੁਣ ਚਾਹੁੰਦੀ ਹਾਂ ਕਿ ਤੂੰ ਹੁਣ ਆਪਣਾ ਭ੍ਰਮਣ ਛੱਡ ਕੇ ਸਾਡੇ ਨਾਲ ਰਹਿ ਤੇ ਆਪਣਾ ਧਿਆਨ ਵਪਾਰ ਤੇ ਨਿਰਬਾਹ ਵੱਲ ਲਗਾ।" ਗੁਰੂ ਜੀ ਜੋ ਆਪਣੀ ਮਾਂ ਨੂੰ ਮਿਲ ਕੇ ਖੁਸ਼ ਸਨ ਉਹਨਾਂ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ ਤੇ ਆਪ ਇਸ ਸ਼ਬਦ ਦਾ ਗਾਇਣ ਕੀਤਾ :

ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੫੫੭)

ਉਹਨਾਂ ਦੀ ਮਾਤਾ ਜੀ ਨੇ ਗੁਰੂ ਨਾਨਕ ਦੇਵ ਜੀ ਅੱਗੇ ਆਪਣੇ ਨਾਲ ਲਿਆਉਂਦੇ ਨਵੇਂ ਕਪੜੇ ਤੇ ਮਠਿਆਈਆਂ ਰੱਖੀਆਂ ਤੇ ਉਹਨਾਂ ਨੂੰ ਖਾਣ ਲਈ ਕਿਹਾ। ਉਹਨਾਂ ਨੇ ਕਿਹਾ ਕਿ ਉਹਨਾਂ ਨੂੰ ਖਾਣ ਲਈ ਕੁਝ ਨਹੀਂ ਚਾਹੀਦਾ। ਉਹਨਾਂ ਦੀ ਮਾਤਾ ਜੀ ਨੇ ਪੁੱਛਿਆ ਕਿ ਉਹਨਾਂ ਨੇ ਕਿੱਥੇ ਭੋਜਨ ਕੀਤਾ ਹੈ। ਗੁਰੂ ਜੀ ਨੇ ਫੇਰ ਮਰਦਾਨੇ ਨੂੰ ਰਬਾਬ ਵਜਾਉਣ ਲਈ ਬੁਲਾਇਆ ਤੇ ਉਸਦੀ ਧੁਨ ਨਾਲ ਇਹ ਸ਼ਬਦ ਗਾਇਆ :

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੬)

ਮਾਤਾ ਜੀ ਨੇ ਉਹਨਾਂ ਨੂੰ ਆਪਣੀ ਫਕੀਰੀ ਦਾ ਚੋਲਾ ਲਾਹੁਣ ਲਈ ਕਿਹਾ ਤੇ ਸੋਹਣੇ ਕਪੜੇ ਜੋ ਉਹ ਲੈ ਕੇ ਆਏ ਸਨ ਪਾਉਣ ਲਈ ਕਿਹਾ। ਉਹਨਾਂ ਦੇ ਜਵਾਬ ਇਸ ਤਰ੍ਹਾਂ ਸੀ :

ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੬)

ਇਸ ਸਮੇਂ ਤਕ ਉਹਨਾਂ ਦੇ ਪਿਤਾ ਕਾਲੂ ਨੂੰ ਵੀ ਗੁਰੂ ਨਾਨਕ ਦੇਵ ਜੀ ਦੇ ਆਉਣ ਦਾ ਪਤਾ ਲੱਗ ਚੁੱਕਾ ਸੀ ਤੇ ਉਹ ਵੀ ਘੋੜੇ ਤੇ ਚੜ੍ਹ ਕੇ ਉਹਨਾਂ ਨੂੰ ਮਿਲਣ ਆਏ। ਗੁਰੂ ਨਾਨਕ ਦੇਵ ਜੀ ਨੇ ਝੁੱਕ ਕੇ ਨਮਸਕਾਰ ਕੀਤਾ ਤੇ ਉਹਨਾਂ ਦੇ ਪੈਰਾਂ ਤੇ ਡਿੱਗ ਪਏ। ਉਸ ਸਮੇਂ ਕਾਲੂ ਖੁਸ਼ੀ ਨਾਲ ਰੋਂਦੇ ਰਹੇ। ਉਹਨਾਂ ਨੇ ਆਪਣੇ ਪੁੱਤਰ ਨੂੰ ਕਿਹਾ ਉਹ ਘੋੜੇ ਤੇ ਚੜ੍ਹ ਕੇ ਉਹਨਾਂ ਨਾਲ ਘਰ ਚੱਲਣ। ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਉਹਨਾਂ ਨੂੰ ਘੋੜੇ ਦੀ ਕੋਈ ਲੋੜ ਨਹੀਂ ਅਤੇ ਫੇਰ ਉਹਨਾਂ ਨੇ ਇਹ ਸ਼ਬਦ ਗਾਇਆ :

ਘੋੜੇ ਪਾਖਰ ਸੁਇਨੇ ਸਾਖਤਿ ਬੂਝਣੁ ਤੇਰੀ ਵਾਟ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੬)

ਪਿਤਾ ਨੇ ਫੇਰ ਆਪਣੇ ਪੁੱਤਰ ਨੂੰ ਵਾਪਸ ਘਰ ਜਾਣ ਲਈ ਜ਼ੋਰ ਦਿੱਤਾ ਚਾਹੇ ਇਕ ਵਾਰੀ ਹੀ ਸਹੀ। ਉਹਨਾਂ ਨੇ ਕਿਹਾ ਕਿ ਉਹਨਾਂ ਨੇ ਆਪਣੇ ਪੁੱਤਰ ਦੀ ਏਨੀ ਲੰਮੀ ਗੈਰ-ਮੌਜੂਦਗੀ ਵਿਚ

ਨਵਾਂ ਘਰ ਬਣਾਇਆ ਹੈ ਜੋ ਉਹ ਉਹਨਾਂ ਨੂੰ ਦਿਖਾਉਣਾ ਚਾਹੁੰਦੇ ਹਨ। ਗੁਰੂ ਨਾਨਕ ਦੇਵ ਜੀ ਨੂੰ ਆਪਣੀ ਪਤਨੀ ਕੋਲ ਵੀ ਜਾਣਾ ਚਾਹੀਦਾ ਸੀ ਅਤੇ ਫੇਰ ਜੇ ਉਹਨਾਂ ਦਾ ਮਨ ਕਰੇ ਤਾਂ ਉਹ ਫੇਰ ਆਪਣਾ ਭ੍ਰਮਣ ਜਾਰੀ ਰੱਖ ਸਕਦੇ ਸਨ। ਗੁਰੂ ਜੀ ਨੇ ਜਵਾਬ ਦਿੱਤਾ :

ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੬)

ਕਾਲੂ ਜੀ ਨੇ ਫੇਰ ਕਿਹਾ, "ਮੇਰੇ ਪੁੱਤਰ, ਮੈਨੂੰ ਦੱਸ ਤੂੰ ਕਿਸ ਗੱਲ ਤੋਂ ਨਰਾਜ਼ ਹੈਂ? ਜੇ ਤੂੰ ਚਾਹੁੰਦਾ ਹੈ ਤਾਂ ਮੈਂ ਤੇਰੇ ਲਈ ਹੋਰ ਪਤਨੀ ਲੱਭ ਦਿਆਂ।" ਗੁਰੂ ਜੀ ਨੇ ਇਸ ਤਰ੍ਹਾਂ ਜਵਾਬ ਦਿੱਤਾ:

ਜਿਨਿ ਕੀਆ ਤਿਨਿ ਦੇਖਿਆ ਜਗੁ ਧੰਧੜੈ ਲਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੬੫)

ਗੁਰੂ ਨਾਨਕ ਦੇਵ ਜੀ ਆਪਣੇ ਪਿਤਾ ਕਾਲੂ ਜੀ ਨੂੰ ਸੰਬੋਧਨ ਕਰਕੇ ਕਹਿੰਦੇ ਗਏ, "ਮੇਰੇ ਪਿਆਰੇ ਪਿਤਾ, ਰੱਬ ਹੀ ਵਿਆਹ ਦੇ ਸੰਜੋਗ ਬਣਾਉਂਦਾ ਹੈ। ਉਹ ਕੋਈ ਗਲਤੀ ਨਹੀਂ ਕਰਦਾ ਅਤੇ ਜਿਨ੍ਹਾਂ ਨੂੰ ਉਹ ਇਕ ਵਾਰੀ ਜੋੜ ਦਿੰਦਾ ਹੈ ਉਹ ਹਮੇਸ਼ਾਂ ਲਈ ਜੁੜ ਜਾਂਦੇ ਹਨ।" ਇਹਨਾਂ ਸ਼ਬਦਾਂ ਦੁਆਰਾ ਸ਼ਾਇਦ ਗੁਰੂ ਜੀ ਇਕ ਵਿਆਹ ਦੀ ਪ੍ਰਥਾ ਚਲਾਉਣਾ ਚਾਹੁੰਦੇ ਸਨ। ਗੁਰੂ ਜੀ ਦੀ ਮਾਤਾ ਜੀ ਨੇ ਫੇਰ ਆਪਣੇ ਪੁੱਤਰ ਨੂੰ ਕਿਹਾ ਕਿ ਉਹ ਆਪਣੀਆਂ ਫਜ਼ੂਲ ਦੀਆਂ ਗੱਲਾਂ ਬੰਦ ਕਰੇ ਤੇ ਖੜ੍ਹਾ ਹੋ ਕੇ ਉਹਨਾਂ ਨਾਲ ਚੱਲੇ। ਆਪਣੇ ਦੁਨਿਆਵੀ ਕੰਮ ਕਰਨ ਨਾਲ ਉਸਨੂੰ ਧਨ ਪ੍ਰਾਪਤ ਹੋਵੇਗਾ। ਗੁਰੂ ਜੀ ਨੇ ਇਸ ਸ਼ਬਦ ਦੁਆਰਾ ਜਵਾਬ ਦਿੱਤਾ :

ਪਿਛਹੁ ਰਾਤੀ ਸਦੜਾ ਨਾਮੁ ਖਸਮ ਕਾ ਲੇਹਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੮੯)

ਪਿਤਾ ਕਾਲੂ ਜੀ ਨੂੰ ਆਪਣੀਆਂ ਸਭ ਦਲੀਲਾਂ ਬੇਅਸਰ ਜਾਪਦੀਆਂ ਲੱਗੀਆਂ ਤੇ ਉਹਨਾਂ ਨੇ ਆਪਣੇ ਪੁੱਤਰ ਨੂੰ ਉਸਦੀ ਸਿਹਤ ਤੇ ਸਲਾਮਤੀ ਦਾ ਵਾਸਤਾ ਪਾਇਆ ਤੇ ਕਿਹਾ ਕਿ ਉਹ ਆਪਣੇ ਲਈ ਕਿਤਨਾ ਲਾਪਰਵਾਹ ਹੋ ਗਿਆ ਹੈ। ਗੁਰੂ ਜੀ ਦਾ ਉੱਤਰ ਇਸ ਤਰ੍ਹਾਂ ਸੀ :-

ਮਰਣੈ ਕੀ ਚਿੰਤਾ ਨਹੀ ਜੀਵਣ ਕੀ ਨਹੀਂ ਆਸ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੨੦)

ਗੁਰੂ ਜੀ ਨੇ ਫੇਰ ਆਪਣੇ ਮਾਪਿਆਂ ਨੂੰ ਸੰਬੋਧਨ ਕਰਕੇ ਕਿਹਾ, "ਮੇਰੇ ਪਿਆਰੇ ਪਿਤਾ ਜੀ ਤੇ ਪਿਆਰੀ ਮਾਤਾ ਜੀ, ਮੈਂ ਘਰ ਵਾਪਸ ਆ ਗਿਆ ਹਾਂ। ਮੈਂ ਹੁਣ ਤਕ ਸਾਧੂ ਸਾਂ। ਰੱਬ ਦਾ ਭਾਣਾ ਮੰਨੋ ਤੇ ਮੈਨੂੰ ਫੇਰ ਜਾਣ ਦਿਉ।" ਉਹਨਾਂ ਦੀ ਮਾਤਾ ਜੀ ਨੇ ਜਵਾਬ ਦਿੱਤਾ, "ਮੇਰੇ ਪੁੱਤਰ, ਇਹ ਵੇਖ ਕਿ ਤੂੰ ਬਾਰਾਂ ਸਾਲਾਂ ਬਾਅਦ ਹੁਣ ਘਰ ਵਾਪਸ ਆਇਆ ਹੈਂ, ਮੈਂ ਆਪਣੇ ਆਪ ਨੂੰ ਕਿਵੇਂ ਢਾਰਸ ਦੇਵਾਂ?" ਫੇਰ ਗੁਰੂ ਜੀ ਨੇ ਜ਼ੋਰ ਦੇ ਕੇ ਕਿਹਾ, "ਮਾਤਾ ਜੀ, ਜੋ ਮੈਂ ਕਹਿੰਦਾ ਹਾਂ ਉਸਨੂੰ ਮੰਨੋ, ਤੁਹਾਨੂੰ ਢਾਰਸ ਮਿਲੇਗਾ।" ਉਹ ਫੇਰ ਇਹ ਸੋਚ ਕੇ ਚੁੱਪ ਕਰ ਗਏ ਕਿ ਹੋਰ ਕੁਝ ਕਹਿਣ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ।

ਭਾਗ-ਨੌਵਾਂ

ਗੁਰੂ ਜੀ ਤੇ ਮਰਦਾਨਾ ਫੇਰ ਆਪਣੀਆਂ ਯਾਤਰਾਵਾਂ ਤੇ ਨਿਕਲ ਪਏ। ਇਹ ਕਿਹਾ ਜਾਂਦਾ ਹੈ ਕਿ ਉਹ ਪੱਛਮ ਵੱਲ ਗਏ, ਰਾਵੀ ਤੇ ਚਨਾਬ ਦਰਿਆ ਨੂੰ ਪਾਰ ਕੀਤਾ ਤੇ ਬੜਾ ਲੰਬਾ ਚੱਕਰ ਪਾ ਕੇ ਰੇਗਿਸਤਾਨੀ ਇਲਾਕੇ ਵਿਚੋਂ ਲੰਘਦੇ ਹੋਏ ਸ਼ੇਖ ਬ੍ਰਹਮ ਨੂੰ ਇਕ ਵਾਰੀ ਫੇਰ ਮਿਲਣ ਪਾਕ ਪਟਨ ਗਏ। ਉਹ ਸ਼ਹਿਰ ਤੋਂ ਚਾਰ ਮੀਲ ਦੂਰ ਆਰਾਮ ਕਰਨ ਲਈ ਬੈਠ ਗਏ। ਸ਼ੇਖ ਬ੍ਰਹਮ ਦਾ ਸੰਤ ਸੁਭਾਅ ਤੇ ਰੱਬ ਤੋਂ ਡਰਨ ਵਾਲਾ ਚੇਲਾ ਸ਼ੇਖ ਕਮਾਲ ਜੋ ਜੰਗਲ ਵਿਚੋਂ ਲਕੜੀਆਂ ਲੈਣ ਗਿਆ ਸੀ ਉਸਨੇ ਗੁਰੂ ਜੀ ਤੇ ਉਹਨਾਂ ਦੇ ਸਾਥੀ ਨੂੰ ਉਥੇ ਵੇਖਿਆ। ਉਹਨਾਂ ਦਾ ਸਾਥੀ ਆਪਣੀ ਰਬਾਬ ਵਜਾ ਰਿਹਾ ਸੀ ਤੇ ਇਹ ਗਾ ਰਿਹਾ ਸੀ :

ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੯੧)

ਸ਼ੇਖ ਕਮਾਲ ਉਹਨਾਂ ਕੋਲ ਗਿਆ ਤੇ ਬੰਦਨਾ ਕਰਕੇ ਉਹਨਾਂ ਕੋਲ ਬੈਠ ਗਿਆ ਤੇ ਦੁਬਾਰਾ ਸੁਣਾਉਣ ਲਈ ਬੇਨਤੀ ਕੀਤੀ। ਦੋਹਰਾ ਸੁਣਾ ਦਿੱਤਾ ਗਿਆ ਤੇ ਉਸਨੇ ਦੋਹਰੇ ਨੂੰ ਜ਼ਬਾਨੀ ਯਾਦ ਕਰ ਲਿਆ। ਫੇਰ ਆਪਣੀਆਂ ਇਕੱਠੀਆਂ ਕੀਤੀਆਂ ਹੋਈਆਂ ਲੱਕੜੀਆਂ ਚੁੱਕੀਆਂ ਤੇ ਘਰ ਚਲਾ ਗਿਆ। ਉਸਨੇ ਆਪਣੇ ਸੁਆਮੀ ਨੂੰ ਆਪਣੇ ਕਾਰਨਾਮੇ ਬਾਰੇ ਦੱਸਿਆ ਤੇ ਉਸਨੂੰ ਦੋਹਰਾ ਸੁਣਾਇਆ। ਸ਼ੇਖ ਬ੍ਰਹਮ ਬਹੁਤ ਖੁਸ਼ ਹੋਇਆ ਕਿ ਗੁਰੂ ਜੀ ਫੇਰ ਉਸਦੇ ਦੇਸ਼ ਆਏ ਹਨ ਤੇ ਉਹ ਉਸੇ ਵੇਲੇ ਉਹਨਾਂ ਦਾ ਸੁਆਗਤ ਕਰਨ ਚਲ ਪਿਆ। ਜਦ ਦੋਹਾਂ ਨੇ ਇਕ ਦੂਸਰੇ ਨੂੰ ਨਮਸਕਾਰ ਕੀਤਾ ਤਾਂ ਗੁਰੂ ਜੀ ਨੇ ਰੱਬ ਦਾ ਸ਼ੁਕਰ ਕੀਤਾ ਕਿ ਸ਼ੇਖ ਬ੍ਰਹਮ ਦੇ ਦਰਸ਼ਨ ਉਹਨਾਂ ਨੂੰ ਫੇਰ ਪ੍ਰਾਪਤ ਹੋਏ। ਆਪਸੀ ਮਿੱਤ੍ਰਤਾ ਦੀਆਂ ਗੱਲਾਂ ਬਾਤਾਂ ਤੋਂ ਬਾਅਦ ਸ਼ੇਖ ਨੇ ਗੁਰੂ ਜੀ ਨੂੰ ਦੋਹਰੇ ਦੇ ਅਰਥ ਸਮਝਾਉਣ ਲਈ ਕਿਹਾ, "ਨਾਨਕ ਤੁਸੀਂ ਕਹਿੰਦੇ ਹੋ ਕਿ ਰੱਬ ਸਿਰਫ਼ ਇਕ ਹੈ, ਦੂਸਰਾ ਕਿਸ ਤਰ੍ਹਾਂ ਹੋਵੇ? ਪਰ ਮੈਂ ਕਹਿੰਦਾ ਹਾਂ :

ਇਕ ਰੱਬ ਹੈ ਤੇ ਉਸਨੂੰ ਮਿਲਣ ਦੇ ਦੋ ਰਸਤੇ ਹਨ ਕਿਸ ਨੂੰ ਮੈਂ ਅਪਣਾਵਾਂ ਤੇ ਕਿਸਨੂੰ ਛੱਡਾਂ, ਗੁਰੂ ਜੀ ਨੇ ਉੱਤਰ ਦਿੱਤਾ :

ਇਕੋ ਰੱਬ ਹੈ ਤੇ ਇਕੋ ਰਸਤਾ ਹੈ ਉਸੇ ਨੂੰ ਅਪਣਾਉ ਤੇ ਦੂਸਰੇ ਨੂੰ ਛੱਡੋ ਦੂਜੇ ਨੂੰ ਕਿਉਂ ਸਿਮਰੀਐ ਜਿਹੜਾ ਜੰਮਦਾ ਤੇ ਮਰਦਾ ਹੈ। ਇਕੋ ਰੱਬ ਦਾ ਸਿਮਰਨ ਕਰੋ ਜੋ ਜਲ ਥਲ ਵਿਚ ਸਮਾਇਆ ਹੈ।

ਮੁਸਲਮਾਨ ਸੂਫੀ ਨੇ ਫੇਰ ਉੱਤਰ ਵਿਚ ਕਿਹਾ :

ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੩੮੩)

ਗੁਰੂ ਜੀ ਨੇ ਇਸਦੇ ਉਲਟ ਇਹ ਸਿਖਿਆ ਦਿੱਤੀ, "ਮੇਰੇ ਲਈ ਆਪਣੇ ਕਪੜਿਆਂ ਨੂੰ ਪਾੜ ਕੇ ਧਾਰਮਿਕ ਵੇਸ ਧਾਰਨ ਕਰਨਾ ਜ਼ਰੂਰੀ ਨਹੀਂ। ਆਦਮੀ ਘਰ ਰਹਿ ਕੇ, ਆਮ ਕਪੜਿਆਂ

ਵਿਚ ਕੰਮ ਕਰਕੇ ਰੱਬ ਨੂੰ ਪਾ ਸਕਦੇ ਹਨ ਜੇ ਉਹ ਆਪਣਾ ਧਿਆਨ ਉਸ ਵੱਲ ਲਗਾ ਲੈਣ।

ਘਰਿ ਹੀ ਮੁੰਧਿ ਵਿਦੇਸ ਪਿਰੁ ਨਿਤ ਝੂਰੇ ਸੰਮ੍ਹਾਲੇ।।[1]

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੫੯੪)

ਸ਼ੇਖ ਬ੍ਰਹਮ ਨੇ ਦੂਸਰੇ ਦੋਹੇ ਦਾ ਇਸ ਤਰ੍ਹਾਂ ਜਵਾਬ ਦਿੱਤਾ :

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੩੮੦)

ਗੁਰੂ ਨਾਨਕ ਦੇਵ ਜੀ ਨੇ ਫੇਰ ਹੇਠ ਲਿਖੀਆਂ ਪੰਗਤੀਆਂ ਉਚਾਰਨ ਕੀਤੀਆਂ ਜਿਸਦਾ ਮਤਲਬ ਸੀ ਕਿ ਮੁਕਤੀ ਚੰਗੇ ਗੁਣਾਂ ਤੇ ਆਧਾਰਿਤ ਹੁੰਦੀ ਹੈ ਨਾ ਕਿ ਬਾਹਰਲੀ ਸੁੰਦਰਤਾ ਤੇ ਜਾਂ ਨਿਪੁੰਨਤਾ ਤੇ।

ਮਹਲ ਕੁਚੱਜੀ ਮੜਵੜੀ ਕਾਲੀ ਮਨਹੁ ਕਸੁਧ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੦੮੮)

ਸ਼ੇਖ ਨੇ ਫੇਰ ਇਹ ਸੁਆਲ ਪੁੱਛੇ :

ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੩੮੪)

ਗੁਰੂ ਜੀ ਨੇ ਉੱਤਰ ਦਿੱਤਾ :

ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੩੮੪)

ਸ਼ੇਖ ਨੇ ਫੇਰ ਕਿਹਾ ਕਿ ਉਸਨੂੰ ਇਕ ਖੰਜਰ ਚਾਹੀਦਾ ਹੈ, "ਮੈਨੂੰ ਐਸਾ ਖੰਜਰ ਦਿਉ ਕਿ ਜਿਸ ਨਾਲ ਮਰਿਆਂ ਰੱਬ ਕੋਲ ਪਹੁੰਚਿਆ ਜਾਏ। ਆਮ ਖੰਜਰ ਨਾਲ ਛੋਟੇ ਜੀਵ-ਜੰਤੂਆਂ ਨੂੰ ਮਾਰਿਆ ਜਾਂਦਾ ਹੈ ਤੇ ਜੇ ਆਦਮੀ ਦਾ ਗਲਾ ਉਸ ਨਾਲ ਕੱਟਿਆ ਜਾਏ ਤਾਂ ਉਹ ਮੁਰਦਾਰ ਬਣ ਜਾਏ।" ਗੁਰੂ ਜੀ ਨੇ ਉੱਤਰ ਦਿੱਤਾ, "ਪਿਆਰੇ ਸ਼ੇਖ ਉਹ ਇਹ ਹੈ :

ਸਚ ਕੀ ਕਾਤੀ ਸਚੁ ਸਭੁ ਸਾਰੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੫੬)

ਇਹ ਸੁਣ ਕੇ ਸ਼ੇਖ ਨੇ ਆਪਣਾ ਸਿਰ ਹੈਰਾਨਗੀ ਨਾਲ ਉਪਰ ਚੁੱਕਿਆ ਅਤੇ ਕਿਹਾ, "ਬਹੁਤ ਖ਼ੂਬ, ਤੁਸੀਂ ਰੱਬ ਨੂੰ ਵੇਖ ਚੁੱਕੇ ਹੋ ਅਤੇ ਉਸਦੇ ਪਿਆਰੇ ਹੋ। ਰੱਬ ਮੇਰੇ ਤੇ ਬਹੁਤ ਮਿਹਰਬਾਨ ਹੋਇਆ ਹੈ ਕਿ ਤੁਸੀਂ ਮੈਨੂੰ ਮਿਲੇ ਹੋ। ਰੱਬ ਦੇ ਪਿਆਰਿਆਂ ਕੋਲੋਂ ਹੋਰ ਸਵਾਲ ਪੁੱਛਣੇ ਗੁਸਤਾਖੀ

---

1. ਗੁਰੂ ਅਮਰਦਾਸ ਜੀ ਨੇ ਇਸ ਦਾ ਉੱਤਰ ਦਿੱਤਾ ਹੈ :
ਕਾਇ ਪਟੋਲਾ ਪਾੜਤੀ ਕੰਬਲੜੀ ਪਹਿਰੇਇ।।
ਨਾਨਕ ਘਰ ਹੀ ਬੈਠਿਆ ਸਹੁ ਮਿਲੈ ਜੇ ਨੀਅਤਿ ਰਾਸਿ ਕਰੇਇ।।
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੮੩)

ਹੋਵੇਗੀ। ਗੁਰੂ ਜੀ ਨੇ ਫੇਰ ਇਹ ਆਪ ਉਚਾਰਨ ਕੀਤਾ :

ਰੁਪੈ ਕਾਮੈ ਦੋਸਤੀ ਭੁਖੇ ਸਾਦੈ ਗੰਢੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੮੮)

ਸ਼ੇਖ ਨੇ ਫੇਰ ਗੁਰੂ ਜੀ ਨੂੰ ਕਿਹਾ ਕਿ ਉਹ ਇਕ ਰੱਬ ਦੀ ਉਸਤਤ ਵਿਚ ਕੁਝ ਸੁਨਣਾ ਚਾਹੁੰਦਾ ਹੈ ਤੇ ਕਿਹਾ, "ਮੇਰੇ ਖ਼ਿਆਲ ਵਿਚ ਉਸਤਤ ਦੋ ਜਣਿਆਂ ਤੋਂ ਬਿਨਾਂ ਨਹੀਂ ਹੋ ਸਕਦੀ, ਰੱਬ ਤੇ ਉਸਦਾ ਪੈਗੰਬਰ। ਮੈਂ ਇਹ ਵੇਖਣਾ ਹੈ ਕਿ ਤੁਸੀਂ ਕਿਸਨੂੰ ਮਨੁੱਖ ਲਈ ਮਾਧਿਅਮ ਬਣਾਉਂਦੇ ਹੋ।" ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾ ਕੇ ਆਸਾ ਦੀ ਵਾਰ ਦੀ ਪਹਿਲੀ ਪਉੜੀ ਤੇ ਸਲੋਕ ਸੁਣਾਉਣ ਲਈ ਕਿਹਾ :

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੬੨)

ਸ਼ੇਖ ਬ੍ਰਹਮ ਨੇ ਫੇਰ ਗੁਰੂ ਜੀ ਕੋਲੋਂ ਹੋਰ ਹਿਦਾਇਤਾਂ ਪੁੱਛੀਆਂ। ਗੁਰੂ ਜੀ ਨੇ ਨਿਮਰਤਾ ਦੇ ਵਿਸ਼ੇ ਤੇ ਗੱਲਬਾਤ ਕੀਤੀ ਅਤੇ ਕਿਹਾ ਕਿ ਜਿਸ ਤਰ੍ਹਾਂ ਜੋ ਪਾਣੀ ਧਰਤੀ ਦੇ ਹੇਠਾਂ ਬੈਠ ਜਾਂਦਾ ਹੈ ਉਹ ਦਬਾਅ ਪਾਉਣ ਤੇ ਬੜੇ ਚਮਕਦੇ ਫੁਹਾਰਿਆਂ ਦੀ ਸ਼ਕਲ ਵਿਚ ਉਭਰਦਾ ਹੈ। ਇਸੇ ਤਰ੍ਹਾਂ ਜੋ ਆਪਣੇ ਮਨ ਨੂੰ ਨਿਮਰਤਾ ਵਿਚ ਰੱਖਦੇ ਹਨ ਉਹ ਰੱਬ ਦੀ ਸਭ ਤੋਂ ਉੱਚੀ ਚੋਟੀ ਤੇ ਚੜ੍ਹ ਜਾਂਦੇ ਹਨ।

ਸ਼ੇਖ ਫੇਰ ਉੱਠਿਆ, ਉਸਨੇ ਜਾਣ ਦੀ ਆਗਿਆ ਮੰਗੀ ਤੇ ਕਿਹਾ, "ਓ ਨਾਨਕ, ਤੁਹਾਨੂੰ ਰੱਬ ਮਿਲ ਚੁੱਕਾ ਹੈ। ਰੱਬ ਤੇ ਤੁਹਾਡੇ ਵਿਚ ਕੋਈ ਫ਼ਰਕ ਨਹੀਂ ਹੈ। ਕ੍ਰਿਪਾ ਕਰਕੇ ਮਿਹਰ ਕਰੋ ਤਾਂ ਕਿ ਮੈਂ ਵੀ ਰੱਬ ਨਾਲ ਚੰਗੇ ਸੰਬੰਧ ਬਣਾ ਸਕਾਂ।" ਗੁਰੂ ਜੀ ਨੇ ਜਵਾਬ ਦਿੱਤਾ, "ਸ਼ੇਖ ਬ੍ਰਹਮ, ਰੱਬ ਤੇਰਾ ਬੇੜਾ ਵੀ ਸਹੀ ਸਲਾਮਤ ਪਾਰ ਲੰਘਾ ਦੇਵੇਗਾ।" ਇਸ ਗੱਲ ਤੋਂ ਗੁਰੂ ਜੀ ਦਾ ਮਤਲਬ ਸੀ ਕਿ ਰੱਬ ਸ਼ੇਖ ਦੀ ਭਗਤੀ ਨੂੰ ਸਵੀਕਾਰ ਕਰ ਲਵੇਗਾ। ਸ਼ੇਖ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਉਹ ਇਸ ਗੱਲ ਦਾ ਪੱਕਾ ਵਾਅਦਾ ਕਰਨ ਅਤੇ ਗੁਰੂ ਜੀ ਨੇ ਉਸ ਦੀ ਬੇਨਤੀ ਮੰਨ ਲਈ। ਫੇਰ ਉਹਨਾਂ ਨੇ ਹੱਥ ਮਿਲਾਏ ਤੇ ਜੁਦਾ ਹੋ ਗਏ।

ਗੁਰੂ ਜੀ ਫੇਰ ਦਿਪਾਲਪੁਰ ਵੱਲ ਚਲ ਪਏ। ਉਹਨਾਂ ਦੀ ਯਾਤਰਾ ਦੌਰਾਨ ਇਕ ਸੰਨਿਆਸੀ ਨੇ 'ਉਦਾਸ' ਸ਼ਬਦ ਦਾ ਮਤਲਬ ਪੁੱਛਿਆ। ਗੁਰੂ ਜੀ ਨੇ ਉੱਤਰ ਵਿਚ ਕਿਹਾ, "ਇਸ ਦੁਨੀਆਂ ਵਿਚ ਸਭ ਚੀਜ਼ਾਂ ਦੀ ਵਰਤੋਂ ਕਰਨੀ ਪਰ ਕਿਸੇ ਨੂੰ ਆਪਣਾ ਨਾ ਸਮਝਣਾ, ਸਿਰਫ ਉਹਨਾਂ ਨੂੰ ਰੱਬ ਦੀ ਮਲਕੀਅਤ ਸਮਝਣਾ ਤੇ ਹਮੇਸ਼ਾਂ ਰੱਬ ਨੂੰ ਮਿਲਣ ਦੀ ਇੱਛਾ ਰੱਖਣ ਨੂੰ ਉਦਾਸ ਕਹਿੰਦੇ ਹਨ।"

ਗੁਰੂ ਜੀ ਫੇਰ ਲਾਹੌਰ ਜ਼ਿਲ੍ਹੇ ਦੇ ਕੰਗਨਪੁਰ, ਕਸੂਰ ਤੇ ਪੱਟੀ (ਪੱਟੀ ਅੱਜ ਕੱਲ੍ਹ ਜ਼ਿਲ੍ਹਾ ਅੰਮ੍ਰਿਤਸਰ ਵਿਚ ਹੈ) ਗਏ। ਉਹ ਫੇਰ ਵਿੰਦਪੁਰ ਵੱਲ ਚਲ ਪਏ ਜੋ ਕਿ ਅਜੋਕੇ ਨਗਰ ਚੋਲ੍ਹਾ ਤੋਂ ਬਹੁਤ ਦੂਰ ਨਹੀਂ ਅਤੇ ਅੰਮ੍ਰਿਤਸਰ ਜ਼ਿਲ੍ਹੇ ਦੀ ਤਰਨਤਾਰਨ ਤਹਿਸੀਲ ਵਿਚ ਹੈ। ਉਥੇ ਕੁਝ ਖੱਤਰੀਆਂ ਨੂੰ ਮਿਲੇ ਜੋ ਉਥੋਂ ਦੇ ਵਸਨੀਕ ਸਨ ਪਰ ਉਹ ਉਹਨਾਂ ਨੂੰ ਫਕੀਰ ਦੇ ਪਹਿਰਾਵੇ ਵਿਚ ਆਪਣੇ ਸਾਥੀ ਗਵੱਈਏ ਮਰਦਾਨੇ ਨਾਲ ਜਿਸਨੂੰ ਉਹਨਾਂ ਨੇ ਗਾਉਂਦਾ ਸੁਣਿਆ ਸੀ, ਵੇਖ ਕੇ ਬਹੁਤ ਨਰਾਜ਼ ਹੋਏ

ਕਿਉਂਕਿ ਉਹ ਸਮਝਦੇ ਸਨ ਕਿ ਉਹਨਾਂ ਸੁਵਾਂਗ ਦਾ ਰੂਪ ਧਾਰਨ ਕੀਤਾ ਹੋਇਆ ਹੈ। ਉਹਨਾਂ ਨੇ ਕਿਹਾ, "ਇਹ ਕੀ ਵੇਸ ਤੁਸੀਂ ਧਾਰਨ ਕੀਤਾ ਹੋਇਆ ਹੈ? ਫਕੀਰ ਬਣ ਕੇ ਤੁਸੀਂ ਆਪਣੀ ਕੁਲ ਦਾ ਨਾਮ ਬਦਨਾਮ ਕੀਤਾ ਹੈ ਤੇ ਦੁਨੀਆਂ ਨੂੰ ਭਟਕਾ ਰਹੇ ਹੋ। ਇਸ ਜਗ੍ਹਾ ਤੋਂ ਚਲੇ ਜਾਓ।" ਗੁਰੂ ਜੀ ਨੇ ਬੇਨਤੀ ਕੀਤੀ ਕਿ ਉਹ ਸਿਰਫ਼ ਇਕ ਰਾਤ ਲਈ ਹੀ ਰੁਕਣਗੇ ਅਤੇ ਦੂਸਰੀ ਸਵੇਰ ਚਲੇ ਜਾਣਗੇ। ਉਹਨਾਂ ਨੇ ਨਾਲ ਇਹ ਵੀ ਕਿਹਾ ਕਿ ਉਹ ਲੋਕਾਂ ਨੂੰ ਗਲਤ ਰਸਤੇ ਤੇ ਨਹੀਂ ਪਾ ਰਹੇ ਬਲਕਿ ਉਹਨਾਂ ਨੂੰ ਮੁਕਤੀ ਦਾ ਰਾਹ ਦੱਸ ਰਹੇ ਹਨ। ਉਹਨਾਂ ਖੱਤਰੀਆਂ ਨੇ ਜਵਾਬ ਦਿੱਤਾ ਕਿ ਉਹ ਉਹਨਾਂ ਨੂੰ ਇਕ ਪਲ ਲਈ ਵੀ ਇਸ ਪਿੰਡ ਵਿਚ ਨਹੀਂ ਰਹਿਣ ਦੇਣਗੇ। ਉਹਨਾਂ ਨੂੰ ਉਸੇ ਵੇਲੇ ਹੀ ਜਾਣਾ ਪਵੇਗਾ ਨਹੀਂ ਤੇ ਉਹ ਉਹਨਾਂ ਨੂੰ ਜ਼ਬਰਦਸਤੀ ਕੱਢ ਦੇਣਗੇ। ਗੁਰੂ ਜੀ ਨੇ ਉਹਨਾਂ ਦੇ ਨਿਰਾਦਰ ਭਰੇ ਹੁਕਮ ਨੂੰ ਮੰਨ ਕੇ ਕਿਹਾ ਕਿ ਗੁਰੂ ਦਾ ਅਸਥਾਨ ਸਦੀਵੀ ਸਥਿਰ ਹੋਣਾ ਚਾਹੀਦਾ ਹੈ।

ਗੁਰੂ ਜੀ ਫੇਰ ਇਕ ਪਿੰਡ ਵੱਲ ਚਲ ਪਏ ਜਿੱਥੇ ਅੱਜ ਦਾ ਗੋਇੰਦਵਾਲ ਹੈ। ਉਸ ਥਾਂ ਤੇ ਉਹਨਾਂ ਦੀ ਕੁਝ ਦੇਰ ਟਿਕਣ ਦੀ ਇੱਛਾ ਸੀ ਪਰ ਸਿਵਾਏ ਇਕ ਗਰੀਬ ਪਿੰਗਲੇ ਦੇ ਉਹਨਾਂ ਦਾ ਕਿਸੇ ਨੇ ਵੀ ਸਵਾਗਤ ਨਾ ਕੀਤਾ ਤੇ ਨਾ ਹੀ ਰਹਿਣ ਦੀ ਇਜਾਜ਼ਤ ਦਿੱਤੀ। ਪਿੰਗਲਾ ਉਹਨਾਂ ਨੂੰ ਆਪਣੀ ਝੌਂਪੜੀ ਵਿਚ ਲੈ ਗਿਆ ਤੇ ਉਥੇ ਰਾਤ ਲਈ ਉਹਨਾਂ ਦੀ ਆਓ ਭਗਤ ਕੀਤੀ। ਪਿੰਗਲੇ ਨੇ ਰੱਬ ਦਾ ਸ਼ੁਕਰ ਕੀਤਾ ਕਿ ਆਖ਼ਰ ਉਸ ਨੇ ਕਿਸੇ ਮਨੁੱਖ ਦੀ ਸ਼ਕਲ ਵੇਖੀ ਕਿਉਂਕਿ ਜਾਨਵਰ ਵੀ ਉਸਨੂੰ ਵੇਖ ਕੇ ਭੱਜ ਜਾਂਦੇ ਸਨ। ਜਦੋਂ ਉਹ ਹੋਰ ਆਪਣੀ ਬੁਰੀ ਕਿਸਮਤ ਤੇ ਰੋਣ ਲੱਗਾ ਤਾਂ ਗੁਰੂ ਜੀ ਨੇ ਇਸ ਸ਼ਬਦ ਦਾ ਉਚਾਰਨ ਕੀਤਾ :

ਜੀਉ ਤਪਤੁ ਹੈ ਬਾਰੋ ਬਾਰ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੬੬੧)

ਗੁਰੂ ਜੀ ਨੂੰ ਪਿੰਗਲੇ ਤੇ ਤਰਸ ਆ ਗਿਆ ਅਤੇ ਉਹਨਾਂ ਨੇ ਉਸਨੂੰ ਆਸ਼ੀਰਵਾਦ ਦਿੱਤਾ। ਪਿੰਗਲਾ ਆਪਣੀ ਬਿਮਾਰੀ ਤੋਂ ਠੀਕ ਹੋ ਗਿਆ ਅਤੇ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ ਅਤੇ ਨਾਮ ਜਪਣ ਲੱਗ ਪਿਆ।

ਗੁਰੂ ਜੀ ਫੇਰ ਯਾਤਰਾ ਦੌਰਾਨ ਸੁਲਤਾਨਪੁਰ ਵਿਚੋਂ ਦੀ ਲੰਘੇ ਜੋ ਉਹਨਾਂ ਦਾ ਪੁਰਾਣਾ ਸੱਦਰ ਮੁਕਾਮ ਸੀ ਜਦੋਂ ਉਹ ਸਰਕਾਰੀ ਅਫ਼ਸਰ ਸਨ। ਫੇਰ ਵੈਰੋਵਾਲ, ਜਲਾਲਾਬਾਦ ਤੇ ਫੇਰ ਉਹ ਕਿੜੀ ਪਠਾਨ ਦੀ ਤੇ ਪਹੁੰਚੇ ਜੋ ਅੰਮ੍ਰਿਤਸਰ ਜ਼ਿਲ੍ਹੇ ਵਿਚ ਹੈ। ਕਿੜੀ ਪਠਾਨ ਦੀ ਵਿਚ ਉਹਨਾਂ ਨੇ ਬਹੁਤ ਪਠਾਨਾ ਨੂੰ ਸਿੱਖ ਬਣਾਇਆ। ਉਹ ਉਹਨਾਂ ਦੇ ਅਦਬ ਵਿਚ ਸਾਜ ਵਜਾਉਂਦੇ ਤੇ ਵਿਚ-ਵਿਚ ਉੱਚੀ ਅਵਾਜ਼ ਵਿਚ ਬੋਲਦੇ, "ਨਾਨਕ ਸੁਲਤਾਨ ਜ਼ਿੰਦਾਬਾਦ" ਗੁਰੂ ਜੀ ਨੇ ਉਥੇ ਇਸ ਸ਼ਬਦ ਦੀ ਰਚਨਾ ਕੀਤੀ :

ਜਿਨਿ ਕੀਆ ਤਿਨਿ ਦੇਖਿਆ ਕਿਆ ਕਹੀਐ ਰੇ ਭਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੨੪)

ਗੁਰੂ ਜੀ ਨੇ ਆਪਣਾ ਸਫ਼ਰ ਜਾਰੀ ਰੱਖਿਆ ਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਬਟਾਲੇ ਗਏ।

ਉਥੋਂ ਫੇਰ ਉਹ ਸੱਯਦਪੁਰ ਗਏ ਅਤੇ ਦੁਬਾਰਾ ਲਾਲੋ ਦੇ ਘਰ ਗਏ। ਲਾਲੋ ਨੇ ਉਹਨਾਂ ਨੂੰ ਪਠਾਨਾਂ ਦੇ ਜ਼ੁਲਮਾਂ ਬਾਰੇ ਦੱਸਿਆ। ਗੁਰੂ ਜੀ ਨੇ ਉੱਤਰ ਵਿਚ ਕਿਹਾ ਕਿ ਉਹਨਾਂ ਦਾ ਰਾਜ ਹੁਣ ਥੋੜ੍ਹੀ ਦੇਰ ਦਾ ਹੀ ਹੈ ਕਿਉਂਕਿ ਬਾਬਰ ਭਾਰਤ ਨੂੰ ਜਿੱਤਣ ਲਈ ਆ ਰਿਹਾ ਹੈ। ਗੁਰੂ ਜੀ ਨੇ ਫੇਰ ਇਹ ਸ਼ਬਦ ਲਾਲੋ ਨੂੰ ਸੰਬੋਧਨ ਕਰਕੇ ਕਿਹਾ :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੨੨)

ਲਾਲੋ ਨੇ ਗੁਰੂ ਜੀ ਨੂੰ ਪੁੱਛਿਆ ਕਿ ਉਹਨਾਂ ਦਾ ਇਸ ਗੱਲ ਤੋਂ ਕੀ ਭਾਵ ਹੈ ਕਿ ਰੱਬ ਨੇ ਆਦਮੀਆਂ ਨੂੰ ਵੱਖਰੇ-ਵੱਖਰੇ ਕੰਮ ਸਪੁਰਦ ਕੀਤੇ ਹਨ। ਗੁਰੂ ਜੀ ਨੇ ਇਸ ਤਰ੍ਹਾਂ ਜਵਾਬ ਦਿੱਤਾ :-

ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੪੪)

ਇਕ ਬ੍ਰਾਹਮਣ ਗੁਰੂ ਜੀ ਕੋਲ ਆਇਆ ਤੇ ਉਹਨਾਂ ਨੂੰ ਫਲਾਂ ਦੀ ਟੋਕਰੀ ਦੀ ਭੇਟਾ ਕਰਕੇ ਕਹਿਣ ਲੱਗਾ, "ਮੇਰੇ ਦੋਸਤ ਤੁਸੀਂ ਗੁੱਸੇ ਭਰੇ ਸ਼ਬਦ ਬੋਲ ਰਹੇ ਹੋ।" ਗੁਰੂ ਜੀ ਨੇ ਉੱਤਰ ਦਿੱਤਾ, "ਇਥੇ ਨਾ ਠਹਿਰ, ਤਿੰਨ ਮੀਲ ਦੂਰੀ ਤੇ ਇਕ ਤਲਾਬ ਹੈ ਉਥੇ ਆਪਣੇ ਪਰਿਵਾਰ ਨਾਲ ਚਲਾ ਜਾ। ਜੋ ਇਥੇ ਰਹੇਗਾ ਉਹ ਮਾਰਿਆ ਜਾਏਗਾ।" ਬ੍ਰਾਹਮਣ ਨੇ ਉਹਨਾਂ ਦੀ ਸਲਾਹ ਤੇ ਅਮਲ ਕੀਤਾ। ਥੋੜ੍ਹੇ ਦਿਨਾਂ ਬਾਅਦ ਬਾਬਰ ਦਾ ਹਮਲਾ ਹੋਇਆ ਤੇ ਸ਼ਹਿਰ ਤਬਾਹ ਹੋ ਗਿਆ। ਉਸਨੇ ਆਂਢ-ਗੁਆਂਢ ਦੇ ਪਿੰਡ ਵੀ ਨਸ਼ਟ ਕਰ ਦਿੱਤੇ। ਆਮ ਲੋਕਾਂ ਦਾ ਕਤਲਿ-ਆਮ, ਹਿੰਦੂ ਤੇ ਪਠਾਨ ਵਸਨੀਕ ਦੋਹਾਂ ਦਾ ਹੋਇਆ। ਉਹਨਾਂ ਦੇ ਮਕਾਨ ਲੁੱਟ ਲਏ ਤੇ ਢਾਹ ਦਿੱਤੇ ਗਏ।

ਗੁਰੂ ਜੀ ਤੇ ਮਰਦਾਨਾ ਬਚ ਗਏ। ਸ਼ਾਇਦ ਇਸ ਕਰਕੇ ਕਿ ਉਹ ਪਰਦੇਸੀ ਸਨ ਪਰ ਉਹਨਾਂ ਨੂੰ ਕੈਦੀ ਬਣਾ ਲਿਆ ਗਿਆ ਤੇ ਬਾਬਰ ਦੀ ਸੈਨਾ ਦੇ ਅਫ਼ਸਰ ਮੀਰਖ਼ਾਨ ਦੀ ਨਿਗਰਾਨੀ ਹੇਠ ਰੱਖਿਆ ਗਿਆ। ਮੀਰਖ਼ਾਨ ਨੇ ਉਹਨਾਂ ਨੂੰ ਵੇਖ ਕੇ ਕਿਹਾ, "ਇਹਨਾਂ ਗੁਲਾਮਾਂ ਨੂੰ ਲੈ ਜਾਉ ਅਤੇ ਕੰਮ ਤੇ ਲਗਾ ਦਿਓ।" ਗੁਰੂ ਜੀ ਨੂੰ ਆਪਣੇ ਸਿਰ ਤੇ ਭਾਰ ਚੁੱਕਣਾ ਪਿਆ ਤੇ ਮਰਦਾਨਾ ਨੂੰ ਘੋੜਿਆਂ ਦੀ ਦੇਖਭਾਲ ਤੇ ਲਗਾ ਦਿੱਤਾ। ਗੁਰੂ ਜੀ ਨੇ ਉਥੇ ਇਹ ਉਚਾਰਨ ਕੀਤਾ :

ਮੂਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੯੧)

ਜਦੋਂ ਗੁਰੂ ਜੀ ਨੇ ਸ਼ਬਦ ਦਾ ਉਚਾਰਨ ਪੂਰਾ ਕੀਤਾ ਤਾਂ ਮਰਦਾਨੇ ਨੇ ਕੁਝ ਔਰਤਾਂ ਨੂੰ ਰੋਂਦੇ ਕੁਰਲਾਉਂਦੇ ਜਾਂਦੇ ਵੇਖਿਆ। ਉਸਨੇ ਆਪਣੇ ਮਾਲਕ ਕੋਲੋਂ ਪੁੱਛਿਆ ਕਿ ਇਹਨਾਂ ਨੂੰ ਕੀ ਹੋਇਆ ਹੈ ਤਾਂ ਗੁਰੂ ਜੀ ਨੇ ਮਰਦਾਨੇ ਨੂੰ ਰਬਾਬ ਵਜਾਉਣ ਲਈ ਕਿਹਾ। ਮਰਦਾਨੇ ਨੇ ਕਿਹਾ ਕਿ ਘੋੜੇ ਨੂੰ ਫੜਿਆ ਹੋਇਆ ਹੈ ਇਸ ਕਰਕੇ ਰਬਾਬ ਨਹੀਂ ਵਜਾ ਸਕਦਾ। ਗੁਰੂ ਜੀ ਨੇ ਉਸਨੂੰ ਵਾਹਿਗੁਰੂ ਕਹਿ ਕੇ ਘੋੜਾ ਛੱਡਣ ਦਾ ਹੁਕਮ ਦਿੱਤਾ। ਮਰਦਾਨੇ ਨੇ ਹੁਕਮ ਮੰਨ ਕੇ ਰਾਗ ਆਸਾ ਵਜਾਇਆ ਤੇ ਗੁਰੂ

ਜੀ ਨੇ ਇਸ ਸ਼ਬਦ ਦਾ ਗਾਇਣ ਕੀਤਾ :

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੧੭)

ਜੇਲ੍ਹ ਦਾ ਅਧਿਕਾਰੀ ਮੀਰਖ਼ਾਨ ਉਥੇ ਪਹੁੰਚ ਗਿਆ। ਉਸਨੇ ਵੇਖਿਆ ਕਿ ਗੁਰੂ ਜੀ ਦੇ ਸਿਰ ਦਾ ਭਾਰ ਉਹਨਾਂ ਦੇ ਸਿਰ ਤੋਂ ਡੇਢ ਫੁੱਟ ਉਪਰ ਬਿਨਾਂ ਕਿਸੇ ਦੇ ਸਹਾਰੇ ਖੜ੍ਹਾ ਸੀ ਤੇ ਜਿਸ ਘੋੜੇ ਦਾ ਰਖਵਾਲਾ ਮਰਦਾਨਾ ਸੀ ਉਹ ਮਰਦਾਨੇ ਦੇ ਪਿੱਛੇ-ਪਿੱਛੇ ਚੱਲ ਰਿਹਾ ਸੀ ਜਦ ਕਿ ਮਰਦਾਨਾ ਰਬਾਬ ਤੇ ਅੱਲਾ ਹੀ ਧੁਨ ਵਜਾ ਰਿਹਾ ਸੀ। ਮੀਰਖ਼ਾਨ ਨੇ ਇਹ ਜਾਣਕਾਰੀ ਬਾਬਰ ਤੱਕ ਪਹੁੰਚਾ ਦਿੱਤੀ। ਬਾਦਸ਼ਾਹ ਨੇ ਜਵਾਬ ਦਿੱਤਾ ਕਿ ਜੇ ਉਸਨੂੰ ਇਹ ਪਤਾ ਹੁੰਦਾ ਕਿ ਇਸ ਸ਼ਹਿਰ ਵਿਚ ਇਹੋ ਜਿਹੇ ਦਰਵੇਸ਼ ਰਹਿੰਦੇ ਹਨ ਤਾਂ ਉਹ ਇਸਨੂੰ ਕਦੀ ਤਬਾਹ ਨਾ ਕਰਦਾ। ਮੀਰਖਾਨ ਦੇ ਸੁਝਾਅ ਮੁਤਾਬਕ ਉਹ ਜੇਲ੍ਹਖਾਨੇ ਗਿਆ ਜੋ ਦੋ ਮੀਲ ਦੂਰ ਸੀ। ਉਥੇ ਪਠਾਨ ਤੇ ਹਿੰਦੂ ਔਰਤਾਂ ਨੂੰ ਬੇ-ਤਰਤੀਬੀ ਨਾਲ ਇਕੱਠਾ ਬੰਦ ਕੀਤਾ ਹੋਇਆ ਸੀ ਜੋ ਮੱਕੀ ਪੀਸ ਰਹੀਆਂ ਸਨ। ਗੁਰੂ ਜੀ ਨੂੰ ਵੀ ਪੀਸਣ ਲਈ ਚੱਕੀ ਦਿੱਤੀ ਹੋਈ ਸੀ। ਇਹ ਕਿਹਾ ਜਾਂਦਾ ਹੈ ਕਿ ਚੱਕੀ ਆਪਣੇ ਆਪ ਚੱਲੀ ਜਾ ਰਹੀ ਸੀ ਜਦਕਿ ਉਹ ਮੱਕੀ ਪਾਈ ਜਾ ਰਹੇ ਸਨ। ਬਾਦਸ਼ਾਹ ਨੇ ਗੁਰੂ ਜੀ ਨੂੰ ਸੰਬੋਧਨ ਕਰਕੇ ਬੁਲਾਇਆ ਪਰ ਆਪਣੇ ਬੇ-ਕਸੂਰੇ ਦੇਸ਼ ਵਾਸੀਆਂ ਦੇ ਕਤਲਿ-ਆਮ ਬਾਰੇ ਸੋਚ ਕੇ ਗੁਰੂ ਜੀ ਦੀ ਸੁਰਤ ਵਿਸਮਾਦ ਵਿਚ ਸੀ। ਜਦੋਂ ਉਹਨਾਂ ਨੂੰ ਉਠਾਇਆ ਗਿਆ ਤਾਂ ਉਹਨਾਂ ਨੇ ਇਸ ਸ਼ਬਦ ਦਾ ਉਚਾਰਨ ਕੀਤਾ ਜੋ ਕਿ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਮਿਲਦਾ :

ਹੇ, ਮਿਹਰਵਾਨ ਜਿਸ ਨੂੰ ਤੂੰ ਰੱਖੇਂ ਉਸਨੂੰ ਕੋਈ ਮਾਰ ਨਹੀਂ ਸਕਦਾ। ਤੂੰ ਅਣਗਿਣਤ ਜੀਆਂ ਨੂੰ ਬਚਾਉਂਦਾ ਹੈਂ ਤੇਰੀਆਂ ਸਿਫਤਾਂ ਦਾ ਸੁਮਾਰ ਕੋਈ ਨਹੀਂ। ਮੈਂ ਤੁਹਾਡਾ ਦਾਸ ਹਾਂ, ਮੇਰੀ ਰੱਖਿਆ ਕਰੋ .... ਮੈਨੂੰ ਬਚਾਉ। ਜਿਨ੍ਹਾਂ ਨੂੰ ਤੂੰ ਆਪਣਾ ਨਾਂ ਦਿੱਤਾ ਹੋਇਆ ਹੈ ਉਹਨਾਂ ਨੂੰ ਤੂੰ ਬਚਾਇਆ ਹੈ। ਤੂੰ ਰਵਿਦਾਸ ਚਮਾਰ ਦੀ ਰੱਖਿਆ ਕੀਤੀ ਹੈ ਜਿਸਨੂੰ ਤੇਰਿਆਂ ਭਗਤਾਂ ਵਿਚ ਗਿਣਿਆ ਜਾਂਦਾ ਹੈ। ਨਾਨਕ ਦਾ ਕੋਈ ਪਰਵਾਰ ਜਾਂ ਆਦਰ ਨਹੀਂ ਉਹ ਵੀ ਤੇਰੀ ਅਰਾਧਨਾ ਕਰਦਾ ਹੈ। ਹੇ ਮਾਲਕ ਉਸਨੂੰ ਵੀ ਸੰਸਾਰ ਸਾਗਰ ਤੋਂ ਪਾਰ ਕਰੋ ਅਤੇ ਉਸਨੂੰ ਵੀ ਆਪਣਾ ਬਣਾਓ।

ਇਹ ਕਿਹਾ ਜਾਂਦਾ ਹੈ ਕਿ ਬਾਦਸ਼ਾਹ ਇਹ ਸੁਣ ਕੇ ਗੁਰੂ ਨਾਨਕ ਦੇਵ ਜੀ ਦੇ ਪੈਰਾਂ ਤੇ ਡਿੱਗ ਪਿਆ ਤੇ ਐਲਾਨ ਕੀਤਾ ਕਿ ਰੱਬ ਉਹਨਾਂ ਦੇ ਚਿਹਰੇ ਤੇ ਪ੍ਰਗਟ ਹੋਇਆ ਹੈ। ਇਸ ਗੱਲ ਤੇ ਸਾਰੇ ਦਰਬਾਰੀਆਂ ਨੇ ਗੁਰੂ ਨਾਨਕ ਦੇਵ ਜੀ ਨੂੰ ਸਲਾਮ ਕੀਤੀ। ਬਾਦਸ਼ਾਹ ਨੇ ਗੁਰੂ ਨਾਨਕ ਜੀ ਨੂੰ ਕਿਹਾ ਕਿ ਉਹ ਉਸ ਕੋਲੋਂ ਕੋਈ ਤੋਹਫ਼ਾ ਸਵੀਕਾਰ ਕਰਨ। ਗੁਰੂ ਜੀ ਨੇ ਜਵਾਬ ਦਿੱਤਾ ਕਿ ਉਹ ਆਪਣੇ ਲਈ ਕੁਝ ਨਹੀਂ ਚਾਹੁੰਦੇ ਪਰ ਉਹਨਾਂ ਬੇਨਤੀ ਕੀਤੀ ਕਿ ਸਈਅਦਪੁਰ ਦੇ ਰਹਿਣ ਵਾਲੇ ਸਾਰੇ ਕੈਦੀ ਛੱਡ ਦਿੱਤੇ ਜਾਣ। ਇਸ ਗੱਲ ਤੇ ਬਾਬਰ ਨੇ ਇਹ ਫੁਰਮਾਨ ਦੇ ਦਿੱਤਾ ਕਿ ਉਹਨਾਂ ਨੂੰ ਛੱਡ ਦਿੱਤਾ ਜਾਏ ਤੇ ਉਹਨਾਂ ਦੀ ਜਾਇਦਾਦ ਵਾਪਸ

ਕਰ ਦਿੱਤੀ ਜਾਏ। ਪਰ ਕੈਦੀ ਗੁਰੂ ਜੀ ਤੋਂ ਬਿਨਾਂ ਵਾਪਸ ਨਹੀਂ ਜਾਣਾ ਚਾਹੁੰਦੇ ਸਨ। ਫੇਰ ਗੁਰੂ ਜੀ ਨੂੰ ਵੀ ਉਹਨਾਂ ਨਾਲ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਤੇ ਉਹ ਸਾਰੇ ਸ਼ਹਿਰ ਵਿਚ ਆਪਣੇ ਘਰਾਂ ਨੂੰ ਚਲੇ ਗਏ। ਉਹਨਾਂ ਨੇ ਵੇਖਿਆ ਕਿ ਜੋ ਲੋਕੀਂ ਸਈਅਦਪੁਰ ਵਿਚ ਰਹਿ ਗਏ ਸਨ ਉਹ ਸਾਰੇ ਮਾਰੇ ਗਏ। ਮਰਦਾਨੇ ਨੇ ਆਪਣੇ ਮਾਲਕ ਨੂੰ ਕਿਹਾ ਕਿ ਜਿਵੇਂ ਰੱਬ ਨੂੰ ਭਾਉਂਦਾ ਸੀ ਉਵੇਂ ਹੀ ਹੋਇਆ ਹੈ। ਇਸ ਗੱਲ ਤੇ ਗੁਰੂ ਜੀ ਨੇ ਮਰਦਾਨੇ ਦੀ ਰਬਾਬ ਦੀ ਧੁਨੀ ਨਾਲ ਅਫਸੋਸ ਭਰਿਆ ਸ਼ਬਦ ਗਾਇਆ :

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੧੭)

ਭਾਰਤ ਵਿਚ ਹਾਲਾਤ ਦੇ ਬਦਲਾਵ ਦੇ ਸੰਬੰਧੀ ਗੁਰੂ ਜੀ ਨੇ ਇਹ ਉਚਾਰਨ ਕੀਤਾ :

ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤਿ ਚਾਰਿ ਬਹਾਲੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੧੯੦)

ਹਿੰਦੂ ਤੇ ਮੁਸਲਮਾਨ ਜੋ ਸੱਯਦਪੁਰ ਵਾਪਸ ਗਏ ਸਨ ਉਹ ਆਪਣੇ-ਆਪਣੇ ਮ੍ਰਿਤਕਾਂ ਦਾ ਕ੍ਰਿਆਕਰਮ ਕਰਨ ਲੱਗ ਪਏ ਅਤੇ ਸਾਰੇ ਘਰਾਂ ਵਿਚ ਰੋਣ ਕੁਰਲਾਉਣ ਤੇ ਸੋਗ ਪਿਆ ਹੋਇਆ ਸੀ। ਲੋਕੀਂ ਕਹਿ ਰਹੇ ਸਨ, "ਫਲਾਨਾ ਫਲਾਨਾ ਮਰ ਗਿਆ ਹੈ।" ਇਹੋ ਜਿਹੀਆਂ ਗੱਲਾਂ ਸੁਣ ਕੇ ਗੁਰੂ ਜੀ ਵਿਸਮਾਦ ਵਿਚ ਆ ਗਏ ਤੇ ਉਹਨਾਂ ਨੇ ਇਹ ਸ਼ਬਦ ਉਚਾਰਨ ਕੀਤਾ :

ਜੈਸੇ ਗੋਇਲਿ ਗੋਇਲੀ ਤੈਸੇ ਸੰਸਾਰਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੧੮)

ਇਕ ਦਿਨ ਮਰਦਾਨੇ ਨੂੰ ਇਹ ਫੁਰਨਾ ਫੁਰਿਆ ਤੇ ਉਸ ਪੁੱਛਿਆ ਕਿ ਉਹ ਸੱਯਦਪੁਰ ਦੇ ਕਤਲ-ਆਮ ਦਾ ਕਾਰਨ ਸਮਝਾਉਣ। ਉਸਨੇ ਕਿਹਾ, "ਮਾਲਕ, ਕੁਝ ਪਠਾਨਾਂ ਨੇ ਗਲਤ ਕੰਮ ਕੀਤੇ ਸਨ ਪਰ ਉਹਨਾਂ ਕਰਕੇ ਏਨੇ ਜਣੇ ਕਿਉਂ ਮਾਰੇ ਗਏ?" ਗੁਰੂ ਜੀ ਨੇ ਇਕ ਦਰੱਖਤ ਵੱਲ ਇਸ਼ਾਰਾ ਕਰਕੇ ਮਰਦਾਨੇ ਨੂੰ ਕਿਹਾ ਕਿ ਉਹ ਉਸ ਹੇਠਾਂ ਜਾ ਕੇ ਸੌਂ ਜਾਵੇ ਤੇ ਜਦੋਂ ਉਹ ਉਠੇਗਾ ਤਾਂ ਉਹ ਉਸਨੂੰ ਜਵਾਬ ਦੇਣਗੇ। ਮਰਦਾਨਾ ਉਹਨਾਂ ਦੇ ਕਹੇ ਮੁਤਾਬਕ ਜਾ ਕੇ ਦਰੱਖਤ ਹੇਠਾਂ ਸੌਂ ਗਿਆ। ਉਸਦੇ ਨੰਗੇ ਪਿੰਡੇ ਤੇ ਇਕ ਸ਼ਹਿਦ ਦਾ ਤੁਪਕਾ ਡਿੱਗ ਗਿਆ। ਜਦੋਂ ਉਹ ਸੌਂ ਗਿਆ ਤਾਂ ਕੀੜੀਆਂ ਸ਼ਹਿਦ ਨੂੰ ਖਾਣ ਲਈ ਆ ਗਈਆਂ ਅਤੇ ਸੌਣ ਵਾਲੇ ਨੇ ਬੇਸੁਰਤੀ ਵਿਚ ਆਪਣੇ ਹੱਥ ਨਾਲ ਉਹਨਾਂ ਨੂੰ ਮਸਲ ਦਿੱਤਾ। ਗੁਰੂ ਜੀ ਨੇ ਉਸਨੂੰ ਉਠਣ ਤੇ ਪੁੱਛਿਆ ਕਿ ਉਸਨੇ ਕੀ ਕੀਤਾ ਹੈ। ਉਸਨੇ ਜਵਾਬ ਦਿੱਤਾ ਕਿ ਇਕ ਕੀੜੀ ਨੇ ਉਸਨੂੰ ਡੰਗ ਮਾਰਿਆ ਸੀ ਸੋ ਉਸਨੇ ਸਾਰੀਆਂ ਕੀੜੀਆਂ ਨੂੰ ਮਾਰ ਦਿੱਤਾ। ਗੁਰੂ ਜੀ ਨੇ ਉੱਤਰ ਦਿੱਤਾ, "ਬਿਲਕੁਲ ਇਸੇ ਤਰ੍ਹਾਂ ਹੀ ਸੱਯਦਪੁਰ ਦੇ ਲੋਕ ਮਾਰੇ ਗਏ ਹਨ।" ਇਸ ਗੱਲ ਤੇ ਮਰਦਾਨਾ ਗੁਰੂ ਜੀ ਦੀ ਚਰਨੀ ਡਿੱਗ ਗਿਆ ਤੇ ਸੱਯਦਪੁਰ ਤੇ ਬਾਕੀ ਬਚੇ ਲੋਕ ਉਹਨਾਂ ਦੇ ਸਿੱਖ ਬਣ ਗਏ।

ਇਸ ਤੋਂ ਬਾਅਦ ਗੁਰੂ ਜੀ ਫੇਰ ਬਾਦਸ਼ਾਹ ਦੇ ਡੇਰੇ ਵਾਪਸ ਗਏ ਤਾਂ ਕਿ ਉਸ ਨਾਲ ਫੇਰ

ਇਕ ਵਾਰੀ ਭੇਟ ਕਰ ਸਕਣ। ਉਹ ਕੈਦਖਾਨੇ ਗਏ ਤੇ ਕੈਦੀਆਂ ਲਈ ਸ਼ਬਦ ਗਾਏ ਜਿਨ੍ਹਾਂ ਦੀ ਹਾਲਤ ਤੋਂ ਉਹਨਾਂ ਨੂੰ ਬਹੁਤ ਦੁੱਖ ਹੋਇਆ ਸੀ। ਇਹੋ ਜਿਹੀਆਂ ਸੋਚਾਂ ਨਾਲ ਉਹਨਾਂ ਨੇ ਇਸ ਸ਼ਬਦ ਦੀ ਰਚਨਾ ਕੀਤੀ :

ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੩੬੦)

ਜਦੋਂ ਬਾਬਰ ਨੇ ਇਹ ਸ਼ਬਦ ਸੁਣਿਆ ਤਾਂ ਉਸਨੇ ਗੁਰੂ ਜੀ ਨੂੰ ਬੁਲਾਉਣ ਦਾ ਆਦੇਸ਼ ਦਿੱਤਾ ਜਦੋਂ ਗੁਰੂ ਜੀ ਹਾਜ਼ਰ ਹੋਏ ਤਾਂ ਬਾਦਸ਼ਾਹ ਨੇ ਉਹਨਾਂ ਨੂੰ ਉਹ ਸ਼ਬਦ ਫੇਰ ਗਾਉਣ ਲਈ ਆਖਿਆ ਤੇ ਗੁਰੂ ਜੀ ਨੇ ਫੇਰ ਸ਼ਬਦ ਦਾ ਗਾਇਨ ਕੀਤਾ। ਇਹ ਕਿਹਾ ਜਾਂਦਾ ਹੈ ਕਿ ਇਸ ਗੱਲ ਤੇ ਬਾਬਰ ਦਾ ਦਿਮਾਗ ਆਤਮਿਕ ਸਚਾਈਆਂ ਨੂੰ ਗ੍ਰਹਿਣ ਕਰਨਯੋਗ ਹੋ ਗਿਆ। ਉਸਨੇ ਗੁਰੂ ਜੀ ਦੀ ਉਪਮਾ ਕੀਤੀ ਅਤੇ ਆਪਣੀ ਭੰਗ ਦੀ ਪੋਟਲੀ ਵਿਚੋਂ ਭੰਗ ਪੇਸ਼ ਕੀਤੀ। ਗੁਰੂ ਜੀ ਨੇ ਕਿਹਾ ਉਹਨਾਂ ਨੇ ਪਹਿਲੇ ਹੀ ਭੰਗ ਲਈ ਹੋਈ ਹੈ ਜਿਸ ਦਾ ਨਸ਼ਾ ਕਦੇ ਉੱਤਰਨ ਵਾਲਾ ਨਹੀਂ। ਬਾਬਰ ਨੇ ਪੁੱਛਿਆ ਉਹ ਕਿਹੜੀ ਭੰਗ ਹੈ ਤਾਂ ਗੁਰੂ ਜੀ ਨੇ ਇਸ ਸ਼ਬਦ ਦੁਆਰਾ ਉੱਤਰ ਦਿੱਤਾ :

ਭਉ ਤੇਰਾ ਭਾਂਗ ਖਲੜੀ ਮੇਰਾ ਚੀਤੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੨੧)

ਬਾਦਸ਼ਾਹ ਗੁਰੂ ਜੀ ਉਤੇ ਬਹੁਤ ਖੁਸ਼ ਹੋਇਆ ਅਤੇ ਉਹਨਾਂ ਨੂੰ ਆਪਣੇ ਨਾਲ ਜਾਣ ਲਈ ਕਿਹਾ। ਗੁਰੂ ਜੀ ਨੇ ਪਹਿਲੇ ਤਾਂ ਇਕ ਦਿਨ ਰਹਿਣ ਦਾ ਵਾਅਦਾ ਕੀਤਾ ਪਰ ਬਹੁਤ ਜ਼ੋਰ ਲਾਉਣ ਤੇ ਆਖ਼ਰ ਵਿਚ ਤਿੰਨ ਦਿਨ ਰਹਿਣ ਲਈ ਮੰਨ ਗਏ । ਗੁਰੂ ਜੀ ਕੈਦੀਆਂ ਵੱਲ ਜਦੋਂ ਵੀ ਵੇਖਦੇ ਤਾਂ ਬਹੁਤ ਦੁੱਖੀ ਹੋ ਜਾਂਦੇ। ਤੀਸਰੀ ਵਾਰੀ ਗੁਰੂ ਜੀ ਨੇ ਉਪਰਲੇ ਸ਼ਬਦ ਦਾ ਗਾਇਣ ਕੀਤਾ ਤੇ ਫੇ ਰ ਰੱਬ ਨਾਲ ਉਹਨਾਂ ਦੀ ਸੁਰਤਿ ਜੁੜ ਗਈ ਤੇ ਉਹ ਬੇਹੋਸ਼ ਹੋ ਗਏ। ਬਾਦਸ਼ਾਹ ਉਹਨਾਂ ਕੋਲ ਆ ਕੇ ਖੜਾ ਹੋ ਗਿਆ ਤੇ ਆਸ-ਪਾਸ ਦੇ ਲੋਕਾਂ ਨੂੰ ਪੁੱਛਣ ਲੱਗਾ ਕਿ ਕੀ ਹੋਇਆ ਹੈ। ਉਹਨਾਂ ਨੇ ਉੱਤਰ ਦਿੱਤਾ ਕਿ ਰੱਬ ਦੀ ਕਰੋਪੀ ਵੇਖ ਕੇ ਫ਼ਕੀਰ ਦੁੱਖੀ ਹੋ ਗਿਆ ਤੇ ਇਸ ਕਰਕੇ ਅੰਤਰਲੀਨ ਹੋ ਗਿਆ ਹੈ। ਬਾਬਰ ਉਹਨਾਂ ਦੀ ਖੈਰੀਅਤ ਲਈ ਚਿੰਤਿਤ ਹੋ ਗਿਆ ਅਤੇ ਲੋਕਾਂ ਨੂੰ ਉਹਨਾਂ ਦੇ ਠੀਕ ਹੋਣ ਲਈ ਦੁਆ ਕਰਨ ਨੂੰ ਕਿਹਾ। ਇਸ ਗੱਲ ਤੇ ਗੁਰੂ ਜੀ ਖੜੇ ਹੋ ਗਏ ਅਤੇ ਉਹਨਾਂ ਦੇ ਚਿਹਰੇ ਤੇ ਉਸ ਵੇਲੇ ਏਨਾ ਨੂਰ ਸੀ ਜਿਸ ਤਰ੍ਹਾਂ ਹਜ਼ਾਰਾਂ ਸੂਰਜ ਚਮਕ ਰਹੇ ਹੋਣ। ਬਾਬਰ ਨੇ ਸਲਾਮ ਕੀਤਾ ਅਤੇ ਗੁਰੂ ਜੀ ਨੂੰ ਉਸ ਤੇ ਮਿਹਰਵਾਨ ਹੋਣ ਲਈ ਕਿਹਾ। ਗੁਰੂ ਜੀ ਨੇ ਉੱਤਰ ਦਿੱਤਾ, "ਹੇ ! ਬਾਦਸ਼ਾਹ ਜੇ ਤੂੰ ਕ੍ਰਿਪਾ ਦੀ ਉਮੀਦ ਕਰਦਾ ਹੈਂ ਤਾਂ ਸਾਰੇ ਕੈਦੀਆਂ ਨੂੰ ਰਿਹਾ ਕਰ ਦੇ।" ਉਹ ਮੰਨ ਗਿਆ ਪਰ ਉਸਨੇ ਇਕ ਸ਼ਰਤ ਰੱਖੀ ਕਿ ਗੁਰੂ ਜੀ ਉਸ ਨਾਲ ਵਾਅਦਾ ਕਰਨ ਕਿ ਉਸਦੀ ਸ਼ਹਿਨਸ਼ਾਹੀ ਕਈ ਪੀੜ੍ਹੀਆਂ ਤੱਕ ਚਲਦੀ ਰਹੇਗੀ। ਗੁਰੂ ਜੀ ਨੇ ਉੱਤਰ ਵਿਚ ਕਿਹਾ, "ਤੇਰਾ ਸਾਮਰਾਜ ਇਕ ਅਰਸੇ ਤਕ ਚਲਦਾ ਰਹੇਗਾ।" ਇਸ ਗੱਲ ਤੇ ਬਾਦਸ਼ਾਹ ਨੇ ਹੁਕਮ ਦਿੱਤਾ ਕਿ ਸਾਰੇ ਕੈਦੀਆਂ ਨੂੰ ਇੱਜ਼ਤ ਨਾਲ ਸਿਰੋਪੇ ਦੇ ਕੇ ਰਿਹਾ ਕਰ ਦਿੱਤਾ ਜਾਵੇ। ਇਸ ਗੱਲ ਨਾਲ ਗੁਰੂ ਜੀ ਨੂੰ ਬੜੀ ਖੁਸ਼ੀ ਤੇ ਤਸੱਲੀ ਹੋਈ

ਬਾਦਸ਼ਾਹ ਨੇ ਆਪਣੇ ਅਹੁਦੇ ਦੇ ਹਿਸਾਬ ਗੁਰੂ ਜੀ ਨੂੰ ਹਿਦਾਇਤਾਂ ਦੇਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਕਿਹਾ, "ਇਨਸਾਫ ਨਾਲ ਫੈਸਲੇ ਕਰਨੇ, ਸੰਤਾਂ ਦਾ ਇੱਜ਼ਤ ਮਾਣ ਕਰਨਾ, ਸ਼ਰਾਬ ਤੇ ਜੂਏ ਤੋਂ ਦੂਰ ਰਹਿਣਾ। ਜਿਹੜਾ ਬਾਦਸ਼ਾਹ ਇਹਨਾਂ ਬੁਰਾਈਆਂ ਦਾ ਐਬੀ ਹੁੰਦਾ ਹੈ ਉਹ ਜੇ ਬਚ ਜਾਵੇ ਤਾਂ ਆਪਣੇਂ ਕੁਕਰਮਾਂ ਨੂੰ ਪਛਤਾਉਂਦਾ ਹੈ। ਹਾਰਨ ਵਾਲਿਆਂ ਨਾਲ ਮਿਹਰਬਾਨੀ ਅਤੇ ਰੱਬ ਦੀ ਸੱਚੇ ਦਿਲ ਤੋਂ ਪੂਜਾ ਕਰਨੀ।"

ਜਦੋਂ ਗੁਰੂ ਜੀ ਅਖੀਰ ਵਿਚ ਬਾਦਸ਼ਾਹ ਕੋਲੋਂ ਵਿਦਾ ਲੈਣ ਲੱਗੇ ਤਾਂ ਉਸਨੇ ਗੁਰੂ ਜੀ ਨੂੰ ਇਸਲਾਮ ਧਾਰਨ ਕਰਨ ਲਈ ਕਿਹਾ, ਜਿਹੜਾ ਇਕ ਰੱਬ ਨੂੰ ਮੰਨਦਾ ਹੈ। ਗੁਰੂ ਜੀ ਆਪ ਵੀ ਇਕ ਰੱਬ ਦਾ ਪ੍ਰਚਾਰ ਕਰ ਰਹੇ ਸਨ। ਇਸ ਤਰ੍ਹਾਂ ਕਰਨ ਨਾਲ ਗੁਰੂ ਜੀ ਨੂੰ ਆਪਣੀ ਆਤਮਿਕ ਯਾਤਰਾ ਵਿਚ ਤੇ ਮੁਕਤੀ ਪਾਉਣ ਵਿਚ ਦੂਰ ਨਹੀਂ ਜਾਣਾ ਪਵੇਗਾ ਅਤੇ ਇਸਲਾਮ ਧਾਰਨ ਕਰਨ ਨਾਲ ਉਹਨਾਂ ਨੂੰ ਰੱਬ ਦੇ ਪਵਿੱਤਰ ਤੇ ਆਖਰੀ ਪੈਗੰਬਰ ਮੁਹੰਮਦ ਦੀ ਵਿਚੋਲਗੀ ਦਾ ਫਲ ਮਿਲ ਜਾਵੇਗਾ। ਗੁਰੂ ਜੀ ਨੇ ਉੱਤਰ ਦਿੱਤਾ :

> ਲੱਖਾਂ ਹੀ ਮੁਹੰਮਦ ਹਨ ਪਰ ਰੱਬ ਇਕ ਹੈ। ਉਹ ਸੱਚਾ ਅਦਿਖ ਹੈ ਅਤੇ ਨਿਰਭੈ ਹੈ। ਉਸ ਰੱਬ ਦੇ ਦਰਬਾਰ ਵਿਚ ਕਈ ਮੁਹੰਮਦ ਖੜ੍ਹੇ ਹਨ। ਉਹ ਏਨੇ ਜ਼ਿਆਦਾ ਹਨ ਕਿ ਗਿਣੇ ਨਹੀਂ ਜਾ ਸਕਦੇ। ਸੰਸਾਰ ਤੇ ਭੇਜੇ ਹੋਏ ਕਈ ਰਸੂਲ ਆਏ ਹਨ। ਜਦੋਂ ਰੱਬ ਚਾਹੁੰਦਾ ਹੈ ਉਹਨਾਂ ਨੂੰ ਫੜ ਕੇ ਆਪਣੇ ਸਾਹਮਣੇ ਲੈ ਆਉਂਦਾ ਹੈ। ਨਾਨਕ ਦਾਸ ਨੇ ਪੱਕੀ ਤਰ੍ਹਾਂ ਪਤਾ ਕਰ ਲਿਆ ਹੈ ਕਿ ਕੇਵਲ ਰੱਬ ਹੀ ਪਾਕ ਤੇ ਪਵਿੱਤਰ ਹੈ ਬਾਕੀ ਅਪਵਿੱਤਰ ਹਨ।

(ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹੈ)

ਬਾਦਸ਼ਾਹ ਉਹਨਾਂ ਦੀਆਂ ਸਾਫ-ਸਾਫ ਗੱਲਾਂ ਤੇ ਗੁੱਸੇ ਹੋਣ ਦੀ ਬਜਾਏ ਉਹਨਾਂ ਨੂੰ ਕਿਸੇ ਚੀਜ਼ ਦੀ ਮੰਗ ਕਰਨ ਨੂੰ ਕਿਹਾ। ਗੁਰੂ ਜੀ ਨੇ ਮਰਦਾਨੇ ਦੀ ਰਬਾਬ ਦੀ ਧੁਨੀ ਨਾਲ ਇਹ ਜਵਾਬ ਦਿੱਤਾ :

> ਮੈਨੂੰ ਕੇਵਲ ਰੱਬ ਨੇ ਭੇਜਿਆ ਹੈ। ਹਰ ਮਨੁੱਖ ਉਸ ਦੀਆਂ ਦਾਤਾਂ ਮਾਣ ਰਿਹਾ ਹੈ। ਜੋ ਮਨੁੱਖ ਦੀ ਟੇਕ ਵੱਲ ਵੇਖਦਾ ਹੈ ਉਹ ਲੋਕ ਅਤੇ ਪ੍ਰਲੋਕ ਗਵਾ ਬੈਠਦਾ ਹੈ। ਦਾਤਾ ਕੇਵਲ ਇਕੋ ਹੀ ਹੈ। ਸਭ ਸੰਸਾਰ ਲੋਕ ਮੰਗਤੇ ਹਨ। ਜੋ ਉਸ ਰੱਬ ਨੂੰ ਭੁਲਾ ਦਿੰਦੇ ਹਨ ਅਤੇ ਦੂਜਿਆਂ ਨਾਲ ਮੋਹ ਪਾ ਲੈਂਦੇ ਹਨ ਸਭ ਆਦਰ ਗਵਾ ਲੈਂਦੇ ਹਨ। ਰਾਜੇ ਅਤੇ ਬਾਦਸ਼ਾਹ ਉਸਦੇ ਬਣਾਏ ਹੋਏ ਹਨ। ਏ ਬਾਬਰ ਬਾਦਸ਼ਾਹ! ਨਾਨਕ ਕਹਿੰਦਾ ਹੈ ਜੋ ਤੈਥੋਂ ਮੰਗਦਾ ਹੈ ਉਹ ਮੂਰਖ ਫ਼ਕੀਰ ਹੈ।

(ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀ)

ਭਾਗ-ਦਸਵਾਂ

ਗੁਰੂ ਜੀ ਫੇਰ ਪਸਰੂਰ ਲਈ ਚੱਲ ਪਏ ਅਤੇ ਉਥੋਂ ਸਿਆਲਕੋਟ ਜੋ ਸਿਆਲ ਕਬੀਲੇ ਦਾ

ਕਿਲ੍ਹਾ ਸੀ ਤੇ ਹੁਣ ਪੰਜਾਬ (ਪਾਕਿਸਤਾਨ) ਦੇ ਉੱਤਰੀ ਭਾਗ ਦੀ ਛਾਉਣੀ ਹੈ। ਉਹ ਕਰੀਰ ਦੇ ਦਰੱਖਤ ਦੇ ਹੇਠਾਂ ਆਰਾਮ ਕਰਨ ਲੱਗ ਪਏ ਜੋ ਹਾਲੇ ਵੀ ਸ਼ਹਿਰ ਦੇ ਬਾਹਰ ਮੌਜੂਦ ਹੈ। ਭੋਜਨ ਕਰਨ ਤੋਂ ਬਾਅਦ ਉਹਨਾਂ ਨੇ ਮਰਦਾਨੇ ਨੂੰ ਇਕ ਪੈਸੇ ਦੀ ਸਚਾਈ ਤੇ ਇਕ ਪੈਸੇ ਦਾ ਝੂਠ ਲੈਣ ਲਈ ਬਜ਼ਾਰ ਭੇਜਿਆ। ਕਿਸੇ ਨੂੰ ਸਮਝ ਨਾ ਆਈ ਕਿ ਮੰਗਣ ਵਾਲਾ ਕੀ ਚਾਹੁੰਦਾ ਹੈ। ਆਖਿਰ ਵਿਚ ਮਰਦਾਨਾ ਇਕ ਮੁੱਲਾਂ ਕੋਲ ਪੁੱਜਾ ਜੋ ਕਰਾਰ ਸੀ (ਜੋ ਛੋਟੇ ਦੁਕਾਨਦਾਰ ਹੁੰਦੇ ਹਨ) ਉਸਨੇ ਕਿਹਾ ਕਿ ਮੌਤ ਸਚਾਈ ਹੈ ਤੇ ਜ਼ਿੰਦਗੀ ਝੂਠ ਹੈ। ਮਰਦਾਨਾ ਇਹ ਜਵਾਬ ਲੈ ਕੇ ਗੁਰੂ ਜੀ ਕੋਲ ਵਾਪਸ ਆ ਗਿਆ। ਇਸ ਗੱਲ ਉਪਰੰਤ ਗੁਰੂ ਜੀ ਤੇ ਮੁੱਲਾਂ ਵਿਚਕਾਰ ਬਹੁਤ ਘਣੀ ਮਿੱਤਰਤਾ ਹੋ ਗਈ ਅਤੇ ਮੁੱਲਾਂ ਬਾਅਦ ਵਿਚ ਗੁਰੂ ਜੀ ਨਾਲ ਕਾਬਲ ਵੀ ਗਿਆ। ਇਕ ਦੂਸਰੇ ਮੌਕੇ ਤੇ ਗੁਰੂ ਨਾਨਕ ਦੇਵ ਜੀ ਤੇ ਮਰਦਾਨਾ ਫੇਰ ਸਿਆਲਕੋਟ ਆਏ ਤੇ ਮਰਦਾਨਾ ਮੁੱਲਾਂ ਦੇ ਘਰ ਗਿਆ। ਮੁੱਲਾਂ ਦੀ ਪਤਨੀ ਨੇ ਇਹ ਸੋਚਿਆ ਕਿ ਉਸਦਾ ਪਤੀ ਉਸਨੂੰ ਫੇਰ ਛੱਡ ਕੇ ਚਲਾ ਜਾਵੇਗਾ ਉਸਨੂੰ ਛੁਪਾ ਦਿੱਤਾ ਤੇ ਮਰਦਾਨੇ ਨੂੰ ਕਿਹਾ ਕਿ ਉਹ ਕਹਿ ਦੇਵੇ ਕਿ ਮੁੱਲਾਂ ਘਰ ਨਹੀਂ ਹੈ ਜਿੱਥੇ ਉਹ ਛੁਪਿਆ ਹੋਇਆ ਸੀ ਉਥੇ ਉਸਨੂੰ ਸੱਪ ਨੇ ਕੱਟ ਲਿਆ ਤੇ ਉਹ ਮਰ ਗਿਆ। ਇਸ ਮੌਕੇ ਤੇ ਗੁਰੂ ਨਾਨਕ ਦੇਵ ਜੀ ਨੇ ਰਚਨਾ ਰਚੀ :

ਨਾਲਿ ਕਿਰਾੜਾ ਦੋਸਤੀ ਕੂੜੈ ਕੂੜੀ ਪਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੪੧੨)

ਜਦੋਂ ਉਹਨਾਂ ਦਾ ਸਿਆਲਕੋਟ ਆਉਣ ਦਾ ਉਦੇਸ਼ ਪੂਰਾ ਹੋ ਗਿਆ ਤਾਂ ਗੁਰੂ ਜੀ ਪੰਜਾਬ ਦੇ ਦੱਖਣ ਵੱਲ ਮਿੱਠਣਕੋਟ (ਜੋ ਅੱਜ ਦਾ ਡੇਰਾ ਗਾਜ਼ੀ ਜਿਲ੍ਹਾ ਹੈ) ਤੱਕ ਗਏ ਜਿੱਥੇ ਮੁਸਲਮਾਨਾਂ ਦਾ ਮਸ਼ਹੂਰ ਫ਼ਕੀਰ ਮੀਆਂ ਮਿੱਠਾ ਰਹਿੰਦਾ ਸੀ। ਗੁਰੂ ਜੀ ਨੇ ਸ਼ਹਿਰ ਦੇ ਨੇੜੇ ਇਕ ਬਾਗ ਵਿਚ ਡੇਰਾ ਲਾ ਲਿਆ। ਜਦੋਂ ਮੀਆਂ ਮਿੱਠਾ ਨੇ ਗੁਰੂ ਜੀ ਦੇ ਆਉਣ ਬਾਰੇ ਸੁਣਿਆ ਤਾਂ ਉਸਨੇ ਕਿਹਾ, "ਨਾਨਕ ਇਕ ਚੰਗਾ ਫ਼ਕੀਰ ਹੈ ਪਰ ਜਦੋਂ ਮੈਂ ਉਸਨੂੰ ਮਿਲਾਂਗਾ ਤਾਂ ਇਸ ਤਰ੍ਹਾਂ ਉਸਨੂੰ ਨਿਚੋੜਾਗਾਂ ਜਿਸ ਤਰ੍ਹਾਂ ਨਿੰਬੂਆਂ ਵਿਚੋਂ ਰੱਸ।" ਮਰਦਾਨੇ ਨੇ ਗੁਰੂ ਜੀ ਨੂੰ ਉਸਦੀ ਗੱਲਬਾਤ ਇਸ ਤਰ੍ਹਾਂ ਆ ਕੇ ਸੁਣਾਈ, "ਮੀਆਂ ਮਿੱਠਾ ਤਾਂ ਤੁਹਾਡੀ ਕੱਠਪੁੱਤਲੀ ਹੈ ਅਤੇ ਜਿਵੇਂ ਤੁਸੀਂ ਨਚਾਵੋਗੇ ਉਵੇਂ ਹੀ ਨੱਚੇਗਾ।" ਪਰ ਮੀਆਂ ਮਿੱਠਾ ਇੰਜ ਫੜਾਂ ਮਾਰਦਾ ਰਿਹਾ "ਮੈਂ ਜਦੋਂ ਨਾਨਕ ਨੂੰ ਮਿਲਾਂਗਾ ਤਾਂ ਮੈਂ ਉਸ ਵਿਚੋਂ ਇਸ ਤਰ੍ਹਾਂ ਨਿਚੋੜ ਕੱਢਾਗਾਂ ਜਿਵੇਂ ਦੁੱਧ ਨੂੰ ਰਿੜਕ ਕੇ ਮੱਖਣ ਕੱਢੀਦਾ ਹੈ।" ਮੀਆਂ ਮਿੱਠਾ ਗੁਰੂ ਜੀ ਨੂੰ ਮਿਲਣ ਆਇਆ ਤੇ ਮੁਸਲਮਾਨੀ ਢੰਗ ਨਾਲ ਸਲਾਮ ਕਰਕੇ ਬੈਠ ਗਿਆ। ਉਸਨੇ ਗੁਰੂ ਜੀ ਨੂੰ ਇਸ ਸਲੋਕ ਦੁਆਰਾ ਜਵਾਬ ਦੇਣ ਲਈ ਵੰਗਾਰਿਆ :

"ਪਹਿਲਾਂ ਨਾਮ ਖੁਦਾ ਦਾ ਹੈ ਅਤੇ ਦੂਜਾ ਰਸੂਲ ਦਾ, ਹੇ ਨਾਨਕ ! ਤੂੰ ਕਲਮਾਂ ਪੜ੍ਹ ਲੈ ਤਾਂ ਰੱਬ ਦੀ ਦਰਗਾਹ ਵਿਚ ਕਬੂਲ ਹੋ ਜਾਵੇਂਗਾ।"

ਗੁਰੂ ਜੀ ਨੇ ਉੱਤਰ ਦਿੱਤਾ :

ਪਹਿਲਾਂ ਨਾਮ ਖੁਦਾ ਦਾ ਹੈ ਉਸਦੇ ਦਰਵਾਜ਼ੇ ਤੇ ਕਿੰਨੇ ਹੀ ਰਸੂਲ ਹਨ। ਹੇ ਸ਼ੇਖ ਨੀਅਤ ਰਾਸ ਕਰ ਤਾਂ ਤੂੰ ਰੱਬ ਦੀ ਦਰਗਾਹ ਵਿਚ ਕਬੂਲ ਹੋ ਜਾਵੇਗਾ।

ਗੁਰੂ ਜੀ ਕਹਿੰਦੇ ਗਏ, ਮੀਆਂ ਮਿੱਠਾ ਰੱਬ ਦੇ ਦਰਵਾਜ਼ੇ ਤੇ ਰਸੂਲ ਲਈ ਕੋਈ ਥਾਂ ਨਹੀਂ ਜੋ ਉੱਥੇ ਰਹਿੰਦਾ ਹੈ ਉਹ ਸਿਰਫ਼ ਰੱਬ ਹੀ ਹੈ। ਮੀਆਂ ਮਿੱਠਾ ਨੇ ਫੇਰ ਗੁਰੂ ਜੀ ਨੂੰ ਸਵਾਲ ਕੀਤੇ :

ਦੀਵਾ ਤੇਲ ਤੋਂ ਬਿਨਾਂ ਕਿਸ ਤਰ੍ਹਾਂ ਬਲਦਾ ਹੈ? ਅਤੇ ਆਦਮੀ ਰੱਬ ਦੀ ਦਰਗਾਹ ਵਿਚ ਕਿਸ ਤਰ੍ਹਾਂ ਥਾਂ ਪ੍ਰਾਪਤ ਕਰ ਸਕਦਾ ਹੈ?

ਪੋਥੀ ਪੁਰਾਣ ਕਮਾਈਐ ॥[1]

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੨੫)

ਮੀਆਂ ਮਿੱਠਾ ਨੇ ਫੇਰ ਗੁਰੂ ਜੀ ਨੂੰ ਸੁਆਲ ਕੀਤਾ ਜੋ ਹੇਠ ਲਿਖੇ ਸ਼ਬਦ ਦੀ ਪਹਿਲੀ ਪੰਗਤੀ ਵਿਚ ਦਰਜ ਹੈ। ਉਸਨੇ ਇਹ ਵੀ ਪੁੱਛਿਆ ਕਿ ਬੁਰੇ ਲੋਕਾਂ ਦੀਆਂ ਆਤਮਾਵਾਂ ਦਾ ਮੌਤ ਪਿਛੋਂ ਕੀ ਹਾਲ ਹੁੰਦਾ ਹੈ? ਗੁਰੂ ਜੀ ਨੇ ਇਸ ਤਰ੍ਹਾਂ ਜਵਾਬ ਦਿੱਤਾ :

ਮੇਰੇ ਭਾਈ ਸਲਾਮ ਅਲੇ ਕਮ ! ਰੱਬ ਵਾਸਤੇ ਸੱਚ ਬੋਲੋ। ਮਨੁੱਖ ਰੱਬ ਦੀ ਦਰਗਾਹ ਵਿਚ ਕਿਵੇਂ ਮਾਣ ਪ੍ਰਾਪਤ ਕਰ ਸਕਦਾ ਹੈ?

ਮਨੁੱਖ ਜੋ ਬੀਜੇਗਾ ਸੋ ਵੱਢੇਗਾ- ਜੋ ਕੁਝ ਆਪਣੇ ਮਾਲਕ ਕੋਲੋਂ ਪ੍ਰਾਪਤ ਕਰੇਗਾ ਉਹ ਹੀ ਖਾਏਗਾ।

ਨਾਨਕ ਕਹਿੰਦਾ ਹੈ ਸਚੇ ਨਾਮ ਤੋਂ ਬਿਨਾਂ ਬੰਨ੍ਹਿਆ ਜਾਵੇਗਾ ਤੇ ਦੁੱਖ ਪਾਵੇਗਾ।

ਕਰਤਾ ਮਹਾਨ ਹੈ ਜਦੋਂ ਆਦਮੀ ਬਦਕਿਸਮਤ ਹਨੇਰੀ ਕਬਰ ਵਿਚ ਜਾਵੇਗਾ ਰੱਬ ਦੀ ਸਮਰੱਥਾ ਦਾ ਪ੍ਰਕਾਸ਼ ਹੋਵੇਗਾ।

ਫਰਿਸ਼ਤੇ ਅਤੇ ਰੱਬ ਦੇ ਏਲਚੀ ਉਸ ਦਾ ਫੁਰਮਾਨ ਲੈ ਕੇ ਆਉਣਗੇ ਉਹਨਾਂ ਕੋਲ ਤੀਰਾਂ ਦੇ ਭੱਥੇ, ਗੁਰੇਜ਼, ਕਹਾੜੇ ਦੋ ਧਾਰੀਆਂ ਤਲਵਾਰਾਂ ਅਤੇ ਕਮਾਨਾਂ ਹੋਣਗੀਆਂ।

ਉਹਨਾਂ ਕੋਲ ਅੱਗ ਦੇ ਬਣੇ ਨੇਜ਼ੇ ਤੇ ਢਾਲਾਂ ਹੋਣਗੀਆਂ ਤੇ ਉਹ ਮਨੁੱਖ ਦੇ ਗੱਲ ਵਿਚ ਸੰਗਲ ਪਾ ਲੈਣਗੇ।

ਰੱਬ ਦੇ ਹੁਕਮ ਨਾਲ ਉਹ ਨਿੰਦਕਾਂ ਤੇ ਨਿਗੁਰੇ ਲੋਕਾਂ ਦੇ ਗੱਲਾਂ ਵਿਚ ਸੰਗਲੀਆਂ ਪਾ ਦੇਣਗੇ।

ਨਾਨਕ ਜੀ ਕਹਿੰਦੇ ਹਨ ਇਸ ਅਵਸਥਾ ਵਿਚ ਸਚੇ ਨਾਮ ਦਾ ਹੀ ਸਹਾਰਾ ਹੈ ਤੇ ਇਹ ਹੀ ਰੱਬ ਦੀ ਦਰਗਾਹ ਵਿਚ ਮਨੁੱਖ ਨੂੰ ਕਬੂਲ ਕਰ ਸਕਦਾ ਹੈ।

ਤੁਸੀਂ ਸ਼ੇਰਾਂ, ਗਿੱਦੜਾਂ ਅਤੇ ਸੱਪਾਂ ਤੋਂ ਡਰਦੇ ਹੋ ਇਹ ਤੁਹਾਡੀ ਕਬਰ ਵਿਚ ਘਰ ਬਣਾਉਣਗੇ।

ਬੈਲ ਤੁਹਾਡੀਆਂ ਕਬਰਾਂ ਨੂੰ ਖੋਦ ਦੇਣਗੇ, ਤੁਹਾਡੇ ਵੈਰੀਆਂ ਦੀ ਨਫਰਤ ਠੰਡੀ ਪੈ ਜਾਵੇਗੀ।

---

1. ਮੈਕਾਲਿਫ ਨੇ ਇਸ ਸ਼ਬਦ ਦੀ ਪਹਿਲੀ ਪੰਗਤੀ
"ਅਛਲ ਛਲਾਈ ਨਹ ਛਲੈ ਨਹ ਘਉ ਕਟਾਰਾ ਕਰਿ ਸਕੈ" ਦਾ ਉਲਥਾ ਨਹੀਂ ਕੀਤਾ।

ਭਰਾਵੋ, ਮਿੱਤਰੋ ਅਤੇ ਪਿਆਰਿਓ ਫਾਤਿਆ ਨੂੰ ਪੜ੍ਹੋ ਤੇ ਮਰ ਗਿਆਂ ਲਈ ਪ੍ਰਾਰਥਨਾ ਕਰੋ।

ਨਾਨਕ ਸਭ ਝੂਠ ਹੈ ਕੇਵਲ ਰੱਬ ਹੀ ਸੱਚਾ ਹੈ।

ਦੋਸ਼ੀ ਜਿਨ੍ਹਾਂ ਵਧੀਕੀਆਂ ਕੀਤੀਆਂ ਹਨ ਉਹ ਜ਼ਰੂਰ ਕੁਰਾਹੇ ਪੈਣਗੇ।

ਉਹਨਾਂ ਦੇ ਪਾਪਾਂ ਦਾ ਭਾਰ ਏਨਾ ਜ਼ਿਆਦਾ ਹੈ ਕਿ ਉਹ ਉਸ ਨੂੰ ਉਠਾ ਨਹੀਂ ਸਕਦੇ।

ਅੱਗੇ ਚੱਲਣ ਵਾਲੀ ਸਿੱਧੀ ਸੜਕ ਅਨ੍ਹੇਰੀ ਹੈ ਜਦੋਂਕਿ ਮਾਰਨ ਵਾਲਾ ਜਮ ਤੁਹਾਡੇ ਪਿੱਛੇ ਆ ਰਿਹਾ ਹੈ।

ਤੁਹਾਡੇ ਸਾਹਮਣੇ ਅੱਗ ਦਾ ਸਮੁੰਦਰ ਹੈ ਉਹ ਕਿਵੇਂ ਪਾਰ ਕਰਨਗੇ ?

ਪਹਾੜੀ ਕਾਂ ਮਨੁੱਖਾਂ ਦੀਆਂ ਖੋਪਰੀਆਂ ਤੇ ਖਲੋਤਾ ਹੈ ਤੇ ਏਨੀ ਜਲਦੀ ਚੁੰਝਾਂ ਮਾਰ ਰਿਹਾ ਹੈ ਜਿਵੇਂ ਚਿੰਗਾੜੀਆਂ ਦੀ ਬੁਛਾੜ।

ਨਾਨਕ ਮਨੁੱਖ ਕਿਥੇ ਭਜੇਗਾ ਜਦੋਂ ਸਜਾ ਰੱਬ ਦੇ ਹੁਕਮ ਨਾਲ ਦਿੱਤੀ ਜਾ ਰਹੀ ਹੋਵੇ।

ਦੋਧੀਆਂ ਦੀਆਂ ਅੱਖਾਂ ਕੱਢ ਦਿਤੀਆਂ ਜਾਣਗੀਆਂ। ਉਹ ਅੰਨ੍ਹੇ ਹੋ ਜਾਣਗੇ ਉਹਨਾਂ ਲਈ ਡਰਾਉਣਾ ਅਨ੍ਹੇਰਾ ਹੋ ਜਾਵੇਗਾ। ਉਹਨਾਂ ਦੇ ਕੰਨ ਇਸ ਤਰ੍ਹਾਂ ਦਬਾਏ ਜਾਣਗੇ ਜਿਵੇਂ ਕਿ ਤੇਲ ਪੀੜਨ ਵਾਲੇ ਕੋਹਲੂ ਦੀ ਖੁਰਲੀ। ਗੰਦਗੀ ਦੇ ਤੂਫ਼ਾਨ ਉਹਨਾਂ ਦੇ ਨੱਕ ਤੇ ਹਮਲਾ ਕਰਨਗੇ।

ਉਹਨਾਂ ਦੀਆਂ ਸਭ ਜੀਭਾਂ ਉਸ ਰੱਬ ਨੂੰ ਭੁੱਲਣ ਕਰਕੇ ਅਤੇ ਆਪਣੇ ਵਾਅਦੇ ਭੁਲਾਉਣ ਕਰਕੇ ਕੱਟੀਆਂ ਜਾਣਗੀਆਂ।

ਜਦੋਂ ਉਹਨਾਂ ਦੀਆਂ ਖੋਪਰੀਆਂ ਅੱਗ ਵਿਚ ਸੜ ਰਹੀਆਂ ਹੋਣਗੀਆਂ ਉਹ ਉੱਚੀ-ਉੱਚੀ ਚੀਕਣਗੇ।

ਉਸ ਆਦਮੀ ਨੂੰ ਜੋ ਅਗਿਆਨੀ ਹੈ ਨਿਗੁਰਾ ਹੈ ਤੇ ਲਾਲਚੀ ਹੈ ਕੋਈ ਬਚਾ ਨਹੀਂ ਸਕੇਗਾ;

ਨਾਨਕ ਉਹ ਕਬੂਲ ਹੋਣਗੇ ਜਿਨ੍ਹਾਂ ਦੇ ਅਵਗੁਣ ਉਹਨਾਂ ਦੇ ਗੁਣਾਂ ਕਰਕੇ ਮੁਆਫ਼ ਕੀਤੇ ਗਏ ਹੋਣ ਜਿਵੇਂ ਤਿਲਾਂ ਨੂੰ ਤਪਾਇਆ ਤੇ ਦਬਾਇਆ ਜਾਂ ਰੂੰ ਨੂੰ ਵਧਰੀ ਨਾਲ ਪਿੰਜਿਆ ਜਾਂਦਾ ਹੈ। ਇਸ ਤਰ੍ਹਾਂ ਦੋਸ਼ੀਆਂ ਨੂੰ ਸਜਾਵਾਂ ਮਿਲਣਗੀਆਂ। ਕਾਗਜ਼ ਵਾਂਗੂ ਉਹਨਾਂ ਨੂੰ ਮੋਹਲਿਆਂ ਨਾਲ ਕੁੱਟਿਆ ਤੇ ਫੇਰ ਦਬਾਇਆ ਜਾਵੇਗਾ ;

ਉਹਨਾਂ ਨੂੰ ਲੋਹੇ ਵਾਗੂੰ ਗਰਮ ਕੀਤਾ ਜਾਵੇਗਾ ਉਹ ਸੜਨਗੇ ਤੇ ਉੱਚੀ ਪੁਕਾਰ ਕਰਨਗੇ;

ਉਹਨਾਂ ਬਦਨਸੀਬਾਂ ਦੇ ਸਿਰ ਚਿਮਟਿਆਂ ਨਾਲ ਲਾਹ ਕੇ ਅਹਿਰਨਾਂ ਤੇ ਰੱਖੇ ਜਾਣਗੇ;

ਜੋ ਫੇਰ ਹਥੌੜਿਆਂ ਨਾਲ ਧਰਮ ਰਾਜ ਦੇ ਹੁਕਮ ਅਨੁਸਾਰ ਕੁੱਟੇ ਜਾਣਗੇ।

ਨਾਨਕ ਸੱਚੇ ਨਾਮ ਤੋਂ ਬਿਨਾਂ ਇਸ ਜਹਾਨ ਵਿਚ ਅਗਲੇ ਜਹਾਨ ਵਿਚ ਉਹਨਾਂ ਨੂੰ ਕੋਈ ਸੁੱਖ ਨਹੀਂ।

ਲੋਹੇ ਦੀਆਂ ਸੀਖਾਂ ਉਹਨਾਂ ਦੇ ਪੈਰਾਂ ਵਿਚ ਧਸੀਆਂ ਜਾਣਗੀਆਂ ਅਤੇ ਸੂਰਜ ਉਹਨਾਂ ਦੇ ਸਿਰਾਂ ਨੂੰ ਸਾੜੇਗਾ ਜਿਹੜੇ ਪਰਾਈ ਔਰਤ ਦੇ ਕਾਮਵਸ ਹੋ ਜਾਣਗੇਂ। ਉਹ ਆਪਣੀ ਜੁਆਨੀ ਤੇ ਇੱਜ਼ਤ ਗਵਾ ਲੈਣਗੇ।

ਉਹ ਗਰਮ ਥੰਮ੍ਹੇ ਨਾਲ ਬੰਨ੍ਹੇ ਜਾਣਗੇ। ਉਹਨਾਂ ਦੇ ਨੇੜੇ ਕੋਈ ਨਹੀਂ ਜਾਵੇਗਾ। ਉਹਨਾਂ ਨੂੰ ਫੇਰ ਖੋਲ੍ਹਿਆ ਤੇ ਫੇਰ ਬੰਨ੍ਹਿਆ ਜਾਵੇਗਾ। ਉਹ ਪਛਤਾਉਣਗੇ ਤੇ ਤਰਸ ਦੀ ਯਾਚਨਾ ਕਰਨਗੇ।

ਹਰ ਕੋਈ ਨਾਨਕ ਕਹਿੰਦਾ ਹੈ, ਦੋਸ਼ੀ ਦਾ ਵੈਰੀ ਹੈ ਉਹਨਾਂ ਨੂੰ ਭੱਠੀ ਵਿਚ ਸਾੜਿਆ ਜਾਵੇਗਾ ਅਤੇ ਉਹਨਾਂ ਦੀਆਂ ਅੱਖਾਂ ਵਿਚ ਸੂਈਆਂ ਖੁਭੋਈਆਂ ਜਾਣਗੀਆਂ।

ਉਹ ਉਸ ਰੇਤ ਨਾਲ ਸੜਨਗੇ ਜਿਸ ਦੇ ਥੱਲੇ ਅੱਗ ਬਾਲੀ ਗਈ ਹੈ।

ਉਹ ਉਸ ਦੇਗ ਵਿਚ ਚੋਲਾਂ ਦੀ ਨਿਆਈ ਭੁੰਨੇ ਜਾਣਗੇ ਤੇ ਤਿੜ-ਤਿੜ ਕਰਨਗੇ ਅਤੇ ਪੁਕਾਰ ਕਰਨਗੇ।

ਹੇ ਰੱਬਾ! ਮੁਆਫ ਕਰ ਦੇਵੋ, ਨਾਨਕ ਫੇਰ ਕਿਸ ਨੂੰ ਅਸੀਂ ਪੁਕਾਰਾਂਗੇ।

ਜਿਵੇਂ ਗੰਨੇ ਤੇ ਭਾਰ ਰੱਖ ਕੇ ਪੀੜਿਆ ਜਾਂਦਾ ਹੈ। ਇਸੇ ਤਰ੍ਹਾਂ ਆਦਮੀ ਖਾਣ, ਪੀਣ, ਪਹਿਨਣ ਅਤੇ ਸੁੱਖਾਂ ਜਿਨ੍ਹਾਂ ਨਾਲ ਉਸਦਾ ਮਨ ਅਪਵਿੱਤਰ ਹੁੰਦਾ ਹੈ ਨਾਲ ਤੋਲਿਆ ਜਾਂਦਾ ਹੈ।

ਉਸ ਆਤਮਾ ਕੋਲੋਂ ਹਿਸਾਬ ਪੁੱਛਿਆ ਜਾਵੇਗਾ ਜਿਹੜੀ ਇਹਨਾਂ ਵਿਚ ਪਰਵਿਰਤ ਰਹੀ ਹੋਵੇ।

ਪੈਰ ਅਤੇ ਲੱਤਾਂ ਉਹ ਕੰਮ ਕਰਦੇ ਹਨ ਜੋ ਆਤਮਾ ਹੁਕਮ ਦੇਵੇ।

ਜੀਭ ਜਿਹੜੀਆਂ ਵਿਸ਼ੇ ਵਾਲੀ ਵਸਤੂਆਂ ਨੂੰ ਚੱਖਦੀ ਰਹੀ ਹੈ ਦਰਗਾਹ ਵਿਚ ਖੜ੍ਹੀ ਹੋ ਕੇ ਆਤਮਾ ਦੇ ਵਿਰੁੱਧ ਪੁਕਾਰ ਕਰੇਗੀ।

ਕੰਨ ਵੀ ਬਿਆਨ ਦੇਣਗੇ ਕਿ ਇਹ ਆਤਮਾ ਹੀ ਝੂਠੀ ਤੇ ਧੋਖੇਬਾਜ਼ ਹੈ। ਨੱਕ ਤੇ ਅੱਖਾਂ ਵੀ ਦੋਸ਼ ਨਹੀਂ ਮੰਨਣਗੀਆਂ ਕੇਵਲ ਵੀਚਾਰੀ ਆਤਮਾ ਹੀ ਹੈ ਜਿਸ ਨੂੰ ਸਜਾ ਮਿਲੇਗੀ।

ਮੌਤ ਦੇ ਦਰਬਾਰ ਵਿਚ ਇਹ ਆਤਮਾ ਕੈਦ ਕੀਤੀ ਦਲੀਲ ਪੇਸ਼ ਕਰੇਗੀ ਕਿ ਇਹ ਇੰਦਰੇ ਹਨ ਜੋ ਸਾਰੇ ਸੰਸਾਰ ਨੂੰ ਕੁਰਾਹੇ ਪਾਉਂਦੇ ਹਨ।

ਇਹ ਇੰਦਰੇ ਇਕੱਠੇ ਹੋ ਕੇ ਮਨੁੱਖ ਨੂੰ ਉਸੇ ਤਰ੍ਹਾਂ ਦੁੱਖ ਵਿਚ ਪਾਉਂਦੇ ਹਨ ਜਿਵੇਂ ਲੌਹਾਰ ਲੋਹੇ ਨੂੰ ਅਹਿਰਨ ਤੇ ਪਾਉਂਦਾ ਹੈ।

ਨਾਨਕ ਜਿਹੜਾ ਸੱਚੇ ਗੁਰੂ ਨੂੰ ਨਹੀਂ ਮਿਲਦਾ ਤੇ ਦੈਵੀ ਗਿਆਨ ਪ੍ਰਾਪਤ ਨਹੀਂ ਕਰਦਾ ਉਸ ਨੂੰ ਇਸ ਸੰਸਾਰ ਜਾਂ ਅਗਲੇ ਸੰਸਾਰ ਵਿਚ ਸੁਖ ਨਹੀਂ।

ਇਹ ਤੀਰ ਵਾਂਗੂੰ ਆਤਮਾ ਸੱਤਰ ਵਾਰੀ ਲਾਈਨ ਵਿਚ ਲੱਗੇਗੀ।

ਇਹ ਕੋਠਾਲੀ ਵਿਚ ਸੋਨੇ ਵਾਂਗੂੰ ਢਾਲੀ ਜਾਵੇਗੀ। ਇਹ ਆਤਮਾ ਜੋ ਉਸ ਕੀਤਾ ਇਸ ਕਾਰਨ ਦੁੱਖ ਪਾਵੇਗੀ।

ਆਤਮਾ ਨੂੰ ਭਾਰੀ ਕਾਠੀ ਚੁੱਕਣੀ ਪਵੇਗੀ ਤੇ ਘੋੜੇ ਵਾਂਗੂੰ ਖਿਚਿਆ ਜਾਵੇਗਾ।

ਨਾਨਕ ਇਹ ਮੌਤ ਨਾਲ ਬੱਝ ਜਾਵੇਗੀ ਤੇ ਆਵਾਗਵਨ ਵਿਚ ਕਈ ਵਾਰੀ ਇਸਨੂੰ ਆਉਣਾ ਪਵੇਗਾ।

ਇਸ ਦੇ ਕਿੰਨੇ ਹੀ ਵੈਰੀ ਸਮੁੰਦਰ, ਧਰਤੀ, ਜੰਗਲਾਂ ਅਤੇ ਹਰੇ ਮੈਦਾਨਾਂ ਵਿਚ ਇਸ ਲਈ

ਦੁੱਖ ਦਾ ਕਾਰਨ ਬਣਨਗੇ।

ਹਰ ਘਰ ਇਸਦਾ ਵੈਰੀ ਹੋਵੇਗਾ। ਨਾਨਕ ਅਸਲ ਗੱਲ ਉਸ ਸਦੀਵ ਕਰਤਾ ਦੀ ਭਗਤੀ ਕਰਨਾ ਹੈ।

ਮੌਤ ਤਿੰਨ ਲਹੂ ਚੋਂਦੀਆਂ ਭਿਆਨਕ ਅੱਖਾਂ ਨਾਲ ਆਤਮਾ ਦਾ ਇੰਤਜ਼ਾਰ ਕਰੇਗੀ।

ਸਾਰਾ ਸੰਸਾਰ ਮੌਤ ਦਾ ਚੋਗਾ ਹੈ। ਮੌਤ ਦਾ ਫਰਿਸ਼ਤਾ ਬੇ-ਰਹਿਮ ਹੈ।

ਨਾਨਕ ਉਹ ਮਨੁੱਖਾਂ ਨੂੰ ਪਕੜਦਾ ਹੈ ਤੇ ਯਮਰਾਜ ਦੀ ਆਗਿਆਕਾਰੀ ਵਿਚ ਛੇਤੀ ਹੀ ਲੈ ਜਾਂਦਾ ਹੈ।

ਮੇਰਾ ਸਰੀਰ ਤੇਰੇ ਸਾਹਮਣੇ ਹੈ। ਤੁਸੀਂ ਮੇਰੇ ਮਾਲਕ ਹੋ। ਤੁਸੀਂ ਭਾਵੇਂ ਮਾਰੋ ਭਾਵੇਂ ਰੱਖੋ।

ਉਸ ਸਮੇਂ ਮਾਤਾ, ਪਿਤਾ, ਸੰਬੰਧੀ, ਇਸਤ੍ਰੀ ਭਰਾ, ਪੁੱਤਰ ਜਾਂ ਦੌਲਤ ਸਾਡੀ ਇਮਦਾਦ ਨਹੀਂ ਕਰਦੇ ਸਾਨੂੰ ਕਿਵੇਂ ਤਸੱਲੀ ਹੋਵੇ?

ਉਥੇ ਕੋਈ ਤੀਰਾਂ ਦਾ ਭੱਥਾ, ਕਮਾਨ, ਢਾਲ ਜਾਂ ਤਲਵਾਰ ਸਾਡੀ ਰੱਖਿਆ ਨਹੀਂ ਕਰਦੇ।

ਪਰ ਦਿਨ ਰਾਤ ਖੌਲਦੀ ਦੇਗ ਹੈ। ਇਸਨੂੰ ਗੁਰੂ ਦੀ ਸਿੱਖਿਆ ਅਨੁਸਾਰ ਵੀਚਾਰੋ।

ਈਮਾਨਦਾਰੀ ਨੂੰ ਆਪਣਾ ਘੋੜਾ, ਸਚਾਈ ਨੂੰ ਕਾਠੀ ਸੰਤੋਖ ਨੂੰ ਘੋੜਸਵਾਰ ਦੇ ਹਥਿਆਰ ਬਣਾਓ।

ਪੰਜਾਂ ਗੁਣਾਂ ਨੂੰ ਆਪਣੇ ਤੀਰ, ਸਚਾਈ ਨੂੰ ਤਲਵਾਰ ਅਤੇ ਢਾਲ ਬਣਾਓ।

ਨਾਨਕ ਜਿਨ੍ਹਾਂ ਨੇਕ ਪੁਰਸ਼ਾਂ ਦੇ ਹਿਰਦੇ ਵਿਚ ਸਚਾਈ ਹੈ। ਰੱਬ ਦੀ ਦਰਗਾਹ ਵਿਚ ਮਾਣ ਪਾਉਣਗੇ।

ਬ੍ਰਹਮਾ ਜੋ ਇਸ ਸੰਸਾਰ ਤੇ ਵੇਦਾਂ ਨੂੰ ਪੜ੍ਹਦਾ ਆਇਆ ਹੈ ਤੇ ਰੱਬ ਦਾ ਬਿਆਨ ਨਹੀਂ ਕਰ ਸਕਦਾ।

ਵਿਚਾਰਾ ਕ੍ਰਿਸ਼ਨ ਕੀ ਹੈ ਜੋ ਰੱਬ ਦੇ ਹੁਕਮ ਅਨੁਸਾਰ ਧਰਤੀ ਤੇ ਆਇਆ ਸ਼ਿਵ ਅਤੇ ਅਨੇਕ ਦੇਵੀਆਂ ਦੇਵਤੇ ਤੇਰੇ ਦਰ ਤੇ ਖੜ੍ਹੇ ਤੇਰੀ ਉਸਤਤ ਕਰ ਰਹੇ ਹਨ। ਜਿਹੜਾ ਰੱਬ ਤੋਂ ਮੂੰਹ ਮੋੜਦਾ ਹੈ ਉਹ ਆਪਣੇ ਦਿਲ ਵਿਚ ਕੁੜਦਾ ਹੋਇਆ ਮਰ ਜਾਵੇਗਾ। ਉਹ ਸੱਚਾ ਰੱਬ ਸਭ ਨੂੰ ਮੁਆਫ ਕਰਨ ਵਾਲਾ ਹੈ।[1]

ਮੀਆਂ ਮਿੱਠਾ ਫੇਰ ਬੋਲਿਆ, "ਉਹ ਇਕ ਨਾਮ ਕੀ ਹੈ ਜਿਸ ਦੀ ਤੁਸੀਂ ਇਤਨੀ ਉਸਤਤ ਕਰਦੇ ਹੋ" ਗੁਰੂ ਜੀ ਨੇ ਉੱਤਰ ਦਿੱਤਾ, "ਕੀ ਕਿਸੇ ਨੂੰ ਉਸ ਨਾਮ ਦੀ ਕੀਮਤ ਕਦੀ ਪਤਾ ਲਗੀ ਹੈ?" ਮੀਆਂ ਮਿੱਠ੍ਹਾਂ ਨੇ ਕਿਹਾ ਕਿ ਕ੍ਰਿਪਾ ਕਰਕੇ ਮੈਨੂੰ ਇਸ ਦਾ ਮਤਲਬ ਸਮਝਾਓ। ਗੁਰੂ ਜੀ ਨੇ ਫੇਰ ਉਸਦੀ ਬਾਂਹ ਪਕੜੀ ਤੇ ਉਸਨੂੰ ਇਕ ਪਾਸੇ ਲੈ ਗਏ ਅਤੇ ਕਿਹਾ, "ਸ਼ੇਖ ਇਕ ਰੱਬ ਦਾ ਨਾਮ ਸੁਣ। ਜਦੋਂ ਉਹ ਗੱਲ ਬਾਤ ਕਰ ਰਹੇ ਸਨ ਤਾਂ ਮੁਹੰਮਦ ਦਾ ਨਾਮ ਉਹਨਾਂ ਦੀਆਂ ਦੈਵੀ ਮਸਤੀ ਦੀਆਂ

1. ਇਹ ਬਾਣੀ ਜਿਸ ਦਾ ਇਹ ਉਲਥਾ ਹੈ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵਾਣਿਤ ਬਾਣੀਆਂ ਵਿਚੋਂ ਨਹੀਂ। ਭਾਈ ਬੰਨੋ ਦੀ ਬੀੜ ਵਿਚੋਂ ਹੈ।

ਅਵਾਜ਼ਾਂ ਵਿਚੋਂ ਅਲੋਪ ਹੋ ਗਿਆ ਅਤੇ ਜਦੋਂ ਉਹਨਾਂ ਨੇ ਫੇਰ ਵੇਖਿਆ ਤਾਂ ਉਸਦੀ ਜਗ੍ਹਾ ਤੇ ਸੁਆਹ ਦਾ ਢੇਰ ਸੀ। ਫੇਰ ਅਲਾਹੀ ਅਵਾਜ਼ ਸੁਣਾਈ ਦਿੱਤੀ ਜੋ ਅੱਲਾ-ਅੱਲਾ ਬੋਲ ਰਹੀ ਸੀ ਜੋ ਕਿ ਰੱਬ ਦਾ ਅਰਬੀ ਨਾਮ ਹੈ। ਇਸ ਗੱਲ ਤੇ ਸ਼ੇਖ ਮਿੱਠਾ ਉੱਠਿਆ ਅਤੇ ਉਸਨੇ ਗੁਰੂ ਜੀ ਦੇ ਪੈਰ ਚੁੰਮੇ। ਗੁਰੂ ਜੀ ਨੇ ਫੇਰ ਅੰਤਰਲੀਨ ਹੋ ਗਏ ਤੇ ਉਸੇ ਅਵਸਥਾ ਵਿਚ ਇਹ ਉਚਾਰਨ ਕੀਤਾ:

ਨਸੀਹਤ ਨਾਮਾ[1]

ਜੋ ਹਾਜ਼ਰ ਹਨ ਉਹਨਾਂ ਤੇ ਕਿਰਪਾ ਹੁੰਦੀ ਹੈ ਜੋ ਹਾਜ਼ਰ ਨਹੀਂ ਉਹਨਾਂ ਤੇ ਨਹੀਂ। ਧਰਮ ਮਿਤਰ ਹੈ ਧਰਮਹੀਨ ਨਾਸਤਕ ਹੈ ਹੰਕਾਰ ਤਬਾਹੀ ਹੈ, ਗੁੱਸਾ ਗੈਰ-ਵਾਜਬ ਹੈ। ਕਾਮ ਵਾਸ਼ਨਾ ਸ਼ੈਤਾਨ ਹੈ; ਘਮੰਡ ਨਾਸਤਕਤਾ ਹੈ, ਨਿੰਦਕ ਦਾ ਮੂੰਹ ਕਾਲਾ ਹੈ।

ਧਰਮ ਤੋਂ ਬਿਨਾਂ ਮਨੁੱਖ ਅਪਵਿੱਤਰ ਹੈ ਜੋ ਨਰਮ ਦਿਲ ਹੈ ਉਹ ਪਵਿਤਰ ਹੈ। ਗਿਆਨ ਨਰਮੀ ਹੈ, ਜੋ ਲੋਭੀ ਨਹੀਂ ਉਹ ਪਾਕ ਹੈ। ਜੋ ਲੋਭੀ ਹਨ ਉਹ ਬੇਸਬਰੇ ਹਨ। ਈਮਾਨਦਾਰ ਆਦਮੀ ਦਾ ਮੁੱਖ ਉਜਲਾ ਹੈ। ਅਕ੍ਰਿਤਘਣ ਦਾ ਮੂੰਹ ਪੀਲਾ ਹੈ। ਸਚਾਈ ਸਵਰਗ ਹੈ, ਝੂਠ ਨਰਕ। ਨਰਮੀ ਖਾਦ ਖੁਰਾਕ ਹੈ। ਦਬਾ ਪਾਉਣਾ ਜ਼ੁਲਮ ਹੈ, ਇਨਸਾਫ ਪਵਿੱਤਰ ਹੈ। ਰੱਬ ਦੀ ਉਸਤਤ ਵੁਜ਼ੂ ਸ਼ੁਧੀ ਕਰਨਾ ਹੈ ਤੇ ਅਜ਼ਾਨ ਦੇਣਾ ਰੌਲਾ। ਸਬਰ ਨਿਮਰਤਾ ਹੈ, ਬੇ-ਸਬਰੀ ਧੋਖਾ ਹੈ। ਆਤਮਿਕ ਸਲਾਹਕਾਰਾਂ ਵਾਲਾ ਰਾਹ ਠੀਕ ਹੈ ਜਿਸ ਕੋਲ ਕੁਝ ਨਹੀਂ ਉਹ ਗਲਤ ਰਾਹ ਤੇ ਹਨ।

ਤਰਸ ਦੌਲਤ ਹੈ, ਤਰਸ ਦੀ ਅਣਹੋਂਦ ਬੇਕਾਰ ਹੈ।

ਤਲਵਾਰ ਯੋਧਿਆ ਵਾਸਤੇ ਹੈ, ਇਨਸਾਫ ਬਾਦਸ਼ਾਹਾਂ ਵਾਸਤੇ। ਜੋ ਇਹ ਗੱਲਾਂ ਜਾਣਦਾ ਹੈ ਅਤੇ ਦੂਜਿਆਂ ਨੂੰ ਇਹ ਗੱਲਾਂ ਦੱਸਦਾ ਹੈ, ਹੇ ਨਾਨਕ! ਉਹ ਹੀ ਸਮਝਦਾਰ ਹੈ। ਇਸ ਤੋਂ ਪਿੱਛੋਂ ਗੁਰੂ ਜੀ ਤੇ ਮੀਆਂ ਮਿੱਠਾ ਅੱਡ-ਅੱਡ ਹੋ ਗਏ।

ਭਾਗ ਗਿਆਰ੍ਹਵਾਂ

ਗੁਰੂ ਜੀ ਰਾਵੀ ਦਰਿਆ ਵੱਲ ਚਲ ਪਏ ਤੇ ਉੱਥੋਂ ਲਾਹੌਰ ਵੱਲ। ਉਹਨਾਂ ਦਿਨਾਂ ਵਿਚ ਲਾਹੌਰ ਦਾ ਇਲਾਕਾ ਬਾਦਸ਼ਾਹ ਵਲੋਂ ਇਕ ਕਰੋੜ ਪਤੀ ਜਿਸਦਾ ਨਾਂ ਦੁਨੀ ਚੰਦ ਸੀ ਨੂੰ ਪਟੇ ਤੇ ਦਿੱਤਾ ਹੋਇਆ ਸੀ। ਉਹ ਆਪਣੇ ਪਿਤਾ ਦਾ ਸ਼ਰਾਧ ਕਰਵਾ ਰਿਹਾ ਸੀ ਜਦੋਂ ਉਸਨੇ ਭਗਤੀ ਪੂਰਨ ਗੁਰੂ ਨਾਨਕ ਦੇਵ ਜੀ ਦੇ ਆਉਣ ਬਾਰੇ ਸੁਣਿਆ ਤਾਂ ਉਹ ਗੁਰੂ ਜੀ ਨੂੰ ਆਪਣੇ ਘਰ ਲੈ ਗਿਆ ਤੇ ਉਹਨਾਂ ਦੀ ਬੜੇ ਪਿਆਰ ਨਾਲ ਆਉ ਭਗਤ ਕੀਤੀ। ਜਦੋਂ ਸਲਾਨਾ ਪ੍ਰੀਤੀਭੋਜ ਲਈ ਸਭ ਕੁਝ ਤਿਆਰ ਹੋ ਚੁੱਕਾ ਸੀ ਤਾਂ ਦੁਨੀ ਚੰਦ ਬ੍ਰਾਹਮਣਾਂ ਨੂੰ ਭੋਜਨ ਕਰਵਾਉਣ ਲੱਗਾ। ਜਦੋਂ ਗੁਰੂ ਜੀ ਨੂੰ ਸੱਦਾ ਦਿੱਤਾ ਗਿਆ ਤਾਂ ਉਹਨਾਂ ਨੇ ਪੁੱਛਿਆ ਕਿ ਕੀ ਗੱਲ ਹੈ? ਦੁਨੀ ਚੰਦ ਨੇ ਜਵਾਬ ਵਿਚ

---

1. ਇਹ ਸਤਰਾਂ ਦਾ ਉਲਥਾ ਹੈ। ਇਹ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਭਾਈ ਬੰਨੋ ਦੀ ਬੀੜ ਵਿਚੋਂ ਹਨ।

ਕਿਹਾ ਕਿ ਇਹ ਉਸਦੇ ਪਿਤਾ ਦਾ ਸ਼ਰਾਧ ਹੈ ਅਤੇ ਉਸਨੇ ਇਕ ਸੌ ਬ੍ਰਾਹਮਣਾਂ ਨੂੰ ਭੋਜਨ ਕਰਵਾਇਆ ਹੈ। ਦੁਨੀ ਚੰਦ ਨੇ ਪੁੱਛਿਆ ਕਿ ਉਸਦਾ ਪਿਤਾ ਕਿੱਥੇ ਹੈ। ਗੁਰੂ ਜੀ ਨੇ ਉੱਤਰ ਦਿੱਤਾ ਕਿ ਉ ਸਦਾ ਪਿਤਾ ਮਰਨ ਤੋਂ ਬਾਅਦ ਬਘਿਆੜ ਬਣ ਗਿਆ ਹੈ ਜੋ ਹੁਣ ਛੇ ਮੀਲ ਦੂਰ ਦਰੱਖਤਾਂ ਦੇ ਝੁੰਡ ਵਿਚ ਹੈ। ਉਸਦੇ ਪਿਤਾ ਦੀ ਆਤਮਾ ਦਾ ਬਘਿਆੜ ਵਿਚ ਜਾਣ ਦਾ ਕਾਰਨ ਇਹ ਸੀ ਕਿ ਉਹ ਆਪਣੇ ਮਨੁੱਖਾਂ ਜਨਮ ਵਿਚ ਮਾਸ ਲਈ ਲਲਚਾਇਆ ਸੀ ਜੋ ਇਕ ਸਿੱਖ ਆਪਣੇ ਲਈ ਪਕਾ ਰਿਹਾ ਸੀ ਤੇ ਉਹ ਇਸੇ ਇੱਛਾ ਨੂੰ ਦਿਲ ਵਿਚ ਰੱਖ ਕੇ ਮਰਿਆ ਸੀ।

ਗੁਰੂ ਜੀ ਨੇ ਦੁਨੀ ਚੰਦ ਦੇ ਦਰਵਾਜ਼ੇ ਤੇ ਕਈ ਝੰਡੇ ਵੇਖੇ ਤੇ ਪੁੱਛਿਆ ਕਿ ਇਹ ਕੀ ਹਨ? ਇਸ ਦਾ ਮਤਲਬ ਸਮਝਾਇਆ ਗਿਆ ਕਿ ਇਕ ਝੰਡਾ ਇਕ ਲੱਖ ਰੁਪਏ ਦਾ ਸੂਚਕ ਹੈ ਜੋ ਦੁਨੀ ਚੰਦ ਕੋਲ ਪ੍ਰਾਪਤ ਹੈ। ਇਸ ਗੱਲ ਤੇ ਗੁਰੂ ਜੀ ਨੇ ਉਸਨੂੰ ਇਕ ਸੂਈ ਦੇ ਕੇ ਕਿਹਾ ਕਿ ਇਸਨੂੰ ਆਪਣੇ ਕੋਲ ਰੱਖੇ ਤੇ ਉਹ ਉਸ ਕੋਲੋਂ ਅਗਲੀ ਦੁਨੀਆਂ ਵਿਚ ਲੈ ਲੈਣਗੇ। ਦੁਨੀ ਚੰਦ ਨੇ ਸੂਈ ਲੈ ਲਈ ਤੇ ਆਪਣੀ ਪਤਨੀ ਨੂੰ ਉਸ ਦੱਸੇ ਹੋਏ ਮਕਸਦ ਲਈ ਰੱਖਣ ਲਈ ਕਿਹਾ। ਉਸਨੇ ਆਪਣੇ ਪਤੀ ਨੂੰ ਝੱਲਾ ਹੋ ਗਿਆ ਸਮਝਿਆ ਅਤੇ ਪੁੱਛਿਆ ਕਿ ਸੂਈ ਅਗਲੀ ਦੁਨੀਆਂ ਵਿਚ ਕਿਸ ਤਰ੍ਹਾਂ ਜਾਵੇਗੀ। ਇਸ ਕਰਕੇ ਉਸ ਨੇ ਸੂਈ ਨੂੰ ਗੁਰੂ ਜੀ ਨੂੰ ਦੇ ਦੇਣ ਲਈ ਕਿਹਾ। ਦੁਨੀ ਚੰਦ ਸੂਈ ਲੈ ਕੇ ਗੁਰੂ ਜੀ ਕੋਲ ਗਿਆ ਤੇ ਨਾਲ ਹੀ ਆਪਣੀ ਪਤਨੀ ਦਾ ਸੰਦੇਸ਼ ਵੀ ਦਿੱਤਾ। ਗੁਰੂ ਜੀ ਨੇ ਕਿਹਾ, "ਜੇ ਸੂਈ ਵਰਗੀ ਛੋਟੀ ਤੇ ਹਲਕੀ ਚੀਜ਼ ਦੂਸਰੀ ਦੁਨੀਆਂ ਵਿਚ ਨਾਲ ਨਹੀਂ ਜਾ ਸਕਦੀ ਤਾਂ ਤੇਰੀ ਇਤਨੀ ਦੌਲਤ ਤੇਰੇ ਨਾਲ ਕਿਸ ਤਰ੍ਹਾਂ ਜਾਵੇਗੀ?" ਇਸ ਗੱਲ ਉਪਰੰਤ ਦੁਨੀ ਚੰਦ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਅਰਜ਼ੋਈ ਕੀਤੀ ਕਿ ਉਹ ਉਸਨੂੰ ਦੱਸਣ ਕਿ ਕਿਸ ਤਰੀਕੇ ਉਸਦੀ ਦੌਲਤ ਉਸ ਨਾਲ ਅਗਲੀ ਦੁਨੀਆਂ ਵਿਚ ਜਾਵੇਗੀ। ਗੁਰੂ ਜੀ ਨੇ ਕਿਹਾ, "ਆਪਣੀ ਕੁਝ ਦੌਲਤ ਰੱਬ ਦੇ ਨਾਂ ਤੇ ਦੇ ਦੇ, ਗਰੀਬਾਂ ਨੂੰ ਰੋਟੀ ਖੁਆ ਅਤੇ ਤੇਰੀ ਦੌਲਤ ਤੇਰੇ ਨਾਲ ਜਾਵੇਗੀ।" ਇਸ ਗੱਲ ਤੋਂ ਬਾਅਦ ਦੁਨੀ ਚੰਦ ਨੇ ਆਪਣੇ ਖਜ਼ਾਨੇ ਵਿਚੋਂ ਸੱਤ ਲੱਖ ਰੁਪਏ ਇਸ ਕੰਮ ਲਈ ਵੰਡ ਦਿੱਤੇ ਕਿਉਂਕਿ ਉਹ ਸਮਝਦਾ ਸੀ ਕਿ ਗੁਰੂ ਜੀ ਦਾ ਹੁਕਮ ਨਾ ਮੰਨਣ ਨਾਲ ਉਸਨੂੰ ਮੁਕਤੀ ਨਹੀਂ ਮਿਲੇਗੀ। ਫੇਰ ਉਹ ਗੁਰੂ ਜੀ ਦਾ ਸਿੱਖ ਬਣ ਗਿਆ ਅਤੇ ਨਾਮ ਜਪਣ ਲੱਗ ਪਿਆ। ਗੁਰੂ ਨਾਨਕ ਦੇਵ ਜੀ ਨੇ ਇਸ ਮੌਕੇ ਤੇ ਇਹ ਸ਼ਬਦ ਉਚਾਰਨ ਕੀਤਾ :

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੬੮)

ਗੁਰੂ ਜੀ ਉੱਤਰੀ ਪੂਰਬੀ ਦਿਸ਼ਾ ਵੱਲ ਗਏ ਅਤੇ ਰਾਵੀ ਕਿਨਾਰੇ ਤੇ ਟਿਕਾਣਾ ਕਰ ਲਿਆ। ਉਹਨਾਂ ਦਾ ਉੱਥੇ ਪਹੁੰਚਣਾ ਸਾਰਿਆਂ ਲਈ ਬਹੁਤ ਖੁਸ਼ੀ ਦਾ ਕਾਰਨ ਬਣ ਗਿਆ ਤੇ ਸਾਰੇ ਉਹਨਾਂ ਨੂੰ ਮਿਲਣ ਲਈ ਆਏ। ਸਭ ਲੋਕ ਸਾਂਝੇ ਤੌਰ ਤੇ ਉਹਨਾਂ ਨੂੰ ਰੱਬੀ ਮਨੁੱਖ ਸਮਝਦੇ ਸਨ। ਜੋ ਉਹਨਾਂ ਨੂੰ ਮਿਲਣ ਲਈ ਆਉਂਦੇ ਉਹ ਖੁਸ਼ ਹੋ ਕੇ ਜਾਂਦੇ ਉਹ ਜਿਸ ਤੁੱਕ ਦੀ ਰਚਨਾ ਕਰਦੇ ਉਹ ਉਸੇ ਵੇਲੇ ਬਾਹਰ ਚਲੀ ਜਾਂਦੀ। ਉਹ ਆਮ ਕਰਕੇ ਇਹੋ ਜਿਹੀ ਬਾਣੀ ਦੀ ਰਚਨਾ ਕਰਦੇ ਜੋ ਫ਼ਕੀਰ ਬੰਸਰੀਆਂ

ਨਾਲ ਗਾਉਂਦੇ :

ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੫੩)

ਗੁਰੂ ਜੀ ਦੇ ਡੇਰੇ ਤੇ ਸਿਰਫ਼ ਇਕ ਨਾਮ ਬਾਰੇ ਗੱਲਬਾਤ ਹੁੰਦੀ ਸੀ ਅਤੇ ਉਹ ਆਮ ਲੋਕਾਂ ਦੀ ਪ੍ਰਸੰਸਾ ਦਾ ਵਿਸ਼ਾ ਬਣ ਗਏ। ਇਕ ਅਮੀਰ ਅਫ਼ਸਰ ਜੋ ਗੁਰੂ ਜੀ ਦੇ ਨਾਲ ਵਾਲੇ ਪਿੰਡ ਵਿਚ ਰਹਿੰਦਾ ਸੀ ਉਹ ਗੁਰੂ ਜੀ ਦੀ ਬੁਰਿਆਈ ਕਰਨ ਲੱਗ ਪਿਆ। ਉਸਨੇ ਕਿਹਾ, "ਇਹ ਕਿਹੜਾ ਆਦਮੀ ਹੈ ਜਿਸਦਾ ਨਾਮ ਹਰ ਇਕ ਦੀ ਜ਼ਬਾਨ ਤੇ ਹੈ ਜਿਵੇਂ ਉਹ ਦੇਵਤਾ ਹੁੰਦਾ ਹੈ ਪਰ ਹੈ ਤਾਂ ਉਹ ਸਾਡੇ ਵਰਗਾ ਮਨੁੱਖ ਹੀ। ਹਿਦੂਆਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਮੁਸਲਮਾਨ ਵੀ ਆਪਣਾ ਧਰਮ ਗਵਾ ਰਹੇ ਹਨ। ਚਲੋ ਉਸਨੂੰ ਕੈਦ ਕਰ ਲਈਏ।" ਜਦੋਂ ਐਲਾਨ ਕਰਨਾ ਵਾਲਾ ਘੋੜੇ ਤੇ ਚੜ੍ਹਨ ਲੱਗਾ ਤਾਂ ਘੋੜੇ ਨੇ ਉਸਨੂੰ ਦੁਲੱਤੀ ਮਾਰ ਕੇ ਡੇਗ ਦਿੱਤਾ। ਦੂਸਰੇ ਦਿਨ ਉਹ ਫੇਰ ਘੋੜੇ ਤੇ ਚੜ੍ਹਨ ਲੱਗਾ ਤਾਂ ਜਿਉਂ ਹੀ ਉਹ ਅੱਗੇ ਵਧਿਆ ਉਹ ਅੰਨ੍ਹਾ ਹੋ ਗਿਆ ਤੇ ਉਸਨੂੰ ਉੱਤਰਨਾ ਪਿਆ। ਜਿਨ੍ਹਾਂ ਨੇ ਇਹ ਰੱਬੀ ਕਹਿਰ ਵੇਖਿਆ ਤਾਂ ਉਹ ਕੁਝ ਵੀ ਟਿੱਪਣੀ ਕਰਨ ਤੋਂ ਡਰ ਗਏ ਤੇ ਸਿਰਫ਼ ਇਹੋ ਕਿਹਾ ਕਿ ਗੁਰੂ ਨਾਨਕ ਦੇਵ ਜੀ ਇਕ ਮਹਾਨ ਸੰਤ ਹਨ। ਉਹਨਾਂ ਨੇ ਅਮੀਰ ਅਫ਼ਸਰ ਨੂੰ ਸਲਾਹ ਦਿੱਤੀ ਕਿ ਉਸਨੂੰ ਗੁਰੂ ਜੀ ਕੋਲ ਜਾ ਕੇ ਸ਼ਰਧਾਂਜਲੀ ਦੇਣੀ ਚਾਹੀਦੀ ਹੈ। ਇਸ ਗੱਲ ਤੋਂ ਬਾਅਦ ਉਹ ਗੁਰੂ ਜੀ ਦੀ ਸਿਫਤ ਕਰਨ ਲੱਗ ਪਿਆ ਅਤੇ ਜੋ ਉਸਦੇ ਸਾਥੀ ਸਨ ਉਹ ਗੁਰੂ ਜੀ ਵੱਲ ਝੁੱਕ ਗਏ। ਉਸ ਅਮੀਰ ਅਫ਼ਸਰ ਨੇ ਘੋੜੇ ਤੇ ਚੜ੍ਹ ਕੇ ਗੁਰੂ ਜੀ ਵੱਲ ਮਿੰਨਤ ਕਰਨ ਲਈ ਜਾਣਾ ਚਾਹਿਆ ਪਰ ਉਹ ਫੇਰ ਉਸੇ ਵੇਲੇਂ ਡਿੱਗ ਪਿਆ। ਉਸਦੇ ਸਾਥੀਆਂ ਨੇ ਕਿਹਾ, "ਤੂੰ ਘੋੜੇ ਤੇ ਚੜ੍ਹ ਕੇ ਜਾਣ ਦੀ ਗਲਤੀ ਕੀਤੀ ਹੈ। ਪੈਦਲ ਜਾ ਤਾਂ ਕਿ ਤੈਨੂੰ ਮੁਆਫੀ ਮਿਲ ਸਕੇ।" ਉਸਨੇ ਇਹ ਸਲਾਹ ਮੰਨ ਲਈ। ਜਦੋਂ ਉਹ ਇਕ ਐਸੀ ਜਗ੍ਹਾ ਤੇ ਪਹੁੰਚਿਆ ਜਿਥੋਂ ਗੁਰੂ ਜੀ ਦਾ ਘਰ ਦੇਖਿਆ ਜਾ ਸਕਦਾ ਸੀ ਤਾਂ ਉਸਦੀ ਨਜ਼ਰਾਂ ਦੀ ਜੋਤ ਵਾਪਸ ਆ ਗਈ ਅਤੇ ਉਹ ਗੁਰੂ ਜੀ ਦੀ ਦਿਸ਼ਾ ਵੱਲ ਨਮਸਕਾਰ ਕਰਨ ਲੱਗ ਪਿਆ। ਗੁਰੂ ਜੀ ਦੇ ਸਾਹਮਣੇ ਪਹੁੰਚ ਕੇ ਚਰਨਾਂ ਵਿਚ ਡਿੱਗ ਪਿਆ। ਗੁਰੂ ਜੀ ਬਹੁਤ ਖੁਸ਼ ਹੋਏ ਤੇ ਉਸਨੂੰ ਤਿੰਨ ਦਿਨ ਲਈ ਆਪਣਾ ਮਹਿਮਾਨ ਬਣਾ ਕੇ ਰੱਖਿਆ। ਉਸ ਅਮੀਰ ਨੇ ਗੁਰੂ ਜੀ ਦੇ ਸਨਮਾਨ ਵਿਚ ਰਾਵੀ ਦੇ ਕਿਨਾਰੇ ਇਕ ਪਿੰਡ ਵਸਾਇਆ ਜਿਸ ਦਾ ਨਾਮ ਉਸਨੇ ਕਰਤਾਰਪੁਰ ਰੱਖਿਆ ਅਤੇ ਉੱਥੇ ਇਕ ਸਿੱਖਾਂ ਦੀ ਧਰਮਸ਼ਾਲਾ ਬਣਾਈ ਤੇ ਦੋਵੇਂ ਅਸਥਾਨ ਗੁਰੂ ਜੀ ਨੂੰ ਸਮਰਪਨ ਕੀਤੇ।

ਇਕ ਕੱਟੜ ਬ੍ਰਾਹਮਣ ਗੁਰੂ ਜੀ ਕੋਲ ਭਿੱਖਿਆ ਮੰਗਣ ਆਇਆ। ਗੁਰੂ ਜੀ ਉਸ ਵੇਲੇ ਸਵੇਰ ਦਾ ਭੋਜਨ ਕਰ ਰਹੇ ਸਨ ਸੋ ਉਹਨਾਂ ਨੇ ਬ੍ਰਾਹਮਣ ਨੂੰ ਵੀ ਭੋਜਨ ਕਰਨ ਲਈ ਕਿਹਾ। ਬ੍ਰਾਹਮਣ ਨੇ ਕਿਹਾ ਕਿ ਉਹ ਇਸ ਤਰ੍ਹਾਂ ਭੋਜਨ ਨਹੀਂ ਕਰੇਗਾ। ਉਹ ਸਿਰਫ਼ ਆਪਣਾ ਪਕਾਇਆ ਹੋਇਆ ਖਾਣਾ ਹੀ ਖਾ ਸਕਦਾ ਹੈ। ਉਹ ਪਹਿਲੇ ਜ਼ਮੀਨ ਵਿਚ ਡੇਢ ਦੋ ਫੁੱਟ ਡੂੰਘਾ ਟੋਇਆ ਪੁੱਟੇਗਾ ਤਾਂ ਜੋ ਜ਼ਮੀਨ ਦੇ ਉਤਲੇ ਪਾਸੇ ਦੀ ਗੰਦਗੀ ਉੱਥੋਂ ਤੱਕ ਨਾ ਪਹੁੰਚ ਸਕੇ ਅਤੇ ਉਹ ਇਕ ਚੌਕਾ ਬਣਾਏਗਾ

ਜਿਸ ਵਿਚ ਸਿਰਫ਼ ਉਹ ਆਪ ਹੀ ਜਾ ਸਕੇ। ਫੇਰ ਉਹ ਹੋਰ ਡੂੰਘੀ ਜਗ੍ਹਾ ਖੋਦ ਕੇ ਚੁਲ੍ਹਾ ਬਣਾਏਗਾ ਜਿਸ ਵਿਚ ਉਹ ਲੱਕੜੀਆਂ ਜਲਾਏਗਾ ਜਿਨ੍ਹਾਂ ਨੂੰ ਪਹਿਲੇ ਉਸਨੇ ਧੋਇਆ ਹੋਵੇ ਤਾਂ ਕਿ ਲੱਕੜੀ ਵਿਚ ਕੋਈ ਕੀੜਾ ਨਾ ਬਲ ਜਾਵੇ। ਕਿਉਂਕਿ ਗੁਰੂ ਜੀ ਨੇ ਇਹ ਸਭ ਗੱਲਾਂ ਖਾਣਾ ਪਕਾਉਣ ਸਮੇਂ ਨਹੀਂ ਕੀਤੀਆਂ ਇਸ ਕਰਕੇ ਬ੍ਰਾਹਮਣ ਇਹਨਾਂ ਤੋਂ ਖਾਣਾ ਨਹੀਂ ਖਾ ਸਕਦਾ। ਗੁਰੂ ਜੀ ਨੇ ਕਿਹਾ ਕਿ ਉਹ ਉਸਨੂੰ ਅਨਪੱਕਿਆ ਭੋਜਨ ਦੇ ਦੇਣਗੇ ਤਾਂ ਜੋ ਉਹ ਆਪ ਪਕਾ ਸਕੇ। ਫੇਰ ਉਹ ਬਾਹਰ ਚਲਾ ਗਿਆ ਤੇ ਜ਼ਮੀਨ ਨੂੰ ਪੁੱਟਣ ਲੱਗ ਪਿਆ, ਪਰ ਜਿੱਥੇ ਵੀ ਉਹ ਜ਼ਮੀਨ ਪੁੱਟਦਾ ਉਸਨੂੰ ਉੱਥੇ ਹੱਡੀਆਂ ਹੀ ਮਿਲਦੀਆਂ ਜੋ ਕਿ ਗੁਰੂ ਜੀ ਦੇ ਖਾਣੇ ਤੋਂ ਵੱਡੀ ਘਿਰਣਾ ਵਾਲੀ ਗੱਲ ਸੀ। ਉਹ ਸਾਰਾ ਦਿਨ ਜ਼ਮੀਨ ਪੁੱਟਦਾ ਰਿਹਾ ਪਰ ਉਸਦੇ ਪੁੱਟਣ ਦਾ ਨਤੀਜਾ ਇਹੋ ਹੀ ਨਿਕਲਦਾ। ਆਖਰ ਵਿਚ ਜਦੋਂ ਉਹ ਭੁੱਖ ਨਾਲ ਬੇਹਾਲ ਹੋ ਗਿਆ ਤੇ ਜਾ ਕੇ ਆਪ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਪੱਕੇ ਹੋਏ ਭੋਜਨ ਲਈ ਬੇਨਤੀ ਕੀਤੀ ਜੋ ਕਿ ਉਹ ਪਹਿਲੇ ਅਸਵੀਕਾਰ ਕਰ ਚੁੱਕਾ ਸੀ। ਗੁਰੂ ਜੀ ਨੇ ਖੁਸ਼ੀ ਨਾਲ ਉਸਦੀ ਤਸੱਲੀ ਕਰਵਾਈ ਤੇ ਇਹ ਰਚਨਾ ਕੀਤੀ :

ਸੁਇਨੇ ਕਾ ਚਉਕਾ ਕੰਚਨ ਕੁਆਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੧੬੯)

ਗੁਰੂ ਜੀ ਨੇ ਅੰਮ੍ਰਿਤ ਵੇਲੇ ਸ਼ਬਦ ਗਾਉਣ ਦੀ ਪ੍ਰਥਾ ਸ਼ੁਰੂ ਕੀਤੀ। ਇਕ ਸੱਤ ਸਾਲ ਦਾ ਲੜਕਾ ਸ਼ਬਦ ਸੁਣਨ ਆਇਆ ਕਰਦਾ ਸੀ ਤੇ ਆ ਕੇ ਉਹਨਾਂ ਦੇ ਪਿੱਛੇ ਖੜ੍ਹਾ ਹੋ ਜਾਂਦਾ ਸੀ। ਜਦੋਂ ਗਾਇਨ ਖਤਮ ਹੁੰਦਾ ਸੀ ਤਾਂ ਉਹ ਚੁੱਪ-ਚਾਪ ਹੀ ਪਿੱਛੋਂ ਚਲਾ ਜਾਂਦਾ ਸੀ। ਇਕ ਦਿਨ ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਉਹ ਉਸ ਲੜਕੇ ਨੂੰ ਰੋਕ ਕੇ ਰੱਖਣ ਤਾਂ ਜੋ ਉਸਦੇ ਲਗਾਤਾਰ ਆਉਣ ਦਾ ਮਕਸਦ ਪੁੱਛਿਆ ਜਾਵੇ। ਆਗਿਆ ਮੁਤਾਬਕ ਉਸਨੂੰ ਗੁਰੂ ਜੀ ਦੇ ਸਾਹਮਣੇ ਲਿਆਉਂਦਾ ਗਿਆ ਤੇ ਗੁਰੂ ਜੀ ਨੇ ਪੁੱਛਿਆ, "ਹੇ ਲੜਕੇ, ਤੂੰ ਇਤਨੀ ਸਵੇਰੇ ਸ਼ਬਦ ਸੁਣਨ ਕਿਉਂ ਆਉਂਦਾ ਹੈਂ? ਤੇਰੀ ਜ਼ਿੰਦਗੀ ਦਾ ਇਹ ਸਮਾਂ ਖਾਣ, ਖੇਡਣ ਤੇ ਸੌਣ ਦਾ ਹੈ।" ਲੜਕੇ ਨੇ ਉੱਤਰ ਦਿੱਤਾ, "ਸਾਹਿਬ, ਇਕ ਦਿਨ ਮੇਰੀ ਮਾਂ ਨੇ ਮੈਨੂੰ ਅੱਗ ਜਲਾਉਣ ਲਈ ਕਿਹਾ। ਜਦੋਂ ਮੈਂ ਲੱਕੜੀਆਂ ਪਾਈਆਂ ਤਾਂ ਮੈਂ ਇਹ ਵੇਖਿਆ ਕਿ ਛੋਟੀਆਂ ਲੱਕੜੀਆਂ ਪਹਿਲੇ ਜਲਦੀਆਂ ਹਨ ਤੇ ਵੱਡੀਆਂ ਬਾਅਦ ਵਿਚ। ਉਸ ਦਿਨ ਤੋਂ ਮੈਨੂੰ ਜਲਦੀ ਮਰਨ ਤੋਂ ਡਰ ਲੱਗਣ ਲੱਗ ਪਿਆ ਹੈ। ਇਹ ਗੱਲ ਸ਼ੱਕ ਵਾਲੀ ਹੈ ਕਿ ਅਸੀਂ ਬੁੱਢੇ ਹੋਣ ਤਕ ਜੀਅ ਸਕਾਂਗੇ। ਇਸ ਕਰਕੇ ਮੈਂ ਤੁਹਾਡੀ ਸੰਗਤ ਵਿਚ ਹਾਜ਼ਰ ਹੁੰਦਾ ਹਾਂ।" ਗੁਰੂ ਜੀ ਇਕ ਬੱਚੇ ਦੇ ਮੂੰਹ ਵਿਚੋਂ ਇਤਨੀ ਸਿਆਣਪ ਦੀਆਂ ਗੱਲਾਂ ਸੁਣ ਕੇ ਬਹੁਤ ਖੁਸ਼ ਹੋਏ ਅਤੇ ਕਿਹਾ ਕਿ ਉਹ ਇਕ ਬੁੱਢੇ ਆਦਮੀ ਦੀ ਤਰ੍ਹਾਂ ਗੱਲਾਂ ਕਰਦਾ ਹੈ। ਇਸ ਮੌਕੇ ਤੇ ਗੁਰੂ ਜੀ ਨੇ ਇਸ ਸ਼ਬਦ ਦੀ ਰਚਨਾ ਕੀਤੀ :

ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੫੫)

ਜਿਸ ਮੁੰਡੇ ਬਾਰੇ ਇਹ ਉਪਰਲਾ ਸ਼ਬਦ ਸੰਬੋਧਨ ਕੀਤਾ ਗਿਆ ਹੈ ਉਹ ਭਾਈ ਬੁੱਢਾ ਕਰਕੇ

ਜਾਣਿਆ ਗਿਆ। ਗੁਰੂ ਜੀ ਦੇ ਸ਼ਲਾਘਾਯੋਗ ਬਚਨਾਂ ਲਈ ਇਤਨੇ ਸਤਿਕਾਰ ਦੇ ਯੋਗ ਬਣਿਆ ਕਿ ਗੁਰੂ ਜੀ ਦੇ ਪਹਿਲੇ ਪੰਜਾਂ ਉੱਤਰ-ਅਧਿਕਾਰੀਆਂ ਦੇ ਮੱਥੇ ਤੇ ਗੁਰਿਆਈ ਦਾ ਤਿਲਕ ਲਗਾਉਣ ਲਈ ਉਸਨੂੰ ਨਿਯੁਕਤ ਕੀਤਾ ਗਿਆ।

ਕਾਲੂ ਜੀ ਆਪਣੇ ਸਾਰੇ ਪਰਿਵਾਰ ਸਮੇਤ ਉਥੇ ਆਉਣ ਲਈ ਚੱਲ ਪਏ ਜਿਥੇ ਉਹਨਾਂ ਦੇ ਗੁਰੂ ਪੁੱਤਰ ਨੇ ਰਹਿਣ ਦੀ ਥਾਂ ਨੀਯਤ ਕੀਤੀ ਸੀ। ਉਥੇ ਸਿੱਖ ਸੰਗਤ ਬਨਣੀ ਅਰੰਭ ਹੋ ਗਈ। ਗੁਰੂ ਜੀ ਨੇ ਆਪਣੇ ਅਸਧਾਰਨ ਵਸਤਰ ਬਦਲ ਕੇ ਰਵਾਇਤੀ ਕਪੜੇ ਪਾ ਲਏ। ਆਪਣੀ ਕਮਰ ਦੁਆਲੇ ਧੋਤੀ, ਮੋਢਿਆਂ ਤੇ ਚੱਦਰ ਤੇ ਸਿਰ ਤੇ ਪੱਗ ਰੱਖ ਲਈ, ਉਹ ਇਸ ਤਰ੍ਹਾਂ ਪਵਿੱਤਰਤਾ ਦਾ ਰੂਪ ਜਾਪਦੇ ਸਨ। ਉਹਨਾਂ ਦੀ ਡੋਰ ਪਤੰਗ ਦੀ ਤਰ੍ਹਾਂ ਆਕਾਸ਼ ਤੱਕ ਪਹੁੰਚ ਗਈ। ਸਾਰੇ ਉਹਨਾਂ ਨੂੰ ਇਸ ਤਰ੍ਹਾਂ ਸੰਬੋਧਨ ਕਰਦੇ, "ਧੰਨ ਗੁਰੂ ਨਾਨਕ, ਵੱਡਾ ਸੰਤ ਦੁਨੀਆਂ ਤੇ ਆਇਆ ਹੈ।"

ਕਰਤਾਰਪੁਰ ਵਿਚ ਦਿਨ ਚੜ੍ਹਣ ਤੋਂ ਇਕ ਪਹਿਰ ਪਹਿਲੇ ਜਪੁਜੀ ਤੇ ਆਸਾ ਦੀ ਵਾਰ ਦਾ ਪਾਠ ਹੁੰਦਾ। ਫੇਰ ਦਿਨ ਚੜ੍ਹਨ ਬਾਅਦ ਇਕ ਜਾਂ ਸਵਾ ਪਹਿਰ ਤੱਕ ਗੁਰੂ ਜੀ ਦੇ ਸ਼ਬਦ ਪੜ੍ਹੇ ਜਾਂਦੇ ਅਤੇ ਉਹਨਾਂ ਦੀ ਵਿਆਖਿਆ ਹੁੰਦੀ। ਇਸ ਤੋਂ ਬਾਅਦ ਆਰਤੀ ਪੜ੍ਹੀ ਤੇ ਗਾਈ ਜਾਂਦੀ (ਗਗਨ ਮੈਂ ਥਾਲ)। ਇਸ ਤੋਂ ਬਾਅਦ ਸਵੇਰ ਦਾ ਭੋਜਨ ਵਰਤਾਇਆ ਜਾਂਦਾ। ਤੀਸਰੇ ਪਹਿਰ ਫੇਰ ਸ਼ਬਦ ਗਾਇਨ ਹੁੰਦਾ ਤੇ ਉਸ ਤੋਂ ਬਾਅਦ ਸ਼ਾਮ ਨੂੰ ਸੋਦਰ ਦਾ ਪਾਠ ਹੁੰਦਾ। ਫੇਰ ਸਾਰੇ ਸਿੱਖ ਇਕੱਠੇ ਬੈਠ ਕੇ ਰਾਤ ਦਾ ਲੰਗਰ ਛੱਕਦੇ ਤੇ ਉਸ ਤੋਂ ਬਾਅਦ ਸ਼ਬਦ ਗਾ ਕੇ ਸਮਾਪਤੀ ਕਰਦੇ। ਜਦੋਂ ਰਾਤ ਦਾ ਇਕ ਪਹਿਰ ਗੁਜ਼ਰ ਜਾਂਦਾ ਤਾਂ ਸੋਹਿਲਾ ਪੜ੍ਹਿਆ ਜਾਂਦਾ ਤੇ ਸਾਰੇ ਸੌਣ ਲਈ ਚਲੇ ਜਾਂਦੇ।

ਦਿਨ ਵਿਚ ਜਦੋਂ ਗੁਰੂ ਜੀ ਭਗਤੀ ਵਿਚ ਨਾ ਲੱਗੇ ਹੋਏ ਹੁੰਦੇ ਤਾਂ ਕਰਤਾਰਪੁਰ ਵਿਚ ਜੋ ਲੋਕ ਸਿੱਖਿਆ ਲੈਣ ਆਉਂਦੇ ਉਹਨਾਂ ਨੂੰ ਸਿੱਖਿਆ ਦਿੰਦੇ। ਇਸ ਤਰ੍ਹਾਂ ਉਹਨਾਂ ਨੇ ਮਾਲੋ ਤੇ ਭਾਗੋ ਨੂੰ ਹਿੰਦੂਆਂ ਦੀ ਤਪੱਸਿਆ ਬਾਰੇ ਇਸ ਤਰ੍ਹਾਂ ਸਮਝਾਇਆ, "ਆਪਣੇ ਆਪ ਨੂੰ ਅੱਗ ਵਿਚ ਜਲਾਉਣਾ, ਪਾਣੀ ਵਿਚ ਦੇਰ ਤੱਕ ਰਹਿਣਾ, ਵਰਤ ਰੱਖਣੇ, ਸਰਦੀ ਤੇ ਗਰਮੀ ਨੂੰ ਝੱਲਣਾ, ਆਪਣੀ ਬਾਂਹ ਹਮੇਸ਼ਾਂ ਲਈ ਖੜ੍ਹੀ ਰੱਖਣੀ ਆਪਣੇ ਸਰੀਰ ਨੂੰ ਪੁੱਠੇ ਕਰਕੇ ਤਪੱਸਿਆ ਕਰਨਾ, ਬੜੀ ਦੇਰ ਤੱਕ ਇਕ ਲੱਤ ਤੇ ਖੜ੍ਹੇ ਰਹਿਣਾ, ਜੰਗਲਾਂ ਦੀਆਂ ਜੜੀਆਂ ਬੂਟੀਆਂ ਖਾ ਕੇ ਨਿਰਬਾਹ ਕਰਨਾ, ਦਰਿਆਵਾਂ ਦੇ ਕੰਢਿਆਂ ਤੇ ਵਾਸਾ ਕਰਨਾ, ਦੁਨੀਆਂ ਵਿਚ ਯਾਤਰੀ ਬਣ ਕੇ ਭਰਮਣ ਕਰਨਾ ਪੂਰਨਮਾਸ਼ੀ ਨੂੰ ਵਰਤ ਰੱਖਣਾ, ਇਹ ਤਪੱਸਿਆ ਅਗਿਆਨਤਾ ਦੇ ਕਰਮ ਹਨ।"

ਗੁਰੂ ਜੀ ਨੇ ਸਿੱਖਾਂ ਨੂੰ ਭਗਤੀ ਕਰਨ ਲਈ ਇਸ ਤਰ੍ਹਾਂ ਸਮਝਾਇਆ, "ਆਪਣੇ ਭਟਕਦੇ ਮਨ ਨੂੰ ਇੰਦਰੀਆਂ ਦੇ ਦਿਲ-ਪ੍ਰਚਾਵੇ ਤੋਂ ਰੋਕ ਕੇ ਪਵਿੱਤਰ ਗੱਲਬਾਤ ਵਿਚ ਲਗਾਓ ਅਤੇ ਫੇਰ ਭਗਤੀ ਭਾਵ ਨਾਲ ਅਕਾਲਪੁਰਖ ਦੀ ਉਸਤਤ ਨੂੰ ਸੁਣੋ ਤੇ ਗਾਓ। ਇਹ ਗੱਲ ਜਾਣ ਲਵੋ ਕਿ ਇਹ ਸ਼ਲਾਘਾਯੋਗ ਕੰਮ ਬੜੀ ਸੌਖੀ ਤਰ੍ਹਾਂ ਨਿਬਾਹੇ ਜਾ ਸਕਦੇ ਹਨ। ਇਹਨਾਂ ਨੂੰ ਕਰਨ ਨੂੰ ਖੜ੍ਹੀ ਮਿਹਨਤ ਚਾਹੀਦੀ ਹੈ ਤੇ ਇਹਨਾਂ ਦਾ ਫੱਲ ਬਹੁਤ ਮਿਲਦਾ ਹੈ। ਹਿੰਦੂਆਂ ਦੀ ਤਪੱਸਿਆ ਕਰਨੀ ਇਸ ਦੇ ਉਲਟ ਬਹੁਤ ਮੁਸ਼ਕਲ ਹੈ ਜਦ ਕਿ ਉਹਨਾਂ ਦਾ ਫਲ ਬਹੁਤ ਥੋੜ੍ਹਾ ਮਿਲਦਾ ਹੈ।"

ਗੁਰੂ ਜੀ ਨੇ ਕਾਲੂ ਨਾਮ ਦੇ ਆਦਮੀ ਨੂੰ ਇਹ ਜਵਾਬ ਦਿੱਤਾ ਜਿਸਨੇ ਉਹਨਾਂ ਨੂੰ ਧਰਮੀ ਆਦਮੀ ਦਾ ਮਤਲਬ ਪੁੱਛਿਆ, "ਧਰਮੀ ਆਦਮੀ ਉਸਨੂੰ ਮੰਨੋ ਜਿਸ ਵਿਚ ਤੁਹਾਨੂੰ ਮਿੱਤਰਤਾ, ਕ੍ਰਿਪਾਲਤਾ, ਦੂਸਰਿਆਂ ਦੇ ਭਲੇ ਵਿਚ ਖੁਸ਼ੀ ਤੇ ਬੁਰੀ ਸੰਗਤ ਲਈ ਘ੍ਰਿਣਾ ਮਿਲੇ। ਪਹਿਲੀ ਗੱਲ ਇਹ ਹੈ ਕਿ ਧਰਮੀ ਆਦਮੀਆਂ ਦੀ ਨੀਯਤ ਸਾਫ਼ ਹੁੰਦੀ ਹੈ। ਦੂਸਰੀ ਇਹ ਕਿ ਉਹ ਦੂਸਰਿਆਂ ਦੀ ਸਿਫ਼ਤ ਸੁਣ ਕੇ ਖੁਸ਼ ਹੁੰਦੇ ਹਨ। ਤੀਸਰਾ ਧਰਮੀ ਲੋਕ ਗੁਣਾਂ ਵਾਲੇ ਲੋਕਾਂ ਦੀ ਸੇਵਾ ਕਰਦੇ ਹਨ। ਚੌਥੀ ਗੱਲ ਇਹ ਹੈ ਕਿ ਉਹ ਉਹਨਾਂ ਨੂੰ ਇੱਜ਼ਤ ਦਿੰਦੇ ਹਨ ਜੋ ਉਹਨਾਂ ਨੂੰ ਸਿੱਖਿਆ ਜਾਂ ਚੰਗੀ ਸਲਾਹ ਦਿੰਦੇ ਹਨ। ਪੰਜਵੀਂ ਜਿਸ ਤਰ੍ਹਾਂ ਨਿਯਮ ਅਨੁਸਾਰ ਭੋਜਨ ਜਾਂ ਕਿਸੇ ਨਸ਼ੇ ਦੇ ਲਈ ਭੁੱਖ ਹੁੰਦੀ ਹੈ ਉਸੇ ਤਰ੍ਹਾਂ ਉਹਨਾਂ ਨੂੰ ਗੁਰੂ ਦੇ ਸ਼ਬਦ ਅਤੇ ਦੈਵੀ ਗਿਆਨ ਦੀ ਭੁੱਖ ਹੁੰਦੀ ਹੈ। ਛੇਵੀਂ ਗੱਲ ਉਹਨਾਂ ਨੂੰ ਆਪਣੀ ਪਤਨੀ ਨਾਲ ਪਿਆਰ ਹੁੰਦਾ ਹੈ ਤੇ ਉਹ ਦੂਸਰੀਆਂ ਔਰਤਾਂ ਨੂੰ ਤਿਆਗਦੇ ਹਨ। ਸੱਤਵੀਂ ਉਹ ਉਹੋ ਜਿਹੀਆਂ ਗੱਲਾਂ ਤੋਂ ਪਰਹੇਜ਼ ਰੱਖਦੇ ਹਨ ਜਿਨ੍ਹਾਂ ਤੋਂ ਲੜਾਈ ਉਤਪੰਨ ਹੁੰਦੀ ਹੋਵੇ। ਅੱਠਵਾਂ ਉਹ ਆਪਣੇ ਤੋਂ ਜ਼ਿਆਦਾ ਭਗਤੀ ਵਾਲਿਆਂ ਦੀ ਸੇਵਾ ਕਰਦੇ ਹਨ। ਨੌਵਾਂ, ਚਾਹੇ ਉਹ ਬਲਵਾਨ ਹੋਣ ਪਰ ਉਹ ਘਮੰਡੀ ਨਹੀਂ ਹੁੰਦੇ ਤੇ ਨਾ ਹੀ ਦੂਸਰਿਆਂ ਨੂੰ ਦਬਾਉਂਦੇ ਹਨ। ਦੱਸਵਾਂ, ਉਹ ਬੁਰੇ ਦੀ ਸੰਗਤ ਤੋਂ ਦੂਰ ਰਹਿੰਦੇ ਹਨ ਤੇ ਸਿਰਫ਼ ਪਵਿੱਤਰ ਲੋਕਾਂ ਦੀ ਸੰਗਤ ਕਰਦੇ ਹਨ।

ਭਗਤਾ ਤੇ ਓਹਰੀ ਦੋ ਸਿੱਖਾਂ ਨੇ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਕਿ ਕਿਸ ਤਰ੍ਹਾਂ ਆਵਾਗਵਨ ਤੋਂ ਬਚਿਆ ਜਾ ਸਕਦਾ ਹੈ ਤੇ ਮੁਕਤੀ ਪ੍ਰਾਪਤ ਹੁੰਦੀ ਹੈ। ਗੁਰੂ ਜੀ ਨੇ ਇਸ ਤਰ੍ਹਾਂ ਉੱਤਰ ਦਿੱਤਾ, "ਮਨਮੁੱਖਾਂ ਵਾਲੇ ਕੰਮ ਛੱਡ ਕੇ ਮੁਕਤੀ ਮਿਲ ਸਕਦੀ ਹੈ।" ਜਦੋਂ ਇਹ ਵਿਸ਼ੇਸ਼ ਪੁੱਛਿਆ ਗਿਆ ਕਿ ਮਨਮੁੱਖਾਂ ਵਾਲੇ ਕੰਮਾਂ ਤੋਂ ਕੀ ਮਤਲਬ ਹੈ ਤਾਂ ਗੁਰੂ ਜੀ ਨੇ ਇਸ ਤਰ੍ਹਾਂ ਜਵਾਬ ਦਿੱਤਾ, ਦਿਲੋਂ ਹਰ ਇਕ ਨਾਲ ਈਰਖਾ ਰੱਖਣੀ, ਇਹ ਇੱਛਾ ਕਰਨੀ ਕਿ ਦੁਨੀਆਂ ਦਾ ਸਾਰਾ ਧਨ ਤੇ ਖੁਸ਼ੀ ਦੂਸਰਿਆਂ ਨੂੰ ਨਾ ਮਿਲ ਕੇ ਇਕ ਨੂੰ ਹੀ ਮਿਲ ਜਾਵੇ, ਦੂਸਰਿਆਂ ਦੇ ਘਰ ਤੇ ਜਾਇਦਾਦ ਵੇਖ ਕੇ ਦਿਲ ਵਿਚ ਬਹੁਤ ਦੁੱਖ ਮਨਾਉਣਾ, ਸਾਰੇ ਆਦਮੀਆਂ ਨੂੰ ਆਪਣਾ ਦੁਸ਼ਮਨ ਸਮਝਣਾ ਅਤੇ ਕਿਸੇ ਨਾਲ ਚੰਗਾ ਨਾ ਕਰਨਾ। ਇਹ ਸਾਰੀਆਂ ਬੁਰਾਈਆਂ ਆਪਣੇ ਦਿਲਾਂ ਵਿਚੋਂ ਕੱਢ ਦਿਓ। ਦੂਸਰੀ ਗੱਲ ਮਨਮੁੱਖ ਆਦਮੀ ਹਰ ਇਕ ਨਾਲ ਘਮੰਡੀ ਤੇ ਬੇਤਰਸ ਹੁੰਦਾ ਹੈ। ਜਦੋਂ ਉਹ ਕਿਸੇ ਫਲਾਣੇ ਆਦਮੀ ਨੂੰ ਆਪਣੇ ਤੋਂ ਘਟੀਆ ਸਮਝਦਾ ਹੈ ਉਹ ਉਸਨੂੰ ਕਦੀ ਸਲਾਹ ਨਹੀਂ ਦਿੰਦਾ; ਨਾ ਹੀ ਉਸ ਤੇ ਹੱਸਦਾ ਹੈ, ਉਸਨੂੰ ਘ੍ਰਿਣਾ ਨਾਲ ਵੇਖਦਾ ਹੈ ਤੇ ਕਹਿੰਦਾ ਹੈ, ਇਹ ਮੇਰੇ ਜਿੰਨੇ ਦਿਮਾਗ ਵਾਲਾ ਨਹੀਂ ਹੈ।" ਤੀਸਰੀ ਗੱਲ ਮਨਮੁੱਖ ਆਦਮੀ ਚੁਗਲੀ ਕਰੇ ਬਿਨਾਂ ਨਹੀਂ ਰਹਿ ਸਕਦਾ ਪਰ ਤੁਸੀਂ ਇਸਨੂੰ ਤਿਆਗ ਦਿਓ ਤੇ ਕਦੀ ਆਪਣੀ ਜ਼ਬਾਨ ਤੇ ਨਾ ਲਿਆਓ। ਜੇ ਕੋਈ ਦੂਸਰਾ ਉਸ ਤੋਂ ਚੰਗੇ ਦੀ ਸਿਫ਼ਤ ਕਰੇ ਤਾਂ ਵੀ ਉਹ ਝੱਲ ਨਹੀਂ ਸਕਦਾ ਤੇ ਗੁੱਸੇ ਨਾਲ ਕਹਿੰਦਾ ਹੈ, "ਓ! ਮੈਂ ਉਸਨੂੰ ਜਾਣਦਾ ਹਾਂ।" ਇਸ ਤਰ੍ਹਾਂ ਉਹ ਚੁਗਲੀ ਕਰ ਦਿੰਦਾ ਹੈ। ਉਹ ਜੋ ਆਪਣੇ ਯਤਨਾਂ ਲਈ ਘਮੰਡੀ ਤੇ ਦੂਸਰਿਆਂ ਲਈ ਈਰਖਾਲੂ ਹੋਵੇ ਉਹ ਕਿਸ ਤਰ੍ਹਾਂ ਸ੍ਰੇਸ਼ਟਤਾ ਪ੍ਰਾਪਤ ਕਰ ਸਕਦਾ ਹੈ? ਚੌਥੀ ਗੱਲ ਇਹ ਹੈ ਕਿ ਮਨਮੁੱਖ ਆਦਮੀ ਨੂੰ ਜੋ ਸਲਾਹ ਮਿਲੇ ਤਾਂ ਉਹ ਉਸ ਉਪਰ ਆਪਣੀ

ਜ਼ਿੱਦ ਕਰਕੇ ਅਮਲ ਨਹੀਂ ਕਰਦਾ ਅਤੇ ਉਹ ਮਨਮੁੱਖਤਾ ਨਾਲ ਉਸਦੇ ਉਲਟ ਹੀ ਕਰੇਗਾ। ਈਰਖਾ, ਘਮੰਡ, ਚੁਗਲੀ ਤੇ ਜ਼ਿੱਦ, ਇਹ ਬੁਰਾਈਆਂ ਮਨਮੁੱਖਾਂ ਦੀਆਂ ਹਨ। ਜਿਸ ਤਰ੍ਹਾਂ ਦਰੱਖਤ ਆਪਣੇ ਪੱਤੇ ਪਤਝੜ ਵਿਚ ਛੱਡ ਦਿੰਦੇ ਹਨ ਇਸੇ ਤਰ੍ਹਾਂ ਇਹਨਾਂ ਬੁਰਾਈਆਂ ਨੂੰ ਤਿਆਗ ਦੇਵੋ।"

ਗੁਰੂ ਜੀ ਨੂੰ ਇਹ ਪੁੱਛਿਆ ਗਿਆ ਕਿ ਉਹਨਾਂ ਦੇ ਸ਼ਬਦਾਂ ਤੋਂ ਪਹਿਲਾਂ ਹਮੇਸ਼ਾਂ ਸਤਿਨਾਮ ਕਿਉਂ ਲਿਖਿਆ ਹੁੰਦਾ ਹੈ। ਉਹਨਾਂ ਨੇ ਉੱਤਰ ਦਿੱਤਾ, ਨਾਮ ਹੀ ਸਾਰੇ ਦੇਵਤਿਆਂ ਦਾ ਰੱਬ ਹੈ। ਕੋਈ ਦੁਰਗਾ[1] ਦੀ ਅਰਾਧਨਾ ਕਰਦੇ ਹਨ, ਕੋਈ ਸ਼ਿਵ ਦੀ, ਕੋਈ ਗਨੇਸ਼ ਦੀ ਤੇ ਕਈ ਹੋਰ ਦੂਸਰੇ ਦੇਵਤਿਆਂ ਦੀ ਪਰ ਗੁਰੂ ਦੇ ਸਿੱਖ ਸੱਚੇ ਨਾਮ ਦੀ ਅਰਾਧਨਾ ਕਰਦੇ ਹਨ ਅਤੇ ਇਸ ਤਰ੍ਹਾਂ ਮੁਕਤੀ ਦੇ ਰਸਤੇ ਦੇ ਸਾਰੇ ਵਿਘਨ ਦੂਰ ਕਰਦੇ ਹਨ। ਇਸ ਕਰਕੇ ਮੁੱਢਲੇ ਸ਼ਬਦ ਸਤਿਨਾਮ ਹਰ ਰਚਨਾ ਦੇ ਅੱਗੇ ਲਿਖੇ ਹੋਏ ਹੁੰਦੇ ਹਨ।

ਇੱਥੇ ਹੀ ਗੁਰੂ ਜੀ ਨੇ ਸਾਲ ਦੇ ਬਾਰਾਂ ਮਹੀਨਿਆਂ ਉਤੇ ਬਾਰਹ ਮਾਹਾ ਰਚਿਆ। ਉਸ ਵਿਚ ਉਹਨਾਂ ਦੇ ਆਪਣੀ ਜਨਮ-ਭੂਮੀ ਪੰਜਾਬ ਦੇ ਮੌਸਮ ਦਾ ਵੇਰਵਾ ਦਿੱਤਾ ਹੈ। ਉਹ ਇਸ ਤਰ੍ਹਾਂ ਹੈ :

ਤੂੰ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੧੦੭)

ਉਸ ਵੇਲੇ ਉੱਥੇ ਇਕ ਆਦਮੀ ਸੀ ਜਿਸ ਦੇ ਘਰ ਦੇ ਹਾਲਾਤ ਬਹੁਤ ਗਰੀਬੀ ਵਾਲੇ ਸਨ ਤੇ ਜਿਸਦੀ ਇਕ ਧੀ ਵਿਆਹੁਣ ਵਾਲੀ ਸੀ। ਉਸਨੇ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ ਉਸ ਨੂੰ ਵਿਆਹੁਣ ਦਾ ਸਾਮਾਨ ਪ੍ਰਾਪਤ ਕਰਨ ਲਈ ਸਹਾਇਤਾ ਕਰਨ। ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਵਿਆਹ ਲਈ ਲੋੜੀਂਦੀਆਂ ਚੀਜ਼ਾਂ ਦੀ ਸੂਚੀ ਦੇਵੇ ਤੇ ਉਹ ਚੀਜ਼ਾਂ ਮੰਗਵਾ ਦੇਣਗੇ। ਉਸ ਆਦਮੀ ਨੇ ਉਵੇਂ ਹੀ ਕੀਤਾ। ਗੁਰੂ ਜੀ ਨੇ ਭਗੀਰਥ ਨਾਮ ਦੇ ਸੇਵਕ ਨੂੰ ਬੁਲਾ ਕੇ ਲਾਹੌਰ ਜਾ ਕੇ ਚੀਜ਼ਾਂ ਲਿਆਉਣ ਲਈ ਹੁਕਮ ਦਿੱਤਾ। ਉਹਨਾਂ ਨੇ ਉਸਨੂੰ ਇਹ ਚੇਤਾਵਨੀ ਦਿੱਤੀ ਕਿ ਰਾਤ ਲਾਹੌਰ ਨਹੀਂ ਰਹਿਣਾ। ਭਗੀਰਥ ਲਾਹੌਰ ਪਹੁੰਚ ਕੇ ਇਕ ਦੁਕਾਨਦਾਰ ਕੋਲ ਗਿਆ ਤੇ ਉਸਨੂੰ ਉਸੇ ਵੇਲੇ ਚੀਜ਼ਾਂ ਦੇਣ ਨੂੰ ਕਿਹਾ। ਦੁਕਾਨਦਾਰ ਨੇ ਉਸਨੂੰ ਸਲਾਹ ਦਿੱਤੀ ਕਿ ਉਹ ਇਕ ਦਿਨ ਰਹਿ ਜਾਵੇ ਤੇ ਸਾਰੀਆਂ ਚੀਜ਼ਾਂ ਤਿਆਰ ਹੋ ਜਾਣਗੀਆਂ। ਭਗੀਰਥ ਨੇ ਕਿਹਾ ਕਿ ਇਹ ਸੰਭਵ ਨਹੀਂ ਹੈ। ਦੁਕਾਨਦਾਰ ਨੇ ਉਸਨੂੰ ਕਿਹਾ ਕਿ ਸਾਰਾ ਕੁਝ ਤੇ ਉਸੇ ਦਿਨ ਤਿਆਰ ਹੋ ਜਾਵੇਗਾ। ਪਰ ਵਿਆਹੁਣ ਵਾਲੀ ਦੇ ਕੰਗਣ ਰਾਤ ਪੈਣ ਤੋਂ ਪਹਿਲਾਂ ਉਸੇ ਦਿਨ ਬਣਾਏ ਅਤੇ ਰੰਗੇ ਨਹੀਂ ਜਾ ਸਕਦੇ। ਭਗੀਰਥ ਨੇ ਉਸਨੂੰ ਆਪਣੇ ਮਾਲਕ ਦੇ ਹੁਕਮ ਬਾਰੇ ਵਿਸਥਾਰ ਨਾਲ ਦੱਸ ਦਿੱਤਾ। ਦੁਕਾਨਦਾਰ ਨੇ ਪੁੱਛਿਆ ਕਿ ਤੇਰਾ ਮਾਲਕ ਕਿਹੋ ਜਿਹਾ ਹੈ ਜਿਸਨੇ ਇਸ ਤਰ੍ਹਾਂ ਦਾ ਫ਼ੁਰਮਾਨ ਦਿੱਤਾ ਹੈ। ਭਗੀਰਥ ਨੇ ਕਿਹਾ ਕਿ ਉਸਦਾ ਮਾਲਕ ਗੁਰੂ ਜੀ ਹਨ। ਦੁਕਾਨਦਾਰ ਨੇ ਪੁੱਛਿਆ ਕਿ ਇਸ ਪੀੜ੍ਹੀ ਦੇ ਕਿਹੜੇ-ਕਿਹੜੇ ਗੁਰੂ ਹਨ। ਭਗੀਰਥ ਸਿਰਫ਼ ਇਤਨਾ ਹੀ ਉੱਤਰ ਦੇ ਸਕਿਆ ਕਿ ਉਸਦਾ ਮਾਲਕ ਇਕ ਮਹਾਨ ਆਤਮਾ ਹੈ। ਦੁਕਾਨਦਾਰ ਨੇ ਉਸਦੇ ਉੱਤਰ ਵਿਚ ਕਿਹਾ, "ਬਦਨਸੀਬੀ ਹੈ ਕਿ ਇਸ ਯੁੱਗ ਵਿਚ

1. ਸ਼ਿਵ ਦੀ ਇਸਤਰੀ ਸ਼ਕਤੀ ਦਾ ਨਾਂ ਹੈ।

ਤੁਹਾਨੂੰ ਮਹਾਨ ਆਦਮੀ ਨਹੀਂ ਮਿਲ ਸਕਦਾ?" ਹੋਰ ਵਾਰਤਾਲਾਪ ਤੇ ਭਗੀਰਥ ਕੋਲੋਂ ਗੁਰੂ ਜੀ ਦੀ ਉਪਮਾ ਸੁਣ ਕੇ ਦੁਕਾਨਦਾਰ ਨੇ ਫੈਸਲਾ ਕੀਤਾ ਕਿ ਉਹ ਉਸ ਨਾਲ ਜਾ ਕੇ ਉਸਦੇ ਗੁਰੂ ਨੂੰ ਮਿਲੇਗਾ। ਉਸ ਦੇ ਘਰ ਰੰਗੀਨ ਕੰਗਣਾਂ ਦਾ ਜੋੜਾ ਪਿਆ ਹੋਇਆ ਸੀ ਜੋ ਉਹ ਜਾ ਕੇ ਗੁਰੂ ਜੀ ਨੂੰ ਦੇ ਦੇਵੇਗਾ। ਉਸ ਨੇ ਆਪਣੀ ਗੱਲ ਜਾਰੀ ਰੱਖਦੇ ਹੋਏ ਕਿਹਾ, "ਜੇ ਉਹ ਮਹਾਨ ਆਤਮਾ ਹੋਈ ਤਾਂ ਉਹ ਮੇਰਾ ਵੀ ਗੁਰੂ ਹੋਵੇਗਾ ਤੇ ਤੇਰਾ ਵੀ ਤੇ ਉਹਨਾਂ ਨੂੰ ਕੰਗਣ ਮੁਫ਼ਤ ਹੀ ਮਿਲ ਜਾਣਗੇ ਪਰ ਜੇ ਉਹ ਮਹਾਨ ਆਦਮੀ ਨਾ ਹੋਇਆ ਤਾਂ ਮੈਂ ਪੂਰੀ ਕੀਮਤ ਉਹਨਾਂ ਕੋਲੋਂ ਵਸੂਲ ਕਰਾਂਗਾ।" ਜਦੋਂ ਦੁਕਾਨਦਾਰ ਨੇ ਗੁਰੂ ਜੀ ਨੂੰ ਵੇਖਿਆ ਤੇ ਉਹਨਾਂ ਜਿਸ ਸੰਜੀਦਗੀ ਨਾਲ ਭਗੀਰਥ ਨੂੰ ਦੇਰ ਨਾਲ ਆਉਣ ਲਈ ਗਿਲਾ ਕੀਤਾ ਤਾਂ ਉਸਨੂੰ ਯਕੀਨ ਆ ਗਿਆ ਕਿ ਉਹ ਇਕ ਮਹਾਨ ਵਿਅਕਤੀ ਹਨ ਤੇ ਦਿਲਾਂ ਦੀਆਂ ਜਾਨਣ ਵਾਲੇ ਹਨ ਤੋ ਇਸ ਕਰਕੇ ਉਹ ਉਹਨਾਂ ਦੇ ਚਰਨਾਂ ਤੇ ਡਿੱਗ ਪਿਆ ਤੇ ਨਿਹਾਲ ਹੋਇਆ। ਉਹ ਗੁਰੂ ਜੀ ਕੋਲ ਤਿੰਨ ਸਾਲ ਰਿਹਾ ਜਿਸ ਸਮੇਂ ਦੌਰਾਨ ਉਸਨੇ ਉਹਨਾਂ ਦੇ ਕਾਫੀ ਸ਼ਬਦਾਂ ਨੂੰ ਜ਼ਬਾਨੀ ਕੰਠ ਕਰ ਲਿਆ।

ਜਦੋਂ ਦੁਕਾਨਦਾਰ ਵਾਪਸ ਲਾਹੌਰ ਗਿਆ ਤਾਂ ਉਸਨੇ ਵਪਾਰੀਆਂ ਤੇ ਸ਼ਾਹੂਕਾਰਾਂ ਨੂੰ ਬੁਲਾ ਕੇ ਆਪਣੀ ਦੁਕਾਨ ਵਿਚੋ ਜੋ ਵੀ ਸਮਾਨ ਸੀ ਵੇਚ ਦਿੱਤਾ। ਫੇਰ ਉਹ ਲੰਕਾ ਵੱਲ ਆਪਣਾ ਵਪਾਰ ਵਧਾਉਣ ਲਈ ਚਲਾ ਗਿਆ। ਉਥੇ ਉਹ ਰਹਿਣ ਲੱਗ ਪਿਆ ਤੇ ਵਪਾਰ ਕਰਨ ਲੱਗਾ ਨਾਲ ਹੀ ਉਸ ਸਮੇਂ ਉਸਨੇ ਆਪਣੇ ਜੀਵਨ ਵਿਚ ਧਾਰਮਿਕ ਵਿਉਹਾਰ ਰੱਖਿਆ ਅਤੇ ਗੁਰੂ ਦੇ ਸ਼ਬਦਾਂ ਨੂੰ ਨਾ ਭੁੱਲਿਆ। ਉਹ ਸ਼ਬਦਾਂ ਨੂੰ ਰਾਤ ਦੇਰ ਤੱਕ ਗਾਉਂਦਾ ਰਹਿੰਦਾ ਅਤੇ ਦਿਨ ਚੜ੍ਹਨ ਤੋਂ ਪਹਿਲਾਂ ਉਠ ਕੇ ਇਸ਼ਨਾਨ ਕਰਕੇ ਆਪਣੀ ਭਗਤੀ ਕਰਦਾ। ਇਸ਼ਨਾਨ ਕਰਨ ਦੇ ਵਿਸ਼ੇ ਤੇ ਗੁਰੂ ਜੀ ਨੇ ਉਸਨੂੰ ਇਹ ਸਿਖਾਇਆ ਸੀ ਕਿ ਜੋ ਵੀ ਦਿਨ ਚੜ੍ਹਨ ਤੋਂ ਇਕ ਪਹਿਰ ਪਹਿਲੇ ਉੱਠ ਕੇ ਠੰਡੇ ਪਾਣੀ ਨਾਲ ਇਸ਼ਨਾਨ ਕਰਕੇ ਰੱਬ ਦਾ ਨਾਮ ਪਿਆਰ ਤੇ ਭਗਤੀ ਨਾਲ ਲੈਂਦਾ ਹੈ ਉਸਨੂੰ ਰੱਬ ਦੇ ਦਰ ਤੋਂ ਅੰਮ੍ਰਿਤ ਮਿਲਦਾ ਹੈ ਅਤੇ ਉਹ ਉਸ ਰੱਬ ਨਾਲ ਮਿਲ ਜਾਂਦਾ ਹੈ ਜੋ ਕਦੀ ਜਨਮ ਨਹੀਂ ਲੈਂਦਾ ਤੇ ਆਪਣੇ ਆਪ ਵਿਚ ਹੀ ਸਥਿਰ ਰਹਿੰਦਾ ਹੈ।

ਇਸ਼ਨਾਨ ਕਰਨ ਤੋਂ ਬਾਅਦ ਉਹ ਦੁਕਾਨਦਾਰ ਜਪੁਜੀ ਸਾਹਿਬ ਦਾ ਪਾਠ ਕਰਦਾ ਤੇ ਗੁਰੂ ਜੀ ਦੇ ਸ਼ਬਦ ਪੜ੍ਹਦਾ। ਉਸਨੂੰ ਦਿਨ ਚੜ੍ਹਨ ਤੇ ਨਾਸ਼ਤਾ ਕਰਨ ਦੀ ਆਦਤ ਹੋ ਗਈ ਸੀ ਤੇ ਫੇਰ ਉਹ ਆਪਣੇ [illegible] ਨੂੰ ਕਰਨ ਚਲਾ ਜਾਂਦਾ। ਕਿਹਾ ਜਾਂਦਾ ਸੀ ਕਿ ਲੰਕਾ ਦੇ ਲੋਕ ਆਪਣੇ ਆਏ ਪਰਦੇਸੀਆਂ ਨਾਲ ਖਰਾਬ ਵਿਉਹਾਰ ਕਰਦੇ ਸਨ ਪਰ ਉਸ ਦੁਕਾਨਦਾਰ ਤੇ ਉਹਨਾਂ ਦਾ ਕੋਈ ਅਸਰ ਨਹੀਂ ਸੀ ਜੋ ਗੁਰੂ ਜੀ ਦੀ ਸਿੱਖਿਆ ਤੇ ਲਗਾਤਾਰ ਬੜੀ ਕਰੜਾਈ ਨਾਲ ਅਮਲ ਕਰਦਾ ਰਿਹਾ। ਉਸ ਵੇਲੇ ਉਸ ਦੇਸ ਦਾ ਰਾਜਾ ਸਿੱਖਾਂ ਦੀਆਂ ਲਿਖਤਾਂ ਅਨੁਸਾਰ ਰਾਜਾ ਸ਼ਿਵਨਾਥ ਸੀ। ਜਦੋਂ ਉਸਨੇ ਇਹ ਸੁਣਿਆ ਕਿ ਉਹ ਦੁਕਾਨਦਾਰ ਉਸਦੇ ਦੇਸ਼ ਦੀਆਂ ਧਾਰਮਿਕ ਰਵਾਇਤਾਂ ਨੂੰ ਨਹੀਂ ਮੰਨਦਾ ਤਾਂ ਉਸਨੂੰ ਆਪਣੇ ਕੋਲ ਹਾਜ਼ਰ ਹੋਣ ਲਈ ਕਿਹਾ। ਦੁਕਾਨਦਾਰ ਨੇ ਰਾਜੇ ਨੂੰ ਇਕ ਨਾਰੀਅਲ ਆਪਣੀ ਵਫ਼ਾਦਾਰੀ ਦੇ ਸਬੂਤ ਵਜੋਂ ਪੇਸ਼ ਕੀਤਾ। ਰਾਜੇ ਦੇ ਸੁਆਲਾਂ ਦੇ ਜਵਾਬ ਵਿਚ ਉਸਨੇ ਕਿਹਾ ਕਿ

ਉਸਨੂੰ ਉਹ ਸਭ ਕੁਝ ਪ੍ਰਾਪਤ ਹੋ ਚੁੱਕਾ ਹੈ ਜੋ ਦੂਸਰੇ ਲੋਕ ਵਰਤ, ਧਾਰਮਿਕ ਰਵਾਇਤਾਂ ਤੇ ਸਰੀਰ ਨੂੰ ਦੁੱਖ ਦੇ ਕੇ ਪ੍ਰਾਪਤ ਕਰਨਾ ਚਾਹੁੰਦੇ ਹਨ। ਸੋ ਉਹ ਇਹ ਸਭ ਕੁਝ ਕਿਉਂ ਕਰੇ? ਰਾਜਾ ਨੇ ਉਸਨੂੰ ਪੁੱਛਿਆ ਕਿ ਉਸਨੂੰ ਕੀ ਪ੍ਰਾਪਤ ਹੋ ਚੁੱਕਾ ਹੈ। ਦੁਕਾਨਦਾਰ ਨੇ ਕਿਹਾ ਕਿ ਉਸਨੇ ਮਹਾਨ ਆਤਮਾ ਦੇ ਦਰਸ਼ਨ ਕਰ ਲਏ ਹਨ ਅਤੇ ਉਸਨੂੰ ਮੁਕਤੀ ਪ੍ਰਾਪਤ ਹੋ ਚੁੱਕੀ ਹੈ। ਰਾਜਾ ਨੇ ਪੁੱਛਿਆ ਕਿ ਸੱਚਮੁੱਚ ਉਸਨੂੰ ਮਹਾਨ ਆਤਮਾ ਨੂੰ ਵੇਖ ਕੇ ਆਤਮਿਕ ਸ਼ਾਂਤੀ ਮਿਲੀ ਹੈ। ਦੁਕਾਨਦਾਰ ਨੇ ਕਿਹਾ, "ਹਜ਼ੂਰ, ਜਦੋਂ ਕੋਈ ਰੱਬ ਨੂੰ ਮਿਲ ਲੈਂਦਾ ਹੈ ਤਾਂ ਹੋਰ ਸ਼ਾਂਤੀ ਦੀ ਕੀ ਲੋੜ ਹੈ?" ਰਾਜੇ ਨੇ ਪੁਛਿਆ, "ਇਸ ਕਲਯੁੱਗ ਵਿਚ ਉਹ ਕੌਣ ਹੈ ਜਿਸ ਦੇ ਦਰਸ਼ਨ ਨਾਲ ਮੁਕਤੀ ਪ੍ਰਾਪਤ ਹੁੰਦੀ ਹੋਵੇ?" ਦੁਕਾਨਦਾਰ ਨੇ ਕਿਹਾ, "ਗੁਰੂ ਨਾਨਕ ਦੇਵ ਜੀ ਇਕ ਇਹੋ ਜਿਹੇ ਵਿਅਕਤੀ ਹਨ। ਉਹਨਾਂ ਦੇ ਨਾਮ ਦੇ ਜਪਣ ਨਾਲ ਹੀ ਮੁਕਤੀ ਮਿਲ ਸਕਦੀ ਹੈ।" ਉਸਨੇ ਫੇਰ ਗੁਰੂ ਜੀ ਦੇ ਇਕ ਸ਼ਬਦ ਨੂੰ ਉਸ ਲਈ ਉਲਥਾ ਕਰਕੇ ਦੱਸਿਆ। ਰਾਜਾ ਨੇ ਜਦ ਸ਼ਬਦ ਸੁਣਿਆ ਤਾਂ ਉਸਦੀ ਤਸੱਲੀ ਹੋ ਗਈ ਤੇ ਖੁਸ਼ੀ ਉਸਦੇ ਸਾਰੇ ਸਰੀਰ ਵਿਚ ਦੌੜ ਗਈ। ਫੇਰ ਉਸਨੇ ਦੁਕਾਨਦਾਰ ਨੂੰ ਬੇਨਤੀ ਕੀਤੀ ਕਿ ਉਹ ਉਸਨੂੰ ਉੱਥੇ ਲੈ ਜਾਵੇ ਜਿਥੇ ਗੁਰੂ ਨਾਨਕ ਦੇਵ ਜੀ ਰਹਿੰਦੇ ਹਨ ਤਾਂ ਕਿ ਉਹ ਉਹਨਾਂ ਦੇ ਦਰਸ਼ਨ ਕਰ ਸਕੇ। ਦੁਕਾਨਦਾਰ ਨੇ ਉੱਤਰ ਦਿੱਤਾ, "ਮਹਾਰਾਜ, ਆਪਣੇ ਦਿਲ ਵਿਚ ਉਹਨਾਂ ਦੀ ਅਰਾਧਨਾ ਕਰੋ ਤੇ ਤੁਸੀਂ ਉਹਨਾਂ ਨੂੰ ਇੱਥੇ ਹੀ ਮਿਲ ਲਵੋਗੇ।"

ਦੁਕਾਨਦਾਰ ਨੇ ਆਪਣੇ ਜਹਾਜ਼ ਵਿਚ ਲੰਕਾ ਦਾ ਸਾਮਾਨ ਭਰਿਆ ਅਤੇ ਭਾਰਤ ਵਾਪਸ ਆ ਗਿਆ। ਰਾਜਾ ਸ਼ਿਵਨਾਥ ਉਥੇ ਆਪਣੇ ਘਰ ਵਿਚ ਹੀ ਰਿਹਾ ਅਤੇ ਗੁਰੂ ਜੀ ਬਾਰੇ ਚਿੰਤਨ ਕਰਦਾ ਰਿਹਾ ਤੇ ਉਹਨਾਂ ਦੇ ਦਰਸ਼ਨਾਂ ਨੂੰ ਲੋਚਦਾ ਰਿਹਾ।

ਭਾਗ ਬਾਰ੍ਹਵਾਂ

ਇਸ ਸਮੇਂ ਦੌਰਾਨ ਗੁਰੂ ਨਾਨਕ ਦੇਵ ਜੀ ਨੇ ਦੱਖਣ ਭਾਰਤ ਵੱਲ ਯਾਤਰਾ ਕੀਤੀ। ਉਹਨਾਂ ਨੇ ਲੱਕੜ ਦੀਆਂ ਖੜ੍ਹਾਵਾਂ ਪਾਈਆਂ, ਹੱਥ ਵਿਚ ਲੱਕੜ ਦੀ ਸੋਟੀ ਲਈ, ਸਿਰ ਤੇ ਰੱਸੀ ਨੂੰ ਪੱਗ ਦੀ ਤਰ੍ਹਾਂ ਬੰਨ੍ਹ ਲਿਆ ਤੇ ਮੱਥੇ ਤੇ ਟਿੱਕਾ ਤੇ ਲਾਈਨਾਂ ਲਗਾ ਲਈਆਂ। ਉਸ ਮੌਕੇ ਤੇ ਜੱਟ ਜਾਤੀ ਦੇ ਸੈਂਦੋ ਤੇ ਘੇਹੋ ਉਹਨਾਂ ਦੇ ਨਾਲ ਸਨ। ਉਹ ਦਰਾਵੜ ਦੇਸ਼ਾਂ ਵੱਲ ਚਲ ਪਏ ਜਿਸਨੂੰ ਹੁਣ ਮਦਰਾਸ ਕਿਹਾ ਜਾਂਦਾ ਹੈ। ਉਹਨਾਂ ਨੂੰ ਸਵੇਰ ਦਾ ਇਸ਼ਨਾਨ ਕਰਦੇ ਹੋਏ ਵੇਖ ਕੇ ਉਹਨਾਂ ਦੇ ਸਾਥੀਆਂ ਨੇ ਸੋਚਿਆ ਕਿ ਉਹ ਦਰਿਆ ਦੇ ਦੇਵਤੇ ਖਵਾਜਾ ਖਿਜ਼ਰ ਦੀ ਪੂਜਾ ਕਰਦੇ ਹਨ ਤੇ ਇਹਨਾਂ ਨੂੰ ਉਸ ਤੋਂ ਹੀ ਸ਼ਕਤੀ ਮਿਲੀ ਹੈ। ਉਹਨਾਂ ਨੇ ਵੀ ਉਸ ਦੇਵਤੇ ਦੀ ਪੂਜਾ ਕਰਨ ਦਾ ਨਿਸ਼ਚਾ ਕਰ ਲਿਆ ਤਾਂ ਜੋ ਉਹ ਵਧੇਰੇ ਆਤਮਿਕ ਤਰੱਕੀ ਕਰਕੇ ਗੁਰੂ ਜੀ ਤੋਂ ਵੱਧ ਮਸ਼ਹੂਰੀ ਪਾ ਲੈਣ। ਇਕ ਰਾਤ ਆਪਣੀ ਪੂਜਾ ਲਈ ਜਾਂਦੇ ਹੋਏ ਉਹਨਾਂ ਨੂੰ ਇਕ ਆਦਮੀ ਮੱਛੀ ਨੂੰ ਹੱਥ ਵਿਚ ਫੜ ਕੇ ਲਿਜਾਉਂਦਾ ਹੋਇਆ ਮਿਲਿਆ। ਆਪਸੀ ਪੁਛ-ਤਾਛ ਤੋਂ ਬਾਅਦ ਉਸਨੇ ਕਿਹਾ ਕਿ ਉਹ ਦਰਿਆ ਦਾ ਦੇਵਤਾ ਹੈ ਤੇ ਇਹ ਭੇਟਾ ਉਹ ਗੁਰੂ ਜੀ ਲਈ ਲੈ ਜਾ ਰਿਹਾ ਹੈ ਤੇ ਉਸਨੂੰ ਆਪਣੀ ਸ਼ਕਤੀ ਗੁਰੂ ਜੀ ਕੋਲੋਂ ਮਿਲੀ

ਹੈ ਨਾਂ ਕਿ ਉਹਨਾਂ ਨੂੰ ਉਸ ਕੋਲੋਂ। ਨਾਲ ਹੀ ਉਸਨੇ ਕਿਹਾ, "ਮੈਂ ਪਾਣੀ ਹਾਂ ਤੇ ਉਹ ਹਵਾ ਹਨ ਜੋ ਕਿ ਜ਼ਿਆਦਾ ਵਧੀਆ ਤੱਤ ਹੈ। ਮੈਂ ਅਕਸਰ ਉਹਨਾਂ ਵਿਚ ਹੀ ਪਾਇਆ ਜਾਂਦਾ ਹਾਂ।" ਸੈਦੋ ਤੇ ਘੇਹੋ ਗੁਰੂ ਜੀ ਕੋਲ ਗਏ ਤੇ ਡੰਡਾਉਤ ਕੀਤੀ। ਉਹਨਾਂ ਨੇ ਪੁੱਛਿਆ ਕਿ ਉਹ ਇਸ ਵੇਲੇ ਉਹਨਾਂ ਕੋਲ ਕਿਉਂ ਆਏ ਹਨ। ਪਹਿਲੇ ਤਾਂ ਉਹ ਸੂਰਜ ਚੜ੍ਹਨ ਤੋਂ ਬਾਅਦ ਹੀ ਆਇਆ ਕਰਦੇ ਸਨ। ਫੇਰ ਉਹਨਾਂ ਨੇ ਆਪਣੀ ਖਵਾਜਾ ਖਿਜ਼ਰ ਦੀ ਪੂਜਾ ਕਰਨ ਦੇ ਯਤਨ ਦੀ ਸਾਰੀ ਕਹਾਣੀ ਮੰਨੀ ਅਤੇ ਗੁਰੂ ਜੀ ਕੋਲੋਂ ਮੁਆਫੀ ਮੰਗੀ। ਗੁਰੂ ਜੀ ਨੇ ਇਸ ਮੌਕੇ ਤੇ ਇਹ ਰਚਨਾ ਰਚੀ :

ਅੰਮ੍ਰਿਤੁ ਨੀਰੁ ਗਿਆਨਿ ਮਨ ਮਜਨੁ ਅਠਸਠਿ ਤੀਰਥ ਸੰਗਿ ਗਹੇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੨੮-੨੯)

ਉਸ ਸਮੇਂ ਗੁਰੂ ਜੀ ਨੇ ਨਿਮਨਲਿਖਿਤ ਉਚਾਰਨ ਕੀਤਾ :

ਜਿਨ੍ਹੀ ਨਾਮੁ ਵਿਸਾਰਿਆ ਦੂਜੈ ਭਰਮਿ ਭੁਲਾਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੨੦)

ਗੁਰੂ ਜੀ ਸਰਾਵਗੀ ਜਾਂ ਜੈਨ ਮੰਦਰ ਪਹੁੰਚੇ ਜਿੱਥੇ ਬਹੁਤ ਲੋਕ ਜਾਂਦੇ ਸਨ। ਜੈਨੀ ਪੁਜਾਰੀ ਨਰਭੀ ਆਪਣੇ ਅਨੁਯਾਈਆਂ ਨਾਲ ਉਹਨਾਂ ਨੂੰ ਮਿਲਣ ਗਿਆ। ਜੈਨੀ ਲੋਕ ਹਰ ਰੂਪ ਵਿਚ ਜੀਵਨ ਨੂੰ ਬੜਾ ਵਧਾ ਚੜ੍ਹਾ ਕੇ ਸਮਝਦੇ ਸਨ। ਜੈਨੀ ਪੁਜਾਰੀ ਨੇ ਸੁਣਿਆ ਹੋਇਆ ਸੀ ਕਿ ਗੁਰੂ ਜੀ ਨੂੰ ਇਸ ਵਿਸ਼ੇ ਤੇ ਜੈਨੀਆਂ ਵਾਲੀ ਝਿਜਕ ਨਹੀਂ ਹੈ। ਸੋ ਉਸਨੇ ਉਹਨਾਂ ਨਾਲ ਪੁਛ-ਗਿਛ ਸ਼ੁਰੂ ਕੀਤੀ। "ਤੁਸੀਂ ਪੁਰਾਣੀ ਮੱਕੀ ਖਾਂਦੇ ਹੋ ਕਿ ਨਵੀਂ? (ਮਤਲਬ ਕਿ ਤੁਸੀਂ ਕੀੜਿਆਂ ਵਾਲੀ ਮੱਕੀ ਖਾਂਦੇ ਹੋ ਕਿ ਬਿਨਾਂ ਕੀੜਿਆਂ ਤੋਂ?" ਤੁਸੀਂ ਠੰਡਾ ਪਾਣੀ ਪੀਂਦੇ ਹੋ, ਤੁਸੀ ਜੰਗਲ ਵਿਚ ਫਲ ਖਾਣ ਲਈ ਦਰੱਖਤਾਂ ਨੂੰ ਹਿਲਾਉਂਦੇ ਹੋ? ਤੁਹਾਡਾ ਗੁਰੂ ਕੌਣ ਹੈ ਅਤੇ ਉਸਨੂੰ ਕੀ ਸ਼ਕਤੀ ਹੈ ਕਿਉਂ ਤੁਹਾਨੂੰ ਮੁਆਫ ਕਰੇ ਕਿਉਂਕਿ ਤੁਸੀਂ ਇਹਨਾਂ ਨਿਯਮਾਂ ਨੂੰ ਤੋੜਦੇ ਹੋ ਤੇ ਜ਼ਿੰਦਗੀ ਨਸ਼ਟ ਕਰਦੇ ਹੋ?" ਗੁਰੂ ਜੀ ਨੇ ਜਵਾਬ ਵਿਚ ਇਸ ਪਉੜੀ ਦਾ ਉਚਾਰਨ ਕੀਤਾ :

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੪੯)

ਇਸ ਤੋਂ ਪਿਛੋਂ ਗੁਰੂ ਜੀ ਨੇ ਜੈਨੀਆਂ ਤੇ ਇਕ ਵਿਅੰਗ ਭਰਿਆ ਸ਼ਬਦ ਪੜ੍ਹਿਆ :

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੪੯)

ਜੈਨ ਪੰਡਿਤ ਨੇ ਗੁਰੂ ਜੀ ਨੂੰ ਪੁੱਛਿਆ ਕਿ ਉਹ ਬਰਸਾਤ ਦੇ ਮੌਸਮ ਵਿਚ ਸਫ਼ਰ ਕਿਉਂ ਕਰ ਰਹੇ ਹਨ ਜਦੋਂ ਕੀੜੇ ਬਾਹਰ ਹਨ ਤੇ ਉਹਨਾਂ ਨੂੰ ਪੈਰਾਂ ਹੇਠਾਂ ਮਾਰਨ ਦਾ ਖਤਰਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਉੱਤਰ ਦਿੱਤਾ :

ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੭੯)

ਜੈਨ ਪੁਜਾਰੀ ਜਾ ਕੇ ਉਹਨਾਂ ਦੇ ਚਰਨਾਂ ਤੇ ਡਿੱਗ ਪਿਆ ਤੇ ਉਹਨਾਂ ਦੇ ਧਰਮ ਦਾ ਅਨੁਯਾਈ ਬਣ ਗਿਆ। ਉਸ ਮੌਕੇ ਤੇ ਗੁਰੂ ਜੀ ਨੇ ਮਾਝ ਕੀ ਵਾਰ ਦੇ ਆਪਣੇ ਸ਼ਬਦ ਪੂਰੇ ਕੀਤੇ ਅਤੇ ਸੈਦੋ ਤੇ ਘੇਹੋ ਨੂੰ ਲਿਖਾਏ।

ਇਹ ਕਿਹਾ ਜਾਂਦਾ ਹੈ ਕਿ ਗੁਰੂ ਜੀ ਫੇਰ ਸਮੁੰਦਰ ਵਿਚ ਇਕ ਟਾਪੂ ਤੇ ਗਏ ਜਿੱਥੇ ਇਕ ਨਿਰਦਈ ਮਨੁੱਖਤਾਹੀਣ ਰਾਜ ਕਰਦਾ ਸੀ। ਉਸ ਟਾਪੂ ਦਾ ਨਾਂ ਲਿਖਤਾਂ ਵਿਚ ਨਹੀਂ ਮਿਲਦਾ। ਸੈਦੋ ਤੇ ਘੇਹੋ ਤੋਂ ਇਲਾਵਾ ਇਕ ਤੀਸਰਾ ਜੱਟ ਸੀਹੋ ਗੁਰੂ ਜੀ ਨਾਲ ਉਥੇ ਗਿਆ। ਉਹਨਾਂ ਨੂੰ ਵੇਖ ਕੇ ਜ਼ਾਲਮ ਰਾਜੇ ਨੇ ਫੈਸਲਾ ਕਰ ਲਿਆ ਕਿ ਉਸਦੇ ਰਾਜ ਵਿਚ ਦਾਖਲ ਹੋਣ ਦੇ ਕਸੂਰ ਵਿਚ ਉਹ ਉਹਨਾਂ ਨੂੰ ਮਾਰ ਦੇਵੇਗਾ। ਉਸਨੇ ਗੁਰੂ ਜੀ ਨੂੰ ਆਪਣੇ ਗੁੱਸੇ ਦਾ ਪਹਿਲਾਂ ਸ਼ਿਕਾਰ ਬਣਾਇਆ। ਗੁਰੂ ਜੀ ਅੰਤਰਲੀਨ ਹੋ ਗਏ ਤੇ ਇਸ ਸ਼ਬਦ ਦਾ ਗਾਇਣ ਕੀਤਾ :

ਸਾਹਿਬੁ ਹੋਇ ਦਇਆਲੁ ਕਿਰਪਾ ਕਰੇ ਤਾਂ ਸਾਈ ਕਾਰ ਕਰਾਇਸੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੪੭੧)

ਇਹ ਸ਼ਬਦ ਸੁਣ ਕੇ ਜ਼ਾਲਮ ਰਾਜਾ ਆਪਣੇ ਇਰਾਦੇ ਤੋਂ ਬਾਜ਼ ਆ ਗਿਆ ਅਤੇ ਗੁਰੂ ਜੀ ਅੱਗੇ ਡੰਡਾਉਤ ਬੰਦਨਾ ਕਰਨ ਲੱਗਾ। ਸੈਦੋ ਨੇ ਉਸਨੂੰ ਗੁਰੂ ਜੀ ਦੀ ਚਰਨਪਾਹੁਲ ਦਿੱਤੀ ਤੇ ਸਿੱਖ ਬਣਾ ਲਿਆ ਤੇ ਮੁਕਤੀ ਪ੍ਰਦਾਨ ਕੀਤੀ। ਗੁਰੂ ਜੀ ਉਸ ਮੌਕੇ ਤੇ ਪੀਰ ਮਖਦੂਮ ਬਾਹਾ-ਉਲ-ਦੀਨ ਦੇ ਜਾ ਨਸ਼ੀਨ ਨੂੰ ਮਿਲੇ ਜੋ ਆਪਣੀ ਆਤਮਿਕ ਤੇ ਦੁਨਿਆਵੀ ਮਹਾਨਤਾ ਨੂੰ ਬਹੁਤ ਵਧਾ ਚੜ੍ਹਾ ਕੇ ਸਮਝਦਾ ਸੀ। ਗੁਰੂ ਜੀ ਨੂੰ ਜਦੋਂ ਉਸਦੇ ਪਾਖੰਡ ਦਾ ਵਿਸ਼ਵਾਸ ਹੋ ਗਿਆ ਤਾਂ ਉਹਨਾਂ ਨੇ ਇਹ ਸ਼ਬਦ ਦਾ ਉਚਾਰਨ ਕੀਤਾ :

ਸਉ ਓਲਾਮੇ ਦਿਨੈ ਕੇ ਰਾਤੀ ਮਿਲਨਿ ਸਹੰਸ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੭੯੦)

ਪੀਰ ਫੇਰ ਉਹਨਾਂ ਦੇ ਚਰਨਾਂ ਤੇ ਡਿੱਗ ਪਿਆ ਅਤੇ ਗੁਰੂ ਜੀ ਨੂੰ ਉਹਨਾਂ ਭ੍ਰਮਣ ਬੰਦ ਕਰਕੇ ਆਪਣੇ ਕੋਲ ਰਹਿਣ ਲਈ ਕਿਹਾ। ਜਿਸਦੇ ਜਵਾਬ ਵਿਚ ਗੁਰੂ ਜੀ ਨੇ ਇਹ ਖ਼ਿਆਲ ਉਚਾਰਨ ਕੀਤਾ ਤੇ ਸਿੱਖਿਆ ਦਿੱਤੀ :

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੬੪)

ਇਹ ਸ਼ਬਦ ਸੁਣ ਕੇ ਪੀਰ ਨੂੰ ਯਕੀਨ ਆ ਗਿਆ ਕਿ ਗੁਰੂ ਜੀ ਇਕ ਮਹਾਨ ਆਤਮਿਕ ਆਗੂ ਸਨ।

ਭਾਗ ਤੇਰ੍ਹਵਾਂ

ਗੁਰੂ ਜੀ ਨੇ ਫੇਰ ਲੰਕਾ ਵੱਲ ਜਾਣ ਦਾ ਵਿਚਾਰ ਕੀਤਾ ਅਤੇ ਉਥੇ ਪਹੁੰਚਣ ਵਿਚ ਸਫਲ

ਹੋਏ। ਉਥੇ ਜਾ ਕੇ ਉਹਨਾਂ ਨੇ ਰਾਜਾ ਸ਼ਿਵਨਾਥ ਦੇ ਬਾਗ ਵਿਚ ਡੇਰਾ ਲਾ ਲਿਆ। ਉਸ ਵੇਲੇ ਕਿਹਾ ਜਾਂਦਾ ਹੈ ਕਿ ਉਹ ਬਾਗ ਬੰਜਰ ਸੀ ਪਰ ਗੁਰੂ ਜੀ ਦੇ ਉੱਥੇ ਪਹੁੰਚਣ ਨਾਲ ਹਰਾ ਭਰਾ ਹੋ ਗਿਆ। ਬਾਗ ਦੇ ਮਾਲੀ ਨੇ ਰਾਜੇ ਨੂੰ ਬੇਨਤੀ ਕੀਤੀ ਕਿ ਉਹ ਜਾ ਕੇ ਉਸ ਫ਼ਕੀਰ ਨੂੰ ਮਿਲੇ ਜਿਸਨੇ ਉਜੜੇ ਬਾਗ ਵਿਚ ਫਿਰ ਤੋਂ ਬਹਾਰ ਲਿਆ ਦਿੱਤੀ ਹੈ। ਰਾਜੇ ਨੇ ਸੁੰਦਰ ਇਸਤ੍ਰੀਆਂ ਨੂੰ ਗੁਰੂ ਜੀ ਅੱਗੇ ਨੱਚਣ ਤੇ ਆਪਣੇ ਹਾਵਾਂ-ਭਾਵਾਂ ਨਾਲ ਭਰਮਾਉਣ ਲਈ ਭੇਜਿਆ। ਗੁਰੂ ਜੀ ਕਿਉਂਕਿ ਆਪਣੇ ਖ਼ਿਆਲਾਂ ਵਿਚ ਹੀ ਮਗਨ ਸਨ ਇਸ ਲਈ ਨਾ ਤਾਂ ਉਹਨਾਂ ਨੇ ਸੁੰਦਰੀਆਂ ਨਾਲ ਕੋਈ ਗੱਲਬਾਤ ਕੀਤੀ ਅਤੇ ਨਾ ਹੀ ਕੋਈ ਧਿਆਨ ਦਿੱਤਾ। ਰਾਜੇ ਨੇ ਆ ਕੇ ਉਹਨਾਂ ਦਾ ਨਾਂ, ਜਾਤ ਤੇ ਇਹ ਪੁੱਛਿਆ ਕਿ ਕੀ ਉਹ ਜੋਗੀ ਹਨ। ਗੁਰੂ ਜੀ ਨੇ ਇਸ ਤਰ੍ਹਾਂ ਜਵਾਬ ਦਿੱਤਾ :

ਜੋਗੀ ਜੁਗਤਿ ਨਾਮੁ ਨਿਰਮਾਇਲੁ ਤਾ ਕੈ ਮੈਲੁ ਨ ਰਾਤੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੯੨)

ਰਾਜੇ ਨੇ ਪੁੱਛਿਆ ਕਿ ਕੀ ਉਹ ਬ੍ਰਾਹਮਣ ਹਨ ਤਾਂ ਗੁਰੂ ਜੀ ਨੇ ਜਵਾਬ ਦਿੱਤਾ :

ਬ੍ਰਹਮਣ ਬ੍ਰਹਮ ਗਿਆਨ ਇਸਨਾਨੀ ਹਰਿ ਗੁਣ ਪੂਜੇ ਪਾਤੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੯੨)

ਰਾਜੇ ਨੇ ਪੁੱਛਿਆ ਕਿ ਕੀ ਉਹ ਵਪਾਰੀ ਹਨ। ਗੁਰੂ ਜੀ ਨੇ ਇਹ ਜਵਾਬ ਦਿੱਤਾ :

ਜਿਹਵਾ ਡੰਡੀ ਇਹੁ ਘਟੁ ਛਾਬਾ ਤੋਲਉ ਨਾਮੁ ਅਜਾਚੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੨੨)

ਰਾਜੇ ਨੇਂ ਫੇਰ ਪੁੱਛਿਆ ਕਿ ਉਹ ਹਿੰਦੂ ਹਨ ਕਿ ਮੁਸਲਮਾਨ। ਗੁਰੂ ਜੀ ਰਹੱਸਮਈ ਢੰਗ ਨਾਲ ਆਪਣੇ ਉੱਤਰ ਦਿੰਦੇ ਗਏ :

ਦੋਵੈ ਸਿਰੇ ਸਤਿਗੁਰੂ ਨਿਬੇੜੇ ਸੋ ਬੂਝੈ ਜਿਸੁ ਏਕ ਲਿਵ ਲਾਗੀ ਜੀਅਹੁ ਰਹੈ ਨਿਭਰਾਤੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੯੨)

ਰਾਜੇ ਨੇ ਫੇਰ ਪੁੱਛਿਆ ਕਿ ਕੀ ਉਹ ਗੋਰਖਨਾਥ ਹਨ। ਗੁਰੂ ਜੀ ਨੇ ਰਾਜੇ ਦੀ ਜਗਿਆਸਾ ਨੂੰ ਖਤਮ ਕਰਨ ਵਿਚ ਕੋਈ ਝੁਕਾਅ ਨਾ ਜ਼ਾਹਰ ਕੀਤਾ :

ਊਪਰਿ ਗਗਨੁ ਗਗਨ ਪਰਿ ਗੋਰਖੁ ਤਾ ਕਾ ਅਗਮੁ ਗੁਰੂ ਪੁਨਿ ਵਾਸੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੯੨)

ਜਦੋਂ ਗੁਰੂ ਜੀ ਆਪਣਾ ਕਥਨ ਕਹਿ ਚੁੱਕੇ ਤਾਂ ਰਾਜੇ ਨੇ ਉਹਨਾਂ ਨੂੰ ਮਹਿਲ ਦੇ ਅੰਦਰ ਆ ਕੇ ਰਾਣੀ ਨੂੰ ਮਿਲਣ ਲਈ ਨਿਮੰਤ੍ਰਿਤ ਕੀਤਾ। ਰਾਜੇ ਨੇ ਗੁਰੂ ਜੀ ਨੂੰ ਆਪਣੇ ਮੱਤ ਦੀ ਰਾਣੀ ਅੱਗੇ ਵਿਆਖਿਆ ਕਰਨ ਦਾ ਅਵਸਰ ਦਿੱਤਾ।

ਗੁਰੂ ਜੀ ਦੀ ਲੰਕਾ ਯਾਤਰਾ ਦੌਰਾਨ ਹੀ ਉਹਨਾਂ ਨੇ ਪਰਾਣਸੰਗਲੀ ਦੀ ਰਚਨਾ ਕੀਤੀ ਜਿਸ ਵਿਚ ਰੱਬ ਦੇ ਚੁੱਪ ਚੁਪੀਤੇ ਮਹਿਲ ਦਾ ਹਾਲ ਹੈ ਅਤੇ ਕਿਸ ਤਰੀਕੇ ਨਾਲ ਰੱਬ ਦਾ ਸਿਮਰਨ ਕੀਤਾ ਜਾ ਸਕਦਾ ਹੈ। ਗੁਰੂ ਜੀ ਦੀਆਂ ਕੁਝ ਆਪਣੇ ਬਾਰੇ ਉਚਾਰਨ ਕੀਤੀਆਂ ਹੋਈਆਂ ਗੱਲਾਂ

ਅਤੇ ਆਤਮਾ ਤੇ ਸਰੀਰ ਦੀ ਪ੍ਰਕਿਰਤੀ ਦਾ ਬਿਆਨ ਹੈ। ਸ਼ੁਰੂ ਦੇ ਸ਼ਲੋਕ ਇਸ ਤਰ੍ਹਾਂ ਅਰੰਭ ਹੁੰਦੇ ਹਨ।

ਸਭ ਲੋਕ ਕਹਿੰਦੇ ਹਨ ਸਭ ਤੋਂ ਉੱਚ ਆਤਮਿਕ ਅਵਸਥਾ ਸ਼ੂੰਨ ਹੈ। ਸਭ ਤੋਂ ਉਚ ਆਤਮਿਕ ਅਵਸਥਾ ਕੋਈ ਖੁਸ਼ੀ ਜਾਂ ਗਮੀ ਨਹੀਂ। ਸਭ ਤੋਂ ਉਚ ਆਤਮਿਕ ਅਵਸਥਾ ਵਿਚ ਕੋਈ ਆਸਾਂ ਅਤੇ ਖਾਹਿਸ਼ਾਂ ਨਹੀਂ। ਸਭ ਤੋਂ ਉਚ ਆਤਮਿਕ ਅਵਸਥਾ ਵਿਚ ਕੋਈ ਜਾਤਾਂ ਜਾਂ ਜਾਤਾਂ ਦੇ ਚਿੰਨ੍ਹ ਨਹੀਂ ਵੇਖੇ ਜਾਂਦੇ।

ਸਭ ਤੋਂ ਉੱਚ ਆਤਮਿਕ ਅਵਸਥਾ ਵਿਚ ਕੋਈ ਸਿਖਿਆ ਨਹੀਂ ਤੇ ਨ ਹੀ ਸ਼ਬਦਾਂ ਦਾ ਗਾਇਨ ਹੁੰਦਾ ਹੈ।

ਸਭ ਤੋਂ ਉੱਚ ਆਤਮਿਕ ਅਵਸਥਾ ਵਿਚ ਦੇਵ ਲੋਕ ਵਾਲੀ ਭਗਤੀ ਵਧਦੀ ਹੈ।

ਸਭ ਤੋਂ ਉੱਚ ਆਤਮਿਕ ਅਵਸਥਾ ਵਿਚ ਉਹ ਲੋਕ ਹੁੰਦੇ ਹਨ ਜੋ ਆਪਣੇ ਆਪ ਨੂੰ ਜਾਣਦੇ ਹਨ।

ਨਾਨਕ ਮੇਰਾ ਮਨ ਆਤਮਿਕ ਉੱਚ ਅਵਸਥਾ ਤੋਂ ਸੰਤੁਸ਼ਟ ਹੈ।

ਸੈਦੋ ਅਤੇ ਘੇਹੋ ਨੇ ਬਾਅਦ ਵਿਚ ਯਾਦ ਕੀਤੀ ਹੋਈ ਪ੍ਰਾਣਸੰਗਲੀ ਨੂੰ ਲਿਖਿਤ ਵਿਚ ਲਿਆਉਂਦਾ।

ਗੁਰੂ ਜੀ ਨੇ ਸ਼ਿਵਰਾਤ[1] ਦੇ ਮੇਲੇ ਬਾਰੇ ਸੁਣਿਆ ਹੋਇਆ ਸੀ। ਇਸ ਕਰਕੇ ਭਾਰਤ ਵਾਪਸ ਆ ਕੇ ਉਹ ਅਚਲ[2] ਬਟਾਲਾ ਆਪਣੇ ਸਿਧਾਂਤਾਂ ਦਾ ਪ੍ਰਚਾਰ ਕਰਨ ਚਲੇ ਗਏ। ਸਾਰਾ ਦੇਸ਼ ਉਹਨਾਂ ਨੂੰ ਵੇਖਣ ਤੇ ਸੁਣਨ ਲਈ ਉੱਥੇ ਇਕੱਠਾ ਹੋ ਗਿਆ ਤੇ ਉਹਨਾਂ ਨੂੰ ਬਹੁਤ ਭੇਟਾਵਾਂ ਦਿੱਤੀਆਂ। ਉਹਨਾਂ ਦੀ ਕਾਮਯਾਬੀ ਵੇਖ ਕੇ ਜੋਗੀਆਂ ਨੂੰ ਈਰਖਾ ਹੋਈ ਤੇ ਉਹਨਾਂ ਨੇ ਗੁਰੂ ਜੀ ਨੂੰ ਨੀਵਾਂ ਦਿਖਾਉਣ ਦੀ ਠਾਣ ਲਈ। ਵੱਡੇ ਜੋਗੀ ਭੰਗਰਨਾਥ ਨੇ ਉਹਨਾਂ ਨੂੰ ਪੁੱਛਿਆ ਤੁਸੀਂ ਇਕ ਧਰਮੀ ਆਦਮੀ ਹੋ ਕੇ ਗ੍ਰਹਿਸਥ ਜੀਵਨ ਧਾਰਨ ਕਰਕੇ ਦੁੱਧ ਵਿਚ ਕਾਂਜੀ ਕਿਉਂ ਮਿਲਾਈ ਹੈ। ਜਦੋਂ ਦੁੱਧ ਖੱਟਾ ਹੋ ਜਾਂਦਾ ਹੈ ਤਾਂ ਰਿੜਕਣ ਨਾਲ ਮੱਖਣ ਨਹੀਂ ਨਿਕਲਦਾ। ਤੁਸੀਂ ਆਪਣਾ ਸਾਧੂਆਂ ਵਾਲਾ ਭੇਸ ਲਾਹ ਕੇ ਆਮ ਲੋਕਾਂ ਵਾਲਾ ਪਹਿਰਾਵਾ ਕਿਉਂ ਪਾਇਆ ਹੋਇਆ ਹੈ?"

ਗੁਰੂ ਜੀ ਨੇ ਜਵਾਬ ਦਿੱਤਾ, "ਓ ਭੰਗਰਨਾਥ, ਤੇਰੀ ਮਾਂ ਕੁਚੱਜੀ ਸੀ ਉਸਨੂੰ ਇਹ ਨਹੀਂ ਸੀ ਪਤਾ ਕਿ ਰਿੜਕਣ ਵਾਲਾ ਭਾਂਡਾ ਕਿਸ ਤਰ੍ਹਾਂ ਧੋਈਦਾ ਹੈ ਇਸ ਕਰਕੇ ਤੇਰਾ ਮੱਖਣ ਕੱਢਣਾ ਖਰਾਬ ਹੋ ਗਿਆ। ਤੂੰ ਆਪਣੇ ਪਰਿਵਾਰ ਨੂੰ ਛੱਡ ਕੇ ਸੰਨਿਆਸੀ ਬਣ ਗਿਆ ਹੈ ਅਤੇ ਫੇਰ ਵੀ ਗ੍ਰਹਿਸਥੀ ਆਦਮੀਆਂ ਦੇ ਘਰ ਮੰਗਣ ਜਾਂਦਾ ਹੈ। ਜੇ ਤੂੰ ਇਥੇ ਹੀ ਕੁਝ ਨਹੀਂ ਕਰ ਰਿਹਾ ਤਾਂ ਤੈਨੂੰ

---

1. ਅਚਲ ਬਟਾਲੇ ਸ਼ਿਵਰਾਤਰੀ ਦਾ ਮੇਲਾ ਫੱਗਣ ਦੀ ਮੱਸਿਆ ਨੂੰ ਲੱਗਦਾ ਹੈ। ਇਹ ਸ਼ਿਵ ਦੇਵਤਾ ਦੀ ਯਾਦ ਵਿਚ ਲੱਗਦਾ ਹੈ। ਆਇਨ-ਏ-ਅਕਬਰੀ ਵਿਚ ਲਿਖਿਆ ਹੈ ਕਿ ਅਕਬਰ ਬਾਦਸ਼ਾਹ ਜੋਗੀਆਂ ਨਾਲ ਮੀਟਿੰਗਾਂ ਕਰਦਾ ਤੇ ਉਹਨਾਂ ਨਾਲ ਖਾਂਦਾ-ਪੀਂਦਾ ਸੀ। ਸ਼ਰਾਬ ਦੇ ਲੋਰ ਵਿਚ ਜੋਗੀ ਕਿਹਾ ਕਰਦੇ ਸਨ ਕਿ ਅਕਬਰ ਬਾਦਸ਼ਾਹ ਦੀ ਉਮਰ ਆਮ ਮਨੁੱਖ ਨਾਲੋਂ ਤਿਗੁਨੀ ਜਾਂ ਚੌਗੁਨੀ ਹੋਵੇਗੀ।
2. ਅੱਚਲ ਬਟਾਲੇ ਤੋਂ ਤਿੰਨ ਮੀਲ ਹੈ। ਬਟਾਲੇ ਦੇ ਵਧੇਰੇ ਵਿਸਥਾਰ ਲਈ ਖੁਲਾਸਾਤੁਲ-ਤਵਾਰੀਖ ਵੇਖੋ ਕਿਉਂਕਿ ਉਸ ਦਾ ਕਰਤਾ ਬਟਾਲੇ ਦਾ ਰਹਿਣ ਵਾਲਾ ਸੀ।

ਬਾਅਦ ਵਿਚ ਕੀ ਮਿਲ ਸਕਦਾ ਹੈ।"

ਭੰਗਰਨਾਥ ਨੇ ਗੁਰੂ ਜੀ ਦੇ ਸਵਾਲਾਂ ਦਾ ਕੋਈ ਜਵਾਬ ਨਾ ਦਿੱਤਾ ਪਰ ਇਕ ਹੋਰ ਵਿਸ਼ੇ ਤੇ ਗੱਲ ਕਰਨ ਲੱਗ ਪਿਆ, "ਓ ਨਾਨਕ, ਤੁਸੀਂ ਦੁਨੀਆਂ ਨੂੰ ਕਰਾਮਾਤਾਂ ਕਰ ਕੇ ਦਿਖਾਈਆਂ ਹਨ, ਤੁਸੀਂ ਸਾਨੂੰ ਕਰਾਮਾਤਾਂ ਦਿਖਾਉਣ ਵਿਚ ਕਿਉਂ ਝਿਜਕ ਰਹੇ ਹੋ?" ਗੁਰੂ ਜੀ ਨੇ ਜਵਾਬ ਦਿੱਤਾ, "ਮੇ ਰੇ ਕੋਲ ਕੁਝ ਵੀ ਵਿਖਾਉਣ ਯੋਗ ਨਹੀਂ ਹੈ। ਗੁਰਬਾਣੀ ਤੋਂ ਬਿਨਾਂ ਮਨੁੱਖ ਕੋਲ ਹੋਰ ਕੋਈ ਸਹਾਰਾ ਨਹੀਂ ਹੈ। ਜੇ ਆਦਮੀ ਧਰਤੀ ਨੂੰ ਹਿਲਾਉਣਾ ਚਾਹਵੇ ਤਾਂ ਰੱਬ ਉਸਨੂੰ ਇਹੋ ਜਿਹੀ ਅਯੋਗ ਗੱਲ ਦੀ ਆਗਿਆ ਨਹੀਂ ਦੇਵੇਗਾ। ਇਹ ਗੱਲ ਸੁਣੋ ਮੈਂ ਹਕੀਕਤ ਬਿਆਨ ਕਰ ਰਿਹਾ ਹਾਂ, ਮੇਰੇ ਕੋਲ ਸੱਚੇ ਨਾਮ ਤੋਂ ਬਿਨਾਂ ਕੋਈ ਕਰਾਮਾਤ ਨਹੀਂ ਹੈ।"

ਪਹਿਰਾ ਅਗਨਿ ਹਿਵੈ ਘਰੁ ਬਾਧਾ ਭੋਜਨੁ ਸਾਰੁ ਕਰਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੪੭)

ਬਟਾਲਾ ਵਿਚ ਗੁਰੂ ਜੀ ਨੇ ਸਾਰੇ ਜੋਗੀਆਂ ਨੂੰ ਜੋ ਮੇਲੇ ਤੇ ਆਏ ਹੋਏ ਸਨ, ਵਾਦ-ਵਿਵਾਦ ਵਿਚ ਹਰਾ ਦਿੱਤਾ ਤੇ ਫਲਸਫੇ ਦੀਆਂ ਛੇ ਧਾਰਨਾਵਾਂ ਦੇ ਅਨੁਯਾਈਆਂ ਨੂੰ ਆਪਣੇ ਅੱਗੇ ਝੁੱਕਣ ਲਈ ਮਜਬੂਰ ਕੀਤਾ। ਜੋਗੀਆਂ ਨੇ ਬਾਅਦ ਵਿਚ ਉਹਨਾਂ ਦੀ ਸਫ਼ਲਤਾ ਤੇ ਵਧਾਈ ਦਿੱਤੀ ਤੇ ਕਿਹਾ, "ਓ ਨਾਨਕ, ਤੂੰ ਧੰਨ ਹੈ, ਧੰਨ ਤੇਰੇ ਕਰਮ ਹਨ ਕਲਿਯੁਗ ਵਿਚ ਪ੍ਰਕਾਸ਼ ਕਰਨ ਲਈ ਤੁਹਾਡੇ ਵਰਗੇ ਮਹਾਨ ਪੁਰਖ ਦਾ ਜਨਮ ਹੋਇਆ ਹੈ।" ਹੁਣ ਜੋਗੀਆਂ ਦੇ ਰੋਜ਼ਾਨਾ ਸ਼ਰਾਬ ਪੀਣ ਦਾ ਵਕਤ ਹੋ ਗਿਆ ਸੀ ਤੇ ਪਿਆਲਾ ਇਕ ਦੂਸਰੇ ਨੂੰ ਦਿੱਤਾ ਜਾ ਰਿਹਾ ਸੀ। ਗੁਰੂ ਜੀ ਕੋਲ ਜਦੋਂ ਪਿਆਲਾ ਪਹੁੰਚਿਆ ਤਾਂ ਉਹਨਾਂ ਨੇ ਕਿਹਾ ਇਹ ਕੀ ਹੈ। ਉਹਨਾਂ ਨੇ ਕਿਹਾ ਕਿ ਇਹ ਸਿੱਧੀ ਦਾ ਪਿਆਲਾ ਹੈ। ਉਹਨਾਂ ਨੇ ਪੁੱਛਿਆ ਕਿ ਇਸ ਵਿਚ ਕੀ ਹੈ। ਉਹਨਾਂ ਨੇ ਕਿਹਾ ਕਿ ਇਸ ਵਿਚ ਸੀਰਾ ਤੇ ਧਵੇ ਦੇ ਬੂਟੇ ਦੇ ਫੁੱਲ ਹਨ ਜਿਸ ਤੋਂ ਭਾਰਤੀ ਸ਼ਰਾਬ ਬਣਦੀ ਹੈ। ਗੁਰੂ ਜੀ ਨੇ ਫੇਰ ਇਹ ਸ਼ਬਦ ਦਾ ਉਚਾਰਨ ਕੀਤਾ:

ਗੁੜੁ ਕਰਿ ਗਿਆਨੁ ਧਿਆਨੁ ਕਰਿ ਧਾਵੈ ਕਰਿ ਕਰਣੀ ਕਸੁ ਪਾਈਐ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੩੬੦)

ਜੋਗੀਆਂ ਨੇ ਪੁੱਛਿਆ ਕਿ ਕੀ ਉਹ ਭਿੱਖਿਆ ਮੰਗ ਕੇ ਨਿਰਬਾਹ ਕਰਦੇ ਹਨ। ਗੁਰੂ ਜੀ ਨੇ ਜਵਾਬ ਵਿਚ ਕਿਹਾ, "ਜੋ ਉਸ ਨਿਰੰਕਾਰ ਵਿਚ ਲੀਨ ਹੈ ਉਹ ਭੀਖ ਕਿਉਂ ਮੰਗਣ ਜਾਵੇਂ?" ਫੇਰ ਉਹਨਾਂ ਨੇ ਪੁੱਛਿਆ ਕਿ ਕੀ ਉਹ ਸਾਧੂ ਹਨ ਕਿ ਉਦਾਸੀ? ਫੇਰ ਗੁਰੂ ਜੀ ਨੇ ਇੰਜ ਜਵਾਬ ਦਿੱਤਾ:

ਜੋ ਗਿਆਨ ਦੀ ਤਲਵਾਰ ਲੈ ਕੇ ਮਨ ਵਿਚ ਯੁੱਧ ਕਰਦਾ ਹੈ

ਜੋ ਦਸਾਂ ਇੰਦ੍ਰੀਆਂ ਦੇ ਭੇਦਾਂ ਤੋਂ ਉਹਨਾਂ ਭਾਵਨਾਵਾਂ ਤੋਂ ਅਤੇ ਪੰਜ ਵਿਸ਼ਿਆਂ ਤੋਂ ਜਾਣੂ ਹੈ।

ਜਿਹੜਾ ਰੱਬੀ ਗਿਆਨ ਦੀ ਗੰਢ ਮਨ ਵਿਚ ਪਾ ਸਕਦਾ ਹੈ।

ਜਿਹੜਾ ਸਾਰੇ ਸਾਲ ਦੇ ਤਿੰਨ ਸੌ ਪੈਂਹਠ ਦਿਨਾਂ ਵਿਚੋਂ ਹਰ ਇਕ ਦਿਨ ਯਾਤਰਾ ਕਰ

ਸਕਦਾ ਹੈ।

ਜਿਹੜਾ ਆਪਣੇ ਮਨ ਵਿਚੋਂ ਹੰਕਾਰ ਦੀ ਗੰਦਗੀ ਮਿਟਾ ਸਕਦਾ ਹੈ। ਨਾਨਕ ਕਹਿੰਦਾ ਹੈ ਉਹ ਹੀ ਉਦਾਸੀ ਹੈ।

ਫੇਰ ਜੋਗੀਆਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਕੀ ਉਹ ਅਵਧੂਤ ਹਨ ਤਾਂ ਗੁਰੂ ਜੀ ਨੇ ਉਹਨਾਂ ਨੂੰ ਦੱਸਿਆ ਕਿ ਅਵਧੂਤ ਕਿਸ ਤਰ੍ਹਾਂ ਹੋਣਾ ਚਾਹੀਦਾ ਹੈ :

ਉਹ ਗੁਰੂ ਦਾ ਸੇਵਕ ਹੈ ਜਿਹੜਾ ਕਾਮਵਾਸ਼ਨਾ ਤੇ ਕਾਬੂ ਪਾਉਂਦਾ ਹੈ।

ਜਿਹੜਾ ਸੰਸਾਰਕ ਖਾਹਿਸ਼ਾਂ ਤੋਂ ਸੁਤੰਤਰ ਹੈ।

ਉਹ ਦਿਆਲੂ ਜਿਸ ਨਜ਼ਰ ਨਾਲ ਉਸਨੂੰ ਵੇਖਦਾ ਹੈ ਉਸ ਨੂੰ ਆਪਣੀ ਭਿੱਛਿਆ ਕਰਕੇ ਪ੍ਰਾਪਤ ਕਰਦਾ ਹੈ।

ਉਸਨੂੰ ਨਰਮ ਸਮਝੋ ਜਿਸ ਦਾ ਦਿਲ ਨਰਮ ਹੈ ਅਤੇ ਜਿਸ ਦੀ ਸਿੱਖਿਆ ਵਿਚ ਲਾਭਦਾਇਕ ਸ਼ਬਦ ਹੋਣ, ਨਾਨਕ ਕਹਿੰਦਾ ਹੈ ਉਹ ਅਵਧੂਤ ਹੈ।

ਜਿਸਦਾ ਮਨ ਡੋਲਦਾ ਨਹੀਂ, ਜਿਹੜਾ ਤਮਾਸ਼ੇ ਵੇਖਣ ਨਹੀਂ ਜਾਂਦਾ ਜਾਂ ਜੂਆ ਜਾਂ ਚੋਪੜ ਨਹੀਂ ਖੇਡਦਾ।

ਜਿਹੜਾ ਸੰਸਾਰ ਦੀਆਂ ਚੰਗੀਆਂ ਮੰਦੀਆਂ ਵਸਤੂਆਂ ਨਾਲ ਮੋਹ ਨਹੀਂ ਪਾਉਂਦਾ ਜੋ ਗੁਰੂ ਦਿੰਦਾ ਹੈ ਉਹ ਹੀ ਪਹਿਨ ਲੈਂਦਾ ਹੈ।

ਜੋ ਜਦੋਂ ਕਿਸੇ ਦੇ ਘਰ ਜਾਂਦਾ ਹੈ ਮੰਦੀਆਂ ਗੱਲਾਂ ਨਹੀਂ ਕਰਦਾ।

ਸੱਚੇ ਗੁਰੂ ਵਲੋਂ ਵਰਜਿਤ ਗੱਲਾਂ ਦਾ ਧਿਆਨ ਰੱਖਦਾ ਹੈ।

ਹੇ ਸਾਧੂ ਜੋ ਗੁਰੂ ਦੀ ਸਿੱਖਿਆ ਪ੍ਰਾਪਤ ਕਰਦਾ ਹੈ।

ਨਾਨਕ ਕਹਿੰਦੇ ਹਨ ਇਹੋ ਜਿਹਾ ਆਦਮੀ ਅਵਧੂਤ ਹੈ।

ਜੋਗੀਆਂ ਨੇ ਫੇਰ ਜਾਨਣਾ ਚਾਹਿਆ ਕਿ ਕੀ ਉਹ ਜੋਗੀ ਹਨ ਤਾਂ ਗੁਰੂ ਜੀ ਨੇ ਉੱਤਰ ਦਿੱਤਾ :

ਓਟ ਤੋਂ ਬਿਨਾਂ ਬੈਠੇ ਰਹਿਣਾ, ਪੰਜਾਂ ਵਿਸ਼ਿਆਂ ਨੂੰ ਇਕੱਠਾ ਕਰਕੇ ਕਾਬੂ ਰੱਖਣਾ, ਥੋੜ੍ਹਾ ਸੌਣਾ ਤੇ ਥੋੜ੍ਹਾ ਖਾਣਾ, ਆਪਣੇ ਪਵਿੱਤਰ ਸਰੀਰ ਦਾ ਧਿਆਨ ਰੱਖਣਾ।

ਆਪਣੀ ਭਗਤੀ ਵਿਚ, ਸਾਧਨਾ ਵਿਚ, ਆਪਣੇ ਆਪ ਤੇ ਜ਼ਬਤ ਵਿਚ ਅਤੇ ਰੱਬ ਦੀ ਯਾਦ ਵਿਚ ਪੱਕਾ ਰਹਿਣਾ।

ਨਾਨਕ ਕਹਿੰਦੇ ਹਨ ਇਹ ਜੋਗੀ ਦੇ ਲੱਛਣ ਹਨ।

ਜਦੋਂ ਉਹ ਬਚਨ ਕਰਦਾ ਹੈ ਤਾਂ ਦੈਵੀ ਸਿਆਣਪ ਨਾਲ ਬੋਲਦਾ ਹੈ।

ਰੱਬ ਦੀ ਭਗਤੀ ਵਿਚ ਦਿਨ ਰਾਤ ਜਾਗਦਾ ਹੈ। ਉਹ ਆਪਣੀ ਤਾਰ ਪ੍ਰਭੂ ਭਗਤੀ ਨਾਲ ਲਾਈ ਰੱਖਦਾ ਹੈ।

ਗੁਰੂ ਦੀ ਕ੍ਰਿਪਾ ਨਾਲ ਕਦੀ ਮਰਦਾ ਨਹੀਂ।

ਸਾਰੇ ਦੇਵਤੇ ਉਸਨੂੰ ਨਮਸਕਾਰ ਕਰਦੇ ਹਨ। ਜਿਹੜਾ ਇਸ ਤਰੀਕੇ ਨਾਲ ਗੁਰੂ ਦੀ ਸੇਵਾ

ਕਰਦਾ ਹੈ ਅਤੇ ਜਿਹੜਾ ਆਪਣੀ ਜੀਭਾ ਨੂੰ ਸੁਆਦਾਂ ਨੂੰ ਚੱਖਣ ਦੀ ਆਗਿਆ ਨਹੀਂ ਦਿੰਦਾ।

ਨਾਨਕ ਕਹਿੰਦੇ ਹਨ ਇਹ ਜੋਗੀ ਦੇ ਚਿੰਨ੍ਹ ਹਨ।

ਜਿਹੜਾ ਗੁੱਸੇ, ਲਾਲਸਾ ਅਤੇ ਲੋਭ ਨੂੰ ਖ਼ਤਮ ਕਰਦਾ ਹੈ।

ਜੋ ਆਪਣੇ ਮਨ ਵਿਚ ਪੰਜਾਂ ਵਿਸ਼ਿਆਂ ਦੀ ਅੱਗ ਨੂੰ ਤ੍ਰਿਪਤ ਕਰਦਾ ਹੈ।

ਜਿਹੜਾ ਦਿਨ ਰਾਤ ਉਹ ਗੁਡੀ ਚੜਾਉਂਦਾ ਹੈ। (ਸੁਰਤ ਉੱਚੀ ਰੱਖਦਾ ਹੈ) ਜਿਸ ਨਾਲ ਦੈਵੀ ਗਿਆਨ ਉਪਜਦਾ ਹੈ ਤੇ ਪੰਜਾਂ ਵਿਸ਼ਿਆਂ ਦੀ ਭਾਵਨਾ ਖਤਮ ਹੁੰਦੀ ਹੈ।

ਜਿਹੜਾ ਪਵਿੱਤਰਤਾ ਮਾਣਦਾ ਹੈ ਤੇ ਮੰਦੇ ਜਜ਼ਬਿਆਂ ਨੂੰ ਰੋਕਦਾ ਹੈ ਸਿਵਾਏ ਗੁਰੂ-ਮੰਤ੍ਰ ਤੋਂ ਕਿਸੇ ਹੋਰ ਦਾ ਜਾਪ ਨਹੀਂ ਕਰਦਾ। ਉਸ ਮਹਾਂਪੁਰਖ ਦੀਆਂ ਆਦਤਾਂ ਸਭ ਤੋਂ ਵਧੀਆ ਹਨ। ਨਾਨਕ ਕਹਿੰਦੇ ਹਨ ਕਿ ਇਹ ਜੋਗੀ ਦੇ ਲੱਛਣ ਹਨ।

ਜਿਹੜਾ ਆਪਣੇ ਸਰੀਰ ਨੂੰ ਭਾਂਡਾ ਤੇ ਰੱਬ ਦੀ ਯਾਦ ਨੂੰ ਦੁੱਧ ਬਣਾਉਂਦਾ ਹੈ। ਜਿਹੜਾ ਪਵਿੱਤਰ ਸੱਚ ਦੀ ਇਸਨੂੰ ਜਾਗ ਲਾਉਂਦਾ ਹੈ। ਜਿਹੜਾ ਵਿਧੀ ਅਤੇ ਯਤਨ ਨਾਲ ਸੌਖੇ ਤਰੀਕੇ ਦੁੱਧ ਜਮਾਉਂਦਾ ਹੈ।

ਜੁਗਤੀ ਤੋਂ ਬਗੈਰ ਦੁੱਧ ਖਰਾਬ ਹੋ ਜਾਏਗਾ। ਜਿਹੜਾ ਦੈਵੀ ਗਿਆਨ ਨੂੰ ਮਧਾਣੀ ਦਾ ਡੰਡਾ ਅਤੇ ਨਾਮ ਨੂੰ ਨੇਤ੍ਰਾ ਬਣਾਉਂਦਾ ਹੈ।

ਜੋ ਇਸ ਤਰ੍ਹਾਂ ਨਾਮ ਦਾ ਹੀ ਜਾਪ ਕਰਦਾ ਹੈ ਅਤੇ ਇਸ ਤਰ੍ਹਾਂ ਰਿੜਕਦਾ-ਰਿੜਕਦਾ ਮੱਖਣ ਕੱਢਦਾ ਹੈ।

ਨਾਨਕ ਕਹਿੰਦੇ ਹਨ ਕਿ ਇਹ ਜੋਗੀ ਦੇ ਲੱਛਣ ਹਨ।[1]

ਜੋਗੀ ਹੈਰਾਨ ਹੋ ਗਏ ਕਿ ਕੀ ਉਹ ਬੈਰਾਗੀ ਸਨ। ਗੁਰੂ ਜੀ ਨੇ ਉਹਨਾਂ ਨੂੰ ਬੈਰਾਗੀ ਸ਼ਬਦ ਦਾ ਲੱਛਣ ਇਸ ਤਰ੍ਹਾਂ ਸਮਝਾਇਆ :

ਉਹ ਬੈਰਾਗੀ ਹੈ ਜਿਸਨੇ ਆਪਣੇ ਆਪਨੂੰ ਰੱਬ ਕੋਲ ਵੇਚ ਦਿੱਤਾ ਹੋਵੇ।

ਜਿਹੜਾ ਰੱਬ ਦੇ ਸਾਹਮਣੇ ਮਾਇਆ ਨੂੰ ਜਿੱਤ ਲਵੇ।

ਜੋ ਰੱਬ ਨੂੰ ਯਾਦ ਰੱਖੇ ਤੇ ਦੁਨਿਆਵੀ ਤੌਰ ਤੇ ਮਾਇਆ ਦੇ ਕੰਮ ਵੀ ਕਰੇ।

ਜੋ ਅਜਰ ਅਤੇ ਅਛੋਹ ਨੂੰ ਜ਼ਰੇ।

ਜਿਸਨੇ ਗੁੱਸਾ, ਲਾਲਸਾ ਅਤੇ ਹੰਕਾਰ ਨੂੰ ਤਿਆਗ ਦਿੱਤਾ ਹੋਵੇ।

ਨਾਨਕ ਜੀ ਕਹਿੰਦੇ ਹਨ ਇਹ ਮਨੁੱਖ ਬੈਰਾਗੀ ਹੈ।

ਜੋ ਖੁਸ਼ੀ ਦੇ ਘਰ ਵਿਚ ਇਕੱਲਾ ਰਹਿੰਦਾ ਹੋਵੇ।

ਪ੍ਰਾਰਥਨਾ ਦੇ ਘਰ ਵਿਚ ਨਿਵਾਸ ਰੱਖਦਾ ਹੋਵੇ।

ਜਿੱਥੋਂ ਚੂਹਿਆਂ ਦੀ ਅਵਾਜ਼ ਨਾਲ ਬਿੱਲੀ ਨਸ ਜਾਏ।

ਨਾਨਕ ਜੀ ਕਹਿੰਦੇ ਹਨ ਉਹ ਬੈਰਾਗੀ ਹੈ।

---

1. ਉਪਰੋਕਤ ਤੁੱਕਾਂ ਜਿਨ੍ਹਾਂ ਦਾ ਉਲਥਾ ਇੱਥੇ ਦਿੱਤਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ।

ਉਹ ਬੈਰਾਗੀ ਹੈ ਜਿਹੜਾ ਸੰਤੋਖ ਧਾਰਨ ਕਰਦਾ ਹੈ।

ਜਿਹੜਾ ਸੁਆਸ ਚੜ੍ਹਾਉਂਦਾ ਹੈ ਅਤੇ ਰੱਬ ਵਿਚ ਲੀਨ ਹੋ ਜਾਂਦਾ ਹੈ।

ਜਿਹੜਾ ਪੰਜੇ ਇੰਦਰੇ ਆਪਣੇ ਅਧੀਨ ਕਰ ਲੈਂਦਾ ਹੈ।

ਇਹੋ ਜਿਹਾ ਬੈਰਾਗੀ ਸ਼ਿਵ ਤੋਂ ਉਚੇਰਾ ਹੈ।

ਜਿਹੜਾ ਵਿਸ਼ਈ ਤਰੀਕਿਆਂ ਦਾ ਤਿਆਗ ਕਰਦਾ ਹੈ ਅਤੇ ਇਕ ਰੱਬ ਤੇ ਆਪਣੀ ਸੁਰਤ ਟਿਕਾਉਂਦਾ ਹੈ।

ਨਾਨਕ ਜੀ ਕਹਿੰਦੇ ਹਨ ਇਹ ਬੈਰਾਗੀ ਇਸ ਤਰ੍ਹਾਂ ਹੈ।

(ਇਹ ਤੁਕਾਂ ਜਿਨ੍ਹਾਂ ਦਾ ਇਹ ਉਲਥਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ)

ਇਸ ਦੇ ਬਾਅਦ ਗੋਰਖ ਨਾਥ ਦੇ ਚੇਲਿਆਂ ਨੇ ਗੁਰੂ ਜੀ ਨੂੰ ਜੋਗੀਆਂ ਵਰਗਾ ਬਣਨ ਲਈ ਜ਼ੋਰ ਲਗਾਇਆ। ਗੁਰੂ ਜੀ ਨੇ ਉਹਨਾਂ ਨੂੰ ਪੁੱਛਿਆ ਕਿ ਉਹ ਜੋਗੀ ਕਿਸਨੂੰ ਕਹਿੰਦੇ ਹਨ। ਉਹਨਾਂ ਨੇ ਉੱਤਰ ਦਿੱਤਾ :

ਇਕ ਜੋਗੀ ਮੁੰਦਰਾਂ ਤੇ ਖਿੰਥਾ ਪਾਉਂਦਾ ਹੈ, ਝੋਲਾ ਤੇ ਡੰਡਾ ਰੱਖਦਾ ਹੈ ਅਤੇ ਸਿੰਘੀ (ਹਿਰਨ ਦਾ ਸਿੰਘ) ਸੰਸਾਰ ਵਿਚ ਵਜਾਉਂਦਾ ਹੈ।

ਜੋਗੀ ਆਪਣੇ ਮੱਤ ਬਾਰੇ ਹੋਰ ਬਿਊਰਾ ਦੇਣ ਜਾ ਰਹੇ ਸਨ ਕਿ ਗੁਰੂ ਜੀ ਨੇ ਉਹਨਾਂ ਨੂੰ ਟੋਕ ਕੇ ਉਹਨਾਂ ਦੇ ਸਾਰੇ ਬਾਹਰਲੇ ਭੇਖ ਦੀ ਥਾਂ ਆਤਮਿਕ ਬਦਲ ਦੱਸੇ

ਗੁਰ ਕਾ ਸਬਦੁ ਮਨੈ ਮਹਿ ਮੁੰਦ੍ਰਾ ਖਿੰਥਾ ਖਿਮਾ ਹਢਾਵਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੩੫੯)

ਗੁਰੂ ਜੀ ਨੇ ਬਟਾਲੇ ਆਪਣੇ ਰਹਿਣ ਸਥਾਨ (ਡੇਰੇ) ਤੇ ਸਿੱਧ ਗੋਸ਼ਿਟ ਦੇ ਨਿਬੰਧ ਦੀ ਰਚਨਾ ਕੀਤੀ। ਕਿਹਾ ਜਾਂਦਾ ਹੈ ਕਿ ਇਸ ਤੋਂ ਜੋਗੀਆਂ ਨੂੰ ਬੜੀ ਆਤਮਿਕ ਸ਼ਾਂਤੀ ਮਿਲੀ।

ਭਾਗ-ਚੌਦ੍ਹਵਾਂ

ਗੁਰੂ ਜੀ ਨੇ ਉੱਤਰ ਵੱਲ ਆਪਣੀ ਯਾਤਰਾ ਜਾਰੀ ਰੱਖੀ। ਉਹਨਾਂ ਨੇ ਆਪਣੇ ਪੈਰਾਂ ਅਤੇ ਸਿਰ ਤੇ ਚਮੜਾ ਪਹਿਨਿਆ। ਆਪਣੇ ਸਰੀਰ ਦੇ ਆਲੇ-ਦੁਆਲੇ ਰੱਸੀ ਲਪੇਟ ਲਈ ਤੇ ਮੱਥੇ ਤੇ ਕੇਸਰ ਦਾ ਤਿਲਕ ਲਗਾ ਲਿਆ। ਉਹਨਾਂ ਦੇ ਨਾਲ ਹਾਸੂ ਲੋਹਾਰ ਤੇ ਸੀਹਾਂ ਛੀਂਬਾ ਸੀ। ਇਹ ਸਾਰੇ ਕਸ਼ਮੀਰ ਵਿਚ ਸ੍ਰੀ ਨਗਰ ਤੱਕ ਗਏ ਤੇ ਉੱਥੇ ਕੁਝ ਦੇਰ ਰਹੇ ਜਿੱਥੇ ਗੁਰੂ ਜੀ ਨੇ ਕਾਫ਼ੀ ਸਿੱਖ ਬਣਾਏ।

ਉਸ ਵੇਲੇ ਬ੍ਰਹਮ ਦਾਸ ਸਾਰੇ ਕਸ਼ਮੀਰੀ ਪੰਡਿਤਾਂ ਵਿਚੋਂ ਮਸ਼ਹੂਰ ਸੀ। ਜਦੋਂ ਉਸਨੂੰ ਗੁਰੂ ਜੀ ਦੇ ਆਉਣ ਦਾ ਪਤਾ ਲੱਗਾ ਤਾਂ ਉਹ ਉਹਨਾਂ ਨੂੰ ਰਸਮੀ ਤੌਰ ਤੇ ਮਿਲਣ ਗਿਆ। ਗੁਰੂ ਜੀ ਨੂੰ ਆਪਣੀ ਭਗਤੀ ਤੇ ਗਿਆਨ ਨਾਲ ਪ੍ਰਭਾਵਿਤ ਕਰਨ ਲਈ ਉਸਨੇ ਆਪਣੇ ਗਲੇ ਦੁਆਲੇ ਇਕ ਮੂਰਤੀ ਲਟਕਾ ਲਈ ਤੇ ਆਪਣੇ ਨਾਲ ਸੰਸਕ੍ਰਿਤ ਦੀਆਂ ਕਿਤਾਬਾਂ ਦੇ ਦੋ ਲੱਦੇ ਚੁੱਕ ਲਏ। ਗੁਰੂ ਜੀ ਦਾ ਪਹਿਰਾਵਾ ਵੇਖ ਕੇ ਉਸਨੇ ਕਿਹਾ, "ਤੁਸੀਂ ਕਿਸ ਤਰ੍ਹਾਂ ਦੇ ਫ਼ਕੀਰ ਹੋ?" ਤੁਸੀਂ ਚਮੜਾ ਕਿਉਂ

ਪਹਿਨਿਆ ਹੈ ਜੋ ਅਪਵਿੱਤਰ ਹੁੰਦਾ ਹੈ? ਤੁਸੀਂ ਆਪਣੇ ਸਰੀਰ ਦੁਆਲੇ ਰੱਸੀ ਕਿਉਂ ਲਪੇਟੀ ਹੈ? ਤੁਸੀਂ ਆਪਣੇ ਧਰਮ ਦੀਆਂ ਰੀਤਾਂ ਕਿਉਂ ਤਿਆਗ ਦਿੱਤੀਆਂ ਹਨ? ਅਤੇ ਤੁਸੀਂ ਮਾਸ ਤੇ ਮੱਛੀ ਕਿਉਂ ਖਾਂਦੇ ਹੋ?" ਗੁਰੂ ਜੀ ਨੇ ਉਸਦੇ ਸੰਬੰਧਿਤ ਸਵਾਲਾਂ ਵੱਲ ਧਿਆਨ ਨਾ ਦਿੰਦੇ ਹੋਏ ਆਪਣੇ ਮਨ ਵਿਚ ਵਿਚਾਰਾਂ ਦਾ ਭਾਰ ਇਸ ਤਰ੍ਹਾਂ ਹੌਲਾ ਕੀਤਾ :

ਹੇਕੋ ਪਾਧਰੁ ਹੇਕੁ ਦਰੁ ਗੁਰ ਪਉੜੀ ਨਿਜ ਥਾਨੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੭੯)

ਕੁਝ ਸਮਾਂ ਰੁੱਕ ਕੇ ਗੁਰੂ ਜੀ ਫੇਰ ਰੱਬ ਦੀ ਉਸਤਤ ਕਰਨ ਲੱਗ ਪਏ :

ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੨੭੯)

ਗੁਰੂ ਜੀ ਦੀ ਭਗਤੀ ਤੇ ਪ੍ਰਤਿਭਾ ਨੂੰ ਪਹਿਚਾਣ ਕੇ ਬ੍ਰਹਮ ਦਾਸ ਉਹਨਾਂ ਦੇ ਚਰਨਾਂ ਤੇ ਡਿੱਗ ਪਿਆ ਅਤੇ ਪੁੱਛਣ ਲੱਗਾ ਕਿ ਦੁਨੀਆਂ ਦੀ ਰਚਨਾ ਤੋਂ ਪਹਿਲਾਂ ਕੀ ਸੀ? ਗੁਰੂ ਜੀ ਨੇ ਜਵਾਬ ਵਿਚ ਹੇਠ ਲਿਖਿਆ ਸ਼ਬਦ ਰਾਗ ਮਾਰੂ ਵਿਚ ਉਚਾਰਨ ਕੀਤਾ ਜਿਸਨੂੰ ਸੋਲਹ ਕਿਹਾ ਜਾਂਦਾ ਹੈ :

ਅਰਬਦ ਨਰਬਦ ਧੁੰਧੂਕਾਰਾ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੦੩੫-੩੬)

ਇਸਤੋਂ ਬਾਅਦ ਬ੍ਰਹਮ ਦਾਸ ਫੇਰ ਗੁਰੂ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਆਪਣੇ ਗਲੇ ਵਿੱਚੋਂ ਮੂਰਤੀ ਉਤਾਰ ਕੇ ਰੱਬ ਦਾ ਪੁਜਾਰੀ ਬਣ ਗਿਆ ਤੇ ਗੁਰੂ ਜੀ ਦੀ ਸੇਵਾ ਕਰਨ ਲੱਗ ਪਿਆ। ਪਰ ਉਸ ਦੀਆਂ ਬੁਰੀਆਂ ਇੱਛਾਵਾਂ ਖਤਮ ਨਾ ਹੋਈਆਂ। ਜੋ ਵੀ ਸੇਵਾ ਉਹ ਕਰਦਾ ਸੀ ਉਹ ਬੜੀ ਥੋੜ੍ਹੀ ਦੇਰ ਲਈ ਤੇ ਰਸਮੀ ਤੌਰ ਤੇ ਕਰਦਾ ਸੀ ਕਿਉਂਕਿ ਉਹ ਆਪਣੇ ਆਪ ਵਿਚ ਸੋਚਦਾ ਸੀ ਕਿ ਇਹੋ ਜਿਹੀ ਸੇਵਾ ਤਾਂ ਉਹ ਪਹਿਲੇ ਵੀ ਕਰ ਚੁੱਕਾ ਹੈ। ਇਸ ਕਰਕੇ ਜੋ ਵੀ ਉਹ ਕਰਦਾ ਸੀ ਉਹ ਉਸਦੇ ਹੰਕਾਰ ਕਰਕੇ ਵਿਅਰਥ ਹੁੰਦਾ।

ਇਕ ਵਾਰੀ ਗੁਰੂ ਜੀ ਨਾਲ ਗੱਲਬਾਤ ਕਰਦਿਆਂ ਉਹਨਾਂ ਨੇ ਉਸਨੂੰ ਗੁਰੂ ਧਾਰਨ ਕਰਨ ਲਈ ਕਿਹਾ। ਉਸਨੇ ਪੁੱਛਿਆ, "ਮੈਂ ਕਿਹੜਾ ਗੁਰੂ ਧਾਰਨ ਕਰਾਂ?".....ਗੁਰੂ ਜੀ ਨੇ ਉਸਨੂੰ ਇਕ ਉਜਾੜ ਵਿਚ ਇਕ ਘਰ ਵਿਚ ਜਾਣ ਨੂੰ ਕਿਹਾ ਜਿੱਥੇ ਉਸਨੂੰ ਚਾਰ ਫ਼ਕੀਰ ਮਿਲਣਗੇ ਤੇ ਉਹ ਉਸਨੂੰ ਉਸਦੇ ਗੁਰੂ ਬਾਰੇ ਦੱਸਣਗੇ। ਪੰਡਿਤ ਉਹਨਾਂ ਕੋਲ ਗਿਆ। ਉਹਨਾਂ ਨੇ ਥੋੜ੍ਹੀ ਦੇਰ ਬਾਅਦ ਉਸਨੂੰ ਇਕ ਮੰਦਿਰ ਵੱਲ ਜਾਣ ਦਾ ਇਸ਼ਾਰਾ ਕੀਤਾ ਜਿੱਥੇ ਉਸਨੂੰ ਉਸਦਾ ਗੁਰੂ ਮਿਲਣਾ ਸੀ। ਪੰਡਿਤ ਉੱਧਰ ਚਲਾ ਗਿਆ ਪਰ ਉੱਥੇ ਉਸਦਾ ਚੰਗਾ ਸਵਾਗਤ ਹੋਣ ਦੀ ਥਾਂ ਇਕ ਔਰਤ ਜੋ ਮੰਦਰ ਦੀ ਰਖਵਾਲੀ ਕਰ ਰਹੀ ਸੀ ਉਸ ਕੋਲੋਂ ਬੜੀ ਤਰਸਯੋਗ ਹਾਲਤ ਨਾਲ ਜੁੱਤੀਆਂ ਦੀ ਮਾਰ ਪਈ। ਬੁਰੀ ਤਰ੍ਹਾਂ ਰੋਂਦਾ ਹੋਇਆ ਉਹ ਚਾਰ ਆਦਮੀਆਂ ਕੋਲ ਵਾਪਸ ਆ ਗਿਆ ਜਿਨ੍ਹਾਂ ਨੇ ਉਸਨੂੰ ਇਸ ਨਾ ਖੁਸ਼ਗਵਾਰ ਕੰਮ ਲਈ ਭੇਜਿਆ ਸੀ। ਉਹਨਾਂ ਨੇ ਪੁੱਛਿਆ ਕਿ ਕੀ ਉਸਨੂੰ ਆਪਣਾ ਗੁਰੂ ਮਿਲ

ਗਿਆ ਹੈ ਅਤੇ ਉੱਤਰ ਵਿਚ ਉਸਨੇ ਉਹਨਾਂ ਨੂੰ ਆਪਣੀ ਦਰਦ ਭਰੀ ਕਹਾਣੀ ਸੁਣਾ ਦਿੱਤੀ। ਉਹਨਾਂ ਨੇ ਉਸਨੂੰ ਸਮਝਾਇਆ ਕਿ ਉਹ ਔਰਤ ਮਾਇਆ ਜਾਂ ਸੰਸਾਰਕ ਮੋਹ ਸੀ ਜਿਸ ਗੁਰੂ ਲਈ ਉਹ ਇਤਨਾ ਤੜਪ ਰਿਹਾ ਸੀ ਉਹ ਹੀ ਉਸਦਾ ਗੁਰੂ ਸੀ। ਪੰਡਿਤ ਵਾਪਸ ਗੁਰੂ ਜੀ ਕੋਲ ਆਇਆ ਅਤੇ ਉਹਨਾਂ ਦੇ ਚਰਨਾਂ 'ਤੇ ਮੱਥਾ ਟੇਕਿਆ। ਉਸਨੇ ਆਪਣੀਆਂ ਕਿਤਾਬਾਂ ਦੇ ਲੱਦੇ ਭਾਰ ਨੂੰ ਗੁਰੂ ਜੀ ਅੱਗੇ ਸੁੱਟ ਦਿੱਤਾ ਤੇ ਰੱਬ ਦਾ ਨਾਮ ਜਪਣ ਲੱਗ ਪਿਆ ਤੇ ਇਤਨਾ ਨਿਮਰਤਾ ਵਿਚ ਹੋ ਗਿਆ ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਧਰਤੀ ਦੀ ਧੂੜ ਬਣ ਗਿਆ। ਪੰਡਿਤ ਨੇ ਪੁੱਛਿਆ ਕਿ ਦੁਨੀਆਂ ਵਿਚ ਕੌਣ ਖੁਸ਼ ਹੈ। ਗੁਰੂ ਜੀ ਨੇ ਹੇਠ ਲਿਖਿਆ ਸਲੋਕ ਉਚਾਰਨ ਕੀਤਾ ਜੋ ਹਾਸ ਤੇ ਸੀਹਨ ਨੇ ਲਿਖਿਤ ਵਿਚ ਲਿਆਉਂਦਾ :

ਸਹੰਸਰ ਦਾਨ ਦੇ ਇੰਦ੍ਰ ਰੋਆਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੫੩-੫੪)

ਸ੍ਰੀਨਗਰ ਤੋਂ ਚੱਲ ਕੇ ਗੁਰੂ ਜੀ ਹਿਮਾਲੀਆਂ ਦੀਆਂ ਪਹਾੜੀਆਂ ਵਿਚ ਚਲੇ ਗਏ ਅਤੇ ਕਈ ਉੱਚੀਆਂ ਪਹਾੜੀਆਂ ਪਾਰ ਕਰਦੇ ਸੁਮੇਰ ਦੇ ਪਰਬਤ ਤੇ ਪਹੁੰਚੇ। ਉੱਥੇ ਉਹ ਬੜੇ ਪ੍ਰਸਿੱਧ ਸਿੱਧਾਂ ਨੂੰ ਮਿਲੇ। ਜਦੋਂ ਗੁਰੂ ਜੀ ਆਪਣੀ ਬੰਦਨਾ ਕਰਕੇ ਬੈਠ ਗਏ ਤਾਂ ਉਹਨਾਂ ਨੇ ਪੁੱਛਿਆ ਕਿ ਉਹ ਕਦੋਂ ਆਏ ਹਨ ਤੇ ਭਾਰਤ ਦਾ ਉਸ ਵੇਲੇ ਕੀ ਹਾਲ ਸੀ? ਉਹਨਾਂ ਨੇ ਉੱਤਰ ਵਿਚ ਕਿਹਾ :

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੧੪੫)

ਇਸ ਗੱਲ ਉਪਰੰਤ ਸਿੱਧਾਂ ਨੇ ਗੁਰੂ ਜੀ ਨਾਲ ਇਕੱਠੇ ਰੱਬ ਦੀ ਉਸਤਤ ਕਰਨ ਲਈ ਉਹਨਾਂ ਨੂੰ ਬੁਲਾਇਆ। ਉਸਤੋਂ ਬਾਅਦ ਉਹਨਾਂ ਨੇ ਸਿੱਧਾਂ ਨਾਲ ਗੱਲਬਾਤ ਨੂੰ ਇਸ ਰੂਪ ਵਿਚ ਰਚਿਆ :

ਸਿਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੩੮)

ਸਿੱਧਾਂ ਨੇ ਪੁੱਛਿਆ :

ਕਵਨ ਤੁਮੇ ਕਿਆ ਨਾਉ ਤੁਮਾਰਾ ਕਉਨੁ ਮਾਰਗੁ ਕਉਨੁ ਸੁਆਓ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੩੮)

ਇਕ ਚਰਪਟ ਨਾਂ ਦੇ ਸਿੱਧ ਨੇ ਪੁੱਛਿਆ :

ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-੯੩੮)

ਸਿੱਧਾਂ ਨੇ ਫੇਰ ਕਿਹਾ, "ਸਾਰੇ ਕਹੋ ਧੰਨ ਹੈ।"

ਗੁਰੂ ਜੀ ਨੇ ਉੱਤਰ ਵਿਚ ਕਿਹਾ, "ਸਾਰੇ ਉਸ ਆਦਿ ਪੁਰਖ ਦੀ ਜੈ ਜੈ ਕਾਰ ਕਰੋ।"

ਬੜੇ ਸਿੱਖਾਂ ਦਾ ਇਹ ਵਿਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਿੱਧ-ਗੋਸ਼ਟਿ ਦੀ ਰਚਨਾ

ਉਸ ਵੇਲੇ ਕੀਤੀ ਜਦੋਂ ਉਹਨਾਂ ਨੂੰ ਲਿਖਣ ਲਈ ਵਿਹਲ ਤੇ ਆਰਾਮ ਮਿਲਿਆ।

ਭਾਗ-ਪੰਦ੍ਹਰਵਾਂ

ਸਿੱਧਾਂ ਦੇ ਵੱਲ ਫੇਰੀ ਤੋਂ ਬਾਅਦ ਗੁਰੂ ਜੀ ਪੰਜਾਬ ਦੇ ਮੈਦਾਨਾਂ ਵਿਚ ਵਾਪਸ ਗਏ ਤੇ ਫੇਰ ਆਪਣੀ ਯਾਤਰਾ ਉੱਤਰ-ਪੱਛਮੀ ਦਿਸ਼ਾ ਵੱਲ ਕੀਤੀ। ਉਹ ਮੁਸਲਮਾਨਾਂ ਦੇ ਧਾਰਮਿਕ ਜੋਸ਼ ਪੈਦਾ ਕਰਨ ਵਾਲੇ ਮਹਾਨ ਅਸਥਾਨ ਹਸਨ ਅਬਦਾਲ ਪਹੁੰਚੇ।

ਉਥੇ ਇਕ ਛੋਟੀ ਪਹਾੜੀ ਤੇ ਇਕ ਬੜਾ ਸਵਾਰਥੀ ਤੇ ਕੱਟੜ ਮੁੱਲਾਂ ਬਾਬਾ ਵਲੀ ਕੰਧਾਰੀ ਰਹਿੰਦਾ ਸੀ। ਗੁਰੂ ਜੀ ਤੇ ਉਹਨਾਂ ਦੇ ਰਬਾਬੀ ਨੂੰ ਆਪਣੇ ਸ਼ਾਮ ਦੇ ਭੋਜਨ ਲਈ ਪਾਣੀ ਚਾਹੀਦਾ ਸੀ ਤੇ ਉਹ ਸਿਰਫ਼ ਉਸ ਵਲੀ ਤੋਂ ਹੀ ਮਿਲ ਸਕਦਾ ਸੀ। ਮਰਦਾਨੇ ਨੇ ਉਸਨੂੰ ਕਿਹਾ ਗੁਰੂ ਨਾਨਕ ਦੇਵ ਜੀ ਆਏ ਹਨ ਅਤੇ ਉਹ ਰੱਬ ਦੇ ਵੱਡੇ ਸੰਤ ਹਨ ਅਤੇ ਸਲਾਹ ਦਿੱਤੀ ਕਿ ਉਹ ਜਾ ਕੇ ਉਹਨਾਂ ਨੂੰ ਮਿਲੇ। ਬਾਬਾ ਵਲੀ ਜੋ ਆਪਣੇ ਆਪ ਨੂੰ ਬਹੁਤ ਧਰਮੀ ਮੰਨਦਾ ਸੀ ਉਸ ਗੁਰੂ ਦੀ ਉਸਤਤ ਸੁਣ ਕੇ ਅਪਮਾਣਿਤ ਮਹਿਸੂਸ ਕੀਤਾ ਤੇ ਪਾਣੀ ਦੇਣ ਤੋਂ ਇਨਕਾਰ ਕਰ ਦਿੱਤਾ। ਵਲੀ ਨੇ ਕਿਹਾ ਕਿ ਜੇ ਮਰਦਾਨੇ ਦਾ ਸੁਆਮੀ ਇਤਨਾ ਧਰਮੀ ਮਨੁੱਖ ਹੈ ਤਾਂ ਉਹ ਲੋੜੀਂਦੇ ਪਾਣੀ ਦਾ ਆਪ ਪ੍ਰਬੰਧ ਕਰ ਸਕਦੇ ਹਨ। ਜਦੋਂ ਗੁਰੂ ਜੀ ਨੂੰ ਇਹ ਉੱਤਰ ਪਹੁੰਚਾਇਆ ਗਿਆ ਤਾਂ ਗੁਰੂ ਜੀ ਨੇ ਮਰਦਾਨੇ ਨੂੰ ਫੇਰ ਵਾਪਸ ਵਲੀ ਕੋਲ ਭੇਜਿਆ ਤੇ ਸੁਨੇਹਾ ਦਿੱਤਾ ਕਿ ਉਹ ਆਪ ਰੱਬ ਦੇ ਛੋਟੇ ਜਿਹੇ ਬੰਦੇ ਹਨ ਤੇ ਉਹਨਾਂ ਵਿਚ ਸੰਤ ਹੋਣ ਦੇ ਲੱਛਣ ਨਹੀਂ ਹਨ। ਵਲੀ ਨੇ ਇਸ ਰੋਸ ਪ੍ਰਗਟਾਵੇ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਗੁਰੂ ਜੀ ਤੇ ਮਰਦਾਨੇ ਨੂੰ ਪਾਣੀ ਨਾ ਦੇਣ ਤੇ ਹੀ ਅੜਿਆ ਰਿਹਾ। ਗੁਰੂ ਜੀ ਕੋਲ ਹੋਰ ਕੋਈ ਚਾਰਾ ਨਹੀਂ ਸੀ ਉਹਨਾਂ ਨੇ ਆਪਣੀ ਠਹਿਰਨ ਵਾਲੀ ਥਾਂ ਕੋਲ ਇਕ ਛੇਕ ਕੱਢਿਆ ਤੇ ਪਾਣੀ ਦੀ ਨਦੀ ਉੱਥੋਂ ਵਹਿ ਟੁਰੀ। ਇਸ ਤੇ ਵਲੀ ਦਾ ਖੂਹ ਸੁੱਕ ਗਿਆ ਕਿਉਂਕਿ ਉਸ ਇਲਾਕੇ ਵਿਚ ਪਾਣੀ ਸੀਮਤ ਸੀ। ਇਹ ਕੁਦਰਤੀ ਸੀ ਕਿ ਵਲੀ ਦਾ ਗੁੱਸਾ ਵੱਧ ਗਿਆ ਤੇ ਕਿਹਾ ਜਾਂਦਾ ਹੈ ਕਿ ਉਸਨੇ ਗੁਰੂ ਨਾਨਕ ਦੇਵ ਜੀ ਦੇ ਨਿਰਦੋਸ਼ ਸਿਰ ਤੇ ਪਹਾੜੀ ਡੇਗ ਦਿੱਤੀ। ਗੁਰੂ ਜੀ ਨੇ ਏਨੀ ਵੱਡੀ ਧਰਤੀ ਆਪਣੇ ਵੱਲ ਆਉਂਦੀ ਵੇਖ ਕੇ ਆਪਣੀ ਬਾਂਹ ਆਪਣੇ ਆਪ ਨੂੰ ਬਚਾਉਣ ਲਈ ਚੁੱਕੀ। ਇਹ ਕਿਹਾ ਜਾਂਦਾ ਹੈ ਕਿ ਪਹਾੜੀ ਦਾ ਡਿੱਗਣਾ ਬੰਦ ਹੋ ਗਿਆ। ਗੁਰੂ ਜੀ ਦੇ ਹੱਥ ਦਾ ਨਿਸ਼ਾਨ ਡਿੱਗਦੀ ਪਹਾੜੀ ਤੇ ਬਣ ਗਿਆ ਜਿਸ ਨੂੰ ਹੁਣ ਪੰਜਾ ਸਾਹਿਬ ਕਿਹਾ ਜਾਂਦਾ ਹੈ (ਇਹ ਅਸਥਾਨ ਅੱਜ ਕੱਲ੍ਹ ਪਾਕਿਸਤਾਨ ਵਿਚ ਹੈ) ਤੇ ਸਿੱਖ ਉਸਨੂੰ ਬਹੁਤ ਸਤਿਕਾਰਦੇ ਹਨ।

ਥੋੜ੍ਹੀ ਦੇਰ ਹਸਨ ਅਬਦਾਲ ਰੁੱਕਣ ਤੋਂ ਬਾਅਦ ਗੁਰੂ ਜੀ ਗੋਰਖ ਹਟੜੀ ਵੱਲ ਚਲ ਪਏ ਜੋ ਕਿ ਪੇਸ਼ਾਵਰ ਸ਼ਹਿਰ ਦਾ ਇਕ ਹਿੱਸਾ ਹੈ ਤੇ ਪੰਜਾਬ ਦੀ ਸਰਹੱਦ (ਪਾਕਿਸਤਾਨ) ਤੇ ਹੈ। ਉਥੇ ਗੋਰਖਨਾਥ ਦਾ ਪੁਰਾਤਨ ਮੰਦਰ ਹੈ। ਜੋਗੀਆਂ ਨੇ ਗੁਰੂ ਜੀ ਦੀ ਮਹਿਮਾ ਸੁਣ ਰੱਖੀ ਸੀ ਤੇ ਉਹ ਇਹ ਪਤਾ ਕਰਨ ਲਈ ਉਤਾਵਲੇ ਸਨ ਕਿ ਉਹਨਾਂ ਨੇ ਕਿਸ ਤਰ੍ਹਾਂ ਇਤਨੀ ਸਦਾਚਾਰਕ ਤੇ ਆਤਮਿਕ ਪ੍ਰਤਿਭਾ ਪ੍ਰਾਪਤ ਕੀਤੀ ਹੈ। ਜਦੋਂ ਗੁਰੂ ਜੀ ਬੈਠ ਗਏ ਤਾਂ ਉਹਨਾਂ ਨੇ ਗੁਰੂ ਜੀ ਨੂੰ ਸੁਆਲ ਕੀਤੇ ਜੋ

ਹੇਠ ਲਿਖੇ ਸ਼ਬਦਾਂ ਦੀਆਂ ਪਹਿਲੀਆਂ ਚਾਰ ਪੰਗਤੀਆਂ ਵਿਚ ਹਨ। ਗੁਰੂ ਜੀ ਨੇ ਇਹ ਜਵਾਬ ਦਿੱਤੇ :

ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ ਦਰਾ ਭੀਤਰਿ ਦਰੁ ਕਵਨੁ ਲਹੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੮੭੭)

ਇਹ ਸ਼ਬਦ ਬੋਲਣ ਤੇ ਗੁਰੂ ਜੀ ਨੂੰ ਜੋਗੀਆਂ ਦਾ ਰਹਿਣ-ਸਹਿਣ ਤੇ ਧਰਮ ਅਪਨਾਉਣ ਲਈ ਜ਼ੋਰ ਦਿੱਤਾ ਗਿਆ। ਜੋਗੀਆਂ ਦੇ ਮੱਤ ਦੇ ਅਸੂਲ ਉਹਨਾਂ ਨੂੰ ਸਮਝਾਏ ਗਏ। ਗੁਰੂ ਜੀ ਨੇ ਇਸ ਤਰ੍ਹਾਂ ਜਵਾਬ ਦਿੱਤਾ :

ਸੁਰਤਿ ਸਬਦੁ ਸਾਖੀ ਮੇਰੀ ਸਿੰਙੀ ਬਾਜੈ ਲੋਕੁ ਸੁਣੇ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੮੭੭)

ਜੋਗੀਆਂ ਨਾਲ ਕਾਮਯਾਬ ਗੋਸ਼ਟੀ ਤੋਂ ਬਾਅਦ ਗੁਰੂ ਜੀ ਨੇ ਮੱਕੇ ਜਾਣ ਦਾ ਫੈਸਲਾ ਕੀਤਾ ਜੋ ਕਿ ਮੁਸਲਮਾਨਾਂ ਦੇ ਵਿਸ਼ਵਾਸ ਦਾ ਆਕਰਸ਼ਣ ਕੇਂਦਰ ਹੈ। ਉਹਨਾਂ ਨੇ ਆਪਣਾ ਪਹਿਰਾਵਾ ਮੁਸਲਮਾਨ ਹਾਜੀਆਂ ਦੀ ਤਰ੍ਹਾਂ ਪਹਿਨਿਆ। ਨੀਲੇ ਰੰਗ ਦਾ ਚੋਲਾ ਪਾ ਲਿਆ, ਹੱਥ ਵਿਚ ਫ਼ਕੀਰਾਂ ਵਾਲੀ ਸੋਟੀ ਫੜ ਲਈ ਅਤੇ ਆਪਣੇ ਸ਼ਬਦਾਂ ਦਾ ਕਿਤਾਬਚਾ ਆਪਣੇ ਕੱਛ ਮਾਰ ਲਿਆ। ਮੁਸਲਮਾਨ ਸ਼ਰਧਾਲੂਆਂ ਦੀ ਤਰ੍ਹਾਂ ਉਹਨਾਂ ਨੇ ਇਸ਼ਨਾਨ ਕਰਨ ਲਈ ਲੋਟਾ ਤੇ ਨਮਾਜ਼ ਪੜ੍ਹਨ ਲਈ ਚਟਾਈ ਵੀ ਲੈ ਲਈ। ਜਦੋਂ ਵੀ ਮੌਕਾ ਹੁੰਦਾ ਤਾਂ ਉਹ ਅਰਬੀ ਪੈਗੰਬਰ ਦੇ ਕੱਟੜ ਅਨੁਯਾਈਆਂ ਦੀ ਤਰ੍ਹਾਂ ਨਮਾਜ਼ ਪੜ੍ਹਨ ਲਈ ਉੱਚੀ ਅਵਾਜ਼ ਲਗਾਉਂਦੇ। ਹਮੇਸ਼ਾਂ ਦੀ ਤਰ੍ਹਾਂ ਉਹਨਾਂ ਦੀ ਯਾਤਰਾ ਤੇ ਉਹਨਾਂ ਦਾ ਵਫ਼ਾਦਾਰ ਗਵੱਈਆ ਤੇ ਰਬਾਬੀ ਮਰਦਾਨਾ ਉਹਨਾਂ ਦੇ ਨਾਲ ਸੀ। ਇਹ ਲਿਖਤਾਂ ਵਿਚ ਮਿਲਦਾ ਹੈ ਕਿ ਆਪਣੀਆਂ ਯਾਤਰਾਵਾਂ ਦੌਰਾਨ ਜਿੱਥੇ ਵੀ ਉਹ ਬੱਚਿਆਂ ਨੂੰ ਮਿਲਦੇ ਉਹ ਉਹਨਾਂ ਨਾਲ ਖੇਡਾਂ ਵਿਚ ਸ਼ਾਮਲ ਹੋ ਜਾਂਦੇ। ਅਚਾਨਕ ਹੀ ਉਹਨਾਂ ਨੂੰ ਇਕ ਮੁਸਲਮਾਨ ਫ਼ਕੀਰ ਜੋ ਮੱਕੇ ਦੀ ਯਾਤਰਾ ਤੇ ਜਾ ਰਿਹਾ ਸੀ, ਮਿਲ ਗਿਆ। ਉਹਨਾਂ ਨੇ ਰਾਤ ਉਸ ਨਾਲ ਸੁਖਾਵੀਆਂ ਆਤਮਿਕ ਗੱਲਾਂ-ਬਾਤਾਂ ਕਰਦਿਆਂ ਬਿਤਾਈ। ਉਸ ਯਾਤਰੀ ਨੇ ਉਹਨਾਂ ਨੂੰ ਆਪਣੀ ਭੰਗ ਦੀ ਪੋਟਲੀ ਵਿਚੋਂ ਭੰਗ ਲੈਣ ਨੂੰ ਕਿਹਾ ਤੇ ਪੁੱਛਿਆ ਕਿ ਉਹ ਹਿੰਦੂ ਹਨ ਕਿ ਮੁਸਲਮਾਨ। ਗੁਰੂ ਜੀ ਨੇ ਉਸ ਸ਼ਬਦ ਦਾ ਜਵਾਬ ਦਿੱਤਾ ਜੋ ਪਹਿਲੇ ਉਹਨਾਂ ਨੇ ਬਾਬਰ ਦੇ ਸੁਆਲ ਕਿ ਤੁਹਾਨੂੰ ਕਿਸ ਚੀਜ਼ ਦਾ ਨਸ਼ਾ ਹੈ ਜਿਸ ਦਾ ਅਸਰ ਕਦੀ ਖਤਮ ਨਹੀਂ ਹੁੰਦਾ, ਦੇ ਜਵਾਬ ਵਿਚ ਦਿੱਤਾ ਸੀ।

ਜਿਉਂ ਹੀ ਉਹ ਮੱਕੇ ਦੀ ਸੜਕ ਤੇ ਜਾ ਰਹੇ ਸਨ ਤਾਂ ਕਿਹਾ ਜਾਂਦਾ ਹੈ ਕਿ ਇਕ ਬਦਲੀ ਉਹਨਾਂ ਦੇ ਸਿਰਾਂ ਦੇ ਉਪਰ ਨਾਲ-ਨਾਲ ਜਾ ਰਹੀ ਸੀ। ਇਕ ਫ਼ਕੀਰ ਹਾਜੀ ਇਹ ਅਜੀਬ ਗੱਲ ਵੇਖ ਕੇ ਚੁਕੰਨਾ ਹੋ ਗਿਆ ਅਤੇ ਗੁਰੂ ਜੀ ਨੂੰ ਕਹਿਣ ਲੱਗਾ, "ਕੋਈ ਹਿੰਦੂ ਕਦੀ ਮੱਕੇ ਨਹੀਂ ਗਿਆ। ਮੇਰੇ ਨਾਲ ਨਾ ਚੱਲ, ਜਾਂ ਤਾਂ ਮੇਰੇ ਅੱਗੇ ਚੱਲ ਜਾਂ ਪਿੱਛੇ।" ਗੁਰੂ ਜੀ ਨੇ ਉਸ ਨੂੰ ਕਿਹਾ ਕਿ ਉਹ ਉਹਨਾਂ ਤੋਂ ਅੱਗੇ ਚੱਲੇ। ਜਦੋਂ ਉਸ ਫਕੀਰ ਨੇ ਪਿੱਛੇ ਮੁੜ ਕੇ ਵੇਖਿਆ ਕਿ ਉਸਦਾ ਸਾਥੀ ਕਿੱਥੇ ਹੈ

ਤਾਂ ਕਿਹਾ ਜਾਂਦਾ ਹੈ ਕਿ ਨਾ ਤਾਂ ਉਹ ਗੁਰੂ ਜੀ ਨੂੰ ਵੇਖ ਸਕਿਆ ਤੇ ਨਾ ਹੀ ਬਦਲੀ ਨੂੰ। ਉਹ ਹਾਜੀ ਫੇਰ ਹੱਥ ਮੱਲਣ ਲੱਗਾ ਤੇ ਪਛਤਾਇਆ ਤੇ ਕਹਿਣ ਲੱਗਾ, "ਮੇਰੇ ਨਾਲ ਤਾਂ ਰੱਬ ਸੀ ਪਰ ਮੈਂ ਉਸ ਦਾ ਦੀਦਾਰ ਝੱਲ ਨਹੀਂ ਸਕਿਆ, ਉਸ ਨੇ ਮੈਨੂੰ ਭਰਮ ਵਿਚ ਰੱਖਿਆ।"

ਜਦੋਂ ਗੁਰੂ ਜੀ ਮੱਕੇ ਪਹੁੰਚੇ ਤਾਂ ਉਹ ਥੱਕੇ ਹੋਏ ਸਨ ਤੇ ਪੈਰ ਦੁਖਦੇ ਸਨ। ਉਹ ਜਾ ਕੇ ਵੱਡੀ ਮਸਜਿਦ ਵਿਚ ਬੈਠ ਗਏ ਜਿੱਥੇ ਹਾਜੀ ਆਪਣੀ ਨਮਾਜ਼ ਪੜ੍ਹ ਰਹੇ ਸਨ। ਮੁਸਲਮਾਨ ਰਵਾਇਤਾਂ ਨੂੰ ਨਾ ਮੰਨਣ ਕਰਕੇ ਉਹ ਛੇਤੀ ਹੀ ਮੁਸ਼ਕਲਾਂ ਵਿਚ ਫਸ ਗਏ। ਜਦੋਂ ਉਹ ਰਾਤ ਨੂੰ ਸੌਣ ਲਈ ਲੇਟੇ ਤਾਂ ਉਹਨਾਂ ਨੇ ਆਪਣੇ ਪੈਰ ਕਾਬੇ ਵੱਲ ਕਰ ਲਏ। ਇਕ ਅਰਬੀ ਮੁੱਲਾਂ ਨੇ ਉਹਨਾਂ ਨੂੰ ਲੱਤ ਮਾਰ ਕੇ ਕਿਹਾ, "ਇਹ ਕਿਹੜਾ ਕਾਫ਼ਰ ਸੌਂ ਰਿਹਾ ਹੈ ? ਓ ਪਾਪੀ ! ਤੂੰ ਆਪਣੇ ਪੈਰ ਰੱਬ ਵੱਲ ਕਿਉਂ ਕੀਤੇ ਹੋਏ ਹਨ ?" ਗੁਰੂ ਜੀ ਨੇ ਉੱਤਰ ਵਿਚ ਕਿਹਾ, "ਮੇਰੇ ਪੈਰ ਉਸ ਪਾਸੇ ਕਰ ਦਿਉ ਜਿੱਧਰ ਰੱਬ ਨਹੀਂ ਹੈ।" ਇਸ ਗੱਲ ਤੇ ਮੁੱਲਾਂ ਨੇ ਗੁਰੂ ਜੀ ਦੇ ਪੈਰ ਪਕੜੇ ਤੇ ਘਸੀਟ ਕੇ ਉਲਟ ਪਾਸੇ ਕਰ ਦਿੱਤੇ, ਇਸ ਤੇ ਕਿਹਾ ਜਾਂਦਾ ਹੈ ਕਿ ਮੱਕਾ ਗੁਰੂ ਜੀ ਦੇ ਸਰੀਰ ਦੇ ਨਾਲ-ਨਾਲ ਹੀ ਘੁੰਮ ਗਿਆ। ਕਈ ਇਸ ਨੂੰ ਆਤਮਿਕ ਤੌਰ ਤੇ ਇਸ ਤਰ੍ਹਾਂ ਸਮਝਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਮੱਕੇ ਨੂੰ ਆਪਣੀਆਂ ਸਿੱਖਿਆਵਾਂ ਵੱਲ ਪ੍ਰੇਰਿਤ ਕੀਤਾ। ਜਿਨ੍ਹਾਂ ਨੇ ਇਹ ਕਰਾਮਾਤ ਵੇਖੀ ਉਹ ਹੈਰਾਨ ਹੋ ਗਏ ਤੇ ਗੁਰੂ ਜੀ ਨੂੰ ਰੱਬੀ ਮਨੁੱਖ ਸਮਝ ਕੇ ਸਲਾਮ ਕਰਨ ਲੱਗੇ।

ਕਾਜ਼ੀ ਤੇ ਮੁੱਲਾਂ ਉਹਨਾਂ ਦੇ ਆਲੇ-ਦੁਆਲੇ ਇਕੱਠੇ ਹੋ ਗਏ ਤੇ ਗੁਰੂ ਜੀ ਨੂੰ ਉਹਨਾਂ ਦੇ ਧਰਮ ਬਾਰੇ ਪੁੱਛਾਂ ਕਰਨ ਲੱਗ ਪਏ। ਉਹ ਇਹ ਮੰਨਦੇ ਸਨ ਕਿ ਉਹਨਾਂ ਨੇ ਬਹੁਤ ਮਹਾਨ ਕੰਮ ਕੀਤਾ ਹੈ ਪਰ ਉਹਨਾਂ ਨੂੰ ਗੁਰੂ ਜੀ ਦੀ ਸ਼ਕਤੀ ਦਾ ਸਰੋਤ ਸਪੱਸ਼ਟ ਨਹੀਂ ਸੀ। ਉਹਨਾਂ ਨੇ ਗੁਰੂ ਜੀ ਦੀ ਕਿਤਾਬ ਖੋਲ੍ਹ ਕੇ ਵੇਖਿਆ ਕਿ ਉਹ ਧਾਰਮਿਕ ਵਿਸ਼ਿਆਂ ਬਾਰੇ ਸੀ ਤੇ ਉਹਨਾਂ ਨੇ ਪੁੱਛਿਆ ਕਿ ਹਿੰਦੂ ਧਰਮ ਚੰਗਾ ਹੈ ਕਿ ਮੁਸਲਮਾਨ। ਗੁਰੂ ਜੀ ਨੇ ਉੱਤਰ ਵਿਚ ਕਿਹਾ, "ਚੰਗੇ ਕੰਮਾਂ ਤੋਂ ਬਿਨਾਂ ਦੋਵੇਂ ਧਰਮਾਂ ਨੂੰ ਮੰਨਣ ਵਾਲੇ ਦੁੱਖ ਪਾਣਗੇ। ਨਾ ਹੀ ਹਿੰਦੂ ਤੇ ਨਾ ਹੀ ਮੁਸਲਮਾਨ ਰੱਬ ਦੀ ਦਰਗਾਹ ਜਾ ਸਕਣਗੇ। ਉਹਨਾਂ ਦੀ ਸਾਰੀ ਭਗਤੀ ਕੁਸੰਭੇ ਦੇ ਰੰਗ ਦੀ ਤਰ੍ਹਾਂ ਅਲੋਪ ਹੋ ਜਾਏਗੀ। ਦੋਵੇਂ ਮੱਤਾਂ ਦੇ ਅਨੁਯਾਈ ਇਕ ਦੂਜੇ ਨਾਲ ਈਰਖਾ ਕਰਦੇ ਹਨ। ਹਿੰਦੂ ਰਾਮ ਕਹਿੰਦੇ ਹਨ ਤੇ ਮੁਸਲਮਾਨ ਰਹੀਮ ਪਰ ਉਹ ਇਕ ਰੱਬ ਨੂੰ ਨਹੀਂ ਜਾਣਦੇ। ਸ਼ੈਤਾਨ ਉਹਨਾਂ ਨੂੰ ਆਪਣੇ ਸੌਖੇ ਰਸਤੇ ਭਰਮਾ ਕੇ ਲੈ ਗਿਆ ਹੈ।" ਇਸ ਮੌਕੇ ਤੇ ਗੁਰੂ ਜੀ ਨੇ ਤਿਲੰਗ ਰਾਗ ਵਿਚ ਇਹ ਸ਼ਬਦ ਉਚਾਰਨ ਕੀਤਾ :

ਤੇਰੇ ਰੋਜ਼ੇ ਤੇ ਨਮਾਜ਼ ਤਾਂ ਹੀ ਕਬੂਲ ਹੋਣਗੇ ਜੇ ਤੂੰ ਦੁਨੀਆਂ ਨੂੰ ਤੁੱਛ ਜਾਣੇਗਾ ਅਤੇ ਆਪਣੇ ਦਸ ਇੰਦਰਿਆਂ ਦਾ ਧਿਆਨ ਰੱਖੇਂਗਾ।

ਆਪਣਾ ਮਨ ਸਾਫ਼ ਰੱਖ ਆਪਣੀਆਂ ਅੱਖਾਂ ਨੂੰ ਰੋਕ, ਦੁਨਿਆਵੀ ਖਾਹਿਸ਼ਾਂ ਅਤੇ ਬਖੇੜੇ ਛੱਡ ਦੇ, ਹਰ ਮਹੀਨੇ ਦੇ ਹਰ ਦਿਨ ਆਪਣਾ ਪਿਆਰ ਰੱਬ ਨੂੰ ਦੇ। ਇਸ ਤਰ੍ਹਾਂ ਨਰਮ ਦਿਲ ਅਤੇ ਪਾਕ ਹੋ ਜਾਵੇਂਗਾ। ਇਬਾਦਤ ਦਾ ਰੋਜ਼ਾ ਰੱਖ, ਮਨ ਮੌਜਾਂ ਦਾ ਤਿਆਗ ਤੇਰਾ ਵਜ਼ਦ ਵਿਚ ਨੱਚਣਾ ਹੋਵੇ। ਮਨ ਦੇ ਤੌਖਲੇ ਅਤੇ ਤੰਗੀਆਂ, ਨਿੰਦਾ, ਸੁੱਖ ਅਤੇ ਸੰਸਾਰਕ ਖੁਸ਼ੀਆਂ ਦਾ ਤਿਆਗ ਕਰ।

ਦਿਲ ਨੂੰ ਤਰਸ ਦਾ ਖਜ਼ਾਨਾ ਬਣਾ ਅਤੇ ਨਾਸਤਕਤਾ ਦੇ ਤਰੀਕਿਆਂ ਦਾ ਤਿਆਗ ਕਰ। ਆਪਣੇ ਮਨ ਵਿਚੋਂ ਵਿਸ਼ੇ ਦੀ ਅੱਗ ਬੁਝਾ ਦੇ ਅਤੇ ਸ਼ਾਂਤ ਹੋ ਜਾ। ਨਾਨਕ ਜੀ ਕਹਿੰਦੇ ਹਨ ਇਸ ਤਰ੍ਹਾਂ ਦਾ ਰੋਜ਼ਾ ਰੱਖ ਤੇਰਾ ਧਰਮ ਪੂਰਨ ਹੋਵੇਗਾ।[1]

ਜਦੋਂ ਗੁਰੂ ਜੀ ਇਹ ਸ਼ਬਦ ਕਹਿ ਚੁੱਕੇ ਤਾਂ ਕਾਜ਼ੀ ਨੇ ਕਿਹਾ, "ਬਹੁਤ ਖ਼ੂਬ! ਅੱਜ ਮੈਂ ਪਹਿਲੀ ਵਾਰੀ ਰੱਬ ਦਾ ਸੱਚਾ ਸੰਤ ਵੇਖਿਆ ਹੈ।" ਕਾਜ਼ੀ ਨੇ ਫੇਰ ਜਾ ਕੇ ਵੱਡੇ ਕਾਜ਼ੀ ਨੂੰ ਦੱਸਿਆ ਕਿ ਨਾਨਕ ਦਰਵੇਸ਼ ਆਇਆ ਹੈ। ਵੱਡਾ ਕਾਜ਼ੀ ਗੁਰੂ ਜੀ ਨੂੰ ਮਿਲਣ ਆਇਆ, ਉਸਨੇ ਉਹਨਾਂ ਨਾਲ ਹੱਥ ਮਿਲਾਇਆ ਤੇ ਉਹਨਾਂ ਦੇ ਨਾਲ ਬੈਠ ਗਿਆ। ਉਸਨੇ ਰੱਬ ਦਾ ਸ਼ੁਕਰ ਕੀਤਾ ਕਿ ਗੁਰੂ ਨਾਨਕ ਦੇਵ ਜੀ ਆਏ ਹਨ। ਵੱਡੇ ਕਾਜ਼ੀ ਨੇ ਗੁਰੂ ਜੀ ਨੂੰ ਪੁੱਛਿਆ ਕਿ ਹਿੰਦੂ ਜੋ ਵੇਦ ਪੜ੍ਹਦੇ ਹਨ ਤੇ ਮੁਸਲਮਾਨ ਜੋ ਕੁਰਾਨ ਪੜ੍ਹਦੇ ਹਨ ਉਹਨਾਂ ਨੂੰ ਰੱਬ ਮਿਲੇਗਾ ਕਿ ਨਹੀਂ? ਗੁਰੂ ਜੀ ਨੇ ਬੜੇ ਨਿਧੜਕ ਹੋ ਕੇ ਕਬੀਰ ਜੀ ਦੇ ਇਸ ਬੇਬਾਕ ਸ਼ਬਦ ਵਿਚ ਉੱਤਰ ਦਿੱਤਾ :

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੨੭)

ਵੱਡੇ ਕਾਜ਼ੀ ਨੇ ਫੇਰ ਪੁੱਛਿਆ ਕਿ ਮਨੁੱਖਾਂ ਨੂੰ ਰੱਬ ਕਿਸ ਤਰ੍ਹਾਂ ਮਿਲ ਸਕਦਾ ਹੈ ? ਗੁਰੂ ਜੀ ਨੇ ਉੱਤਰ ਵਿਚ ਕਿਹਾ ਕਿ ਨਿਮਰਤਾ ਤੇ ਭਗਤੀ ਨਾਲ ਰੱਬ ਨੂੰ ਪਾਇਆ ਜਾ ਸਕਦਾ ਹੈ। ਫੇਰ ਗੁਰੂ ਜੀ ਨੇ ਫਾਰਸੀ ਵਿਚ ਇਹ ਸ਼ਬਦ ਵੀ ਨਾਲ ਕਿਹਾ :

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੨੧)

ਵੱਡੇ ਕਾਜ਼ੀ ਨੇ ਫੇਰ ਗੁਰੂ ਜੀ ਨੂੰ ਇਹ ਦੱਸਣ ਲਈ ਕਿਹਾ ਕਿ ਭੌਤਿਕ ਤੱਤ ਕਿਸ ਤੋਂ ਬਣੇ ਹਨ ਜਿਸ ਰੱਬ ਦੀ ਉਹ ਉਸਤਤ ਕਰਦੇ ਹਨ ਉਸ ਦੀ ਵਾਸਤਵਿਕਤਾ ਕੀ ਹੈ ? ਉਸ ਨੂੰ ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ ਅਤੇ ਉਹਨਾਂ ਦੇ ਧਰਮ ਦਾ ਨਿਚੋੜ ਕੀ ਹੈ ? ਗੁਰੂ ਜੀ ਨੇ ਫੇਰ ਫਾਰਸੀ ਦੇ ਸ਼ਬਦ ਦੁਆਰਾ ਜਵਾਬ ਦਿੱਤਾ :

ਮੁਸਲਮਾਨਾਂ ਅਨੁਸਾਰ ਇਹ ਜਾਣ ਲੈ ਕਿ ਹਰ ਚੀਜ਼ ਹਵਾ, ਅੱਗ, ਪਾਣੀ ਅਤੇ ਧਰਤੀ ਤੋਂ ਬਣੀ ਹੈ। ਪਾਕ ਰੱਬ ਨੇ ਪੰਜ ਤੱਤਾਂ ਵਿਚ ਸੰਸਾਰ ਪੈਦਾ ਕੀਤਾ ਹੈ। ਭਾਵੇਂ ਕਿੰਨੀ ਹੀ ਉਚੀ ਇਨਸਾਨ ਛਾਲ ਮਾਰ ਲਵੇ ਅਖੀਰ ਧਰਤੀ ਤੇ ਡਿੱਗੇਗਾ।

ਭਾਵੇਂ ਪੰਛੀ ਉਡਦੇ ਹਨ ਪਰ ਉਹ ਦਰਿਆ ਦੇ ਬਹਾ ਨਾਲ ਜਾਂ ਹਵਾ ਨਾਲ ਟਾਕਰਾ ਨਹੀਂ ਕਰ ਸਕਦੇ। ਇਹ ਦੋਵੇਂ ਤਾਕਤਾਂ ਰੱਬ ਦੇ ਹੁਕਮ ਨਾਲ ਚਲਦੀਆਂ ਹਨ। ਰੱਬ ਨੂੰ ਕਿੰਨਾ ਉਚਾ ਕਹਾਂ- ਇਹ ਗੱਲ ਮੈਂ ਕਿਸ ਕੋਲ ਜਾ ਕੇ ਪੁੱਛਾਂ।

ਉਹ ਵੱਡਿਆਂ ਤੋਂ ਵੱਡਾ ਹੈ ਅਤੇ ਉਸ ਦਾ ਸੰਸਾਰ ਮਹਾਨ ਹੈ।

ਮਨੁੱਖ ਆਪਣੀ ਹਉਮੈ ਵਿਚ ਮਰ ਜਾਂਦੇ ਹਨ।

---

1. ਇਹ ਸ਼ਬਦ ਜਿਸ ਦੇ ਅਰਥ ਦਿਤੇ ਗਏ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ।

ਮੈਂ ਚਾਰ ਵੇਦਾਂ ਨੂੰ ਪੜ੍ਹਿਆ ਹੈ ਪਰ ਇਹ ਲਿਖਤਾਂ ਉਸ ਰੱਬ ਦਾ ਅੰਤ ਨਹੀਂ ਪਾਉਂਦੀਆਂ। ਮੈਂ ਮੁਸਲਮਾਨਾਂ ਦੀਆਂ ਚਾਰ ਕਿਤਾਬਾਂ ਵੀ ਪੜ੍ਹੀਆਂ ਹਨ ਪਰ ਰੱਬ ਦੀ ਕੀਮਤ ਦਾ ਉਥੇ ਬਿਆਨ ਨਹੀਂ।

ਮੈਂ ਧਰਤੀ ਦੇ ਨੌ ਖੰਡਾਂ ਨੂੰ ਵਾਚਿਆ ਹੈ – ਉਹ ਇਕ-ਦੂਜੇ ਤੋਂ ਵੱਧ ਹੀ ਦੱਸਦੇ ਹਨ। ਆਪਣੇ ਮਨ ਨੂੰ ਕਿਸ਼ਤੀ ਬਣਾ ਕੇ ਮੈਂ ਹਰ ਸਮੁੰਦਰ ਨੂੰ ਵੇਖਿਆ ਹੈ। ਮੈਂ ਦਰਿਆਵਾਂ ਅਤੇ ਨਦੀਆਂ ਦੇ ਕੰਢੇ ਤੇ ਰਿਹਾ ਹਾਂ ਅਤੇ ਅਠਾਹਠ ਤੀਰਥਾਂ ਦੀ ਯਾਤਰਾ ਕੀਤੀ ਹੈ। ਮੈਂ ਜੰਗਲਾਂ ਵਿਚ ਅਤੇ ਤਿੰਨਾਂ ਸੰਸਾਰਾਂ (ਤਿੰਨ ਲੋਕਾਂ) ਵਿਚ ਰਿਹਾ ਹਾਂ ਅਤੇ ਕੌੜਾ ਮਿੱਠਾ ਖਾਇਆ ਹੈ।

ਮੈਂ ਸੱਤਾਂ ਆਕਾਸ਼ਾਂ ਅਤੇ ਸਵਰਗਾਂ ਉਤੇ ਸਵਰਗਾਂ ਨੂੰ ਵੇਖਿਆ ਹੈ ਅਤੇ ਮੈਂ ਨਾਨਕ ਕਹਿੰਦਾ ਹਾਂ ਜੇਕਰ ਮਨੁੱਖ ਰੱਬ ਤੋਂ ਡਰਦਾ ਹੈ ਅਤੇ ਚੰਗੇ ਕੰਮ ਕਰਦਾ ਹੈ ਤਾਂ ਸੱਚਾ ਧਰਮੀ ਹੈ।

ਕੁਝ ਸਮੇਂ ਬਾਅਦ ਗੁਰੂ ਜੀ ਮਦੀਨਾ ਵੱਲ ਚੱਲ ਪਏ ਜਿਥੇ ਉਹਨਾਂ ਨੇ ਮੁਸਲਮਾਨ ਕਾਜ਼ੀਆਂ ਨੂੰ ਵਾਦ-ਵਿਵਾਦ ਵਿਚ ਹਰਾਇਆ। ਉਥੋਂ ਉਹ ਸਫ਼ਰ ਕਰਦੇ ਹੋਏ ਬਗਦਾਦ ਪਹੁੰਚੇ ਅਤੇ ਸ਼ਹਿਰ ਦੇ ਬਾਹਰ ਆਪਣਾ ਡੇਰਾ ਲਗਾ ਲਿਆ। ਉਹਨਾਂ ਨੇ ਨਮਾਜ਼ ਪੜ੍ਹਨ ਲਈ ਬਾਂਗ ਲਗਾਈ ਤੇ ਸਾਰੇ ਲੋਕੀਂ ਹੈਰਾਨ ਹੋ ਕੇ ਚੁੱਪ ਹੋ ਗਏ। ਬਗਦਾਦ ਦੇ ਮੁੱਖ ਕਾਜ਼ੀ ਨੇ ਉਤਸ਼ਾਹ ਭਰਪੂਰ ਪ੍ਰਦੇਸੀ ਫਕੀਰ ਨਾਲ ਆਪਣੇ ਸਾਹਮਣੇ ਮੁਲਾਕਾਤ ਕੀਤੀ ਤੇ ਪੁੱਛਿਆ ਕਿ ਉਹ ਕੌਣ ਹੈ ਤੇ ਕਿਸ ਮੱਤ ਨਾਲ ਸੰਬੰਧ ਰੱਖਦਾ ਹੈ। ਗੁਰੂ ਜੀ ਨੇ ਜਵਾਬ ਵਿਚ ਕਿਹਾ, "ਮੈਂ ਇਸ ਕਲਿਯੁਗ ਵਿਚ ਮਨੁੱਖਾਂ ਨੂੰ ਰਸਤਾ ਵਿਖਾਉਣ ਆਇਆ ਹਾਂ। ਮੈਂ ਕਿਸੇ ਮੱਤ ਨੂੰ ਨਹੀਂ ਮੰਨਦਾ ਅਤੇ ਸਿਰਫ਼ ਇਕ ਰੱਬ ਨੂੰ ਜਾਣਦਾ ਹਾਂ ਜਿਸ ਨੂੰ ਮੈਂ ਧਰਤੀ, ਆਕਾਸ਼ ਤੇ ਸਭ ਦਿਸ਼ਾਵਾਂ ਵਿਚ ਵੇਖਦਾ ਹਾਂ।"

ਇਸ ਗੱਲ ਉਪਰੰਤ ਗੁਰੂ ਜੀ ਜਪੁਜੀ ਸਾਹਿਬ ਦਾ ਪਾਠ ਕਰਨ ਲੱਗ ਪਏ। ਜਿਉਂ ਹੀ ਮੁੱਖ ਕਾਜ਼ੀ ਨੇ ਉਹਨਾਂ ਦੇ ਸਿਧਾਂਤਾਂ ਨੂੰ ਸੁਣਿਆ ਤਾਂ ਕਹਿਣ ਲੱਗਾ, "ਇਹ ਬੜਾ ਅਧਰਮੀ ਫ਼ਕੀਰ ਹੈ। ਇਹ ਇੱਥੇ ਆਪਣੀਆਂ ਕਰਾਮਾਤਾਂ ਕਰ ਰਿਹਾ ਹੈ ਤੇ ਸਾਨੂੰ ਸਾਡੇ ਪਾਕ ਕੁਰਾਨ ਦੀ ਸ਼ਕਤੀ ਦੇ ਉਲਟ ਗੱਲਾਂ ਦੱਸ ਰਿਹਾ ਹੈ। ਇਹ ਦੱਸ ਰਿਹਾ ਹੈ ਕਿ ਇਥੇ ਸੈਂਕੜੇ ਹਜ਼ਾਰਾਂ ਪਾਤਾਲ ਤੇ ਆਕਾਸ਼ ਹਨ ਅਤੇ ਆਦਮੀ ਉਹਨਾਂ ਨੂੰ ਲੱਭਦਾ-ਲੱਭਦਾ ਥੱਕ ਜਾਂਦਾ ਹੈ।" ਮੁੱਖ ਕਾਜ਼ੀ ਨੇ ਗੁਰੂ ਜੀ ਨੂੰ ਆਪਣੀ ਸ਼ਕਤੀ ਦਾ ਪ੍ਰਗਟਾਵਾ ਕਰਕੇ ਵਿਖਾਉਣ ਨੂੰ ਕਿਹਾ। ਇਸ ਤੇ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਮੁੱਖ ਕਾਜ਼ੀ ਦੇ ਪੁੱਤਰ ਦੇ ਸਿਰ ਤੇ ਹੱਥ ਰੱਖਿਆ ਤੇ ਜਪੁ ਜੀ ਸਾਹਿਬ ਵਿਚ ਦੱਸੇ ਹੋਏ ਆਕਾਸ਼ ਤੇ ਪਾਤਾਲ ਦਿਖਾਏ।

ਪੱਛਮ ਵਿਚ ਆਪਣਾ ਉੱਦੇਸ਼ ਪੂਰਾ ਕਰਨ ਤੋਂ ਬਾਅਦ ਗੁਰੂ ਜੀ ਨੇ ਆਪਣੇ ਦੇਸ਼ ਵਾਪਸ ਆਉਣ ਦਾ ਫੈਸਲਾ ਕਰ ਲਿਆ। ਜਦੋਂ ਉਹ ਮੁਲਤਾਨ ਆਏ ਤਾਂ ਉਥੋਂ ਦੇ ਵੱਡੇ ਫ਼ਕੀਰ ਨੇ ਉਹਨਾਂ ਅੱਗੇ ਨੱਕੋ-ਨੱਕ ਭਰਿਆ ਹੋਇਆ ਦੁੱਧ ਦਾ ਕਟੋਰਾ ਰੱਖ ਦਿੱਤਾ। ਇਸ ਤਰ੍ਹਾਂ ਉਹ ਗੁਰੂ ਜੀ ਨੂੰ ਇਹ ਸਮਝਾ ਦੇਣਾ ਚਾਹੁੰਦਾ ਸੀ ਕਿ ਉੱਥੇ ਪਹਿਲਾਂ ਹੀ ਕਾਫੀ ਧਰਮੀ ਲੋਕ ਹਨ ਤੇ ਹੋਰ ਧਾਰਮਿਕ ਆਗੂ ਦੀ ਲੋੜ ਨਹੀਂ ਹੈ। ਗੁਰੂ ਜੀ ਕਿਸੇ ਤਰ੍ਹਾਂ ਘਬਰਾਏ ਨਹੀਂ ਅਤੇ ਉਹਨਾਂ ਨੇ ਦੁੱਧ ਦਾ ਕਟੋਰਾ ਲੈ

ਕੇ ਉਸ ਉਤੇ ਚੰਬੇਲੀ ਦਾ ਫੁੱਲ ਰੱਖ ਦਿੱਤਾ। ਕਟੋਰੇ ਦਾ ਦੁੱਧ ਬਾਹਰ ਨਹੀਂ ਨਿਕਲਿਆ। ਇਸ ਤੋਂ ਇਹ ਭਾਵ ਸੀ ਕਿ ਮੁਲਤਾਨੀਆਂ ਵਿਚ ਗੁਰੂ ਜੀ ਲਈ ਹਾਲੇ ਜਗ੍ਹਾ ਹੈ ਜਿਸ ਤਰ੍ਹਾਂ ਵਗਦੀ ਗੰਗਾ ਲਈ ਸਮੁੰਦਰ ਵਿਚ।

ਗੁਰੂ ਜੀ ਮੁਲਤਾਨ ਵਿਚ ਕੁਝ ਦੇਰ ਰੁਕਣ ਤੋਂ ਬਾਅਦ ਕਰਤਾਰਪੁਰ ਲਈ ਚੱਲ ਪਏ। ਉਹਨਾਂ ਦੀ ਪ੍ਰਸਿੱਧੀ ਦੁਨੀਆਂ ਵਿਚ ਦਿਨੋਂ-ਦਿਨ ਵਧਦੀ ਗਈ ਅਤੇ ਆਦਮੀ ਉਹਨਾਂ ਦੇ ਨਾਮ ਦਾ ਸਿਮਰਨ ਕਰਦੇ। ਇਹ ਜ਼ੋਰ ਦਿੰਦੇ ਸਨ ਕਿ ਇਕ ਰੱਬ ਦੇ ਨਾਮ ਦੀ ਥਾਂ ਕਿਸੇ ਹੋਰ ਨੂੰ ਧਿਆਉਣ ਨਾਲ ਮਨੁੱਖ ਦੇ ਸਿਰ ਤੇ ਦੁੱਖਾਂ ਦਾ ਭਾਰ ਵੱਧਦਾ ਹੈ। ਇਸ ਸਮੇਂ ਤੱਕ ਗੁਰੂ ਜੀ ਨੇ ਆਪਣੇ ਨਿਰਮਲ ਧਰਮ ਦੀ ਨੀਂਹ ਰੱਖ ਲਈ ਸੀ ਤੇ ਉਹਨਾਂ ਦਾ ਸਿੱਕਾ ਦੁਨੀਆਂ ਵਿਚ ਚਲਣ ਲੱਗ ਪਿਆ ਸੀ।

ਕੁਝ ਸਮੇਂ ਬਾਅਦ ਗੁਰੂ ਜੀ ਤੇ ਉਹਨਾਂ ਦਾ ਰਬਾਬੀ ਰਾਵੀ ਦਰਿਆ ਦੇ ਸੱਜੇ ਕੰਢੇ ਤੇ ਮੌਜੂਦਾ ਡੇਰਾ ਬਾਬਾ ਨਾਨਕ ਸ਼ਹਿਰ ਦੇ ਸਾਹਮਣੇ ਕਰਤਾਰਪੁਰ ਪੁੱਜੇ। ਉਥੇ ਉਹਨਾਂ ਨੇ ਆਪਣੇ ਹਾਜੀਆਂ ਵਾਲੇ ਕਪੜਿਆਂ ਨੂੰ ਤਿਆਗਿਆ ਤੇ ਆਮ ਲੋਕਾਂ ਵਰਗੇ ਕਪੜੇ ਪਾ ਲਏ ਕਿਉਂਕਿ ਉਹ ਦੁਨੀਆਂ ਨੂੰ ਦਿਖਾਉਣਾ ਚਾਹੁੰਦੇ ਸਨ ਕਿ ਉਹਨਾਂ ਦੀ ਇਹ ਇੱਛਾ ਨਹੀਂ ਸੀ ਕਿ ਮਨੁੱਖ ਕੇਵਲ ਤਪੱਸਵੀ ਵਰਗਾ ਜੀਵਨ ਬਤੀਤ ਕਰਨ ਅਤੇ ਦੂਸਰੇ ਪਾਸੇ ਉਹ ਆਪਣੀ ਧਾਰਮਿਕ ਗੱਦੀ ਤੇ ਬੈਠ ਕੇ ਲੋਕਾਂ ਨੂੰ ਸਿੱਖਿਆ ਦੇਣ ਲੱਗ ਪਏ।

ਕਰਤਾਰਪੁਰ ਵਿਚ ਆਪਣੇ ਰਹਿਣ ਦੇ ਸਮੇਂ ਦੌਰਾਨ ਗੁਰੂ ਜੀ ਸ਼ਬਦਾਂ ਦੀ ਰਚਨਾ ਕਰਦੇ ਜੋ ਆਤਮਿਕ ਪ੍ਰਕਾਸ਼ ਦਿੰਦੇ ਸਨ ਤੇ ਮਨ ਦਾ ਹਨੇਰਾ ਦੂਰ ਕਰਦੇ ਸਨ। ਉਹ ਹਮੇਸ਼ਾਂ ਧਾਰਮਿਕ ਵਿਸ਼ਿਆਂ ਤੇ ਗੱਲਾਂ ਕਰਦੇ ਰਹਿੰਦੇ ਅਤੇ ਰੱਬ ਦੇ ਸ਼ਬਦਾਂ ਦਾ ਗਾਇਣ ਹਮੇਸ਼ਾਂ ਉਹਨਾਂ ਦੇ ਸਾਹਮਣੇ ਹੁੰਦਾ ਰਹਿੰਦਾ। ਸੋਦਰ ਤੇ ਸੋਹਿਲਾ ਸ਼ਾਮ ਨੂੰ ਗਾਇਆ ਜਾਂਦਾ ਅਤੇ ਜਪੁਜੀ ਦਾ ਪਾਠ ਸਵੇਰੇ ਅੰਮ੍ਰਿਤ ਵੇਲੇ ਹੁੰਦਾ।

ਕਰਤਾਰਪੁਰ ਵਿਚ ਗੁਰੂ ਜੀ ਦਾ ਵਫ਼ਾਦਾਰ ਰਬਾਬੀ ਮਰਦਾਨਾ ਬੁਢਾਪੇ ਕਰਕੇ ਤੇ ਲੰਬੇ ਸਮੇਂ ਦੇ ਭ੍ਰਮਣ ਤੋਂ ਥੱਕ ਕੇ ਬਿਮਾਰ ਪੈ ਗਿਆ। ਉਸ ਨੂੰ ਇੰਜ ਮਹਿਸੂਸ ਹੋਇਆ ਕਿ ਹੋਰ ਲੰਮੇਰੀ ਉਮਰ ਤੱਕ ਜਿਉਣ ਦੀ ਕੋਈ ਆਸ ਨਹੀਂ ਰਹੀ ਅਤੇ ਉਹ ਮਨੁੱਖ ਦੀ ਅਟੱਲ ਹੋਣੀ ਲਈ ਤਿਆਰ ਹੋ ਗਿਆ ਹੈ। ਉਹ ਪਹਿਲੇ ਮੁਸਲਮਾਨ ਸੀ ਪਰ ਹੁਣ ਸਿੱਖ ਸੀ ਸੋ ਇਸ ਕਰਕੇ ਇਹ ਸਵਾਲ ਉਠਿਆ ਕਿ ਉਸ ਦੀ ਮੌਤ ਤੋਂ ਬਾਅਦ ਉਸਦੇ ਸਰੀਰ ਨੂੰ ਕਿਸ ਤਰ੍ਹਾਂ ਕੀਤਾ ਜਾਏ? ਗੁਰੂ ਜੀ ਨੇ ਕਿਹਾ, "ਬ੍ਰਾਹਮਣ ਦੇ ਸਰੀਰ ਨੂੰ ਪਾਣੀ ਵਿਚ ਸੁੱਟਿਆ ਜਾਂਦਾ ਹੈ, ਖੱਤਰੀ ਦਾ ਸਰੀਰ ਜਲਾਇਆ ਜਾਂਦਾ ਹੈ ਅਤੇ ਵੈਸ਼ ਦਾ ਸਰੀਰ ਹਵਾ ਵਿਚ ਸੁੱਟ ਦਿੱਤਾ ਜਾਂਦਾ ਹੈ ਅਤੇ ਸ਼ੂਦਰ ਦਾ ਸਰੀਰ ਜ਼ਮੀਨ ਵਿਚ ਦਫ਼ਨਾਇਆ ਜਾਂਦਾ ਹੈ। ਤੇਰੇ ਸਰੀਰ ਨੂੰ ਜਿਸ ਤਰ੍ਹਾਂ ਤੂੰ ਚਾਹਵੇਂ ਉਸ ਤਰ੍ਹਾਂ ਹੀ ਨਿਪਟਾਇਆ ਜਾ ਸਕਦਾ ਹੈ।" ਮਰਦਾਨੇ ਨੇ ਉੱਤਰ ਦਿੱਤਾ, "ਤੁਹਾਡੀ ਸਿੱਖਿਆ ਨਾਲ ਮੇਰੇ ਸਰੀਰ ਵਿਚੋਂ ਹੰਕਾਰ ਬਿਲਕੁਲ ਨਿਕਲ ਚੁੱਕਾ ਹੈ। ਚਾਰ ਜਾਤਾਂ ਨਾਲ ਸਰੀਰ ਦਾ ਨਿਪਟਾਰਾ ਸਿਰਫ਼ ਇਕ ਹੰਕਾਰ ਦੀ ਗੱਲ ਹੈ। ਮੈਂ ਆਪਣੀ ਆਤਮਾ ਨੂੰ ਆਪਣੇ ਸਰੀਰ ਦਾ ਸਿਰਫ਼ ਇਕ ਦਰਸ਼ਕ ਸਮਝਦਾ ਹਾਂ ਅਤੇ ਮੈਂ

ਸਰੀਰ ਲਈ ਕੋਈ ਚਿੰਤਾ ਨਹੀਂ ਕਰਦਾ। ਇਸ ਕਰਕੇ ਮੇਰੇ ਸਰੀਰ ਨੂੰ ਆਪਣੀ ਇੱਛਾ ਅਨੁਸਾਰ ਨਿਪਟਾ ਦੇਣਾ।" ਫੇਰ ਗੁਰੂ ਜੀ ਨੇ ਕਿਹਾ, "ਕੀ ਮੈਂ ਤੇਰੇ ਲਈ ਮਕਬਰਾ ਬਣਾ ਦੇਵਾਂ ਤੇ ਤੈਨੂੰ ਦੁਨੀਆਂ ਵਿਚ ਪ੍ਰਸਿੱਧ ਕਰ ਦੇਵਾਂ?" ਮਰਦਾਨੇ ਨੇ ਜਵਾਬ ਦਿੱਤਾ, "ਜਦੋਂ ਮੇਰੀ ਆਤਮਾ ਮੇਰੇ ਸਰੀਰ ਦੇ ਮਕਬਰੇ ਵਿਚੋਂ ਨਿਕਲ ਜਾਵੇਗੀ ਤਾਂ ਇਸਨੂੰ ਪੱਥਰ ਦੇ ਮਕਬਰੇ ਵਿਚ ਬੰਦ ਕਿਉਂ ਕਰਨਾ ਗੁਰੂ ਜੀ ਨੇ ਉੱਤਰ ਦਿੱਤਾ, "ਕਿਉਂਕਿ ਤੈਨੂੰ ਰੱਬ ਦਾ ਗਿਆਨ ਹੈ ਇਸ ਕਰਕੇ ਤੂੰ ਬ੍ਰਾਹਮਣ ਹੈਂ, ਅਸੀਂ ਤੇਰੇ ਸਰੀਰ ਨੂੰ ਰਾਵੀ ਦਰਿਆ ਵਿਚ ਸੁਟਾਂਗੇ ਤਾਂ ਕਿ ਇਹ ਪਾਣੀ ਨਾਲ ਬਹਿ ਜਾਵੇ। ਇਸ ਕਰਕੇ ਤੂੰ ਇਸ ਦੇ ਕਿਨਾਰੇ ਤੇ ਉਸ ਤਰ੍ਹਾਂ ਬੈਠ ਜਾ ਜਿਸ ਤਰ੍ਹਾਂ ਭਗਤੀ ਕਰੀ ਦੀ ਹੈ ਅਤੇ ਆਪਣਾ ਧਿਆਨ ਰੱਬ ਵੱਲ ਲਗਾ ਤੇ ਹਰ ਸਾਹ ਅੰਦਰ ਲੈਣ ਲੱਗਿਆਂ ਤੇ ਬਾਹਰ ਕੱਢਣ ਲੱਗਿਆਂ ਉਸਦਾ ਨਾਮ ਜਪ। ਇਸ ਤਰ੍ਹਾਂ ਆਤਮਾ ਰੱਬ ਦੀ ਜੋਤ ਨਾਲ ਮਿਲ ਜਾਵੇਗੀ।" ਇਸੇ ਤਰ੍ਹਾਂ ਮਰਦਾਨਾ ਦਰਿਆ ਦੇ ਕਿਨਾਰੇ ਤੇ ਬੈਠ ਗਿਆ ਅਤੇ ਉਸਦੀ ਆਤਮਾ ਦੂਸਰੀ ਸਵੇਰ ਦਿਨ ਚੜ੍ਹਨ ਤੋਂ ਇਕ ਪਹਿਰ ਪਹਿਲੇ ਆਪਣੇ ਦੁਨਿਆਵੀ ਪਿੰਜਰੇ ਤੋਂ ਅਲੱਗ ਹੋ ਗਈ। ਗੁਰੂ ਜੀ ਨੇ ਫੇਰ ਆਪਣੇ ਸਿੱਖਾਂ ਦੀ ਮਦਦ ਨਾਲ ਮਰਦਾਨੇ ਦੇ ਸਰੀਰ ਨੂੰ ਰਾਵੀ ਦਰਿਆ ਵਿਚ ਪਰਵਾਹ ਕਰ ਦਿੱਤਾ ਫੇਰ ਉਸਦੀ ਸਦੀਵੀ ਸ਼ਾਂਤੀ ਲਈ ਸੋਹਿਲੇ ਦਾ ਪਾਠ ਕਰਵਾਇਆ ਅਤੇ ਸਾਰੇ ਕਿਰਿਆ-ਕਰਮ ਨੂੰ ਕੜਾਹ-ਪ੍ਰਸ਼ਾਦ ਵੰਡ ਕੇ ਸਮਾਪਤ ਕੀਤਾ। ਗੁਰੂ ਜੀ ਨੇ ਮਰਦਾਨੇ ਦੇ ਪੁੱਤਰ ਸ਼ਾਹਜ਼ਾਦੇ ਨੂੰ ਤੇ ਰਿਸ਼ਤੇਦਾਰਾਂ ਨੂੰ ਸਿੱਖਿਆ ਦਿੱਤੀ ਕਿ ਉਹ ਨਾ ਰੋਣ। ਉਸ ਮਨੁੱਖ ਲਈ ਕੋਈ ਮਾਤਮ ਨਹੀਂ ਹੋਣਾ ਚਾਹੀਦਾ ਜੋ ਆਪਣੇ ਪ੍ਰਲੋਕ ਘਰ ਵਾਪਸ ਜਾ ਰਿਹਾ ਹੈ। ਇਸ ਕਰਕੇ ਮਰਦਾਨੇ ਲਈ ਕੋਈ ਸੋਗ ਨਹੀਂ ਹੋਣਾ ਚਾਹੀਦਾ।

ਗੁਰੂ ਜੀ ਨੇ ਸ਼ਾਹਜ਼ਾਦੇ ਨੂੰ ਕਿਹਾ ਕਿ ਉਹ ਆਪਣੇ ਪਿਤਾ ਦੀ ਤਰ੍ਹਾਂ ਉਹਨਾਂ ਨਾਲ ਰਵ੍ਹੇ ਅਤੇ ਉਸਨੂੰ ਆਪਣੇ ਪਿਤਾ ਸਮਾਨ ਹੀ ਇੱਜ਼ਤ ਮਿਲੇਗੀ। ਇਸ ਤਰ੍ਹਾਂ ਸ਼ਾਹਜ਼ਾਦਾ ਗੁਰੂ ਜੀ ਦਾ ਵਫ਼ਾਦਾਰ ਮਿੱਤਰ ਤੇ ਰਬਾਬੀ ਬਣ ਕੇ ਉਹਨਾਂ ਨਾਲ ਅੰਤਿਮ ਸਮੇਂ ਤਕ ਰਿਹਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਜੀ ਦੇ ਤਿੰਨ ਸਲੋਕ ਮਰਦਾਨੇ ਨੂੰ ਸਮਰਪਿਤ ਹਨ ਜਿਨ੍ਹਾਂ ਵਿਚ ਸ਼ਰਾਬ ਦੀ ਵਰਤੋਂ ਦੀ ਨਿਖੇਧੀ ਕੀਤੀ ਹੈ। ਸੁਵਿਧਾ ਵਜੋਂ ਇਕ ਸ਼ਬਦ ਨਮੂਨੇ ਲਈ ਇਥੇ ਦੇਣਾ ਕਾਫ਼ੀ ਹੈ :

ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੫੩)

ਭਾਗ-ਸੋਲ੍ਹਵਾਂ

ਖਡੂਰ ਨਾਮ ਦੇ ਕਸਬੇ ਵਿਚ ਇਕ ਜੋਧਾ ਨਾਮ ਦਾ ਸਿੱਖ ਰਹਿੰਦਾ ਸੀ। ਜੋ ਰੱਬ ਦਾ ਨਾਮ ਜਪਦਾ ਸੀ ਜਦ ਕਿ ਦੂਸਰੇ ਦੁਰਗਾ ਦੀ ਪੂਜਾ ਕਰਦੇ ਸਨ। ਉਹਨਾਂ ਦਾ ਪੁਜਾਰੀ ਲਹਿਣਾ ਨਾਮ ਦਾ ਆਦਮੀ ਸੀ। ਇਕ ਦਿਨ ਜੋਧਾ ਗੁਰੂ ਨਾਨਕ ਦੇਵ ਜੀ ਦੀ ਜਪੁਜੀ ਪੜ੍ਹ ਰਿਹਾ ਸੀ ਤਾਂ ਲਹਿਣਾ ਨੇ

ਸੁਣ ਕੇ ਪੁੱਛਿਆ ਕਿ ਇਹ ਕਿਸ ਦੀ ਰਚਨਾ ਹੈ। ਜੋਧਾ ਨੇ ਉਸਨੂੰ ਇਸ ਬਾਰੇ ਦੱਸਿਆ ਤੇ ਦੋਵਾਂ ਵਿਚ ਮਿੱਤਰਤਾ ਹੋ ਗਈ। ਜਦੋਂ ਲਹਿਣਾ ਨੂੰ ਗੁਰੂ ਜੀ ਨਾਲ ਮਿਲਾਇਆ ਗਿਆ ਤਾਂ ਉਸਨੇ ਆਪਣਾ ਨਾਮ ਗੁਰੂ ਜੀ ਨੂੰ ਦੱਸਿਆ ਤਾਂ ਉਹਨਾਂ ਨੇ ਕਿਹਾ, "ਤੇਰਾ ਲੈਣਾ ਇੱਥੇ ਹੈ ਹੋਰ ਕਿੱਥੇ ਮਿਲ ਸਕਦਾ ਹੈ?" ਪੰਜਾਬੀ ਭਾਸ਼ਾ ਵਿਚ ਲਹਿਣਾ ਦਾ ਮਤਲਬ ਹੈ ਲੈਣਾ ਤੇ ਗੁਰੂ ਜੀ ਦਾ ਮਤਲਬ ਸੀ, "ਜੋ ਤੂੰ ਲੈਣਾ ਚਾਹੁੰਦਾ ਹੈਂ, ਮੁਕਤੀ, ਉਹ ਇੱਥੇ ਹੈ ਅਤੇ ਹੋਰ ਕਿਧਰੇ ਨਹੀਂ।" ਗੁਰੂ ਜੀ ਦੇ ਮੁੱਖ ਤੋਂ ਆਤਮਿਕ ਸਿੱਖਿਆ ਲੈਣ ਤੋਂ ਬਾਅਦ ਲਹਿਣਾ ਨੇ ਵਜਾਉਣ ਵਾਲੀਆਂ ਟੱਲੀਆਂ ਜੋ ਉਸਨੇ ਹੱਥਾਂ ਤੇ ਪੈਰਾਂ ਵਿਚ ਦੇਵੀ ਅੱਗੇ ਨੱਚਣ ਲਈ ਪਾਈਆਂ ਸਨ, ਸੁੱਟ ਦਿੱਤੀਆਂ ਅਤੇ ਰੱਬ ਦਾ ਨਾਂ ਜਪਣ ਲੱਗ ਪਿਆ ਫੇਰ ਉਸਨੇ ਗੁਰੂ ਜੀ ਦੇ ਘਰ ਦੀ ਸੇਵਾ ਕਰਨ ਦਾ ਨੇਮ ਬਣਾ ਲਿਆ।

ਇਹ ਕਿਹਾ ਜਾਂਦਾ ਹੈ ਕਿ ਲਹਿਣਾ ਜੀ ਨੇ ਸੁਪਨੇ ਵਿਚ ਇਕ ਔਰਤ ਲਾਲ ਕਪੜਿਆਂ ਵਿਚ ਗੁਰੂ ਜੀ ਦੀ ਸੇਵਾ ਕਰਦੀ ਵੇਖੀ। ਲਹਿਣਾ ਨੇ ਉਸਨੂੰ ਪੁੱਛਿਆ ਕਿ ਉਹ ਕੌਣ ਹੈ। ਉਸਨੇ ਕਿਹਾ ਕਿ ਉਹ ਦੁਰਗਾ ਹੈ ਅਤੇ ਉਹ ਹਫ਼ਤੇ ਵਿਚ ਇਕ ਵਾਰੀ ਗੁਰੂ ਜੀ ਦੀ ਸੇਵਾ ਕਰਨ ਆਉਂਦੀ ਹੈ। ਇਸ ਗੱਲ ਤੇ ਲਹਿਣਾ ਨੂੰ ਗੁਰੂ ਨਾਨਕ ਦੇਵ ਜੀ ਦੇ ਦੈਵੀ ਉਪਦੇਸ਼ ਤੇ ਵਿਸ਼ਵਾਸ ਹੋ ਗਿਆ।

ਇਕ ਜੋਗੀ ਗੁਰੂ ਜੀ ਨੂੰ ਮਿਲਣ ਆਇਆ ਤੇ ਉਸਨੇ ਉਹਨਾਂ ਨੂੰ ਇਤਨੇ ਜ਼ਿਆਦਾ ਸਿੱਖ ਬਣਾਉਣ ਤੇ ਵਧਾਈ ਦਿੱਤੀ। ਗੁਰੂ ਜੀ ਨੇ ਉੱਤਰ ਦਿੱਤਾ ਕਿ ਉਹਨਾਂ ਕੋਲ ਅਸਲੀ ਸਿੱਖ ਤਾਂ ਬਹੁਤ ਥੋੜ੍ਹੇ ਹਨ ਜਿਵੇਂ ਉਹ ਆਪ ਹੀ ਵੇਖ ਲਵੇਗਾ। ਗੁਰੂ ਜੀ ਨੇ ਤੇ ਜੋਗੀ ਨੇ ਜੰਗਲ ਵੱਲ ਜਾਣ ਦਾ ਨਿਸ਼ਚਾ ਕਰ ਲਿਆ ਤਾਂ ਜੋ ਸਿੱਖਾਂ ਦੀ ਜੋ ਉਹਨਾਂ ਦੇ ਨਾਲ ਕਾਫ਼ੀ ਸੰਖਿਆ ਵਿਚ ਸਨ ਪਰੀਖਿਆ ਲੈ ਸਕਣ। ਇਸ ਉਦੇਸ਼ ਲਈ ਗੁਰੂ ਜੀ ਨੇ ਬੜਾ ਭਿਆਨਕ ਰੂਪ ਧਾਰਨ ਕਰ ਲਿਆ। ਉਹਨਾਂ ਨੇ ਬੜੇ ਗੰਦੇ ਤੇ ਫਟੇ ਹੋਏ ਕਪੜੇ ਪਾ ਲਏ, ਚਾਕੂ ਆਪਣੇ ਹੱਥ ਵਿਚ ਲੈ ਲਿਆ ਅਤੇ ਕੁਝ ਸ਼ਿਕਾਰੀ ਕੁੱਤਿਆਂ ਨੂੰ ਨਾਲ ਲੈ ਕੇ ਜੰਗਲ ਵੱਲ ਚੱਲ ਪਏ ਜਿਵੇਂ ਕਿਸੇ ਸ਼ਿਕਾਰ ਦੀ ਭਾਲ ਵਿਚ ਜਾਈਦਾ ਹੈ। ਇਸ ਗੱਲ ਤੇ ਉਹਨਾਂ ਦੇ ਕਾਫ਼ੀ ਸਿੱਖ ਭੱਜ ਗਏ। ਇਸ ਮੌਕੇ ਤੇ ਗੁਰੂ ਜੀ ਨੇ ਇਹ ਰਚਨਾ ਕੀਤੀ :

ਏਕੁ ਸੁਆਨੁ ਦੁਇ ਸੁਆਨੀ ਨਾਲਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੪)

ਜਿਉਂ ਹੀ ਸਾਰਾ ਟੋਲਾ ਅੱਗੇ ਵਧਿਆ ਤਾਂ ਉਹਨਾਂ ਨੇ ਵੇਖਿਆ ਕਿ ਸੜਕ ਤਾਂਬੇ ਦੇ ਸਿੱਕਿਆਂ ਨਾਲ ਭਰੀ ਹੋਈ ਹੈ। ਕਈ ਸਿੱਖਾਂ ਨੇ ਸਿੱਕੇ ਚੁੱਕੇ ਤੇ ਉਥੋਂ ਚਲੇ ਗਏ। ਅੱਗੇ ਜਾ ਕੇ ਚਾਂਦੀ ਦੇ ਸਿੱਕੇ ਮਿਲੇ। ਕਾਫ਼ੀ ਸਿੱਖਾਂ ਨੇ ਚਾਂਦੀ ਦੇ ਸਿੱਕੇ ਚੁੱਕੇ ਤੇ ਘਰ ਵਾਪਸ ਆ ਗਏ। ਜਿਉਂ ਹੀ ਗੁਰੂ ਜੀ ਦਾ ਟੋਲਾ ਅੱਗੇ ਗਿਆ ਤਾਂ ਉਹਨਾਂ ਨੂੰ ਸੜਕ ਤੇ ਸੋਨੇ ਦੇ ਸਿੱਕੇ ਮਿਲੇ। ਬਚੇ ਹੋਏ ਸਿੱਖਾਂ ਵਿਚੋਂ ਕਾਫੀਆਂ ਨੇ ਸੋਨੇ ਦੇ ਸਿੱਕੇ ਚੁੱਕੇ ਤੇ ਉਥੋਂ ਛੇਤੀ ਹੀ ਗਾਇਬ ਹੋ ਗਏ। ਸਿਰਫ਼ ਜੋਗੀ, ਦੋ ਸਿੱਖ ਅਤੇ ਗੁਰੂ ਜੀ ਦਾ ਸੇਵਕ ਲਹਿਣਾ ਰਹਿ ਗਏ।

ਅੱਗੇ ਜਾ ਕੇ ਉਹਨਾਂ ਨੂੰ ਇਕ ਚਿਤਾ ਦਿਖਾਈ ਦਿੱਤੀ। ਮ੍ਰਿਤਕ ਸਰੀਰ ਕੋਲ ਚਾਰ ਦੀਵੇ

ਜੱਗ ਰਹੇ ਸਨ ਤੇ ਮ੍ਰਿਤਕ ਸਰੀਰ ਜ਼ਮੀਨ ਉਪਰ ਪਿਆ ਸੀ ਤੇ ਉਸ ਉਪਰ ਚਾਦਰ ਦਿੱਤੀ ਹੋਈ ਸੀ ਤੇ ਉਥੋਂ ਬੜੀ ਬਦਬੋ ਆ ਰਹੀ ਸੀ। ਗੁਰੂ ਜੀ ਨੇ ਕਿਹਾ, "ਜੋ ਵੀ ਮੇਰੇ ਨਾਲ ਜਾਣਾ ਚਾਹੁੰਦਾ ਹੈ ਉਹ ਇਸਨੂੰ ਖਾਵੇ।" ਸਿੱਖ ਇਸ ਭਿਆਨਕ ਪ੍ਰਸਤਾਵ ਤੋਂ ਦਿਲ ਹਾਰ ਗਏ ਪਰ ਗੁਰੂ ਜੀ ਉਪਰ ਲਹਿਣੇ ਦਾ ਵਿਸ਼ਵਾਸ ਅਟੁੱਟ ਰਿਹਾ। ਜ਼ਿਆਦਾ ਦੇਰ ਕਰਨ ਤੋਂ ਪਹਿਲਾਂ ਉਸਨੇ ਹੱਥ ਜੋੜ ਕੇ ਗੁਰੂ ਜੀ ਨੂੰ ਪੁੱਛਿਆ ਕਿ ਉਹ ਮ੍ਰਿਤਕ ਸਰੀਰ ਪਹਿਲੇ ਸਿਰ ਤੋਂ ਖਾਣਾ ਸ਼ੁਰੂ ਕਰੇ ਕਿ ਪੈਰਾਂ ਤੋਂ। ਗੁਰੂ ਜੀ ਨੇ ਉਸਨੂੰ ਕਿਹਾ ਕਿ ਉਹ ਕਮਰ ਤੋਂ ਖਾਣਾ ਸ਼ੁਰੂ ਕਰੇ। ਲਹਿਣਾ ਜੀ ਨੇ ਜਿਉਂ ਹੀ ਉਸ ਮੁਰਦੇ ਸਰੀਰ ਨੂੰ ਖਾਣ ਲਈ ਓਪਰੋਂ ਚਾਦਰ ਚੁੱਕੀ ਵੇਖਿਆ ਤਾਂ ਇਹ ਕਿਹਾ ਜਾਂਦਾ ਹੈ ਕਿ ਕੜਾਹ ਪ੍ਰਸ਼ਾਦ ਦੀ ਥਾਲੀ ਮ੍ਰਿਤਕ ਸਰੀਰ ਦੀ ਜਗ੍ਹਾ ਸਾਹਮਣੇ ਆ ਗਈ। ਲਹਿਣੇ ਨੇ ਕੜਾਹ ਪ੍ਰਸ਼ਾਦ ਪਹਿਲੇ ਗੁਰੂ ਜੀ ਅੱਗੇ ਭੇਟ ਕੀਤਾ ਅਤੇ ਕਿਹਾ ਕਿ ਉਹ ਉਹਨਾਂ ਦਾ ਛੱਡਿਆ ਹੋਇਆ ਪ੍ਰਸ਼ਾਦ ਖਾਵੇਗਾ। ਗੁਰੂ ਜੀ ਨੇ ਉੱਤਰ ਵਿਚ ਕਿਹਾ ਕਿ, "ਤੈਨੂੰ ਇਹ ਕੜਾਹ-ਪ੍ਰਸ਼ਾਦ ਇਸ ਲਈ ਪ੍ਰਾਪਤ ਹੋਇਆ ਹੈ ਕਿਉਂਕਿ ਤੂੰ ਇਸਨੂੰ ਦੂਸਰਿਆਂ ਨਾਲ ਵੰਡਣਾ ਚਾਹੁੰਦਾ ਸੈਂ।" ਜੋ ਦੌਲਤ ਪ੍ਰਮਾਤਮਾ ਮਨੁੱਖ ਨੂੰ ਦਿੰਦਾ ਹੈ ਜੇ ਉਹ ਸਿਰਫ਼ ਆਪਣੇ ਲਈ ਜਾਂ ਜ਼ਮੀਨ ਵਿਚ ਦਬਾਉਣ ਲਈ ਵਰਤਦਾ ਹੈ ਤਾਂ ਉਹ ਮ੍ਰਿਤਕ ਸਰੀਰ ਦੀ ਤਰ੍ਹਾਂ ਹੈ ਪਰ ਜੋ ਦੌਲਤ ਉਹ ਦੂਸਰਿਆਂ ਨੂੰ ਵੀ ਵੰਡਦਾ ਹੈ ਤਾਂ ਉਹ ਪਵਿੱਤਰ ਭੋਜਨ ਦੀ ਤਰ੍ਹਾਂ ਹੈ। ਤੂੰ ਮੇਰਾ ਭੇਦ ਪਾ ਲਿਆ ਹੈ ਤੇਰੇ ਵਿਚ ਮੇਰੀ ਮੂਰਤ ਹੈ। ਮੈਂ ਤੈਨੂੰ ਅਸਲ ਗੱਲ ਦੱਸਾਂਗਾ, ਉਹ ਮੰਤ੍ਰ ਜੋ ਧਰਮ ਦਾ ਨਿਚੋੜ ਹੈ ਅਤੇ ਜਿਸ ਨਾਲ ਤੈਨੂੰ ਇੱਥੇ ਅਤੇ ਅੱਗੇ ਖੁਸ਼ੀ ਪ੍ਰਾਪਤ ਹੋਵੇਗੀ। ਉਹ ਮੰਤ੍ਰ ਇਹ ਜਪੁਜੀ ਦੀ ਪ੍ਰਸਤਾਵਨਾ ਹੈ ਅਤੇ ਮੂਲ-ਮੰਤਰ ਹੈ ਜਿਸ ਦੇ ਬਾਰੇ ਗੁਰੂ ਜੀ ਨੇ ਪਹਿਲਾਂ ਦੱਸਿਆ ਹੈ :

> ੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
> ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧)

ਗੁਰੂ ਜੀ ਨੇ ਲਹਿਣੇ ਨੂੰ ਸੱਚੇ ਦਿਲੋਂ ਇਹ ਮੰਤਰ ਪੜ੍ਹਣ ਲਈ ਕਿਹਾ ਅਤੇ ਕਿਹਾ ਕਿ ਇਹ ਉਸ ਦੀਆਂ ਸਾਰੀਆਂ ਇੱਛਾਵਾਂ ਨੂੰ ਪੂਰਾ ਕਰੇਗਾ। ਇਸ ਦੁਨੀਆਂ ਵਿਚ ਖੁਸ਼ੀ ਪ੍ਰਦਾਨ ਕਰੇਗਾ ਅਤੇ ਅਗਲੀ ਵਿਚ ਮੁਕਤੀ। ਇਸ ਦੇ ਲਗਾਤਾਰ ਨੇਮ ਨਾਲ ਪੜ੍ਹਨ ਨਾਲ ਪ੍ਰਮਾਤਮਾ ਦਾ ਪ੍ਰਕਾਸ਼ ਉਸ ਦੇ ਮਨ ਵਿਚ ਹੋ ਜਾਵੇਗਾ। ਇਸ ਗੱਲ ਤੇ ਜੋਗੀ ਨੇ ਕਿਹਾ, "ਓ ਨਾਨਕ ! ਜੋ ਤੇਰੇ ਅੰਗ ਤੋਂ ਬਣੇਗਾ ਉਹ ਤੇਰਾ ਗੁਰੂ ਹੋਵੇਗਾ।" ਇਸ ਗੱਲ ਤੇ ਗੁਰੂ ਜੀ ਨੇ ਲਹਿਣੇ ਨੂੰ ਗਲਵਕੜੀ ਵਿਚ ਲੈ ਲਿਆ ਅਤੇ ਉਸਨੂੰ ਅੰਗਦ ਕਰਕੇ ਸੰਬੋਧਨ ਕੀਤਾ ਅਤੇ ਵਚਨ ਕੀਤਾ ਕਿ ਉਹ ਉਹਨਾਂ ਦਾ ਉੱਤਰਾਧਿਕਾਰੀ ਹੋਵੇਗਾ। ਜੋਗੀ ਤੇ ਗੁਰੂ ਜੀ ਫੇਰ ਆਪਣੇ ਆਪਣੇ ਘਰ ਚਲੇ ਗਏ।

ਜੋ ਸਿੱਖ ਗੁਰੂ ਜੀ ਨੂੰ ਛੱਡ ਕੇ ਚਲੇ ਗਏ ਸਨ ਉਹ ਬਾਅਦ ਵਿਚ ਆਪਣੇ ਵਰਤਾਵੇ ਤੋਂ ਬਹੁਤ ਪਛਤਾਏ। ਜਿਨ੍ਹਾਂ ਨੂੰ ਤਾਂਬੇ ਦਾ ਸਿੱਕਾ ਮਿਲਿਆ ਸੀ ਉਹ ਕਹਿਣ ਲੱਗੇ ਕਿ ਜੇ ਉਹ ਹੋਰ ਅੱਗੇ ਜਾਂਦੇ ਤਾਂ ਉਹਨਾਂ ਨੂੰ ਚਾਂਦੀ ਦੇ ਸਿੱਕੇ ਮਿਲਦੇ ਅਤੇ ਜਿਨ੍ਹਾਂ ਨੂੰ ਚਾਂਦੀ ਦੇ ਸਿੱਕੇ ਮਿਲੇ ਉਹ

ਕਹਿਣ ਲੱਗੇ ਕਿ ਜੇ ਉਹ ਹੋਰ ਅੱਗੇ ਜਾਂਦੇ ਤੇ ਉਹਨਾਂ ਨੂੰ ਸੋਨੇ ਦੇ ਸਿੱਕੇ ਮਿਲਦੇ। ਇਸ ਗੱਲ ਤੇ ਗੁਰੂ ਜੀ ਨੇ ਇਹ ਰਚਨਾ ਕੀਤੀ :

ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫)

ਪੀਰ ਬਾਹਾ-ਉਲ-ਦੀਨ ਦਾ ਉੱਤਰਾਧਿਕਾਰੀ, ਮੁਲਤਾਨ ਦਾ ਮਖਦੂਮ ਆਪਣੇ ਬਹੁਤ ਸਾਰੇ ਅਨੁਯਾਈਆਂ ਨਾਲ ਗੁਰੂ ਜੀ ਨੂੰ ਮਿਲਣ ਗਿਆ। ਉਹਨਾਂ ਨੂੰ ਮਿਲ ਕੇ ਉਹ ਕਹਿਣ ਲੱਗਾ, "ਮੈਂ ਭਾਰ ਲੱਦ ਆਇਆ ਹਾਂ, ਮੇਰੇ ਲਈ ਕੁਝ ਕਰੋ।" ਇਸ ਦਾ ਮਤਲਬ ਸੀ ਕਿ ਮੇਰੀ ਅਗਲੀ ਦੁਨੀਆਂ ਦੀ ਯਾਤਰਾ ਦੀ ਕਾਮਯਾਬੀ ਲਈ ਅਰਦਾਸ ਕਰੋ।" ਗੁਰੂ ਜੀ ਨੇ ਉੱਤਰ ਦਿੱਤਾ :

"ਜਿਸ ਰੱਬ ਨੇ ਮਾਲ ਭਰਿਆ ਹੈ ਉਹ ਆਪ ਹੀ ਲਦੇਗਾ, ਰੱਬ ਦਾ ਹੁਕਮ ਸਾਰਿਆਂ ਤੇ ਲਾਗੂ ਹੈ। ਨਾਨਕ ਜਿਨ੍ਹਾਂ ਨੇ ਈਮਾਨਦਾਰੀ ਨਾਲ ਕੰਮ ਕੀਤਾ ਹੈ ਉਹ ਉਜਲ ਮੁੱਖ ਨਾਲ ਵਿਦਾ ਹੋਣਗੇ।"

ਗੁਰੂ ਜੀ ਨੇ ਜਦੋਂ ਵੇਖਿਆ ਕਿ ਪੀਰ ਮਰਨ ਲਈ ਤਿਆਰ ਹੈ ਤਾਂ ਕਿਹਾ ਕਿ ਉਹ ਆਪ ਉਸਦੇ ਪਿੱਛੇ ਆਉਣਗੇ। ਗੁਰੂ ਜੀ ਨੇ ਫੇਰ ਇਸ ਸ਼ਬਦ ਦੀ ਰਚਨਾ ਕੀਤੀ :

ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੩)

ਭਾਗ-ਸਤਾਰ੍ਹਵਾਂ

ਗੁਰੂ ਜੀ ਜਾਣਦੇ ਹੋਏ ਕਿ ਉਹਨਾਂ ਦਾ ਅੰਤਿਮ ਵੇਲਾ ਨੇੜੇ ਆ ਰਿਹਾ ਹੈ, ਅੰਗਦ ਦੇਵ ਜੀ ਨੂੰ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਦਿੱਤਾ। ਗੁਰੂ ਜੀ ਦੇ ਪੁੱਤਰਾਂ ਨੇ ਉਹਨਾਂ ਦੀ ਆਗਿਆ ਦਾ ਪਾਲਣ ਨਹੀਂ ਸੀ ਕੀਤਾ। ਉਹਨਾਂ ਦੇ ਮਨਾਂ ਵਿਚ ਖੋਟ ਸੀ ਅਤੇ ਉਹਨਾਂ ਨੇ ਗੁਰੂ ਜੀ ਅੱਗੇ ਬਗਾਵਤ ਕੀਤੀ ਤੇ ਉਹਨਾਂ ਨੂੰ ਛੱਡ ਗਏ ਜਿਸਦੇ ਫਲਸਰੂਪ ਉਹਨਾਂ ਨੇ ਆਤਮਿਕ ਪ੍ਰਭੁਸਤਾ ਦਾ ਛੱਤਰ ਅੰਗਦ ਦੇਵ ਜੀ ਦੇ ਸਿਰ ਤੇ ਰੱਖ ਦਿੱਤਾ ਅਤੇ ਗੁਰਿਆਈ ਦੇ ਚਿੰਨ੍ਹ ਵਜੋਂ ਉਹਨਾਂ ਅੱਗੇ ਸੀਸ ਨਿਵਾ ਦਿੱਤਾ। ਫੇਰ ਸਾਰੇ ਲੋਕੀਂ ਜਾਣ ਗਏ ਕਿ ਗੁਰੂ ਨਾਨਕ ਦੇਵ ਜੀ ਜੋਤੀ-ਜੋਤ ਸਮਾਉਣ ਲੱਗੇ ਹਨ। ਸਾਰੇ ਲੋਕਾਂ ਦੇ ਟੋਲੇ ਸਿੱਖ, ਹਿੰਦੂ ਅਤੇ ਮੁਸਲਮਾਨ ਉਹਨਾਂ ਨੂੰ ਵਿਦਾਇਗੀ ਲਈ ਮਿਲਣ ਗਏ। ਗੁਰੂ ਅੰਗਦ ਦੇਵ ਜੀ ਅਰਦਾਸ ਕਰਨ ਦੀ ਅਵਸਥਾ ਵਿਚ ਗੁਰੂ ਜੀ ਅੱਗੇ ਖੜ੍ਹੇ ਹੋ ਗਏ। ਜਦੋਂ ਗੁਰੂ ਨਾਨਕ ਦੇਵ ਜੀ ਨੇ ਉਹਨਾਂ ਨੂੰ ਕੁਝ ਕਹਿਣ ਲਈ ਕਿਹਾ ਤਾਂ ਉਹਨਾਂ ਕਿਹਾ, "ਹੇ ਪਾਤਸ਼ਾਹ! ਮਿਹਰ ਕਰੋ ਤੇ ਜੋ ਸਿੱਖ ਤੁਹਾਨੂੰ ਛੱਡ ਗਏ ਸਨ ਉਹਨਾਂ ਨੂੰ ਆਪਣਾ ਪੱਲਾ ਫੜ ਲੈਣ ਦਿਓ" ਇਹ ਕਹਿਣ ਤੋਂ ਗੁਰੂ ਅੰਗਦ ਦੇਵ ਜੀ ਦਾ ਮਤਲਬ ਉਹਨਾਂ ਸਿੱਖਾਂ ਤੋਂ ਸੀ ਜੋ ਵਫ਼ਾਦਾਰੀ ਦੀ ਪਰੀਖਿਆ ਵਿਚੋਂ ਪੂਰੇ ਨਹੀਂ ਉੱਤਰੇ ਸਨ। ਗੁਰੂ ਨਾਨਕ ਦੇਵ ਜੀ ਨੇ ਕਿਹਾ, "ਮੈਂ ਤੇਰੇ ਕਰਕੇ ਉਹਨਾਂ ਸਾਰਿਆਂ ਨੂੰ ਖਿਮਾ ਕਰ ਦਿੱਤਾ ਹੈ।" ਇਸ ਗੱਲ ਤੇ ਗੁਰੂ ਅੰਗਦ ਦੇਵ ਜੀ ਉਹਨਾਂ ਦੇ

ਚਰਨਾਂ ਤੇ ਡਿੱਗ ਪਏ।

ਗੁਰੂ ਨਾਨਕ ਦੇਵ ਜੀ ਜਾ ਕੇ ਮੁਰਝਾਏ ਹੋਏ ਕਿੱਕਰ ਦੇ ਦਰੱਖਤ ਹੇਠਾਂ ਬੈਠ ਗਏ ਅਤੇ ਵੇਖਦੇ-ਵੇਖਦੇ ਹੀ ਉਹ ਹਰਾ ਹੋ ਗਿਆ। ਉਸਨੂੰ ਪੱਤੇ ਤੇ ਫੁੱਲ ਆ ਗਏ। ਗੁਰੂ ਅੰਗਦ ਦੇਵ ਜੀ ਫੇਰ ਪ੍ਰਸ਼ੰਸਾ ਵਿਚ ਉਹਨਾਂ ਦੇ ਚਰਨਾਂ ਤੇ ਡਿੱਗ ਪਏ। ਗੁਰੂ ਨਾਨਕ ਦੇਵ ਜੀ ਦੇ ਪਰਿਵਾਰ ਵਾਲੇ, ਸਾਕ-ਸਬੰਧੀ ਤੇ ਸਿੱਖ ਰੋਣ ਲੱਗ ਪਏ। ਉਸ ਮੌਕੇ ਤੇ ਉਹਨਾਂ ਨੇ ਨਿਮਨ ਰਚਨਾ ਕੀਤੀ :

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੭੯-੮੦)

ਇਸ ਤੋਂ ਬਾਅਦ ਇਕੱਠੇ ਹੋਏ ਲੋਕਾਂ ਦੀ ਭੀੜ ਸੋਗ ਦੇ ਸ਼ਬਦ ਗਾਉਣ ਲੱਗੇ ਅਤੇ ਗੁਰੂ ਜੀ ਅੰਤਰਲੀਨ ਹੋ ਗਏ। ਜਦੋਂ ਉਹ ਉਠੇ ਤਾਂ ਉਹਨਾਂ ਦੇ ਪੁੱਤਰਾਂ ਨੇ ਇਕ ਅਜਨਬੀ ਨੂੰ ਆਪਣੇ ਪਿਤਾ ਦੀ ਗੱਦੀ ਤੇ ਨਿਯੁਕਤ ਹੋਇਆ ਵੇਖ ਕੇ ਪੁੱਛਿਆ ਕਿ ਉਹਨਾਂ ਲਈ ਕੀ ਪ੍ਰਬੰਧ ਕੀਤਾ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ, "ਹੇ ! ਮੇਰੇ ਪੁੱਤਰੋ, ਰੱਬ ਆਪਣੇ ਜੀਵਾਂ ਨੂੰ ਦਿੰਦਾ ਹੈ, ਤੁਹਾਨੂੰ ਰੋਟੀ, ਕਪੜਾ ਬਹੁਤਾਤ ਵਿਚ ਮਿਲੇਗਾ, ਜੇ ਤੁਸੀਂ ਰੱਬ ਦਾ ਨਾਂ ਜਪੋਗੇ ਤਾਂ ਤੁਹਾਨੂੰ ਅਖੀਰ ਵਿਚ ਮੁਕਤੀ ਮਿਲ ਜਾਵੇਗੀ।"

ਜਿਨ੍ਹਾਂ ਮੁਸਲਮਾਨਾਂ ਨੇ ਗੁਰੂ ਜੀ ਕੋਲੋਂ ਰੱਬ ਦਾ ਨਾਂ ਲਿਆ ਸੀ ਉਹ ਕਹਿਣ ਲੱਗੇ ਕਿ ਉਹ ਉਹਨਾਂ ਨੂੰ ਮੌਤ ਤੋਂ ਬਾਅਦ ਦਫਨਾਉਣਗੇ। ਉਹਨਾਂ ਦੇ ਹਿੰਦੂ ਅਨੁਯਾਈ ਕਹਿਣ ਲੱਗੇ ਕਿ ਉਹ ਸਸਕਾਰ ਕਰਨਗੇ। ਜਦੋਂ ਗੁਰੂ ਜੀ ਨੇ ਫੈਸਲਾ ਕਰਨ ਲਈ ਕਿਹਾ ਗਿਆ ਤਾਂ ਉਹਨਾਂ ਨੇ ਕਿਹਾ, "ਹਿੰਦੂ ਮੇਰੇ ਸੱਜੇ ਪਾਸੇ ਫੁੱਲ ਰੱਖ ਦੇਣ ਤੇ ਮੁਸਲਮਾਨ ਖੱਬੇ ਪਾਸੇ। ਜਿਨ੍ਹਾਂ ਦੇ ਫੁੱਲ ਸਵੇਰ ਤੱਕ ਖਿਲੇ ਰਹਿਣਗੇ ਉਹ ਮੇਰੇ ਸਰੀਰ ਨੂੰ ਟਿਕਾਣੇ ਲਾਉਣਗੇ। ਗੁਰੂ ਜੀ ਨੇ ਸਾਰੇ ਲੋਕਾਂ ਨੂੰ ਸੋਹਿਲੇ ਦਾ ਕੀਰਤਨ ਕਰਨ ਲਈ ਕਿਹਾ :

ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨)

ਬਾਅਦ ਵਿਚ ਜਪੁਜੀ ਸਾਹਿਬ ਦਾ ਅੰਤਲਾ ਸਲੋਕ ਪੜ੍ਹਿਆ ਗਿਆ। ਗੁਰੂ ਜੀ ਨੇ ਆਪਣੇ ਉਪਰ ਚਾਦਰ ਲੈ ਲਈ ਅਤੇ ਵਾਹਿਗੁਰੂ ਉਚਾਰਨ ਕੀਤਾ ਤੇ ਪ੍ਰਮਾਤਮਾ ਨੂੰ ਨਮਸਕਾਰ ਕੀਤੀ, ਆਪਣੀ ਜੋਤ ਗੁਰੂ ਅੰਗਦ ਦੇਵ ਜੀ ਨਾਲ ਮਿਲਾ ਦਿੱਤੀ। ਗੁਰੂ ਉਹ ਹੀ ਰਹੇ। ਇਕ ਵੱਡੀ ਕਰਾਮਾਤ ਨਾਲ ਸਿਰਫ਼ ਸਰੀਰ ਦੀ ਤਬਦੀਲੀ ਹੋਈ।

ਜਦ ਦੂਸਰੇ ਦਿਨ ਚਾਦਰ ਹਟਾਈ ਗਈ ਤਾਂ ਉਸਦੇ ਹੇਠਾਂ ਕੁਝ ਵੀ ਨਹੀਂ ਸੀ। ਦੋਹਾਂ ਪਾਸਿਆਂ ਦੇ ਫੁੱਲ ਖਿਲੇ ਹੋਏ ਸਨ। ਹਿੰਦੂ ਤੇ ਮੁਸਲਮਾਨਾਂ ਨੇ ਆਪਣੇ ਆਪਣੇ ਫੁੱਲ ਲੈ ਲਏ। ਸਾਰੇ ਸਿੱਖਾਂ ਨੇ ਬੜੇ ਆਦਰ ਨਾਲ ਉਸ ਜਗ੍ਹਾ ਨੂੰ ਨਮਸਕਾਰ ਕੀਤੀ ਜਿੱਥੇ ਗੁਰੂ ਸਾਹਿਬ ਲੇਟੇ ਸਨ। ਗੁਰੂ ਜੀ ਸੰਮਤ 1595 (1538 ਈਸਵੀ) ਅੱਸੂ ਦੇ ਚਾਨਣੇ ਪੱਖ ਦੇ ਦਸਵੇਂ ਦਿਨ ਕਰਤਾਰਪੁਰ, ਪੰਜਾਬ (ਪਾਕਿਸਤਾਨ) ਵਿਚ ਜੋਤੀ-ਜੋਤ ਸਮਾ ਗਏ।

ਗੁਰੂ ਜੀ ਦੇ ਸਨਮਾਨ ਵਿਚ ਰਾਵੀ ਦੇ ਕਿਨਾਰੇ ਸਿੱਖਾਂ ਨੇ ਸਮਾਧ ਬਣਾ ਦਿੱਤੀ ਤੇ ਮੁਸਲਮਾਨਾਂ ਨੇ ਮਕਬਰਾ। ਸਮਾਧ ਤੇ ਮਕਬਰਾਂ ਦੋਵੇਂ ਹੀ ਦਰਿਆ ਨੇ ਰੋੜ ਦਿੱਤੇ ਸ਼ਾਇਦ ਕੁਦਰਤ ਵਲੋਂ ਗੁਰੂ ਜੀ ਦੀ ਅੰਤਲੀ ਜਗ੍ਹਾ ਦੀ ਬੁੱਤ ਪੂਜਾ ਨੂੰ ਰੋਕਣ ਲਈ ਹੀ ਇਹ ਹੋਇਆ।

ਭਾਈ ਗੁਰਦਾਸ ਜਿਨ੍ਹਾਂ ਦਾ ਸੰਖੇਪ ਵਰਨਣ ਅਸੀਂ ਪ੍ਰਵੇਸ਼ਿਕਾ ਵਿਚ ਦੇ ਚੁੱਕੇ ਹਾਂ ਸਿੱਖ ਧਰਮ ਦੇ ਅਰੰਭ ਤੋਂ ਪਹਿਲਾਂ ਦੁਨੀਆਂ ਵਿਚ ਬੁਰਾਈਆਂ ਦੀ ਬੜੀ ਧੁੰਧੂਕਾਰ ਵਾਲੀ ਹਾਲਤ ਬਿਆਨ ਕਰਦੇ ਹਨ। ਜਿਸ ਵੇਲੇ ਮਨੁੱਖ ਦੇ ਆਸ਼ੇ ਤੇ ਖ਼ਿਆਲ ਬਹੁਤ ਨੀਵੇਂ ਸਨ। ਮਾਇਆ ਦੁਨੀਆਂ ਨੂੰ ਭਰਮਾਅ ਰਹੀ ਸੀ ਤੇ ਸਭ ਭਟਕ ਰਹੇ ਸਨ। ਚੰਗੇ ਕੰਮਾਂ ਦੀ ਮਨੁੱਖਾਂ ਨੂੰ ਕੋਈ ਕਦਰ ਨਹੀਂ ਰਹੀ ਸੀ। ਉਹ ਹੰਕਾਰ ਵਿਚ ਜਲ ਰਹੇ ਸਨ ਅਤੇ ਕਿਸੇ ਦਾ ਆਦਰ ਨਹੀਂ ਕਰਦੇ ਸਨ। ਅਮੀਰ ਤੇ ਗਰੀਬ ਲੋਕ ਆਪਸੀ ਫਰਜ਼ ਭੁੱਲ ਚੁੱਕੇ ਸਨ। ਬਾਦਸ਼ਾਹ ਬੇਇਮਾਨ ਸਨ ਤੇ ਉਹਨਾਂ ਦੇ ਹਾਕਮ ਕਸਾਈ ਸਨ ਜੋ ਆਦਮੀਆਂ ਦੇ ਗਲਿਆਂ ਤੇ ਚਾਕੂ ਚਲਾਉਂਦੇ ਸਨ।

ਸਾਰੇ ਆਪਣੇ ਆਪ ਨੂੰ ਗਿਆਨਵਾਨ ਸਮਝਦੇ ਸਨ ਪਰ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਗਿਆਨ ਤੇ ਅਗਿਆਨ ਕੀ ਹੁੰਦਾ ਹੈ। ਸਭ ਆਪਣੀ ਮਰਜ਼ੀ ਕਰੀ ਜਾਂਦੇ ਸਨ। ਕੀਮੀਆਗਰੀ ਤੇ ਕਰਾਮਾਤਾਂ ਦਾ ਦਾਅਵਾ ਕੀਤਾ ਜਾਂਦਾ ਅਤੇ ਜਾਦੂ, ਟੂਣੇ ਕੀਤੇ ਜਾਂਦੇ ਸਨ। ਮਨੁੱਖ ਲੜਾਈਆਂ, ਝਗੜਿਆਂ, ਕ੍ਰੋਧ ਤੇ ਆਪਸੀ ਈਰਖਾਵਾਂ ਵਿਚ ਗ੍ਰਸੇ ਹੋਏ ਸਨ। ਇਸ ਆਮ ਗੜਬੜ ਵਿਚ ਹਰ ਕੋਈ ਆਪਣਾ ਧਰਮ ਮੰਨੀ ਜਾ ਰਿਹਾ ਸੀ। ਇਕ ਪ੍ਰਮਾਤਮਾ ਵਿਚੋਂ ਲੋਕਾਂ ਨੇ ਕਈ ਰੱਬ ਬਣਾ ਲਏ ਅਤੇ ਕਈ ਤਰ੍ਹਾਂ ਦੇ ਸੁੰਦਰ ਤੇ ਬਦਸੂਰਤ ਦੇਵਤੇ ਲੱਕੜ ਤੇ ਪੱਥਰ ਵਿਚੋਂ ਘੜੇ ਗਏ। ਕਈ ਸੂਰਜ ਜਾਂ ਚੰਦਰਮਾ ਨੂੰ ਪੂਜਦੇ ਸਨ, ਦੂਸਰੇ ਧਰਤੀ, ਆਕਾਸ਼, ਹਵਾ, ਪਾਣੀ ਜਾਂ ਅੱਗ ਨੂੰ ਮੰਨਦੇ ਸਨ ਅਤੇ ਕੁਝ ਹੋਰ ਮੌਤ ਦੇ ਦੇਵਤੇ ਦੀ ਪੂਜਾ ਕਰਦੇ ਸਨ। ਜਦਕਿ ਬਹੁਤਿਆਂ ਦੀ ਭਗਤੀ ਸਮਾਧਾਂ, ਮਕਬਰਿਆਂ ਤੇ ਮੜ੍ਹੀਆਂ ਨੂੰ ਸੰਬੋਧਿਤ ਸੀ। ਇਸ ਤਰ੍ਹਾਂ ਮਨੁੱਖ ਝੂਠੇ ਧਰਮਾਂ ਤੇ ਝੂਠੀ ਪੂਜਾ ਵਿਚ ਭਟਕਿਆ ਹੋਇਆ ਸੀ।

ਇਕ ਦੂਸਰੇ ਨੂੰ ਲੋਕੀਂ ਘ੍ਰਿਣਾ ਕਰਦੇ ਸਨ। ਇਸ ਕਰਕੇ ਧਰਮ ਜਾਤਾਂ ਵਰਣਾਂ ਦੀ ਇਜਾਜ਼ਤ ਦਿੰਦਾ ਸੀ। ਬ੍ਰਾਹਮਣਾਂ ਵੇਦ ਸਾਜੇ ਸਨ ਅਤੇ ਸ਼ਾਸਤਰਾਂ ਤੇ ਪੁਰਾਣਾਂ ਵਿਚ ਮਤ-ਭੇਦ ਸੀ। ਹਿੰਦੂ ਫਲਸਫੇ ਦੀਆਂ ਛੇ ਧਾਰਨਾਵਾਂ ਦੇ ਮੰਨਣ ਵਾਲੇ ਆਪਸ ਵਿਚ ਲੜਦੇ ਰਹਿੰਦੇ ਸਨ ਅਤੇ ਇਸ ਤਰ੍ਹਾਂ ਦੇ ਹਾਲਾਤਾਂ ਵਿਚ ਇਹ ਸਾਰੇ ਪਾਖੰਡ ਤੇ ਵਹਿਮ ਬਹੁਤ ਜ਼ਿਆਦਾ ਕਰਦੇ ਸਨ।

ਸਿਰਫ਼ ਹਿੰਦੂ ਹੀ ਚਾਰ ਜਾਤਾਂ ਵਿਚ ਵੰਡੇ ਹੋਏ ਨਹੀਂ ਸਨ ਬਲਕਿ ਮੁਸਲਮਾਨਾਂ ਦੇ ਵੀ ਚਾਰ ਫਿਰਕੇ ਸਨ। ਜਦਕਿ ਹਿੰਦੂ ਗੰਗਾ ਤੇ ਬਨਾਰਸ ਦੀ ਪੂਜਾ ਕਰਦੇ ਸਨ। ਮੁਸਲਮਾਨਾਂ ਦੀ ਭਗਤੀ ਦਾ ਕੇਂਦਰ ਮੱਕਾ ਤੇ ਕਾਬਾ ਸੀ। ਦੋਹਾਂ ਧਰਮਾਂ ਦੇ ਅਨੁਯਾਈਆਂ ਨੂੰ ਸ਼ੈਤਾਨ (ਮਾਇਆ) ਨੇ ਮੋਹਿਆ ਹੋਇਆ ਸੀ, ਉਹ ਆਪਣੀਆਂ ਧਾਰਮਿਕ ਪੁਸਤਕਾਂ ਨੂੰ ਭੁੱਲ ਚੁੱਕੇ ਸਨ, ਉਹ ਹਰ ਰਸਤੇ ਤੇ ਭਟਕ ਰਹੇ ਸਨ ਅਤੇ ਇਕ ਸਚਾਈ ਨੂੰ ਉਹ ਲੱਭਣ ਤੋਂ ਅਸਮਰਥ ਸਨ।

ਉਸ ਵੇਲੇ ਕੋਈ ਗੁਰੂ ਜਾਂ ਧਾਰਮਿਕ ਰਹਿਨੁਮਾ ਨਹੀਂ ਸੀ ਅਤੇ ਉਸ ਤੋਂ ਬਿਨਾਂ ਲੋਕ ਇਕ

ਦੂਸਰੇ ਨੂੰ ਤਬਾਹੀ ਵੱਲ ਧਕੇਲ ਰਹੇ ਸਨ। ਜਦੋਂ ਤੋਂ ਦੁਨੀਆਂ ਦੀ ਰਚਨਾ ਹੋਈ ਪਾਪ ਹਮੇਸ਼ਾਂ ਚਲਦਾ ਰਿਹਾ। ਸੱਚਾ ਧਰਮ ਦਿਨ-ਰਾਤ ਰੋ ਰਿਹਾ ਸੀ ਅਤੇ ਅੰਤ ਵਿਚ ਆਦਮੀ ਦੀ ਨਜ਼ਰ ਤੋਂ ਓਹਲੇ ਹੋ ਕੇ ਹੇਠਾਂ ਧਰਤੀ ਵਿਚ ਚਲਾ ਗਿਆ। ਮਨੁੱਖਾਂ ਦੀ ਅਵੱਗਿਆ ਕਰਕੇ ਧਰਤੀ ਭਾਰੂ ਹੋ ਗਈ। ਨਿਮਰਤਾ ਦੇ ਨਾਲ ਧਰਤੀ ਨੇ ਪ੍ਰਮਾਤਮਾ ਤੋਂ ਕੋਈ ਰਹਿਨੁਮਾ ਦੀ ਮੰਗ ਕੀਤੀ। ਪ੍ਰਮਾਤਮਾ ਨੇ ਮਨੁੱਖਾਂ ਦਾ ਗੁੱਸਾ ਤੇ ਉਹਨਾਂ ਦੀ ਕੁਰਲਾਹਟ ਸੁਣੀ ਤੇ ਗੁਰੂ ਨਾਨਕ ਦੇਵ ਜੀ ਨੂੰ ਅਲੌਕਿਕ ਸ਼ਕਤੀਆਂ ਪ੍ਰਦਾਨ ਕੀਤੀਆਂ। ਰੱਬ ਨੇ ਉਹਨਾਂ ਨੂੰ ਸਰਵ-ਉੱਚ ਨਾਮ ਦੀ ਦੌਲਤ ਤੇ ਨਿਮਰਤਾ ਦਿੱਤੀ ਅਤੇ ਉਹਨਾਂ ਨੂੰ ਦੁਨੀਆਂ ਦੇ ਦੁੱਖ ਦੂਰ ਕਰਨ ਲਈ ਭੇਜਿਆ।

ਜਦੋਂ ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਨੂੰ ਧਿਆਨ ਨਾਲ ਵੇਖਿਆ ਤਾਂ ਉਹਨਾਂ ਨੂੰ ਹਰ ਥਾਂ ਆਤਮਿਕ ਹਨੇਰਾ ਦਿਖਾਈ ਦਿੱਤਾ ਤੇ ਦਰਦ ਭਰੀ ਆਹ ਸੁਣਾਈ ਦਿੱਤੀ। ਉਹਨਾਂ ਨੇ ਸਭ ਤੋਂ ਵੱਡੀਆਂ ਮੁਸੀਬਤਾਂ ਝੱਲੀਆਂ ਤੇ ਵੱਖ-ਵੱਖ ਦੇਸ਼ਾਂ ਵਿਚ ਯਾਤਰਾਵਾਂ ਕੀਤੀਆਂ ਤਾਂ ਜੋ ਮਨੁੱਖ ਜਾਤੀ ਦਾ ਉਦਾਰ ਹੋਵੇ।

ਉਹਨਾਂ ਨੇ ਮਨੁੱਖਾਂ ਨੂੰ ਸਿੱਧਾ ਰਸਤਾ ਦੱਸਿਆ ਕਿ ਰੱਬ ਸਿਰਫ਼ ਇਕ ਹੈ ਜੋ ਆਦਿ ਤੋਂ ਚਲਿਆ ਆ ਰਿਹਾ ਹੈ ਤੇ ਸਰਬ-ਵਿਆਪਕ ਹੈ। ਧਰਮ ਜੋ ਤਿੰਨ ਬੁਨਿਆਦੀ ਅਸੂਲ ਗੁਆ ਚੁੱਕਾ ਸੀ ਉਹਨਾਂ ਨੇ ਉਹ ਫਿਰ ਕਾਇਮ ਕੀਤੇ। ਉਹਨਾਂ ਨੇ ਹਿੰਦੂਆਂ ਦੇ ਚਾਰ ਵਰਣਾਂ ਨੂੰ ਇਕ ਕਰ ਦਿੱਤਾ। ਉਹਨਾਂ ਨੇ ਰਾਜਾ ਤੇ ਰੰਕ ਨੂੰ ਆਤਮਿਕ ਬਰਾਬਰੀ ਦਿੱਤੀ ਅਤੇ ਇਕ ਦੂਸਰੇ ਦੀ ਇੱਜ਼ਤ ਕਰਨੀ ਸਿਖਾਈ। ਉਹਨਾਂ ਨੇ ਸਭ ਨੂੰ ਉਪਰੋ ਦਿਖਾਵੇ ਦੀ ਧਰਮ ਮਰਿਯਾਦਾ ਅਤੇ ਫਜ਼ੂਲ ਰਸਮਾਂ ਦੇ ਉਲਟ ਧਰਮ ਨੂੰ ਦਿਲੋਂ ਨਿਭਾਉਣ ਦੀ ਸਿੱਖਿਆ ਦਿੱਤੀ।

ਉਹਨਾਂ ਨੇ ਵੇਖਿਆ ਕਿ ਉਹਨਾਂ ਦੇ ਦੇਸ਼ ਦੇ ਸਮਕਾਲੀਨ ਲੋਕ ਜੋ ਆਪਣੇ ਆਪ ਨੂੰ ਧਰਮੀ ਮੰਨਦੇ ਸਨ ਉਹ ਜਿਸ ਤਰ੍ਹਾਂ ਧਾਰਮਿਕ ਕਰਮ ਅਤੇ ਤਪੱਸਿਆ ਕਰਦੇ ਸਨ ਉਹ ਰੱਬੀ ਪਿਆਰ ਤੇ ਭਗਤੀ ਤੋਂ ਬਿਨਾਂ ਹੁੰਦੇ ਸਨ ਅਤੇ ਇਸ ਕਰਕੇ ਉਹਨਾਂ ਦੀ ਪ੍ਰਮਾਤਮਾ ਅੱਗੇ ਕੋਈ ਕੀਮਤ ਨਹੀਂ ਸੀ। ਉਹਨਾਂ ਨੂੰ ਆਪਣੇ ਆਪ ਵਿਚ ਇਹ ਨਿਸ਼ਚਾ ਸੀ ਕਿ ਵੇਦਾਂ ਦਾ ਰਚਨਹਾਰਾ ਮੰਨਿਆ ਜਾਂਦਾ ਬ੍ਰਹਮਾ ਨੇ ਵੇਦਾਂ ਵਿਚ ਪਿਆਰ ਸ਼ਾਮਲ ਨਹੀਂ ਕੀਤਾ ਤੇ ਨਾ ਹੀ ਸਮਰਿਤੀਆਂ ਵਿਚ ਇਸ ਦਾ ਜ਼ਿਕਰ ਕੀਤਾ ਗਿਆ ਹੈ। ਗੁਰੂ ਨਾਨਕ ਨੇ ਇਹ ਐਲਾਨ ਕਰ ਦਿੱਤਾ ਕਿ ਪ੍ਰਮਾਤਮਾ ਜਿਸ ਦਾ ਕੋਈ ਰੂਪ ਜਾਂ ਆਕਾਰ ਨਹੀਂ ਉਹ ਧਾਰਮਿਕ ਭੇਸ ਵਿਚ ਨਹੀਂ ਮਿਲਦਾ ਜੇ ਕੋਈ ਨਿਮਰਤਾ ਨਾਲ ਜਾਤ-ਪਾਤ ਨੂੰ ਛੱਡ ਕੇ ਰੱਬ ਦੀ ਦਿਲੋਂ ਭਗਤੀ ਕਰੇ ਤਾਂ ਉਹ ਰੱਬ ਦੀ ਦਰਗਾਹ ਵਿਚ ਪਰਵਾਨ ਹੋਵੇਗਾ।

ਗੁਰੂ ਜੀ ਨੇ ਸਭ ਧਾਰਮਿਕ ਮੱਤਾਂ ਦਾ ਨਿਰੀਖਣ ਕੀਤਾ, ਸਾਰੇ ਦੇਵੀ-ਦੇਵਤਿਆਂ, ਧਰਤੀ ਤੇ ਆਕਾਸ਼ ਦਿਆਂ ਸਾਰਿਆਂ ਭੂਤ-ਪ੍ਰੇਤਾਂ ਨੂੰ ਧਿਆਨ ਨਾਲ ਜਾਂਚਿਆ ਅਤੇ ਸਭ ਨੂੰ ਆਤਮਿਕ ਹੰਕਾਰ ਵਿਚ ਗ੍ਰਸਤ ਹੋ ਕੇ ਨਸ਼ਟ ਹੁੰਦਿਆਂ ਵੇਖਿਆ। ਉਹਨਾਂ ਨੇ ਹਿੰਦੂ, ਮੁਸਲਮਾਨ, ਪੁਜਾਰੀਆਂ ਅਤੇ ਮੁੱਲਾਂ ਅਵਤਾਰਾਂ ਅਤੇ ਔਲੀਆਵਾਂ ਦੀ ਪਰਖ ਕੀਤੀ ਤੇ ਉਹਨਾਂ ਵਿਚ ਇਕ ਵੀ ਧਾਰਮਿਕ ਬੰਦਾ ਨਾ ਮਿਲਿਆ। ਉਹ ਸਾਰੇ ਵਹਿਮਾਂ ਦੇ ਅੰਨ੍ਹੇ-ਖੂਹ ਵਿਚ ਟੱਕਰਾਂ ਮਾਰਦੇ ਸਨ।

ਧਾਰਮਿਕ ਬੰਦੇ ਜਿਨ੍ਹਾਂ ਨੂੰ ਮਨੁੱਖਾਂ ਨੂੰ ਸਿੱਧੇ ਰਸਤੇ ਪਾਉਣਾ ਚਾਹੀਦਾ ਸੀ ਉਹ ਪਹਾੜਾਂ ਦੇ ਇਕਾਂਤ ਵਿਚ ਚਲੇ ਗਏ ਸਨ। ਦੁਨੀਆਂ ਨੂੰ ਬਚਾਉਣ ਲਈ ਤੇ ਸਿੱਖਿਆ ਦੇਣ ਲਈ ਕੋਈ ਵੀ ਨਹੀਂ ਸੀ। ਚਾਹੇ ਸਾਧੂ ਲੋਕ ਦਿਨ-ਰਾਤ ਆਪਣੇ ਪਿੰਡੇ ਤੇ ਸੁਆਹ ਮਲਦੇ ਸਨ ਪਰ ਉਹਨਾਂ ਕੋਲ ਕੋਈ ਗਿਆਨ ਨਹੀਂ ਸੀ ਅਤੇ ਦੁਨੀਆਂ ਦੈਵੀ ਰਹਿਨੁਮਾ ਤੋਂ ਬਿਨਾਂ ਤੇਜ਼ੀ ਨਾਲ ਤਬਾਹੀ ਵੱਲ ਜਾ ਰਹੀ ਸੀ। ਹਰ ਜਗ੍ਹਾ ਤੇ ਬਾਦਸ਼ਾਹ ਜ਼ੁਲਮ ਢਾਹ ਰਹੇ ਸਨ। ਵਾੜ ਆਪਣੇ ਖੇਤ ਨੂੰ ਬਚਾਉਣ ਦੀ ਜਗ੍ਹਾ ਉਸਨੂੰ ਖਾ ਰਹੀ ਸੀ। ਰਖਵਾਲੇ ਆਪਣਾ ਭਰੋਸਾ ਗੁਆ ਚੁੱਕੇ ਸਨ ਅਤੇ ਆਪਣੇ ਅਨੁਯਾਈਆਂ ਦੀ ਦੌਲਤ ਹੜੱਪ ਕਰ ਰਹੇ ਸਨ। ਚੇਲਿਆਂ ਦੀਆਂ ਧਾਰਨਾਵਾਂ ਤੇ ਉਹਨਾਂ ਦੇ ਆਤਮਿਕ ਗੁਰੂ ਨੱਚ ਰਹੇ ਸਨ। ਉਲਟੀ ਰੀਤ ਚਲ ਰਹੀ ਸੀ ਜਦਕਿ ਚੇਲੇ ਘਰ ਵਿਚ ਬੈਠੇ ਸਨ ਤੇ ਉਹਨਾਂ ਦੇ ਗੁਰੂ ਉਹਨਾਂ ਦੇ ਘਰਾਂ ਵਿਚ ਜਾਂਦੇ ਸਨ। ਨਿਆਂ ਕਰਨ ਵਾਲੇ ਰਿਸ਼ਵਤ ਲੈ ਰਹੇ ਸਨ ਅਤੇ ਅਨਿਆ ਕਰਦੇ ਸਨ। ਔਰਤਾਂ ਦੇ ਦਿਲ ਵਿਚ ਆਪਣੇ ਪਤੀ ਦੀ ਇੱਜ਼ਤ ਸਿਰਫ਼ ਉਸਦੀ ਦੌਲਤ ਕਰਕੇ ਹੀ ਸੀ ਅਤੇ ਪਾਪ ਸਾਰੇ ਸੰਸਾਰ ਵਿਚ ਫੈਲਿਆ ਹੋਇਆ ਸੀ।

ਜਦੋਂ ਗੁਰੂ ਨਾਨਕ ਦੇਵ ਜੀ ਇਸ ਦੁਨੀਆਂ ਤੇ ਆਏ ਤਾਂ ਆਤਮਿਕ ਅਗਿਆਨਤਾ ਦੀ ਧੁੰਦ ਦੂਰ ਹੋ ਗਈ ਅਤੇ ਉਜਾਲੇ ਦਾ ਪ੍ਰਕਾਸ਼ ਹੋਇਆ ਜਿਸ ਤਰ੍ਹਾਂ ਸੂਰਜ ਦੇ ਨਿਕਲਣ ਨਾਲ ਤਾਰੇ ਛੁੱਪ ਜਾਂਦੇ ਹਨ ਤੇ ਹਨੇਰਾ ਦੂਰ ਹੋ ਜਾਂਦਾ ਹੈ ਜਾਂ ਜਿਸ ਤਰ੍ਹਾਂ ਸ਼ੇਰ ਦੇ ਜੰਗਲ ਵਿਚ ਗਰਜਨ ਨਾਲ ਡਰਪੋਕ ਹਿਰਨ ਬੇਕਾਬੂ ਹੋ ਕੇ ਗਾਇਬ ਹੋ ਜਾਂਦੇ ਹਨ। ਜਿੱਥੇ ਜਿੱਥੇ ਗੁਰੂ ਜੀ ਗਏ ਉੱਥੇ ਉੱਥੇ ਰੱਬ ਦੀ ਪੂਜਾ ਦੇ ਅਸਥਾਨ ਸਥਾਪਿਤ ਹੋ ਗਏ। ਉਹਨਾਂ ਦੇ ਅਨੁਯਾਈਆਂ ਦੇ ਹਰ ਘਰ ਵਿਚ ਧਰਮਸ਼ਾਲਾ ਬਣ ਗਈ। ਜਿੱਥੇ ਰੱਬ ਦੀ ਉਸਤਤ ਹਰ ਵੇਲੇ ਗਾਈ ਜਾਂਦੀ ਸੀ ਤੇ ਜਿੱਥੇ ਹਰ ਵੇਲੇ ਰੱਬ ਦਾ ਨਾਮ ਜਪਿਆ ਜਾਂਦਾ ਸੀ। ਗੁਰੂ ਜੀ ਨੇ ਇਕ ਵੱਖਰਾ ਧਰਮ ਸਥਾਪਿਤ ਕੀਤਾ ਅਤੇ ਮੁਕਤੀ ਪਾਉਣ ਦਾ ਇਕ ਸੌਖਾ ਤੇ ਸਿੱਧਾ ਰਾਹ ਉਹਨਾਂ ਨੇ ਲੋਕਾਂ ਨੂੰ ਦੱਸਿਆ ਜੋ ਰੱਬ ਦਾ ਨਾਮ ਜਪਣਾ ਸੀ। ਗੁਰੂ ਜੀ ਨੇ ਮਨੁੱਖਾਂ ਨੂੰ ਦੁਨੀਆਂ ਦੇ ਭਵ-ਸਾਗਰ ਵਿਚੋਂ ਕੱਢ ਕੇ ਉਹਨਾਂ ਨੂੰ ਮੁਕਤੀ ਦੀ ਬਖਸ਼ਿਸ਼ ਵਿਚ ਸ਼ਾਮਲ ਕੀਤਾ। ਉਹਨਾਂ ਨੇ ਆਵਾਗਵਨ ਦੇ ਡਰ ਨੂੰ ਖਤਮ ਕੀਤਾ, ਵਹਿਮ ਦੀ ਬਿਮਾਰੀ ਨੂੰ ਠੀਕ ਕੀਤਾ ਅਤੇ ਰੱਬ ਦੇ ਵਿਯੋਗ ਦੇ ਦਰਦ ਨੂੰ ਦੂਰ ਕੀਤਾ। ਗੁਰੂ ਜੀ ਦੇ ਇਸ ਦੁਨੀਆਂ ਤੇ ਆਉਣ ਤੋਂ ਪਹਿਲਾਂ ਮੌਤ ਦਾ ਡੰਡਾ ਹਮੇਸ਼ਾਂ ਮਨੁੱਖਾਂ ਦੇ ਸਿਰਾਂ ਤੇ ਲਟਕਦਾ ਰਹਿੰਦਾ ਸੀ ਅਤੇ ਬੇਧਰਮੀ ਤੇ ਬੁਰੇ ਲੋਕ ਆਪਣੀਆਂ ਜ਼ਿੰਦਗੀਆਂ ਫਜ਼ੂਲ ਗੁਆ ਰਹੇ ਸਨ। ਜਦੋਂ ਮਨੁੱਖਾਂ ਨੇ ਰੱਬੀ ਗੁਰੂ ਦੇ ਚਰਨ ਪਕੜੇ ਤਾਂ ਗੁਰੂ ਜੀ ਨੇ ਸੱਚਾ ਨਾਮ ਦਿੱਤਾ ਤੇ ਮੁਕਤੀ ਪ੍ਰਦਾਨ ਕੀਤੀ। ਉਹਨਾਂ ਨੇ ਮਨੁੱਖਾਂ ਨੂੰ ਪ੍ਰੇਮ ਤੇ ਭਗਤੀ, ਰੱਬ ਦਾ ਨਾਮ ਜਪਣ ਦਾ ਉਪਦੇਸ਼ ਦਿੱਤਾ ਤੇ ਇਹ ਸਿੱਖਿਆ ਦਿੱਤੀ ਕਿ ਜੋ ਮਨੁੱਖ ਬੀਜੇਗਾ ਉਸਦਾ ਫਲ ਹੀ ਉਸਨੂੰ ਮਿਲੇਗਾ।

ਹਿੰਦੂਆਂ ਦੇ ਚਾਰ ਵਰਨਾਂ ਨੂੰ ਉਹਨਾਂ ਇਕ ਕਰ ਦਿੱਤਾ। ਚਾਹੇ ਕਿਸੇ ਸਿੱਖ ਦੀ ਕੋਈ ਜਾਤ ਹੋਵੇ ਉਹ ਧਾਰਮਿਕ ਲੋਕਾਂ ਦੀ ਸੰਗਤ ਵਿਚ ਉਤਮ ਮੰਨਿਆ ਜਾਣ ਲੱਗਿਆ। ਫਲਸਫੇ ਦੀਆਂ ਛੇ ਧਾਰਨਾਵਾਂ ਸਾਲ ਦੇ ਛੇ ਮੌਸਮਾਂ ਦੀ ਤਰ੍ਹਾਂ ਹਨ ਪਰ ਗੁਰੂ ਦਾ ਮੱਤ ਸੂਰਜ ਦੀ ਤਰ੍ਹਾਂ ਸਭ ਦੇ ਉਪਰ

ਚਮਕਦਾ ਹੈ। ਗੁਰੂ ਨਾਨਕ ਦੇਵ ਜੀ ਦਾ ਸਾਰੇ ਫਿਰਕੇ ਖਤਮ ਕਰ ਦੇਣਾ ਉਹਨਾਂ ਦੀ ਵੱਡੀ ਸ਼ਾਨ ਦੱਸਦਾ ਹੈ। ਇਸਲਾਮ ਦੀਆਂ ਧਾਰਮਿਕ ਪੁਸਤਕਾਂ ਤੇ ਵੇਦਾਂ ਨੂੰ ਇਕ ਪਾਸੇ ਰੱਖ ਕੇ ਉਹਨਾਂ ਨੇ ਇਹ ਸਿੱਖਿਆ ਦਿੱਤੀ ਕਿ ਇਕ ਅਨੰਤ ਰੱਬ ਦਾ ਨਾਮ ਜਪੋ ਜੋ ਸਭ ਧਾਰਨਾਵਾਂ ਤੋਂ ਉਪਰ ਹੈ। ਇਕ ਦੂਸਰੇ ਦੇ ਪੈਰੀਂ ਪੈਣਾ ਤੇ ਨਿਮਰਤਾ ਵਿਚ ਰਹਿਣਾ ਹੀ ਗੁਰੂ ਦੇ ਸਿੱਖਾਂ ਦੀ ਪਹਿਚਾਣ ਹੈ। ਉਹ ਆਪਣੇ ਪਰਿਵਾਰਾਂ ਵਿਚ ਸਾਧੂਆਂ ਦੀ ਤਰ੍ਹਾਂ ਰਹਿੰਦੇ ਹਨ। ਆਪਣੀ ਹਸਤੀ ਮਿਟਾ ਕੇ ਅਕੱਥ ਵਾਲੇ ਰੱਬ ਦਾ ਨਾਮ ਜਪਦੇ ਹਨ ਅਤੇ ਉਹ ਰੱਬ ਦੇ ਹੁਕਮ ਦੀ ਉਲੰਘਣਾ ਨਹੀਂ ਕਰਦੇ। ਨਾ ਹੀ ਹੋਰ ਮਨੁੱਖਾਂ ਨੂੰ ਬਖਸ਼ੀਸ਼ਾਂ ਜਾਂ ਬਦਦੁਆਵਾਂ ਦਿੰਦੇ ਹਨ। ਇਸ ਤਰ੍ਹਾਂ ਹਰ ਦਿਸ਼ਾ ਵਿਚ ਗੁਰੂ ਨਾਨਕ ਦੇਵ ਜੀ ਨੇ ਮਨੁੱਖਾਂ ਨੂੰ ਬਚਾਇਆ ਅਤੇ ਉਹ ਧਰਤੀ ਦੇ ਨੌ ਖੰਡਾਂ ਦਾ ਸੱਚਾ ਸਹਾਰਾ ਬਣ ਗਏ।

****

ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਦੂਜੇ ਗੁਰੂਆਂ ਦੀਆਂ ਨਿਤ ਨੇਮ ਦੀਆਂ ਬਾਣੀਆਂ

ਜਪੁਜੀ ਸਾਹਿਬ

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ।। ਜਪੁ ।।
ਆਦਿ ਸਚੁ ਜੁਗਾਦਿ ਸਚੁ ।। ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧)

ਆਸਾ ਮਹਲਾ ੧ ।। (ਆਸਾ ਕੀ ਵਾਰ) ਵਾਰ ਸਲੋਕਾ ਨਾਲਿ

ਸਲੋਕ ਭੀ ਮਹਲੇ ਪਹਿਲੇ ਕੇ ਲਿਖੇ ਟੁੰਡੇ ਅਸਰਾਜੈ ਕੀ ਧੁਨੀ ।।
ਸਲੋਕੁ ਮ: ੧।।
ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੬੨-੪੭੫)

ਰਹਿਰਾਸ ਸਾਹਿਬ*

ਸੋ ਦਰੁ ਰਾਗੁ ਆਸਾ ਮਹਲਾ ੧ ੴ ਸਤਿਗੁਰ ਪ੍ਰਸਾਦਿ ।।
ਸੋ ਦਰੁ ਤੇਰਾ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੮)

ਕੀਰਤਨ ਸੋਹਿਲਾ

ਸੋਹਿਲਾ ਰਾਗੁ ਗਉੜੀ ਦੀਪਕੀ ਮਹਲਾ–੧ ੴ ਸਤਿਗੁਰ ਪ੍ਰਸਾਦਿ ।।
ਜੈ ਘਰਿ ਕੀਰਤਿ ਆਖੀਐ ਕਰਤੇ ਕਾ ਹੋਇ ਬੀਚਾਰੋ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨)

---

* ਇਹ ਬਾਣੀ ਦੇ ਸਿਰਲੇਖ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ

ਸ੍ਰੀ ਰਾਗ

ਇਹ ਸ਼ਬਦ ਉਸ ਆਦਮੀ ਨੂੰ ਸੰਬੋਧਨ ਕਰਕੇ ਕਿਹਾ ਗਿਆ ਹੈ ਜੋ ਨਸ਼ਿਆਂ ਦਾ ਆਦੀ ਸੀ :

ਅਮਲੁ ਗਲੋਲਾ ਕੂੜ ਕਾ ਦਿਤਾ ਦੇਵਣਹਾਰਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫)

ਇਕ ਪ੍ਰੇਮਾ ਨਾਂ ਦੇ ਸਿੱਖ ਨੇ ਗੁਰੂ ਜੀ ਨੂੰ ਇਹ ਪੁੱਛਿਆ ਕਿ ਰੱਬ ਕਿੱਥੇ ਰਹਿੰਦਾ ਹੈ, ਕਿਸ ਤਰ੍ਹਾਂ ਰਹਿੰਦਾ ਹੈ ਤੇ ਉਸਨੂੰ ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ। ਗੁਰੂ ਜੀ ਨੇ ਇਸ ਤਰ੍ਹਾਂ ਜਵਾਬ ਦਿੱਤਾ :

ਗੁਣਵੰਤੀ ਗੁਣ ਵੀਥਰੈ ਅਉਗੁਣਵੰਤੀ ਝੂਰਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੭)

ਮਨੁੱਖ ਰੱਬ ਦੀ ਕਿਰਪਾ ਸਿਰਫ਼ ਭਗਤੀ ਦੁਆਰਾ ਹੀ ਪਾ ਸਕਦਾ ਹੈ :

ਧ੍ਰਿਗੁ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੮)

ਸੰਸਾਰ ਦੀ ਰਚਨਾ ਬਾਰੇ ਗੁਰੂ ਜੀ ਦਾ ਖ਼ਿਆਲ :

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੯)

ਗੁਰੂ ਨਾਨਕ ਦੇਵ ਜੀ ਨੇ ਇਸ ਸ਼ਬਦ ਦੀ ਰਚਨਾ ਸਮਨਗੀਰ ਇਕ ਸੰਨਿਆਸੀ ਨਾਲ ਤਲਵੰਡੀ ਵਿਚ ਗੱਲਬਾਤ ਕਰਨ ਤੋਂ ਬਾਅਦ ਕੀਤੀ। ਗੁਰੂ ਜੀ ਨੇ ਆਪਣੇ ਤਰੀਕੇ ਨੂੰ ਉੱਤਮ ਦੱਸਿਆ ਤੇ ਗੁਰੂ ਕੋਲੋਂ ਪ੍ਰਾਪਤ ਕੀਤੇ ਰੱਬ ਦੇ ਨਾਮ ਜਪਣ ਦੇ ਲਾਭ ਦੱਸੇ :

ਕਾਇਆ ਕਾਮਣਿ ਜੇ ਕਰੀ ਭੋਗੇ ਭੋਗਣਹਾਰੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੧)

ਇਹ ਉਪਦੇਸ਼ ਗੁਰੂ ਜੀ ਨੇ ਰਾਮੂ ਨਾਂ ਦੇ ਇਕ ਵਪਾਰੀ ਨੂੰ ਸੰਬੋਧਨ ਕਰਕੇ ਦਿੱਤਾ ਜੋ ਉਹਨਾਂ ਨੂੰ ਕਰਤਾਰਪੁਰ ਵਿਚ ਮਿਲਿਆ :

ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੨)

ਰੱਬ ਦੇ ਸਰਬ ਵਿਆਪਕਤਾ :

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੩)

ਇਸ ਸ਼ਬਦ ਵਿਚ ਗੁਰੂ ਜੀ ਨੇ ਕਾਜ਼ੀ ਤੇ ਮੁੱਲਾਂ ਵਿਰੁੱਧ ਰੋਸ ਪ੍ਰਗਟ ਕੀਤਾ ਹੈ ਜਿਨ੍ਹਾਂ ਨੇ

ਗੁਰੂ ਜੀ ਨਾਲ ਬਹਿਸ ਕੀਤੀ ਸੀ :

ਸੋਈ ਮਉਲਾ ਜਿਨਿ ਜਗੁ ਮਉਲਿਆ ਹਰਿਆ ਕੀਆ ਸੰਸਾਰੋ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੪)

ਅਸ਼ਟਪਦੀ

ਨਿਮਨ ਸ਼ਬਦ ਭਗਤੀ ਦੇ ਵੇਗ ਵਿਚ ਰਚਿਆ ਗਿਆ। ਕੁਝ ਇਹ ਵੀਚਾਰ ਹੈ ਕਿ ਇਸਨੂੰ ਗੁਰੂ ਜੀ ਨੇ ਮੱਕੇ ਵਿਚ ਕਾਜ਼ੀਆਂ ਦੇ ਜਵਾਬ ਵਜੋਂ ਉਚਾਰਿਆ ਜਦੋਂ ਉਹਨਾਂ ਗੁਰੂ ਜੀ ਨੂੰ ਉਹਨਾਂ ਦੇ ਰੱਬ ਬਾਰੇ ਪੁੱਛਿਆ ਜਿਸ ਦੀ ਉਹ ਅਰਾਧਨਾ ਕਰਦੇ ਸਨ :

ਆਖਿ ਆਖਿ ਮਨੁ ਵਾਵਣਾ ਜਿਉ ਜਿਉ ਜਾਪੈ ਵਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੩)

ਇਹ ਕਿਹਾ ਜਾਂਦਾ ਹੈ ਕਿ ਕਾਜ਼ੀ ਤੇ ਇਕ ਪੰਡਿਤ ਨੇ ਗੁਰੂ ਜੀ ਨੂੰ ਪੁੱਛਿਆ ਕਿ ਮਨੁੱਖ ਰੱਬ ਨੂੰ ਕਿਸ ਤਰ੍ਹਾਂ ਲੱਭ ਸਕਦਾ ਹੈ ਤੇ ਉਹ ਕਿਸ ਤਰ੍ਹਾਂ ਉਸ ਵਿਚ ਲੀਨ ਹੋ ਸਕਦਾ ਹੈ। ਉਸਦਾ ਨਿਮਨ ਉੱਤਰ ਸੀ :

ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੪)

ਮਨ ਦੀ ਮੈਲ, ਸੱਚੇ ਸੁੱਚੇ ਧਾਰਮਿਕ ਗੁਰੂ ਦੀ ਸਿੱਖਿਆ ਤੋਂ ਬਿਨਾਂ ਨਹੀ ਉੱਤਰਦੀ :

ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੫-੫੬)

ਨਿਮਨ ਸ਼ਬਦ ਸਿੱਧਾਂ ਨੂੰ ਸੰਬੋਧਨ ਕਰਕੇ ਕਿਹਾ ਗਿਆ ਹੈ ਜੋ ਗੁਰੂ ਜੀ ਨੂੰ ਉੱਤਰ ਉਦਾਸੀ ਹਿਮਾਲਿਆ ਤੇ ਮਿਲੇ ਸਨ :

ਜਪੁ ਤਪੁ ਸੰਜਮੁ ਸਾਧੀਐ ਤੀਰਥਿ ਕੀਚੈ ਵਾਸੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੬)

ਨਿਮਨ ਛੋਟਾ ਜਿਹਾ ਭਾਸ਼ਨ ਪਾਖੰਡ ਦੇ ਵਿਰੁੱਧ ਹੈ ਜਿਸ ਵਿਚ ਅਗਲੀ ਖ਼ੁਸ਼ੀ ਹਾਸਲ ਕਰਨ ਲਈ ਕੁਝ ਸਿਖਿਆਵਾਂ ਹਨ :

ਕਸਿ ਕਸਵਟੀ ਲਾਈਐ ਪਰਖੇ ਹਿਤੁ ਚਿਤੁ ਲਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੭)

ਗੁਰੂ ਨੂੰ ਧਾਰਨ ਕਰਕੇ ਤੇ ਉਸਦੀ ਸਿਖਿਆ ਨੂੰ ਧਿਆਨ ਨਾਲ ਸੁਣ ਕੇ ਮਨੁੱਖ ਦੁਨੀਆਂ ਦੀਆਂ ਔਖਿਆਈਆਂ ਤੋਂ ਬਚ ਸਕਦਾ ਹੈ :

ਭਵਜਲੁ ਬਿਖਮੁ ਡਰਾਵਣੋ ਨ ਕੰਧੀ ਨ ਪਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੯)

ਪ੍ਰਚੱਲਿਤ ਭਾਰਤੀ ਦ੍ਰਿਸ਼ਟਾਂਤ ਦੇ ਕੇ ਰੱਬ ਦੇ ਪਿਆਰ ਨੂੰ ਦ੍ਰਿੜ ਨ ਕਰਾਇਆ ਗਿਆ

ਹੈ :

ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਕਮਲੇਹਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੯)

ਇਹ ਕਿਹਾ ਜਾਂਦਾ ਹੈ ਕਿ ਨਿਮਨ ਸ਼ਬਦ ਪੂਰਬ ਦੀ ਉਦਾਸੀ ਦੌਰਾਨ ਗੁਰੂ ਜੀ ਨੇ ਹਰਬੰਸ ਨਾਂ ਦੇ ਰਾਜੇ ਨੂੰ ਸੰਬੋਧਨ ਕਰਕੇ ਉਚਾਰਿਆ :

ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੧)

ਰੱਬ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ ਤੇ ਨਾ ਹੀ ਰੱਬ ਦੇ ਗੁਣਾਂ ਨੂੰ ਬਿਆਨ ਹੀ ਕੀਤਾ ਜਾ ਸਕਦਾ ਹੈ :

ਗੁਰ ਸਰਣਾਈ ਛੁਟੀਐ ਮਨਮੁਖ ਖੋਟੀ ਰਾਸਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੧)

ਭਗਤੀ ਦੇ ਹੋਰ ਤਰੀਕਿਆਂ ਨਾਲੋਂ ਗੁਰੂ ਜੀ ਰੱਬ ਦੇ ਨਾਮ ਜਪਣ ਨੂੰ ਜ਼ਿਆਦਾ ਚੰਗਾ ਸਮਝਦੇ ਹਨ :

ਰਾਮ ਨਾਮਿ ਮਨੁ ਬੇਧਿਆ ਅਵਰੁ ਕਿ ਕਰੀ ਵੀਚਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੨)

ਨਿਮਨ ਸ਼ਬਦ ਅਸੂਲੀ ਤੌਰ ਤੇ ਦੁਨਿਆਵੀ ਪਦਾਰਥਾਂ ਦੀ ਵਿਅਰਥਤਾ ਤੇ ਭਗਤੀ ਦੀ ਉਚਤਾਈ ਨੂੰ ਦ੍ਰਿੜ ਕਰਵਾਉਂਦਾ ਹੈ :

ਚਿਤੇ ਦਿਸਹਿ ਧਉਲਹਰ ਬਗੇ ਬੰਕ ਦੁਆਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੨)

ਆਤਮਿਕ ਸਥਿਤੀ ਤੋਂ ਬਿਨਾਂ ਜੋਕਿ ਨਾਮ ਜਪਣ ਨਾਲ ਪ੍ਰਾਪਤ ਹੁੰਦੀ ਹੈ- ਮੁਕਤੀ ਨਹੀਂ ਹੋ ਸਕਦੀ –

ਡੂੰਗਰੁ ਦੇਖਿ ਡਰਾਵਣੋ ਪੇਈਅੜੈ ਡਰੀਆਸੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੩)

ਪਰਿਭਾਸ਼ਾਵਾਂ

ਸਤਿਸੰਗਤਿ ਕੈਸੀ ਜਾਣੀਐ। ਜਿਥੈ ਏਕੋ ਨਾਮੁ ਵਖਾਣੀਐ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੨)

ਦੋਹਾਗਣੀ ਕਿਆ ਨੀਸਾਣੀਆ। ਖਸਮਹੁ ਘੁਥੀਆ ਫਿਰਹਿ ਨਿਮਾਣੀਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੨)

ਸੋਹਾਗਣੀ :

ਜਿਨਾ ਭਾਣੇ ਕਾ ਰਸੁ ਆਇਆ॥
ਤਿਨ ਵਿਚਹੁ ਭਰਮੁ ਚੁਕਾਇਆ॥
ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੨)

ਸ੍ਰੀ ਰਾਗ ਕੀ ਵਾਰ

ਕੁਝ ਉਹ ਗੁਣ ਜੋ ਪੂਰਣ ਹੋਣ ਵਿਚ ਸਹਾਇਕ ਹੁੰਦੇ ਹਨ -

ਸਿਦਕੁ ਸਾਬੂਰੀ ਸਾਦਿਕ ਸਬਰੁ ਤੋਸਾ ਮਲਾਇਕਾਂ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੮੩)

ਜਾਤ-ਪਾਤ ਵਿਅਰਥ ਹੈ ਤੇ ਇਸ ਨਾਲ ਚੰਗਿਆਈ ਜਾਂ ਪਵਿੱਤਰਤਾ ਨਹੀਂ ਪਾਈ ਜਾ ਸਕਦੀ :

ਫਕੜ ਜਾਤੀ ਫਕੜੁ ਨਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੮੩)

ਮਨੁੱਖ ਦੀ ਭਾਵੇਂ ਕੋਈ ਵੀ ਜਾਤ ਜਾਂ ਸਮਾਜਿਕ ਅਵਸਥਾ ਹੋਵੇ ਉਹ ਭਗਤੀ ਨਾਲ ਵਡਿਆਈ ਪ੍ਰਾਪਤ ਕਰਦਾ ਹੈ :

ਕਿਆ ਹੰਸੁ ਕਿਆ ਬਗੁਲਾ ਜਾਕਉ ਨਦਰਿ ਕਰੇਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੧)

ਮਾਝ ਕੀ ਵਾਰ

ਰੱਬ ਗੁਰੂ ਦੇ ਰੂਪ ਵਿਚ :

ਗੁਰੁ ਦਾਤਾ ਗੁਰੁ ਹਿਵੈ ਘਰੁ ਗੁਰੁ ਦੀਪਕੁ ਤਿਹ ਲੋਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੩੭)

ਮਨੁੱਖ ਦੇ ਦਸ ਪੜਾ :

ਪਹਿਲੈ ਪਿਆਰਿ ਲਗਾ ਥਣ ਦੁਧਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੩੭)

ਮਨੁੱਖਾਂ ਜ਼ਿੰਦਗੀ ਦੇ ਹੋਰ ਹਿੱਸੇ :

ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੩੮)

ਨਿਮਨ ਲਿਖਿਆ ਸ਼ਬਦ ਪਰਿਯਾਗ ਵਿਚ ਇਕ ਠਾਕਰ ਦਾਸ ਨਾਮ ਦੇ ਧਾਰਮਿਕ ਆਦਮੀ

ਨੂੰ ਸੰਬੋਧਨ ਕੀਤਾ ਹੈ :

ਸੁਇਨੇ ਕੈ ਪਰਬਤਿ ਗੁਫਾ ਕਰੀ ਕੈ ਪਾਣੀ ਪਇਆਲਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੩੯)

ਸ੍ਰੀ ਗੁਰੂ ਨਾਨਕ ਦੇਵ ਜੀ ਬਾਹਰ ਦੀਆਂ ਪਖੰਡੀ ਸਫਾਈਆਂ ਨੂੰ ਝੂਠਾ ਕਹਿੰਦੇ ਹਨ :

ਵਸਤ੍ਰ ਪਖਾਲਿ ਪਖਾਲੇ ਕਾਇਆ ਆਪੇ ਸੰਜਮਿ ਹੋਵੈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੩੯)

ਕਈ ਜ਼ਰੂਰੀ ਵਿਸ਼ਿਆਂ ਨੂੰ ਨਿਮਨ ਤਰ੍ਹਾਂ ਨਾਲ ਸੰਖੇਪ ਰੂਪ ਵਿਚ ਬਿਆਨਿਆ ਗਿਆ ਹੈ :

ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੩੯)

ਇਹ ਗੁਰੂ ਜੀ ਨੇ ਸੁਲਤਾਨਪੁਰ ਵਿਚ ਕਾਜ਼ੀ ਨੂੰ ਸੰਬੋਧਨ ਕਰਕੇ ਕਿਹਾ :

ਕੂੜ ਬੋਲਿ ਮੁਰਦਾਰੁ ਖਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੩੯)

ਜਦੋਂ ਕਾਜ਼ੀ ਨੇ ਬਕਰੇ ਦਾ ਸਿਰ ਲਾਹਿਆ ਤਾਂ ਖ਼ੂਨ ਦੇ ਕੁਝ ਛਿੱਟੇ ਉਸਦੇ ਕਪੜਿਆਂ ਤੇ ਡਿੱਗ ਪਏ ਜਿਨ੍ਹਾਂ ਨੂੰ ਉਸਨੇ ਉਸੇ ਵੇਲੇ ਪੂੰਝ ਦਿੱਤਾ। ਉਸਨੇ ਕਿਹਾ ਕਿ ਉਹ ਨਮਾਜ਼ ਵਿਚ ਸ਼ਾਮਲ ਨਹੀਂ ਹੋ ਸਕਦਾ ਜਦੋਂ ਤਕ ਉਸਦੇ ਕਪੜਿਆਂ ਦੀ ਗੰਦਗੀ ਦੂਰ ਨਹੀਂ ਹੋ ਜਾਂਦੀ। ਇਸ ਮੌਕੇ ਤੇ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੦)

ਕਾਜ਼ੀ ਨੇ ਗੁਰੂ ਜੀ ਨੂੰ ਪੁੱਛਿਆ ਕਿ ਉਹ ਕੌਣ ਸਨ? ਉਹਨਾਂ ਦੇ ਜਵਾਬ ਵਿਚ ਇਸ ਤਰ੍ਹਾਂ ਕਿਹਾ :

ਜਾ ਹਉ ਨਾਹੀ ਤਾ ਕਿਆ ਆਖਾ ਕਿਹੁ ਨਾਹੀ ਕਿਆ ਹੋਵਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੦)

ਰੱਬ ਤੋਂ ਬਿਨਾਂ ਸਭ ਕੁਝ ਲੋਪ ਹੋ ਜਾਵੇਗਾ :

ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੧)

ਜਦੋਂ ਸਿੱਖਾਂ ਨੇ ਗੁਰੂ ਜੀ ਨੂੰ ਇਹ ਪੁੱਛਿਆ ਕਿ ਰੱਬ ਦੀ ਉਸਤਤ ਉਹਨਾਂ ਨੂੰ ਕੀ ਸੁੱਖ ਦਿੰਦੀ ਹੈ ਤਾਂ ਉਹਨਾਂ ਨੇ ਇਸ ਤਰ੍ਹਾਂ ਜਵਾਬ ਵਿਚ ਕਿਹਾ :

ਨਦੀਆ ਹੋਵਹਿ ਧੇਣਵਾ ਸੁੰਮ ਹੋਵਹਿ ਦੁਧੁ ਘੀਉ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੧)

ਜਾਤ-ਪਾਤ ਘਾਤਕ ਬਣ ਜਾਂਦੀ ਹੈ ਜਦੋਂ ਮੁਕਤੀ ਲਈ ਸਿਰਫ਼ ਇਸ ਦਾ ਸਹਾਰਾ ਲਿਆ

ਜਾਵੇ :

ਜਾਤੀ ਦੈ ਕਿਆ ਹਥਿ ਸਚੁ ਪਰਖੀਐ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੨)

ਘੋੜੇ ਤੇ ਚੜ੍ਹੇ ਸਿਪਾਹੀਆਂ ਦਾ ਅਲੰਕਾਰ ਦੇ ਕੇ ਵੈਰਾਗ ਦੀਆਂ ਵੱਖਰੀਆਂ-ਵੱਖਰੀਆਂ ਦਸ਼ਾਂ ਦਸੀਆਂ ਗਈਆਂ ਹਨ :

ਫੁਰਮਾਨੀ ਹੈ ਕਾਰ ਖਸਮਿ ਪਠਾਇਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੨)

ਨਿਮਨ ਅਲੰਕਾਰ ਵਿਚ ਦੁਨੀਆਂ ਇਕ ਚੱਕੀ ਦੀ ਭਾਂਤੀ ਹੈ ਤੇ ਮੱਕੀ ਦਾ ਦਾਣਾ ਆਤਮਾ ਹੈ। ਉਸਦਾ ਛਿਲਕਾ ਸਰੀਰ ਹੈ, ਚੱਕੀ ਦਾ ਧੁਰਾ ਜਿਸ ਦੁਆਲੇ ਉਹ ਫਿਰਦੀ ਹੈ, ਰੱਬ ਦੀ ਤਰ੍ਹਾਂ ਬਚਾਅ ਲਈ ਸਹਾਰਾ ਹੈ :

ਜਾ ਪਕਾ ਤਾ ਕਟਿਆ ਰਹੀ ਸੁ ਪਲਰਿ ਵਾੜਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੨)

ਚੰਗੇ ਮਨੁੱਖਾਂ ਨੂੰ ਗੰਨੇ ਦੀ ਤਰ੍ਹਾਂ ਦੁੱਖ ਪਾਉਣਾ ਪੈਣਾ ਹੈ :

ਵੇਖੁ ਜਿ ਮਿਠਾ ਕਟਿਆ ਕਟਿ ਕੁਟਿ ਬਧਾ ਪਾਇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੩)

ਮੂਰਖ ਨੂੰ ਸਿਖਿਆ ਦੇਣ ਦਾ ਯਤਨ ਕਰਨਾ ਫਜ਼ੂਲ ਹੈ :

ਮਛੀ ਤਾਰੂ ਕਿਆ ਕਰੇ ਪੰਖੀ ਕਿਆ ਆਕਾਸੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੩)

ਜਦੋਂ ਸਿੱਖਾਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਰੱਬ ਨਾਲ ਸੰਬੰਧ ਕਿਸ ਤਰ੍ਹਾਂ ਪੈਦਾ ਕਰਨ ਤਾਂ ਗੁਰੂ ਜੀ ਨੇ ਇਹ ਰਚਨਾ ਰਚੀ :

ਕੈਹਾ ਕੰਚਨੁ ਤੁਟੈ ਸਾਰੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੩)

ਨਿਮਨ ਸੱਤ ਸਲੋਕ, ਸ਼ੇਖ ਬ੍ਰਹਮ ਜੋ ਪਾਕ ਪਟਨ ਦਾ ਫਰੀਦ ਸਾਨੀ ਸੀ ਨੂੰ ਗੁਰੂ ਜੀ ਨੇ ਜੋ ਸਿਖਿਆ ਦਿੱਤੀ ਉਸਦਾ ਹਿੱਸਾ ਸਨ :

ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੩)

ਸਰਹੰਦ ਦੇ ਪ੍ਰੇਮ ਚੰਦ ਨੂੰ ਗੁਰੂ ਜੀ ਨੇ ਸਭ ਤੋਂ ਵਧੀਆ ਸਮਾਂ ਬਿਤਾਉਣ ਲਈ ਇਹ ਸਿਖਿਆ ਦਿੱਤੀ :

ਸਬਾਹੀ ਸਾਲਾਹ ਜਿਨੀ ਧਿਆਇਆ ਇਕ ਮਨਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੫)

ਮਨੁੱਖ ਦੀ ਨਿਰੰਤਰ ਸੋਚ ਆਪਣੇ ਰਚਨਹਾਰੇ ਦੀ ਭਗਤੀ ਵੱਲ ਹੋਣੀ ਚਾਹੀਦੀ ਹੈ :

ਜਾ ਤੂੰ ਤਾ ਕਿਆ ਹੋਰਿ ਮੈ ਸਚੁ ਸੁਣਾਈਐ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੪੬)

ਮਨੁੱਖ ਨੂੰ ਸੱਚੇ ਰੱਬ ਦੀਆਂ ਦਿੱਤੀਆਂ ਦਾਤਾਂ :

ਵਿਣੁ ਸਚੇ ਸਭੁ ਕੂੜੁ ਕੂੜੁ ਕਮਾਈਐ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੭)

ਗੁਰੂ ਦੇ ਗੁਣ, ਜਿਸਨੂੰ ਜ਼ਿੰਦਗੀ ਦੇਣ ਵਾਲੇ ਦਰੱਖਤ ਦੀ ਤਰ੍ਹਾਂ ਦਰਸਾਇਆ ਹੈ :

ਨਾਨਕ ਗੁਰੁ ਸੰਤੋਖੁ ਰੁਖੁ ਧਰਮੁ ਫੁਲੁ ਫਲ ਗਿਆਨੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੭)

ਰੱਬ ਨੂੰ ਵਿਸਾਰਨ ਦੇ ਅਵਗੁਣ :

ਤੁਮੀ ਤੁਮਾ ਵਿਸੁ ਅਕੁ ਧਤੂਰਾ ਨਿਮੁ ਫਲੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੭)

ਮਨੁੱਖਾਂ ਦੀ ਅਸਮਾਨਤਾ ਦੀ ਅਵਸਥਾ :

ਮਤਿ ਪੰਖੇਰੂ ਕਿਰਤੁ ਸਾਥਿ ਕਬ ਉਤਮ ਕਬ ਨੀਚ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੭-੪੮)

ਔਰਤਾਂ ਦੇ ਫਰਜ਼ :

ਨਾਰੀ ਪੁਰਖ ਪਿਆਰੁ ਪ੍ਰੇਮਿ ਸੀਗਾਰੀਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੮)

ਗੁਰੂ ਜੀ ਨੂੰ ਭਗਤੀ ਲਈ ਉਹਨਾਂ ਦੇ ਪਿਆਰ ਦੀ ਸੀਮਾ ਦੱਸਣ ਲਈ ਬੇਨਤੀ ਕੀਤੀ ਗਈ :

ਮਾਰੂ ਮੀਹਿ ਨ ਤ੍ਰਿਪਤਿਆ ਅਗੀ ਲਹੈ ਨ ਭੁਖ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੪੮)

ਸੁਲਤਾਨਪੁਰ ਦੇ ਭਾਈ ਰਾਮਾ ਨੇ ਪੁੱਛਿਆ ਕਿ ਰੱਬ ਦਾ ਪਤਾ ਕਿਸ ਤਰ੍ਹਾਂ ਲੱਗਾ। ਗੁਰੂ ਜੀ ਨੇ ਉੱਤਰ ਦਿੱਤਾ :

ਆਪਿ ਬੁਝਾਏ ਸੋਈ ਬੂਝੈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੦)

ਰੱਬ ਦੀ ਉਸਤਤ ਗਾਉਣ ਲਈ ਗੁਰੂ ਦੀਆਂ ਬਖਸ਼ਿਸ਼ਾਂ :

ਹਉ ਢਾਢੀ ਵੇਕਾਰੁ ਕਾਰੈ ਲਾਇਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੦)

ਰਾਗ ਗਉੜੀ

ਰੱਬ ਦੇ ਡਰ ਕਾਰਨ ਜੋ ਲਾਭ ਹੁੰਦੇ ਹਨ :

ਭਉ ਮੁਚੁ ਭਾਰਾ ਵਡਾ ਤੋਲੁ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੧)

ਨਿਮਨ ਸ਼ਬਦ ਉਸਨੂੰ ਸੰਬੋਧਨ ਕੀਤਾ ਹੈ ਜਿਸਨੇ ਆਪਣੇ ਰਿਸ਼ਤੇਦਾਰਾਂ ਨੂੰ ਛੱਡ ਕੇ ਭ੍ਰਮਣ ਕਰਨ ਦਾ ਰੋਸ ਗੁਰੂ ਜੀ ਨਾਲ ਕੀਤਾ :

ਮਾਤਾ ਮਤਿ ਪਿਤਾ ਸੰਤੋਖੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੧)

ਮਨੁੱਖ ਦੇ ਸਰੀਰ ਦੀ ਰਚਨਾ ਅਤੇ ਤੀਰਥਾਂ ਦੀ ਵਿਅਰਥਤਾ, ਸਰੀਰ ਨਾਸ਼ਵਾਨ ਹੈ ਪਰ ਆਤਮਾ ਨਹੀਂ :

ਪਉਣੈ ਪਾਣੀ ਅਗਨੀ ਕਾ ਮੇਲੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੨)

ਸੰਤ ਦਾਸ ਨੇ ਗੁਰੂ ਨਾਨਕ ਦੇਵ ਜੀ ਨੂੰ ਛੇ ਸਵਾਲ ਵਿਚਾਰ ਲਈ ਪੇਸ਼ ਕੀਤੇ :

ਜਾਤੋ ਜਾਇ ਕਹਾ ਤੇ ਆਵੈ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੨)

ਗੁਰੂ ਜੀ ਨੇ ਉੱਤਰ ਦਿੱਤਾ :

ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੨)

ਨਿਮਨ ਸਰੀਰ ਅਤੇ ਆਤਮਾ ਦਾ ਵਾਰਤਾਲਾਪ ਹੈ :

ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੫)

ਗੁਰੂ ਜੀ ਉਹਨਾਂ ਘਾਤਕ ਪਾਪਾਂ ਦੀ ਸ਼ਕਤੀ ਤੇ ਵਿਚਾਰ ਕਰਦੇ ਹਨ ਜੋ ਮਨੁੱਖ ਨੂੰ ਬਰਬਾਦੀ ਵੱਲ ਲਿਜਾਉਂਦੇ ਹਨ :

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੫)

ਕਿੰਗ ਨਾਥ ਜੋਗੀ ਗੁਰੂ ਜੀ ਨੂੰ ਆਪਣਾ ਚੇਲਾ ਬਣਾਉਣ ਲਈ ਜ਼ੋਰ ਲਾਉਂਦਾ ਸੀ। ਗੁਰੂ ਜੀ ਨੇ ਉੱਤਰ ਵਿਚ ਕਿਹਾ ਕਿ ਉਹ ਜੋਗ ਦੇ ਵਿਗਿਆਨ ਨੂੰ ਪਹਿਲੇ ਹੀ ਸਿਖ ਚੁੱਕੇ ਹਨ। ਉਹਨਾਂ ਨੇ ਇਸ ਮੌਕੇ ਤੇ ਇਹ ਸ਼ਬਦ ਦਾ ਉਚਾਰਨ ਕੀਤਾ :

ਮੁੰਦ੍ਰਾ ਤੇ ਘਟ ਭੀਤਰਿ ਮੁੰਦ੍ਰਾ ਕਾਇਆ ਕੀਜੈ ਖਿੰਥਾਤਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੫)

ਮਨੁੱਖ ਨੂੰ ਆਪਣੀ ਕੀਮਤੀ ਜ਼ਿੰਦਗੀ ਵਿਅਰਥ ਨਹੀਂ ਗੁਆਉਣੀ ਚਾਹੀਦੀ। ਉਸਨੂੰ ਜ਼ਿੰਦਗੀ ਰੱਬ ਦੀ ਭਗਤੀ ਲਈ ਅਰਪਣ ਕਰਨੀ ਚਾਹੀਦੀ ਹੈ ਨਾ ਕਿ ਧਨ ਇਕੱਠਾ ਕਰਨ ਵਿਚ :

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੬)

ਗੁਰੂ ਜੀ ਦੀ ਭਗਤੀ ਲਈ ਉਤਸ਼ਾਹ :

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੫੭)

ਗਉੜੀ ਅਸ਼ਟਪਦੀ

ਗੁਰੂ ਤੋਂ ਬਿਨਾਂ ਮਨੁੱਖ ਬੁਰਾਈਆਂ ਵਿਚ ਭਟਕ ਜਾਂਦਾ ਹੈ ਅਤੇ ਛੇਤੀ ਨਰਕ ਵਿਚ ਡਿੱਗਦਾ ਹੈ :

ਮਨੁ ਕੁੰਚਰੁ ਕਾਇਆ ਉਦਿਆਨੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੨੧)

ਦੁਨਿਆਵੀ ਦੌਲਤਾਂ, ਸੁੱਖ, ਆਰਾਮ, ਰੱਬ ਦੀ ਭਗਤੀ ਤੋਂ ਬਿਨਾਂ ਗੁਰੂ ਨੂੰ ਕਦੀ ਖੁਸ਼ ਨਹੀਂ ਕਰਨਗੇ :

ਚੋਆ ਚੰਦਨੁ ਅੰਕਿ ਚੜਾਵਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੨੫)

ਗੁਰੂ ਜੀ ਸੰਤਾਂ ਦੀ ਹਾਲਤ ਤੇ ਮੁਕਤੀ ਦੇ ਰਸਤਿਆਂ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:

ਸੇਵਾ ਏਕ ਨ ਜਾਨਸਿ ਅਵਰੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੨੫)

ਇਕ ਪਹਾੜੀ ਰਾਜਾ, ਅਮਰ ਸਿੰਘ ਸੀ ਜਿਸਨੂੰ ਉਸਦੇ ਭਰਾ ਨੇ ਗੱਦੀ ਤੋਂ ਉਤਾਰ ਦਿੱਤਾ ਸੀ। ਦੇਸ਼ ਨਿਕਾਲੇ ਤੋਂ ਬਾਅਦ ਉਹ ਗੁਰੂ ਜੀ ਕੋਲ ਸਲਾਹ ਲੈਣ ਗਿਆ। ਗੁਰੂ ਜੀ ਨੇ ਉਸਨੂੰ ਨਿਮਨ ਕਿਹਾ :

ਹਉਮੈ ਕਰਤ ਭੇਖੀ ਨਹੀ ਜਾਨਿਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੨੬)

ਮੌਤ ਸਭ ਉੱਪਰ ਆਉਂਦੀ ਹੈ ਪਰ ਗੁਰਮੁੱਖਾਂ ਦਾ ਉਹ ਕੁਝ ਵਿਗਾੜ ਨਹੀਂ ਸਕਦੀ-

ਪ੍ਰਥਮੇ ਬ੍ਰਹਮਾ ਕਾਲੈ ਘਰਿ ਆਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੨੭)

ਰੱਖਿਆ ਲਈ ਰੱਬ ਅੱਗੇ ਅਰਦਾਸ :

ਜਿਉ ਗਾਈ ਕਉ ਗੋਇਲੀ ਰਾਖਹਿ ਕਰਿ ਸਾਰਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੨੮)

ਮਨੁੱਖ ਨੂੰ ਆਪਣੀ ਭਗਤੀ ਨਾਲ ਚੰਗੇ ਕੰਮ ਵੀ ਕਰਨੇ ਚਾਹੀਦੇ ਹਨ :

ਕਿਰਤੁ ਪਇਆ ਅਧ ਊਰਧੀ ਬਿਨੁ ਗਿਆਨ ਬੀਚਾਰਾ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੨੮)

ਮੁਕਤੀ ਲਈ ਇਕ ਆਤਮਿਕ ਗੁਰੂ ਦੀ ਅਵਸ਼ਕਤਾ ਹੁੰਦੀ ਹੈ :

ਗੁਰ ਪ੍ਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੨੯)

ਗਉੜੀ ਛੰਦ

ਸੰਤਾਂ ਦਾ ਰੱਬ ਲਈ ਪਿਆਰ ਨਵੀ ਵਹੁਟੀ ਦੇ ਪਤੀ ਲਈ ਪਿਆਰ ਦੀ ਤਰ੍ਹਾਂ ਹੁੰਦਾ ਹੈ :

ਮੁੰਧ ਰੈਣਿ ਦੁਹੇਲੜੀਆ ਜੀਉ ਨੀਦ ਨ ਆਵੈ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੨੪੨)

ਰਾਗ ਆਸਾ

ਰਚਨਹਾਰਾ ਚੰਗੀਆਂ ਸੌਗਾਤਾਂ ਪ੍ਰਦਾਨ ਕਰਦਾ ਹੈ :

ਜੇ ਦਰਿ ਮਾਂਗਤ ਕੂਕ ਕਰੇ ਮਹਲੀ ਖਸਮੁ ਸੁਣੇ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੪੯)

ਨਿਮਨ ਸ਼ਬਦ ਕ੍ਰਿਸ਼ਨ ਜੀ ਦੇ ਇਕ ਉਪਾਸ਼ਕ ਨੂੰ ਸੰਬੋਧਨ ਕਰਕੇ ਕਿਹਾ ਗਿਆ ਹੈ ਜੋ ਆਪਣੇ ਦੇਵਤੇ ਦੀ ਪੂਜਾ ਗਾ ਕੇ ਤੇ ਨੱਚ ਕੇ ਕਰ ਰਿਹਾ ਸੀ :

ਵਾਜਾ ਮਤਿ ਪਖਾਵਜੁ ਭਾਉ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੦)

ਨਿਮਨ ਸ਼ਬਦ ਰੱਬ ਦੇ ਰਚੇ ਹੋਏ ਰਾਮ ਤੇ ਕ੍ਰਿਸ਼ਨ ਜਿਨ੍ਹਾਂ ਨੂੰ ਹਿੰਦੂ ਦੇਵਤੇ ਕਰਕੇ ਪੂਜਦੇ ਹਨ ਨਾਲੋਂ ਰੱਬ ਉਚਤਮ ਦਰਸਾਉਣ ਲਈ ਕਿਹਾ ਗਿਆ ਹੈ :

ਪਉਣੁ ਉਪਾਇ ਧਰੀ ਸਭ ਧਰਤੀ ਜਲ ਅਗਨੀ ਕਾ ਬੰਧੁ ਕੀਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੦)

ਆਪਣੀ ਰੱਬ ਨੂੰ ਮਿਲਣ ਦੀ ਤਾਂਘ ਨੂੰ ਗੁਰੂ ਜੀ ਉਸ ਕੁੜੀ ਦਾ ਅਲੰਕਾਰ ਦਿੰਦੇ ਹਨ ਜੋ ਆਪਣੇ ਹੋਣ ਵਾਲੇ ਵਿਆਹ ਤੇ ਖੁਸ਼ੀ ਮਨਾਉਂਦੀ ਹੈ :

ਕਰਿ ਕਿਰਪਾ ਅਪਨੈ ਘਰਿ ਆਇਆ

ਤਾ ਮਿਲਿ ਸਖੀਆ ਕਾਜੁ ਰਚਾਇਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੧)

ਨਿਮਨ ਬ੍ਰਾਹਮਣ ਨੂੰ ਸਿਖਿਆ ਵਜੋਂ ਸੰਬੋਧਨ ਕੀਤਾ ਗਿਆ ਹੈ :

ਕਾਇਆ ਬ੍ਰਹਮਾ ਮਨੁ ਹੈ ਧੋਤੀ
ਗਿਆਨੁ ਜਨੇਊ ਧਿਆਨੁ ਕੁਸਪਾਤੀ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੫)

ਨਿਮਨ ਉਸ ਪੰਡਿਤ ਨੂੰ ਸੰਬੋਧਨ ਕਰਕੇ ਕਿਹਾ ਗਿਆ ਹੈ ਜਿਸਨੇ ਪੁਛਿਆ ਕਿ ਮੁਕਤੀ ਕਿਸ ਤਰ੍ਹਾਂ ਮਿਲ ਸਕਦੀ ਹੈ :

ਕਾਚੀ ਗਾਗਰਿ ਦੇਹ ਦੁਹੇਲੀ ਉਪਜੈ ਬਿਨਸੈ ਦੁਖੁ ਪਾਈ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੫)

ਇਸ ਸ਼ਬਦ ਦੀ ਰਚਨਾ, ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਆਪਣੇ ਪਿਤਾ ਜੀ ਦੇ ਦਿਹਾਂਤ ਤੇ ਕੀਤੀ :

ਮੋਹੁ ਕੁਟੰਬੁ ਮੋਹੁ ਸਭ ਕਾਰ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੬)

ਜਦੋਂ ਗੁਰੂ ਨਾਨਕ ਦੇਵ ਜੀ ਗੋਰਖ ਮੱਤੇ ਜੋ ਹੁਣ ਨਾਨਕਮਤਾ ਹੈ ਗਏ ਤਾਂ ਉਹਨਾਂ ਨੇ ਕਈ ਮੱਤਾਂ ਦੇ ਸਿੱਧਾਂ ਨੂੰ ਉੱਥੇ ਇਕੱਠੇ ਹੋਏ ਵੇਖਿਆ। ਇਸ ਸ਼ਬਦ ਦੀ ਰਚਨਾ ਉਹਨਾਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਕੀਤੀ :

ਵਿਦਿਆ ਵੀਚਾਰੀ ਤਾਂ ਪਰਉਪਕਾਰੀ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੬)

ਜਿਸ ਤਰ੍ਹਾਂ ਇਕ ਪਤਨੀ ਨੂੰ ਡਰ ਰਹਿੰਦਾ ਹੈ ਕਿ ਉਸਦਾ ਪਤੀ ਉਸਨੂੰ ਭੁੱਲ ਨਾ ਜਾਵੇ। ਇਸ ਤਰ੍ਹਾਂ ਸੰਤਾਂ ਨੂੰ ਇਹ ਡਰ ਰਹਿੰਦਾ ਹੈ ਕਿ ਰੱਬ ਉਹਨਾਂ ਨੂੰ ਵਿਸਾਰੇ ਨਾ :

ਏਕ ਨ ਭਰੀਆ ਗੁਣ ਕਰਿ ਧੋਵਾ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੬)

ਰੱਬ ਦਾ ਡਰ ਤੇ ਪਿਆਰ ਦੋਵੇਂ ਜ਼ਰੂਰੀ ਹਨ ਉਸਦੀ ਆਗਿਆ ਦਾ ਪਾਲਣ ਕਰਨ ਲਈ:

ਪੇਵਕੜੈ ਧਨ ਖਰੀ ਇਆਣੀ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੭)

ਜਦੋਂ ਮਨੁੱਖ ਸਾਰੇ ਦੁਨਿਆਵੀ ਪਿਆਰ ਨੂੰ ਤਿਆਗ ਦਿੰਦਾ ਹੈ ਤਾਂ ਉਹ ਆਪਣੇ ਆਪ ਨੂੰ ਮੁਕਤੀ ਲਈ ਤਿਆਰ ਕਰ ਲੈਂਦਾ ਹੈ :

ਨ ਕਿਸ ਕਾ ਪੂਤੁ ਨ ਕਿਸ ਕੀ ਮਾਈ ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੭)

ਨਿਮਨ ਇਕ ਦੁਨੀਆਦਾਰੀ ਰਾਜੇ ਨੂੰ ਸੰਬੋਧਨ ਕਰਕੇ ਉਚਾਰਿਆ ਗਿਆ :

ਲਖ ਲਸਕਰ ਲਖ ਵਾਜੇ ਨੇਜੇ ਲਖ ਉਠਿ ਕਰਹਿ ਸਲਾਮੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੮)

ਮਨੁੱਖ ਆਪਣੇ ਵਿਸ਼ਿਆਂ ਤੋਂ ਲੁਭਾਏਮਾਨ ਹੋਣ ਲਈ ਤਿਆਰ ਰਹਿੰਦਾ ਹੈ :

ਭੀਤਰਿ ਪੰਚ ਗੁਪਤ ਮਨਿ ਵਾਸੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੩੫੯)

ਆਸਾ ਅਸਟਪਦੀ

ਗੁਰੂ ਨਾਨਕ ਦੇਵ ਜੀ ਗੁਰੂ ਦੀ ਸਿਖਿਆ ਤੇ ਰੱਬ ਦੇ ਨਾਮ ਜਪਣ ਦੇ ਲਾਭਾਂ ਦੀ ਖੁੱਲ੍ਹੀ ਵਿਚਾਰ ਕਰਦੇ ਹਨ :

ਸਭਿ ਜਪ ਸਭਿ ਤਪ ਸਭ ਚਤੁਰਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੧੨)

ਮੁਕਤੀ ਕਿਸ ਤਰ੍ਹਾਂ ਪ੍ਰਾਪਤ ਕੀਤੀ ਜਾ ਸਕਦੀ ਹੈ :

ਆਸਾ ਮਨਸਾ ਸਬਦਿ ਜਲਾਏ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੧੩)

ਨਿਮਨ ਇਕ ਪਖੰਡੀ ਜੋਗੀ ਨੂੰ ਸੰਬੋਧਨ ਕਰਕੇ ਉਚਾਰਿਆ ਗਿਆ :

ਗਾਵਹਿ ਗੀਤੇ ਚੀਤਿ ਅਨੀਤੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੧੪)

ਧਨ ਦੌਲਤ ਨਾਸ਼ਵਾਨ ਹੈ, ਰੱਬ ਦੀ ਭਗਤੀ ਨਾਲ ਨਿਭਣ ਵਾਲਾ ਧਨ ਹੈ :

ਤਨੁ ਬਿਨਸੈ ਧਨੁ ਕਾ ਕੋ ਕਹੀਐ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੧੬)

ਦੁਨਿਆਵੀ ਵਸਤੂਆਂ ਦੀ ਤੁੱਛਤਾ ਲਈ ਨਿਮਨ ਸਵਾਰਥੀ ਬ੍ਰਾਹਮਣ ਨੂੰ ਸੰਬੋਧਨ ਕੀਤਾ ਗਿਆ :

ਗੁਰੁ ਸੇਵੇ ਸੋ ਠਾਕੁਰ ਜਾਨੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੧੬)

ਆਪਣੇ ਆਪ ਨੂੰ ਧਰਮੀ ਆਦਮੀ ਅਖਵਾਉਣ ਵਾਲਿਆਂ ਦੇ ਇਕੱਠ ਨੂੰ ਨਿਮਨ ਸੰਬੋਧਨ ਕਰਕੇ ਉਚਾਰਨ ਕੀਤਾ ਗਿਆ :

ਚਾਰੇ ਕੁੰਡਾ ਢੂਢੀਆ ਕੋ ਨੀਮੀ ਮੈਡਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੧੮)

ਮੁਕਤੀ ਲਈ ਸਿਖਿਆ :

ਮਨਸਾ ਮਨਹਿ ਸਮਾਇਲੇ ਭਉਜਲੁ ਸਚਿ ਤਰਣਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੧੯)

ਘਰ ਵਿਚ ਭਗਤੀ ਕਰਨ ਦੇ ਲਾਭ :

ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੨੦)

ਦੁਨਿਆਵੀ ਗੱਲਾਂ ਦੀ ਪਰਵਾਹ ਨਾ ਕਰਕੇ ਭਗਤੀ ਲਈ ਸਿਖਿਆ :

ਮਨੁ ਰਾਤਉ ਹਰਿ ਨਾਇ ਸਚੁ ਵਖਾਣਿਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੨੨)

ਆਸਾ ਛੰਤ

ਕਿਹਾ ਜਾਂਦਾ ਹੈ ਕਿ ਭਾਈ ਬੁੱਢਾ ਤੇ ਇਕ ਸਿੱਖ ਮੂਲਾ ਗੁਰੂ ਜੀ ਕੋਲ ਗਏ ਅਤੇ ਉਹਨਾਂ ਕੋਲੋਂ ਪੁਛਿਆ ਕਿ ਸਭ ਤੋਂ ਜ਼ਿਆਦਾ ਪ੍ਰਸੰਨਤਾ ਕਿਸ ਤੋਂ ਮਿਲਦੀ ਹੈ ਗੁਰੂ ਜੀ ਨੇ ਨਿਮਨ ਉੱਤਰ ਦਿੱਤਾ :

ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੩੫)

ਜਿਵੇਂ ਹਿਰਨ ਫੰਦੇ ਵਿਚ ਫਸਦਾ ਹੈ, ਭੰਵਰਾ ਕੰਵਲ ਵਿਚ ਤੇ ਮੱਛੀ ਜਾਲ ਵਿਚ ਫਸਦੀ ਹੈ ਇਸੇ ਤਰ੍ਹਾਂ ਮਨੁੱਖ ਦੀ ਆਤਮਾ ਵੀ ਮੌਤ ਦਾ ਸ਼ਿਕਾਰ ਹੋ ਜਾਂਦੀ ਹੈ :

ਤੂੰ ਸੁਣਿ ਹਰਣਾ ਕਾਲਿਆ ਕੀ ਵਾੜੀਐ ਰਾਤਾ ਰਾਮ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੩੮)

ਰਾਗ ਗੁਜਰੀ

ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਬੁੱਤ ਪੂਜਾ ਨਾ ਕਰਕੇ ਰੱਬ ਦੇ ਨਾਮ ਜਪਣ ਦਾ ਆਦੇਸ਼ ਦਿੰਦੇ ਹਨ :

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੮੯)

ਗੁਰੂ ਦਾ ਰੱਬ ਹਿੰਦੂਆਂ ਦੇ ਦੇਵਤਿਆਂ ਤੋਂ ਚੰਗੇਰਾ ਹੈ :

ਨਾਭਿ ਕਮਲ ਤੇ ਬ੍ਰਹਮਾ ਉਪਜੇ

ਬੇਦ ਪੜਹਿ ਮੁਖਿ ਕੰਠਿ ਸਵਾਰਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੪੮੯)

ਗੂਜਰੀ ਅਸ਼ਟਪਦੀ

ਗੁਰੂ ਜੀ ਦਾ ਹਿਰਦਾ ਹਮੇਸ਼ਾਂ ਭਗਤੀ ਨਾਲ ਭਰਿਆ ਰਹਿੰਦਾ ਹੈ :

ਅਬ ਤਬ ਅਵਰੁ ਨਾ ਮਾਗਉ ਹਰਿ ਪਹਿ ਨਾਮੁ ਨਿਰੰਜਨ ਦੀਜੈ ਪਿਆਰਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੦੪)

ਸੱਚੀ ਭਗਤੀ ਤੋਂ ਬਿਨਾਂ ਕੋਈ ਖੁਸ਼ੀ ਨਹੀਂ :

ਐ ਜੀ ਬਹੁਤੇ ਭੇਖ ਕਰਹਿ ਭਿਖਿਆ ਕਉ ਕੇਤੇ ਉਦਰੁ ਭਰਨ ਕੈ ਤਾਈ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੦੪)

ਗੁਰੂ ਜੀ ਆਪਣੇ ਆਪ ਨੂੰ ਉਹ ਧਾਰਮਿਕ ਸਿਖਿਅਕ ਕਹਿੰਦੇ ਹਨ ਜੋ ਆਮ ਲੋਕਾਂ ਦੀ ਤਰ੍ਹਾਂ ਹਨ :

ਐ ਜੀ ਨਾ ਹਮ ਉਤਮ ਨੀਚ ਨ ਮਧਿਮ
ਹਰਿ ਸਰਣਾਗਤਿ ਹਰਿ ਕੇ ਲੋਗ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੦੪)

ਇਹ ਸਿਖਿਆ ਬਨਾਰਸ ਤੋ ਪੰਡਿਤ ਰਾਮ ਚੰਦ ਨੂੰ ਸੰਬੋਧਨ ਕੀਤੀ ਗਈ :

ਭਗਤਿ ਪ੍ਰੇਮ ਅਰਾਧਿਤੰ ਸਚੁ ਪਿਆਸ ਪਰਮ ਹਿਤੰ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੦੫)

ਵਿਹਾਗੜੇ ਕੀ ਵਾਰ

ਹਿੰਦੂ ਬੁੱਤ ਪੂਜਕਾਂ ਬਾਰੇ ਵਿਚਾਰ :

ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੫੬)

ਰਾਗ ਵਡਹੰਸ

ਗੁਰੂ ਜੀ ਨੇ ਰੱਬ ਦੇ ਦਰਸ਼ਨ ਸੁਪਨੇ ਵਿਚ ਕੀਤੇ ਅਤੇ ਨੀਂਦ ਖੁਲ੍ਹਣ ਤੇ ਰੱਬ ਦੇ ਵਿਯੋਗ ਦੀ ਪੀੜਾ ਅਨੁਭਵ ਕੀਤੀ :

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੫੭)

ਵਡਹੰਸ ਛੰਤ

ਨਿਮਨ ਹਿੰਦੂਆਂ ਨੂੰ ਸੰਬੋਧਨ ਕੀਤਾ ਗਿਆ ਹੈ ਜੋ ਇਸ਼ਨਾਨ ਨੂੰ ਸਭ ਤੋਂ ਵੱਧ ਉਤਮ ਧਾਰਮਿਕ ਕੰਮ ਸਮਝਦੇ ਹਨ :

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ।।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੬੫)

ਵਡਹੰਸ ਅਲਾਹਣੀਆ

ਕਿਸੇ ਨੇ ਪੁਛਿਆ ਕਿ ਉਹ ਰੱਬ ਜੋ ਸਰਬ-ਵਿਆਪਕ ਹੈ ਕਦੀ ਦਿਖਾਈ ਨਹੀਂ ਦਿੰਦਾ ਤਾਂ ਗੁਰੂ ਜੀ ਨੇ ਉੱਤਰ ਦਿੱਤਾ :

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੮੧)

ਵਡਹੰਸ ਕੀ ਵਾਰ

ਗੁਰੂ ਜੀ ਹਮੇਸ਼ਾਂ ਦੀ ਤਰ੍ਹਾਂ ਕਰਮ-ਕਾਂਡ ਵੱਲ ਧਿਆਨ ਨਹੀਂ ਦਿੰਦੇ :

ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੯੦)

ਰਾਗ ਸੋਰਠਿ

ਮੌਤ ਅਤੇ ਬਾਅਦ ਦੀ ਸਜ਼ਾ ਉਪਰ ਗੁਰੂ ਜੀ ਦੇ ਵਿਚਾਰ :

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੯੫)

ਰੱਬ ਬਾਰੇ ਗੁਰੂ ਜੀ ਦਾ ਅਨੁਭਵ :

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੯੭)

ਉਸ ਆਦਮੀ ਦੀ ਦਸ਼ਾ ਜਿਸਦਾ ਕੋਈ ਗੁਰੂ ਨਹੀਂ ਜੋ ਉਸਨੂੰ ਰੱਬ ਦਾ ਨਾਮ ਦੇਵੇ :

ਜਿਉ ਮੀਨਾ ਬਿਨੁ ਪਾਣੀਐ ਤਿਉ ਸਾਕਤੁ ਮਰੈ ਪਿਆਸ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੯੭)

ਗੁਰੂ ਦੇ ਦਰਸ਼ਨ ਕਰਕੇ ਅਠਾਹਠ ਤੀਰਥਾਂ ਦੇ ਇਸ਼ਨਾਨਾਂ ਦਾ ਫਲ ਪ੍ਰਾਪਤ ਹੋ ਜਾਂਦਾ ਹੈ :

ਜਿਉ ਜੋਗੀ ਜਤ ਬਾਹਰਾ ਤਪੁ ਨਾਹੀ ਸਤੁ ਸੰਤੋਖੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੯੭)

ਮਨੁੱਖ ਨੂੰ ਸੱਚੀ ਪਵਿੱਤਰਤਾ ਆਪਣੇ ਘਰ ਵਿਚ ਰਹਿ ਕੇ ਹੀ ਰੱਖਣੀ ਚਾਹੀਦੀ ਹੈ :

ਜਿਸੁ ਜਲ ਨਿਧਿ ਕਾਰਣਿ ਤੁਮ ਜਗਿ ਆਏ
ਸੋ ਅੰਮ੍ਰਿਤੁ ਗੁਰ ਪਾਹੀ ਜੀਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੯੮)

ਰੱਬ ਅਣਦਿੱਖ ਦਾਤਾ ਹੈ ਤੇ ਜਦੋਂ ਮਨੁੱਖ ਉਸਦੇ ਹੁਕਮ ਨੂੰ ਮੰਨਦੇ ਹਨ ਤਾਂ ਉਹ ਖੁਸ਼ ਹੋ ਜਾਂਦਾ ਹੈ :

ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੫੯੮)

ਸੋਰਠ ਅਸ਼ਟਪਦੀ

ਗੁਰੂ ਜੀ ਬੁੱਤ ਪੂਜਾ ਨੂੰ ਨਾਪਸੰਦ ਕਰਦੇ ਹਨ ਤੇ ਆਦਰਸ਼ਕ ਬੈਰਾਗੀ ਜਾਂ ਸੰਸਾਰ ਦੇ ਤਿਆਗ ਬਾਰੇ ਆਪਣੀ ਧਾਰਨਾ ਦੱਸਦੇ ਹਨ :

ਦੁਬਿਧਾ ਨ ਪੜਉ ਹਰਿ ਬਿਨੁ ਹੋਰ ਨ ਪੂਜਉ ਮੜੈ ਮਸਾਣਿ ਨ ਜਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੩੪)

ਇਹ ਸਿਖਿਆ ਗੁਰੂ ਜੀ ਨੇ ਇਕ ਬ੍ਰਾਹਮਣ ਨੂੰ ਦਿੱਤੀ :

ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੩੫)

ਬੁੱਤ ਪੂਜਾ ਦੇ ਵਿਰੁੱਧ :

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੩੭)

ਰਾਗ ਧਨਾਸਰੀ

ਗੁਰੂ ਜੀ ਆਪਣਾ ਨਿਸ਼ਚਾ ਰੱਬ ਤੇ ਰੱਖਦੇ ਹਨ ਅਤੇ ਉਸ ਲਈ ਆਪਣੀ ਭਗਤੀ ਨੂੰ ਦ੍ਰਿੜ ਕਰਦੇ ਹਨ :

ਜੀਉ ਡਰਤੁ ਹੈ ਆਪਣਾ ਕੈ ਸਿਉ ਕਰੀ ਪੁਕਾਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੬੦)

ਜ਼ਿੰਦਗੀ ਬੜੀ ਛੋਟੀ ਹੈ ਤੇ ਮਨੁੱਖ ਨੂੰ ਇਸ ਨੂੰ ਸਭ ਤੋਂ ਵਧੀਆ ਗੁਜ਼ਾਰਨਾ ਚਾਹੀਦਾ ਹੈ :

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨਾ ਜਾਣਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੬੦)

ਚੋਰ ਨੂੰ ਪਕੜਿਆ ਵੇਖ ਕੇ ਗੁਰੂ ਜੀ ਇਹ ਸਿਖਿਆ ਦਿੰਦੇ ਹਨ :

ਚੋਰੁ ਸਲਾਹੇ ਚੀਤੁ ਨ ਭੀਜੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੬੨)

ਇਕ ਬ੍ਰਾਹਮਣ, ਇਕ ਕਾਜ਼ੀ ਤੇ ਇਕ ਜੋਗੀ ਗੁਰੂ ਜੀ ਨਾਲ ਵਿਚਾਰ ਵਟਾਂਦਰਾ ਕਰਦੇ ਹਨ ਅਤੇ ਗੁਰੂ ਜੀ ਉਹਨਾਂ ਨੂੰ ਸਿਖਿਆ ਦਿੰਦੇ ਹਨ :

ਕਾਇਆ ਕਾਗਦੁ ਮਨੁ ਪਰਵਾਣਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੬੨)

ਧਨਾਸਰੀ ਅਸ਼ਟਪਦੀ

ਰੱਬ ਪ੍ਰੇਮ ਤੇ ਸੇਵਾ ਨਾਲ ਖੁਸ਼ ਹੁੰਦਾ ਹੈ ਨਾ ਕਿ ਬੁੱਤ ਪੂਜਾ ਤੇ ਤੀਰਥਾਂ ਤੇ ਜਾਣ ਨਾਲ :

ਆਪਿ ਦਿਖਾਵੈ ਆਪੇ ਦੇਖੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੮੬)

ਧਨਾਸਰੀ ਛੰਦ

ਜੋ ਝੂਠ ਬੋਲਦੇ ਹਨ ਉਹ ਦੁੱਖੀ ਹੁੰਦੇ ਹਨ :

ਪਿਰ ਘਰਿ ਸੋਹੈ ਨਾਰਿ ਜੇ ਪਿਰ ਭਾਵਏ ਜੀਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੬੮੯)

ਰਾਗ ਸੂਹੀ

ਮਨੁੱਖ ਨੂੰ ਘਰ ਵਿਚ ਹੀ ਭਗਤੀ ਕਰਨੀ ਚਾਹੀਦੀ ਹੈ :

ਅੰਤਰਿ ਵਸੈ ਨ ਬਾਹਰਿ ਜਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੨੮)

ਸੂਹੀ ਅਸ਼ਟਪਦੀ

ਗੁਰੂ ਜੀ ਆਪਣੇ ਆਪ ਨੂੰ ਨਿੰਦਦੇ ਹਨ ਅਤੇ ਅਕਾਲਪੁਰਖ ਅੱਗੇ ਅਰਜ਼ੋਈ ਕਰਦੇ ਹਨ :

ਸਭਿ ਅਵਗਣ ਮੈ ਗੁਣੁ ਨਹੀ ਕੋਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੫੦)

ਗੁਰੂ ਜੀ ਦੀਆਂ ਹੋਰ ਫੁਟਕਲ ਸਿਖਿਆਵਾਂ :

ਕਚਾ ਰੰਗੁ ਕਸੁੰਭ ਕਾ ਥੋੜੜਿਆ ਦਿਨ ਚਾਰਿ ਜੀਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੫੧)

ਸੂਹੀ ਛੰਦ

ਨਿਮਨ ਹੁਣ ਸਿੱਖ ਵਿਆਹਵਾਂ ਜਾਂ ਖੁਸ਼ੀ ਦੇ ਸਮਿਆਂ ਤੇ ਗਾਉਂਦੇ ਹਨ :

ਹਮ ਘਰਿ ਸਾਜਨ ਆਏ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੬੪)

ਗੁਰੂ ਜੀ ਰੱਬ ਲਈ ਇਸ ਤਰ੍ਹਾਂ ਤਾਂਘ ਰੱਖਦੇ ਹਨ ਜਿਵੇਂ ਚਾਹਵਾਨ ਪਤਨੀ ਆਪਣੇ ਪਤੀ ਲਈ :

ਆਵਹੁ ਸਜਣਾ ਹਉ ਦੇਖਾਂ ਦਰਸਨੁ ਤੇਰਾ ਰਾਮ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੬੪)

ਸੂਹੀ ਕੀ ਵਾਰ

ਰੱਬ ਮਨੁੱਖ ਦੇ ਗੁਣਾਂ ਨੂੰ ਪਰਖੇਗਾ :

ਨਾਨਕ ਬਦਰਾ ਮਾਲ ਕਾ ਭੀਤਰਿ ਧਰਿਆ ਆਣਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੮੯)

ਤੀਰਥਾਂ ਤੇ ਨਹਾਉਣ ਨਾਲ ਮਨੁੱਖ ਹੋਰ ਅਪਵਿੱਤ੍ਰ ਹੋ ਜਾਂਦਾ ਹੈ :

ਨਾਵਣ ਚਲੇ ਤੀਰਥੀ ਮਨਿ ਖੋਟੈ ਤਨਿ ਚੋਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੮੯)

ਮਨੁੱਖ ਨੂੰ ਛੋਟੀ ਉਮਰ ਤੋਂ ਹੀ ਰੱਬ ਦੇ ਨਾਮ ਦਾ ਵਪਾਰ ਕਰਨਾ ਚਾਹੀਦਾ ਹੈ :

ਦੁਇ ਦੀਵੇ ਚਉਦਹ ਹਟਨਾਲੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੮੯)

ਬੁਰੀ ਸੰਗਤ ਨਾਲ ਸੁਧਾਰ ਦੀ ਕੋਈ ਉਮੀਦ ਨਹੀਂ ਹੁੰਦੀ :

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੯੦)

ਸੂਹੀ ਕੀ ਵਾਰ ਵਿਚ ਨਿਮਨ ਸਲੋਕ ਵਿਚ ਵੱਖਰੀ ਤਰ੍ਹਾਂ ਦੀ ਸਿਖਿਆ ਤੇ ਗੁਰੂ ਦੇ ਵਿਚਾਰ ਹਨ :

ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੯੦)

ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨ ਪਾਇਓ ਸਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੯੦)

ਦੀਵਾ ਬਲੈ ਅੰਧੇਰਾ ਜਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੯੧)

ਰਾਗ ਬਿਲਾਵਲ

ਰੱਬ ਨੂੰ ਹਿੰਦੂ ਦੇਵਤਿਆਂ ਦੇ ਨਾਵਾਂ ਨਾਲ ਬੁਲਾਉਣਾ ਉਸਦੀ ਮਹਿਮਾ ਦੇ ਵਾਧੇ ਦਾ ਕਾਰਨ ਨਹੀਂ ਬਣੇਗਾ :

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੯੫)

ਗੁਰੂ ਜੀ ਦਾ ਰੱਬ ਤੇ ਵਿਸ਼ਵਾਸ :

ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੭੯੫)

ਗੁਰੂ ਜੀ ਮਾਇਆ ਦੀ ਪਰਵਾਹ ਨਾ ਕਰਨ ਦੀ ਸਿਖਿਆ ਦਿੰਦੇ ਹਨ :

ਕਿਆ ਜਪੁ ਜਾਪਉ ਬਿਨੁ ਜਗਦੀਸੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੮੩੯)

ਦਿਲੋਂ ਕੀਤੀ ਹੋਈ ਭਗਤੀ ਸਾਰੀਆਂ ਭੇਟਾਵਾਂ ਤੇ ਇਸ਼ਨਾਨਾਂ ਤੋਂ ਉਪਰ ਹੈ :

ਦਸਮੀ ਨਾਮੁ ਦਾਨੁ ਇਸਨਾਨੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੮੪੦)

ਰਾਮਕਲੀ

ਭਗਤੀ ਦੇ ਉਮਾਹ ਵਿਚ ਗੁਰੂ ਜੀ ਆਪਣੇ ਆਪ ਨੂੰ ਛੁਟਿਆਉਂਦੇ ਹਨ :

ਕੋਈ ਪੜਤਾ ਸਹਸਾਕਿਰਤਾ ਕੋਈ ਪੜੈ ਪੁਰਾਨਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੮੭੬)

ਕਿਸੇ ਹਿੰਦੂ ਦੀ ਮੌਤ ਤੋਂ ਬਾਅਦ ਇਕ ਦੀਵਾ ਕਈ ਦਿਨ ਤੱਕ ਬਲਦਾ ਰੱਖਿਆ ਜਾਂਦਾ ਹੈ ਤਾਂ ਕਿ ਵਿਛੜੀ ਆਤਮਾ ਨੂੰ ਦੂਸਰੀ ਦੁਨੀਆਂ ਵਿਚ ਰੌਸ਼ਨੀ ਮਿਲਦੀ ਰਹੇ। ਫੇਰ ਇਸਨੂੰ ਪਾਣੀ ਉਤੇ ਤੈਰਦਾ ਛੱਡਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਇਸ ਰਿਵਾਜ ਤੇ ਇਹ ਉਪਦੇਸ਼ ਲਿਖਦੇ ਹਨ :

ਸੁਰਤੀ ਸੁਰਤਿ ਰਲਾਈਐ ਏਤੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੮੭੮)

ਨਿਮਨ ਇਕ ਜੋਗੀ ਨੂੰ ਸੰਬੋਧਨ ਕੀਤਾ ਗਿਆ ਹੈ :

ਛਾਦਨੁ ਭੋਜਨੁ ਮਾਗਤੁ ਭਾਗੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੮੭੯)

ਅਸ਼ਟਪਦੀ

ਰੱਬ ਮਨੁੱਖ ਦੇ ਹਿਰਦੇ ਵਿਚ ਹੁੰਦਾ ਹੈ ਤੇ ਕਿਧਰੇ ਹੋਰ ਲੱਭਣ ਦੀ ਲੋੜ ਨਹੀਂ :

ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀਂ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੦੩)

ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਆਪਣੀ ਉਦਾਸੀ ਵਿਚ ਹਿਮਾਲਿਆ ਤੇ ਇਕ ਜੋਗੀ ਚੇਤਨਾਥ ਨੂੰ ਮਿਲੇ ਜਿਸਨੇ ਉਹਨਾਂ ਨੂੰ ਜੋਗੀ, ਸੰਨਿਆਸੀ ਜਾਂ ਸੰਤ ਨਾ ਹੋ ਕੇ ਸਿਰਫ਼ ਆਪਣੇ ਆਪ ਨੂੰ ਗੁਰੂ ਕਹਾਉਣ ਦੀ ਹੇਠੀ ਕੀਤੀ। ਗੁਰੂ ਨਾਨਕ ਦੇਵ ਜੀ ਨੇ ਇਸ ਤਰ੍ਹਾਂ ਉੱਤਰ ਦਿੱਤਾ :

ਜਗੁ ਪਰਬੋਧਹਿ ਮੜੀ ਵਧਾਵਹਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੦੩)

ਗੁਰੂ ਜੀ ਨੇ ਇਕ ਪੰਡਿਤ ਨਾਲ ਵਾਰਤਾਲਾਪ ਕਰਦਿਆਂ ਜੋਤਿਸ਼ ਵਿਦਿਆ ਨੂੰ ਰੱਦ ਕੀਤਾ:

ਸਾਹਾ ਗਣਹਿ ਨ ਕਰਹਿ ਬੀਚਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੦੪)

ਨਿਮਨ ਗੁਰੂ ਜੀ ਨੇ ਇਕ ਬੁਰੇ ਕੰਮ ਕਰਨ ਵਾਲੇ ਅਮੀਰ ਲਈ ਕਿਹਾ ਜੋ ਉਹਨਾਂ

ਕੋਲ ਆਇਆ :

ਜਿਉ ਆਇਆ ਤਿਉ ਜਾਵਹਿ ਬਉਰੇ
ਜਿਉ ਜਨਮੇ ਤਿਉ ਮਰਣੁ ਭਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੦੬)

ਦੱਖਣੀ ਓਅੰਕਾਰੁ

ਆਮ ਤੌਰ ਤੇ ਜੋ ਮਨੁੱਖ ਬੁਰੇ ਕੰਮ ਕਰਦੇ ਹਨ ਉਹ ਉਦੋਂ ਤਕ ਮੁਕਤੀ ਨਹੀਂ ਪਾ ਸਕਦੇ ਜਦੋਂ ਤੱਕ ਉਹਨਾਂ ਦਾ ਹਿਰਦਾ ਪੂਰੀ ਤਰ੍ਹਾਂ ਸ਼ੁੱਧ ਨਹੀਂ ਹੋ ਜਾਂਦਾ :

ਕਾਮੁ ਕ੍ਰੋਧੁ ਕਾਇਆ ਕਉ ਗਾਲੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੩੨)

ਰਾਮਕਲੀ ਕੀ ਵਾਰ ਮਹਲਾ ੩

ਨਿਮਨ ਉਸ ਸਮੇਂ ਦੇ ਅਖਾਉਤੀ ਧਰਮੀ ਆਦਮੀਆਂ ਉਤੇ ਵਿਅੰਗ ਹੈ :

ਸਤੀ ਪਾਪੁ ਕਰਿ ਸਤੁ ਕਮਾਹਿ॥(ਸਲੋਕ ਮ: ੧)

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੫੧)

ਇਹ ਵੀ ਬ੍ਰਾਹਮਣਾਂ, ਮਸਲਮਾਨ ਮੁਲਿਆਂ ਤੇ ਜੋਗੀਆਂ ਤੇ ਵਿਅੰਗ ਹੈ-

ਹਿੰਦੂ ਕੈ ਘਰਿ ਹਿੰਦੂ ਆਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੫੧)

ਸਿਰਫ਼ ਚੰਗੇ ਮਨੁੱਖ ਹੀ ਬਚਣਗੇ ਜਦੋਂ ਅੰਤਿਮ ਨਿਰਣੇ ਦਾ ਸਮਾਂ ਆਏਗਾ :

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੫੩)

ਨਿਮਨ ਇਕ ਹੰਕਾਰੀ ਮੁਸਲਮਾਨ ਨਾਜ਼ਮ ਨੂੰ ਸੰਬੋਧਨ ਕੀਤਾ ਗਿਆ ਹੈ :

ਕਮਰਿ ਕਟਾਰਾ ਬੰਕੁੜਾ ਬੰਕੇ ਕਾ ਅਸਵਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੫੬)

ਚੰਗੇ ਮਨੁੱਖ ਹੀ ਸੰਤਾਂ ਦੀ ਸੰਗਤ ਵਿਚ ਰਹਿ ਸਕਦੇ ਹਨ :

ਸਰਵਰ ਹੰਸ ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੯੫੬)

ਰਾਗ ਮਾਰੂ ਅਸ਼ਟਪਦੀ

ਇਕ ਬ੍ਰਹਮਪੁਰੀ ਨਾਮ ਦੇ ਪਖੰਡੀ ਸਾਧੂ ਦਾ ਜ਼ਿਕਰ ਗੁਰੂ ਜੀ ਅੱਗੇ ਬੜਾ ਚੰਗਾ ਮਨੁੱਖ ਕਰਕੇ ਕੀਤਾ ਗਿਆ ਕਿਉਂਕਿ ਗੁਰੂ ਜੀ ਨੂੰ ਉਸਦੀ ਅਸਲੀਅਤ ਦਾ ਪਤਾ ਸੀ ਇਸ ਕਰਕੇ ਉਹਨਾਂ

ਨੇ ਨਿਮਨ ਰਚਨਾ ਕੀਤੀ :

ਮਨਮੁਖੁ ਲਹਰਿ ਘਰੁ ਤਜਿ ਵਿਗੂਚੈ ਅਵਰਾ ਕੇ ਘਰ ਹੇਰੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੧੨)

ਨਿਮਨ ਬੜੇਂ ਧਰਮ ਦੇ ਉਪਦੇਸ਼ ਦੇ ਉਮਾਹ ਵਿਚ ਗੁਰੂ ਜੀ ਨੇ ਮੀਹਾਂ ਅਤੇ ਸੀਹਾਂ ਸਿੱਖ ਨੂੰ ਸੁਣਾਇਆ :

ਆਵਉ ਵੰਞਉ ਡੁੰਮਣੀ ਕਿਤੀ ਮਿਤ੍ਰ ਕਰੇਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੧੪)

ਰੱਬ ਹੀ ਸੱਚਾ ਮਿਤ੍ਰ ਅਤੇ ਰਿਸ਼ਤੇਦਾਰ ਹੈ :

ਨਾ ਭੈਣਾ ਨਾ ਭਰਜਾਈਆਂ ਨਾ ਸੇ ਸਸੁੜੀਆਹ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੧੫)

ਮਾਰੂ ਸੋਹਲੇ

ਰੱਬ ਕਿਸੇ ਸਰੀਰਕ ਰੂਪ ਵਿਚ ਨਹੀਂ ਹੁੰਦਾ :

ਬੇਦ ਕਤੇਬੀ ਭੇਦੁ ਨਾ ਜਾਤਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੨੧)

ਰੱਬ ਵਰਗਾ ਕੋਈ ਮਿੱਤਰ ਨਹੀਂ ਹੈ ਜੋ ਗੁਰੂ ਦੀ ਕ੍ਰਿਪਾ ਨਾਲ ਉਹ ਮਨੁੱਖ ਪਾਉਂਦੇ ਹਨ ਜੋ ਪਵਿੱਤਰ ਜ਼ਿੰਦਗੀ ਗੁਜ਼ਾਰਦੇ ਹਨ :

ਹਰਿ ਸਾ ਮੀਤੁ ਨਾਹੀ ਮੈ ਕੋਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੨੭)

ਗੁਰੂ ਜੀ ਦੀਆਂ ਫੁਟਕਲ ਵਿਸ਼ਿਆਂ ਤੇ ਸਿਖਿਆਵਾਂ :

ਸਾਚੇ ਸਾਹਿਬ ਸਿਰਜਣਹਾਰੇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੩੨)

ਨਿਮਨ ਸਿਖਿਆ ਕਹਿਣ ਮੁਤਾਬਕ ਗੁਰੂ ਜੀ ਨੇ ਵਿਸਾਖੀ ਦੇ ਮੇਲੇ ਤੇ ਕਰਤਾਰਪੁਰ ਵਿਚ ਤਾਰੂ ਤੇ ਭਾਰੂ ਨੂੰ ਦਿੱਤੀ :

ਕਾਮੁ ਕ੍ਰੋਧੁ ਪਰਹਰੁ ਪਰ ਨਿੰਦਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੪੧)

ਮਾਰੂ ਕੀ ਵਾਰ

ਮਨੁੱਖ ਨੂੰ ਆਪਣੇ ਕੀਤੇ ਦਾ ਫਲ ਭੋਗਣਾ ਪਏਗਾ :

ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੯੦)

ਅਸਲੀਅਤ ਵਿਚ ਜੋ ਸੰਤ ਹਨ ਉਹਨਾਂ ਦੀ ਹਾਲਤ :

ਅਲਗਉ ਜੋਇ ਮਧੂਕੜਉ ਸਾਰੰਗਪਾਣਿ ਸਬਾਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੯੦)

ਸੱਚੀ ਭਗਤੀ ਤੇ ਰੱਬ ਦਾ ਨਾਮ ਜਪਣਾ ਮੁਕਤੀ ਦਿਵਾ ਸਕਦਾ ਹੈ :

ਪੂਰਬ ਪ੍ਰੀਤਿ ਪਿਰਾਣਿ ਲੈ ਮੋਟਉ ਠਾਕੁਰੁ ਮਾਣਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੯੦)

ਬਹੁਤ ਸਾਰੇ ਮੱਤ ਵੇਦਾਂ ਨੂੰ ਮੰਨਦੇ ਹਨ ਪਰ ਸਿਰਫ਼ ਸੱਚੇ ਦਿਲ ਦੀ ਭਗਤੀ ਹੀ ਮੁਕਤੀ ਪ੍ਰਾਪਤ ਕਰਵਾਉਂਦੀ ਹੈ :

ਮਾਂਦਲੁ ਬੇਦਿ ਸਿ ਬਾਜਣੋ ਘਣੋ ਧੜੀਐ ਜੋਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੦੯੧)

ਭੈਰਉ

ਕਰਮ-ਕਾਂਡ ਦੀ ਪਾਲਨਾ ਕਰਨ ਦਾ ਕੋਈ ਲਾਭ ਨਹੀਂ :

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੧੨੭)

ਰਾਗ ਬਸੰਤ

ਇਹ ਨਿਮਨ ਉੱਤਰ ਭਾਰਤ ਵਿਚ ਸਰਦੀ ਦੇ ਖਤਮ ਹੋਣ ਤੇ ਬੜੀ ਉਤਸ਼ਾਹਮਈ ਭਾਵਨਾ ਨਾਲ ਲਿਖਿਆ ਗਿਆ :

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੧੬੮)

ਸਾਰੰਗ ਕੀ ਵਾਰ

ਨਿਮਨ ਵਿਚ ਜੂਠ ਦੀਆਂ ਭਾਰਤੀ ਧਾਰਨਾਵਾਂ ਦਾ ਨਿਖੇਧ ਕੀਤਾ ਗਿਆ ਹੈ :

ਜੂਠਿ ਨ ਰਾਗੀ ਜੂਠਿ ਨ ਵੇਦੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੪੦)

ਵੱਖਰੀਆਂ-ਵੱਖਰੀਆਂ ਸ਼੍ਰੇਣੀਆਂ ਦੇ ਮਨੁੱਖ ਕਿਸ ਤਰ੍ਹਾਂ ਪਵਿੱਤਰ ਹੋ ਸਕਦੇ ਹਨ। ਗੁਰੂ ਜੀ ਨਿਮਨ ਸ਼ਬਦ ਵਿਚ ਦੱਸਦੇ ਹਨ :

ਨਾਨਕ ਚੁਲੀਆ ਸੁਚੀਆ ਜੇ ਭਰਿ ਜਾਣੈ ਕੋਇ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੪੦)

ਬੁੱਤ ਪੂਜਾ ਵਿਅਰਥਤਾ ਹੈ :

ਘਰਿ ਨਾਰਾਇਣੁ ਸਭਾ ਨਾਲਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੪੦)

ਰੱਬ ਦਾ ਕੋਈ ਹਿੱਸੇਦਾਰ ਨਹੀਂ ਇਸ ਕਰਕੇ ਉਸ ਨੂੰ ਸਿੱਧੀ ਹੀ ਪ੍ਰਾਰਥਨਾ ਕਰਨੀ ਚਾਹੀਦੀ ਹੈ :

ਹੋਰੁ ਸਰੀਕੁ ਹੋਵੈ ਕੋਈ ਤੇਰਾ ਤਿਸੁ ਆਗੈ ਤੁਧੁ ਆਖਾ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੪੨)

ਗੁਰੂ ਜੀ ਦੇ ਇਸ ਗਿਰਾਵਟ ਵਾਲੇ ਕਲਯੁਗ ਬਾਰੇ ਇਕ ਵਿਚਾਰ :

ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੪੨)

ਜੋ ਲੋਕਾਂ ਨੂੰ ਤਵੀਤ ਤੇ ਟੂਣੇ ਵਗੈਰਾ ਵੇਚ ਕੇ ਧੋਖਾ ਦਿੰਦੇ ਹਨ ਉਹਨਾਂ ਨੂੰ ਮੁਕਤੀ ਨਹੀਂ ਮਿਲੇਗੀ :

ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੪੫)

ਸਿਆਣਪ ਦੇ ਤਰੀਕੇ :

ਅਕਲਿ ਏਹ ਨ ਆਖੀਐ ਅਕਲਿ ਗਵਾਈਐ ਬਾਦਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੪੫)

ਉਹ ਅਮਲ ਤੇ ਗੁਣ ਜੋ ਮੁਕਤੀ ਦਿਵਾਉਣ ਲਈ ਸਭ ਤੋਂ ਸਮਰੱਥ ਹਨ :

ਸਚੁ ਵਰਤੁ ਸੰਤੋਖੁ ਤੀਰਥੁ ਗਿਆਨ ਧਿਆਨੁ ਇਸਨਾਨ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੪੫)

ਇਮਾਨਦਾਰੀ ਦੀ ਹੱਥ ਦੀ ਕਮਾਈ ਕਰਨੀ ਮੰਗ ਕੇ ਜੀਣ ਨਾਲੋਂ ਚੰਗੀ ਹੈ :

ਗਿਆਨ ਵਿਹੂਣਾ ਗਾਵੈ ਗੀਤ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੪੫)

ਰਾਗ ਮਲਾਰ

ਕੁਝ ਇਖਲਾਕੀ ਅਸੂਲ :

ਪਰ ਦਾਰਾ ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੫੫)

ਮਲਹਾਰ ਅਸ਼ਟਪਦੀ

ਗੁਰੂ ਜੀ ਪ੍ਰਚਲਿਤ ਭਾਰਤੀ ਪ੍ਰਮਾਣ ਦੇ ਕੇ ਰੱਬ ਲਈ ਆਪਣਾ ਪਿਆਰ ਦਰਸਾਉਂਦੇ ਹਨ:

ਚਕਵੀ ਨੈਨ ਨੀਂਦ ਨਹਿ ਚਾਹੈ ਬਿਨੁ ਪਿਰ ਨੀਂਦ ਨ ਪਾਈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -1273)

ਮਲਹਾਰ ਕੀ ਵਾਰ

ਅਰਦਾਸ ਦੁਨਿਆਵੀ ਪਦਾਰਥਾਂ ਦੀ ਪ੍ਰਾਪਤੀ ਲਈ ਨਹੀਂ ਕਰਨੀ ਚਾਹੀਦੀ :

ਦੇਨਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੮੬)

ਨ ਪਛਤਾਉਣ ਵਾਲੇ ਬੁਰੇ ਲੋਕਾਂ ਨੂੰ ਜੋ ਸਜ਼ਾਵਾਂ ਮਿਲਣਗੀਆਂ :

ਇਕਨਾ ਗਲੀ ਜ਼ੰਜੀਰ ਬੰਦਿ ਰਬਾਣੀਐ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੮੭)

ਦੁਨਿਆਵੀ ਪ੍ਰਾਪਤੀਆਂ ਮਨੁੱਖ ਦੇ ਮਨ ਨੂੰ ਭਗਤੀ ਤੋਂ ਪਰ੍ਹੇ ਕਰਦੀਆਂ ਹਨ :

ਰਾਜ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੮੮)

ਗੁਰੂ ਜੀ ਦੀ ਨਿਮਰਤਾ, ਮਨੁੱਖਾਂ ਜੀਵਨ ਦੀ ਅਸਥਿਰਤਾ ਤੇ ਨਾਮ ਜਪਣ ਦਾ ਚੰਗਾ ਅਸਰ:

ਚਿਲਿ ਮਿਲਿ ਬਿਸੀਆਰ ਦੁਨੀਆ ਫਾਨੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੯੧)

ਭਗਤੀ ਦੀ ਰਚਨਾ ਦਾ ਅਨੰਦ :

ਧੰਨੁ ਸੁ ਕਾਗਦੁ ਕਲਮ ਧੰਨੁ ਧੰਨ ਭਾਂਡਾ ਧਨੁ ਮਸੁ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੨੯੧)

ਰਾਗ ਪ੍ਰਭਾਤੀ

ਹਿੰਦੂ ਮੱਤਾਂ ਅਤੇ ਕਰਮ-ਕਾਂਡਾਂ ਤੇ ਵਿਅੰਗ :

ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ -੧੩੩੨)

ਪ੍ਰਭਾਤੀ ਅਸ਼ਟਪਦੀ

ਜੋਗੀਆਂ ਦੀਆਂ ਕਰਾਮਾਤਾਂ ਤੇ ਹਿੰਦੂਆਂ ਦੇ ਸ਼ਾਸਤਰਾਂ ਦੇ ਅਸੂਲ ਮੁਕਤੀ ਪ੍ਰਾਪਤੀ ਲਈ

ਅਸਮਰੱਥ ਹਨ :

ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – ੧੪੧੦)

ਸਲੋਕਵਾਰਾਂ ਤੋਂ ਵਧੀਕ

ਜਦੋਂ ਗੁਰੂ ਜੀ ਲੰਕਾਂ ਗਏ ਤਾਂ ਉਹਨਾਂ ਨੇ ਨਿਮਨ ਸਿਖਿਆ ਉਥੋਂ ਦੀ ਰਾਣੀ ਨੂੰ ਦਿੱਤੀ ਜੋ ਆਪਣੇ ਰਾਜ ਤੇ ਆਪਣੀ ਸੁੰਦਰਤਾ ਲਈ ਹੰਕਾਰ ਵਿਚ ਸੀ :

ਸੁਣਿ ਮੁੰਧੇ ਹਰਣਾਖੀਏ ਗੂੜਾ ਵੈਣੁ ਅਪਾਰ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – ੧੪੧੦)

ਆਤਮਿਕ ਗੱਲਾਂ ਬਾਰੇ ਸੰਤਾਂ ਦੀ ਸਲਾਹ ਲਵੋ :

ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ ਕਲ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – ੧੪੧੦)

ਦੁਨੀਆਂ ਦੇ ਖਤਰੇ :

ਝੜ ਝੱਖੜ ਓਹਾੜ ਲਹਰੀ ਵਹਨਿ ਲਖੇਸਰੀ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – ੧੪੧੦)

ਦੁਨੀਆਂ ਦੇ ਪਾਪਾਂ ਤੇ ਗੁਰੂ ਜੀ ਦੇ ਵਿਚਾਰ :

ਨਾਨਕ ਦੁਨੀਆ ਕੈਸੀ ਹੋਈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – ੧੪੧੦)

ਇਹ ਗੁਰੂ ਜੀ ਨੇ ਔਰਤਾਂ ਨੂੰ ਸੋਗ ਮਨਾਉਂਦੇ ਹੋਏ ਦੇਖਕੇ ਉਤਾਰਿਆ :

ਹੈ ਹੈ ਕਰਿ ਕੈ ਓਹਿ ਕਰੇਨਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – ੧੪੧੦)

ਗੁਰੂ ਜੀ ਇਕ ਮੰਨੇ ਪਰਮੰਨੇ ਚੰਗੇ ਆਦਮੀ ਦੇ ਘਰ ਗਏ ਪਰ ਉਸ ਨੂੰ ਪਖੰਡੀ ਵੇਖ ਕੇ ਉਹਨਾਂ ਨੇ ਨਿਮਨ ਰਚਨਾ ਕੀਤੀ :

ਕਲਰ ਕੇਰੀ ਛੱਪੜੀ ਕਊਆ ਮਲਿ ਮਲਿ ਨਾਇ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – ੧੪੧੧)

ਅਸਲ ਸੰਤ ਥੋੜੇ ਹਨ :

ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – ੧੪੧੧)

ਇਹ ਨਿਮਨ ਵਿਧਵਾ ਦੇ ਸਤੀ ਹੋਣ ਬਾਰੇ ਹਵਾਲਾ ਹੈ :

ਨਾਨਕ ਲਗੀ ਤੁਰਿ ਮਰੈ ਜੀਵਣ ਨਾਹੀ ਤਾਣੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – ੧੪੧੧)

ਸਰੀਰ ਕਮਜ਼ੋਰ ਹੈ ਤੇ ਰੱਬ ਦੀ ਕ੍ਰਿਪਾ ਤੋਂ ਬਿਨਾਂ ਬਚਾਇਆ ਨਹੀਂ ਜਾ ਸਕਦਾ :

ਭਾਂਡਾ ਧੋਵੈ ਕਉਣ ਜਿ ਕਚਾ ਸਾਜਿਆ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ – ੧੪੧੧)

ਬਿਨਾਂ ਕਿਸੇ ਗੁਣ ਦੇ ਹੰਕਾਰ ਹੋਣਾ :

ਨਾਨਕ ਤੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - ੧੪੧੧)

ਬ੍ਰਾਹਮਣ ਦੀ ਪਰਿਭਾਸ਼ਾ :

ਸੋ ਬ੍ਰਹਮਣ ਜੋ ਬਿੰਦੈ ਬ੍ਰਹਮ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - ੧੪੧੧)

ਖਤਰੀ ਦੀ ਪਰਿਭਾਸ਼ਾ :

ਖਤ੍ਰੀ ਸੋ ਜੁ ਕਰਮਾ ਕਾ ਸੂਰੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - ੧੪੧੧)

ਗੁਰੂ ਜੀ ਆਪਣੇ ਸਿੱਖਾਂ ਕੋਲੋਂ ਪੂਰਨ ਆਤਮ ਸਮਰਪਣ ਦੀ ਮੰਗ ਕਰਦੇ ਹਨ :

ਜਉ ਤਉ ਪ੍ਰੇਮ ਖੇਲਣ ਕਾ ਚਾਉ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - ੧੪੧੨)

ਗੁਰੂ, ਨਿਸ਼ਚਾ, ਸਚਾਈ ਤੇ ਰੱਬ ਦੇ ਨਾਮ ਦੀ ਪੂੰਜੀ ਮੁਕਤੀ ਲਈ ਜ਼ਰੂਰੀ ਹਨ :

ਗੁਰ ਬਿਨੁ ਗਿਆਨ ਧਰਮ ਬਿਨੁ ਧਿਆਨੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - ੧੪੧੨)

ਜੇ ਰਾਮ ਰੱਬ ਸੀ ਤਾਂ ਉਹ ਰਾਣੀ ਸੀਤਾ ਨੂੰ ਨਾ ਗਵਾਉਂਦਾ ਤੇ ਉਹ ਆਪਣੇ ਮਤਰੇਏ ਭਰਾ ਲਛਮਣ ਨੂੰ ਹਨੂਮਾਨ ਨੂੰ ਬੁਲਾਉਣ ਦੀ ਥਾਂ ਆਪ ਹੀ ਠੀਕ ਕਰ ਸਕਦਾ ਸੀ :

ਮਨ ਮਹਿ ਝੂਰੇ ਰਾਮ ਚੰਦੁ ਸੀਤਾ ਲਛਮਣ ਜੋਗੁ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - ੧੪੧੨)

ਇਕ ਪੈਸੇ ਦੇ ਹੰਕਾਰੀ ਨੇ ਗੁਰੂ ਜੀ ਨੂੰ ਅਯੋਗ ਸ਼ਬਦਾਂ ਵਿਚ ਸੰਬੋਧਨ ਕੀਤਾ। ਜਦੋਂ ਗੁਰੂ ਜੀ ਦੇ ਸਿੱਖਾਂ ਨੇ ਇਸ ਤੇ ਇਤਰਾਜ਼ ਕੀਤਾ ਤਾਂ ਗੁਰੂ ਜੀ ਨੇ ਨਿਮਨ ਉਚਾਰਿਆ :

ਦੋਸੁ ਨ ਦੇਅਹੁ ਰਾਇ ਨੋ ਮਤਿ ਚਲੈ ਜਾਂ ਬੁਢਾ ਹੋਵੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ - ੧੪੧੨)

×××××